# ਭਗਤ ਬਾਣੀ ਦਾ ਸਮਾਜ-ਸਭਿਆਚਾਰਕ ਅਧਿਐਨ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ
ਭਾਸ਼ਾ ਫ਼ੈਕਲਟੀ ਅਧੀਨ ਪੀ-ਐੱਚ.ਡੀ. (ਪੰਜਾਬੀ)
ਦੀ ਡਿਗਰੀ ਲਈ ਪ੍ਰਸਤੁਤ

## ਖੋਜ-ਪ੍ਰਬੰਧ

2013


ਨਿਗਰਾਨ

ਡਾ. ਹਰਜੋਤ ਕੌਰ
ਪ੍ਰੋਫ਼ੈਸਰ,
ਡਿਸਟੈਂਸ ਐਜੂਕੇਸ਼ਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਖੋਜਾਰਥਣ

ਗੁਰਜੀਤ ਕੌਰ



## ਪੰਜਾਬੀ ਵਿਭਾਗ
## ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਸਮਰਪਣ

ਗੁਰੂ ਗ੍ਰੰਥ ਸਾਹਿਬ ਦੇ ਅਜ਼ੀਮ
ਰਚਨਾਕਾਰਾਂ ਨੂੰ ਜੋ ਸਮੁੱਚੀ
ਖ਼ਲਕਤ ਦੇ ਰਾਹਨੁਮਾ ਬਣੇ।

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥਣ ਗੁਰਜੀਤ ਕੌਰ ਨੇ "**ਭਗਤ ਬਾਣੀ ਦਾ ਸਮਾਜ-ਸਭਿਆਚਾਰਕ ਅਧਿਐਨ**" ਵਿਸ਼ੇ ਉੱਪਰ ਪੀ-ਐੱਚ.ਡੀ. (ਪੰਜਾਬੀ) ਦੀ ਡਿਗਰੀ ਲਈ ਮੇਰੀ ਨਿਗਰਾਨੀ ਹੇਠ ਖੋਜ-ਕਾਰਜ ਮੁਕੰਮਲ ਕੀਤਾ ਹੈ। ਇਹ ਖੋਜ-ਪ੍ਰਬੰਧ ਖੋਜਾਰਥਣ ਦੀ ਆਪਣੀ ਮੌਲਿਕ ਖੋਜ ਅਤੇ ਮਿਹਨਤ ਦਾ ਪ੍ਰਤਿਫਲ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਪੀ-ਐੱਚ.ਡੀ. ਦੀ ਡਿਗਰੀ ਦੇ ਯੋਗ ਸਮਝਦੀ ਹਾਂ ਅਤੇ ਮੁਲਾਂਕਣ ਹਿੱਤ ਪ੍ਰਸਤੁਤ ਕਰਨ ਦੀ ਸਿਫਾਰਿਸ਼ ਕਰਦੀ ਹਾਂ।

**ਡਾ. ਹਰਜੋਤ ਕੌਰ**
ਪ੍ਰੋਫ਼ੈਸਰ,
ਡਿਸਟੈਂਸ ਐਜੂਕੇਸ਼ਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਘੋਸ਼ਣਾ-ਪੱਤਰ

ਮੈਂ ਘੋਸ਼ਣਾ ਕਰਦੀ ਹਾਂ ਕਿ "**ਭਗਤ ਬਾਣੀ ਦਾ ਸਮਾਜ-ਸਭਿਆਚਾਰਕ ਅਧਿਐਨ**" ਮੇਰਾ ਮੌਲਿਕ ਖੋਜ ਕਾਰਜ ਹੈ। ਇਹ ਖੋਜ ਕਾਰਜ ਇਸ ਤੋਂ ਪਹਿਲਾਂ ਕਿਸੇ ਹੋਰ ਡਿਗਰੀ ਜਾਂ ਡਿਪਲੋਮੇ ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਜਾਂ ਕਿਸੇ ਹੋਰ ਯੂਨੀਵਰਸਿਟੀ ਵਿਚ ਪੇਸ਼ ਨਹੀਂ ਕੀਤਾ ਗਿਆ।

**ਨਿਗਰਾਨ** | **ਖੋਜਾਰਥਣ**

**ਡਾ. ਹਰਜੋਤ ਕੌਰ**
ਪ੍ਰੋਫ਼ੈਸਰ,
ਡਿਸਟੈਂਸ ਐਜੂਕੇਸ਼ਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਗੁਰਜੀਤ ਕੌਰ**

# ਧੰਨਵਾਦ


- ਮੈਂ ਸ਼ੁਕਰਗੁਜ਼ਾਰ ਹਾਂ ਉਸ ਪਰਵਰਦਿਗਾਰ ਦੀ ਜੋ ਸ਼ਾਂਤ ਹਵਾ ਦੀ ਤਰ੍ਹਾਂ ਹਮੇਸ਼ਾਂ ਮੇਰੇ ਆਸ-ਪਾਸ ਰਿਹਾ।
- ਮੈਂ ਸ਼ੁਕਰਗੁਜ਼ਾਰ ਹਾਂ ਉਸ ਪਰਵਰਦਿਗਾਰ ਦੀ ਜਿਸਨੇ ਮੈਨੂੰ ਅਜ਼ੀਮ ਗੁਰੂਆਂ, ਭਗਤਾਂ, ਸੂਫ਼ੀਆਂ, ਸੰਤਾਂ ਦੇ ਇਲਹਾਮ (ਬਾਣੀ) ਨੂੰ ਵਾਚਣ ਦਾ ਮੌਕਾ ਦਿੱਤਾ।
- ਮੈਂ ਸ਼ੁਕਰਗੁਜ਼ਾਰ ਹਾਂ ਉਸ ਪਰਵਰਦਿਗਾਰ ਦੀ ਜਿਸਨੇ ਮੈਨੂੰ ਇਸ ਦੁਨੀਆਂ ਵਿਚ ਮਾਤਾ-ਪਿਤਾ, ਭੈਣ-ਭਰਾਵਾਂ ਦੇ ਸੱਚੇ ਰਿਸ਼ਤਿਆਂ ਦੀ ਨਿਅਮਤ ਨਾਲ ਨਿਵਾਜਿਆ ਜੋ ਮੇਰੇ ਇਸ ਖੋਜ-ਕਾਰਜ ਵਿਚ ਹੀ ਨਹੀਂ, ਸਗੋਂ ਮੇਰੀ ਜ਼ਿੰਦਗੀ ਦੇ ਵੀ ਚਾਨਣ ਮੁਨਾਰੇ ਹਨ।
- ਮੈਂ ਸ਼ੁਕਰਗੁਜ਼ਾਰ ਹਾਂ ਉਸ ਪਰਵਰਦਿਗਾਰ ਦੀ ਜਿਸਨੇ ਮੈਨੂੰ ਪ੍ਰੇਰਿਤ ਕਰਨ ਲਈ ਉਸ ਨਿਗਰਾਨ (ਡਾ. ਹਰਜੋਤ ਕੌਰ) ਨੂੰ ਚੁਣਿਆ ਜੋ ਮੈਨੂੰ ਹਮੇਸ਼ਾਂ ਖੋਜ-ਅਧਿਐਨ ਦੀਆਂ ਨਵੀਨ ਦਿਸ਼ਾਵਾਂ ਵੱਲ ਤੋਰਦਾ ਰਿਹਾ ਹੈ।
- ਮੈਂ ਸ਼ੁਕਰਗੁਜ਼ਾਰ ਹਾਂ ਉਸ ਪਰਵਰਦਿਗਾਰ ਦੀ ਜਿਸਨੇ ਮੈਨੂੰ ਮੇਰੇ ਵਿਭਾਗ ਦੇ ਅਧਿਆਪਕਾਂ ਲਖਵੀਰ ਸਿੰਘ (ਮੁਖੀ), ਡਾ. ਰਾਜਵੰਤ ਕੌਰ, ਡਾ. ਸਤੀਸ਼ ਕੁਮਾਰ ਵਰਮਾ, ਡਾ. ਗੁਰਮੁਖ ਸਿੰਘ, ਡਾ. ਜਸਵਿੰਦਰ ਸੈਣੀ, ਡਾ. ਜਸਵਿੰਦਰ ਸਿੰਘ, ਡਾ. ਚਰਨਜੀਤ ਕੌਰ, ਡਾ. ਬਲਦੇਵ ਸਿੰਘ ਚੀਮਾ, ਡਾ. ਸੁਰਜੀਤ ਅਤੇ ਡਾ. ਰਾਜਿੰਦਰਪਾਲ ਬਰਾੜ ਆਦਿ ਜਿਹੇ ਤਜ਼ਰਬੇਕਾਰ ਵਿਦਵਾਨਾਂ ਦੀ ਵਿਦਵਤਾ ਤੋਂ ਬਹੁਤ ਕੁੱਝ ਸਿੱਖਣ ਦਾ ਮੌਕਾ ਦਿੱਤਾ।
- ਮੈਂ ਸ਼ੁਕਰਗੁਜ਼ਾਰ ਹਾਂ ਉਸ ਪਰਵਰਦਿਗਾਰ ਦੀ ਜਿਸ ਕਾਰਨ ਮੈਨੂੰ ਇਸ ਖੋਜ ਸਬੰਧੀ ਦਫ਼ਤਰੀ ਕਾਰਵਾਈਆਂ ਦੀ ਪੂਰਤੀ ਹਿੱਤ, ਵਿਭਾਗੀ ਦਫ਼ਤਰ ਦੇ ਸਟਾਫ਼ ਮੈਂਬਰਾਂ ਸੁਖਵਿੰਦਰ ਸਿੰਘ, ਅਮਨਦੀਪ ਕੌਰ, ਪ੍ਰੇਮਜੀਤ ਕੌਰ, ਰੁਪਿੰਦਰ ਕੌਰ, ਤਰਨਜੀਤ ਸਿੰਘ, ਜਿੰਦਰਪਾਲ ਸਿੰਘ ਆਦਿ ਦਾ ਸਹਿਯੋਗ ਪ੍ਰਾਪਤ ਹੋਇਆ।
- ਮੈਂ ਸ਼ੁਕਰਗੁਜ਼ਾਰ ਹਾਂ ਉਸ ਪਰਵਰਦਿਗਾਰ ਦੀ ਜਿਸਨੇ ਮੈਨੂੰ ਉਨ੍ਹਾਂ ਦੋਸਤਾਂ ਦੀ ਸੰਗਤ ਤੇ ਸਾਥ ਦਿੱਤਾ ਜੋ ਮੇਰੇ ਜੀਵਨ ਦੀਆਂ ਨਿੱਕੀਆਂ ਤੋਂ ਨਿੱਕੀਆਂ ਅਤੇ ਵੱਡੀਆਂ ਤੋਂ ਵੱਡੀਆਂ ਪ੍ਰਾਪਤੀਆਂ ਦੀ ਹਮੇਸ਼ਾਂ ਸ਼ਾਹਦੀ ਭਰਦੇ ਰਹੇ ਹਨ।
- ਮੈਂ ਸ਼ੁਕਰਗੁਜ਼ਾਰ ਹਾਂ ਉਸ ਪਰਵਰਦਿਗਾਰ ਦੀ ਜਿਸਨੇ ਮੇਰੇ ਇਸ ਖੋਜ-ਵਿਸ਼ੇ ਨੂੰ ਖੋਜ-ਪ੍ਰਬੰਧ ਦਾ ਰੂਪ ਦੇਣ ਲਈ 'ਸਨ ਕੰਪਿਊਟਰ ਸੈਂਟਰ' ਅਤੇ 'ਯੂਨੀਵਰਸਲ ਕੰਪਿਊਟਰ ਸੈਂਟਰ' ਨੂੰ ਚੁਣਿਆ ਜਿਨ੍ਹਾਂ ਸਦਕਾ ਇਹ ਖੋਜ-ਪ੍ਰਬੰਧ ਅੱਜ ਮੇਰੇ ਹੱਥਾਂ ਵਿਚ ਹੈ।
- ਮੈਂ ਸ਼ੁਕਰਗੁਜ਼ਾਰ ਹਾਂ ਉਸ ਪਰਵਰਦਿਗਾਰ ਦੀ ਜਿਸਨੇ ਹੋਰ ਕਿੰਨੀਆਂ ਹੀ ਜਾਣੀਆਂ-ਅਣਜਾਣੀਆਂ ਸ਼ਖ਼ਸੀਅਤਾਂ ਨੂੰ ਮੇਰੇ ਇਸ ਪੰਧ ਨੂੰ ਤਹਿ ਕਰਨ ਲਈ ਜ਼ਰੀਆ ਬਣਾਇਆ।

(ਗੁਰਜੀਤ ਕੌਰ)

# ਤਤਕਰਾ


ਭੂਮਿਕਾ **(I-VI)**

ਅਧਿਆਇ ਪਹਿਲਾ

ਭਗਤ ਬਾਣੀ ਸਬੰਧੀ ਸਮਾਜ-ਸਭਿਆਚਾਰਕ ਪੱਖ ਤੋਂ ਹੋਏ ਉਪਾਧੀ ਸਾਪੇਖ ਖੋਜ ਕਾਰਜ ਦਾ ਸਰਵੇਖਣ ਤੇ ਮੁਲਾਂਕਣ 1–17

ਅਧਿਆਇ ਦੂਜਾ

ਭਗਤ ਬਾਣੀ ਦੇ ਸਮਾਜ-ਸਭਿਆਚਾਰਕ ਅਧਿਐਨ ਦਾ ਮਾਡਲ 18–46

(1) ਸਮਾਜ ਅਤੇ ਸਭਿਆਚਾਰ

(2) ਮੱਧਕਾਲੀ ਸਮਾਜ ਅਤੇ ਸਭਿਆਚਾਰ

(3) ਸਾਹਿਤ ਦੀ ਹੋਂਦ ਵਿਧੀ ਦੇ ਸਮਾਜ-ਸਭਿਆਚਾਰਕ ਆਧਾਰ

ਅਧਿਆਇ ਤੀਜਾ

ਭਗਤੀ ਮਤ ਦਾ ਉਦਭਵ ਤੇ ਵਿਕਾਸ 47–103

(1) ਭਗਤੀ ਮਤ ਦਾ ਸਰੂਪ ਅਤੇ ਪਰੰਪਰਾ

(2) ਗੁਰੂ ਗ੍ਰੰਥ ਸਾਹਿਬ ਵਿਚ 'ਭਗਤੀ' ਦਾ ਸੰਕਲਪ

(3) ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦਾ ਸੰਖੇਪ ਵੇਰਵਾ

(4) ਭਗਤ ਬਾਣੀਕਾਰਾਂ ਦਾ ਜੀਵਨ ਅਤੇ ਵਿਅਕਤਿਤਵ

ਅਧਿਆਇ ਚੌਥਾ

ਭਗਤ ਬਾਣੀ ਵਿਚ ਸਮਾਜ ਦਾ ਸਰੂਪ 104-249

(1) ਸਮਾਜਕ ਸੰਸਥਾਵਾਂ

(2) ਧਾਰਮਿਕ ਸੰਸਥਾਵਾਂ

(3) ਰਾਜਨੀਤਕ ਸੰਸਥਾਵਾਂ

(4) ਆਰਥਿਕ ਸੰਸਥਾਵਾਂ

ਅਧਿਆਇ ਪੰਜਵਾਂ

ਭਗਤ ਬਾਣੀ ਵਿਚ ਸਭਿਆਚਾਰ ਦਾ ਸਰੂਪ 250-401

(1) ਸਭਿਆਚਾਰਕ ਪ੍ਰਤਿਮਾਨ ਤੇ ਕਦਰਾਂ-ਕੀਮਤਾਂ

(2) ਮਿਥ ਦੀ ਪੇਸ਼ਕਾਰੀ ਤੇ ਰੂਪਾਂਤਰਨ

(3) ਬਿੰਬਾਵਲੀ ਤੇ ਪ੍ਰਤੀਕ ਵਿਧਾਨ

(4) ਭਾਸ਼ਾ ਦਾ ਸਭਿਆਚਾਰਕ ਅਧਿਐਨ

ਨਿਸ਼ਕਰਸ਼ 402-417

ਪੁਸਤਕ ਸੂਚੀ 418-424

# ਭੂਮਿਕਾ

ਸਮਾਜ ਵਿਚ ਬੱਝਕੇ ਰਹਿਣਾ ਮਨੁੱਖ ਦੇ ਜਿਉਣ ਦੀ ਮੁੱਢਲੀ ਸ਼ਰਤ ਹੈ। ਹਰ ਮਨੁੱਖ ਕਿਸੇ ਨਾ ਕਿਸੇ ਸਮਾਜ ਅਤੇ ਸਭਿਆਚਾਰ ਦਾ ਮੈਂਬਰ ਹੁੰਦਾ ਹੈ। ਵਿਅਕਤੀ-ਸਮੂਹ ਵੱਲੋਂ ਆਪਣੀਆਂ ਲੋੜਾਂ ਦੀ ਪੂਰਤੀ ਹਿੱਤ ਕੀਤੀਆਂ ਜਾਂਦੀਆਂ ਪਰਸਪਰ ਪ੍ਰਕਿਰਿਆਵਾਂ ਦੀ ਵਿਵਸਥਾ ਨੂੰ ਸਮਾਜ ਦਾ ਨਾਂ ਦਿੱਤਾ ਜਾਦਾ ਹੈ। ਸਮਾਜ ਇਕ ਅਜਿਹਾ ਨਿਯਮ-ਪ੍ਰਬੰਧ ਹੈ ਜਿਸਦੇ ਸਾਰੇ ਕਾਰਜ ਸਮਾਜਕ ਇਕਾਈਆਂ ਅਤੇ ਸਮਾਜਕ ਸੰਸਥਾਵਾਂ ਵਿਚ ਵੰਡਕੇ ਕੀਤੇ ਜਾਂਦੇ ਹਨ। ਭੂਗੋਲਿਕ, ਇਤਿਹਾਸਕ ਤੇ ਭਾਸ਼ਾਈ ਆਦਿ ਵਖਰੇਵਿਆਂ ਕਾਰਨ ਹਰ ਸਮਾਜ ਦਾ ਅੰਤ੍ਰੀਵੀ ਸੁਭਾਅ ਵੱਖਰਾ ਹੁੰਦਾ ਹੈ ਜਿਸ ਨੂੰ ਸਭਿਆਚਾਰ ਦਾ ਨਾਂ ਦਿੱਤਾ ਜਾਂਦਾ ਹੈ। ਸਭਿਆਚਾਰ ਮਨੁੱਖ ਦੀਆਂ ਉਨ੍ਹਾਂ ਕੋਸ਼ਿਸ਼ਾਂ ਦਾ ਨਿਚੋੜ ਹੈ ਜਿਨ੍ਹਾਂ ਦੁਆਰਾ ਉਹ ਆਪਣੇ ਆਪ ਨੂੰ ਆਪਣੇ ਵਾਤਾਵਰਨ ਅਨੁਸਾਰ ਢਾਲਦਾ ਹੋਇਆ ਆਪਣੇ ਜੀਵਨ-ਢੰਗਾਂ ਵਿਚ ਸੁਧਾਰ ਕਰਦਾ ਹੈ। ਸਮਾਜ ਅਤੇ ਸਭਿਆਚਾਰ ਦਾ ਪਰਸਪਰ ਗੂੜ੍ਹਾ ਸਬੰਧ ਹੈ। ਸਭਿਆਚਾਰ, ਸਮਾਜ ਦੀਆਂ ਵਿਸ਼ੇਸ਼ਤਾਈਆਂ ਨੂੰ ਬਿਆਨਦਾ ਹੋਇਆ ਉਸਦੀਆਂ ਸਕਾਰਾਤਮਕ ਅਤੇ ਨਕਾਰਾਤਮਕ ਕੀਮਤਾਂ ਦਾ ਨਿਖੇੜਾ ਕਰਦਾ ਹੈ। ਭਾਵੇਂ ਸਮਾਜ ਦਾ ਹਰ ਸਮੁਦਾਇ ਇਕ ਸਾਂਝੇ ਸਭਿਆਚਾਰ ਨਾਲ ਹੀ ਜੁੜਿਆ ਹੁੰਦਾ ਹੈ ਪਰੰਤੂ ਭੂਗੋਲਿਕ, ਇਤਿਹਾਸਕ ਅਤੇ ਭਾਸ਼ਾਈ ਆਦਿ ਕੁੱਝ ਖੇਤਰੀ ਭਿੰਨਤਾਵਾਂ ਉਪ-ਸਭਿਆਚਾਰ ਦਾ ਨਿਰਮਾਣ ਕਰਦੀਆਂ ਹਨ। ਉਪ-ਸਭਿਆਚਾਰ ਆਪਣੀ ਵੱਖਰੀ ਪਹਿਚਾਣ ਰੱਖਦੇ ਹੋਏ ਵੀ ਆਪਣੇ ਮੂਲ ਸਭਿਆਚਾਰ ਨਾਲ ਹੀ ਜੁੜੇ ਰਹਿੰਦੇ ਹਨ। ਇਸ ਤਰ੍ਹਾਂ ਏਕਤਾ, ਸਮਾਨਤਾ, ਰੂਪਾਂਤਰਨ ਅਤੇ ਨਿਰੰਤਰਤਾ ਆਦਿ ਹਰ ਸਮਾਜ ਅਤੇ ਸਭਿਆਚਾਰ ਦੇ ਜ਼ਰੂਰੀ ਗੁਣ ਹਨ। ਸਭਿਆਚਾਰ ਅਤੇ ਉਪ-ਸਭਿਆਚਾਰਾਂ ਦੇ ਅਜਿਹੇ ਸਮਨਵੈ ਅਤੇ ਸੰਗਠਨਮੂਲਕ ਸੁਭਾਅ ਨੂੰ ਵਿਸ਼ੇਸ਼ ਤੌਰ ’ਤੇ ਭਾਰਤੀ ਸਮਾਜ ਵਿਚ ਦੇਖਿਆ ਜਾ ਸਕਦਾ ਹੈ।

ਭਾਰਤੀ ਸਭਿਆਚਾਰ ਦੀ ਗਿਣਤੀ ਸੰਸਾਰ ਦੇ ਪ੍ਰਾਚੀਨ ਸਭਿਆਚਾਰਾਂ ਵਿਚ ਕੀਤੀ ਜਾਂਦੀ ਹੈ। ਭਾਰਤ ਵਾਸੀਆਂ ਨੇ ਏਥੇ ਆਉਣ ਵਾਲੀ ਹਰ ਜਾਤੀ, ਨਸਲ ਦੇ ਲੋਕਾਂ ਦੁਆਰਾ ਕੀਤੇ ਜਾਂਦੇ ਹਮਲਿਆਂ ਦਾ ਸਾਹਮਣਾ ਕੀਤਾ ਜਿਸ ਦੌਰਾਨ ਉਹ ਸਮਾਜਕ, ਸਭਿਆਚਾਰਕ ਤੌਰ ’ਤੇ ਅਨੇਕਾਂ ਵਾਰ ਮੁਰਝਾ ਕੇ ਫਿਰ ਫੁੱਟਦੇ, ਫਲਦੇ ਤੇ ਫੁਲਦੇ ਰਹੇ। ਇਸਦਾ ਇਕ ਕਾਰਨ ਇਸ ਧਰਤੀ ’ਤੇ ਰਹਿਣ ਵਾਲੇ ਲੋਕਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਪ੍ਰਵਾਹਿਤ ਹੋ ਰਹੀ ਸ਼ਕਤੀਸ਼ਾਲੀ ਅਧਿਆਤਮਕ ਧਾਰਾ ਦਾ ਨਿਰੰਤਰ ਪ੍ਰਵਾਹਮਾਨ ਹੋਣਾ ਹੈ। ਅਧਿਆਤਮਕ-ਬੋਧ ਅਨੁਸਾਰ ਜੀਵਨ ਨੂੰ ਢਾਲਣ ਤੇ ਨਿਰੰਤਰ ਵਿਕਾਸਮੁਖ ਕਦਰਾਂ-ਕੀਮਤਾਂ ਭਾਰਤੀ ਸਭਿਆਚਾਰ ਦੀ ਵਿਸ਼ੇਸ਼ ਪਛਾਣ ਬਣਦੀਆਂ ਹਨ। ਇਸ ਦਾ ਕਾਰਨ ਪ੍ਰਾਚੀਨ ਕਾਲ ਤੋਂ ਹੀ ਭਾਰਤੀ ਸਮਾਜ ਅਤੇ ਸਭਿਆਚਾਰ ਦਾ ਧਰਮਮੁਖ ਹੋਣਾ ਹੈ। ਧਰਮ ਅਧਾਰਿਤ ਸਭਿਆਚਾਰ, ਸਮਾਜ ਲਈ ਸ਼ਕਤੀ ਸੰਚਿਤ ਕਰਦਾ ਹੈ।

ਧਾਰਮਿਕ ਪੱਖ ਤੋਂ ਭਾਰਤ ਇੱਕ ਬਹੁ-ਧਰਮੀ ਦੇਸ ਹੈ ਜਿਸ ਦਾ ਸਭ ਤੋਂ ਪ੍ਰਾਚੀਨ ਧਰਮ ‘ਹਿੰਦੂ ਧਰਮ’ ਨੂੰ ਮੰਨਿਆ ਜਾਂਦਾ ਹੈ। ਹਿੰਦੂ ਧਰਮ ਵਿਚ ਵੇਦਾਂ ਤੋਂ ਲੈ ਕੇ ਉਪਨਿਸ਼ਦਾਂ, ਪੁਰਾਣਾਂ, ਮਹਾਂਭਾਰਤ, ਗੀਤਾ, ਰਾਮਾਇਣ ਆਦਿ ਗ੍ਰੰਥਾਂ ਦੀ ਰਚਨਾ ਹੋਈ।ਇਤਿਹਾਸਕ ਅਤੇ ਰਚਨਾਤਮਕ ਪੱਖ ਤੋਂ

ਪੂਰਬ-ਮੱਧਕਾਲ ਦੇ ਯੁੱਗ ਨੂੰ ਵੈਦਿਕ, ਉਪਨਿਸ਼ਦ, ਪੁਰਾਣਿਕ ਅਤੇ ਪੁਰਾਣ-ਉੱਤਰ ਕਾਲ ਆਦਿ ਕਾਲ-ਖੰਡਾਂ ਵਿਚ ਵੰਡਕੇ ਦੇਖਿਆ ਜਾ ਸਕਦਾ ਹੈ। ਇਨ੍ਹਾਂ ਕਾਲ-ਖੰਡਾਂ ਦੌਰਾਨ ਰਚੀਆਂ ਗਈਆਂ ਰਚਨਾਵਾਂ ਤੋਂ ਜਿੱਥੇ ਪੂਰਬ-ਮੱਧਕਾਲੀ ਭਾਰਤੀ ਸਮਾਜ ਤੇ ਸਭਿਆਚਾਰ ਦੇ ਪ੍ਰਮੁੱਖ ਪਹਿਲੂਆਂ ਬਾਰੇ ਜਾਣਕਾਰੀ ਮਿਲਦੀ ਹੈ ਉਥੇ ਸਮੇਂ-ਸਮੇਂ ਹੋ ਰਿਹਾ ਇਨ੍ਹਾਂ ਵਿਚਲਾ ਪਰਿਵਰਤਨ ਅੱਗੋਂ ਵਿਭਿੰਨ ਸਮਾਜਕ, ਧਾਰਮਿਕ ਪਹਿਲੂਆਂ ਦੀ ਵਿਕਾਸ-ਪ੍ਰਕਿਰਿਆ ਨਾਲ ਵੀ ਜੁੜਿਆ ਹੋਇਆ ਹੈ ਜਿਸ ਵਿਚ ਪ੍ਰਮੁੱਖ ਤੌਰ ’ਤੇ ਭਗਤੀ ਮਤ ਦੀ ਵਿਕਾਸ-ਪ੍ਰਕਿਰਿਆ ਨੂੰ ਦੇਖਿਆ ਜਾ ਸਕਦਾ ਹੈ।

‘ਭਗਤੀ’ ਸਾਧਕ ਦੇ ਹਿਰਦੇ ਵਿਚ ਉਤਪੰਨ ਹੋਈ ਕੋਮਲ ਤੇ ਰਾਗਾਤਮਕ ਭਾਵਨਾ ਹੈ ਜਿਸ ਕਰਕੇ ਇਸ ਦੀ ਕੋਈ ਨਿਸ਼ਚਿਤ ਪਰਿਭਾਸ਼ਾ ਦੇਣਾ ਅਸੰਭਵ ਹੈ ਪਰੰਤੂ ਅਚਾਰੀਆ ਤੇ ਵਿਦਵਾਨਾਂ ਵੱਲੋਂ ਭਗਤੀ-ਅਨੁਭਵ ਨੂੰ ਆਪਣੇ ਇਸ਼ਟ ਪ੍ਰਤੀ ਨਿਰੰਤਰ ਧਿਆਨ, ਉੱਚਤਮ ਗਿਆਨ ਅਤੇ ਨਿਰਸੁਆਰਥ ਪ੍ਰੇਮ, ਸ਼ਰਧਾ, ਸੇਵਾ ਦੇ ਅਰਥਾਂ ਵਿਚ ਲਿਆ ਜਾਂਦਾ ਹੈ ਜਿਨ੍ਹਾਂ ਵਿਚੋਂ ‘ਪ੍ਰੇਮ’ ਭਗਤ-ਹਿਰਦੇ ਵਿਚ ਵਿਆਪਕ ਰਹਿਣ ਵਾਲਾ ਇਕ ਸਦੀਵੀ ਤੱਤ ਹੈ। ਭਗਤੀ ਮਤ ਦਾ ਆਧਾਰ-ਬਿੰਦੂ ਵੈਦਿਕ ਗ੍ਰੰਥਾਂ ਨੂੰ ਮੰਨਿਆ ਜਾਂਦਾ ਹੈ। ਵੈਦਿਕ ਯੁੱਗ ਵਿਚ ਪ੍ਰਕਿਰਤਿਕ ਸ਼ਕਤੀਆਂ ਨੂੰ ‘ਡਰ’ ਅਤੇ ‘ਸ਼ਰਧਾ’ ਹਿੱਤ ਦੇਵੀ-ਦੇਵਤਿਆਂ ਦੇ ਰੂਪ ਵਿਚ ਯੱਗ, ਹਵਨ, ਬਲੀ ਆਦਿ ਵਿਧੀ-ਵਿਧਾਨ ਰਾਹੀਂ ਖੁਸ਼ ਕੀਤਾ ਜਾਦਾ ਸੀ ਅਤੇ ਇਨ੍ਹਾਂ ਪ੍ਰਕਿਰਤਿਕ ਸ਼ਕਤੀਆਂ ਵਿਚ ਅਲੌਕਿਕ ਗੁਣਾਂ ਦੇ ਸਮਾਵੇਸ਼ ਨਾਲ ਬਹੁਦੇਵ-ਪੂਜਾ ਦਾ ਰੁਝਾਨ ਵਧੇਰੇ ਵਧਣ ਲੱਗਾ। ਵੈਦਿਕ ਯੁੱਗ ਵਿਚ ਚੱਲੀ ਬਹੁਦੇਵ-ਪੂਜਾ ਭਾਵਨਾ ਅਤੇ ਬ੍ਰਾਹਮਣ ਗ੍ਰੰਥਾਂ ਅਨੁਸਾਰ ਯੱਗਾਂ ਦੇ ਮਹਿੰਗੇ ਵਿਧੀ-ਵਿਧਾਨ ਨਾਲ ਕਰਮਕਾਡਾਂ ਦਾ ਏਨਾ ਬੋਲਬਾਲਾ ਵਧ ਚੁੱਕਾ ਸੀ ਜਿਸਨੂੰ ਠੱਲ੍ਹ ਪਾਉਣ ਲਈ ਉਪਨਿਸ਼ਦ ਕਾਲ ਵਿਚ ਬਾਹਰੀ ਆਡੰਬਰਾਂ ਦੀ ਥਾਂ ਅੰਤਰ-ਮਨਨ ਉਪਾਸਨਾ ਨੂੰ ਪਹਿਲ ਦਿੱਤੀ ਗਈ। ਉਪਨਿਸ਼ਦਾਂ ਵਿਚ ਬ੍ਰਹਮ ਇਕ ਅੰਤਰ ਸ਼ਕਤੀ ਹੈ ਜਿਸ ਦੀ ਪ੍ਰਾਪਤੀ ਲਈ ਗ੍ਰਹਿਸਥ ਤਿਆਗ ਅਤਿ ਲਾਜ਼ਮੀ ਸੀ। ਉਪਨਿਸ਼ਦਾਂ ਦੀ ਚਿੰਤਨ ਅਤੇ ਮਾਨਸਿਕ ਭਗਤੀ ਨੇ ਸਮਾਜ ਵਿਚ ਆਮ ਬੁੱਧੀ ਵਰਗ ਦੇ ਲੋਕਾਂ ਵਿਚ ਸਾਕਾਰ ਬ੍ਰਹਮ ਦੀ ਭਗਤੀ-ਭਾਵਨਾ ਨੂੰ ਹੋਰ ਬਿਹਬਲ ਕਰ ਦਿੱਤਾ ਜਿਸਦੇ ਨਤੀਜੇ ਵਜੋਂ ਪੁਰਾਣਾਂ ਦੀ ਰਚਨਾ ਹੋਈ। ਪੁਰਾਣਿਕ ਯੁੱਗ ਵਿਚ ਇਕ ਪਾਸੇ ਜੈਨ-ਮਤ, ਬੁੱਧ-ਮਤ ਆਦਿ ਵੱਲ ਝੁਕਾਉ ਪੈਦਾ ਹੁੰਦਾ ਹੈ ਜਿਨ੍ਹਾਂ ਸਦਕਾ ਸਮਾਜ ਵਿਚ ਅਹਿੰਸਾ, ਸਦਾਚਾਰਕ ਗੁਣਾਂ ਤੇ ਮੱਧ-ਮਾਰਗ ਆਦਿ ਵਿਚਾਰਾਂ ਨਾਲ ਕੁਝ ਸਕਾਰਾਤਮਕ ਬਦਲਾਵ ਤਾਂ ਜ਼ਰੂਰ ਆਏ ਪਰੰਤੂ ਸਮੇਂ ਨਾਲ ਇਹ ਮਤ ਵੀ ਕਈ ਸ਼ਾਖਾਵਾਂ ਵਿਚ ਵੰਡੇ ਜਾਣ ਕਾਰਨ ਆਮ ਲੋਕਾਈ ਲਈ ਉਲਝਣਾਂ ਦਾ ਕਾਰਨ ਬਣ ਗਏ। ਦੂਸਰੇ ਪਾਸੇ ਹੋਰ ਦੇਵੀ ਦੇਵਤਿਆਂ ਦੇ ਨਾਲ-ਨਾਲ ਅਵਤਾਰ-ਪੂਜਾ ਦਾ ਵੀ ਆਰੰਭ ਹੋ ਚੁੱਕਾ ਸੀ।

ਉੱਤਰ-ਪੁਰਾਣਿਕ ਯੁੱਗ ਤੱਕ ਪੁੱਜਦੇ ਹੋਏ ਭਾਰਤੀ ਸਮਾਜ ਵਿਚ ਧਾਰਮਿਕ ਪੱਖ ਤੋਂ ਅਨੇਕਾਂ ਮਤ, ਵਿਚਾਰਧਾਰਾਵਾਂ ਹੋਂਦ ਵਿਚ ਆ ਚੁੱਕੀਆਂ ਸਨ। ਇਸ ਯੁੱਗ ਵਿਚ ਜਿੱਥੇ ਦੱਖਣ ਦੇ ਤਾਮਿਲ ਪ੍ਰਦੇਸ਼ ਵਿਚ ਵੈਸ਼ਨਵ ਤੇ ਸ਼ੈਵ ਆਲਵਾਰ ਸਿਧਾਂ ਨੇ ਬਿਨਾਂ ਕਿਸੇ ਜਾਤੀ ਭੇਦਭਾਵ ਦੇ ਇਕ ਸਰਲ, ਸਹਿਜ ਤੇ ਪ੍ਰੇਮਮਈ ਭਗਤੀਧਾਰਾ ਚਲਾਈ ਉਥੇ 8ਵੀਂ 9ਵੀਂ ਸਦੀ ਦੇ ਆਚਾਰੀਆ ਸ਼ੰਕਰਾਚਾਰੀਆ ਦੇ ‘ਅਦਵੈਤਵਾਦ’ ਸਿਧਾਂਤ

ਦੇ ਪ੍ਰਤੀਕਰਮ ਵਜੋਂ ਰਾਮਾਨੁਜ, ਨਿੰਬਾਰਕ, ਮਧਵਚਾਰੀਆ ਤੇ ਵੱਲਭਾਚਾਰੀਆ ਆਦਿ ਦੇ ਕ੍ਰਮਵਾਰ ਸਿਧਾਂਤਾਂ 'ਵਿਸ਼ਿਸ਼ਟ- ਅਦਵੈਤਵਾਦ', 'ਦਵੈਤ-ਅਦਵੈਤਵਾਦ', 'ਦਵੈਤਵਾਦ' ਅਤੇ 'ਸ਼ੁੱਧਦਵੈਤਵਾਦ' ਆਦਿ ਦਾਰਸ਼ਨਿਕ ਵਾਦ-ਵਿਵਾਦ ਦਾ ਬੋਲਬਾਲਾ ਰਿਹਾ।ਇਸ ਲਈ ਭਾਰਤੀ ਧਰਮ ਦੇ ਇਤਿਹਾਸ ਵਿਚ ਪੁਰਾਣ-ਉੱਤਰ ਕਾਲ ਨੂੰ ਸੰਕ੍ਰਾਂਤੀ ਕਾਲ ਜਾਂ ਕਿਰਿਆ-ਪ੍ਰਤਿਕਿਰਿਆ ਦਾ ਯੁੱਗ ਵੀ ਕਿਹਾ ਜਾਂਦਾ ਹੈ ਜੋ ਮੱਧਕਾਲੀ ਭਗਤੀ-ਭਾਵਨਾ ਸਬੰਧੀ ਨਵੀਨ ਦ੍ਰਿਸ਼ਟੀਆਂ ਨੂੰ ਪੈਦਾ ਕਰਨ ਵਿਚ ਸਹਾਇਕ ਹੁੰਦਾ ਹੈ।

ਮੱਧਕਾਲ ਤੱਕ ਪੁੱਜਦੇ ਹੋਏ ਭਾਰਤੀ ਸਮਾਜ ਜਿੱਥੇ ਪਹਿਲਾਂ ਹੀ ਜਾਤੀ ਭੇਦਭਾਵ, ਆਸ਼ਰਮ ਵਿਵਸਥਾ, ਕਰਮਕਾਂਡਾਂ, ਵਿਭਿੰਨ ਧਾਰਮਿਕ ਮਤਾਂ ਤੇ ਫਿਰਕਿਆਂ ਆਦਿ ਵਿਚ ਫਸਿਆ ਹੋਇਆ ਸੀ ਉਥੇ ਇਸ ਸਮੇਂ ਮੁਸਲਿਮ ਹਮਲਾਵਰਾਂ ਦੇ ਜ਼ੁਲਮਾਂ ਦਾ ਪ੍ਰਹਾਰ ਪਹਿਲਾਂ ਨਾਲੋਂ ਵੀ ਵਧੇਰੇ ਤੇਜ਼ ਹੋ ਚੁੱਕਿਆ ਸੀ। ਇਸ ਸਮੇਂ ਦੇ ਭਾਰਤੀ ਸਮਾਜ ਵਿਚ ਤਿੰਨ ਤਰ੍ਹਾਂ ਦੇ ਪੱਖ ਭਾਰੂ ਰਹਿੰਦੇ ਹਨ : ਪਹਿਲਾ ਕਿ ਆਮ ਜਨਤਾ ਵਿਚ ਮੂਰਤੀ-ਪੂਜਾ, ਯੱਗ, ਬਲੀ ਆਦਿ ਕਰਮਕਾਂਡਾਂ ਦਾ ਜਾਲ ਇਸ ਤਰ੍ਹਾਂ ਫੈਲ ਚੁੱਕਿਆ ਸੀ ਕਿ ਲੋਕਾਂ ਦਾ ਅਜਿਹੇ ਵਾਤਾਵਰਨ ਵਿਚ ਰਹਿਣਾ ਅਤਿ ਮੁਸ਼ਕਿਲ ਹੁੰਦਾ ਗਿਆ। ਦੂਸਰਾ ਮੁਸਲਿਮ ਬਾਦਸ਼ਾਹਾਂ, ਅਧਿਆਕਾਰੀਆਂ ਦੇ ਅਸਹਿ ਤੇ ਅਕਹਿ ਜ਼ੁਲਮਾਂ ਦਾ ਵਧਣਾ ਅਤੇ ਤੀਸਰਾ ਇਸ ਸਭ ਦੇ ਨਾਲੋ ਨਾਲ ਇਕ ਅਜਿਹੀ ਵਿਚਾਰਧਾਰਾ ਵੀ ਆਪਣਾ ਕੱਦ ਉੱਚਾ ਕਰ ਰਹੀ ਸੀ ਜਿਸਦਾ ਉਦੇਸ਼ ਲੌਕਿਕ ਅਤੇ ਪਰਾਲੌਕਿਕ ਮਾਰਗ ਨੂੰ ਜੋੜਕੇ ਮਨੁੱਖਾ-ਜੀਵਨ ਜਿਉਂਦੇ ਹੋਏ ਨਿਰਲੇਪਤਾ ਉੱਪਰ ਜ਼ੋਰ ਦੇਣਾ ਸੀ। ਵਾਸਤਵ ਵਿਚ ਇਹ ਵਿਚਾਰਧਾਰਾ 11ਵੀਂ, 12ਵੀਂ ਸਦੀ ਵਿਚ ਦੱਖਣ ਤੋਂ ਸੁਆਮੀ ਰਾਮਾਨੁਜ ਦੁਆਰਾ ਅਤੇ ਉੱਤਰ ਵਿਚ ਸੁਆਮੀ ਰਾਮਾਨੰਦ ਦੁਆਰਾ ਵਿਕਾਸ ਕਰਦੀ ਹੋਈ ਪੂਰੇ ਭਾਰਤ ਵਿਚ 'ਭਗਤੀ ਲਹਿਰ' ਦੇ ਨਾਂ ਨਾਲ ਜਾਣੀ ਗਈ। ਉੱਤਰ ਵਿਚ ਇਹ ਲਹਿਰ 'ਨਿਰਗੁਣ ਭਗਤੀ' ਤੇ 'ਸਰਗੁਣ ਭਗਤੀ' ਦੋ ਰੂਪਾਂ ਵਿਚ ਵੰਡੀ ਗਈ। ਨਿਰਗੁਣ ਭਗਤੀ ਦੇ ਭਗਤਾਂ ਵਿਚ ਕਬੀਰ, ਰਵਿਦਾਸ, ਸੈਣ, ਪੀਪਾ ਧੰਨਾ, ਆਦਿ ਹੋਏ ਜੋ ਸੁਆਮੀ ਰਾਮਾਨੰਦ ਦੇ 12 ਚੇਲਿਆਂ ਵਿਚੋਂ ਮੰਨੇ ਗਏ ਹਨ। ਇਨ੍ਹਾਂ ਭਗਤਾਂ ਦੀ ਰਚਨਾ ਮੱਧਕਾਲ ਵਿਚ ਸੰਪਾਦਿਤ (1604ਈ.) 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਵਿਚ 11ਵੀਂ, 12ਵੀਂ ਸਦੀ ਤੋਂ ਲੈ ਕੇ 16ਵੀਂ ਸਦੀ ਤੱਕ ਦੇ ਵੱਖੋ-ਵੱਖ ਧਰਮਾਂ, ਜਾਤਾਂ, ਸਮੇਂ, ਸਥਾਨਾਂ ਨਾਲ ਸਬੰਧਿਤ ਸੂਫ਼ੀ, ਭਗਤਾਂ, ਗੁਰੂਆਂ ਦੀ ਬਾਣੀ ਦਰਜ ਹੈ ਜਿਸਦਾ ਪ੍ਰਮੁੱਖ ਵਿਸ਼ਾ ਸਦਾਚਾਰਕ ਜੀਵਨ-ਜਾਚ ਅਤੇ ਬ੍ਰਹਮ ਦੀ 'ਨਿਰਗੁਣ ਭਗਤੀ' ਹੈ। ਇਸ ਤਰ੍ਹਾਂ ਮੱਧਕਾਲ ਵਿਚ ਨਿਰਗੁਣ ਭਗਤੀ, 'ਗੁਰਮਤਿ ਭਗਤੀ' ਦੇ ਨਾਮ ਨਾਲ ਜਾਣੀ ਗਈ।

ਗੁਰਮਤਿ ਭਗਤੀ ਦਾ ਉਦੇਸ਼ ਪੂਰਬਲੀਆਂ ਧਾਰਮਿਕ ਮਾਨਤਾਵਾਂ, ਸਿਧਾਂਤਾਂ, ਵਿਚਾਰਾਂ ਤੋਂ ਵੱਖਰਾ ਅਤੇ ਨਵੀਨ ਹੈ। ਗੁਰਮਤਿ ਭਗਤੀ ਧਾਰਮਿਕ ਗ੍ਰੰਥਾਂ, ਸ਼ਾਸ਼ਤ੍ਰਾਂ, ਦਾਰਸ਼ਨਿਕ ਵਾਦ-ਵਿਵਾਦ ਤੇ ਕਰਮਕਾਂਡਾਂ ਦੀ ਬਜਾਏ ਸਮਕਾਲੀ ਸਮਾਜਕ ਹਾਲਤਾਂ ਨਾਲ ਜੁੜਦੀ ਹੋਈ ਅਧਿਆਤਮਕ ਤੇ ਦੁਨਿਆਵੀ ਜੀਵਨ ਵਿਚਕਾਰ ਇਕ ਸਾਂਝਾ ਪੁਲ ਉਸਾਰਦੀ ਹੈ।ਗੁਰਮਤਿ ਭਗਤੀ ਦੀ ਸਮੁੱਚੀ ਬਾਣੀ ਵਿਚੋਂ ਹੱਥਲੇ ਖੋਜ-ਪ੍ਰਬੰਧ ਦਾ ਸੀਮਾ ਖੇਤਰ 'ਭਗਤ ਬਾਣੀ ਦਾ ਸਮਾਜ -ਸਭਿਆਚਾਰਕ ਅਧਿਐਨ' ਹੈ। ਜਿਸ ਵਿਚ 15 ਭਗਤਾਂ

ਭਗਤ ਕਬੀਰ, ਰਵਿਦਾਸ, ਨਾਮਦੇਵ, ਸ਼ੇਖ ਫ਼ਰੀਦ, ਤ੍ਰਿਲੋਚਨ, ਬੇਣੀ, ਧੰਨਾ, ਜੈਦੇਵ, ਭੀਖਣ, ਰਾਮਾਨੰਦ, ਪਰਮਾਨੰਦ, ਪੀਪਾ, ਸੈਣ, ਸਧਨਾ, ਸੂਰਦਾਸ ਦੀ ਬਾਣੀ ਨੂੰ ਲਿਆ ਗਿਆ ਹੈ ਜੋ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ 'ਭਗਤਾਂ ਕੀ ਬਾਣੀ' ਸਿਰਲੇਖ ਅਧੀਨ ਸ਼ਾਮਿਲ ਹੈ। ਪੀ-ਐੱਚ. ਡੀ. ਦੇ ਹੱਥਲੇ ਖੋਜ-ਪ੍ਰਬੰਧ ਲਈ ਨਿਰਧਾਰਿਤ ਵਿਸ਼ੇ ਦੀ ਪੰਜ ਅਧਿਆਵਾਂ ਵਿਚ ਵੰਡ ਕੀਤੀ ਗਈ ਹੈ।

ਖੋਜ-ਪ੍ਰਬੰਧ ਦਾ ਪਹਿਲਾ ਅਧਿਆਇ 'ਭਗਤ ਬਾਣੀ ਸਬੰਧੀ ਸਮਾਜ-ਸਭਿਆਚਾਰਕ ਪੱਖ ਤੋਂ ਹੋਏ ਉਪਾਧੀ ਸਾਪੇਖ ਖੋਜ ਕਾਰਜ ਦਾ ਸਰਵੇਖਣ ਤੇ ਮੁਲਾਂਕਣ' ਹੈ। ਇਸ ਅਧਿਆਇ ਵਿਚ ਗੁਰੂ ਗ੍ਰੰਥ ਸਾਹਿਬ ਦੇ ਪੰਦਰਾਂ ਭਗਤਾਂ ਦੀ ਬਾਣੀ ਸਬੰਧੀ ਵੱਖ-ਵੱਖ ਯੂਨੀਵਰਸਿਟੀਆਂ ਵਿਚ ਪੀ-ਐੱਚ. ਡੀ. ਅਤੇ ਐਮ. ਫਿਲ. ਨਾਲ ਸਬੰਧਿਤ ਹੋਏ ਉਪਾਧੀ-ਸਾਪੇਖ ਖੋਜ ਦਾ ਸਰਵੇਖਣ ਤੇ ਮੁਲਾਂਕਣ ਸ਼ਾਮਿਲ ਹੈ ਜਿਸ ਅਧੀਨ ਖੋਜ-ਕਰਤਾਵਾਂ ਵੱਲੋਂ ਚੁਣੇ ਗਏ ਵਿਸ਼ਿਆਂ ਦੀ ਅਧਿਆਇ-ਵੰਡ ਅਨੁਸਾਰ ਸ਼ਾਮਿਲ ਅਧਿਐਨ-ਮਾਡਲ, ਵਿਧੀਆਂ ਤੋਂ ਲੈ ਕੇ ਸਿੱਟੇ ਅਤੇ ਸਥਾਪਨਾਵਾਂ ਤੱਕ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ।

ਖੋਜ-ਪ੍ਰਬੰਧ ਦਾ ਦੂਸਰਾ ਅਧਿਆਇ 'ਭਗਤ ਬਾਣੀ ਦੇ ਸਮਾਜ-ਸਭਿਆਚਾਰਕ ਅਧਿਐਨ ਦਾ ਮਾਡਲ' ਹੈ। ਇਸ ਅਧਿਆਇ ਵਿਚ ਸਮਾਜ ਅਤੇ ਸਭਿਆਚਾਰ ਨੂੰ ਪਰਿਭਾਸ਼ਿਤ ਕਰਨ ਦੇ ਨਾਲ ਨਾਲ ਇਨ੍ਹਾਂ ਦੇ ਆਪਸੀ ਸਬੰਧਾਂ, ਲੱਛਣਾਂ ਦਾ ਅਧਿਐਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸਾਹਿਤ ਦੀ ਹੋਂਦ-ਵਿਧੀ ਦੇ ਸਮਾਜ-ਸਭਿਆਚਾਰਕ ਅਧਾਰਾਂ ਨੂੰ ਅਧਿਐਨ ਦਾ ਵਿਸ਼ਾ ਬਣਾਉਂਦੇ ਹੋਏ ਮੱਧਕਾਲ ਦੀ ਸਮਾਜਕ, ਸਭਿਆਚਾਰਕ ਅਵਸਥਾ ਬਾਰੇ ਵੀ ਅਧਿਐਨ ਕਰਨ ਦੇ ਯਤਨ ਕੀਤੇ ਗਏ ਹਨ।

ਅਧਿਆਇ ਤੀਸਰਾ 'ਭਗਤੀ ਮਤ ਦਾ ਉਦਭਵ ਤੇ ਵਿਕਾਸ' ਹੈ ਜਿਸ ਵਿਚ ਵਿਦਵਾਨਾਂ ਅਤੇ ਭਾਰਤੀ ਆਚਾਰੀਆਂ ਵੱਲੋਂ 'ਭਗਤੀ' ਸ਼ਬਦ ਤੇ 'ਭਗਤੀ-ਭਾਵ' ਦੇ ਅਰਥਾਂ ਤੋਂ ਲੈ ਕੇ ਭਗਤੀ ਮਤ ਦੇ ਸਰੂਪ, ਪਰੰਪਰਾ ਤੇ ਕ੍ਰਮਕ ਵਿਕਾਸ ਨੂੰ ਉਲੀਕਿਆ ਗਿਆ ਹੈ। ਇਸ ਅਧਿਆਇ ਵਿੱਚ ਗੁਰੂ ਗ੍ਰੰਥ ਸਾਹਿਬ ਵਿਚ ਭਗਤੀ ਦਾ ਸੰਕਲਪ, ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦਾ ਸੰਖੇਪ ਬਾਣੀ-ਵੇਰਵਾ ਅਤੇ ਭਗਤ-ਬਾਣੀਕਾਰਾਂ ਦਾ ਸੰਖੇਪ ਜੀਵਨ ਅਤੇ ਵਿਅਕਤਿਤਵ ਆਦਿ ਵੀ ਸ਼ਾਮਿਲ ਹੈ।

ਅਧਿਆਇ ਚੌਥਾ 'ਭਗਤ ਬਾਣੀ ਵਿਚ ਸਮਾਜ ਦਾ ਸਰੂਪ' ਨੂੰ ਚਾਰ ਉਪਅਧਿਆਇ ਸਮਾਜਕ ਸੰਸਥਾਵਾਂ, 'ਧਾਰਮਕ ਸੰਸਥਾਵਾਂ', 'ਆਰਥਿਕ ਸੰਸਥਾਵਾਂ' ਅਤੇ 'ਰਾਜਨੀਤਿਕ ਸੰਸਥਾਵਾਂ' ਵਿਚ ਵੰਡਕੇ ਅਧਿਐਨ ਕੀਤਾ ਗਿਆ ਹੈ। 'ਸਮਾਜਕ ਸੰਸਥਾਵਾਂ' ਅਧੀਨ ਮੱਧਕਾਲੀ ਵਰਨ ਵਿਵਸਥਾ, ਆਸ਼ਰਮ ਵਿਵਸਥਾ, ਪਰਿਵਾਰ, ਵਿਆਹ ਸੰਸਕਾਰ, ਰਿਸ਼ਤੇ-ਨਾਤੇ, ਸਮਾਜ ਵਿਚ ਇਸਤਰੀ ਦਾ ਸਥਾਨ, ਮੱਧਕਾਲੀ ਲੋਕਾਂ ਦਾ ਰਹਿਣ ਸਹਿਣ, ਖੇਡਾਂ ਤੇ ਮਨਪ੍ਰਚਾਵੇ ਆਦਿ ਦਾ ਅਧਿਐਨ ਅਤੇ ਇਨ੍ਹਾਂ ਪ੍ਰਤੀ ਭਗਤ ਬਾਣੀਕਾਰਾਂ ਦੇ ਵਿਚਾਰਧਾਰਾਈ ਹੁੰਗਾਰੇ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। 'ਧਾਰਮਿਕ ਸੰਸਥਾਵਾਂ' ਅਧੀਨ ਧਾਰਮਿਕ ਪੱਖ ਤੋਂ ਸਮਾਜ ਦੀ ਵਰਗ- ਵੰਡ ਬਾਰੇ, ਹਿੰਦੂ ਧਰਮ ਵਿਚ ਪਾਏ ਜਾਂਦੇ ਭੇਖਾਂ, ਕਰਮਕਾਂਡਾ ਬਾਰੇ, ਨਾਥਾਂ, ਜੋਗੀਆਂ ਦੇ ਵਿਭਿੰਨ ਫਿਰਕਿਆਂ ਅਤੇ ਮੁਸਲਮਾਨੀ ਧਰਮ-ਕਰਮ ਆਦਿ ਦੇ ਸਮਕਾਲੀ ਰੂਪ, ਵਿਚਾਰਾਂ ਅਤੇ ਉਸ ਪ੍ਰਤੀ ਭਗਤ ਸਾਹਿਬਾਨਾਂ ਦੇ ਵਿਚਾਰਧਾਰਾਈ ਹੁੰਗਾਰੇ ਨੂੰ ਪ੍ਰਗਟਾਇਆ ਗਿਆ ਹੈ। 'ਆਰਥਿਕ

ਸੰਸਥਾਵਾਂ' ਅਧੀਨ ਮੱਧਕਾਲੀ ਸਮਾਜ ਦੇ ਲੋਕਾਂ ਦੀ ਵਰਗ-ਵੰਡ, ਆਰਥਿਕ ਵਸੀਲਿਆਂ ਲਈ ਕੀਤੇ ਜਾਂਦੇ ਕੰਮ-ਧੰਦੇ, ਸਿੱਕੇ ਆਦਿ ਦੇ ਨਾਲ ਨਾਲ ਇਨ੍ਹਾਂ ਆਰਥਿਕ ਵਸੀਲਿਆਂ ਪ੍ਰਤੀ ਭਗਤ ਬਾਣੀਕਾਰਾਂ ਦੀ ਦ੍ਰਿਸ਼ਟੀ ਨੂੰ ਪੇਸ਼ ਕਰਨ ਦੇ ਯਤਨ ਕੀਤੇ ਗਏ ਹਨ। 'ਰਾਜਨੀਤਕ ਸੰਸਥਾਵਾਂ' ਅਧੀਨ ਰਾਜਾ ਜਾਂ ਸੁਲਤਾਨ ਬਾਰੇ, ਉਸਦੇ ਮੰਤਰੀ-ਮੰਡਲ ਤੇ ਹੋਰ ਅਧਿਕਾਰੀਆਂ ਬਾਰੇ, ਨਿਆਂ-ਪ੍ਰਬੰਧ, ਫੌਜ਼, ਕਿਲ੍ਹੇ, ਯੁੱਧਾਂ ਦਾ ਵਰਨਣ ਆਦਿ ਬਾਰੇ ਅਤੇ ਇਸ ਪ੍ਰਤੀ ਭਗਤ ਬਾਣੀਕਾਰਾਂ ਦੇ ਦ੍ਰਿਸ਼ਟੀਕੋਣ ਨੂੰ ਪੇਸ਼ ਕਰਦੇ ਹੋਏ ਉਨ੍ਹਾਂ ਦੁਆਰਾ ਸਮਾਜ ਅੱਗੇ ਪੇਸ਼ ਕੀਤੇ 'ਆਦਰਸ਼ ਰਾਜ ਦੇ ਸੰਕਲਪ' ਦਾ ਅਧਿਐਨ ਵੀ ਸ਼ਾਮਿਲ ਹੈ।

ਖੋਜ-ਪ੍ਰਬੰਧ ਦਾ ਪੰਜਵਾਂ ਅਧਿਆਇ 'ਭਗਤ ਬਾਣੀ ਵਿਚ ਸਭਿਆਚਾਰ ਦਾ ਸਰੂਪ' ਹੈ ਜਿਸ ਨੂੰ ਚਾਰ ਉਪਅਧਿਆਵਾਂ ਵਿਚ ਵੰਡਕੇ ਅਧਿਐਨ ਕਰਨ ਦੇ ਯਤਨ ਕੀਤੇ ਗਏ ਹਨ। ਸਭਿਆਚਾਰਕ ਕੀਮਤਾਂ, ਆਦਰਸ਼ਾਂ, ਨਿਯਮਾਂ ਦਾ ਅਧਿਐਨ ਉਪਅਧਿਆਇ 'ਸਭਿਆਚਾਰਕ ਪ੍ਰਤਿਮਾਨ ਤੇ ਕਦਰਾਂ-ਕੀਮਤਾਂ' ਵਿਚ ਕਰਨ ਦੇ ਯਤਨ ਕੀਤੇ ਗਏ ਹਨ। ਦੂਸਰੇ ਉਪਅਧਿਆਇ 'ਮਿੱਥ ਦੀ ਪੇਸ਼ਕਾਰੀ ਤੇ ਰੂਪਾਂਤਰਨ' ਵਿਚ ਭਗਤ ਬਾਣੀਕਾਰਾਂ ਦੁਆਰਾ ਲੋਕ-ਮਨਾਂ ਵਿਚ ਪ੍ਰਵਾਹਮਾਨ ਤੇ ਲੋਕ-ਪ੍ਰਿਯ ਪੁਰਾਣਿਕ ਮਿਥਕ ਕਥਾਵਾਂ ਦੇ ਮਾਧਿਅਮ ਰਾਹੀਂ ਨਿਰਾਕਾਰ, ਵਿਆਪਕ ਬ੍ਰਹਮ ਦੀ ਅਸੀਮ ਪਰਮ-ਸ਼ਕਤੀ ਨੂੰ ਬਿਆਨ ਕਰਨ, ਬ੍ਰਹਮ ਦੁਆਰਾ ਸ਼੍ਰਿਸ਼ਟੀ ਦੀ ਪਾਲਨਾ ਕਰਨ ਅਤੇ ਭਗਤਾਂ ਪ੍ਰਤੀ ਪ੍ਰਭੂ ਦੇ ਅਥਾਹ ਪ੍ਰੇਮ ਨੂੰ ਪ੍ਰਗਟਾਇਆ ਗਿਆ ਹੈ। ਇਸ ਤੋਂ ਇਲਾਵਾ ਭਗਤ ਬਾਣੀਕਾਰਾਂ ਦੁਆਰਾ ਆਪਣੀ ਮਨੋਰਥ ਦੀ ਸਿੱਧੀ ਹਿੱਤ ਚੁਣੀ ਇਸਲਾਮੀ ਮਿਥ ਨੂੰ ਵੀ ਅਧਿਐਨ ਦਾ ਵਿਸ਼ਾ ਬਣਾਇਆ ਹੈ। ਤੀਸਰੇ ਉਪਅਧਿਆਇ 'ਬਿੰਬਵਾਲੀ ਤੇ ਪ੍ਰਤੀਕ ਵਿਧਾਨ' ਅਧੀਨ ਭਗਤ ਬਾਣੀਕਾਰਾਂ ਦੁਆਰਾ ਸਭਿਆਚਾਰਕ ਕੀਮਤਾਂ ਦੇ ਸੰਚਾਰ ਲਈ ਵਰਤੀਆਂ ਸਾਹਿਤਕ ਕਲਾ-ਜੁਗਤਾਂ ਬਿੰਬਾਂ ਅਤੇ ਪ੍ਰਤੀਕਾਂ ਦਾ ਅਧਿਐਨ ਸ਼ਾਮਿਲ ਹੈ। ਜਿਸ ਅਧੀਨ ਭਗਤ ਬਾਣੀ ਵਿਚੋਂ ਅਤਿਆਤਮਕ ਬਿੰਬਾਂ, ਪ੍ਰਕਿਰਤਕ ਬਿੰਬਾਂ, ਲੋਕ-ਜੀਵਨ ਅਧਾਰਿਤ ਬਿੰਬਾਂ ਅਤੇ ਇੰਦ੍ਰਿਆਈ ਬਿੰਬਾਂ ਦਾ ਅਧਿਐਨ ਸ਼ਾਮਿਲ ਹੈ। ਚੌਥੇ ਉਪਅਧਿਆਇ 'ਭਾਸ਼ਾ ਦਾ ਸਭਿਆਚਾਰਕ ਅਧਿਐਨ' ਵਿਚ ਭਗਤ ਬਾਣੀ ਵਿਚ ਸਮਾਜਕ, ਸਭਿਆਚਾਰਕ ਕੀਮਤਾਂ ਦੇ ਸਪਸ਼ਟ ਨਿਭਾਅ ਲਈ ਭਗਤ ਬਾਣੀਕਾਰਾਂ ਦੁਆਰਾ ਵਰਤੀ 'ਸਾਧ ਭਾਸ਼ਾ' ਜਾਂ 'ਸੰਤ ਭਾਸ਼ਾ' ਦੇ ਜਿੱਥੇ ਸਮਾਜਕ, ਧਾਰਮਿਕ, ਆਰਥਿਕ, ਰਾਜਨੀਤਕ ਆਦਿ ਖੇਤਰਾਂ ਦੇ ਭਾਸ਼ਾ-ਮੁਹਾਵਰੇ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ ਉਥੇ ਭਗਤ ਬਾਣੀਕਾਰਾਂ ਦੁਆਰਾ ਵਿਚਾਰਾਂ ਦੇ ਅਦਾਨ-ਪ੍ਰਦਾਨ ਲਈ ਸੰਸਕ੍ਰਿਤ, ਹਿੰਦੀ, ਫਾਰਸੀ ਆਦਿ ਭਾਸ਼ਾਵਾਂ ਵਿਚ ਵੱਖੋ ਵੱਖ ਧਰਮ ਆਗੂਆਂ ਨਾਲ ਰਚਾਏ ਸੰਵਾਦਾਂ ਨੂੰ ਵੀ ਵਿਚਾਰਿਆ ਗਿਆ ਹੈ। ਇਸ ਤੋਂ ਇਲਾਵਾ ਭਗਤ ਬਾਣੀ ਦਾ ਸਹਿਜੇ ਹੀ ਅੰਗ ਬਣ ਗਈਆਂ ਲੋਕ ਸੱਚਾਈਆਂ ਅਖਾਣਾਂ ਅਤੇ ਮੁਹਾਵਰਿਆਂ ਨੂੰ ਵੀ ਦ੍ਰਿਸ਼ਟੀਗੋਚਰ ਕਰਨ ਦੇ ਯਤਨ ਕੀਤੇ ਗਏ ਹਨ।

ਉਪਰੋਕਤ ਪੰਜ ਅਧਿਆਵਾਂ ਵਿਚ ਵੰਡੇ ਖੋਜ-ਪ੍ਰਬੰਧ ਦੇ ਸਮੁੱਚੇ ਅਧਿਐਨ ਉਪਰੰਤ ਸਾਹਮਣੇ ਆਏ ਸਿੱਟੇ ਅਤੇ ਸਥਾਪਨਾਵਾਂ ਨੂੰ 'ਨਿਸ਼ਕਰਸ਼' ਸਿਰਲੇਖ ਅਧੀਨ ਪੇਸ਼ ਕੀਤਾ ਗਿਆ ਹੈ ਪਰੰਤੂ ਫਿਰ ਵੀ ਇਸ ਖੋਜ ਕਾਰਜ ਵਿਚ ਅੰਤਿਮ ਸਿੱਟੇ ਪੇਸ਼ ਕਰਨ ਦਾ ਕੋਈ ਦਾਅਵਾ ਨਹੀਂ ਹੈ ਕਿਉਂਕਿ ਗੁਰਬਾਣੀ ਦੇ ਇਸ

ਵਿਸ਼ਾਲ ਸਮੁੰਦਰ ਵਿਚ ਚੁੱਭੀ ਜਿੰਨੀ ਮਰਜ਼ੀ ਗਹਿਰੀ ਹੋਵੇ ਪਰ ਇਸਦੀ ਗਹਿਰਾਈ ਫਿਰ ਵੀ ਨਾਪੀ ਨਹੀਂ ਜਾ ਸਕਦੀ। ਇਸ ਲਈ ਹੱਥਲਾ ਖੋਜ-ਕਾਰਜ ਮੇਰੇ ਆਪੇ ਦੇ ਵਿਗਾਸ ਅਨੁਸਾਰ ਕਈ ਸਾਰਥਕ ਤੇ ਨਵੀਨ ਅਰਥਾਂ ਨੂੰ ਛੋਹਣ ਦਾ ਉਪਰਾਲਾ ਹੈ ਜਿਸਨੂੰ ਅਗੋਂ ਜਾਰੀ ਰੱਖਣਾ ਬੜਾ ਲਾਜ਼ਮੀ ਹੈ।

ਖੋਜ-ਪ੍ਰਬੰਧ ਦੇ ਅੰਤ ਵਿਚ ਸਹਾਇਕ ਪੁਸਤਕ ਸੂਚੀ ਦਿੱਤੀ ਗਈ ਹੈ ਅਤੇ ਖੋਜ-ਵਿਸ਼ੇ ਦੇ ਅਧਿਐਨ ਦੀ ਸਿਰਜਣ-ਪ੍ਰਕਿਰਿਆ ਦੌਰਾਨ ਖੋਜ-ਵਿਧੀ ਦੀਆਂ ਸੀਮਾਵਾਂ ਵਿਚ ਰਹਿਣ ਦੇ ਪੂਰੇ ਯਤਨ ਕੀਤੇ ਗਏ ਹਨ।ਖੋਜ-ਪ੍ਰਬੰਧ ਦੇ ਕਾਰਜ ਨੂੰ ਸਪੰਨ ਕਰਦੇ ਹੋਏ ਮੈਂ ਹਰ ਤਰ੍ਹਾਂ ਦੀ ਗ਼ਲਤੀ ਤੋਂ ਬਚਣ ਦੇ ਸੁਹਿਰਦ ਯਤਨ ਕੀਤੇ ਹਨ ਪਰੰਤੂ ਗੁਰਬਾਣੀ ਦੇ ਇਸ ਵਿਸ਼ੇ ’ਤੇ ਖੋਜ ਕਰਨ ਦੌਰਾਨ ਮੇਰੇ ਦੁਆਰਾ ਕੁੱਝ ਤਰੁੱਟੀਆਂ ਦਾ ਰਹਿ ਜਾਣਾ ਸੁਭਾਵਿਕ ਹੈ। ਜਿਸ ਲਈ ਮੈਂ ਵਿਦਵਾਨਾਂ ਅਤੇ ਪਾਠਕਾਂ ਅੱਗੇ ਖਿਮਾ ਦੀ ਜਾਚਕ ਹਾਂ।

**(ਗੁਰਜੀਤ ਕੌਰ)**

# ਅਧਿਆਇ ਪਹਿਲਾ

# ਭਗਤ ਬਾਣੀ ਸਬੰਧੀ ਸਮਾਜ-ਸਭਿਆਚਾਰਕ ਪੱਖ ਤੋਂ ਹੋਏ ਉਪਾਧੀ ਸਾਪੇਖ ਖੋਜ ਕਾਰਜ ਦਾ ਸਰਵੇਖਣ ਤੇ ਮੁਲਾਂਕਣ

ਕਿਸੇ ਵਿਸ਼ੇਸ਼ ਭੂ-ਖੰਡ ਵਿਚ ਰਹਿਣ ਵਾਲੇ !ਲੋਕ ਸਮੂਹ ਵੱਲੋਂ ਆਪਣੀਆਂ ਲੋੜਾਂ ਦੀ ਪੂਰਤੀ ਹਿੱਤ ਕੀਤੀਆਂ ਜਾਂਦੀਆਂ ਪਰਸਪਰ ਪ੍ਰਕਿਰਿਆਵਾਂ ਦੀ ਵਿਵਸਥਾ ਨੂੰ ਸਮਾਜ ਦਾ ਨਾਂ ਦਿੱਤਾ ਜਾਂਦਾ ਹੈ। ਸਮਾਜ ਦੀ ਸਥਿਰਤਾ ਸਭਿਆਚਾਰ ਉਤੇ ਨਿਰਭਰ ਕਰਦੀ ਹੈ। ਸਮਾਜ ਅਤੇ ਸਭਿਆਚਾਰ ਦਾ ਪਰਸਪਰ ਗੂੜ੍ਹਾ ਸਬੰਧ ਹੈ। ਹਰ ਸਭਿਆਚਾਰ ਕਿਸੇ ਨਾ ਕਿਸੇ ਸਮਾਜ ਵਿਚ ਟਿਕਿਆ ਹੁੰਦਾ ਹੈ। ''ਸਭਿਆਚਾਰ ਕਿਸੇ ਦੇਸ਼ ਜਾਂ ਕੌਮ ਦੀ ਰੂਹ (ਅੰਤਰ-ਆਤਮਾ) ਹੁੰਦੀ ਹੈ। "ਇਹ ਸਭਿਆਚਾਰ ਹੀ ਹੈ ਜਿਸਦੇ ਰਾਹੀਂ ਸਾਨੂੰ ਉਨ੍ਹਾਂ ਸਾਰਿਆਂ ਸੰਸਕਾਰਾਂ ਦਾ ਗਿਆਨ ਹੁੰਦਾ ਹੈ ਜਿਨ੍ਹਾਂ ਦੇ ਆਧਾਰ ਉਤੇ ਕੋਈ ਦੇਸ਼ ਜਾਂ ਕੌਮ ਆਪਣੇ ਉੱਚੇ ਆਦਰਸ਼ਾਂ ਦੀ ਸਥਾਪਨਾ ਕਰਦੀ ਹੈ। ਸਭਿਆਚਾਰ ਦਾ ਪ੍ਰਭਾਵ ਸਾਡੀਆਂ ਨਿਜੀ ਤੇ ਸਮੂਹਿਕ ਜ਼ਿੰਮੇਵਾਰੀਆਂ ਵਿਚ ਅਤੇ ਸਾਡੇ ਆਪਸੀ ਭਾਈਚਾਰਕ ਸ੍ਰਿਸ਼ਟਾਚਾਰ ਵਿਚ ਝਲਕਦਾ ਰਹਿੰਦਾ ਹੈ। ਜੇਕਰ ਕਿਸੇ ਦੇਸ਼ ਦੀ ਦਿਮਾਗੀ ਉੱਚਤਾ, ਮਨੋਵਿਗਿਆਨਕ ਸੂਝ-ਬੂਝ ਅਤੇ ਆਚਰਣਕ ਉੱਤਮਤਾ ਵੇਖਣੀ ਹੋਵੇ ਤਾਂ ਉਸਦੀ ਸੰਸਕ੍ਰਿਤੀ ਜਾਂ ਸਭਿਆਚਾਰ ਨੂੰ ਵੇਖਿਆ ਜਾਵੇ।"[1] ਪਰ ਕਿਸੇ ਕੌਮ ਦੇ ਸਭਿਆਚਾਰ ਦੀ ਦਿਮਾਗੀ ਉੱਚਤਾ, ਮਨੋਵਿਗਿਆਨਕ ਸੂਝ-ਬੂਝ, ਚਿੰਤਨ ਅਤੇ ਆਚਰਣਕ ਉੱਤਮਤਾ ਪ੍ਰਗਟਾਉਣ ਦਾ ਵਿਸ਼ੇਸ਼ ਅਤੇ ਪ੍ਰਮੁੱਖ ਮਾਧਿਅਮ, ਉਸ ਕੌਮ ਦੀ ਭਾਸ਼ਾ ਵਿਚ ਰਚਿਆ ਉੱਤਮ ਸਾਹਿਤ ਹੈ। ਕਿਸੇ ਵਿਸ਼ੇਸ਼ ਸਮਾਜ ਵਿਚ ਪ੍ਰਾਪਤ ਹੋਣ ਵਾਲਾ ਸਾਹਿਤ ਆਪਣੀ ਆਧਾਰ ਸਮੱਗਰੀ (ਭਾਸ਼ਾ ਅਤੇ ਮਨੁੱਖੀ ਅਨੁਭਵ) ਨੂੰ ਵਿਸ਼ੇਸ਼ ਸਭਿਆਚਾਰਕ ਸੰਦਰਭ ਵਿਚੋਂ ਪ੍ਰਾਪਤ ਕਰਦਾ ਹੈ।

''ਸਾਹਿਤ ਭਾਵੇਂ ਕਿਸੇ ਵੀ ਮੰਤਵ ਨੂੰ ਮੁੱਖ ਰੱਖਕੇ ਲਿਖਿਆ ਗਿਆ ਹੋਵੇ, ਇਹ ਗੱਲ ਸਵੀਕਾਰ ਕਰਨੀ ਪਵੇਗੀ ਕਿ ਇਹ ਪੁਰਾਣੀਆਂ ਸਭਿਆਚਾਰਕ ਕੀਮਤਾਂ ਨੂੰ ਜਿਉਂ ਦਾ ਤਿਉਂ ਪੇਸ਼ ਨਹੀਂ ਕਰਦਾ। ਇਹ ਬਦਲਦੇ ਪਰਿਪੇਖ ਵਿਚ ਵੇਲਾ-ਵਿਹਾਜ ਚੁੱਕੀਆਂ ਕੀਮਤਾਂ ਨੂੰ ਨਕਾਰਦਾ ਤੇ ਸਿਹਤਮੰਦ ਕੀਮਤਾਂ ਪ੍ਰਤੀ ਰੁਚਿਤ ਹੁੰਦਾ ਹੈ। ਸਾਹਿਤ ਰੂੜ੍ਹੀਵਾਦੀ ਸਭਿਆਚਾਰਕ ਕੀਮਤਾਂ ਦੀ ਭੰਨ-ਤੋੜ ਕਰਦਾ ਹੈ ਅਤੇ ਗਲਤ ਕੀਮਤਾਂ ਵਿਰੁੱਧ ਪ੍ਰਤਿਕਿਰਿਆ ਪ੍ਰਗਟਾਉਂਦਾ ਹੈ।"[2] ਸਾਹਿਤ ਮਨੁੱਖੀ ਅਨੁਭਵ ਤੇ ਚਿੰਤਨ ਦੇ ਵੱਖੋ-ਵੱਖ ਖੇਤਰਾਂ ਨਾਲ ਸਬੰਧ ਰੱਖਦਾ ਹੈ। ਸਾਹਿਤ ਦੇ ਇਹਨਾਂ ਵੱਖੋ-ਵੱਖ ਖੇਤਰਾਂ ਵਿਚੋਂ 'ਧਰਮ' ਇਕ ਅਜਿਹਾ ਹੀ ਖੇਤਰ ਹੈ।''ਮਨੁੱਖੀ ਸਮਾਜ ਨੂੰ ਗੰਭੀਰ ਅਨੁਭਵ ਅਤੇ ਬਲਪੂਰਵਕਤਾ ਸਹਿਤ ਪ੍ਰਭਾਵਿਤ ਕਰਨ ਵਾਲਾ 'ਧਰਮ' ਸਭ ਤੋਂ ਅਧਿਕ ਸ਼ਕਤੀਸ਼ਾਲੀ ਹੈ। ਇਹ ਲੋਕਾਂ ਦੇ ਆਪਸੀ ਰਿਸ਼ਤਿਆਂ, ਪਰਿਵਾਰ, ਭਾਈਚਾਰਕ ਸਾਂਝ, ਆਰਥਿਕ ਅਤੇ ਰਾਜਨੀਤਕ ਜੀਵਨ ਨੂੰ ਪ੍ਰਭਾਵਿਤ ਕਰਦਾ ਹੈ। ਧਾਰਮਿਕ ਵਿਸ਼ਵਾਸ ਅਤੇ ਕੀਮਤਾਂ ਮਨੁੱਖੀ ਕਾਰਜਾਂ ਨੂੰ ਉਦੇਸ਼ਪੂਰਨ ਬਣਾਉਂਦੇ ਹਨ ਅਤੇ ਧਾਰਮਿਕ ਪ੍ਰਗਟਾਓ ਹੀ ਇਨ੍ਹਾਂ ਨੂੰ ਸਮੂਹਿਕ ਏਕਤਾ ਵਿਚ ਜਥੇਬੰਦ

ਕਰਦਾ ਹੈ। ਇਸ ਲਈ ਧਰਮ, ਸਮਾਜ ਦਾ ਇਕ ਮਹੱਤਵਪੂਰਨ ਅੰਗ ਹੈ ਅਤੇ ਸਮਾਜ, ਧਰਮ ਦਾ ਇਕ ਵਿਸਥਾਰਮਈ ਅਤੇ ਮਹੱਤਵਪੂਰਨ ਭਾਗ ਹੈ।"[3]

ਭਾਰਤ ਵਿਚ ਸਮੇਂ-ਸਮੇਂ ਪੈਦਾ ਹੋਣ ਵਾਲੇ ਵੱਖੋ-ਵੱਖ ਧਾਰਮਿਕ ਚਿੰਤਨ, ਵਿਚਾਰਧਾਰਾ ਅਤੇ ਸਿਧਾਂਤ ਆਪਣੇ ਮੂਲ ਵਿਚ ਤਾਂ ਭਾਵੇਂ ਸਮਾਜ ਲਈ ਉਸਾਰੂ ਕਾਰਜ ਕਰਦੇ ਰਹੇ ਪਰੰਤੂ ਕੁਝ ਸਮਾਂ ਪੈਣ 'ਤੇ ਇਹਨਾਂ ਵਿਚ ਕਈ ਅਜਿਹੇ ਵਿਕਾਰ ਪੈਦਾ ਹੋ ਗਏ ਜਿਨ੍ਹਾਂ ਦਾ ਸਿੱਧਾ ਪ੍ਰਭਾਵ ਪੂਰੇ ਭਾਰਤੀ-ਸਮਾਜ ਉੱਤੇ ਦਿਖਾਈ ਦੇਣ ਲੱਗਦਾ ਸੀ। ਅਜਿਹੇ ਵਿਰੋਧੀ ਪ੍ਰਭਾਵਾਂ ਨੂੰ ਰੋਕਣ ਲਈ ਉਸ ਸਮੇਂ ਕਿਸੇ ਉਚੇਰੀ ਤੇ ਉਸਾਰੂ ਧਾਰਮਿਕ ਲਹਿਰ ਦੀ ਲੋੜ ਸੀ ਜੋ ਲਹਿਰ ਬ੍ਰਹਮ ਪ੍ਰਾਪਤੀ ਦੀ ਮੰਜ਼ਿਲ ਅਤੇ ਸਮਾਜਕ ਜੀਵਨ-ਜਿਉਣ ਦੇ ਦੋ ਅਲੱਗ-ਅਲੱਗ ਦਿਖਾਈ ਦੇਣ ਵਾਲੇ ਰਸਤਿਆਂ ਨੂੰ ਇਕੋ ਮੰਜ਼ਿਲ ਨਾਲ ਜੋੜ ਸਕੇ। ਇਸ ਲੋੜ ਤਹਿਤ ਹੀ ਵੈਦਿਕ ਕਾਲ ਤੋਂ ਲੈ ਕੇ ਪੁਰਾਣ-ਉੱਤਰ ਕਾਲ ਤੱਕ ਦੇ ਸਮੇਂ ਦੌਰਾਨ ਪੈਦਾ ਹੋਣ ਵਾਲੇ ਚਿੰਤਨ ਦੀਆਂ ਕੁਝ ਸਾਕਾਰਾਤਮਕ ਅਤੇ ਨਕਾਰਾਤਮਕ ਪ੍ਰਸਥਿਤੀਆਂ ਦਾ ਹੀ ਨਿਚੋੜ ਸੀ ਕਿ ਮੱਧਕਾਲ ਵਿਚ ਇਕ ਅਜਿਹੀ ਭਗਤੀ-ਭਾਵਨਾ ਨੇ ਜਨਮ ਲਿਆ ਜਿਸਨੂੰ ਦੱਖਣੀ ਅਤੇ ਉੱਤਰੀ ਭਾਰਤ ਵਿਚ 'ਭਗਤੀ ਲਹਿਰ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਲਹਿਰ ਦੱਖਣ ਤੋਂ ਸ਼ੁਰੂ ਹੋ ਕੇ ਉੱਤਰ ਵੱਲ ਅਤੇ ਹੌਲੇ-ਹੌਲੇ ਸਾਰੇ ਭਾਰਤ ਵਿਚ ਫੈਲ ਗਈ। ਦੱਖਣ ਵਿਚ ਇਸ ਲਹਿਰ ਦੇ ਚਲਾਉਣ ਵਾਲੇ ਸੁਆਮੀ ਰਾਮਾਨੁਜ ਅਤੇ ਉੱਤਰ ਵਿਚ ਰਾਮਾਨੰਦ ਸਨ। ਇਸ ਸਮੇਂ ਦਾ ਭਾਰਤੀ ਸਮਾਜ ਪ੍ਰਮੁੱਖ ਤੌਰ ਤੇ ਦੋ ਧਰਮਾਂ 'ਹਿੰਦੂ ਧਰਮ' ਅਤੇ 'ਮੁਸਲਿਮ ਧਰਮ' ਵਿਚ ਵੰਡਿਆ ਹੋਇਆ ਸੀ। ਹਿੰਦੂ ਧਰਮ ਵਿਚ ਜਿੱਥੇ ਪਹਿਲਾਂ ਹੀ ਜਾਤ-ਪਾਤ, ਮੂਰਤੀ-ਪੂਜਾ, ਤੀਰਥ ਯਾਤਰਾ, ਵਰਤ, ਕਰਾਮਾਤਾਂ ਆਦਿ ਵਾਧੂ ਕਰਮ-ਕਾਡਾਂ ਦਾ ਜਾਲ ਪੂਰੀ ਤਰ੍ਹਾਂ ਫੈਲ ਚੁੱਕਾ ਸੀ ਉਥੇ ਮੁਗਲਾਂ ਦੇ ਅਤਿਆਚਾਰੀ ਵਿਵਹਾਰ ਕਾਰਨ ਭਾਰਤੀ-ਸਮਾਜ ਵਿਚ ਕਿਸੇ ਵੀ ਪੱਧਰ ਉੱਤੇ ਕੋਈ ਸੰਤੁਲਨ ਕਾਇਮ ਨਹੀਂ ਸੀ ਰਿਹਾ ਅਤੇ ਏਥੋਂ ਦੀ ਜਨਤਾ ਨਿਰੰਤਰ ਦਿਸ਼ਾਹੀਣਤਾ ਦਾ ਸ਼ਿਕਾਰ ਹੋ ਰਹੀ ਸੀ।

ਪੂਰਵ-ਮੱਧਕਾਲੀ ਭਗਤੀ ਸਾਧਨਾ ਨੂੰ ਹਰ ਪੱਖ ਤੋਂ ਸਹੀ ਰੂਪ ਅਤੇ ਸਹੀ ਦਿਸ਼ਾ ਦੇਣ ਦਾ ਕਾਰਜ ਕੁੱਝ ਅਜਿਹੇ ਸੂਫ਼ੀ, ਸੰਤਾਂ, ਭਗਤਾਂ ਨੇ ਆਰੰਭਿਆ ਜੋ ਗੁਰੂ ਨਾਨਕ ਸਾਹਿਬ ਤੋਂ ਵੀ ਪਹਿਲਾਂ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਦੇ ਰਹਿਣ ਵਾਲੇ ਸਨ। ਸੋ ਭਾਵੇਂ ਕਿ ਭਗਤੀ-ਮਤ ਦੀਆਂ ਜੜ੍ਹਾਂ ਪੂਰਵ-ਮੱਧਕਾਲੀ ਭਗਤੀ ਪਰੰਪਰਾ ਵਿਚ ਨਿਹਿਤ ਹਨ ਪਰੰਤੂ ਮੱਧਕਾਲ ਵਿਚ ਪ੍ਰਵੇਸ਼ ਕਰਕੇ ਇਹ ਲਹਿਰ ਗੁਰਮਤਿ ਭਗਤੀ ਵਜੋਂ ਆਪਣਾ ਵਿਸ਼ੇਸ਼, ਨਵੀਨ ਅਤੇ ਵੱਖਰਾ ਰੂਪ ਅਖ਼ਤਿਆਰ ਕਰ ਲੈਂਦੀ ਹੈ। ਗੁਰਮਤਿ-ਭਗਤੀ ਵਿਚ ਬ੍ਰਹਮ ਦੀ ਨਿਰਗੁਣ-ਭਗਤੀ ਉੱਤੇ ਜ਼ੋਰ ਦੇਣ ਦੇ ਨਾਲ-ਨਾਲ ਭਗਤੀ

ਸਾਧਨਾ ਨੂੰ ਸਰਲ, ਸਾਦੇ ਰੂਪ ਵਿਚ ਸਮਾਜ ਅਤੇ ਸਭਿਆਚਾਰ ਨਾਲ ਜੋੜਿਆ ਗਿਆ ਹੈ। ਸੋ ਮੱਧਕਾਲ ਵਿਚ ਪੁੱਜਕੇ ਭਗਤੀ-ਲਹਿਰ ਨਿਰਗੁਣ 'ਭਗਤੀ' ਦੇ ਰੂਪ ਵਿਚ ਲੋਕਮਨਾਂ ਦੇ ਵਧੇਰੇ ਨੇੜੇ ਰਹੀ। ਇਸ ਸਮੇਂ ਨਿਰਗੁਣ ਭਗਤਾਂ ਦੁਆਰਾ ਰਚਿਤ ਰਚਨਾ ਨੂੰ ਇਕ ਗ੍ਰੰਥ ਦਾ ਰੂਪ ਦੇ ਦਿੱਤਾ ਗਿਆ ਜਿਸ ਵਿਚ 11ਵੀਂ 12ਵੀਂ ਸਦੀ ਤੋਂ ਲੈ ਕੇ 16ਵੀਂ, ਸਦੀ ਤੱਕ ਦੇ ਸੰਤਾਂ, ਭਗਤਾਂ, ਗੁਰੂਆਂ, ਫ਼ਕੀਰਾਂ ਦੀ ਰਚਨਾ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਪਾਕ ਗ੍ਰੰਥ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਰੂਪ ਵਿਚ ਸੰਪਾਦਨ ਕਰਕੇ ਲੋਕਾਂ ਦਰਪੇਸ਼ ਕੀਤਾ ਗਿਆ ਜਿਸ ਵਿਚ ਰਚਿਤ ਬਾਣੀ ਦਾ ਕਲਿਆਣਕਾਰੀ ਉਪਦੇਸ਼ ਸੰਸਾਰ ਦੇ ਹਰ ਮਾਨਵ ਲਈ ਸੀ। ਗਿਣਾਤਮਕ ਅਤੇ ਗੁਣਾਤਮਕ ਪੱਖ ਤੋਂ ਇਹ ਪਵਿੱਤਰ ਬਾਣੀ ਵਿਸ਼ਾਲ ਦ੍ਰਿਸ਼ਟੀ ਅਤੇ ਗਹਿਰ ਗੰਭੀਰ ਅਨੁਭਵ ਦੀ ਮੰਗ ਕਰਦੀ ਹੈ। ਖੋਜ-ਪ੍ਰਬੰਧ ਦੇ ਹੱਥਲੇ ਅਧਿਆਇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਚਿਤ ਭਗਤ ਬਾਣੀ ਸਬੰਧੀ ਸਮਾਜ ਅਤੇ ਸਭਿਆਚਾਰਕ ਪੱਖ ਤੋਂ ਹੋਏ ਉਪਾਧੀ ਸਾਪੇਖ ਖੋਜ-ਕਾਰਜ ਦਾ ਸਰਵੇਖਣ ਅਤੇ ਮੁਲਾਂਕਣ ਸ਼ਾਮਿਲ ਹੈ।

ਕਿਸੇ ਵਿਸ਼ੇਸ਼ ਸਾਹਿਤਕ ਧਾਰਾ ਸਬੰਧੀ ਹੋਏ ਉਪਾਧੀ ਸਾਪੇਖ ਖੋਜ-ਕਾਰਜ ਦਾ ਆਧਾਰ, ਉਸ (ਸਾਹਿਤਕ ਧਾਰਾ) ਸਬੰਧੀ ਹੋਇਆ ਮੂਲ ਉਪਾਧੀ ਨਿਰਪੇਖ ਅਧਿਐਨ ਹੁੰਦਾ ਹੈ।ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂਆਂ, ਸੂਫ਼ੀ, ਸੰਤਾਂ ਅਤੇ ਭਗਤਾਂ ਵੱਲੋਂ ਰਚਿਤ ਬਾਣੀ ਦੇ ਵਿਭਿੰਨ ਪੱਖਾਂ ਜਾਂ ਪਹਿਲੂਆਂ ਨੂੰ ਲੈ ਕੇ ਉਪਾਧੀ ਨਿਰਪੇਖ ਅਧਿਐਨ ਦਾ ਵੱਡਮੁੱਲਾ ਖ਼ਜ਼ਾਨਾ ਉਪਲਬਧ ਹੈ ਜਿਸ ਅਧਿਐਨ ਦੀ ਆਪਣੀ ਇਕ ਵੱਖਰੀ ਅਤੇ ਵਿਸ਼ੇਸ਼ ਸਾਰਥਿਕਤਾ ਹੈ। ਗੁਰੂ ਗ੍ਰੰਥ ਸਾਹਿਬ ਦੇ ਮੁੱਢਲੇ ਉਪਾਧੀ ਨਿਰਪੇਖ ਅਧਿਐਨ ਸਬੰਧੀ ਡਾ. ਤਾਰਨ ਸਿੰਘ ਦਾ ਵਿਚਾਰ ਹੈ ਕਿ ''ਧੁਰ ਕੀ ਬਾਣੀ' ਦੇ ਆਵੇਸ਼ ਤੇ ਅਉਤਰਣ ਨਾਲ-ਨਾਲ ਹੀ ਉਸ ਦੇ ਸਮਝਣ-ਸਮਝਾਣ ਲਈ ਉਪਰਾਲੇ ਸ਼ੁਰੂ ਹੋ ਗਏ। ਗੁਰੂ ਨਾਨਕ ਸਾਹਿਬ ਆਪ ਅਨੇਕ ਭੇਖਾਂ ਦੇ ਸਾਧੂਆਂ, ਜੋਗੀਆਂ, ਮਹੰਤਾਂ ਨੂੰ ਮਿਲੇ ਤੇ ਉਨ੍ਹਾਂ ਨੂੰ ਆਪਣੀ ਬਾਣੀ ਦੇ ਸਿਧਾਂਤ ਸਮਝਾਏ ਅਤੇ ਉਦਾਸੀਆਂ ਅਤੇ ਕਰਤਾਰਪੁਰ ਵਾਸ ਦੇ ਸਮੇਂ ਅਨੇਕ ਲੋਕਾਂ ਨਾਲ ਚਰਚਾ ਕਰਦਿਆਂ ਬਾਣੀ ਦੀ ਅਨੇਕ ਪ੍ਰਕਰਣਾਂ ਵਿਚ ਵਿਆਖਿਆ ਕੀਤੀ। ਆਪ ਦੇ ਉਤਾਰਾਧਿਕਾਰੀ ਗੁਰੂ ਸਾਹਿਬਾਨ ਨੇ ਆਪ ਦੀ ਰਚੀ ਬਾਣੀ ਦੀ ਵਿਆਖਿਆ ਆਪਣੀ ਬਾਣੀ ਵਿਚ ਕੀਤੀ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਗੁਰਬਾਣੀ ਵਿਆਖਿਆ ਦੀ ਪ੍ਰਣਾਲੀ ਕਾਇਮ ਹੋ ਗਈ। ਇਹ ਸਰਵੋਤਮ ਵਿਆਖਿਆ ਪ੍ਰਣਾਲੀ ਸੀ। ਇਸ ਨੂੰ ਅਸਾਂ ਗੁਰਬਾਣੀ ਵਿਆਖਿਆ ਦੀ 'ਸੁਹਜ-ਪ੍ਰਣਾਲੀ' ਕਿਹਾ ਹੈ।''[4] ਨਿਰਸੰਦੇਹ ਗੁਰੂ ਗ੍ਰੰਥ ਸਾਹਿਬ ਵਿਚ ਸੰਚਿਤ ਬਾਣੀ ਦਾ ਸਭ ਤੋਂ ਪਹਿਲਾ ਅਤੇ ਸਵੱਛ ਅਧਿਐਨ ਬਾਣੀ ਰਚਾਇਤਿਆਂ ਵੱਲੋਂ ਆਪੋ-ਆਪਣੀ ਸਿਰਜਨ-ਪ੍ਰਕਿਰਿਆ

ਦੌਰਾਨ ਹੀ ਨਾਲੋ-ਨਾਲ ਚੱਲਦਾ ਰਿਹਾ ਹੈ ਜਿਸਨੂੰ ਕਿ ਅਸਲ ਉਪਾਧੀ ਨਿਰਪੇਖ ਅਧਿਐਨ ਕਿਹਾ ਜਾ ਸਕਦਾ ਹੈ ਕਿਉਂਕਿ ਇਸ ਬਾਣੀ ਦੀ ਸਿਰਜਣਾ ਅਤੇ ਅਧਿਐਨ ਦੇ ਪਿੱਛੇ ਪ੍ਰਮੁੱਖ ਉਦੇਸ਼ ਜਾਂ ਮੰਤਵ ਸਮੂਹਿਕ ਮਾਨਵ ਸਮਾਜ ਦਾ ਮਾਰਗ-ਦਰਸ਼ਨ ਤੇ ਕਲਿਆਣ ਕਰਨਾ ਸੀ। ਗੁਰੂ ਸਾਹਿਬਾਨਾਂ ਦੁਆਰਾ ਬਾਣੀ ਸਿਰਜਨ-ਪ੍ਰਕਿਰਿਆ ਦੌਰਾਨ ਚਲਾਈ ਗਈ ਸਹਿਜ ਵਿਆਖਿਆ ਤੋਂ ਪ੍ਰੇਰਿਤ ਹੋ ਕੇ ਗੁਰ-ਸਿੱਖਾਂ ਨੇ ਸਮੇਂ-ਸਮੇਂ ਗੁਰੂ ਸਾਹਿਬਾਨਾਂ ਦੇ ਮੁਖ ਤੋਂ ਬਾਣੀ ਵਿਆਖਿਆ ਸੁਣੀ ਅਤੇ ਅੱਗੋਂ ਗੁਰਮਤਿ ਦੇ ਪ੍ਰਚਾਰ ਹਿਤ ਬਾਣੀ ਦੇ ਅਰਥ-ਸੰਚਾਰ ਲਈ ਟੀਕਾ, ਵਿਆਖਿਆ, ਭਾਸ਼ ਅਤੇ ਪਰਮਾਰਥ ਆਦਿ ਵਿਆਖਿਆ ਦੇ ਰੂਪਾਂ ਜਾਂ ਵਿਧੀਆਂ ਨੂੰ ਅਪਣਾਇਆ। ਗੁਰਬਾਣੀ ਅਧਿਐਨ ਦਾ ਦੂਸਰਾ ਰੂਪ ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਕਬਿੱਤਾਂ ਵਿਚੋਂ ਮਿਲਦਾ ਹੈ। “ਭਾਈ ਗੁਰਦਾਸ ਦਾ ਵਿਸ਼ਲੇਸ਼ਣ ਗੁਰਬਾਣੀ ਦੇ ਕਿਸੇ ਸ਼ਬਦ ਜਾਂ ਟੂਕ ਦੀ ਵਿਆਖਿਆ ਕਰਨਾ ਨਹੀਂ ਸਗੋਂ ਗੁਰਬਾਣੀ ਦੇ ਪ੍ਰਮੁੱਖ ਸਿਧਾਂਤਿਕ ਸ਼ਬਦ-ਬਿੰਦੂਆਂ ਦਾ ਤਰਕਪੂਰਣ ਅਤੇ ਪ੍ਰਮਾਣ-ਪ੍ਰਸ਼ਟ ਵਿਸ਼ਲੇਸ਼ਣ ਕਰਨਾ ਹੈ। ਗੁਰਬਾਣੀ ਦਾ ਇਹ ਅਧਿਐਨ ਚੂੰਕਿ ਗੁਰੂ-ਘਰ ਦੇ ਇਕ ਪ੍ਰਮੁਖ ਪ੍ਰਚਾਰਕ ਅਤੇ ਪ੍ਰਵਕਤਾ ਰਾਹੀਂ ਹੋਇਆ ਹੈ ਇਸ ਲਈ ਇਸ ਦਾ ਸਰੂਪ ਪ੍ਰਮਾਣਿਕ ਹੈ।”[5] ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੌਰਾਨ ਗੁਰਬਾਣੀ ਅਧਿਐਨ ਦਾ ਕਾਰਜ ਵਧੇਰੇ ਕਰਕੇ ਉਦਾਸੀ, ਨਿਰਮਲੇ ਸੰਤਾਂ ਅਤੇ ਸੇਵਾ ਪੰਥੀ ਸਾਧਕਾਂ ਨੇ ਕੀਤਾ। ਪਰੰਤੂ ਜਿੱਥੇ “ਉਦਾਸੀ ਸੰਪਰਦਾਇ ਵਿਚ ਹੌਲੀ-ਹੌਲੀ ਬ੍ਰਾਹਮਣੀ ਰੁਚੀਆਂ ਪੈਦਾ ਹੋਣ ਕਾਰਨ, ਇਸ ਸੰਪਰਦਾਇ ਦੁਆਰਾ ਹੋਈ ਗੁਰਬਾਣੀ ਦੀ ਵਿਆਖਿਆ ਪੰਚਦੇਵ ਉਪਾਸਨਾਂ ਦੀਆਂ ਸਰਗੁਣਵਾਦੀ ਪ੍ਰਵ੍ਰਿਤੀਆਂ ਤੋਂ ਮੁਕਤ ਨਾ ਹੋ ਸਕੀ ਉੱਥੇ ਨਿਰਮਲੇ ਸੰਤਾਂ ਦੁਆਰਾ ਹੋਈ ਗੁਰਮਤਿ ਵਿਆਖਿਆ ਵੈਦਾਂਤਿਕ ਸ਼ਿਕਸਾ-ਪ੍ਰਣਾਲੀ ਦੇ ਪ੍ਰਭਾਵ ਤੋਂ ਮੁਕਤ ਨਾ ਹੋ ਸਕੀ।”[6]

“19ਵੀਂ ਸਦੀ ਦੇ ਅੰਤ ਤੀਕ ਜੋ ਵੀ ਟੀਕਾਕਾਰੀ ਤੇ ਗੁਰਮਤਿ ਵਿਆਖਿਆ ਦਾ ਕੰਮ ਹੋਇਆ ਸੀ ਉਸ ਪਿੱਛੇ ਲੀਹਾਂ ਵੇਦ, ਵੇਦਾਂਤ ਤੇ ਭਾਰਤੀ ਦਰਸ਼ਨ ਆਦਿ ਦੀਆਂ ਸਨ ਉਦਾਸੀ ਸਾਧ ਸੋਢੀ ਮਿਹਰਬਾਨ (ਪਰਮਾਰਥ ਪਰੰਪਰਾ), ਭਾਈ ਸਾਹਿਬਾਨ (ਭਾਈ ਗੁਰਦਾਸ, ਬਾਬਾ ਬੁੱਢਾ, ਮਨੀ ਸਿੰਘ), ਨਿਰਮਲੇ ਤੇ ਸੰਪ੍ਰਦਾਈ ਗਿਆਨੀ ਸਭ ਭਾਰਤੀ ਗ੍ਰੰਥਾਂ ਦੇ ਅਧਿਐਨ ਮਗਰੋਂ ਗੁਰਬਾਣੀ ਦੀ ਟੀਕਾਕਾਰੀ ਤੇ ਵਿਆਖਿਆ ਵਲ ਆਏ ਸਨ। ਅਸਲੋਂ ਇਹ ਪ੍ਰਣਾਲੀਆਂ ਇਕੋ ਕੁਝ ਹੀ ਸਨ ਪਰ ਵੀਹਵੀਂ ਸਦੀ ਵਿਚ ਹਲਾਤ ਬਦਲ ਗਏ। ਅੰਗਰੇਜ਼ੀ ਰਾਜ ਦੀ ਸਥਾਪਨਾ ਨਾਲ ਵਿਦਿਅਕ ਪ੍ਰਣਾਲੀ ਦੇ ਬਦਲਣ ਨਾਲ ਹੀ ਬਦਲ ਗਈ। ਇਸ ਲਈ ਟੀਕਾਕਾਰੀ ਤੇ ਗੁਰਮਤਿ ਵਿਆਖਿਆ ਦੇ ਰੂਪ ਬਦਲ ਗਏ।”[7] ਡਾ. ਤਾਰਨ ਸਿੰਘ ਨੇ ਇਸ ਟੀਕਾਕਾਰੀ ਨੂੰ ਵੱਖਰੀ ਪ੍ਰਣਾਲੀ ‘ਸਿੰਘ ਸਭਾਈ ਪ੍ਰਣਾਲੀ’ ਦਾ ਨਾਂ ਦਿੰਦੇ ਹੋਇਆ ਕਿਹਾ ਹੈ ਕਿ “ਇਨ੍ਹਾਂ ਦੀ ਬੁਨਿਆਦ ਪ੍ਰੰਪਰਾਈ ਸੰਪ੍ਰਦਾਈ ਪ੍ਰਣਾਲੀ

ਵਿਚ ਸੀ ਪਰ ਇਨ੍ਹਾਂ ਨੇ ਨਵੇਂ ਗਿਆਨ, ਹਲਾਤ, ਵੰਗਾਰ ਅਧੀਨ ਗੁਰਬਾਣੀ ਦੀ ਐਸੀ ਵਿਆਖਿਆ ਕੀਤੀ ਕਿ ਇਹ ਆਪਣੇ ਆਪ ਵਿਚ ਇਕ ਪ੍ਰਣਾਲੀ ਬਣ ਗਏ।"[8]

"20ਵੀਂ ਸਦੀ ਦਾ ਪਹਿਲਾ ਦਸ਼ਕ ਸਿੱਖ ਅਧਿਐਨ ਦੀ ਆਰੰਭਿਕ ਸਥਿਤੀ ਦਰਸਾਉਂਦਾ ਹੈ। ਇਸ ਸਮੇਂ ਦੌਰਾਨ ਲੇਖਕਾਂ ਦੀ ਪਹੁੰਚ ਇਤਿਹਾਸਕ ਤੇ ਜੀਵਨੀਆਂ ਤੱਕ ਸੀ। ਉਨ੍ਹਾਂ ਦਾ ਮੁੱਖ ਉਦੇਸ਼ ਅੰਗਰੇਜ਼ੀ ਜਾਨਣ ਵਾਲੇ ਲੋਕਾਂ ਨੂੰ ਗੁਰੂਆਂ ਦੇ ਜੀਵਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਤੋਂ ਜਾਣੂ ਕਰਵਾਉਣਾ ਸੀ। ਸਿੱਖ ਧਰਮ ਹਿੰਦੂਆਂ ਅਤੇ ਇਸਾਈਆਂ ਦੇ ਦੋਹਰੇ ਹਮਲੇ ਅਧੀਨ ਸੀ ਬਿਲਕੁਲ ਉਸ ਤਰ੍ਹਾਂ ਜਿਸ ਤਰ੍ਹਾਂ ਸਿੱਖੀ ਨਾਲ ਸੰਬੰਧਿਤ ਪ੍ਰਕਾਸ਼ਿਤ ਸਮੱਗ੍ਰੀ ਵਿਵਾਦ ਅਧੀਨ ਸੀ।"[9] ਗੁਰੂ ਗ੍ਰੰਥ ਸਾਹਿਬ ਦੇ ਸਹੀ ਅਰਥ-ਬੋਧ ਅਤੇ ਭਾਵ-ਸਮੱਗਰੀ ਦੀ ਪੂਰੀ ਗਹਿਰਾਈ ਤੱਕ ਜਾਣ ਲਈ ਸ਼ੁਰੂ ਵਿਚ 'ਪ੍ਰਯਾਯ' ਰੂਪਾਂ ਵਿਚ ਇਸਦੇ ਅਧਿਐਨ ਨੂੰ ਸੌਖਾ ਬਣਾਇਆ ਗਿਆ। ਉਸ ਤੋਂ ਬਾਅਦ ਇਸ ਦੇ ਸ਼ਬਦ-ਕੋਸ਼, ਸੰਕੇਤ-ਕੋਸ਼, ਵਿਚਾਰ-ਕੋਸ਼, ਨਾਵਾਂ-ਥਾਵਾਂ ਦੇ ਕੋਸ਼ ਆਦਿ ਲਿਖਣ ਦੀ ਇਕ ਵਿਸ਼ਾਲ ਪਰੰਪਰਾ ਦਾ ਵਿਕਾਸ ਹੋਇਆ।"ਜਿੱਥੋਂ ਤਕ ਵਰਤਮਾਨ ਵਿਧੀ ਤੇ ਪਹੁੰਚ ਅਨੁਸਾਰ ਤਿਆਰ ਹੁੰਦੇ ਰਹੇ 'ਨਵੀਨ', 'ਵਿਗਿਆਨਕ' ਤੇ 'ਪਰਿਪੂਰਨ' ਢੰਗ ਦੇ ਕੋਸ਼ਾਂ, ਭਾਵ ਡਿਕਸ਼ਨਰੀਆਂ ਦਾ ਸੰਬੰਧ ਹੈ, ਉਹ ਪੰਜਾਬ ਅਤੇ ਪੰਜਾਬੀ ਉਤੇ ਪਏ ਪੱਛਮੀ ਪ੍ਰਭਾਵਾਂ ਦੀ ਉਪਜ ਹਨ। ਪੱਛਮੀ ਵਿਦਵਾਨਾਂ ਈਸਾਈ ਮਿਸ਼ਨਰੀਆਂ ਨੇ ਕੇਵਲ ਪੰਜਾਬੀ ਹੀ ਨਹੀਂ, ਹਿੰਦੋਸਤਾਨ ਦੀਆਂ ਲਗਭਗ ਸਭ ਬੋਲੀਆਂ ਦੇ ਅਜਿਹੇ ਕੋਸ਼ ਬਣਾਉਣ ਲਈ ਸਿਰਫ਼ ਰੁਚੀ ਤੇ ਰਿਵਾਜ਼ ਹੀ ਪੈਦਾ ਨਹੀਂ ਕੀਤਾ ਸਗੋਂ ਉਨ੍ਹਾਂ ਨੂੰ ਆਪੇ ਬਣਾਉਣ ਤੇ ਛਪਵਾਉਣ ਦੀ ਪਹਿਲ ਵੀ ਕੀਤੀ ਸੀ।"[10] ਇਸ ਸਮੇਂ ਦੌਰਾਨ ਵਿਦਿਆ ਦੇ ਪ੍ਰਚਾਰ ਤੇ ਪ੍ਰਸਾਰ ਦੇ ਵਧਣ ਕਾਰਨ ਗੁਰਬਾਣੀ ਦੀ ਵਿਆਖਿਆ ਤੇ ਵਿਸ਼ਲੇਸ਼ਣ ਵੀ ਵਧੇਰੇ ਹੋਣ ਲੱਗਾ ਜਿਸਦੇ ਫਲਸਰੂਪ ਦੇਸ਼ੀ ਤੇ ਵਿਦੇਸ਼ੀ ਲੇਖਕਾਂ ਦੁਆਰਾ ਵੀ ਕੁੱਝ ਮਹੱਤਵਪੂਰਨ ਪੁਸਤਕਾਂ ਦੀ ਰਚਨਾ ਹੋਈ।

ਦੇਸ਼ ਦੀ ਆਜ਼ਾਦੀ ਤੋਂ ਬਾਦ ਭਾਰਤੀ ਭਾਸ਼ਾਵਾਂ ਦਾ ਮਹੱਤਵ ਵਧਿਆ ਜਿਸਦੇ ਨਤੀਜੇ ਵਜੋਂ ਪੰਜਾਬੀ ਲੇਖਕਾਂ ਦੁਆਰਾ ਵੀ ਕੁੱਝ ਮਹੱਤਵਪੂਰਨ ਪੁਸਤਕਾਂ ਦੀ ਰਚਨਾ ਤੇ ਪ੍ਰਕਾਸ਼ਨਾ ਹੋਈ। ਗੁਰੂ ਗ੍ਰੰਥ ਸਾਹਿਬ ਦੇ ਮਹੱਤਵ ਨੂੰ ਵੇਖਦਿਆਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਅਨੇਕ ਪ੍ਰਕਾਰ ਦੀਆਂ ਪੁਸਤਕਾਂ ਦੀ ਰਚਨਾ ਹੋਈ। ਇਨ੍ਹਾਂ ਪੁਸਤਕਾਂ ਵਿਚੋਂ ਕੁਝ ਪੀ-ਐਚ.ਡੀ. ਅਤੇ ਡੀ.ਲਿਟ. ਦੀਆਂ ਡਿਗਰੀਆਂ ਲਈ ਲਿਖੀਆਂ ਗਈਆਂ। ਆਜ਼ਾਦੀ ਤੋਂ ਬਾਅਦ ਇਸ ਉਪਾਧੀ ਨਿਰਪੇਖ ਖੋਜ-ਕਾਰਜ ਦੇ ਨਾਲ-ਨਾਲ ਹੀ ਉਪਾਧੀ ਸਾਪੇਖ ਅਧਿਐਨ ਨੇ ਵੀ ਆਪਣਾ ਜ਼ੋਰ ਫੜ ਲਿਆ ਸੀ। ਇਸ ਅਧਿਐਨ ਸਦਕਾ ਗੁਰੂ ਗ੍ਰੰਥ ਸਾਹਿਬ ਸਬੰਧੀ ਪੀ-ਐਚ.ਡੀ. ਅਤੇ ਡੀ.ਲਿਟ. ਦੀਆਂ ਡਿਗਰੀਆਂ ਲਈ ਕੁਝ ਮਹੱਤਵਪੂਰਨ ਖੋਜ-ਪ੍ਰਬੰਧ ਲਿਖੇ ਗਏ ਅਤੇ ਅੱਜ ਤੱਕ ਵੀ ਗੁਰਬਾਣੀ ਸਬੰਧੀ ਉਪਾਧੀ

ਸਾਪੇਖ ਖੋਜ ਕਾਰਜ ਹੋਣ ਦੀ ਚਾਲ ਕਿਸੇ ਪਾਸਿਓਂ ਢਿੱਲੀ ਦਿਖਾਈ ਨਹੀਂ ਦਿੰਦੀ। ਸੋ ਕਿਹਾ ਜਾ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਸਬੰਧੀ ਚੱਲੀ ਆ ਰਹੀ ਉਪਾਧੀ ਨਿਰਪੇਖ ਅਧਿਐਨ ਦੀ ਇਕ ਵਿਸ਼ਾਲ ਪਰੰਪਰਾ ਹੈ ਜਿਸਦੀ ਸੰਖੇਪ ਚਰਚਾ ਕਰਨ ਤੋਂ ਬਾਅਦ, ਇਸ ਗ੍ਰੰਥ ਵਿਚ ਦਰਜ ਭਗਤ ਬਾਣੀ ਦੇ ਸਮਾਜ ਅਤੇ ਸਭਿਆਚਾਰਕ ਪੱਖ ਤੋਂ ਵੱਖੋ-ਵੱਖ ਯੂਨੀਵਰਸਿਟੀਆਂ ਵੱਲੋਂ ਪੀ-ਐਚ.ਡੀ., ਡੀ.ਲਿਟ. ਅਤੇ ਐਮ.ਫ਼ਿਲ. ਆਦਿ ਡਿਗਰੀਆਂ ਲਈ ਕਰਵਾਏ ਗਏ ਉਪਾਧੀ ਸਾਪੇਖ ਖੋਜ-ਕਾਰਜ ਦਾ ਸਰਵੇਖਣ ਅਤੇ ਮੁਲਾਂਕਣ ਕਰਨਾ ਹੀ ਹਥਲੇ ਅਧਿਆਇ ਦੀ ਸੀਮਾ ਹੈ।

### (ੳ) ਭਗਤ ਬਾਣੀ ਸਬੰਧੀ ਉਪਲਬਧ ਪੀ-ਐੱਚ.ਡੀ. ਪੱਧਰ ਦਾ ਉਪਾਧੀ ਸਾਪੇਖ ਖੋਜ-ਕਾਰਜ

ਸੰਨ 1986 ਵਿਚ ਗਿਆਨ ਚੰਦ ਨੇ ਪੀ-ਐੱਚ.ਡੀ. ਦੀ ਡਿਗਰੀ ਲਈ ਖੋਜ-ਪ੍ਰਬੰਧ 'ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਭਗਤ ਬਾਣੀ : ਇਕ ਸਮਾਜਕ ਅਧਿਐਨ, ਡਾ. ਗੁਰਦੇਵ ਸਿੰਘ ਸਿੱਧੂ ਦੀ ਅਗਵਾਈ ਹੇਠ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਪ੍ਰਸਤੁਤ ਕੀਤਾ। ਇਸ ਖੋਜ-ਪ੍ਰਬੰਧ ਨੂੰ ਕੁੱਲ ਸੱਤ ਅਧਿਆਇਆਂ ਵਿਚ ਵੰਡਿਆ ਗਿਆ ਹੈ। ਪਹਿਲਾ ਅਧਿਆਇ 'ਵਿਸ਼ੈ ਪ੍ਰਵੇਸ਼' ਵਿਚ ਸਮਾਜ ਅਤੇ ਧਰਮ ਨੂੰ ਪਰਿਭਾਸ਼ਿਤ ਕਰਦੇ ਹੋਏ, ਵਿਅਕਤੀ ਅਤੇ ਸਮਾਜ, ਧਰਮ ਅਤੇ ਸਮਾਜ, ਭਗਤ ਬਾਣੀ ਅਤੇ ਸਮਾਜ ਦੇ ਪਰਸਪਰ ਸੰਬੰਧਾਂ ਬਾਰੇ ਸੰਖੇਪ ਚਰਚਾ ਸ਼ਾਮਿਲ ਹੈ। ਅਧਿਆਇ ਦੂਸਰਾ 'ਭਗਤਾਂ ਦਾ ਜੀਵਨ, ਵਿਅਕਤਿਤਵ ਅਤੇ ਬਾਣੀ' ਵਿਚ ਸ਼ੇਖ ਫ਼ਰੀਦ ਜੀ ਦੀ ਬਾਣੀ ਨੂੰ ਛੱਡ ਕੇ ਬਾਕੀ ਭਗਤਾਂ ਦੇ ਜੀਵਨ ਵੇਰਵੇ ਦੀ ਤਰਤੀਬ ਨੂੰ ਆਦਿ ਗ੍ਰੰਥ ਵਿਚ ਸੰਕਲਿਤ ਭਗਤਾਂ ਦੀ ਬਾਣੀ ਦੇ ਗਿਣਾਤਮਕ ਪੱਖ ਅਨੁਸਾਰ ਪੇਸ਼ ਕੀਤਾ ਗਿਆ ਹੈ ਅਤੇ ਭਗਤ ਬਾਣੀਕਾਰਾਂ ਦੇ ਜਨਮ ਸਮੇਂ, ਸਥਾਨ ਅਤੇ ਵਿਅਕਤਿਤਵ ਦੇ ਨਾਲ-ਨਾਲ ਉਨ੍ਹਾਂ ਦੁਆਰਾ ਰਚਿਤ ਬਾਣੀ ਦਾ ਤਰਤੀਬ ਅਨੁਸਾਰ ਵੇਰਵਾ ਦਿੱਤਾ ਗਿਆ ਹੈ।

ਮੱਧਕਾਲੀ ਸਮਾਜਕ, ਧਾਰਮਿਕ ਅਤੇ ਰਾਜਨੀਤਕ ਵਿਵਸਥਾ ਬਾਰੇ ਚਰਚਾ ਕਰਦੇ ਹੋਏ ਇਹਨਾਂ ਪਰਿਸਥਿਤੀਆਂ ਵਿਰੋਧੀ ਸੁਰ ਅਤੇ ਭਗਤਾਂ ਦੁਆਰਾ ਸਮਾਜਕ ਚੇਤਨਾ ਵਾਲੀ ਨਿਵੇਕਲੀ ਵਿਚਾਰਧਾਰਾ ਨੂੰ ਅਧਿਆਇ ਤੀਸਰਾ ਵਿਚ ਉਘਾੜਿਆ ਗਿਆ ਹੈ। ਜਦੋਂ ਕਿ ਚੌਥੇ ਅਧਿਆਇ 'ਭਗਤ ਬਾਣੀ ਵਿਚ ਅਧਿਆਤਮਕ ਚੇਤਨਾ' ਵਿਚ ਵੱਖੋ-ਵੱਖ ਪਰਿਭਾਸ਼ਾਵਾਂ ਦੁਆਰਾ ਅਧਿਆਤਮਵਾਦ ਨੂੰ ਪਰਿਭਾਸ਼ਿਤ ਕਰਦੇ ਹੋਏ, ਭਗਤ ਬਾਣੀ ਦੇ ਅਧਿਆਤਮਕ ਪੱਖ ਤੋਂ ਬ੍ਰਹਮ, ਸ੍ਰਿਸ਼ਟੀ-ਰਚਨਾ, ਮਨੁੱਖ-ਮੁਕਤੀ ਅਤੇ ਸਾਧਨਾ-ਮਾਰਗ ਆਦਿ ਸੰਕਲਪਾਂ ਬਾਰੇ ਵਿਸਤ੍ਰਿਤ ਅਧਿਐਨ ਸ਼ਾਮਿਲ ਹੈ। ਭਗਤਾਂ ਦੁਆਰਾ ਪ੍ਰਤਿਪਾਦਿਤ ਸਾਧਨਾ-ਮਾਰਗ ਦਾ ਅਨੁਸ਼ੀਲਨ ਵੀ ਕੀਤਾ ਗਿਆ ਹੈ ਅਤੇ ਇਸ ਮਾਰਗ ਵਿਚ ਸਹਾਈ ਗੁਰੂ, ਨਾਮ ਸਾਧਨਾ, ਹੰਕਾਰ ਤਿਆਗ, ਸਰੀਰਕ ਮੋਹ ਦਾ

ਤਿਆਗ, ਗਿਆਨ ਪ੍ਰਾਪਤੀ, ਸਾਧ ਸੰਗਤ, ਹੁਕਮ, ਆਤਮ ਨਿਵੇਦਨ, ਪ੍ਰੇਮ ਅਤੇ ਕਿਰਤ ਦੇ ਨੁਕਤਿਆਂ ਨੂੰ ਛੋਹਿਆ ਗਿਆ ਹੈ। ਅਧਿਆਇ ਪੰਜਵਾਂ 'ਭਗਤ ਬਾਣੀ ਵਿਚ ਸਮਾਜਕ ਨੈਤਿਕਤਾ ਦਾ ਸਰੂਪ' ਵਿਚ ਭਗਤਾਂ ਦੁਆਰਾ ਪ੍ਰਸਤੁਤ ਸਮਾਜਕ ਨੈਤਿਕ ਜੀਵਨ ਨੂੰ ਬਿਆਨ ਕਰਦੇ ਹੋਏ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦਾ ਤਿਆਗ ਕਰਕੇ ਸੰਜਮ, ਨਿਮਰਤਾ, ਗਿਆਨ, ਖਿਮਾ, ਨਿੰਦਾ ਤਿਆਗ, ਬਹਾਦਰੀ ਅਤੇ ਬਰਾਬਰੀ ਆਦਿ ਨੈਤਿਕ ਗੁਣਾਂ ਨੂੰ ਅਪਣਾਉਣ ਦੇ ਸੰਦੇਸ਼ ਨੂੰ ਸਪਸ਼ਟ ਰੂਪ ਵਿਚ ਉਭਾਰਿਆ ਹੈ। ਅਧਿਆਇ ਛੇਵਾਂ 'ਭਗਤ ਬਾਣੀ ਵਿਚ ਸਮਾਜਕ ਮਨੁੱਖ ਦਾ ਸਰੂਪ' ਵਿਚ ਭਗਤ ਬਾਣੀ ਦੇ ਧਾਰਮਿਕ ਮੁਹਾਵਰੇ ਰਾਹੀਂ ਪ੍ਰਗਟ ਹੋ ਰਹੇ ਸਮਾਜਕ ਮਨੁੱਖੀ ਸਾਰ ਬਾਰੇ ਵਿਚਾਰ ਵਿਮਰਸ਼ ਕੀਤਾ ਗਿਆ ਹੈ ਅਤੇ ਬਾਣੀ ਦੇ ਦਿਸਦੇ ਅਰਥਾਂ ਤੋਂ ਇਸਦੇ ਲੁਪਤ ਅਰਥਾਂ ਤੀਕ ਅਪੜਨ ਦੇ ਯਤਨ ਕੀਤੇ ਗਏ ਹਨ।

ਅਧਿਆਇ ਸੱਤਵਾਂ 'ਭਗਤੀ-ਕਾਵਿ ਵਿਚ ਕ੍ਰਿਆਸ਼ੀਲ ਮਾਨਵੀ ਸਮਾਜ ਦਾ ਸਰੂਪ' ਵਿਚ ਭਗਤਾਂ ਦੀ ਸਮਾਜ ਪ੍ਰਤੀ ਚੇਤਨਤਾ ਦਾ ਸਰਵੇਖਣ ਕਰਦੇ ਹੋਏ ਇਹ ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਭਗਤ ਬਾਣੀਕਾਰ ਸਮਾਜ ਦੇ ਸਮਾਜਕ, ਧਾਰਮਿਕ ਅਤੇ ਰਾਜਸੀ ਖੇਤਰਾਂ ਵਿਚ ਕਾਲੀਆਂ ਸ਼ਕਤੀਆਂ ਦਾ ਵਿਰੋਧ ਕਰਕੇ ਇਕ ਅਜਿਹਾ ਵਾਤਾਵਰਣ ਪੈਦਾ ਕਰਨਾ ਚਾਹੁੰਦੇ ਸਨ ਜਿਥੇ ਆਤਮਕ ਮੁਕਤੀ ਤੱਕ ਸਹਿਜੇ ਹੀ ਪਹੁੰਚਿਆ ਜਾ ਸਕੇ। ਇਸ ਅਧਿਆਇ ਵਿਚ ਪ੍ਰਾਧੀਨਤਾ ਜਾਂ ਗੁਲਾਮੀ ਜਿਹੇ ਜੀਵਨ ਤੋਂ ਮੁਕਤ ਹੋ ਕੇ, ਅਮਲੀ ਜੀਵਨ ਵਿਚ ਬੰਦਗੀ, ਸੇਵਾ, ਹਮਦਰਦੀ, ਸਾਂਝੀਵਾਲਤਾ, ਕਿਰਤ ਕਰਨ, ਪਰਉਪਕਾਰ ਅਤੇ ਇਨਸਾਨੀਅਤ ਆਦਿ ਗੁਣਾਂ ਨੂੰ ਰੂਪਮਾਨ ਕੀਤਾ ਹੈ।

1990 ਵਿਚ ਨਿਰਮਲ ਸਿੰਘ ਨੇ ਖੋਜ-ਪ੍ਰਬੰਧ 'ਗੁਰੂ ਰਵਿਦਾਸ ਦੀ ਬਾਣੀ ਵਿਚ ਸਮਾਜਕ ਚੇਤਨਾ' ਵਿਸ਼ੇ ਅਧੀਨ, ਡਾ. ਧਰਮਪਾਲ ਸਿੰਗਲ ਦੀ ਨਿਗਰਾਨੀ ਹੇਠ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਪ੍ਰਸਤੁਤ ਕੀਤਾ। ਇਸ ਖੋਜ-ਪ੍ਰਬੰਧ ਦੇ ਪਹਿਲੇ ਅਧਿਆਇ 'ਗੁਰੂ ਰਵਿਦਾਸ ਅਤੇ ਉਨ੍ਹਾਂ ਦਾ ਸਮਾਂ' ਵਿਚ ਗੁਰੂ ਰਵਿਦਾਸ ਦੇ ਸਮਕਾਲੀ ਸਮਾਜਕ, ਧਾਰਮਿਕ, ਰਾਜਨੀਤਕ, ਸਭਿਆਚਾਰਕ ਅਤੇ ਸਾਹਿਤਕ ਝੁਕਾਵਾਂ ਦਾ ਅਧਿਐਨ ਕੀਤਾ ਗਿਆ ਹੈ। ਅਧਿਆਇ ਦੂਸਰਾ 'ਸ੍ਰੀ ਗੁਰੂ ਰਵਿਦਾਸ ਤੇ ਭਗਤੀ ਲਹਿਰ' ਵਿਚ ਭਗਤੀ ਲਹਿਰ ਦੇ ਪ੍ਰਚਲਿਤ ਮਤ-ਮਤਾਂਤਰ, ਆਚਾਰੀਆ ਸ਼ੰਕਰ, ਰਾਮਨੁਜ, ਮੱਧਵਾਚਾਰਰੀਯ, ਨਿੰਬਾਰਕ, ਆਲਵਾਰ ਸੰਤ ਆਦਿ ਦੇ ਚਿੰਤਨ ਅਤੇ ਰਾਮਾਨੰਦ ਦੀ ਸ਼ਿਸ਼ ਪ੍ਰੰਪਰਾ ਬਾਰੇ ਵੀ ਵਿਚਾਰ ਚਰਚਾ ਸ਼ਾਮਿਲ ਹੈ। ਤੀਸਰਾ ਅਧਿਆਇ 'ਸ੍ਰੀ ਗੁਰੂ ਰਵਿਦਾਸ ਦੀ ਜੀਵਨੀ ਦੇ ਸੋਮੇ' ਨਾਲ ਸਬੰਧਿਤ ਹੈ ਜਿਸ ਵਿਚ ਰਵਿਦਾਸ ਜੀ ਦੇ ਜੀਵਨ ਦੇ ਉਪਲਬਧ ਸੋਮਿਆਂ ਨੂੰ ਵਿਚਾਰਨ ਅਤੇ ਉਨ੍ਹਾਂ ਦੀ ਪ੍ਰਮਾਣਿਕਤਾ ਨੂੰ ਪਰਖ ਕੇ ਰਵਿਦਾਸ ਜੀ ਦੇ ਜਨਮ, ਸੰਮਤ,

ਮਾਤਾ-ਪਿਤਾ ਅਤੇ ਗੁਰੂ (ਰਾਮਾਨੰਦ) ਆਦਿ ਬਾਰੇ ਸਿੱਟੇ ਕੱਢਣ ਦੇ ਨਾਲ-ਨਾਲ ਰਵਿਦਾਸ ਜੀ ਦੁਆਰਾ ਜੀਵਨ ਦੇ ਨੈਤਿਕ, ਸਮਾਜਕ, ਧਾਰਮਿਕ ਅਤੇ ਰਾਜਨੀਤਕ ਸੰਦੇਸ਼ ਦਾ ਅਧਿਐਨ ਵੀ ਕੀਤਾ ਗਿਆ ਹੈ। ਅਧਿਆਇ ਚੌਥਾ 'ਤਤਕਾਲੀਨ ਸਮਾਜ ਦਾ ਸੰਕਲਪ' ਵਿਚ ਸਭ ਤੋਂ ਪਹਿਲਾਂ ਸਮਾਜਕ ਚੇਤਨਾ ਨੂੰ ਪਰਿਭਾਸ਼ਿਤ ਕਰਨ ਦੇ ਯਤਨ ਕੀਤੇ ਗਏ ਹਨ ਅਤੇ ਭਾਰਤ ਦੀ ਵਰਣ-ਆਸ਼ਰਮ ਵਿਵਸਥਾ, ਬੋਧੀ, ਜੈਨੀ, ਸ਼ੈਵ, ਸ਼ਾਕਤ, ਵਾਮ, ਨਾਥ ਸੰਪਰਦਾਇ, ਸੂਫ਼ੀਵਾਦ ਅਤੇ ਇਸਲਾਮ ਧਰਮ ਦਾ ਅਧਿਐਨ ਕਰਦੇ ਹੋਏ, ਗੁਰੂ ਰਵਿਦਾਸ ਦੇ ਸੁਪਨਿਆਂ ਦੇ ਸਮਾਜ ਦੀ ਰੂਪ-ਰੇਖਾ ਨੂੰ ਉਘਾੜਿਆ ਗਿਆ ਹੈ। ਅਧਿਆਇ ਪੰਜਵਾਂ 'ਗੁਰੂ ਰਵਿਦਾਸ ਜੀ ਦਾ ਸਮਾਜਕ ਦ੍ਰਿਸ਼ਟੀਕੋਣ' ਵਿਚ ਰਜਵਾੜਾਸ਼ਾਹੀ ਤੇ ਗੁਰੂ ਰਵਿਦਾਸ, ਬ੍ਰਹਮਣ ਵਰਗ ਤੇ ਗੁਰੂ ਰਵਿਦਾਸ ਦੇ ਆਪਸੀ ਸੰਬੰਧਾਂ ਦਾ ਅਧਿਐਨ ਕਰਦੇ ਹੋਏ ਜੈਨ ਮਤ, ਵੈਸ਼ਣਵ ਮਤ, ਸੂਫ਼ੀਵਾਦ ਅਤੇ ਰਵਿਦਾਸ ਜੀ ਦੀ ਵਿਚਾਰਧਾਰਾ ਦਾ ਤੁਲਨਾਤਮਕ ਅਧਿਐਨ ਸ਼ਾਮਿਲ ਹੈ। ਛੇਵਾਂ ਅਧਿਆਇ 'ਸ੍ਰੀ ਗੁਰੂ ਰਵਿਦਾਸ ਜੀ ਦੀ ਸਮਾਜ ਨੂੰ ਦੇਣ' ਵਿਚ ਰਵਿਦਾਸ ਜੀ ਦੀ ਬਾਣੀ ਦੀ ਆਧੁਨਿਕ ਯੁੱਗ ਵਿਚ ਪ੍ਰਸੰਗਿਕਤਾ ਅਤੇ ਉਨ੍ਹਾਂ ਦੀ ਸਿੱਖਿਆ ਦੇ ਭਾਵੀ ਸਮਾਜਕ ਸੰਸਥਾਵਾਂ ਤੇ ਪ੍ਰਭਾਵ ਨੂੰ ਉਭਾਰਨ ਦੇ ਯਤਨ ਕੀਤੇ ਗਏ ਹਨ।

1996 ਵਿਚ ਕੁਲਦੀਪ ਕੌਰ ਨੇ 'ਗੁਰੂ ਗ੍ਰੰਥ ਸਾਹਿਬ ਦੇ ਕੁਝ ਯੋਗਦਾਨੀਆਂ ਦੀ ਧਾਰਮਿਕ ਅਤੇ ਸਮਾਜਕ ਦ੍ਰਿਸ਼ਟੀ' ਖੋਜ-ਪ੍ਰਬੰਧ ਨੂੰ ਪ੍ਰੋ. ਜੋਧ ਸਿੰਘ ਦੀ ਅਗਵਾਈ ਹੇਠ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਪ੍ਰਸਤੁਤ ਕੀਤਾ। ਇਸ ਖੋਜ-ਪ੍ਰਬੰਧ ਦੇ ਕੁੱਲ ਚਾਰ ਅਧਿਆਇ ਹਨ। ਪਹਿਲੇ ਅਧਿਆਇ 'ਗੁਰੂ ਗ੍ਰੰਥ ਸਾਹਿਬ ਦੇ ਯੋਗਦਾਨੀ' ਵਿਚ 15ਵੀਂ ਸਦੀ ਦੀ ਭਗਤੀ ਲਹਿਰ ਦੀਆਂ ਸਮਕਾਲੀ ਸਮਾਜਕ, ਧਾਰਮਿਕ, ਆਰਥਿਕ ਅਤੇ ਰਾਜਨੀਤਕ ਪਰਿਸਥਿਤੀਆਂ ਬਾਰੇ ਸੰਖੇਪ ਚਰਚਾ ਕਰਦੇ ਹੋਏ, ਛੇ ਗੁਰੂ ਸਾਹਿਬਾਨਾਂ, 15 ਭਗਤਾਂ ਦੀ ਜੀਵਨ, ਰਚਨਾ ਦਾ ਵੇਰਵਾ ਦੇਣ ਦੇ ਨਾਲ-ਨਾਲ ਫੁਟਕਲ ਵਿਚ ਚਾਰ ਗੁਰੂ ਘਰ ਦੇ ਪ੍ਰੇਮੀ ਅਤੇ ਕੁਝ ਵਿਦਵਾਨਾਂ ਦੀਆਂ ਵਿਭਿੰਨ ਰਾਇ ਅਨੁਸਾਰ 17 ਭੱਟਾਂ ਦੇ ਨਾਮ ਵੀ ਗਿਣਾਏ ਹਨ ਜਦੋਂ ਕਿ ਵਿਸ਼ੇ ਦੀ ਸੀਮਾ ਛੇ ਗੁਰੂ ਸਾਹਿਬਾਨ ਅਤੇ ਭਗਤ ਨਾਮਦੇਵ, ਕਬੀਰ ਤੇ ਫ਼ਰੀਦ ਜੀ ਦੀ ਬਾਣੀ ਦਾ ਧਾਰਮਿਕ ਅਤੇ ਸਮਾਜਕ ਅਧਿਐਨ ਹੈ।

ਅਧਿਆਇ ਦੂਸਰਾ 'ਗੁਰਮਤਿ ਦੀ ਕਸੌਟੀ/ਮਾਪਦੰਡ' ਵਿਚ ਸਤਿ, ਸੰਤੋਖ ਤੇ ਵਿਚਾਰ ਦੇ ਆਧਾਰ ਰੂਪ ਵਿਚ ਨਾਮ ਜਪਣਾ, ਕਿਰਤ ਕਰਨਾ ਤੇ ਵੰਡ ਛਕਣਾ ਸਿੱਖੀ ਦੇ ਮੂਲ ਸਿਧਾਂਤਾਂ ਰਾਹੀਂ ਗੁਰਮਤਿ ਚਿੰਤਨ ਵਿਚ ਭਗਤੀ ਦੇ ਵਿਹਾਰਕ ਪੱਖ ਨੂੰ ਸਪਸ਼ਟ ਕੀਤਾ ਹੈ। ਬਾਣੀ ਦੇ ਆਧਾਰ ਤੇ ਪਰਮਾਤਮਾ, ਮਨੁੱਖੀ ਸਮਾਨਤਾ, ਇਸਤਰੀ ਦੀ ਸਥਿਤੀ, ਜਾਤੀ ਪ੍ਰਥਾ, ਅੰਧ ਵਿਸ਼ਵਾਸ਼ਾਂ ਅਤੇ ਕਰਮਕਾਂਡ ਆਦਿ ਦੀ ਸਮਾਕਾਲੀ ਸਮਾਜਕ ਸਥਿਤੀ ਬਾਰੇ ਚਰਚਾ ਕਰਦੇ ਹੋਏ ਸ੍ਰੀ ਗੁਰੂ ਗ੍ਰੰਥ

ਸਾਹਿਬ ਦੇ ਬਾਣੀਕਾਰਾਂ ਵੱਲੋਂ 'ਸਹਿਜ ਮਾਰਗ' ਅਪਣਾਉਣ ਦੇ ਸੰਦੇਸ਼ ਆਦਿ ਵਿਚਾਰਾਂ ਨੂੰ ਉਭਾਰਿਆ ਹੈ ਅਤੇ ਉਨ੍ਹਾਂ ਵੱਲੋਂ ਦਰਸਾਏ ਸਹਿਜ ਮਾਰਗ ਦੇ ਗੁਣਾਂ- ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾ, ਸੰਜਮ, ਨਿਮਰਤਾ, ਖਿਮਾ, ਰਜ਼ਾ, ਗਿਆਨ, ਮਨੁੱਖੀ ਸਮਾਨਤਾ, ਗ੍ਰਹਿਸਥ ਜੀਵਨ ਆਦਿ ਨੂੰ ਅਪਣਾਉਂਦੇ ਹੋਏ ਇਕ ਆਦਰਸ਼ਕ ਸਮਾਜ ਦੇ ਸੰਕਲਪ ਨੂੰ ਰੂਮਮਾਨ ਕੀਤਾ ਗਿਆ ਹੈ।

ਅਧਿਆਇ ਤੀਸਰਾ 'ਬਾਣੀ ਆਧਾਰ ਤੇ ਸਮਰਥਾ' ਵਿਚ ਭਗਤ ਬਾਣੀਕਾਰਾਂ ਵੱਲੋਂ ਆਪੋ-ਆਪਣੇ ਜੀਵਨ ਵਿਚ ਕਿਰਤ ਕਰਨ, ਨਿਰਮਤਾ ਤੇ ਸਾਦੇ ਗ੍ਰਹਿਸਥੀ ਜੀਵਨ ਜਿਉਣ ਨੂੰ ਉਨ੍ਹਾਂ ਦੀ ਬਾਣੀ ਦਾ ਪ੍ਰਮੁੱਖ ਆਧਾਰ ਦੱਸਿਆ ਹੈ ਜਿਸ ਗ੍ਰਹਿਸਥ ਦੇ ਕਾਰ-ਵਿਹਾਰ ਨਿਭਾਉਂਦਿਆਂ ਪ੍ਰਭੂ-ਭਗਤੀ ਵਿਚ ਲੀਨਤਾ ਤੇ ਪ੍ਰੇਮ ਦੀ ਅਥਾਹ ਸਮਰਥਾ ਹੈ। ਇਸ ਖੋਜ-ਪ੍ਰਬੰਧ ਦਾ ਅੰਤਿਮ ਅਧਿਆਇ 'ਸਮਕਾਲੀ ਪਰਿਪੇਖ ਵਿਚ ਗੁਰਮਤਿ ਦੀ ਜੁਗਤ' ਵਿਚ 15ਵੀਂ ਤੋਂ 18ਵੀਂ ਸਦੀ ਤੱਕ ਦੇ ਸਮਕਾਲੀ ਸਮਾਜ ਦੀ ਦਸ਼ਾ ਅਤੇ ਦਿਸ਼ਾ ਬਾਰੇ ਚਰਚਾ ਕਰਦਿਆਂ, ਉਸ ਸਮੇਂ ਪ੍ਰਚਲਿਤ ਹਿੰਦੂ ਧਰਮ ਦੀਆਂ ਸੰਪਰਦਾਵਾਂ ਵੈਸ਼ਨਵ, ਰਾਮਾਵਤ, ਤਪੱਸਵੀ, ਸੰਨਿਆਸੀ ਤੇ ਵੈਰਾਗੀ, ਸ਼ੈਵ ਸੰਪਰਦਾ- ਦੰਡੀ, ਜੰਗਮ, ਅਘੋਰਪੰਥੀ, ਸਾਕਤ ਸੰਪਰਦਾ, ਜੈਨ ਧਰਮ ਦੀਆਂ ਸੰਪ੍ਰਦਾਵਾਂ-ਹੀਨਯਾਨ, ਮਹਾਂਯਾਨ, ਵਜ਼੍ਰਬਾਨ, ਸਹਿਜਯਾਨ, ਸਿੱਧ ਤੇ ਨਾਥ ਸੰਪਰਦਾ, ਯੋਗੀ ਸੰਪ੍ਰਦਾ, ਇਸਲਾਮ ਅਤੇ ਸੂਫ਼ੀ ਸੰਪਰਦਾ, ਦਾਦੂ ਪੰਥ ਆਦਿ ਬਾਰੇ ਵਿਸਥਾਰ ਪੂਰਵਕ ਵਰਨਣ ਕੀਤਾ ਗਿਆ ਹੈ ਅਤੇ ਇਹਨਾਂ ਸੰਪਰਦਾਵਾਂ ਦੇ ਸਮੇਂ ਸਮੇਂ ਆਪੋ-ਆਪਣੇ ਯਤਨਾਂ ਸਦਕਾ ਕੋਈ ਠੋਸ ਧਾਰਮਿਕ ਤੇ ਸਮਾਜਕ ਸੰਸਥਾਵਾਂ ਰੱਖਣ ਦੀ ਅਸਮਰਥਾ ਬਾਰੇ ਚਰਚਾ ਕਰਦੇ ਹੋਏ, ਇਸ ਸਥਿਤੀ ਵਿਚ ਗੁਰਮਤਿ ਦੀ ਜੁਗਤ ਨੂੰ ਤਤਕਾਲੀਨ ਰਚਨਾਕਾਰਾਂ ਨਾਲੋਂ ਵਖਰੀ ਅਤੇ ਪੂਰਨ ਰੂਪ ਵਿਚ ਸਾਰਥਕ ਸਿੱਧ ਕੀਤਾ ਗਿਆ ਹੈ। ਅਜਿਹੇ ਸਮਕਾਲੀ ਪਰਿਪੇਖ ਵਿਚ ਗੁਰਮਤਿ ਦੀ ਜੁਗਤ ਨੂੰ ਪਛਾਨਣ ਦਾ ਯਤਨ ਕਰਨਾ ਹੀ ਚੌਥੇ ਅਧਿਆਇ ਦਾ ਆਧਾਰ ਹੈ। ਇਸੇ ਆਧਾਰ 'ਤੇ ਕੁਲਦੀਪ ਕੌਰ ਅਨੁਸਾਰ "ਗੁਰਮਤਿ ਚਿੰਤਨ ਨਿਰਮਾਣਕਾਰੀ ਪਰਵਿਰਤੀਆਂ ਦਾ ਹਾਮੀ ਹੈ ਅਤੇ ਇਸ ਵਿਚ ਪੁਰਾਣੀਆਂ ਧਾਰਮਿਕ ਮਿੱਥਾਂ ਨੂੰ ਤੋੜ ਕੇ ਸਦਾਚਾਰਕ ਤੇ ਵਿਗਿਆਨਕ ਤੱਥਾਂ ਦੀ ਪੁਸ਼ਟੀ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਦੇ ਯੋਗਦਾਨੀਆਂ ਦੀ ਧਾਰਮਿਕ ਤੇ ਸਮਾਜਕ ਦ੍ਰਿਸ਼ਟੀ ਵਿਸ਼ਵ ਭਾਈਚਾਰਾ, ਮਨੁੱਖੀ ਸਮਾਨਤਾ ਦੇ ਆਧਾਰ ਤੇ ਆਦਰਸ਼ ਮਨੁੱਖ ਤੇ ਆਦਰਸ਼ ਸਮਾਜ ਦੀ ਸਥਾਪਨਾ ਕਰਨਾ ਹੈ।"[11]

2003 ਵਿਚ ਜਸਵਿੰਦਰ ਕੌਰ ਮਾਹਲ ਵੱਲੋਂ ਖੋਜ-ਪ੍ਰਬੰਧ 'ਕਬੀਰ ਬਾਣੀ ਦਾ ਸਭਿਆਚਾਰਕ ਅਧਿਐਨ' ਡਾ਼ ਇਕਬਾਲ ਕੌਰ ਸੌਂਦ ਦੀ ਨਿਗਰਾਨੀ ਹੇਠ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ ਪ੍ਰਸਤੁਤ ਕੀਤਾ ਗਿਆ। ਇਸ ਖੋਜ-ਪ੍ਰਬੰਧ ਨੂੰ ਪਹਿਲਾਂ ਤਿੰਨ ਭਾਗਾਂ ਵਿਚ ਵੰਡਿਆ

ਗਿਆ ਹੈ ਜਿਨ੍ਹਾਂ ਭਾਗਾਂ ਦੇ ਅੰਤਰਗਤ ਨੌਂ ਅਧਿਆਇ ਸ਼ਾਮਿਲ ਹਨ। ਭਾਗ ਪਹਿਲਾ ਵਿਚ ਅਧਿਆਇ ਪਹਿਲਾ ਅਤੇ ਦੂਜਾ ਸ਼ਾਮਿਲ ਹਨ। ਅਧਿਆਇ ਪਹਿਲਾ ਵਿਚ ਭਗਤ ਕਬੀਰ ਜੀ ਦਾ ਜੀਵਨ, ਵਿਅਕਤਿਤਵ ਅਤੇ ਕਬੀਰ-ਬਾਣੀ ਦਾ ਸਰਵੇਖਣ ਸ਼ਾਮਿਲ ਹੈ। ਕਬੀਰ ਬਾਣੀ ਬਾਰੇ ਮਿਲਦੇ ਹੱਥ-ਲਿਖਤ ਗ੍ਰੰਥਾਂ ਵਿਚ ਦਿੱਤੀ ਬਾਣੀ ਬਾਰੇ ਸੰਖੇਪ ਜਾਣਕਾਰੀ ਦਿੰਦੇ ਹੋਏ ਕਬੀਰ ਜੀ ਦੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਪ੍ਰਮਾਣਿਕ ਬਾਣੀ ਦਾ ਤਰਤੀਬ ਅਨੁਸਾਰ ਵੇਰਵਾ ਦਿੱਤਾ ਗਿਆ ਹੈ। ਅਧਿਆਇ ਦੂਸਰਾ 'ਸਾਹਿਤ ਅਤੇ ਸਭਿਆਚਾਰ' ਵਿਚ ਸਾਹਿਤ ਅਤੇ ਸਭਿਆਚਾਰ ਦੇ ਅੰਤਰ-ਸੰਬੰਧਾਂ ਦਾ ਖੁਲਾਸਾ ਵਿਦਵਾਨਾਂ ਦੁਆਰਾ ਪ੍ਰਸਤੁਤ ਸਭਿਆਚਾਰ ਦੀਆਂ ਭਿੰਨ-ਭਿੰਨ ਪਰਿਭਾਸ਼ਾਵਾਂ ਦੇ ਮੱਦੇ-ਨਜ਼ਰ ਪੇਸ਼ ਕੀਤਾ ਗਿਆ ਹੈ ਕਿ ਕਿਵੇਂ ਸਾਹਿਤ ਸਹਿਜੇ ਹੀ ਇਕ ਸਭਿਆਚਾਰਕ ਜੁਗਤ ਹੋ ਨਿਬੜਦਾ ਹੈ ਅਤੇ ਦੂਜਾ ਸਭਿਆਚਾਰਕ ਪਰਿਪੇਖ ਵਿਚ ਹੀ ਚੰਗੇ ਸਾਹਿਤ ਦੀ ਰਚਨਾ ਹੁੰਦੀ ਹੈ। ਇਸ ਅਧਿਆਇ ਵਿਚ ਇਹ ਪ੍ਰਤੀਪਾਦਿਤ ਕੀਤਾ ਗਿਆ ਹੈ ਕਿ ਸਭਿਆਚਾਰ ਇਕ ਉੱਚ-ਪੱਧਰੀ ਚੇਤਨਾ ਹੈ ਜੋ ਵਿਅਕਤੀ ਦੇ ਮਨੋਜਗਤ ਦੇ ਵਿਵਹਾਰ ਤੋਂ ਪ੍ਰਗਟ ਹੁੰਦੀ ਹੈ। ਕਬੀਰ ਬਾਣੀ ਇਕ ਉੱਚ ਕੋਟੀ ਦੀ ਅਧਿਆਤਮਕ ਸੰਰਚਨਾ ਹੈ ਜਿਸਦੇ ਮੂਲ ਸਰੋਕਾਰ ਜੀਵਨ ਜੁਗਤ ਦੇ ਸਭਿਆਚਾਰਕ ਪਹਿਲੂਆਂ ਨਾਲ ਜੁੜੇ ਹੋਏ ਹਨ। ਸੋ ਕਬੀਰ ਬਾਣੀ ਦੀ ਸਭਿਆਚਾਰਕ ਪੜਤਾਲ ਲਈ ਸਭਿਆਚਾਰ ਦੇ ਵਿਆਪਕ 'ਮਾਡਲ' ਨੂੰ ਸਮਝਣ ਵਿਚ ਇਹ ਅਧਿਆਇ ਇਸ ਪੱਖ ਨੂੰ ਪੂਰਾ ਕਰਦਾ ਹੈ।

ਖੋਜ-ਪ੍ਰਬੰਧ ਦੇ ਭਾਗ ਦੂਜਾ (ਅਧਿਆਇ ਤੀਸਰਾ ਅਤੇ ਚੌਥਾ) ਵਿਚੋਂ ਅਧਿਆਇ ਤੀਸਰਾ ਦੇ ਅੰਤਰਗਤ ਇਤਿਹਾਸਕ ਦ੍ਰਿਸ਼ਟੀ ਤੋਂ ਸਮੇਂ-ਸਮੇਂ ਭਾਰਤ ਉੱਤੇ ਰਾਜ ਕਰਦੇ ਆ ਰਹੇ ਤੁਰਕ, ਗੁਲਾਮ ਵੰਸ਼, ਖਿਲਜੀ ਵੰਸ਼, ਤੁਗਲਕ, ਸਯਦ ਅਤੇ ਲੋਧੀ ਵੰਸ਼ ਆਦਿ ਦੇ ਬਾਦਸ਼ਾਹਾਂ/ਰਾਜਿਆਂ ਦੀ ਰਾਜ ਕਰਨ ਦੀ ਘਟੀਆ ਰਾਜਨੀਤੀ ਦੇ ਨਾਲ-ਨਾਲ, ਇਸ ਨੀਤੀ ਤਹਿਤ ਹਰ ਪੱਖ ਤੋਂ ਨਪੀੜੀ ਤੇ ਬਲਹੀਣ ਹੋਈ ਆਮ ਜਨਤਾ ਅੰਦਰ ਮੁੜ ਚੇਤਨਤਾ ਪੈਦਾ ਕਰਨ ਵਾਲੇ ਕਬੀਰ ਬਾਣੀ ਦੇ ਸੰਦੇਸ਼ ਨੂੰ ਪ੍ਰਗਟਾਇਆ ਗਿਆ ਹੈ। ਖੋਜ-ਪ੍ਰਬੰਧ ਦੇ ਇਸ ਦੂਸਰੇ ਭਾਗ ਦੇ ਅਧਿਆਇ ਤੀਸਰਾ 'ਕਬੀਰ ਬਾਣੀ : ਰਾਜਨੀਤਕ ਪਰਸਥਿਤੀਆਂ' ਅਤੇ ਅਧਿਆਇ ਚੌਥਾ 'ਸਮਾਜਕ ਵਿਵਸਥਾ' ਵਿਚ ਭਗਤ ਕਬੀਰ ਜੀ ਦੇ ਸਮਕਾਲੀ ਸਮਾਜਕ, ਆਰਥਿਕ ਅਤੇ ਰਾਜਨੀਤਕ ਪ੍ਰਬੰਧ ਦਾ ਅਧਿਐਨ ਸ਼ਾਮਿਲ ਹੈ।

ਖੋਜ-ਪ੍ਰਬੰਧ ਦੇ ਭਾਗ ਤੀਜਾ 'ਕਬੀਰ ਬਾਣੀ ਦੇ ਸਭਿਆਚਾਰਕ ਪਾਸਾਰ' ਵਿਚ ਅਧਿਆਇ ਪੰਜਵਾਂ ਦਾ 'ਭਗਤੀ', ਅਧਿਆਇ ਛੇਵਾਂ ਦਾ 'ਅਕਾਲਪੁਰਖ', ਅਧਿਆਇ ਨੌਂਵਾਂ ਦਾ 'ਮੁਕਤੀ' ਦਾ ਸੰਕਲਪ ਆਦਿ ਦਾ ਸਪਸ਼ਟਤਾਪੂਰਵਕ ਅਧਿਐਨ ਕੀਤਾ ਗਿਆ ਹੈ। ਇਸ ਭਾਗ ਵਿਚ ਉੱਚ

ਅਧਿਆਤਮਕ ਅਤੇ ਦਰਸ਼ਨ ਦੇ ਅੰਤਰ-ਸਬੰਧਾਂ ਨੂੰ ਸਪਸ਼ਟ ਕਰਦਿਆਂ ਹੋਇਆਂ ਕਬੀਰ ਬਾਣੀ ਦੇ ਸਭਿਆਚਾਰਕ ਪਾਸਾਰ-ਭਗਤੀ, ਅਕਾਲਪੁਰਖ, ਗੁਰੂ, ਮਨੁੱਖ ਅਤੇ ਮੁਕਤੀ ਆਦਿ ਦਾ ਵਿਵਸਥਾ ਸਹਿਤ ਅਧਿਐਨ ਕੀਤਾ ਗਿਆ ਹੈ। ਕਬੀਰ ਬਾਣੀ ਦੀ ਸਭਿਆਚਾਰਕ ਜੁਗਤ ਦਾ ਮੁੱਖ ਸਰੋਕਾਰ ਅਧਿਆਤਮਕ ਚੇਤਨਾ ਨਾਲ ਹੋਣ ਕਰਕੇ ਸਭਿਆਚਾਰ ਦੇ ਅਧਿਆਤਮਕ ਪਹਿਲੂਆਂ ਨੂੰ ਕੇਂਦਰ ਵਿਚ ਰੱਖਿਆ ਗਿਆ ਹੈ। ਭਗਤ ਕਬੀਰ ਦੀ ਬਾਣੀ ਰਾਹੀਂ 'ਭਗਤੀ' ਦੇ ਸੰਕਲਪ ਨੂੰ ਸਪਸ਼ਟ ਕਰਦਿਆਂ, ਭਗਤੀ ਮਾਰਗ ਵਿਚ ਆਉਂਦੀਆਂ ਰੁਕਾਵਟਾਂ (ਵਿਸ਼ੇ, ਮਾਇਆ, ਹਉਮੈ ਆਦਿਕ) ਤੋਂ ਉਪਰ ਉੱਠਕੇ ਘਟਿ-ਘਟਿ ਵਿਚ ਵਸਦੇ ਪ੍ਰਭੂ ਦੇ ਗੁਣਾਂ ਦੀ ਪਹਿਚਾਣ ਕਰਕੇ, ਉਨ੍ਹਾਂ ਰੁਕਾਵਟਾਂ ਨੂੰ ਦੂਰ ਕਰਨ ਦਾ ਰਾਹ ਦਰਸਾਇਆ ਹੈ। ਅਧਿਆਇ ਛੇਵਾਂ 'ਅਕਾਲਪੁਰਖ' ਵਿਚ ਕਬੀਰ ਬਾਣੀ ਵਿਚ ਨਿਰਗੁਣ ਪ੍ਰਮਾਤਮਾ ਲਈ ਵਰਤੇ ਗਏ ਨਾਮ-ਸਾਰਿੰਗਪਾਨੀ, ਰਮਈਆ, ਗੋਬਿੰਦ, ਸਤਿਗੁਰੂ, ਭਗਵਾਨ, ਮਾਧਉ, ਧਰਣੀਧਰ, ਰਘੁਰਾਇਆ, ਮੁਕੰਦ, ਨਾਰਾਇਣ, ਜਗਦੀਸ, ਹਰਿ, ਠਾਕੁਰ, ਰਾਜਨ, ਨਿਰੰਜਨ, ਸੁਆਮੀ, ਰਾਜਾ ਰਾਮ, ਭਗਵੰਤ, ਪੁਰਸੋਤਮ, ਮਧੁਸੂਦਨ, ਤ੍ਰਿਵਤਨ, ਬ੍ਰਹਮਾ, ਲਖਮੀਧਰ, ਮੁਰਾਰ ਆਦਿ ਦਾ ਵੇਰਵਾ ਦਿੰਦੇ ਹੋਏ ਨਿਰਗੁਣ ਬ੍ਰਹਮ ਲਈ ਪਰੰਪਰਿਕ ਨਾਵਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਅਧਿਆਇ ਸੱਤਵਾਂ ਵਿਚ 'ਗੁਰੂ' ਦੀ ਵਿਆਖਿਆ ਰਾਹੀਂ ਕਬੀਰ ਜੀ ਦੇ ਸਭਿਆਚਾਰਕ ਅਧਿਐਨ ਦੇ ਮਹੱਤਵ ਨੂੰ ਵਧੇਰੇ ਸਪਸ਼ਟ ਕੀਤਾ ਗਿਆ ਹੈ ਕਿਉਂਕਿ ਇਸ ਮਹੱਤਵਪੂਰਨ ਬਾਣੀ ਦਾ ਕੇਂਦਰੀ ਭਾਵ ਗੁਰੂ ਦੀ ਵਿਚਾਰਧਾਰਾ ਜਾਂ ਗੁਰੂ ਦੀ ਅਰਾਧਨਾ ਦੇ ਆਲੇ-ਦੁਆਲੇ ਗੁੰਦਿਆ ਹੋਇਆ ਹੈ। ਗੁਰੂ ਦੇ ਪਰੰਪਰਿਕ ਰੂਪ ਨੂੰ ਪ੍ਰਸਤੁਤ ਕਰਕੇ ਕਬੀਰ ਬਾਣੀ ਵਿਚ ਉੱਘੜਦੀ ਗੁਰੂ ਦੀ ਤਸਵੀਰ ਨੂੰ ਉਘਾੜਿਆ ਗਿਆ ਹੈ ਅਤੇ ਕਬੀਰ ਜੀ ਦੇ ਨਾਲ-ਨਾਲ ਗੁਰੂ ਗ੍ਰੰਥ ਸਾਹਿਬ ਵਿਚ 1. ਗੁਰੂ ਦਾ ਪ੍ਰਭੂ ਰੂਪ 2. ਗੁਰੂ ਦਾ ਮਨੁੱਖੀ ਰੂਪ 3. ਗੁਰੂ ਦਾ ਸ਼ਬਦ ਰੂਪ ਤਿੰਨ ਪ੍ਰਮੁੱਖ ਰੂਪਾਂ ਬਾਰੇ ਚਰਚਾ ਕੀਤੀ ਗਈ ਹੈ।

ਸਭਿਆਚਾਰ ਆਪਣੇ ਵਿਕਾਸ ਵਿਚ ਮਨੁੱਖੀ ਸਮਾਜ ਲਈ ਹੋਂਦ ਵਿਚ ਆਉਂਦਾ ਹੋਇਆ ਵਿਕਾਸ ਕਰਦਾ ਹੈ। ਇਸ ਲਈ ਸਭਿਆਚਾਰ ਦੇ ਕੇਂਦਰ ਬਿੰਦੂ ਮਨੁੱਖ ਪ੍ਰਤਿ ਦਿਸ਼ਟੀਕੋਣ ਨੂੰ ਕਬੀਰ ਬਾਣੀ ਵਿਚੋਂ ਸਮਝਣ ਦਾ ਯਤਨ ਹੀ ਅਧਿਆਇ ਅੱਠਵਾਂ 'ਮਨੁੱਖ' ਦਾ ਆਧਾਰ ਹੈ ਅਤੇ ਇਸੇ ਆਧਾਰ ਨੂੰ ਕਬੀਰ ਬਾਣੀ ਵਿਚ ਮਿਲਦੀ ਦੋ ਪ੍ਰਕਾਰ ਦੀ ਮਨੁੱਖੀ ਸ਼ਖਸੀਅਤ 'ਮਨਮੁਖ' ਅਤੇ 'ਗੁਰਮੁਖ' ਦਾ ਅਧਿਐਨ ਕੀਤਾ ਗਿਆ ਹੈ।

ਅਧਿਆਇ ਨੌਂਵਾਂ ਵਿਚ 'ਮੁਕਤੀ' ਸ਼ਬਦ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ ਅਤੇ ਕਬੀਰ ਜੀ ਦੀ ਬਾਣੀ ਵਿਚਲੇ 'ਮੁਕਤੀ' ਸੰਕਲਪ ਨੂੰ ਸਪਸ਼ਟ ਕਰਨ ਦੇ ਯਤਨ ਕਰਦੇ ਹੋਏ ਭਗਤੀ ਲਈ

ਪੂਰੇ ਬ੍ਰਹਿਮੰਡ ਨਾਲ ਪ੍ਰੇਮ-ਸੂਤਰ ਵਿਚ ਜੁੜਕੇ ਸਭਿਆਚਾਰਕ ਸੰਸਾਰ ਦੀ ਰਚਨਾ ਦੇ ਵਿਚਾਰ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ ਕਿ ਮਨੁੱਖੀ ਜੀਵਨ ਵਿਚ ਜੀਵਨ ਦੀ ਸਾਰਥਿਕਤਾ ਹੀ ਇਕ ਤਰ੍ਹਾਂ ਦੇ 'ਮੁਕਤੀ' ਸੰਕਲਪ ਦੀ ਧਾਰਨਾ ਹੋ ਨਿਬੜਦੀ ਹੈ। ਇਸ ਤਰ੍ਹਾਂ ਇਸ ਵਿਸ਼ੇ ਦੇ ਅਧਿਐਨ ਦਾ ਮਾਧਿਅਮ ਜਿੱਥੇ ਇਤਿਹਾਸਕ ਪੱਖ ਤੋਂ ਕਬੀਰ ਜੀ ਦੇ ਜੀਵਨ, ਵਿਅਕਤਿਤਵ ਅਤੇ ਬਾਣੀ ਵਿਚਲੇ ਵੇਰਵਿਆਂ ਬਾਰੇ ਜਾਣਕਾਰੀ ਦਿੱਤੀ ਗਈ ਹੈ ਉਥੇ ਇਸ ਦ੍ਰਿਸ਼ਟੀ ਤੋਂ ਉਨ੍ਹਾਂ ਦੀਆਂ ਸਮਕਾਲੀ ਸਮਾਜਕ ਆਰਥਿਕ, ਰਾਜਨੀਤਕ ਅਤੇ ਧਾਰਮਿਕ ਪਰਿਸਥਿਤੀਆਂ ਦਾ ਵਰਣਨ ਵੀ ਕੀਤਾ ਗਿਆ ਹੈ।ਅੱਗੋਂ ਕਬੀਰ-ਬਾਣੀ ਵਿਚ ਉਭਰਦੇ ਸਭਿਆਚਾਰਕ ਪਾਸਾਰਾਂ ਨੂੰ ਵਿਆਖਿਆਮੂਲਕ ਵਿਧੀ ਰਾਹੀਂ ਸਪਸ਼ਟ ਕਰਨ ਦੇ ਯਤਨ ਕੀਤੇ ਗਏ ਹਨ।

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਭਗਤ ਬਾਣੀ ਸਬੰਧੀ ਵੱਖ-ਵੱਖ ਯੂਨੀਵਰਸਿਟੀਆਂ ਵਿਚ ਹੁਣ ਤੱਕ ਪੀ-ਐੱਚ.ਡੀ. ਦੀ ਡਿਗਰੀ ਲਈ ਹੋਈ ਉਪਾਧੀ ਸਾਪੇਖ ਖੋਜ ਤੋਂ ਇਲਾਵਾ, ਐਮ.ਫ਼ਿਲ. ਪੱਧਰ ਦਾ ਖੋਜ-ਕਾਰਜ ਵੀ ਉਪਲਬਧ ਹੈ ਜਿਸਦਾ ਸਰਵੇਖਣ ਤੇ ਮੁਲਾਂਕਣ ਇਸ ਪ੍ਰਕਾਰ ਹੈ :

## ਭਗਤੀ ਬਾਣੀ ਸਬੰਧੀ ਉਪਲਬਧ ਐਮ.ਫ਼ਿਲ. ਪੱਧਰ ਦਾ ਉਪਾਧੀ ਸਾਪੇਖ ਖੋਜ-ਕਾਰਜ

1982 ਵਿਚ ਕ੍ਰਿਸ਼ਣ ਸਿੰਘ ਵੱਲੋਂ ਐਮ.ਫ਼ਿਲ. ਦੀ ਡਿਗਰੀ ਹਿੱਤ ਖੋਜ-ਨਿਬੰਧ 'ਆਦਿ ਗ੍ਰੰਥ ਵਿਚ ਭਗਤ ਬਾਣੀ ਦਾ ਸਮਾਜਕ ਪੱਖ' (ਭਗਤ ਰਵਿਦਾਸ ਅਤੇ ਭਗਤ ਕਬੀਰ ਜੀ ਦੇ ਪ੍ਰਸੰਗ ਵਿਚ), ਡਾ. ਅਤਰ ਸਿੰਘ ਦੀ ਅਗਵਾਈ ਹੇਠ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਪ੍ਰਸਤੁਤ ਕੀਤਾ ਗਿਆ ਹੈ। ਇਸ ਖੋਜ-ਨਿਬੰਧ ਦੇ ਪਹਿਲੇ ਅਧਿਆਇ ਵਿਚ ਜਿੱਥੇ 'ਸੰਤ', 'ਭਗਤ' ਸ਼ਬਦਾਂ ਦੇ ਅਰਥ ਤੇ ਪਰਿਭਾਸ਼ਾ ਸ਼ਾਮਿਲ ਹੈ ਉਥੇ ਇਹਨਾਂ ਸ਼ਬਦਾਂ ਵਿਚ ਸਿਧਾਂਤਕ ਅੰਤਰ, ਨਿਰਗੁਣ ਤੇ ਸਰਗੁਣ ਪ੍ਰਭੂ ਦੇ ਦੋ ਰੂਪ ਦੱਸਦੇ ਹੋਏ ਆਦਿ ਗ੍ਰੰਥ ਸਾਹਿਬ ਦੇ ਸੰਕਲਨ ਤੇ ਸੰਪਾਦਨ ਬਾਰੇ ਚਰਚਾ ਸ਼ਾਮਿਲ ਹੈ। ਇਸ ਤੋਂ ਇਲਾਵਾ ਵਿਸ਼ੇਸ਼ ਤੌਰ ਤੇ ਭਗਤ ਰਵਿਦਾਸ ਅਤੇ ਭਗਤ ਕਬੀਰ ਜੀ ਦੀ ਬਾਣੀ ਦੇ ਸੰਕਲਨ ਦਾ ਸਮਾਜਕ, ਇਤਿਹਾਸਕ ਮਹੱਤਵ ਅਤੇ ਇਹਨਾਂ ਭਗਤਾਂ ਦੀ ਗੁਰੂ ਗ੍ਰੰਥ ਤੋਂ ਬਿਨਾਂ ਹੋਰ ਬਾਣੀ ਦੀ ਪ੍ਰਮਾਣਿਕਤਾ ਆਦਿ ਨੁਕਤਿਆਂ ਤੇ ਚਾਨਣਾ ਪਾਇਆ ਗਿਆ ਹੈ। ਅਧਿਆਇ ਦੂਸਰਾ 'ਭਗਤ ਬਾਣੀ ਦਾ ਸਮਾਜਕ ਅਤੇ ਸਭਿਆਚਾਰਕ ਪਿਛੋਕੜ' ਵਿਚ ਸਮਾਜ ਅਤੇ ਸਭਿਆਚਾਰ ਨੂੰ ਪਰਿਭਾਸ਼ਿਤ ਕਰਦੇ ਹੋਏ ਭਗਤ ਕਵੀਆਂ ਦਾ ਜੀਵਨ, ਸਮਾਂ ਅਤੇ ਉਨ੍ਹਾਂ ਦੀ ਜਾਤੀਗਤ ਚੇਤਨਾ ਨੂੰ ਭਾਰਤੀ ਹਿੰਦੂ, ਇਸਲਾਮੀ ਦੋਹਾਂ ਸਭਿਆਚਾਰਾਂ ਦੇ ਪ੍ਰਸੰਗ ਵਿਚ ਉਲੀਕਿਆ ਹੈ। ਅਧਿਆਇ ਤੀਸਰਾ 'ਭਗਤ ਬਾਣੀ ਦੀ ਮਾਨਵਵਾਦੀ ਪ੍ਰੇਰਣਾ ਵਿਚ ਧਰਮ ਅਤੇ ਕਿਰਤ ਦਾ

ਸੁਮੇਲ, ਧਰਮ ਮਰਿਆਦਾ ਦੇ ਆਧਾਰ ਤੇ ਪੂੰਜੀਵਾਦ ਦਾ ਵਿਰੋਧ, ਨੈਤਿਕ ਵਿਵਹਾਰ ਤੇ ਬਲ ਆਦਿ ਸੰਕਲਪਾਂ ਰਾਹੀਂ ਰਵਿਦਾਸ ਜੀ ਅਤੇ ਕਬੀਰ ਜੀ ਦੀ ਮਾਨਵਵਾਦੀ ਪ੍ਰੇਰਣਾ ਨੂੰ ਸਪਸ਼ਟ ਕੀਤਾ ਗਿਆ ਹੈ। ਅਧਿਆਇ ਚੌਥਾ 'ਭਗਤ ਬਾਣੀ ਦਾ ਰੂਪਕ ਪੱਖ' ਵਿਚ ਭਗਤ ਰਵਿਦਾਸ ਅਤੇ ਭਗਤ ਕਬੀਰ ਜੀ ਦੀ ਬਾਣੀ ਦੇ ਰੂਪਕ ਪੱਖ ਦਾ ਅਧਿਐਨ ਸ਼ਾਮਿਲ ਹੈ।

1989 ਵਿਚ ਬਲਬੀਰ ਸਿੰਘ ਸੰਧੂ ਨੇ 'ਬਾਣੀ ਭਗਤ ਰਵਿਦਾਸ : ਸਮਕਾਲੀ ਸਮਾਜਕ ਚਿਤ੍ਰਣ' ਵਿਸ਼ੇ ਅਧੀਨ ਡਾ. ਐੱਮ. ਐਸ. 'ਅੰਮ੍ਰਿਤ' ਦੀ ਨਿਗਰਾਨੀ ਹੇਠ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ ਖੋਜ-ਨਿਬੰਧ ਪ੍ਰਸਤੁਤ ਕੀਤਾ। ਇਸ ਖੋਜ-ਨਿਬੰਧ ਦੇ ਪਹਿਲੇ ਅਧਿਆਇ 'ਉੱਤਰ ਭਾਰਤ ਦੀ ਸੰਤ/ਭਗਤੀ ਲਹਿਰ ਅਤੇ ਭਗਤ ਰਵਿਦਾਸ ਦਾ ਸਥਾਨ' ਵਿਚ ਸਮੁੱਚੀ ਭਾਰਤੀ ਸੰਤ/ਭਗਤੀ ਲਹਿਰ ਦੀ ਚਰਚਾ ਉਪਰੰਤ ਭਗਤ ਰਵਿਦਾਸ ਜੀ ਦੇ ਸਥਾਨ ਨੂੰ ਨਿਸ਼ਚਿਤ ਕਰਨ ਦੇ ਯਤਨ ਕੀਤੇ ਹਨ। ਅਧਿਆਇ ਦੂਸਰਾ ਭਗਤ ਰਵਿਦਾਸ ਜੀ ਦੇ ਜੀਵਨ, ਵਿਅਕਤਿਤਵ ਨਾਲ ਸੰਬੰਧਿਤ ਹੈ ਜਦਕਿ ਅਧਿਆਇ ਤੀਸਰਾ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਵਿਦਾਸ ਬਾਣੀ ਦੀ ਰਾਗਾਂ ਅਨੁਸਾਰ ਵੰਡ ਅਤੇ ਭਗਤ ਜੀ ਦੀ ਕਾਵਿ-ਪ੍ਰਤਿਭਾ ਬਾਰੇ ਚਰਚਾ ਸ਼ਾਮਿਲ ਹੈ। ਅਧਿਆਇ ਚੌਥਾ 'ਭਗਤ ਰਵਿਦਾਸ ਬਾਣੀ ਸਮਕਾਲੀਨ ਸਮਾਜਕ ਚਿਤ੍ਰਣ' ਖੋਜ-ਨਿਬੰਧ ਦੇ ਵਿਸ਼ੇ ਦਾ ਨਿਭਾਅ ਹੈ। ਇਸ ਵਿਚ ਭਗਤ ਰਵਿਦਾਸ ਜੀ ਦੀ ਬਾਣੀ ਵਿਚੋਂ ਸਮਕਾਲੀ ਸਮਾਜ ਨੂੰ ਉਲੀਕਣ ਦੇ ਨਾਲ-ਨਾਲ ਸਮਕਾਲੀ ਸਮਾਜ ਦੇ ਸਮਾਜਕ, ਧਾਰਮਿਕ, ਰਾਜਸੀ ਅਤੇ ਆਰਥਿਕ ਤੱਥਾਂ ਨੂੰ ਬਾਣੀ ਵਿਚੋਂ ਅੰਕਿਤ ਕਰਨ ਦਾ ਯਤਨ ਕੀਤਾ ਗਿਆ ਹੈ ਅਤੇ ਇਹਨਾਂ ਪਰਿਸਥਿਤੀਆਂ ਪ੍ਰਤੀ ਰਵਿਦਾਸ ਜੀ ਦੀ ਕਿਰਿਆ-ਪ੍ਰਤਿਕਿਰਿਆ ਦਾ ਸਪਸ਼ਟ ਵਰਨਣ ਕਰਨ ਦੇ ਯਤਨ ਕੀਤੇ ਗਏ ਹਨ।

2005 ਵਿਚ ਰੇਨੂੰ ਬਾਲਾ ਨੇ 'ਕਬੀਰ ਬਾਣੀ ਦੇ ਸਮਾਜਕ ਸਰੋਕਾਰ' ਵਿਸ਼ੇ ਅਧੀਨ ਡਾ. ਨਰਵਿੰਦਰ ਸਿੰਘ ਕੋਸ਼ਲ ਦੀ ਅਗਵਾਈ ਹੇਠ ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ਵਿਚ ਖੋਜ-ਨਿਬੰਧ ਪ੍ਰਸਤੁਤ ਕੀਤਾ। ਇਸ ਵਿਸ਼ੇ ਤੇ ਪਹਿਲੇ ਅਧਿਆਇ 'ਸਾਹਿਤ ਅਤੇ ਸਮਾਜ : ਮੂਲ ਸਰੋਕਾਰ' ਵਿਚ ਸਮਾਜ ਅਤੇ ਸਾਹਿਤ ਨੂੰ ਪਰਿਭਾਸ਼ਿਤ ਕਰਦੇ ਹੋਏ, ਦੋਵਾਂ ਦੇ ਆਪਸੀ ਸਰੋਕਾਰਾਂ ਸਬੰਧੀ ਚਰਚਾ ਕੀਤੀ ਗਈ ਹੈ ਅਤੇ ਇਹਨਾਂ ਦੋਵਾਂ ਦੇ ਸੰਬੰਧਾਂ ਤੋਂ ਇਲਾਵਾ, ਦੋਵਾਂ ਦੇ ਅਲੋਚਨਾਤਮਕ (critical) ਅਤੇ ਅਨੁਭਵਵਾਦੀ (empirical) ਦੋ ਤਰ੍ਹਾਂ ਦੇ ਅਧਿਐਨ ਬਾਰੇ ਚਰਚਾ ਕਰਦੇ ਹੋਏ, ਅਨੁਭਵਵਾਦੀ ਅਧਿਐਨ ਚਿੰਤਨ ਦੇ ਸਾਹਿਤ ਦੀ ਸਮਾਜਕ ਹੋਂਦ ਜਾਂ ਪਛਾਣ ਵੱਲ ਰੁਚਿਤ ਹੋਣ ਕਰਕੇ ਇਸ ਚਿੰਤਨ ਵਿਚ ਕਬੀਰ ਜੀ ਦੇ ਅਨੁਭਵ ਨੂੰ ਮਾਨਵੀ ਜੀਵਨ ਦੀਆਂ ਭੌਤਿਕ

ਤੇ ਪਰਾਭੌਤਿਕ ਸਮੱਸਿਆਵਾਂ ਨਾਲ ਸਬੰਧਿਤ ਕਰਕੇ ਅਧਿਐਨ ਕੀਤਾ ਹੈ। ਅਧਿਆਇ ਦੂਸਰਾ 'ਕਬੀਰ ਬਾਣੀ : ਸਮਾਜਕ ਅਤੇ ਸਭਿਆਚਾਰਕ ਪਰਿਪੇਖ' ਰਾਹੀਂ ਕਬੀਰ ਜੀ ਦੇ ਸਮਕਾਲ ਦੀਆਂ ਸਮਾਜਕ, ਧਾਰਮਿਕ, ਰਾਜਨੀਤਕ ਅਤੇ ਸਭਿਆਚਾਰਕ ਗਿਰਾਵਟਾਂ ਨੂੰ ਬਿਆਨ ਕਰਦੇ ਹੋਏ, ਕਬੀਰ ਜੀ ਦੀ ਬਾਣੀ ਵਿਚ ਅਜਿਹੀਆਂ ਬੁਰਾਈਆਂ ਦੀ ਵਿਰੋਧਤਾ ਅਤੇ ਸਾਧਾਰਨ ਲੋਕਾਂ ਵਿਚ ਪੈਦਾ ਕੀਤੀ ਗਈ ਚੇਤੰਨਤਾ ਨੂੰ ਸਪਸ਼ਟ ਰੂਪ ਵਿਚ ਦਰਸਾਉਣ ਦੇ ਯਤਨ ਕੀਤੇ ਹਨ। ਅਧਿਆਇ ਤੀਸਰਾ 'ਕਬੀਰ ਬਾਣੀ ਵਿਚ ਸਮਾਜਕ ਸਰੋਕਾਰਾਂ ਦਾ ਅਧਿਐਨ' ਵਿਚ ਕਬੀਰ ਜੀ ਦੀ ਬਾਣੀ ਨੂੰ ਜਿੱਥੇ ਸਮਾਜਕ ਸਰੋਕਾਰਾਂ ਦੇ ਪ੍ਰਸੰਗ ਵਿਚ ਅਧਿਐਨ ਦਾ ਵਿਸ਼ਾ ਬਣਾਇਆ ਹੈ ਉਥੇ ਹੀ ਚੌਥਾ ਅਧਿਆਇ 'ਕਬੀਰ ਬਾਣੀ ਦਾ ਕਲਾ-ਪੱਖ' ਵਿਚ ਭਾਰਤੀ ਕਾਵਿ-ਰੂਪਾਂ' ਦੇ ਪ੍ਰਯੋਗ ਤੇ ਪ੍ਰਗਟਾਓ ਵਿਧੀ ਦੀ ਵਿਲੱਖਣ ਵਰਤੋਂ ਬਾਰੇ ਚਰਚਾ ਵੀ ਕੀਤੀ ਗਈ ਹੈ।

ਸਮੁੱਚੇ ਤੌਰ 'ਤੇ ਭਗਤ ਬਾਣੀ ਸਬੰਧੀ ਸਮਾਜ ਅਤੇ ਸਭਿਆਚਾਰਕ ਪੱਖ ਤੋਂ ਪੀ-ਐਚ.ਡੀ. ਅਤੇ ਐਮ.ਫਿਲ. ਦੀ ਡਿਗਰੀ ਹਿੱਤ ਹੁਣ ਤੱਕ ਹੋਏ ਉਪਾਧੀ ਸਾਪੇਖ ਖੋਜ-ਕਾਰਜ ਦੇ ਸਰਵੇਖਣ ਉਪਰੰਤ ਕਿਹਾ ਜਾ ਸਕਦਾ ਹੈ ਕਿ ਗਿਆਨ ਚੰਦ, ਨਿਰਮਲ ਸਿੰਘ, ਕੁਲਦੀਪ ਕੌਰ, ਜਸਵਿੰਦਰ ਕੌਰ ਮਾਹਲ ਤੇ ਬਲਬੀਰ ਸਿੰਘ ਸੰਧੂ ਆਦਿ ਦੁਆਰਾ ਭਗਤ ਬਾਣੀ ਦਾ ਸਮਾਜ ਅਤੇ ਸਭਿਆਚਾਰਕ ਅਧਿਐਨ ਮਹੱਤਵਪੂਰਨ ਖੋਜ-ਕਾਰਜ ਹੈ।ਇਹਨਾਂ ਖੋਜ ਕਰਤਾਵਾਂ ਵੱਲੋਂ ਆਪਣੇ-ਆਪਣੇ ਸੀਮਤ ਵਿਸ਼ੇ ਅਨੁਸਾਰ ਢੁਕਵੀਆਂ ਵਿਧੀਆਂ ਅਤੇ ਪ੍ਰਣਾਲੀਆਂ ਨੂੰ ਅਧਿਐਨ ਦਾ ਮਾਧਿਅਮ ਬਣਾਇਆ ਹੈ ਕਿਉਂਕਿ "ਮਨੁੱਖੀ ਵਿਵਹਾਰ ਦੇ ਸਮੇਂ ਸਮੇਂ, ਥਾਂ-ਥਾਂ ਅਤੇ ਵਿਅਕਤੀ- ਵਿਅਕਤੀ ਨਾਲ ਬਦਲਦੇ ਰਹਿਣ ਕਰਕੇ, ਸਮਾਜਕ ਖੋਜ ਲਈ ਵਰਤੀਆਂ ਜਾਂਦੀਆਂ ਜੁਗਤਾਂ, ਪ੍ਰਵਿਧੀਆਂ ਵੀ ਦ੍ਰਿੜ ਨਹੀਂ ਹੁੰਦੀਆਂ, ਸਥਿਤੀ ਅਨੁਸਾਰ ਬਦਲ ਜਾਂਦੀਆਂ ਹਨ।"[12] ਕੁੱਝ ਇਹੋ ਸਥਿਤੀ ਹੀ ਸਾਹਿਤ ਦੀ ਸਮਾਜਕ ਖੋਜ ਦੀ ਬਣੀ ਰਹਿੰਦੀ ਹੈ। ਜਿਸਦੇ ਅਧਿਐਨ ਲਈ ਇਕੋ ਵਿਸ਼ੇ ਲਈ ਵਿਭਿੰਨ ਵਿਧੀਆਂ ਦੀ ਵਰਤੋਂ ਕਰਨੀ ਪੈਂਦੀ ਹੈ।

ਇਸੇ ਆਧਾਰ ਤੇ ਉਪਰੋਕਤ ਖੋਜ-ਕਰਤਾਵਾਂ ਵੱਲੋਂ ਭਗਤ ਬਾਣੀ ਦੀ ਸਮਾਜ, ਸਭਿਆਚਾਰਕ ਖੋਜ ਲਈ ਵਿਭਿੰਨ ਵਿਧੀਆਂ, ਪ੍ਰਣਾਲੀਆਂ ਨੂੰ ਖੋਜ-ਕਾਰਜ ਦਾ ਆਧਾਰ ਬਣਾਇਆ ਗਿਆ ਹੈ। ਖੋਜ-ਕਰਤਾਵਾਂ ਨੇ ਜਿੱਥੇ ਬਾਣੀਕਾਰਾਂ ਦੇ ਜੀਵਨ, ਵਿਅਕਤਿਤਵ ਅਤੇ ਰਚਨਾ ਬਾਰੇ ਵਿਦਵਾਨਾਂ ਵਿਚ ਪਏ ਕੁਝ ਸ਼ੰਕਿਆਂ ਪ੍ਰਤੀ ਇਤਿਹਾਸਕ, ਮਿਥਿਹਾਸਕ ਅਤੇ ਕੁਝ ਹੋਰ ਪ੍ਰਮੁੱਖ ਸ੍ਰੋਤਾਂ ਨੂੰ ਆਧਾਰ ਬਣਾ ਕੇ ਪ੍ਰਮਾਣਿਕ ਅਤੇ ਠੋਸ ਨਿਰਣਿਆਂ ਤੱਕ ਅੱਪੜਨ ਦੇ ਯਤਨ ਕੀਤੇ ਹਨ ਉਥੇ ਉਨ੍ਹਾਂ ਦੁਆਰਾ ਸਮਾਜ, ਸਾਹਿਤ, ਧਰਮ ਅਤੇ ਸਭਿਆਚਾਰ ਆਦਿ ਨੂੰ ਪਰਿਭਾਸ਼ਿਤ ਕਰਨ ਅਤੇ ਇਹਨਾਂ

ਦੇ ਪਰਸਪਰ ਸੰਬੰਧਾਂ ਬਾਰੇ ਸਿਧਾਂਤਕ ਚਰਚਾ ਤਹਿਤ ਸਮਾਜ-ਸ਼ਾਸਤਰ, ਨੀਤੀ-ਸ਼ਾਸਤਰ, ਕਾਵਿ-ਸ਼ਾਸਤਰ ਆਦਿ ਅਨੁਸ਼ਾਸ਼ਨਾਂ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਹੈ। ਇਤਿਹਾਸਕ ਵਿਧੀ ਦੁਆਰਾ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀ ਨੂੰ ਕਾਲ-ਪ੍ਰਵਾਹ ਵਿਚ ਟਿਕਾਕੇ, ਇਸਦੇ ਅਤੀਤ ਵਿਚ ਪਈ ਲੰਮੇਰੀ ਪਰੰਪਰਾ 'ਭਗਤੀ ਪਰੰਪਰਾ' ਦੇ ਨਿਕਾਸ ਤੇ ਵਿਕਾਸ ਦੇ ਅਧਿਐਨ ਰਾਹੀਂ ਗੁਰਮਤਿ ਭਗਤੀ ਦੇ ਸਰੂਪ ਨੂੰ ਉਘਾੜਨ ਦੇ ਯਤਨ ਕੀਤੇ ਹਨ। ਪੂਰਵ-ਮੱਧਕਾਲ ਵਿਚ ਪੈਦਾ ਹੋਏ ਵੱਖ-ਵੱਖ ਧਰਮਾਂ, ਫਿਰਕਿਆਂ ਤੇ ਦਾਰਸ਼ਨਿਕ ਵਿਚਾਰਧਾਰਾਵਾਂ ਅਤੇ ਮੱਧਕਾਲੀ ਗੁਰਮਤਿ ਵਿਚਾਰਧਾਰਾ ਨੂੰ ਸਪਸ਼ਟ ਕਰਨ ਲਈ ਤੁਲਨਾਤਮਕ ਵਿਧੀ ਦੀ ਸੁਯੋਗ ਵਰਤੋਂ ਕੀਤੀ ਮਿਲਦੀ ਹੈ ਜਦੋਂ ਕਿ ਇਤਿਹਾਸਕ, ਤੁਲਨਾਤਮਕ ਅਤੇ ਵਿਆਖਿਆ ਮੂਲਕ ਵਿਧੀ ਦੁਆਰਾ ਗੁਰਬਾਣੀ ਵਿਚ ਨਿਹਿਤ ਮਨੁੱਖੀ-ਜੀਵਨ ਦੀ ਨਵੀਨ ਦਸ਼ਾ ਤੇ ਦਿਸ਼ਾ ਨੂੰ ਰੂਪਮਾਨ ਕਰਨ ਦੇ ਭਰਪੂਰ ਯਤਨ ਕੀਤੇ ਗਏ ਹਨ।ਬਾਵਜੂਦ ਇਸਦੇ ਉਪਰੋਕਤ ਖੋਜ-ਪ੍ਰਬੰਧਾਂ/ਨਿਬੰਧਾਂ ਵਿਚ 'ਵਿਆਖਿਆ ਮੂਲਕ' ਵਿਧੀ ਦਾ ਪ੍ਰਯੋਗ ਇਕ ਪ੍ਰਮੁੱਖ ਵਿਧੀ ਵਜੋਂ ਹੋਇਆ ਮਿਲਦਾ ਹੈ ਜਿਸ ਵਿਧੀ ਦੁਆਰਾ ਬਾਣੀ-ਵਿਸ਼ੇਸ਼ ਵਿਚ ਉਪਲਬਧ ਸਮਾਜਕ ਅਤੇ ਸਭਿਆਚਾਰਕ ਤੱਥਾਂ ਨੂੰ ਰੂਪਮਾਨ ਕਰਨ ਦੇ ਭਰਪੂਰ ਯਤਨ ਕੀਤੇ ਗਏ ਹਨ। ਇਸ ਤਰ੍ਹਾਂ ਇਹ ਖੋਜ, ਭਵਿੱਖਤ ਖੋਜ-ਕਾਰਜ ਲਈ ਇਕ ਮਹੱਤਵਪੂਰਨ ਪ੍ਰੇਰਨਾ-ਸ੍ਰੋਤ ਦਾ ਕੰਮ ਕਰਦੀ ਹੈ ਜਿਸ ਤੋਂ ਅੱਗੋਂ ਕਈ ਹੋਰ ਨਵੀਨ ਅਤੇ ਸਾਰਥਿਕ ਸਿੱਟਿਆਂ ਤੱਕ ਅੱਪੜਿਆ ਜਾ ਸਕਦਾ ਹੈ ਕਿਉਂਕਿ ਸਾਹਿਤ ਦਾ ਕੀਤਾ ਗਿਆ ਹਰ ਅਧਿਐਨ ਅੱਗੋਂ ਹੋਰ ਗਹਿਰ-ਗੰਭੀਰ ਅਧਿਐਨ ਦੀ ਮੰਗ ਕਰਦਾ ਹੈ। ਗੁਰੂ ਗ੍ਰੰਥ ਵਿਚ ਸੰਗ੍ਰਹਿ ਕੀਤੀ ਗਈ ਬਾਣੀ ਜਿੱਥੇ ਹਰ ਸਮੇਂ, ਸਥਾਨ ਤੇ ਵਿਅਕਤੀ ਨੂੰ ਨਿਤਨੇਮ ਕਰਦਿਆਂ, ਇਕ ਅਣਬਿਆਨੇ ਆਨੰਦ ਦੀ ਪ੍ਰਾਪਤੀ ਅਤੇ ਨਿਤਾਪ੍ਰਤੀ ਜੀਵਨ-ਜਿਉਣ ਦੀ ਸੇਧ ਪ੍ਰਦਾਨ ਕਰਦੀ ਹੈ ਉਥੇ ਇਹ ਮਹਾਨ ਰਚਨਾ ਆਪਣੇ ਅੰਦਰ ਮਨੁੱਖੀ ਜੀਵਨ ਦੇ ਵਿਸ਼ਾਲ ਅਰਥਾਂ ਨੂੰ ਸਮੋਏ ਹੋਣ ਕਰਕੇ ਹਮੇਸ਼ਾ ਪੁਨਰ-ਖੋਜ ਦੀ ਮੰਗ ਕਰਦੀ ਹੈ ਜਿਸ ਤਰ੍ਹਾਂ ਕਿ ਪ੍ਰੋ. ਪੂਰਨ ਸਿੰਘ ਦਾ ਵਿਚਾਰ ਹੈ ਕਿ "ਪਰਮਾਤਮਾ ਦੀ ਸ੍ਰਿਸ਼ਟੀ ਦੀ ਤਰ੍ਹਾਂ ਗੁਰੂ ਦੇ ਸ਼ਬਦ ਦੀਆਂ ਅਨੇਕਾਂ ਵਿਆਖਿਆਵਾਂ ਹੋ ਸਕਦੀਆਂ ਹਨ, ਮਨੁੱਖ ਦੇ ਆਪਣੇ ਆਤਮਕ ਵਿਕਾਸ ਦੀ ਸਥਿਤੀ ਅਨੁਸਾਰ।"[13] ਸੋ ਗੁਰਬਾਣੀ ਅਧਿਐਨ ਦੀ ਇਸ ਚੇਸ਼ਟਾ ਅਧੀਨ ਹਥਲੇ ਖੋਜ-ਪ੍ਰਬੰਧ ਲਈ ਚੁਣਿਆ ਵਿਸ਼ਾ 'ਭਗਤ ਬਾਣੀ ਦਾ ਸਮਾਜ-ਸਭਿਆਚਾਰਕ ਅਧਿਐਨ' ਨਿਜੀ ਆਪੇ ਦੇ ਵਿਗਾਸ ਅਤੇ ਢੁਕਵੇਂ ਵਿਗਿਆਨਕ ਅਨੁਸ਼ਾਸ਼ਨਾਂ ਅਧੀਨ ਅੱਗੋਂ ਕਈ ਹੋਰ ਸਾਰਥਕ ਤੇ ਨਵੀਨ ਅਰਥਾਂ ਨੂੰ ਛੋਹਣ ਦਾ ਉਪਰਾਲਾ ਹੈ।

## ਹਵਾਲੇ ਅਤੇ ਟਿੱਪਣੀਆਂ

1 ਡਾ. ਪ੍ਰੇਮ ਪ੍ਰਕਾਸ਼ ਸਿੰਘ, **ਪੰਜਾਬ ਦੀ ਭਾਰਤ ਨੂੰ ਦੇਣ,** (ਪੰਜਾਬੀ ਵਿਕਾਸ ਕਾਨਫਰੰਸ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989, ਪੰਨਾ-3.

2 ਹਰਮਿੰਦਰ ਸਿੰਘ ਬੇਦੀ, **ਗੁਰੂ ਨਾਨਕ ਬਾਣੀ ਅਤੇ ਭਾਰਤੀ ਸੰਸਕ੍ਰਿਤੀ,** ਜਸਮੀਤ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1993, ਪੰਨਾ-72.

3 Religion is one of the most powerful, deeply felt and influential forces in human society. It has shaped people's relationship with each other, influencing family, community, economic, and political life. Religious beliefs and values motivate human action and religious groups organize their collective religious expression. Religion is a significant aspect of social life, and the social dimension is an important part of Religion. Meredith B. McGuire, **Religion :The Social Context,** Wordsworth Publishing Company, Belmont, California, 1981, p. 1.

4 ਡਾ. ਤਾਰਨ ਸਿੰਘ, **ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ-1, (ਭੂਮਿਕਾ).

5 ਡਾ. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵਕੋਸ਼** (ਭਾਗ-ਪਹਿਲਾ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ-428.

6 ਉਹੀ, ਪੰਨਾ-428-429.

7 ਡਾ. ਤਾਰਨ ਸਿੰਘ, **ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ,** (ਭੂਮਿਕਾ), ਪੰਨਾਂ-13.

8 ਉਹੀ, ਪੰਨਾ-14.

9 The first decade of the twentieth century marks the early stage of Sikh Studies. During this period the approach of the writers was historical and biographical. Their main aim was to educate the english-knowing public on the lives of the Gurus and their teachings. The Sikh religion was under dual attack of the Hindus and Christians; as such the nature of Sikh publications was polemical. G.S. Mansukhani, **Fundamental Issues in Sikh Studies**, **The Origin and Development of Sikh Studies (Article),** G.S. Mansukhani, Kharak Singh, Jasbir Singh Mann (ed.) Institute of Sikh Studies Chandigarh, 1992, p. 128.

10 ਪ੍ਰੋ. ਹਰਨਾਮ ਸਿੰਘ ਸ਼ਾਨ, **ਗੁਰੂ ਗ੍ਰੰਥ ਸਾਹਿਬ ਦੀ ਕੋਸ਼ਕਾਰੀ,** ਭਾਸ਼ਾ ਵਿਭਾਗ, ਪੰਜਾਬ, 1994, ਪੰਨਾ-108.

11 ਕੁਲਦੀਪ ਕੌਰ, **ਗੁਰੂ ਗ੍ਰੰਥ ਸਾਹਿਬ ਦੇ ਕੁਝ ਯੋਗਦਾਨੀਆਂ ਦੀ ਧਾਰਮਿਕ ਅਤੇ ਸਮਾਜਕ ਦ੍ਰਿਸ਼ਟੀ,** ਖੋਜ-ਨਿਬੰਧ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996, ਪੰਨਾ-238.

12 ਪਿਆਰ ਸਿੰਘ, **ਖੋਜ-ਸਿਧਾਂਤ ਤੇ ਵਿਹਾਰ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006, ਪੰਨਾ-243.

13 ਪ੍ਰੋ. ਪੂਰਨ ਸਿੰਘ, **ਸਿੱਖੀ ਦੀ ਆਤਮਾ,** ਕਿਰਪਾਲ ਸਿੰਘ ਕਸੇਲ (ਅਨੁ.), ਲਾਹੌਰ ਬੁੱਕ ਸ਼ਾਪ, ਲੁਧਿਆਣਾ, 2007, ਪੰਨਾ-273.

# ਅਧਿਆਇ ਦੂਜਾ

# ਭਗਤ ਬਾਣੀ ਦੇ ਸਮਾਜ-ਸਭਿਆਚਾਰਕ ਅਧਿਐਨ ਦਾ ਮਾਡਲ

ਮਨੁੱਖ ਦੀ ਅਧਿਕ ਬੌਧਿਕ ਸਮਰੱਥਾ ਅਤੇ ਭਾਸ਼ਾ ਆਦਿ ਉਹ ਨਿਖੇੜੂ ਤੱਤ ਤੇ ਮਾਧਿਅਮ ਹਨ ਜਿਨ੍ਹਾਂ ਨੇ ਮਨੁੱਖ ਨੂੰ ਪਸ਼ੂ-ਜਗਤ ਨਾਲੋਂ ਵੱਖਰਾ ਹੀ ਨਹੀਂ ਦਰਸਾਇਆ, ਸਗੋਂ ਇਨ੍ਹਾਂ ਦੁਆਰਾ ਹੌਲੀ-ਹੌਲੀ ਮਨੁੱਖ ਨੇ ਖ਼ੁਦ ਵੀ ਕੁਦਰਤੀ ਸ਼ਕਤੀਆਂ ਨੂੰ ਆਪਣੇ ਅਨੁਸਾਰ ਢਾਲਣ ਅਤੇ ਇਨ੍ਹਾਂ ਅਨੁਸਾਰ ਢਲਣ ਦੀ ਜਾਂਚ ਸਿੱਖ ਲਈ।ਮਨੁੱਖ ਦੇ ਪਸ਼ੂ-ਮਨੁੱਖ ਤੋਂ ਸਮਾਜਕ-ਮਨੁੱਖ ਬਣਨ ਦੀ ਪ੍ਰਕਿਰਿਆ ਕੋਈ ਇਕਦਮ ਵਾਪਰੀ ਘਟਨਾ ਨਹੀਂ, ਸਗੋਂ ਇਸ ਪਿੱਛੇ ਉਸਦੀ ਸਦੀਆਂ ਦੀ ਘਾਲਣਾ ਕੰਮ ਕਰਦੀ ਹੈ। ਸਮਾਜਕ-ਮਨੁੱਖ ਬਣਨ ਦੀ ਪ੍ਰਕਿਰਿਆ ਦੌਰਾਨ ਸਭ ਤੋਂ ਵੱਧ ਮਹੱਤਤਾ ਮਨੁੱਖ ਦੀ ਆਪਣੀ ਦਿਮਾਗੀ ਚੇਤੰਨਤਾ ਨੂੰ ਦਿੱਤੀ ਜਾ ਸਕਦੀ ਹੈ। ਮਨੁੱਖੀ ਜੀਵਨ ਦੇ ਵਿਭਿੰਨ ਸਮਾਜਕ ਪਹਿਲੂਆਂ ਨੂੰ ਸਮਝਣ ਲਈ ਸਮਾਜ ਦੀ ਪਰਿਭਾਸ਼ਾ ਅਤੇ ਸਰੂਪ ਨੂੰ ਸਮਝਣਾ ਅਧਿਐਨ ਦੀ ਮੁੱਢਲੀ ਸ਼ਰਤ ਹੈ।

**ਸਮਾਜ**

ਵਿਅਕਤੀ-ਸਮੂਹ ਤੋਂ ਹੀ ਸਮਾਜ ਦੀ ਹੋਂਦ ਹੈ ਅਤੇ ਸਮੂਹਾਂ ਵਿਚ ਰਹਿਣਾ ਵਿਅਕਤੀਆਂ ਲਈ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਲਈ ਜ਼ਰੂਰੀ ਹੈ। ਸਮਾਜਕ ਮਨੁੱਖੀ ਸਮੂਹਾਂ ਬਾਰੇ ਚਰਚਾ ਕਰਦਿਆਂ, ਬਹੁਤੇ ਵਿਦਵਾਨ ਮੰਨਦੇ ਹਨ ਕਿ ਕੇਵਲ ਮਨੁੱਖ ਹੀ ਸਮਾਜਕ ਨਹੀਂ ਹੁੰਦਾ, ਬਲਕਿ ਕਈ ਕੀੜੇ ਮਕੌੜਿਆਂ ਵਿਚ ਵੀ ਸਮਾਜਕ ਪ੍ਰਕਿਰਿਆਵਾਂ ਦੇ ਲੱਛਣ ਪਾਏ ਜਾਂਦੇ ਹਨ। ਜਿਵੇਂ ਕਿਰਤ-ਵੰਡ, ਸਹਿਯੋਗ, ਸਮੂਹਕ ਚੇਤਨਾ ਅਤੇ ਪਰਸਪਰ ਸੰਚਾਰ ਆਦਿ। ਅਜਿਹੇ ਜੀਵ-ਜੰਤੂਆਂ ਵਿਚੋਂ ਕੀੜੀਆਂ, ਸ਼ਹਿਦ ਦੀਆਂ ਮੱਖੀਆਂ, ਭਰਿੰਡਾਂ ਅਤੇ ਪਸ਼ੂ, ਪੰਛੀਆਂ ਆਦਿ ਦੀ ਜੀਵਨ-ਸ਼ੈਲੀ ਨੂੰ ਵੇਖਿਆ ਜਾ ਸਕਦਾ ਹੈ। "ਭਾਵੇਂ ਮਨੁੱਖ ਨਾਲੋਂ ਨੀਵੀਂ ਪੱਧਰ ਦੇ ਜਾਨਵਰ ਪਰਸਪਰ ਸੰਚਾਰ ਦੇ ਸਾਧਨ ਵਿਕਸਤ ਕਰ ਲੈਂਦੇ ਹਨ ਪਰੰਤੂ ਇਹ ਸਾਰਥਕ ਬੋਲੀ ਨਹੀਂ ਬੋਲਦੇ। ਭਾਵੇਂ ਇਹ ਸਿਖਿਆ ਪ੍ਰਾਪਤ ਕਰਨ ਦੇ ਯੋਗ ਹਨ, ਪਰੰਤੂ ਇਨ੍ਹਾਂ ਦੀਆਂ ਯੋਗਤਾਵਾਂ ਐਨੀਆਂ ਘੱਟ ਹਨ ਕਿ ਮਨੁੱਖ ਦੀਆਂ ਯੋਗਤਾਵਾਂ ਦਾ ਮੁਕਾਬਲਾ ਕਰਨ ਦੇ ਅਸਮਰਥ ਹਨ। ਜਾਨਵਰਾਂ ਵਿਚੋਂ ਸਭ ਤੋਂ ਉੱਚ ਪੱਧਰ ਦੇ ਜਾਨਵਰਾਂ ਭਾਵ ਬਾਨਰਾਂ ਬਾਰੇ ਵੀ ਇਹ ਸੱਚ ਹੈ। ਮਨੁੱਖ ਨਾਲੋਂ ਨੀਵੀ ਪੱਧਰ ਦੇ ਜਾਨਵਰਾਂ ਦਾ ਵਰਤਾਓ ਪੂਰਨ ਤੌਰ ਤੇ ਮੂਲ ਪ੍ਰਵਿਰਤੀ ਉਪਰ ਅਧਾਰਿਤ ਹੁੰਦਾ ਹੈ ਜਾਂ ਇਹ ਪ੍ਰਤੀ ਰੂਪ ਵਰਤਾਓ ਹੁੰਦਾ ਹੈ ਜਿਸ ਵਿਚ ਅਸਲੀ ਤੌਰ ਤੇ ਇਕ ਪੁਸ਼ਤ ਤੋਂ ਦੂਸਰੀ ਪੁਸ਼ਤ ਤਕ ਕੋਈ ਫਰਕ ਨਹੀਂ ਪੈਂਦਾ।"[1] ਪਰੰਤੂ ਮਨੁੱਖ ਆਪਣੀ ਜੀਵਨ-ਸ਼ੈਲੀ ਨੂੰ ਹੋਰ ਚੰਗੇਰਾ ਬਣਾਉਣ ਦੀ ਅਤ੍ਰਿਪਤੀ ਹਿੱਤ ਕੁੱਝ ਨਾ ਕੁੱਝ ਨਵਾਂ ਸਿਰਜਣ ਲਈ ਆਪਣੀ ਬੌਧਿਕ ਸਮਰੱਥਾ ਨੂੰ ਸਦਾ ਅਸੀਮਤ ਰੱਖਦਾ ਰਿਹਾ ਹੈ। ਮਨੁੱਖੀ ਜੀਵਨ ਦਾ ਵਿਕਾਸ ਸਮੂਹਕ ਲੋਕਾਂ ਦੀ ਚੇਤੰਨਤਾ ਦਾ ਹੀ ਨਤੀਜਾ ਹੈ। "ਸਮੂਹ ਵਿਚ ਰਹਿਣਾ

ਮਨੁੱਖ ਲਈ ਐਨਾ ਜ਼ਰੂਰੀ ਹੈ ਕਿ ਇਸ ਤੋਂ ਵੱਖ ਕਰਕੇ ਅਸੀਂ ਉਸ ਦੀ ਹੋਂਦ ਦਾ ਕਿਆਸ ਹੀ ਨਹੀਂ ਕਰ ਸਕਦੇ। ਇਸ ਗੱਲ ਦਾ ਸਭ ਤੋਂ ਚੰਗਾ ਸੰਕੇਤ ਇਹ ਸਮੂਹਕ ਜੀਵਨ ਹੀ ਹੈ ਜੋ ਪਸ਼ੂ ਨੂੰ ਮਨੁੱਖ ਬਣਾਉਂਦਾ ਹੈ।"[2] ਮਨੁੱਖੀ-ਸਮੂਹ ਦੇ ਆਪਸੀ ਸੰਬੰਧਾਂ ਦੁਆਰਾ ਹੀ ਕਿਸੇ ਸਮਾਜ ਦਾ ਢਾਂਚਾ ਉਸਰਦਾ ਹੈ। ਮੈਕਾਈਵਰ ਅਤੇ ਪੇਜ ਦੀ ਪਰਿਭਾਸ਼ਾ ਅਨੁਸਾਰ ਕਿਹਾ ਜਾ ਸਕਦਾ ਹੈ ਕਿ "ਸਮਾਜ ਰੀਤੀ-ਰਿਵਾਜ਼ਾਂ ਅਤੇ ਕਾਰਜ-ਪ੍ਰਣਾਲੀਆਂ ਦੀ, ਅਧਿਕਾਰ-ਸੱਤਾ ਅਤੇ ਪਰਸਪਰ ਸਹਿਯੋਗ ਦੀ, ਅਨੇਕਾਂ ਸਮੂਹਾਂ ਅਤੇ ਸ਼੍ਰੇਣੀਆਂ ਦੀ, ਮਾਨਵ-ਵਿਵਹਾਰ ਦੇ ਨਿਯੰਤ੍ਰਣ ਅਤੇ ਸ੍ਵਾਧੀਨਤਾਵਾਂ ਦੀ ਵਿਵਸਥਾ ਨੂੰ ਅਸੀਂ ਸਮਾਜ ਕਹਿੰਦੇ ਹਾਂ। ਇਹ ਸਮਾਜਕ ਸੰਬੰਧਾਂ ਦਾ ਤਾਣਾ ਹੈ ਅਤੇ ਹਮੇਸ਼ਾ ਬਦਲਦਾ ਰਹਿੰਦਾ ਹੈ।"[3]

ਇਸ ਬਦਲਾਵ ਸਦਕਾ ਹੀ ਸਮਾਜ ਵਿਚ ਸਮਾਨਤਾ ਅਤੇ ਭਿੰਨਤਾ ਦੋਵਾਂ ਦਾ ਬੋਲਬਾਲਾ ਹੁੰਦਾ ਹੈ ਪਰੰਤੂ ਵਿਦਵਾਨਾਂ ਨੇ ਸਮਾਜ ਦੇ ਨਿਰਮਾਣ ਲਈ ਸਮਾਜਕ ਇਕਰੂਪਤਾ ਜਾਂ ਸਮਾਨਤਾ ਨੂੰ ਹੀ ਪ੍ਰਮੁੱਖ ਮੰਨਿਆ ਹੈ ਭਾਵੇਂ ਕਿ ਉਹ ਸਮਾਜਕ ਭਿੰਨਤਾ ਤੋਂ ਇਨਕਾਰੀ ਨਹੀਂ ਕਿਉਂਕਿ ਜਿੱਥੇ ਮਨੁੱਖਾਂ ਵਿਚ ਲਿੰਗਕ, ਉਮਰ, ਯੋਗਤਾ, ਰੁਚੀਆਂ, ਕਾਰਜਾਂ ਅਤੇ ਸਵਾਰਥਾਂ ਵਿਚ ਸਮਾਨਤਾ ਸਮਾਜਕ ਸੰਗਠਨ ਨੂੰ ਸੀਮਿਤ ਕਰਦੀ ਹੈ ਜਿਸ ਨਾਲ ਉਨ੍ਹਾਂ ਦੇ ਸੰਬੰਧ ਕੀੜੀਆਂ ਵਰਗੇ ਤੇ ਆਪਸੀ ਆਦਾਨ-ਪ੍ਰਦਾਨ ਸੀਮਿਤ ਹੁੰਦਾ ਹੈ ਉਥੇ "ਕਿਸੇ ਇਕ ਸਮਾਜ ਦੇ ਲੋਕਾਂ ਵਿਚ ਪਰੰਪਰਾਵਾਂ, ਰਿਵਾਜ਼ਾਂ ਅਤੇ ਰੂੜ੍ਹੀਆਂ ਆਦਿ ਵਿਚ ਸਮਾਨਤਾ ਦੇ ਕਾਰਣ ਬੜੇ ਦ੍ਰਿੜ ਸਮਾਜਕ ਸੰਬੰਧ ਪਾਏ ਜਾਂਦੇ ਹਨ। ਇਸ ਤਰ੍ਹਾਂ ਮਨੁੱਖੀ ਸਮਾਜ ਦੀ ਨੀਂਹ ਸਮਾਨਤਾ 'ਤੇ ਆਧਾਰਿਤ ਹੈ।"[4] ਮਨੁੱਖ ਆਪਣੀਆਂ ਲੋੜਾਂ ਦੀ ਪੂਰਤੀ ਹਿੱਤ ਦੂਸਰਿਆਂ ਉੱਪਰ ਨਿਰਭਰ ਹੁੰਦਾ ਹੈ। ਉਹ ਜਨਮ ਤੋਂ ਮਾਪੇ, ਆਂਢ-ਗੁਆਂਢ, ਮਿੱਤਰਾਂ, ਸਕੂਲ, ਦਫ਼ਤਰ ਆਦਿ ਤੋਂ ਲੈ ਕੇ ਸਮਾਜ ਦੀ ਹਰ ਕੜੀ, ਹਰ ਸੰਸੰਥਾ ਨਾਲ ਜੁੜਿਆ ਹੁੰਦਾ ਹੈ। ਸਮਾਜ-ਵਿਗਿਆਨੀ ਤਾਂ ਮਨੁੱਖ ਦੀ ਅੰਤਰ-ਨਿਰਭਰਤਾ ਦੇ ਨਾਲ-ਨਾਲ ਸਮਾਜ ਦੀ ਅੰਤਰ-ਨਿਰਭਰਤਾ ਨਾਲ ਵੀ ਸਹਿਮਤ ਹਨ ਉਨ੍ਹਾਂ ਅਨੁਸਾਰ ਕਦੇ ਕੋਈ ਇਕ ਸਮਾਜ ਵੀ ਪੂਰਨ ਤੌਰ ਤੇ ਸ੍ਵੈ-ਨਿਰਭਰ ਨਹੀਂ ਹੁੰਦਾ। ਉਸਦੀਆਂ ਵੀ ਕਈ ਅਜਿਹੀਆਂ ਲੋੜਾਂ ਹੁੰਦੀਆਂ ਹਨ ਜਿਨ੍ਹਾਂ ਦੇ ਆਧਾਰ ਤੇ ਉਹ ਹੋਰ ਸਮਾਜਾਂ ਨਾਲ ਆਪਣਾ ਲੈਣ ਦੇਣ ਬਣਾਈ ਰੱਖਦਾ ਹੈ ਜਿਸਨੂੰ ਆਪਣੇ ਸਮਾਜ ਦੀ ਜ਼ਰੂਰਤ ਅਨੁਸਾਰ ਪ੍ਰਯੋਗ ਵਿਚ ਲਿਆਂਦਾ ਜਾਂਦਾ ਹੈ।

ਇਸ ਲਈ ਸਮਾਜ ਵਿਚ ਜਿੱਥੇ ਸਮਾਨਤਾ ਅਤੇ ਭਿੰਨਤਾ, ਅੰਤਰ-ਨਿਰਭਰਤਾ ਆਦਿ ਜਿਹੇ ਲੱਛਣ ਪਾਏ ਜਾਂਦੇ ਹਨ ਉਥੇ ਨਾਲ-ਨਾਲ ਸਹਿਯੋਗ ਅਤੇ ਸੰਘਰਸ਼ ਦੀ ਪ੍ਰਕਿਰਿਆ ਵੀ ਚੱਲਦੀ ਰਹਿੰਦੀ ਹੈ। ਜਾਰਜ ਸਿਮਲ ਅਨੁਸਾਰ "ਸਮਾਜ ਵਿਚ ਦੋਵੇਂ ਪ੍ਰਕਾਰ ਦੀਆਂ ਸ਼ਕਤੀਆਂ ਹੁੰਦੀਆਂ ਹਨ

ਇਕ ਉਹ ਜੋ ਮਨੁੱਖਾਂ ਨੂੰ ਇਕ ਕੜੀ ਵਿਚ ਬੰਨਦੀਆਂ ਹਨ ਅਤੇ ਦੂਸਰੀਆਂ ਉਹ ਜੋ ਉਨ੍ਹਾਂ ਨੂੰ ਨਿਖੇੜ ਦਿੰਦੀਆਂ ਹਨ।"[5] ਪਰੰਤੂ "ਜਿੱਥੇ ਕਿਤੇ ਸਮਾਜ ਹੈ, ਸਮਾਜਕ ਸੰਘਰਸ਼ ਭਾਵੇਂ ਮਨੁੱਖ ਦਾ ਮਨੁੱਖ ਨਾਲ ਹੋਵੇ, ਭਾਵੇਂ ਸਮਾਜ ਦਾ ਸਮਾਜ ਦੇ ਵਿਰੁੱਧ ਹੋਵੇ, ਆਪ ਹੀ ਪ੍ਰਗਟ ਹੋ ਜਾਂਦਾ ਹੈ ਪਰ ਜੇ ਸਹਿਯੋਗ, ਸੰਘਰਸ਼ ਨਾਲੋਂ ਵਧੇਰੇ ਮਾਤਰਾ ਵਿਚ ਨਹੀਂ ਹੈ, ਤਾਂ ਸਮਾਜ ਟਿਕ ਨਹੀਂ ਸਕਦਾ।"[6] ਇਸ ਤਰ੍ਹਾਂ ਭਿੰਨਤਾ ਨਾਲੋਂ ਸਮਾਨਤਾ, ਸ੍ਵੈ-ਨਿਰਭਰਤਾ ਨਾਲੋਂ ਅੰਤਰ-ਨਿਰਭਰਤਾ ਅਤੇ ਸੰਘਰਸ਼ ਨਾਲੋਂ ਸਹਿਯੋਗ ਦੀ ਵਧੇਰੇ ਰੁਚੀ ਹੀ ਮਨੁੱਖਾਂ ਵਿਚ ਸਮਾਜੀਕਰਣ ਦੇ ਗੁਣ ਪੈਦਾ ਕਰਦੀ ਹੈ। ਸਮਾਜੀਕਰਨ ਦੀ ਪ੍ਰਕਿਰਿਆ ਮਨੁੱਖ ਦੇ ਬਚਪਨ ਤੋਂ ਹੀ ਨਹੀਂ, ਸਗੋਂ ਜਨਮ ਤੋਂ ਵੀ ਪਹਿਲਾਂ ਹੀ ਵਿਸ਼ਵਾਸਾਂ, ਲੋਕਾਚਾਰ, ਰਿਵਾਜ਼ਾਂ, ਕਦਰਾਂ-ਕੀਮਤਾਂ ਅਤੇ ਰੂੜ੍ਹੀਆਂ ਦੇ ਰੂਪ ਵਿਚ ਪ੍ਰਤੱਖ, ਅਪ੍ਰਤੱਖ ਤੌਰ ਤੇ ਆਰੰਭ ਹੋ ਜਾਂਦੀ ਹੈ ਜੋ ਕਿ ਮੌਤ ਤਕ ਇਸੇ ਤਰ੍ਹਾਂ ਚੱਲਦੀ ਰਹਿੰਦੀ ਹੈ ਤਾਂ ਕਿ ਮਰਨ ਤੋਂ ਬਾਅਦ ਵੀ ਮਨੁੱਖ, ਸਮਾਜ ਵਿਚ ਆਪਣੇ ਸਮਾਜਕ ਦਰਜੇ ਨੂੰ ਜਿਉਂ ਦਾ ਤਿਉਂ ਰੱਖਕੇ ਜਾਵੇ। ਕਿੰਗਜ਼ਲੇ ਡੇਵਿਸ ਅਨੁਸਾਰ "ਮਨੁੱਖੀ ਸੁਭਾਅ ਤੇ ਮਨੁੱਖੀ ਸਮਾਜ ਵਿਚ ਤਬਦੀਲੀ ਲਿਆਉਣ ਦਾ ਸਭ ਤੋਂ ਵੱਡਾ ਸੰਭਵ ਸਾਧਨ ਸਮਾਜੀਕਰਣ ਦਾ ਸੁਧਾਰ ਹੈ।"[7] ਵਿਅਕਤੀ ਦੇ ਸਮਾਜੀਕਰਣ ਵਿਚ ਸਭ ਤੋਂ ਮੁੱਢਲਾ ਅਤੇ ਅਹਿਮ ਕਾਰਜ ਪਰਿਵਾਰਕ ਵਾਤਾਵਰਣ ਦਾ ਹੁੰਦਾ ਹੈ। ਮਾਪੇ, ਭੈਣ-ਭਰਾ, ਆਲਾ-ਦੁਆਲਾ, ਆਂਢ-ਗੁਆਂਢ, ਸਕੂਲੀ ਸਾਥੀ, ਅਧਿਆਪਕ ਆਦਿ ਵਿਅਕਤੀ ਨੂੰ ਇਕ ਚੰਗਾ ਨਾਗਰਿਕ ਬਣਾਉਣ ਵਿਚ ਵਿਸ਼ੇਸ਼ ਰੋਲ ਅਦਾ ਕਰਦੇ ਹਨ। ਅੱਗੋਂ ਉਹ ਆਪਣੇ ਪਿੰਡ/ਕਸਬੇ, ਸ਼ਹਿਰ, ਪ੍ਰਾਂਤ, ਦੇਸ਼ ਅਤੇ ਸੰਸਾਰ ਬਾਰੇ ਜੋ ਅਨੁਭਵ, ਜਾਣਕਾਰੀ ਅਤੇ ਵਿਚਾਰਧਾਰਾ ਰੱਖਦਾ ਹੈ। ਇਹ ਸਭ ਕੁੱਝ ਉਸ ਦੇ ਸਮਾਕਜੀਕਰਣ ਦਾ ਹਿੱਸਾ ਬਣਦਾ ਹੈ। ਸਮਾਜੀਕਰਨ ਦੀ ਇਸ ਪ੍ਰਕਿਰਿਆ ਦੌਰਾਨ ਉਸ ਦੀਆਂ ਛੋਟੀਆਂ ਤੋਂ ਲੈ ਕੇ ਵੱਡੀਆਂ ਇੱਛਾਵਾਂ, ਆਦਤਾਂ, ਰੁਚੀਆਂ ਤੇ ਪ੍ਰਾਪਤੀਆਂ ਤਕ ਨੂੰ ਨਿਯੰਤ੍ਰਨ ਵਿਚ ਰੱਖ ਕੇ ਸਮੂਹਿਕ ਸਮਾਜ ਦੇ ਹਿਤਾਂ ਲਈ ਇਕ ਅਜਿਹੇ ਸਾਂਚੇ ਵਿਚ ਢਾਲਿਆ ਜਾਂਦਾ ਹੈ ਜਿਸ ਰਾਹੀਂ ਉਹ ਸਮਾਜ ਵਿਰੋਧੀ ਨਹੀਂ, ਸਗੋਂ ਸਮਾਜ ਹਿਤੈਸ਼ੀ ਹੋਣ ਪਰੰਤੂ ਸਮਾਜ ਦਾ ਹਰ ਨਾਗਰਿਕ ਆਪਣੇ ਨਿਜੀ ਹਿੱਤਾਂ ਨੂੰ ਸਮਾਜ ਅਨੁਸਾਰ ਪੂਰਾ ਨਹੀਂ ਕਰਦਾ, ਸਗੋਂ ਸਮਾਜ ਵਿਚ ਕਈ ਵਾਰ ਸਮਾਜੀਕਰਨ ਦੇ ਬਹੁਤ ਕੁੱਝ ਉਲਟ ਚੱਲਦਾ ਰਹਿੰਦਾ ਹੈ। ਹਰ ਸਮਾਜ ਦੇ ਵਿਅਕਤੀਆਂ ਦੀਆਂ ਕੁੱਝ ਸਾਕਾਰਤਮਕ ਅਤੇ ਨਕਾਰਾਤਮਕ ਪ੍ਰਵਿਰਤੀਆਂ ਹੁੰਦੀਆਂ ਹਨ। ਸਕਾਰਰਾਤਮਕ ਪ੍ਰਵਿਰਤੀਆਂ ਜਿੱਥੇ ਸਮਾਜ ਦੀ ਵਿਵਸਥਾ, ਨਿਰਵੈਰਤਾ, ਅਖੰਡਤਾ ਅਤੇ ਵਿਕਾਸ ਨੂੰ ਮੁੱਖ ਬਣਾਉਂਦੀਆਂ ਹਨ, ਉਥੇ ਨਕਾਰਾਤਮਕ ਪ੍ਰਵਿਰਤੀਆਂ ਸਮਾਜ ਲਈ ਹਾਨੀਕਾਰਕ ਸਿੱਧ ਹੁੰਦੀਆਂ ਹਨ। ਸਮਾਜ ਵਿਰੋਧੀ ਉਲਾਰ ਅਤੇ ਨਕਾਰਾਤਮਕ ਪ੍ਰਵਿਰਤੀਆਂ ਉਪਰ ਨਿਰੰਤਰਨ ਕਰਨਾ ਸਮਾਜਕ ਵਿਕਾਸ ਲਈ ਅਤਿ ਲਾਜ਼ਮੀ ਹੁੰਦਾ

ਹੈ। ਗਿਲਿਨ ਅਤੇ ਗਿਲਿਨ ਦਾ ਵਿਚਾਰ ਹੈ ਕਿ "ਸਮਾਜਕ ਨਿਰੰਤਰਨ, ਸੁਝਾਅ, ਪ੍ਰੇਰਣਾ, ਪ੍ਰਤਿਰੋਧ ਅਤੇ ਦਬਾਅ ਜਿਸ ਵਿਚ ਸਰੀਰਕ ਬਲ ਪ੍ਰਯੋਗ ਹੋਣ ਦੇ ਨਾਲ-ਨਾਲ ਸਭ ਸਾਧਨ ਸ਼ਾਮਲ ਹਨ, ਵਰਗੇ ਉਪਾਵਾਂ ਦੀ ਉਹ ਵਿਵਸਥਾ ਹੈ ਜਿਸ ਨਾਲ ਇਕ ਸਮਾਜ ਇਕ ਉਪ-ਸਮੂਹ ਨੂੰ ਵਿਵਹਾਰ ਦੇ ਸਵੀਕ੍ਰਿਤ ਪ੍ਰਤਿਮਾਨ ਦੇ ਅਨੁਰੂਪ ਬਣਾਉਂਦਾ ਹੈ ਜਾਂ ਜਿਸ ਨਾਲ ਇਕ ਸਮੂਹ ਆਪਣੇ ਮੈਂਬਰਾਂ ਦੇ ਵਿਵਹਾਰ ਨੂੰ ਆਪਣੇ ਆਪਣੇ ਅਨੁਰੂਪ ਢਾਲਦਾ ਹੈ।"[8]

ਸਮਾਜਕ ਨਿਰੰਤਰਨ ਦੇ ਸਾਧਨਾਂ ਨੂੰ ਵਧੇਰੇ ਕਰਕੇ ਦੋ ਵਰਗਾਂ 'ਰਸਮੀ ਨਿਰੰਤਰਨ' ਅਤੇ 'ਗ਼ੈਰ-ਰਸਮੀ ਨਿਰੰਤਰਨ' ਵਿਚ ਵੰਡਿਆ ਜਾਂਦਾ ਹੈ। ਗ਼ੈਰ-ਰਸਮੀ ਨਿਰੰਤਰਨ ਵਿਚ ਪਰਿਵਾਰ , ਸਮੁਦਾਇਕ ਸੰਹਿਤਾਵਾਂ-ਲੋਕਾਚਾਰ, ਰਿਵਾਜ਼, ਰੂੜ੍ਹੀਆਂ, ਨੈਤਿਕ ਕੀਮਤਾਂ, ਵਿਸ਼ਵਾਸ, ਸੰਸਕਾਰ, ਧਰਮ, ਆਦਿ ਨਿਰੰਤਰਨਾਂ ਨੂੰ ਲਿਆ ਜਾਂਦਾ ਹੈ। ਸਮਾਜ-ਵਿਗਿਆਨੀਆਂ ਅਨੁਸਾਰ ਗ਼ੈਰ-ਰਸਮੀ ਨਿਰੰਤਰਨਾਂ ਦਾ ਵਧੇਰੇ ਕਰਕੇ ਆਦਿਮ ਸਮਾਜਾਂ ਵਿਚ ਬੋਲਬਾਲਾ ਰਿਹਾ, ਜਦੋਂਕਿ ਆਧੁਨਿਕ ਸਮਾਜਾਂ ਲਈ ਰਸਮੀ ਨਿਰੰਤਰਨ (ਰਾਜ, ਕਾਨੂੰਨ ਆਦਿ) ਦੀ ਵਧੇਰੇ ਮਹੱਤਤਾ ਹੈ ਕਿਉਂਕਿ ਆਧੁਨਿਕ ਸਮਾਜ ਵਧੇਰੇ ਜਟਿਲ ਸਮਾਜਾਂ ਦਾ ਰੂਪ ਧਾਰਨ ਕਰ ਗਏ ਹਨ ਜਿਨ੍ਹਾਂ ਲਈ ਗ਼ੈਰ-ਰਸਮੀ ਨਿਰੰਤਰਨ ਕਾਫ਼ੀ ਨਹੀਂ। ਜੋ ਵੀ ਹੋਵੇ ਪਰ ਹਰ ਸਮਾਜ ਲਈ ਕਿਸੇ ਨਾ ਕਿਸੇ ਪੱਖ ਤੋਂ ਦੋਵੇਂ ਤਰ੍ਹਾਂ ਦੇ ਸਮਾਜਕ ਨਿਰੰਤਰਨ ਅਤਿ ਲਾਜ਼ਮੀ ਹੁੰਦੇ ਹਨ।

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਸਮਾਜ ਇਕ ਅਜਿਹਾ ਨਿਯਮ-ਪ੍ਰਬੰਧ ਹੈ ਜਿਸਦੇ ਸਾਰੇ ਕਾਰਜ ਸਮਾਜਕ ਇਕਾਈਆਂ ਅਤੇ ਵੱਖ-ਵੱਖ ਸਮਾਜਕ ਸੰਸਥਾਵਾਂ ਵਿਚ ਵੰਡ ਕੇ ਚੱਲਦੇ ਹਨ। ਜਿੱਥੇ ਸਮਾਜਕ ਇਕਾਈਆਂ ਸਮਾਜ ਨੂੰ ਸੰਗਠਿਤ ਕਰਨ ਦੀਆਂ ਮੁੱਢਲੀਆਂ ਇਕਾਈਆਂ (units) ਹੁੰਦੀਆਂ ਹਨ ਉਥੇ ਸਮਾਜਕ ਸੰਸਥਾਵਾਂ ਸਮਾਜ ਨੂੰ ਵਿਵਸਥਿਤ ਕਰਨ ਦਾ ਕਾਰਜ ਕਰਦੀਆਂ ਹਨ। ਸ੍ਰੀ ਹਰੀ ਦੱਤ ਵੈਦਯ ਅਲੰਕਾਰ ਅਨੁਸਾਰ "ਸਮਾਜਕ ਇਕਾਈਆਂ ਵਿਚ ਪਰਿਵਾਰ, ਵੰਸ਼, ਗੋਤ ਅਤੇ ਕਬੀਲੇ ਸ਼ਾਮਲ ਹੁੰਦੇ ਹਨ, ਜਦੋਂਕਿ ਸਮਾਜਕ ਸੰਸਥਾਵਾਂ ਵਿਚ ਵਿਆਹ, ਸਿੱਖਿਆ, ਸੰਪਤੀ, ਕਾਨੂੰਨ, ਰਾਜ ਅਤੇ ਧਰਮ ਵਰਗੇ ਪੱਖ ਸ਼ਾਮਲ ਹੁੰਦੇ ਹਨ। ਅਸਲ ਵਿਚ ਸਮਾਜਕ ਸੰਸਥਾ ਸਮਾਜ ਦਾ ਉਹ ਢਾਂਚਾ ਹੁੰਦਾ ਹੈ ਜਿਹੜਾ ਮੁੱਖ ਰੂਪ ਵਿਚ ਚੰਗੇ ਢੰਗ ਨਾਲ ਤੇ ਵਿਵਸਥਤ ਤਰੀਕੇ ਨਾਲ ਮਨੁੱਖਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸੰਗਠਿਤ ਕੀਤਾ ਜਾਂਦਾ ਹੈ।"[9] ਮੈਕਾਈਵਰ ਅਤੇ ਪੇਜ ਅਨੁਸਾਰ "ਜੇਕਰ ਅਸੀਂ ਕਿਸੇ ਚੀਜ਼ ਨੂੰ ਸੰਗਠਿਤ ਰੂਪ ਵਿਚ ਵੇਖਦੇ ਹਾਂ ਤਾ ਉਹ ਸਭਾ ਹੈ, ਜੇਕਰ ਇਕ ਅਮਲ ਦੇ ਰੂਪ ਵਿਚ ਤਾਂ ਉਹ ਸੰਸਥਾ ਹੈ। ਸਭਾ ਮੈਂਬਰੀ (membership) ਵੱਲ ਇਸ਼ਾਰਾ ਕਰਦੀ ਹੈ ਅਤੇ ਸੰਸਥਾ ਕਾਰਜ-ਵਿਧੀ ਜਾਂ ਸੇਵਾ ਦੇ ਢੰਗ ਵੱਲ।"[10]

ਇਸ ਲਈ ਪਰਿਵਾਰ ਇਕ ਸਭਾ ਵੀ ਹੈ ਅਤੇ ਇਕ ਸੰਸਥਾ ਵੀ ਹੈ। ਪਰਿਵਾਰ ਪੁਰਸ਼ ਅਤੇ ਇਸਤਰੀ ਦੇ ਲਿੰਗਕ ਸੰਬੰਧਾਂ ਦੀ ਪੈਦਾਵਾਰ ਹੈ। ਬੱਚੇ, ਭੈਣ-ਭਰਾਵਾਂ ਆਦਿ ਮੈਂਬਰਾਂ ਦੇ ਇਕ ਛੱਤ ਥੱਲੇ ਰਹਿਣ ਅਤੇ ਉਨ੍ਹਾਂ ਦੇ ਆਪਸੀ ਸੰਬੰਧਾਂ, ਵਿਵਹਾਰਾਂ ਅਤੇ ਚੇਤੰਨਤਾ ਤੋਂ ਪੂਰਨ ਪਰਿਵਾਰ ਬਣਦਾ ਹੈ। ਪਰਿਵਾਰ, ਪਰਿਵਾਰਕ ਮੈਂਬਰਾਂ ਦੇ ਸਾਂਝੇ ਆਰਥਿਕ ਵਸੀਲਿਆਂ ਦਾ ਅਜਿਹਾ ਸਾਂਝਾ ਨਿਵਾਸ ਸਥਾਨ ਹੁੰਦਾ ਹੈ ਜਿੱਥੇ ਪਰਿਵਾਰਕ ਮੈਂਬਰ, ਇਕ ਦੂਸਰੇ ਦਾ ਪ੍ਰਭਾਵ ਕਬੂਲਦੇ ਹਨ। ਇਹੋ ਪ੍ਰਭਾਵ ਅੱਗੋਂ ਭਵਿੱਖ ਵਿਚ ਬੱਚਿਆਂ ਦੇ ਵਿਅਕਤਿਤਵ ਨੂੰ ਨਿਖਾਰਨ ਵਿਚ ਮੁੱਢਲਾ ਤੇ ਮਹੱਤਵਪੂਰਨ ਕਾਰਜ ਨਿਭਾਉਂਦਾ ਹੈ। "ਵਿਆਹ ਅਤੇ ਉਸ ਨਾਲ ਜੁੜੇ ਕੰਮ ਭਾਵੇਂ ਪਰਿਵਾਰ ਵਿਚ ਹੀ ਕੀਤੇ ਜਾਂਦੇ ਹਨ ਪਰ ਇਨ੍ਹਾਂ ਦਾ ਪ੍ਰਭਾਵ ਸਾਰੇ ਸਮਾਜ ਤੇ ਹੁੰਦਾ ਹੈ। ਵਿਆਹ ਰਾਹੀਂ ਮਨੁੱਖ ਆਪਣੀ ਲਿੰਗਕ ਜ਼ਰੂਰਤ ਪੂਰੀ ਕਰਨ ਦੇ ਨਾਲ ਮਨੋਵਿਗਿਆਨਕ, ਨੈਤਿਕ ਅਤੇ ਅਧਿਆਤਮਕ ਜ਼ਰੂਰਤਾਂ ਵੀ ਪੂਰੀਆਂ ਕਰਦਾ ਹੈ।"[11]

ਧਰਮ ਇਕ ਪ੍ਰਾਚੀਨ ਸੰਸਥਾ ਹੈ ਜੋ ਸਾਰੇ ਸੰਸਾਰ ਦੇ ਸਮਾਜਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਪਾਈ ਜਾਂਦੀ ਹੈ। ਧਰਮ ਦੀ ਪ੍ਰਾਚੀਨਤਾ ਨੂੰ ਸਿੱਧ ਕਰਨ ਲਈ ਵਿਦਵਾਨਾਂ ਵੱਲੋਂ 'ਧਰਮ ਮਨੁੱਖ ਜਿੰਨਾ ਪੁਰਾਣਾ ਹੈ' ਦਾ ਵਿਚਾਰ ਪ੍ਰਗਟਾਇਆ ਜਾਂਦਾ ਹੈ। ਪ੍ਰਾਚੀਨ ਸਮਾਜਾਂ ਵਿਚ ਤਾਂ ਧਰਮ ਹੀ ਸਮਾਜਕ ਨਿਰੰਤਰਨ ਦਾ ਇਕੋ ਇਕ ਸਾਧਨ ਸੀ। ਉਦੋਂ ਦੇ ਸਮਾਜਾਂ ਦਾ ਹਰ ਪਹਿਲੂ ਧਰਮ ਨਾਲ ਜੁੜਿਆ ਹੋਣ ਕਰਕੇ ਉਹ ਆਪਣੇ ਜੀਵਨ ਦਾ ਹਰ ਕਾਰਜ ਧਰਮ ਨੂੰ ਮੁੱਖ ਰੱਖ ਕੇ ਕਰਦੇ ਸਨ। ਧਰਮ, ਸਮਾਜ ਦੀ ਇਕ ਅਜਿਹੀ ਸੰਸਥਾ ਹੈ ਜਿਸਨੇ ਆਰੰਭ ਤੋਂ ਲੈ ਕੇ ਲੋਕਾਂ ਦੇ ਸਮਾਜੀਕਰਨ ਅਤੇ ਉਨਾਂ ਦੀਆਂ ਉਲਾਰੂ ਪ੍ਰਵਿਰਤੀਆਂ 'ਤੇ ਨਿਰੰਤਰਨ ਵਿਚ ਵਧੇਰੇ ਯੋਗਦਾਨ ਪਾਇਆ ਹੈ ਅਤੇ ਧਰਮ ਹੀ ਮਨੁੱਖ ਦੀਆਂ ਉਲਾਰ ਬਿਰਤੀਆਂ ਨੂੰ ਸੌਖਿਆਂ ਕਾਬੂ ਕਰਨ ਵਾਲਾ ਪ੍ਰਮੁੱਖ ਸਾਧਨ ਅਤੇ ਸੰਸਥਾ ਹੈ ਜੋ ਮਨੁੱਖੀ ਜੀਵਨ ਨੂੰ ਵਧੇਰੇ ਸਹਿਜ, ਸੁਹਜ ਅਤੇ ਆਨੰਦਮਈ ਬਣਾਉਣ ਦੀ ਹਾਮੀ ਭਰਦਾ ਹੈ।

"ਆਪਣੀ ਖਾਧ-ਖੁਰਾਕ ਲਈ ਅਤੇ ਜਾਇਦਾਦ ਦੇ ਸੰਗ੍ਰਹਿ ਲਈ ਮਨੁੱਖ ਜੋ ਕੰਮ-ਕਾਜ ਕਰਦਾ ਹੈ ਉਸ ਨਾਲ ਆਰਥਿਕ ਸੰਸਥਾਵਾਂ ਦਾ ਨਿਰਮਾਣ ਹੁੰਦਾ ਹੈ। ਆਰਥਿਕ ਸੰਸਥਾਵਾਂ ਵਟਾਂਦਰਾ (exchange), ਉਤਪਾਦਨ (production), ਵੰਡ (distribution) ਅਤੇ ਉਪਭੋਗ (consumption) ਆਦਿ ਆਰਥਿਕ ਕ੍ਰਿਆਵਾਂ ਨਾਲ ਸੰਬੰਧਿਤ ਹੁੰਦੀਆਂ ਹਨ।"[12] ਆਰਥਿਕ ਸੰਸਥਾਵਾਂ ਦਾ ਬਾਕੀ ਸਮਾਜਕ ਸੰਸਥਾਵਾਂ ਨਾਲ ਗੂੜ੍ਹਾ ਸੰਬੰਧ ਹੁੰਦਾ ਹੈ। ਆਰਥਿਕ ਸੰਸਥਾਵਾਂ ਵਿਚ ਹੋਏ ਸਕਾਰਾਤਮਕ ਅਤੇ ਨਕਾਰਾਤਮਕ ਪਰਿਵਰਤਨਾਂ ਕਾਰਨ, ਸਮਾਜਕ ਸੰਗਠਨ ਵਿਚ ਤਬਦੀਲੀ

ਦੀ ਸੰਭਾਵਨਾ ਬਣੀ ਰਹਿੰਦੀ ਹੈ। "ਸੰਪਤੀ ਅਤੇ ਆਰਥਿਕ ਸੰਸਥਾਵਾਂ ਅਧੀਨ ਪੂਰਵਜਾਂ (ancestor) ਦੁਆਰਾ ਪ੍ਰਾਪਤ ਨਿਜੀ ਜਾਇਦਾਦ ਦੀ ਰੱਖਿਆ ਅਤੇ ਨਵੀਂ ਜਾਇਦਾਦ ਦੇ ਵਿਕਾਸ ਦੀਆਂ ਸਮੱਸਿਆਵਾਂ ਆਉਂਦੀਆਂ ਹਨ। ਨਿਤਾਪ੍ਰਤੀ ਦੀਆਂ ਜ਼ਰੂਰਤਾਂ ਦੀ ਪੂਰਤੀ ਅਤੇ ਵੱਖ-ਵੱਖ ਸੁੱਖ-ਸਹੂਲਤਾਂ ਪ੍ਰਾਪਤ ਕਰਨ ਲਈ ਮਨੁੱਖ ਅਨੇਕ ਪ੍ਰਕਾਰ ਦੇ ਪੇਸ਼ੇ ਅਤੇ ਉਪਯੋਗੀ ਕਲਾਵਾਂ ਨੂੰ ਗ੍ਰਹਿਣ ਕਰਦਾ ਹੈ। ਇਹ ਹੀ ਵੱਖ-ਵੱਖ ਪੇਸ਼ੇ ਆਪਣੇ ਵਿਕਸਤ ਰੂਪ ਵਿਚ ਆਰਥਿਕ ਸੰਸਥਾਵਾਂ ਦਾ ਰੂਪ ਗ੍ਰਹਿਣ ਕਰਦੇ ਹਨ। ਇਹਨਾਂ ਵਿਚ ਕਾਰਖਾਨੇ, ਹੋਰ ਦੂਸਰੇ ਪੇਸ਼ੇ ਬੈਂਕ, ਸਹਿਕਾਰੀ ਸੰਸਥਾਵਾਂ, ਟਰੇਡ ਯੂਨੀਅਨਾਂ, ਆਵਾਜਾਈ ਦੇ ਸਾਧਨ ਪ੍ਰਮੁੱਖ ਹਨ।"[13]

ਵਿੱਦਿਆ ਸਮਾਜੀ ਮਨੁੱਖਾਂ ਲਈ ਉਹ ਕਾਰਜ ਕਰਦੀ ਹੈ ਜਿਸ ਨੂੰ ਆਧਾਰ ਬਣਾਕੇ ਮਨੁੱਖ ਆਪਣੇ ਬਾਹਰੀ ਕਾਰਜ ਹੀ ਨਹੀਂ, ਸਗੋਂ ਆਪਣੇ ਵਿਚਾਰਾਂ, ਅਨੁਭਵਾਂ ਤੇ ਬੁੱਧੀ ਆਦਿ ਨੂੰ ਵੀ ਵਿਕਸਤ ਕਰਦੇ ਹਨ। ਸਮਾਜ ਨੂੰ ਇਕ ਨਵੀਨ ਅਤੇ ਨਿਰੋਗੀ ਸਮਾਜ ਵਿਚ ਵਿਕਸਤ ਕਰਨ ਲਈ ਵਿੱਦਿਆ ਸਮੇਂ ਸਮੇਂ ਆਪਣਾ ਬਣਦਾ ਯੋਗਦਾਨ ਪਾਉਂਦੀ ਹੈ। "ਵਿੱਦਿਆ ਮਨੁੱਖ ਨੂੰ ਪ੍ਰਕਿਰਤੀ ਦੁਆਰਾ ਮਿਲੀਆਂ ਸ਼ਕਤੀਆਂ, ਇੰਦਰੀਆਂ, ਬੁੱਧੀ, ਯਾਦ ਸ਼ਕਤੀ ਆਦਿ ਦਾ ਉਪਯੋਗ ਸਿਖਾਉਂਦੀ ਹੈ। ਵਿਦਿਆ ਉਸਨੂੰ ਜੀਵਨ ਸੰਘਰਸ਼ ਵਿਚ ਸਫ਼ਲ ਹੋਣ ਯੋਗ ਬਣਾਉਂਦੀ ਹੈ। ਵਿੱਦਿਆ ਤਾਂ ਅਨੁਕੂਲਣ (adaptation) ਦੀ ਕਲਾ ਹੈ। ਮਨੁੱਖ ਦੇ ਲਈ ਅਨੁਕੂਲਣ ਪ੍ਰਾਕਿਰਤੀ ਨਾਲੋਂ ਅਧਿਕ ਸਮਾਜਕ ਹੈ।"[14] ਵਿਦਿਆ ਅਸੀਮ ਹੈ। ਵਿਦਿਆ ਸਮਾਜ ਵਿਚ ਕੇਵਲ ਨਿਜੀ ਪ੍ਰਾਪਤੀਆਂ ਦਾ ਹੀ ਸਾਧਨ ਨਹੀਂ, ਸਗੋਂ ਸਮਾਜ ਦੇ ਯੋਗ ਨਾਗਰਿਕ ਹੋਣ ਵਿਚ ਵੀ ਸਹਾਇਕ ਹੁੰਦੀ ਹੈ। ਇਸ ਲਈ ਜਿੱਥੇ ਮਨੁੱਖ ਇਸ ਪ੍ਰਕਿਰਿਆ ਦੁਆਰਾ ਆਪਣੇ ਵਿਅਕਤਿਤਵ ਨੂੰ ਨਿਖਾਰਦਾ ਹੈ ਉਥੇ ਇਕ ਉਸਾਰੂ ਦ੍ਰਿਸ਼ਟੀਕੋਣ ਵੀ ਰੱਖਦਾ ਹੈ। ਇਸੇ ਦ੍ਰਿਸ਼ਟੀਕੋਣ ਨੂੰ ਸਮਾਜ ਦੇ ਵੱਖੋ-ਵੱਖ ਪੱਖਾਂ ਪ੍ਰਤੀ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਸਮਝਣ ਲਈ ਅੱਗੋਂ ਵਿਦਿਅਕ ਖੇਤਰਾਂ ਵਿਚ ਅਨੇਕ ਵਿਦਿਅਕ ਸੰਸਥਾਵਾਂ ਹੋਂਦ ਵਿਚ ਆਉਂਦੀਆਂ ਹਨ।

ਸਮਾਜਕ-ਵਿਵਸਥਾ ਨੂੰ ਬਣਾਈ ਰੱਖਣ ਲਈ ਕਿਸੇ ਵੀ ਸਮਾਜ ਦਾ ਪ੍ਰਬੰਧ ਸਮੂਹਕ ਜੀਵਨ-ਵਿਵਹਾਰ ਵਿਚੋਂ ਘੜੀਆਂ ਜੁਗਤਾਂ, ਵਿਧੀਆਂ ਅਨੁਸਾਰ ਚੱਲਦਾ ਹੈ। ਨਿਸ਼ਚਿਤ ਕੀਤੇ ਸਮਾਜਕ ਪ੍ਰਬੰਧ ਦੁਆਰਾ ਮਨੁੱਖੀ ਲੋੜਾਂ ਦੀ ਪੂਰਤੀ ਲਈ ਕੁਝ ਅਜਿਹੇ ਸਾਂਝੇ ਅਤੇ ਸਵੀਕ੍ਰਿਤ ਨਿਯਮ ਵੀ ਘੜੇ ਜਾਂਦੇ ਹਨ ਜਿਨ੍ਹਾਂ ਨੂੰ ਮਨੁੱਖੀ ਸਮੂਹ ਆਪਣੀ ਰੋਜ਼ਮਰਾ ਆਦਤ ਬਣਾ ਲੈਂਦਾ ਹੈ। ਮਨੁੱਖੀ ਸਮੂਹ ਦੁਆਰਾ ਹੋਂਦ ਵਿਚ ਆਈਆਂ ਆਦਤਾਂ, ਜਨਰੀਤੀਆਂ, ਰਿਵਾਜ ਅਤੇ ਰੂੜ੍ਹੀਆਂ ਦੀ ਇਕ ਕ੍ਰਮਵਾਰ ਪ੍ਰਕਿਰਿਆ ਹੈ ਜਿਸਦਾ ਸਮਾਜਕ ਨਿਰੰਤਰਨ ਵਿਚ ਵੱਡਾ ਯੋਗਦਾਨ ਹੁੰਦਾ ਹੈ ਪਰੰਤੂ ਕੁਝ

ਵਿਅਕਤੀਆਂ ਦੁਆਰਾ ਸਮਾਜ-ਵਿਰੋਧੀ ਪੈਦਾ ਕੀਤੀਆ ਸਮੱਸਿਆਵਾਂ 'ਤੇ ਕਾਬੂ ਕਰਨਾ ਗ਼ੈਰ ਰਸਮੀ ਨਿਰੰਤਰਨਾਂ ਤੋਂ ਬਾਹਰਾ ਕੰਮ ਹੋ ਜਾਂਦਾ ਹੈ ਜਦੋਂ ਕਿ ਨਕਾਰਾਤਮਕ ਮਨੁੱਖੀ ਪ੍ਰਵਿਰਤੀਆਂ ਤੇ ਕਾਬੂ ਕਰਨ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਰਸਮੀ ਸੰਸਥਾਵਾਂ (ਰਾਜ, ਕਾਨੂੰਨ) ਦਾ ਕਾਰਜ ਵਧੇਰੇ ਲਾਭਦਾਇਕ ਸਿੱਧ ਹੁੰਦਾ ਹੈ। ਰਸਮੀ ਨਿਰੰਤਰਨਾਂ ਦੁਆਰਾ ਮਨੁੱਖ 'ਤੇ ਦਬਾਅ ਦੇ ਕਈ ਸਖ਼ਤ ਢੰਗ ਅਪਣਾਕੇ ਸਮਾਜ ਵਿਰੋਧੀ ਕਾਰਵਾਈ ਨੂੰ ਅਤੇ ਸਮਾਜ ਹਿਤੈਸ਼ੀ ਪੱਖਾਂ ਨੂੰ ਉਭਾਰਿਆ ਜਾਂਦਾ ਹੈ।

ਪ੍ਰਾਚੀਨ ਜਾਂ ਮੁੱਢਲੇ ਸਮਾਜਾਂ ਵਿਚ ਕੇਵਲ ਧਰਮ ਹੀ ਕਿਸੇ ਨਾ ਕਿਸੇ ਰੂਪ ਵਿਚ ਸਮਾਜਕ ਨਿਰੰਤਰਨ ਦਾ ਸਾਧਨ ਸੀ। ਮਨੁੱਖੀ ਸਮੂਹ ਦੀਆਂ ਬੁਨਿਆਦੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਜਿੱਥੇ ਸਵੀਕ੍ਰਿਤ ਪਰੰਪਰਾਗਤ ਰੀਤੀ-ਰਿਵਾਜ਼, ਲੋਕਰੀਤੀਆਂ, ਰੂੜ੍ਹੀਆਂ ਆਦਿ ਨੂੰ ਆਧਾਰ ਬਣਾਇਆ ਜਾਂਦਾ ਹੈ ਉਥੇ ਸਮਕਾਲੀ ਸਮਾਜ ਵਿਚ ਪੇਸ਼ ਨਕਾਰਾਤਮਕ ਪ੍ਰਸਥਿਤੀਆਂ ਤੇ ਕਾਬੂ ਕਰਨ ਲਈ ਕੁਝ ਨਵੇਂ ਸਥਾਪਿਤ ਅਤੇ ਸਵੀਕ੍ਰਿਤ ਸਾਧਨਾਂ ਦਾ ਵੀ ਪ੍ਰਯੋਗ ਕੀਤਾ ਜਾਂਦਾ ਹੈ। ਰਾਜ ਦੁਆਰਾ ਘੜੇ ਨਿਯਮ (ਕਾਨੂੰਨ) ਦਾ ਕਾਰਜ ਕੇਵਲ ਦਬਾਅ ਰਾਹੀਂ ਸਮਾਜਕ ਵਿਅਕਤੀਆਂ ਦੀਆਂ ਨਕਾਰਾਤਮਕ ਪ੍ਰਵਿਰਤੀਆਂ ਉਤੇ ਕਾਬੂ ਪਾਉਣਾ ਹੀ ਨਹੀਂ ਹੁੰਦਾ, ਸਗੋਂ ਮਨੁੱਖਾਂ ਦੇ ਹੱਕਾਂ ਦੀ ਰਾਖੀ ਕਰਨਾ, ਉਨ੍ਹਾਂ ਦੇ ਆਪਸੀ ਝਗੜਿਆਂ ਦਾ ਨਿਪਟਾਰਾ ਕਰਨਾ, ਸਮਾਜ ਦੀਆਂ ਬਾਹਰੀ ਅਤੇ ਅੰਦਰੂਨੀ ਸਮੱਸਿਆਵਾਂ ਨਾਲ ਨਜਿੱਠਣਾ ਅਤੇ ਹਰ ਮਨੁੱਖ ਨੂੰ ਨਿਆਂਪੂਰਵਕ ਅੱਗੇ ਵਧਣ ਅਤੇ ਹੱਕਾਂ ਦੀ ਪੂਰਤੀ ਦੇ ਮੌਕੇ ਪ੍ਰਦਾਨ ਕਰਨਾ ਵੀ ਹੁੰਦਾ ਹੈ।

## ਸਭਿਆਚਾਰ

'ਸਭਿਆਚਾਰ' ਸ਼ਬਦ ਮੂਲ ਰੂਪ ਵਿਚ ਦੋ ਸ਼ਬਦਾਂ ਸਭਿਯ + ਅਚਾਰ ਦੇ ਜੋੜਮੇਲ ਤੋਂ ਬਣਿਆ ਹੈ ਜਿਸਦਾ ਅਰਥ ਮਨੁੱਖੀ ਮਨ ਅਤੇ ਬੁੱਧੀ ਨੂੰ ਸਾਧਣਾ, ਸਭਿਅਕ ਸਾਊ, ਸੁਲਝਿਆ ਆਚਰਨ ਆਦਿ ਦੇ ਅਰਥਾਂ ਵਿਚ ਲਿਆ ਜਾਂਦਾ ਹੈ। ਸਭਿਆਚਾਰ ਦੇ ਸਮਾਨਾਰਥਕ ਰੂਪ ਵਿਚ ਹਿੰਦੀ ਭਾਸ਼ਾ ਵਿਚ ਸ਼ਬਦ 'ਸੰਸਕ੍ਰਿਤੀ' ਦਾ ਪ੍ਰਯੋਗ ਕੀਤਾ ਜਾਂਦਾ ਹੈ। "ਸੰਸਕ੍ਰਿਤੀ ਸ਼ਬਦ 'ਸਮ' ਉਪਸਰਗ ਨਾਲ 'ਕ੍ਰਿ' ਧਾਤੂ ਅਤੇ 'ਕਤਿਨ' ਪ੍ਰਤਯ ਤੋਂ ਬਣਿਆ ਹੈ। ਇਸ ਦਾ ਭਾਵ ਸਪਸ਼ਟ ਰੂਪ ਵਿਚ ਸਜਾਉਣਾ ਜਾਂ ਉੱਜਲ ਕਰਨਾ ਹੈ। ਇਸ ਵਿਚ ਸ੍ਰਿਸ਼ਟਾਚਾਰ, ਸੱਜਣਤਾ, ਵਿਵੇਕਸ਼ੀਲਤਾ ਅਤੇ ਧਰਮ (ਕਰਤੱਵ) ਪਾਲਣ ਆਦਿ ਅੰਦਰਲੇ ਭਾਵ ਵੀ ਸੰਸਕਾਰਾਂ (ਪਵਿੱਤਰ ਬਣਾਉਣ ਵਾਲੇ ਕਾਰਜ) ਵਿਚ ਮਿਲੇ ਹੋਏ ਹਨ।"[15]

ਸਭਿਆਚਾਰ ਦੇ ਸਮਾਨ ਅਰਥਾਂ ਵਿਚ ਅੰਗਰੇਜ਼ੀ ਵਿਚ ਸ਼ਬਦ 'ਕਲਚਰ' (culture) ਬਹੁਤ ਵਾਰੀ ਪ੍ਰਯੋਗ ਕੀਤਾ ਗਿਆ ਹੈ। ਈ.ਬੀ. ਟਾਇਲਰ ਅਨੁਸਾਰ "ਇਹ ਸ਼ਬਦ ਲੈਟਿਨ ਦੇ ਕਲਤੂਰ (culture) ਸ਼ਬਦ ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਪੂਜਾ।"[16] ਗੁਰਬਖ਼ਸ਼ ਸਿਘ ਫਰੈਂਕ ਨੇ ਅੰਗਰੇਜ਼ੀ ਸ਼ਬਦ 'ਕਲਚਰ' ਦੇ ਅਰਥਾਂ ਨੂੰ ਖੇਤੀ ਤੋਂ ਲੈ ਕੇ ਸ਼ਖ਼ਸੀਅਤ ਦੀ ਸਾਧਨਾ ਤੱਕ ਦੇ ਵਿਕਾਸ ਬਾਰੇ ਲਿਖਿਆ ਹੈ ਕਿ "ਇਸ ਦਾ ਮੂਲ ਅਰਥ 'ਧਰਤੀ ਵਾਹੁਣਾ' ਵੀ ਇਸ ਸ਼ਬਦ ਦੇ ਇਕ ਮਹੱਤਵਪੂਰਨ ਪੱਖ ਨੂੰ ਪੇਸ਼ ਕਰਦਾ ਹੈ ਕਿਉਂਕਿ ਵਾਹੀ ਪ੍ਰਕਿਰਤੀ ਤੋਂ ਆਪਣੇ ਯਤਨਾਂ ਨਾਲ ਉਹ ਕੁਝ ਪ੍ਰਾਪਤ ਕਰਨਾ ਹੈ ਜੋ ਕੁਝ ਪ੍ਰਕਿਰਤੀ ਆਪੇ ਨਹੀਂ ਦੇਂਦੀ। ਇਥੋਂ ਹੀ ਇਹ ਸ਼ਬਦ ਤੁਰਦਾ ਹੋਇਆ ਮਨ ਅਤੇ ਬੁੱਧੀ ਨੂੰ ਸਾਧਣਾ, ਚੰਗੀਆਂ ਆਦਤਾਂ ਪਾਉਣਾ, ਸ਼ਖ਼ਸੀਅਤ ਨੂੰ ਉੱਜਲ ਬਣਾਉਣਾ, ਜ਼ਿੰਦਗੀ ਨੂੰ ਹੋਰ ਸੋਹਣਾ ਤੇ ਸੁਖੀ ਬਣਾਉਣਾ ਅਤੇ ਉਸ ਲਈ ਸਾਧਨ ਪੈਦਾ ਕਰਨਾ ਦੇ ਅਰਥਾਂ ਤੱਕ ਪੁੱਜ ਗਿਆ ਹੈ।"[17] ਸੋ ਅਰਥ-ਬੋਧ ਦੇ ਪੱਖ ਤੋਂ ਸਭਿਆਚਾਰ ਨੂੰ ਸਾਊ, ਸੁਲਝਿਆ ਆਚਰਨ, ਮਨ, ਬੁੱਧੀ ਨੂੰ ਸਾਧਣਾ ਅਤੇ ਸਭਿਅਕ ਮਨੁੱਖਤਾ ਵਾਲਾ ਵਿਵਹਾਰ ਤੋਂ ਲਏ ਜਾਂਦੇ ਹਨ ਜਦੋਂ ਕਿ ਕਿਸੇ ਵਿਸ਼ੇਸ਼ ਲੋਕ-ਸਮੂਹ ਜਾਂ ਜਾਤੀ ਦੇ ਸਭਿਆਚਾਰ ਦੇ ਪੱਖ ਤੋਂ ਇਸ ਦਾ ਅਰਥ ਉਸ ਜਾਤੀ ਜਾਂ ਲੋਕ-ਸਮੂਹ ਦੇ ਉਸ ਸੁਭਾਅ ਤੋਂ ਲਿਆ ਜਾਂਦਾ ਹੈ ਜੋ ਸੁਭਾਅ ਉਨ੍ਹਾਂ ਲੋਕਾਂ ਦੇ ਸਦੀਆਂ ਬੱਧੀ ਅਨੁਭਵ ਤੋਂ ਬਣਿਆ ਹੁੰਦਾ ਹੈ ਅਤੇ ਇਹ ਹਰ ਇਕ ਲੋਕ-ਸਮੂਹ ਦਾ ਦੂਸਰਿਆਂ ਨਾਲੋਂ ਵੱਖਰਾ ਹੁੰਦਾ ਹੈ ਜੋ ਉਸ ਜਾਤੀ ਜਾਂ ਲੋਕ-ਸਮੂਹ ਦਾ ਸਭਿਆਚਾਰ ਅਖਵਾਉਂਦਾ ਹੈ।

ਹਰ ਮਨੁੱਖ ਕਿਸੇ ਨਾ ਕਿਸੇ ਸਮਾਜ ਅਤੇ ਸਭਿਆਚਾਰ ਦਾ ਮੈਂਬਰ ਹੁੰਦਾ ਹੈ। ਕਿਸੇ ਵਿਸ਼ੇਸ਼ ਸਮਾਜ ਦੇ ਲੋਕਾਂ ਦਾ ਆਪਣਾ ਇਕ ਵਿਸ਼ੇਸ਼ ਜਿਉਣ-ਢੰਗ ਹੁੰਦਾ ਹੈ ਜੋ ਉਸ ਸਮਾਜ ਦਾ ਸਭਿਆਚਾਰ ਅਖਵਾਉਂਦਾ ਹੈ। ਸਮਾਜ ਦੀ ਸਥਿਰਤਾ ਸਭਿਆਚਾਰ ਉੱਤੇ ਨਿਰਭਰ ਕਰਦੀ ਹੈ। ਆਰ. ਫਿਰਥ (Raymond Firth) ਅਨੁਸਾਰ, "ਜਦੋਂ ਇਹ ਕਿਹਾ ਜਾਂਦਾ ਹੈ ਕਿ ਸਮਾਜ ਉਨ੍ਹਾਂ ਵਿਅਕਤੀਆਂ ਦਾ ਸਮੂਹ ਹੈ ਜਿਨ੍ਹਾਂ ਦੀ ਇਕ ਵਿਸ਼ੇਸ਼ ਜੀਵਨ ਜਾਚ ਹੋਵੇ ਤਾਂ ਸਭਿਆਚਾਰ ਉਹ ਜੀਵਨ ਜਾਚ ਹੈ। ਜੇ ਸਮਾਜ, ਸਮਾਜੀ ਰਿਸ਼ਤਿਆਂ ਦਾ ਸਮੂਹ ਹੈ ਤਾਂ ਸਭਿਆਚਾਰ ਉਨ੍ਹਾਂ ਰਿਸ਼ਤਿਆਂ ਦਾ ਮੂਲ ਹੈ। ਸਮਾਜ ਮਨੁੱਖੀ ਤੱਤ, ਵਿਅਕਤੀਆ ਦੇ ਸਮੂਹ ਅਤੇ ਉਨ੍ਹਾਂ ਦੇ ਆਪਸੀ ਸਬੰਧਾਂ ਤੇ ਜ਼ੋਰ ਦਿੰਦਾ ਹੈ। ਸਭਿਆਚਾਰ ਉਨ੍ਹਾਂ ਭੌਤਿਕ ਜਾਂ ਗ਼ੈਰ ਭੌਤਿਕ ਸੋਮਿਆਂ 'ਤੇ ਜ਼ੋਰ ਦਿੰਦਾ ਹੈ ਜਿਨ੍ਹਾਂ ਦੀ ਵਰਤੋਂ ਵਿਅਕਤੀ ਕਰਦੇ ਹਨ। ਇਹ ਤੱਤ ਮਨੁੱਖੀ ਕ੍ਰਿਆਵਾਂ ਲਈ ਸਹਾਇਕ ਹੁੰਦਾ ਹੈ। ਵਿਹਾਰਕ ਪੱਖ ਤੋਂ ਵੇਖਦਿਆਂ ਸਭਿਆਚਾਰ ਇਕ ਉਹ ਵਿਵਹਾਰ ਹੈ ਜਿਸ ਨੂੰ ਸਮਾਜ ਰਾਹੀਂ ਪ੍ਰਾਪਤ ਕੀਤਾ ਗਿਆ ਹੈ। ਇਸ ਵਿਚ ਸਮਾਜਕ ਕ੍ਰਿਆਵਾਂ ਵੀ ਸ਼ਾਮਿਲ ਹਨ।"[18]

ਸਭਿਆਚਾਰ ਨੂੰ ਸਭ ਤੋਂ ਪਹਿਲਾਂ ਪਰਿਭਾਸ਼ਿਤ ਕਰਨ ਵਾਲਾ ਵਿਦਵਾਨ ਮਾਨਵ-ਵਿਗਿਆਨੀ ਈ.ਬੀ. ਟਾਇਲਰ ਹੈ ਜਿਸ ਅਨੁਸਾਰ "ਸਭਿਆਚਾਰ ਉਹ ਜਟਿਲ ਸਮੂਹ ਹੈ ਜਿਸ ਵਿਚ ਗਿਆਨ, ਵਿਸ਼ਵਾਸ, ਕਲਾ, ਸਦਾਚਾਰਕ ਨਿਯਮ, ਕਾਨੂੰਨ, ਰਿਵਾਜ਼ ਅਤੇ ਅਜਿਹੀਆਂ ਹੀ ਹੋਰ ਯੋਗਤਾਵਾਂ ਅਤੇ ਆਦਤਾਂ ਸ਼ਾਮਿਲ ਹਨ ਜਿਨ੍ਹਾਂ ਨੂੰ ਮਨੁੱਖ ਨੇ ਸਮਾਜ ਦਾ ਮੈਂਬਰ ਹੋਣ ਦੇ ਨਾਤੇ ਪ੍ਰਾਪਤ ਕੀਤਾ ਹੈ।"[19] ਟੀ.ਐਸ. ਈਲਿਅਟ ਅਨੁਸਾਰ "ਸਭਿਆਚਾਰ ਤੋਂ ਭਾਵ ਕਿਸੇ ਵੀ ਸਮਾਜ ਦੇ ਸਮੁੱਚੇ ਪੈਟਰਨ ਤੋਂ ਹੈ ਜਿਹੜਾ ਚੇਤੰਨ ਜਾਂ ਅਚੇਤ ਕੋਸ਼ਿਸ਼ਾਂ ਰਾਹੀਂ ਹਾਸਿਲ ਕੀਤਾ ਜਾਂਦਾ ਹੈ। ਭਾਵੇਂ ਕਿਸੇ ਵੀ ਸਮਾਜ ਵਿਚ ਇਹ ਪੈਟਰਨ ਕਈ ਵਾਰੀ ਇਕਸਾਰ ਨਹੀਂ ਹੁੰਦਾ ਕਿਉਂਕਿ ਸਮਾਜ ਵਿਚ ਜ਼ਰੂਰੀ ਨਹੀਂ ਹਰ ਵਿਅਕਤੀ ਦਾ ਪੱਧਰ ਇਕੋ ਜਿਹਾ ਹੋਵੇ ਅਤੇ ਖ਼ਾਸ ਤੌਰ ਤੇ ਸ਼੍ਰੇਣੀ ਸਮਾਜ ਵਿਚ ਇਹ ਸੰਭਾਵਨਾਵਾਂ ਹੋਰ ਵੀ ਵਧੇਰੇ ਹੁੰਦੀਆਂ ਹਨ। ਪਰੰਤੂ ਫਿਰ ਵੀ ਸਮਾਜ ਦੇ ਸਮੁੱਚੇ ਰੂਪ ਦਾ ਇਕ ਪੈਟਰਨ ਹੁੰਦਾ ਹੈ ਅਤੇ ਸ਼੍ਰੇਣੀਆਂ ਜਾਂ ਵਿਅਕਤੀਆਂ ਦੀ ਸੰਸਕ੍ਰਿਤੀ ਇਸੇ ਇਕੋ ਪੈਟਰਨ ਉਤੇ ਨਿਰਭਰ ਹੁੰਦੀ ਹੈ। ਇਸ ਲਈ ਸਮੁੱਚੀ ਸਮਾਜਕ ਸੰਸਕ੍ਰਿਤੀ ਵਧੇਰੇ ਮਹੱਤਵਪੂਰਨ ਹੈ।"[20] ਇਨਸਾਇਕਲੋਪੀਡੀਆ ਆਫ਼ ਰਿਲਿਜ਼ਨ ਐਂਡ ਏਥਿਕਸ ਅਨੁਸਾਰ "ਸਭਿਆਚਾਰ ਦਾ ਵਿਸਥਾਰ ਮਨੁੱਖ ਦੇ ਅਧਿਆਤਮਕ ਜੀਵਨ ਦੀਆਂ ਸਮੁੱਚੀਆਂ ਕਿਸਮਾਂ-ਬੌਧਿਕ, ਧਾਰਮਿਕ, ਨੈਤਿਕ ਆਦਿ ਦੇ ਪ੍ਰਗਟਾ ਵਿਚ ਹੈ। ਆਪਣੇ ਆਂਤਰਿਕ ਅਤੇ ਸੁਤੰਤਰ ਨਿਜਤਾ ਦੇ ਵਿਕਾਸ ਵਿਚ ਕੀਤੇ ਗਏ ਮਨੁੱਖਤਾ ਦੇ ਚੰਗੇਰੇ ਯਤਨ ਹੀ ਅਸਲੀ ਸਭਿਆਚਾਰ ਦੇ ਮੁੱਢ ਹਨ।"[21] ਵਿਲੀਅਮ ਐਫ਼ ਔਗਬਰਨ ਅਤੇ ਮੇਅਰ ਐਫ. ਨਿਮਕਾਫ਼ ਅਨੁਸਾਰ "ਜੀਵਨ ਦੇ ਵਤੀਰਿਆਂ ਨੂੰ ਨਿਸ਼ਚਿਤ ਕਰਨ ਦੇ ਦੋ ਭਿੰਨ-ਭਿੰਨ ਢੰਗ ਹਨ : (1) ਵਿਰਸਾ (2) ਸਮੂਹ ਦੁਆਰਾ ਸਿਖਿਆ। ਇਨ੍ਹਾਂ ਦੋ ਪ੍ਰਕਾਰ ਦੇ ਵਤੀਰਿਆਂ ਨੂੰ ਗ੍ਰਹਿਣ ਕਰਨ ਦੀਆਂ ਵਿਧੀਆਂ ਬੁਨਿਆਦੀ ਤੌਰ ਤੇ ਵੱਖਰੀਆਂ ਵੱਖਰੀਆਂ ਹਨ। ਪਹਿਲੀ ਉਪਜਾਊ ਅੰਡੇ ਦੁਆਰਾ ਕੋਈ ਚੀਜ਼ ਅੱਗੇ ਵਿਰਸੇ ਵਿਚ ਦੇਣ ਦੀ ਸਮਾਜਕ ਵਿਧੀ ਹੈ ਅਤੇ ਦੂਜੀ ਮਨੋਵਿਗਿਆਨਕ ਅਤੇ ਸਮਾਜਕ ਵਿਧੀ ਹੈ। ਇਸ ਅਨੁਸਾਰ ਮਨੁੱਖ ਦੀ ਕਿਸੇ ਚੀਜ਼ ਨੂੰ ਸਿੱਖਣ ਦੀ ਸਮਰੱਥਾ 'ਤੇ ਅਧਾਰਿਤ ਸੰਚਾਰ-ਪ੍ਰਣਾਲੀ ਰਾਹੀਂ ਕੋਈ ਚੀਜ਼ ਅੱਗੇ ਪਹੁੰਚਾਈ ਜਾਂਦੀ ਹੈ। ਇਕ ਪੀੜ੍ਹੀ ਤੋਂ ਦੂਜੀ ਪੜ੍ਹੀਂ ਤਕ ਸਿਖਣ-ਕਲਾ ਰਾਹੀਂ ਵਿਰਸੇ ਵਿਚ ਦਿੱਤੇ ਵਤੀਰੇ ਨੂੰ ਸੰਸਕ੍ਰਿਤੀ ਕਿਹਾ ਜਾਂਦਾ ਹੈ।"[22] ਸੈਮੂਅਲ ਕੋਇਨਿਗ ਅਨੁਸਾਰ "ਇਹ ਮਨੁੱਖ ਦੀਆਂ ਉਨ੍ਹਾਂ ਕੋਸ਼ਿਸ਼ਾਂ ਦਾ ਨਿਚੋੜ ਹੈ ਜਿਨ੍ਹਾਂ ਦੁਆਰਾ ਉਹ ਆਪਣੇ ਆਪ ਨੂੰ ਆਪਣੇ ਵਾਤਾਵਰਨ ਨਾਲ ਢਾਲਦਾ ਹੈ ਅਤੇ ਆਪਣੇ ਜੀਵਨ ਢੰਗਾਂ ਵਿਚ ਸੁਧਾਰ ਕਰਦਾ ਹੈ।"[23] ਮਾਈਕਲ ਹਾਰਾਲੰਬਸ ਅਤੇ ਰੌਬਿਨ ਹੈਲਡ ਅਨੁਸਾਰ, "ਸਭਿਆਚਾਰ ਵਿਚ ਦੋ

ਮਹੱਤਵਪੂਰਨ ਗੁਣ ਹਨ : ਪਹਿਲਾ ਇਹ ਸਿੱਖਿਆ ਜਾਂਦਾ ਹੈ, ਦੂਸਰਾ ਇਹ ਪੀੜ੍ਹੀ ਦਰ ਪੀੜ੍ਹੀ ਵੰਡਿਆ ਜਾਂਦਾ ਹੈ। ਇਸ ਤੋਂ ਬਿਨਾਂ ਮਾਨਵੀ-ਸਮਾਜ ਦਾ ਹੋਣਾ ਸੰਭਵ ਨਹੀਂ।"[24]

ਗੁਰਬਖ਼ਸ਼ ਸਿੰਘ ਫਰੈਂਕ ਦਾ ਵਿਚਾਰ ਹੈ ਕਿ "ਸਭਿਆਚਾਰ ਸਾਡੇ ਲਈ ਇਕ ਕੁਦਰਤੀ ਵਰਤਾਰਾ ਹੈ, ਜਿਵੇਂ ਮੱਛੀ ਲਈ ਪਾਣੀ ਵਿਚ ਰਹਿਣਾ ਜਾਂ ਮਨੁੱਖ ਲਈ ਹਵਾ ਵਿਚ ਸਾਹ ਲੈਣਾ ਜਾਂ ਰਗਾਂ ਵਿਚ ਖ਼ੂਨ ਦਾ ਦੌੜਨਾ। ਇਹ ਵਰਤਾਰਾ ਸਾਡੇ ਲਈ ਅਪੋਹ ਅਤੇ ਅਚੇਤ ਹੀ ਰਹਿੰਦਾ ਹੈ, ਜਦੋਂ ਤਕ ਕਿ ਹਲਾਤ ਸਾਨੂੰ ਸਾਡੇ ਸਭਿਆਚਾਰਕ ਮਾਹੌਲ ਵਿਚੋਂ ਕੱਢ ਕੇ ਕਿਸੇ ਹੋਰ ਸਭਿਆਚਾਰਕ ਮਾਹੌਲ ਵਿਚ ਨਾ ਸੁੱਟ ਦੇਣ, ਜਿਸ ਸੂਰਤ ਵਿਚ ਸਾਡੀ ਵੀ ਹਾਲਤ ਉਸੇ ਤਰ੍ਹਾਂ ਦੀ ਹੋ ਜਾਇਗੀ, ਜਿਸ ਤਰ੍ਹਾਂ ਦੀ ਪਾਣੀ ਤੋਂ ਬਾਹਰ ਆ ਗਈ ਮੱਛੀ ਦੀ ਜਾਂ ਹਵਾ ਤੋਂ ਬਿਨਾਂ ਆਦਮੀ ਦੀ ਹੁੰਦੀ ਹੈ।"[25] ਡਾ. ਜਸਵਿੰਦਰ ਸਿੰਘ ਅਨੁਸਾਰ "ਸਾਧਾਰਨ ਸ਼ਬਦਾਂ ਵਿਚ ਮਨੁੱਖ ਦਾ ਹਰੇਕ ਸਮਾਜੀ ਮਨੁੱਖੀ ਕਰਮ, ਜਿਹੜਾ ਵੀ ਪ੍ਰਕਿਰਤੀ ਤੋਂ ਵੱਖਰੀ ਸਿਰਜਣਾ ਕਰਦਾ ਹੈ, ਉਹ ਸਭਿਆਚਾਰ ਦੇ ਖੇਤਰ ਵਿਚ ਹੈ ਅਤੇ ਉਸਨੂੰ ਮਨੁੱਖ ਦੀ ਸਭਿਆਚਾਰਕ ਸਿਰਜਣਾ ਕਿਹਾ ਜਾ ਸਕਦਾ ਹੈ। ਇਹ ਪ੍ਰਕਿਰਤੀ ਉਪਰ ਅਮਲ ਵਿਚੋਂ ਮਨੁੱਖੀ ਕਾਰਜ, ਚੇਤਨਾ ਅਤੇ ਚਿੰਤਨ ਦੀ ਲਗਾਤਾਰ ਵਿਕਸਦੀ ਪ੍ਰਕਿਰਿਆ ਵਿਚੋਂ ਉਤਪੰਨ ਹੋਣ ਕਰਕੇ ਮਨੁੱਖ ਦੀ ਅਜਿਹੀ ਸਿਰਜਣਾ ਹੈ, ਜਿਹੜੀ ਅਗੋਂ ਸਮੁੱਚੇ ਜੀਵਨ ਦੇ ਵਿਵਿਧ ਖੇਤਰਾਂ ਨਾਲ ਸੰਬੰਧਿਤ ਹੁੰਦੀ ਹੈ।"[26]

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਸਮਾਜ ਅਤੇ ਸਭਿਆਚਾਰ ਦੋਵੇਂ ਇਕ ਦੂਸਰੇ ਦੀ ਸਹਿਹੋਂਦ ਨਾਲ ਜਿੰਦਾ ਰਹਿੰਦੇ ਹਨ। ਕਦੇ ਕੋਈ ਮਨੁੱਖੀ-ਸਮਾਜ ਜਾਂ ਸਮੂਹ ਸਭਿਆਚਾਰ ਤੋਂ ਊਣਾ ਰਿਹਾ ਹੋਵੇ, ਇਹ ਕਥਨ ਆਦਿਮ-ਸਮਾਜਾਂ ਦੇ ਪ੍ਰਸੰਗ ਵਿਚ ਵੀ ਠੀਕ ਨਹੀਂ ਸਮਝਿਆ ਜਾ ਸਕਦਾ ਕਿਉਂਕਿ ਆਦਿਮ ਮਨੁੱਖ ਦੇ ਜਿਉਣ-ਢੰਗ ਵਿਚ ਵੀ ਇਕ ਸਾਧਾਰਨ ਕਿਸਮ ਦਾ ਨਿਯਮ-ਪ੍ਰਬੰਧ ਲਾਗੂ ਹੁੰਦਾ ਸੀ ਜੋ ਮਨੁੱਖ ਦੁਆਰਾ ਪ੍ਰਕਿਰਤੀ ਉਪਰ ਕਾਬੂ ਪਾਉਣ ਦੇ ਅਮਲ ਸਿਰਜਿਆ ਗਿਆ। ਪ੍ਰਾਚੀਨ ਮਨੁੱਖ ਦਾ ਪਰਿਵਾਰਕ ਸਮੂਹਾਂ ਵਿਚ ਰਹਿਣਾ, ਬੱਚਿਆਂ ਨੂੰ ਪਾਲਣਾ, ਰੋਜ਼ੀ-ਰੋਟੀ ਦਾ ਪ੍ਰਬੰਧ, ਘਰ ਬਣਾਉਣਾ, ਸੰਦ, ਅੱਗ ਆਦਿ ਦੀਆਂ ਕਾਢਾਂ ਦੇ ਨਾਲ-ਨਾਲ ਮਾਸ, ਕੰਦ ਮੂਲ ਖਾਣ ਤੋਂ ਲੈ ਕੇ ਬੀਜ ਉਗਾਉਣ ਤੇ ਖੇਤੀ ਵੱਲ ਵਧਣਾ ਅਤੇ ਕੁਦਰਤੀ ਸ਼ਕਤੀਆਂ ਤੋਂ ਬਚਾਓ ਆਦਿ ਜਿਉਣ ਦੇ ਉਹ ਉਪਰਾਲੇ ਕਹੇ ਜਾ ਸਕਦੇ ਹਨ ਜਿਨ੍ਹਾਂ ਸਦਕਾ ਆਦਿਮ ਮਨੁੱਖ ਆਪਣੀ ਸੂਝ ਨੂੰ ਦਿਨ ਬ ਦਿਨ ਵਿਕਸਤ ਕਰਦਾ ਰਿਹਾ। ਡਾ. ਜਸਵਿੰਦਰ ਸਿੰਘ ਨੇ ਮਨੁੱਖ ਅਤੇ ਸਭਿਆਚਾਰ ਦੇ ਵਿਕਾਸ ਸਬੰਧੀ, ਆਪਣੀ ਦ੍ਰਿਸ਼ਟੀ ਨੂੰ ਮਨੁੱਖੀ ਅੰਗਾਂ ਤਕ ਦੁੜਾਉਂਦੇ ਲਿਖਿਆ ਹੈ ਕਿ "ਮਨੁੱਖ ਦਾ ਦੋ ਲੱਤਾਂ ਤੇ ਸਿੱਧਾ ਸਤੀਰ ਵਾਂਗ ਖੜਨਾ ਅਤੇ ਦੋ ਹੱਥਾਂ ਨੂੰ ਕਿਰਤ-ਕਰਨ, ਸੰਦ ਬਣਾਉਣ, ਫੜਨ ਤੇ ਵਰਤਣ ਦੇ

ਸਮਰਥ ਬਣਾਉਣਾ ਸਭਿਆਚਾਰਕ ਦ੍ਰਿਸ਼ਟੀ ਤੋਂ ਗੌਰਵਸ਼ੀਲ ਵਰਤਾਰਾ ਹੈ; ਜਿਸਨੇ ਮਨੁੱਖੀ ਮਨ, ਤੰਤੂ-ਪ੍ਰਣਾਲੀ ਅਤੇ ਫੇਰ ਸੰਦ-ਘਾੜਤ ਵਰਗੇ ਖੇਤਰਾਂ ਵਿਚ ਹੈਰਾਨੀਜਨਕ ਤਬਦੀਲੀਆਂ ਲਿਆਂਦੀਆਂ। ਇਸ ਕਰਕੇ ਮਨੁੱਖ ਨੂੰ 'ਸੰਦ-ਘਾੜਾ ਜਾਨਵਰ (Tool-making animals)' ਕਿਹਾ ਗਿਆ ਹੈ। ਮਨੁੱਖ ਸੰਦਾਂ ਰਾਹੀਂ ਮਨੁੱਖ ਬਣਿਆ। ਮਨੁੱਖ ਦੀ ਪਸ਼ੂ-ਜਗਤ ਨਾਲੋਂ ਵੱਖਰੀ ਸਰੀਰਕ ਮੁਦਰਾ ਦਾ ਵਿਕਸਣਾ, ਉਸ ਲਈ ਦੇਖਣ, ਵਕਫ਼ਾ ਜਾਨਣ, ਹੱਕਾਂ ਦੀ ਬਹੁ-ਮੰਤਵੀ ਵਰਤੋਂ ਕਰਨ ਦੀ ਕਾਬਲੀਅਤ ਵਿਚ ਕਿਆਫ਼ੇ ਤੋਂ ਬੇਪਨਾਹ ਵਾਧਾ ਕਰਦਾ ਹੈ। ਕਿਰਤ-ਵਸੀਲਿਆਂ ਖਾਸ ਕਰ ਸੰਦਾਂ ਦੀ ਘਾੜਤ, ਪਕੜਨ ਦੀ ਪ੍ਰਤਿਭਾ ਇਸੇ ਦਾ ਹੀ ਕ੍ਰਿਸ਼ਮਾ ਹੈ; ਅੱਗੋਂ ਜ਼ਿੰਦਗੀ ਦੇ ਹਰ ਖੇਤਰ ਵਿਚ ਮਨੁੱਖ ਦੇ ਪ੍ਰਕਿਰਤੀ ਵਿਰੁੱਧ ਸੰਘਰਸ਼ ਅਤੇ ਸਭਿਆਚਾਰ ਸਿਰਜਣ ਵਿਚ ਸੰਚਾਲਕੀ ਰੋਲ ਨਿਭਾਉਂਦਾ ਹੈ।"[27] ਮਨੁੱਖੀ ਵਿਕਾਸ ਦੀ ਇਸ ਪ੍ਰਕ੍ਰਿਆ ਨੇ ਹੀ ਇਕ ਵੱਖਰੀ ਭਾਂਤ ਦੀ ਜੀਵਨ-ਸ਼ੈਲੀ ਦੇ ਸੰਕਲਪ ਨੂੰ ਜਨਮ ਦਿੱਤਾ ਜਿਸ ਦਾ ਅਹਿਮ ਕਾਰਨ ਭੂਗੋਲਿਕ ਵਾਤਾਵਰਣ ਹੈ ਜਿਸ ਕਾਰਨ ਹੌਲੀ-ਹੌਲੀ ਮਨੁੱਖੀ-ਸਮੂਹ ਵਿਸ਼ੇਸ਼ ਸਮਾਜਾਂ ਵਿਚ ਵੰਡੇ ਗਏ ਅਤੇ ਉਨ੍ਹਾਂ ਦੁਆਰਾ ਅਪਣਾਈ ਵਿਸ਼ੇਸ਼ ਜੀਵਨ ਸ਼ੈਲੀ ਨੂੰ ਹੀ, ਉਨ੍ਹਾਂ ਦਾ ਸਭਿਆਚਾਰ ਆਖਿਆ ਜਾਣ ਲੱਗਾ। ਇਹੋ ਕਾਰਨ ਹੈ ਕਿ ਇਕ ਸਮਾਜ ਦਾ ਸਭਿਆਚਾਰ ਦੂਸਰੇ ਸਮਾਜਾਂ ਦੇ ਸਭਿਆਚਾਰਾਂ ਨਾਲੋਂ ਵੱਖਰੀ ਪਹਿਚਾਣ ਰੱਖਦਾ ਹੈ ਭੂਗੋਲਿਕ ਕਾਰਨਾਂ, ਆਰਥਿਕ ਵਸੀਲਿਆਂ, ਭਾਸ਼ਾਵਾਂ ਅਤੇ ਇਤਿਹਾਸਕ ਘਟਨਾਕ੍ਰਮ ਆਦਿ ਵਖਰੇਵੇਂ ਵਿਭਿੰਨ ਸਭਿਆਚਾਰਾਂ ਨੂੰ ਵਿਕਸਤ ਕਰਦੇ ਹਨ। ਸਭਿਆਚਾਰਾਂ ਦੇ ਇਨ੍ਹਾਂ ਨਿਖੇੜੂ ਲੱਛਣਾਂ ਕਾਰਨ ਹੀ ਖੇਤਰੀ ਸਭਿਆਚਾਰ ਆਪਣੀ ਵੱਖਰੀ ਪਹਿਚਾਣ ਰੱਖਦਾ ਹੈ ਪਰੰਤੂ ਮੁੱਢਲੇ ਤੌਰ ਤੇ ਸਭਿਆਚਾਰ ਦੀ ਮੂਲ ਪ੍ਰਕਿਰਤੀ ਜਾਂ ਸੁਭਾਅ ਵਿਚ ਕੁੱਝ ਸਾਂਝੇ ਲੱਛਣ ਨਿਹਿਤ ਰਹਿੰਦੇ ਹਨ ਜੋ ਇਸਦੇ ਸਮੁੱਚੇ ਸੁਭਾਅ ਬਾਰੇ ਜਾਨਣ ਵਿਚ ਹੀ ਮੱਦਦਗਾਰ ਨਹੀਂ ਹੁੰਦੇ, ਸਗੋਂ ਇਹ ਆਪਣੇ ਆਪ ਵਿਚ ਸਭਿਆਚਾਰ ਨੂੰ ਪਰਿਭਾਸ਼ਿਤ ਵੀ ਕਰਦੇ ਹਨ। ਅੱਗੋਂ ਇਹਨਾਂ ਲੱਛਣਾਂ ਦੇ ਆਧਾਰਿਤ ਹੀ ਖੇਤਰੀ ਸਮਾਜ ਦੇ ਸਭਿਆਚਾਰਾਂ ਦੀ ਪ੍ਰਕ੍ਰਿਤੀ ਬਾਰੇ ਜਾਣਕਾਰੀ ਹੁੰਦੀ ਹੈ।ਸਭਿਆਚਾਰ ਦੇ ਇਨ੍ਹਾਂ ਸਰਵ-ਵਿਆਪਕ ਗੁਣਾਂ ਜਾਂ ਲੱਛਣਾਂ ਵਿਚੋਂ ਪਹਿਲਾ ਮਹੱਤਵਪੂਰਨ ਗੁਣ ਸਭਿਆਚਾਰ ਨੂੰ ਇਕ ਸਿਸਟਮ ਜਾਂ ਪ੍ਰਬੰਧ ਵਜੋਂ ਪ੍ਰਵਾਨ ਕਰਨਾ ਹੈ।

ਸਭਿਆਚਾਰ ਕੋਈ ਇੱਕਲੀ-ਇਕਹਿਰੀ ਪ੍ਰਕਿਰਿਆ ਦਾ ਨਾਂ ਨਹੀਂ, ਸਗੋਂ ਇਹ ਇਕ ਬਹੁਤ ਹੀ ਜਟਿਲ ਸਿਸਟਮ ਵਿਚ ਬੱਝੀ ਸਮੁੱਚਤਾ ਦਾ ਨਾਂ ਹੈ। "ਜਦੋਂ ਇਹ ਕਿਹਾ ਜਾਂਦਾ ਹੈ ਕਿ ਕੋਈ ਚੀਜ਼ ਕਿਸੇ ਸਿਸਟਮ ਦਾ ਭਾਗ ਹੈ ਤਾਂ ਇਸ ਦਾ ਅਰਥ ਹੀ ਇਹ ਹੁੰਦਾ ਹੈ ਕਿ ਉਸ ਦੇ ਸਿਸਟਮ ਦਾ ਸਮੁੱਚ ਨਾਲ ਵੀ ਅਤੇ ਇਸ ਦੇ ਬਾਕੀ ਭਾਗਾਂ ਨਾਲ ਵੀ ਕੋਈ ਸਬੰਧ ਹੈ ਅਤੇ ਉਹ ਕਿਸੇ ਨਾ

ਕਿਸੇ ਹੱਦ ਤੱਕ ਪਰਸਪਰ ਤੌਰ ਉੱਤੇ ਪ੍ਰਭਾਵਿਤ ਹੁੰਦੇ ਅਤੇ ਕਰਦੇ ਹਨ, ਨਹੀਂ ਤਾਂ ਉਸ ਨੂੰ ਸਿਸਟਮ ਦਾ ਅੰਗ ਹੀ ਨਹੀਂ ਸਮਝਿਆ ਜਾ ਸਕਦਾ।"[28] ਸਭਿਆਚਾਰ ਆਪਣੇ ਬਾਕੀ ਉਪ-ਅੰਗਾਂ ਦੁਆਰਾ ਨਿਰਧਾਰਿਤ ਇਕ ਅਜਿਹਾ ਪ੍ਰਬੰਧ ਹੈ ਜਿਸਦੇ ਅੰਗ ਅੰਤਰ-ਸਬੰਧਿਤ ਹੋਣ ਦੇ ਨਾਲ-ਨਾਲ, ਅੰਤਰ-ਕਿਰਿਆ ਅਤੇ ਅੰਤਰ-ਪ੍ਰਭਾਵਿਤ ਵੀ ਕਰਦੇ ਹਨ। ਸਭਿਆਚਾਰ ਦੀ ਸਮੁੱਚੀ ਬਣਤਰ ਇਸ ਦੇ ਵੱਖੋ-ਵੱਖਰੇ ਅੰਗਾਂ, ਪੱਖਾਂ ਅਤੇ ਰੂਪਾਂ ਦੇ ਨਿਸ਼ਚਿਤ ਸਮੁੱਚ ਅਤੇ ਸਤੁੰਲਨ ਤੋਂ ਬਣਦੀ ਹੈ। ਗੁਰਬਖਸ਼ ਸਿੰਘ ਫਰੈਂਕ ਨੇ ਮਨੁੱਖੀ ਕਦਰਾਂ-ਕੀਮਤਾਂ ਦੇ ਪ੍ਰਗਟ ਹੋਣ ਦੇ ਤਿੰਨ ਖੇਤਰ-ਮਨੁੱਖੀ ਵਿਹਾਰ ਦੇ ਪੈਟਰਨ, ਪਦਾਰਥਕ ਵਰਤਾਰੇ ਅਤੇ ਬੌਧਿਕ ਵਰਤਾਰੇ ਨਿਸ਼ਚਿਤ ਕਰਦੇ ਹੋਏ ਇਹਨਾਂ ਦੇ ਅਨੁਕੂਲ ਸਭਿਆਚਾਰ ਦੇ ਤਿੰਨ ਮੁੱਖ ਅੰਗ : ਪ੍ਰਤਿਮਾਨਿਕ ਸਭਿਆਚਾਰ, ਪਦਾਰਥਕ ਸਭਿਆਚਾਰ ਅਤੇ ਬੋਧਾਤਮਿਕ ਸਭਿਆਚਾਰ ਨਿਸ਼ਚਿਤ ਕੀਤੇ ਹਨ।"[29] ਸੋ ਸਭਿਆਚਾਰ ਅਪਾਣੇ ਉਪ-ਅੰਗਾਂ ਦੀ ਸਮੁੱਚਤਾ, ਅੰਤਰ-ਸਬੰਧਤਾ, ਅੰਤਰ-ਨਿਰਭਰਤਾ ਅਤੇ ਅੰਤਰ-ਨਿਰਧਾਰਿਤ ਦੀ ਕਿਰਿਆ ਦੇ ਆਧਾਰਿਤ ਇਸ ਤਰ੍ਹਾਂ ਬਣਿਆ ਹੁੰਦਾ ਹੈ ਕਿ ਇਸਦੇ ਕਿਸੇ ਵੀ ਅੰਗ ਵਿਚ ਆਇਆ ਪਰਿਵਰਤਨ ਦੂਸਰੇ ਸਭਿਆਚਾਰਕ ਅੰਗਾਂ 'ਤੇ ਪ੍ਰਭਾਵ ਹੀ ਨਹੀਂ ਪਾਉਂਦਾ, ਸਗੋਂ ਕਈ ਵਾਰ ਉਨ੍ਹਾਂ ਨੂੰ ਬਦਲਣ ਦੀ ਸਮਰੱਥਾ ਵੀ ਰੱਖਦਾ ਹੈ ਜਿਸ ਕਰਕੇ ਸਭਿਆਚਾਰ ਦੇ ਵਿਭਿੰਨ ਉਪ-ਅੰਗਾਂ ਵਿਚ ਆਪਸੀ ਸਮਾਨਤਾ, ਨਿਰਭਰਤਾ ਅਤੇ ਸੰਤੁਲਨ ਦਾ ਬਰਕਰਾਰ ਰਹਿਣਾ ਅਤਿ ਜ਼ਰੂਰੀ ਹੈ ਕਿਉਂਕਿ ਇਸਦੇ ਕਿਸੇ ਵੀ ਅੰਗ ਵਿਚ ਭਾਰੀ ਅਤੇ ਤੇਜੀ ਨਾਲ ਆਈ ਤਬਦੀਲੀ ਸਭਿਆਚਾਰਕ ਪ੍ਰਬੰਧ ਦੇ ਢਾਂਚੇ ਨੂੰ ਵਿਗਾੜ ਸਕਦੀ ਹੈ ਜੋ ਕਿ ਸਮਾਜ ਲਈ ਅਸਥਿਰਤਾ ਦਾ ਕਾਰਨ ਵੀ ਬਣ ਸਕਦੀ ਹੈ। ਇਸ ਤਰ੍ਹਾਂ ਭਾਵੇਂ ਕਿ ਸਭਿਆਚਾਰ ਦੀ ਇਕ ਵਿਸ਼ੇਸ਼ਤਾ ਨਿਰੰਤਰ ਵਿਕਾਸਸ਼ੀਲ ਅਤੇ ਬਦਲਦੇ ਰਹਿਣ ਵਿਚ ਹੈ ਪਰ ਇਹ ਆਪਣੇ ਆਪ ਨੂੰ ਖੇਰੂੰ-ਖੇਰੂੰ ਕਰਕੇ ਨਹੀਂ ਬਦਲਦਾ, ਸਗੋਂ ਰੂਪਾਂਤਰਨ ਦੇ ਨਾਲ ਆਪਣੇ ਸੰਗਠਨਮੂਲਕ ਸੁਭਾਅ ਨੂੰ ਸੰਤੁਲਨ ਵਿਚ ਰੱਖਦਾ ਹੈ।

ਸਭਿਆਚਾਰ ਇਕ ਨਿਰੰਤਰ ਪਰਿਵਰਤਿਤ ਹੋਣ ਵਾਲਾ ਨਿਯਮ-ਪ੍ਰਬੰਧ ਹੈ। ਸਭਿਆਚਾਰਕ ਪਰਿਵਰਤਨ ਦੀ ਵੱਖਰੀ ਪ੍ਰਕਿਰਤੀ ਅਨੁਸਾਰ ਇਸਦੇ ਨਿਯਮ-ਪ੍ਰਬੰਧ ਅਤੇ ਵਿਭਿੰਨ ਅੰਗਾਂ ਵਿਚ ਪਰਿਵਰਤਨ ਇਕੋ ਜਿਹਾ ਨਹੀਂ ਹੁੰਦਾ। ਸਮਾਜ-ਵਿਗਿਆਨੀ ਅਤੇ ਮਾਨਵ-ਵਿਗਿਆਨੀਆਂ ਅਨੁਸਾਰ ਸਭਿਆਚਾਰਕ ਰੂਪਾਂਤਰਨ ਦੇ ਤਿੰਨ ਮੁਖ ਕਾਰਨ - ਪ੍ਰਕਿਰਤਕ ਮਹੌਲ ਵਿਚ ਆਏ ਪਰਿਵਰਤਨ, ਸਮਾਜ ਦੇ ਅੰਦਰੂਨੀ ਕਾਰਨਾਂ ਦੁਆਰਾ ਆਏ ਪਰਿਵਰਤਨ, ਅਤੇ ਸਮਾਜ ਦੇ ਬਾਹਰੀ ਕਾਰਨਾਂ ਦੁਆਰਾ ਹੋਏ ਪਰਿਵਰਤਨ ਸ਼ਾਮਿਲ ਹਨ ਜਿਨ੍ਹਾਂ ਵਿਚੋਂ ਅੰਦਰੂਨੀ ਅਤੇ ਬਾਹਰੀ ਕਾਰਨਾਂ ਦੁਆਰਾ ਹੋਏ ਸਭਿਆਚਾਰਕ ਪਰਿਵਰਤਨ ਜਾਂ ਰੂਪਾਂਤਰਨਾਂ ਨੂੰ ਪ੍ਰਮੁੱਖ ਮੰਨਿਆ ਜਾਂਦਾ ਹੈ। ਸੋ "ਮਨੁੱਖ ਅਤੇ ਮਨੁੱਖੀ

ਸਭਿਆਚਾਰ ਸਮੇਤ ਇਸ ਬ੍ਰਹਿਮੰਡ ਵਿਚ ਕੋਈ ਹੋਂਦ ਸਥਿਰ ਅਤੇ ਅਬਦਲ ਨਹੀਂ ਸਗੋਂ ਹਰੇਕ ਵਰਤਾਰੇ, ਵਸਤ, ਵਿਹਾਰ, ਵਿਚਾਰ ਵਿਚ ਇਹ ਰੂਪਾਂਤਰਨ ਪ੍ਰਕਿਰਿਆ ਆਂਤਰਿਕ ਬਾਹਰੀ, ਤੇਜ-ਮਧਮ, ਪ੍ਰਤਖ-ਅਪ੍ਰਤਖ, ਸੂਖਮ-ਸਥੂਲ, ਹਰੇਕ ਪੱਧਰ, ਪਾਸਾਰ ਅਤੇ ਪਹਿਲੂ ਵਿਚ ਨਿਰੰਤਰ ਗਤੀਸ਼ੀਲ ਰਹਿੰਦੀ ਹੈ ਅਤੇ ਸਭਿਆਚਾਰ ਵਿਚ ਇਹ ਸਮੁੱਚੇ ਯੁਗ-ਖ਼ਾਸੇ ਅਨੁਕੂਲ ਵਿਸ਼ੇਸ਼ ਸਭਿਆਚਾਰ ਦੇ ਨਿਵੇਕਲੇ ਚਰਿਤਰ ਅਤੇ ਸਾਮਾਨਯ ਨਿਯਮ-ਪ੍ਰਬੰਧ ਦੇ ਅਤਿਅੰਤ ਗੁੰਝਲਦਾਰ ਅਮਲ ਰਾਹੀਂ ਅਟੰਕ ਵਾਪਰਦੀ ਰਹਿੰਦੀ ਹੈ।"[30]

ਸਭਿਆਚਾਰ ਮਨੁੱਖੀ ਸਮਾਜ ਦਾ ਸਿੱਖਿਅਤ ਵਰਤਾਰਾ ਹੈ। ਸਭਿਆਚਾਰ ਮਨੁੱਖ ਨੂੰ ਪੀੜ੍ਹੀ ਦਰ ਪੀੜ੍ਹੀ ਪ੍ਰਾਪਤ ਹੁੰਦਾ ਹੈ ਜਿਸਨੂੰ ਉਹ ਬਚਪਨ ਤੋਂ ਹੀ ਸੁਚੇਤ ਜਾਂ ਅਚੇਤ ਦੋਹਾਂ ਪੱਖਾਂ ਤੋਂ ਅਪਣਾਉਂਦਾ, ਸਿੱਖਦਾ ਅਤੇ ਬਣਾਉਂਦਾ ਰਹਿੰਦਾ ਹੈ। ਸਭਿਆਚਾਰ ਸਰਵ-ਵਿਆਪਕ ਵਰਤਾਰਾ ਹੈ। ਜਿੱਥੇ ਮਨੁੱਖੀ ਸਮਾਜ ਹੈ ਉਥੇ ਸਭਿਆਚਾਰ ਵੀ ਨਾਲੋਂ-ਨਾਲ ਪਨਪਦਾ ਰਹਿੰਦਾ ਹੈ ਪਰੰਤੂ ਹਰ ਸਮਾਜ ਦਾ ਸਭਿਆਚਾਰ ਆਪਣੇ ਵਿਚ ਸਰਵ-ਵਿਆਪਕ ਵਿਸ਼ੇਸ਼ਤਾਵਾਂ ਰੱਖਦਾ ਹੋਇਆ, ਭੂਗੋਲਿਕ, ਇਤਿਹਾਸਕ ਤੇ ਭਾਸ਼ਾਈ ਵਿਸ਼ੇਸ਼ਤਾਵਾਂ ਕਾਰਨ ਇਕ ਵੱਖਰੀ ਪਹਿਚਾਣ ਵੀ ਰੱਖਦਾ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਸਭਿਆਚਾਰ ਦੇ ਨਿਕਾਸ ਦੀ ਪ੍ਰਕਿਰਿਆ ਮਨੁੱਖੀ ਮਨੋ-ਸਰੀਰਕ ਬਣਤਰ, ਅਤੇ ਮੁਢਲੀਆਂ ਮਨੁੱਖੀ ਲੋੜਾਂ ਦੀ ਪੂਰਤੀ ਨਾਲ ਜੁੜੀ ਹੋਈ ਹੈ ਜਦੋਂ ਕਿ ਇਸ ਦੇ ਵਿਕਾਸ ਦੀ ਪ੍ਰਕਿਰਿਆ ਮਨੁੱਖ ਦੁਆਰਾ ਸਮੇਂ-ਸਮੇਂ ਕੀਤੀਆਂ ਨਵੀਨ ਕਾਢਾਂ ਤੇ ਲੱਭਤਾਂ ਤੋਂ ਲੈ ਕੇ ਰੋਜ਼ਮਰਾ ਜੀਵਨ (ਰਿਸ਼ਤੇ-ਨਾਤੇ, ਰੀਤੀ-ਰਿਵਾਜ਼, ਆਚਾਰ-ਵਿਵਹਾਰ, ਨੈਤਿਕ ਕੀਮਤਾਂ, ਆਦਿ) ਨਾਲ ਜੁੜੀ ਹੋਈ ਹੈ ਜੋ ਕੇਵਲ ਮਨੁੱਖ ਦੇ ਹਿੱਸੇ ਹੀ ਆਈ ਹੈ ਅਤੇ ਮਨੁੱਖ ਦੁਆਰਾ ਸਭਿਆਚਾਰ ਜਿਹਾ ਸਿਰਜਿਆ ਇਹ ਜਟਿਲ ਪ੍ਰਬੰਧ ਉਸਦੀ ਬੌਧਿਕ ਚੇਤੰਨਤਾ, ਅਧਿਕ ਸੂਝ-ਸਮਰਥਾ ਦਾ ਹੀ ਨਤੀਜਾ ਹੈ।

## ਮੱਧਕਾਲੀ ਸਮਾਜ ਅਤੇ ਸਭਿਆਚਾਰ

ਭਾਰਤੀ ਸਭਿਆਚਾਰ  ਦੀ ਗਿਣਤੀ ਸੰਸਾਰ ਦੇ ਪ੍ਰਾਚੀਨ ਸਭਿਆਚਾਰਾਂ ਵਿਚ ਕੀਤੀ ਜਾਂਦੀ ਹੈ। ਭਾਰਤੀ ਸਭਿਆਚਾਰ, ਭਾਰਤ ਵਿਚ ਆ ਕੇ ਵਸਣ ਵਾਲੀਆਂ ਵਿਭਿੰਨ ਜਾਤੀਆਂ, ਨਸਲਾਂ ਦੇ ਸਭਿਆਚਾਰਾਂ ਦਾ ਮਿਸ਼ਰਣ ਹੈ। ਬਾਹਰੋਂ ਆਉਣ ਵਾਲੀਆਂ ਇਹ ਜਾਤੀਆਂ ਆਪਣੀਆਂ ਸਮਾਜਕ ਸੰਸਥਾਵਾਂ ਅਤੇ ਸੰਸਕ੍ਰਿਤੀਆਂ ਨੂੰ ਏਥੇ ਲਿਆਉਂਦੀਆ ਰਹੀਆਂ ਜੋ ਅੱਗੋਂ ਭਾਰਤੀ ਸਭਿਆਚਾਰ ਦਾ ਹੀ ਅੰਗ ਬਣ ਗਈਆਂ। ਬਾਹਰੀ ਸੰਸਕ੍ਰਿਤੀਆਂ ਦੇ ਅੰਸ਼ਾਂ ਨੂੰ ਆਪਣੇ ਅੰਦਰ ਜਜ਼ਬ ਕਰ ਲੈਣ ਵਾਲਾ

ਸੁਭਾਅ ਰੱਖਣ ਅਤੇ ਨਾਲੋਂ ਨਾਲ ਆਪਣੀ ਮੂਲ ਪਹਿਚਾਣ ਨੂੰ ਕਾਇਮ ਰੱਖਣਾ ਭਾਰਤੀ ਸਮਾਜ ਅਤੇ ਸਭਿਆਚਾਰ ਦੀ ਵੱਡੀ ਵਿਸ਼ੇਸ਼ਤਾ ਤੇ ਗੁਣ ਹੈ।

ਰਾਮਧਾਰੀ ਸਿੰਘ ਦਿਨਕਰ ਨੇ ਈਸਾਈਆਂ ਅਤੇ ਮੁਸਲਮਾਨਾਂ ਤੋਂ ਬਿਨਾਂ ਭਾਰਤੀ ਸਮਾਜ ਦਾ ਹਿੱਸਾ ਬਣ ਗਈਆਂ ਜਾਂ ਰਚਮਿਚ ਗਈਆਂ ਘੱਟ ਤੋਂ ਘੱਟ ਗਿਆਰਾਂ ਜਾਤੀਆਂ ਦਾ ਵੇਰਵਾ ਦਿੰਦੇ ਹੋਏ ਲਿਖਿਆ ਹੈ ਕਿ "ਨੀਗਰੋ, ਆਸਟ੍ਰਿਕ, ਦ੍ਰਾਵਿੜ, ਆਰੀਆ, ਯੂਨਾਨੀ, ਯੂਚੀ, ਸ਼ੱਕ, ਆਭੀਰ, ਹੂਣ, ਮੰਗਲੋ ਅਤੇ ਮੁਸਲਿਮ ਹਮਲੇ ਤੋਂ ਪਹਿਲਾਂ ਆਉਣ ਵਾਲੇ ਤੁਰਕ ਇਨ੍ਹਾਂ ਸਾਰੀਆਂ ਜਾਤੀਆਂ ਦੇ ਲੋਕ ਕਈ ਝੁੰਡਾਂ ਵਿਚ ਇਸ ਦੇਸ਼ ਵਿਚ ਆਏ ਅਤੇ ਹਿੰਦੂ ਸਮਾਜ ਵਿਚ ਦਾਖ਼ਲ ਹੋ ਕੇ ਸਾਰੇ ਦੇ ਸਾਰੇ ਉਸ ਦੇ ਅੰਗ ਬਣ ਗਏ।"[31] ਇਸ ਤਰ੍ਹਾਂ ਭਾਰਤੀ ਸਮਾਜ ਅਤੇ ਸਭਿਆਚਾਰ ਨਸਲੀ, ਭੂਗੋਲਿਕ, ਇਤਿਹਾਸਕ ਅਤੇ ਭਾਸ਼ਾਈ ਆਦਿ ਪੱਖ ਤੋਂ ਵਿਭਿੰਨਤਾਵਾਂ ਦਾ ਸਮੁੱਚ ਹੈ। ਇਤਿਹਾਸਕ ਪੱਖ ਤੋਂ ਭਾਰਤੀ ਸਮਾਜ ਅਤੇ ਸਭਿਆਚਾਰ ਵਿਚ ਓਵੇਂ ਹੀ ਪਰਿਵਰਤਨ ਆਉਂਦੇ ਰਹੇ ਜਿਵੇਂ ਜਿਵੇਂ ਏਥੇ ਬਾਹਰੋਂ ਆਈਆਂ ਜਾਤੀਆਂ ਵਸਦੀਆਂ ਰਹੀਆਂ। ਆਰੀਆ ਤੋਂ ਲੈ ਕੇ ਮੁਸਲਮਾਨ ਹਮਲਾਵਰਾਂ ਤੱਕ ਭਾਰਤੀ ਸਮਾਜ ਅਤੇ ਸਭਿਆਚਾਰ ਬਹੁਤ ਉਤਰਾਅ-ਚੜ੍ਹਾਅ ਵਾਲੇ ਪੜਾਵਾਂ ਵਿਚੋਂ ਲੰਘਦਾ ਰਿਹਾ ਹੈ।

ਰਚਨਾਤਮਕ ਪੱਖ ਤੋਂ ਭਾਰਤ ਦੇ ਪੂਰਬ ਮੱਧਕਾਲੀ ਯੁੱਗ ਨੂੰ ਵੈਦਿਕ, ਉਪਨਿਸ਼ਦ, ਪੁਰਾਣ, ਪੁਰਾਣ-ਉੱਤਰ ਕਾਲ ਆਦਿ ਕਾਲ-ਖੰਡਾਂ ਵਿਚ ਵੰਡਕੇ ਦੇਖਿਆ ਜਾ ਸਕਦਾ ਹੈ ਕਿਉਂਕਿ ਇਨ੍ਹਾਂ ਕਾਲ-ਖੰਡਾਂ ਦੌਰਾਨ ਰਚੀਆਂ ਗਈਆਂ ਪ੍ਰਮੁੱਖ ਰਚਨਾਵਾਂ ਵਿਚੋਂ ਜਿੱਥੇ ਪੂਰਬ ਮੱਧਕਾਲ ਦੇ ਭਾਰਤੀ ਸਮਾਜ ਤੇ ਸਭਿਆਚਾਰ ਦੇ ਪ੍ਰਮੁੱਖ ਪਹਿਲੂਆਂ ਬਾਰੇ ਜਾਣਕਾਰੀ ਮਿਲਦੀ ਹੈ ਉਥੇ ਸਮੇਂ ਸਮੇਂ ਹੋ ਰਿਹਾ ਇਨ੍ਹਾਂ ਵਿਚਲਾ ਪਰਿਵਰਤਨ ਅੱਗੋਂ ਵਿਭਿੰਨ ਸਮਾਜਕ ਪਹਿਲੂਆਂ ਦੀ ਵਿਕਾਸ-ਪ੍ਰਕਿਰਿਆ ਨਾਲ ਵੀ ਜੁੜਿਆ ਹੋਇਆ ਹੈ। ਵੈਦਿਕ ਯੁੱਗ ਵਿਚ ਕੁਦਰਤੀ ਸ਼ਕਤੀਆਂ ਨੂੰ ਦੇਵੀ-ਦੇਵਤਿਆਂ ਦੇ ਰੂਪ ਵਿਚ ਯੱਗ, ਹਵਨ, ਬਲੀ ਆਦਿ ਵਿਧੀ-ਵਿਧਾਨ ਰਾਹੀਂ ਖੁਸ਼ ਕਰਨ ਦੇ ਵਿਸ਼ਵਾਸ ਪਾਏ ਜਾਂਦੇ ਸਨ। ਆਰੀਆ ਲੋਕਾਂ ਦੀ ਇਹ ਆਸਥਾ ਕੁਦਰਤੀ ਸ਼ਕਤੀਆਂ ਦੇ 'ਡਰ' ਅਤੇ 'ਸ਼ਰਧਾ' ਦੇ ਭਾਵਾਂ ਵਿਚੋਂ ਪੈਦਾ ਹੋਈ। ਆਰੀਆ ਲੋਕ ਜ਼ਿਆਦਾ ਸਮਾਂ ਯੁੱਧਾਂ ਵਿਚ ਬਿਤਾਉਂਦੇ ਸਨ ਅਤੇ ਉਨ੍ਹਾਂ ਦਾ ਸਮਾਜ ਇਕ ਕਬੀਲਾ-ਸਮਾਜ ਸੀ। ਇਸ ਤੋਂ ਬਾਅਦ ਉਪਨਿਸ਼ਦ, ਪੁਰਾਣ ਅਤੇ ਉਤਰ-ਪੌਰਾਣਿਕ ਆਦਿ ਸਮੇਂ ਦੌਰਾਨ ਭਾਰਤੀ ਸਮਾਜ ਅਤੇ ਸਭਿਆਚਾਰ ਵਿਚ ਹਰ ਪੱਖ ਤੋਂ ਵਧੇਰੇ ਬਦਲਾਵ ਦੇਖਣ ਨੂੰ ਮਿਲਦੇ ਹਨ। ਵੈਦਿਕ ਯੁੱਗ ਵਿਚ ਬਹੁਦੇਵਵਾਦ ਦੀ ਪੂਜਾ ਪ੍ਰਚਲਿਤ ਸੀ ਜੋ ਪੂਜਾ ਬ੍ਰਹਮਣਾਂ ਵਲੋਂ ਦਿਨ ਬ ਦਿਨ ਖਰਚੀਲੀ ਕੀਤੀ ਜਾ ਰਹੀ ਸੀ। ਇਸ ਕਿਸਮ ਦੀ ਖਰਚੀਲੀ ਪੂਜਾ ਦਾ ਖਰਚ ਕੇਵਲ ਉਸ

ਸਮੇਂ ਦੇ ਰਾਜੇ ਮਹਾਰਾਜੇ ਹੀ ਉਠਾਉਂਦੇ ਸਨ ਜਿਸ ਕਰਕੇ ਬ੍ਰਾਹਮਣਾਂ ਨੇ ਰਾਜਿਆਂ ਦੀ ਉਸਤਤੀ ਵਿਚ ਵੀ ਮੰਤਰ ਲਿਖਣੇ ਸ਼ੁਰੂ ਕਰ ਦਿੱਤੇ ਅਤੇ ਰਾਜਾ ਹੀ ਰੱਬ ਦੇ ਸਮਾਨ ਸਮਝਿਆ ਜਾਣ ਲੱਗਾ। ਇਸ ਬਹੁਦੇਵਵਾਦ ਦੀ ਪੂਜਾ ਤੋਂ ਬਾਅਦ ਉਪਨਿਸ਼ਦ ਯੁੱਗ ਵਿਚ ਅਦਵੈਤਵਾਦ ਦੀ ਵਿਚਾਰਧਾਰਾ ਪ੍ਰਫੁਲਿਤ ਹੋਈ ਜਿਸ ਅਨੁਸਾਰ ਬ੍ਰਹਮ ਦੇ ਨਿਰਾਕਾਰ ਵਿਚਾਰ ਨੂੰ ਪੇਸ਼ ਕੀਤਾ ਗਿਆ ਜਿਸ ਦੀ ਪੂਜਾ ਲਈ ਬਾਹਰੀ ਅਡੰਬਰਾਂ ਦੀ ਥਾਂ ਅੰਤਰ-ਮਨਨ ਦੀ ਉਪਾਸਨਾ ਨੂੰ ਪਹਿਲ ਦਿੱਤੀ ਗਈ। ਉਪਨਿਸ਼ਦ ਕਾਲ ਵਿਚ ਪ੍ਰਚਲਿਤ ਇਹ ਅੰਤਰਮੁਖੀ ਤੇ ਵਿਅਕਤੀਗਤ ਉਪਾਸਨਾ ਜਨ-ਸਾਧਾਰਨ ਦੀ ਬੁੱਧੀ ਤੋਂ ਪਰੇ ਜਾਂਦੀ ਰਹੀ। ਇਸ ਨਾਲ ਇਕ ਪਾਸੇ ਬਹੁਦੇਵਵਾਦ ਨੂੰ ਜ਼ਰੂਰ ਠੱਲ੍ਹ ਪਈ ਪਰ ਬ੍ਰਹਮ ਨੂੰ ਬਿਨਾ ਦੇਖੇ ਸਮਝਣਾ, ਪੂਜਾ ਕਰਨਾ ਸਾਧਾਰਨ ਲੋਕਾਂ ਲਈ ਹੋਰ ਵੀ ਔਖਾ ਕਾਰਜ ਹੋ ਗਿਆ। ਉਧਰ ਸਮਾਜਕ ਰੁਤਬੇ ਦੇ ਪੱਖ ਤੋਂ ਵਰਣ-ਵੰਡ (ਬ੍ਰਹਮ, ਖੱਤਰੀ, ਵੈਸ਼, ਸੂਦਰ ਆਦਿ) ਨੂੰ ਕਿੱਤੇ ਤੋਂ ਹਟਾ ਕੇ ਜਨਮਜਾਤ ਨਾਲ ਜੋੜ ਦਿੱਤਾ ਗਿਆ ਜਿਸ ਨਾਲ ਸਮਾਜ ਵਿਚ ਛੂਤ-ਛਾਤ, ਜਾਤੀ ਭੇਦਭਾਵ ਆਦਿ ਜਿਹੀਆਂ ਗੰਭੀਰ ਸਮੱਸਿਆਵਾਂ ਪੈਦਾ ਹੋ ਗਈਆਂ।

ਪੌਰਾਣਿਕ ਯੁੱਗ ਵਿਚ ਇਕ ਪਾਸੇ ਜੈਨ ਮਤ ਅਤੇ ਬੁੱਧ ਮਤ ਆਦਿ ਵੱਲ ਝੁਕਾਓ ਪੈਦਾ ਹੁੰਦਾ ਹੈ ਜਿਨ੍ਹਾਂ ਸਦਕਾ ਸਮਾਜ ਵਿਚ ਮੱਧ-ਮਾਰਗ, ਅਹਿੰਸਾ, ਸਦਾਚਾਰਕ ਆਦਿ ਬਦਲਾਵ ਤਾਂ ਜ਼ਰੂਰ ਆਏ ਪਰੰਤੂ ਸਮੇਂ ਨਾਲ ਇਹ ਵੀ ਕਈ ਸ਼ਾਖਾਵਾਂ ਜਿਵੇਂ ਜੈਨ ਧਰਮ 'ਸ਼ਵੇਤਾਂਬਰ' ਤੇ 'ਦਿਗੰਬਰ' ਵਿਚ ਅਤੇ ਬੁੱਧ ਧਰਮ 'ਹੀਨਯਾਨ' ਤੇ 'ਮਹਾਯਾਨ' ਆਦਿ ਵਿਚ ਵੰਡੇ ਜਾਣ ਕਾਰਨ ਲੋਕਾਂ ਲਈ ਉਲਝਣਾਂ ਦਾ ਕਾਰਨ ਬਣ ਗਏ। ਦੂਜੇ ਪਾਸੇ ਪੁਰਾਣਿਕ ਗ੍ਰੰਥ ਮਹਾਂਭਾਰਤ, ਗੀਤਾ ਅਤੇ ਰਾਮਾਇਣ ਆਦਿ ਦੇ ਨਾਇਕ ਰਾਮ, ਕ੍ਰਿਸ਼ਣ ਆਦਿ ਦੀ ਅਵਤਾਰ ਪੂਜਾ ਦਾ ਆਰੰਭ ਅਤੇ ਮੰਦਰਾਂ ਦਾ ਵੀ ਵਧੇਰੇ ਨਿਰਮਾਣ ਹੋਣ ਲੱਗ ਪਿਆ ਸੀ। ਮੰਦਰਾਂ ਵਿਚ ਵੱਖ-ਵੱਖ ਦੇਵੀ ਦੇਵਤਿਆਂ ਅਤੇ ਅਵਤਾਰਾਂ ਦੀ ਮੂਰਤੀ ਪੂਜਾ ਦਾ ਜ਼ੋਰਾਂ-ਸ਼ੋਰਾਂ ਨਾਲ ਆਰੰਭ ਹੋ ਚੁੱਕਾ ਸੀ।

ਇਸ ਤਰ੍ਹਾਂ ਉਪਨਿਸ਼ਦ, ਪੌਰਾਣਿਕ ਅਤੇ ਉਤਰ-ਪੌਰਾਣਿਕ ਯੁੱਗ ਵਿਚ ਅਨੇਕ ਮਤ, ਵਿਚਾਰਧਾਰਾਵਾਂ ਹੋਂਦ ਵਿਚ ਆਈਆਂ ਅਤੇ ਸਮਾਂ ਪੈਣ 'ਤੇ ਉਨ੍ਹਾਂ ਮਤ-ਮਤਾਂਤਰਾਂ ਵਿਚ ਵਧੇਰੇ ਕੁਰੀਤੀਆਂ ਪੈਦਾ ਹੋ ਜਾਣ ਕਾਰਨ ਇਕ ਮਤ ਦੇ ਵਿਰੋਧ ਵਿਚ ਦੂਸਰਾ ਮਤ ਹੋਂਦ ਵਿਚ ਆਉਂਦਾ ਰਿਹਾ। ਇਸ ਕਾਲ ਤੱਕ ਪੁੱਜਦੇ ਜਿੱਥੇ ਧਾਰਮਿਕ ਪੱਖ ਤੋਂ ਸਾਧਾਰਨ ਜਨਤਾ ਕਰਮਕਾਂਡਾਂ ਅਤੇ ਵਿਭਿੰਨ ਧਾਰਮਿਕ ਮਤ-ਮਤਾਂਤਰਾ ਦੇ ਭੰਬਲ-ਭੂਸੇ ਵਿਚ ਫਸੀ ਹੋਈ ਸੀ ਉਥੇ ਸਮਾਜ ਦੀਆਂ ਜਾਤ-ਪਾਤ, ਛੂਤ-ਛਾਤ, ਵਰਣ-ਆਸ਼ਰਮ ਆਦਿ ਰੂੜ੍ਹ ਹੋ ਚੁੱਕੀਆਂ ਪਰੰਪਰਾਵਾਂ ਵਿਚ ਵੀ ਪੂਰੀ ਤਰ੍ਹਾਂ ਗ੍ਰਸਤ ਹੋ ਚੁੱਕੀ ਸੀ। ਦੂਸਰੇ ਪਾਸੇ ਭਾਰਤੀ ਲੋਕਾਂ ਨੂੰ ਬਾਹਰੋਂ ਆਏ ਮੁਸਲਿਮ ਹਮਲਾਵਰਾਂ ਦੇ

ਜ਼ੁਲਮਾਂ ਦਾ ਸਾਹਮਣਾ ਹੀ ਨਹੀਂ ਸੀ ਕਰਨਾ ਪੈ ਰਿਹਾ, ਸਗੋਂ ਉਨ੍ਹਾਂ ਦੁਆਰਾ ਧਾਰਮਿਕ, ਸਮਾਜਕ ਅਤੇ ਰਾਜਨੀਤਕ ਪੱਖ ਤੋਂ ਵੀ ਜਬਰਦਸਤੀ ਥੋਪੇ ਅਸੂਲਾਂ ਨੂੰ ਸਹਿਣਾ ਪੈ ਰਿਹਾ ਸੀ। ਇਸ ਸਮੇਂ ਦੇ ਸਮਾਜ ਵਿਚ ਦੋ ਤਰ੍ਹਾਂ ਦੇ ਪੱਖ ਭਾਰੂ ਰਹਿੰਦੇ ਹਨ। ਪਹਿਲਾ ਕਿ ਆਮ ਜਨਤਾ ਵਿਚ ਮੂਰਤੀ ਪੂਜਾ, ਯੱਗ, ਬਲੀ, ਹਵਨ ਅਤੇ ਹੋਰ ਕਰਮਕਾਂਡਾਂ ਦਾ ਜਾਲ ਇਸ ਤਰ੍ਹਾਂ ਫੈਲ ਚੁੱਕਿਆ ਸੀ ਕਿ ਲੋਕਾਂ ਦਾ ਅਜਿਹੇ ਸਮਾਜਕ ਵਾਤਾਵਰਨ ਵਿਚ ਰਹਿਣਾ ਅਤਿ ਮੁਸ਼ਕਿਲ ਹੁੰਦਾ ਗਿਆ। ਦੂਸਰਾ ਇਸਦੇ ਨਾਲੋਂ ਨਾਲ ਇਕ ਅਜਿਹੀ ਵਿਚਾਰਧਾਰਾ ਵੀ ਆਪਣਾ ਕੱਦ ਉੱਚਾ ਕਰ ਰਹੀ ਸੀ ਜੋ ਉਪਰੋਕਤ ਕਰਮਕਾਡਾਂ ਤੋਂ ਉੱਪਰ ਉੱਠ ਕੇ, ਸਹਿਜ, ਸਰਲ, ਗ੍ਰਹਿਸਥ ਜੀਵਨ ਅਤੇ ਇਕ ਪ੍ਰਮਾਤਮਾ ਦਾ ਉਪਦੇਸ਼ ਦੇ ਰਹੀ ਸੀ ਜਿਸਦਾ ਉਦੇਸ਼ ਲੌਕਿਕ ਅਤੇ ਪਰਾਲੌਕਿਕ ਮਾਰਗ ਨੂੰ ਜੋੜ ਕੇ ਮਨੁੱਖਾ ਜੀਵਨ ਜਿਉਂਦੇ ਹੋਏ ਨਿਰਲੇਪਤਾ ਉੱਪਰ ਜ਼ੋਰ ਦੇਣਾ ਸੀ। ਵਾਸਤਵ ਵਿਚ ਇਹ ਵਿਚਾਰਧਾਰਾ ਦੱਖਣ ਤੋਂ ਉੱਤਰ ਤੇ ਫਿਰ ਪੂਰੇ ਭਾਰਤ ਵਿਚ ਫੈਲੀ 'ਭਗਤੀ ਲਹਿਰ' ਸੀ। ਮੁਸਲਿਮ ਹਮਲਾਵਰਾਂ ਨਾਲ ਆਏ ਕੁੱਝ ਮੁਸਲਿਮ ਸੂਫ਼ੀ ਫ਼ਕੀਰਾਂ ਨੇ ਵੀ ਇਸ ਲਹਿਰ ਨੂੰ ਪ੍ਰਵਾਹਮਾਨ ਕਰਨ ਲਈ ਵਿਸ਼ੇਸ਼ ਯੋਗਦਾਨ ਪਾਇਆ। ਸੋ ਇਹ ਉਹ ਸਮਾਂ ਸੀ ਜਦੋਂ ਭਾਰਤੀ ਸਮਾਜ ਵਿਚ ਪੈਦਾ ਹੋਈਆਂ ਧਾਰਮਿਕ, ਸਮਾਜਕ, ਰਾਜਨੀਤਕ ਅਤੇ ਸਭਿਆਚਾਰਕ ਪਰਿਸਥਿਤੀਆਂ ਨੇ ਮੱਧਕਾਲ ਦੇ ਭਾਰਤੀ-ਸਮਾਜ ਅਤੇ ਸਭਿਆਚਾਰ ਲਈ ਕੁੱਝ ਸੇਧਾਂ, ਚੁਣੌਤੀਆਂ ਤੇ ਸੰਭਾਵਨਾਵਾਂ ਨੂੰ ਉਜਾਗਰ ਕੀਤਾ ਜਿਨਾਂ ਨੂੰ ਮੱਧਕਾਲ ਵਿਚ ਪੈਦਾ ਹੋਣ ਵਾਲੀ ਹਰ ਧਾਰਮਿਕ ਵਿਚਾਰਧਾਰਾ ਨੇ ਆਪਣੇ ਆਪਣੇ ਦ੍ਰਿਸ਼ਟੀਕੋਣ ਤੋਂ ਦੇਖਣ ਦੇ ਯਤਨ ਕੀਤੇ।

ਮੱਧਕਾਲੀ ਸਮਾਜ ਵਿਚ ਉਪਰੋਕਤ ਸਮੱਸਿਆਵਾਂ ਦੇ ਜੰਗਲ ਘਟੇ ਨਹੀਂ ਸਨ, ਸਗੋਂ ਦਿਨ-ਬ-ਦਿਨ ਹੋਰ ਸੰਘਣੇ ਹੁੰਦੇ ਜਾ ਰਹੇ ਸਨ। ਮੁਗਲਾਂ ਤੋਂ ਪਹਿਲਾਂ ਭਾਰਤ ਵਿਚ ਦਾਸ ਵੰਸ਼, ਖਿਲਜੀ ਵੰਸ਼ ਅਤੇ ਤੁਗਲਕ ਵੰਸ਼ ਦੇ ਮੁਸਲਮਾਨ ਬਾਦਸ਼ਾਹਾਂ ਦਾ ਰਾਜ ਰਿਹਾ। ਭਾਰਤ ਵਿਚ ਸਭ ਤੋਂ ਪਹਿਲਾਂ "ਸਿੰਧ ਤੇ ਮੁਸਲਮਾਨਾਂ ਦਾ ਅਧਿਕਾਰ 712 ਈ. ਵਿਚ ਹੀ ਹੋ ਗਿਆ ਸੀ।"[32] ਮੁਸਲਿਮ ਬਾਦਸ਼ਾਹ ਮੁਹੰਮਦ-ਬਿਨ-ਕਾਸਿਮ, ਸਬੁਕਤਦੀਨ, ਮਹਿਮੂਦ ਗਜਨਵੀ, ਮੁਹੰਮਦ ਗੌਰੀ ਆਦਿ ਭਾਰਤੀ ਸਮਾਜ ਵਿਚ ਇਸ ਤਰ੍ਹਾਂ ਦੇ ਪਹਿਲੇ ਹਮਲਾਵਰ ਹੋਏ ਜੋ ਭਾਰਤ ਦੀ ਬਾਗਡੋਰ ਮੁਗਲਾਂ ਦੇ ਹੱਥ ਦੇਣ ਵਿਚ ਹੀ ਸਹਾਈ ਨਹੀਂ ਹੋਏ, ਸਗੋਂ ਇਸਲਾਮ ਧਰਮ ਦਾ ਤਲਵਾਰ ਦੇ ਜ਼ੋਰ 'ਤੇ ਪ੍ਰਚਾਰ, ਹਿੰਦੂਆਂ ਨੂੰ ਮੁਸਲਿਮ ਬਣਾਉਣਾ, ਮੰਦਰਾਂ, ਮੂਰਤੀਆਂ ਨੂੰ ਤੋੜਨਾ ਅਤੇ ਦੇਸ਼ ਦੀ ਧਨ ਸੰਪਤੀ ਨੂੰ ਲੁੱਟਣ ਵਿਚ ਵੀ ਕਾਮਯਾਬ ਹੋਏ। ਮੱਧਕਾਲ ਵਿਚ ਧਾਰਮਿਕ ਪੱਖ ਤੋਂ ਵੀ ਸਿੱਧ-ਮਤ, ਨਾਥ-ਮਤ, ਇਸਲਾਮ, ਸੂਫ਼ੀ ਆਦਿ ਕਈ ਮਤ ਪ੍ਰਚਲਿਤ ਹੋ ਚੁੱਕੇ ਸਨ। ਇਸ ਤਰ੍ਹਾਂ ਹਿੰਦੂਆਂ, ਮੁਸਲਮਾਨਾਂ

ਆਦਿ ਦੇ ਧਾਰਮਿਕ ਮਤਾਂ, ਫਿਰਕਿਆਂ, ਸੰਪਰਦਾਵਾਂ ਦੀ ਖਿਚੋਤਾਣ ਸਦਕਾ ਭਾਰਤੀ ਸਮਾਜ ਦੇ ਲੋਕਾਂ ਵਿਚ ਭੇਦਭਾਵ, ਗਿਆਨਹੀਣਤਾ, ਅਸਹਿਯੋਗ, ਅੰਧਵਿਸ਼ਵਾਸ, ਕਰਮਕਾਂਡ ਆਦਿ ਕੁਰੀਤੀਆਂ ਦਾ ਜਾਲ ਪੂਰੀ ਤਰ੍ਹਾਂ ਫੈਲ ਚੁੱਕਾ ਸੀ ਜਿਸ ਸਬੰਧੀ ਹੇਠ ਲਿਖੇ ਅਨੁਸਾਰ ਵਿਚਾਰ-ਚਰਚਾ ਕੀਤੀ ਜਾ ਸਕਦੀ ਹੈ:

**ਸਮਾਨਤਾ ਅਤੇ ਭਿੰਨਤਾ** : ਇਸਲਾਮਿਕ ਹਮਲਾਵਾਰਾਂ ਨੇ ਭਾਰਤ ਵਿਚ ਆਪਣੇ ਆਪ ਨੂੰ ਅਤੇ ਇਸਲਾਮ ਧਰਮ ਨੂੰ 10ਵੀਂ ਸਦੀ ਤੱਕ ਪੱਕੇ ਪੈਰੀਂ ਸਥਾਪਿਤ ਕਰ ਲਿਆ ਸੀ। ਇਸ ਤੋਂ ਬਾਅਦ ਭਾਵੇਂ ਭਾਰਤੀ ਸਮਾਜ ਨੂੰ ਦੋ ਵਰਗਾਂ 'ਹਿੰਦੂ ਸਮਾਜ' ਅਤੇ 'ਮੁਸਲਿਮ ਸਮਾਜ' ਵਿਚ ਵੰਡ ਦਿੱਤਾ ਗਿਆ ਪਰੰਤੂ ਅਸਲ ਵਿਚ ਭਾਰਤੀ ਸਮਾਜ ਕੇਵਲ ਇਨ੍ਹਾਂ ਦੋ ਵਰਗਾਂ ਵਿਚ ਹੀ ਨਹੀਂ ਸਗੋਂ ਧਰਮ, ਜਾਤੀ, ਵਰਨ-ਆਸ਼ਰਮ ਆਦਿ ਦੇ ਆਧਾਰ 'ਤੇ ਅਣਗਿਣਤ ਵਰਗਾਂ ਵਿਚ ਵੰਡਿਆ ਹੋਇਆ ਸੀ। ਇਸਲਾਮਿਕ ਰਾਜਸੀ ਹਮਲਾਵਰਾਂ ਦਾ ਮੂਲ ਮਨੋਰਥ ਭਾਵੇਂ ਧਨ-ਦੌਲਤ ਲੁੱਟਣਾ, ਇਸਲਾਮ ਧਰਮ ਦਾ ਪ੍ਰਚਾਰ ਤੇ ਪਾਸਾਰ ਕਰਨਾ ਸੀ ਜਿਸ ਕਾਰਨ ਉਨ੍ਹਾਂ ਨੇ ਸਦੀਆਂ ਤੋਂ ਰਹਿ ਰਹੇ ਹਿੰਦੂ ਸਮਾਜ ਨੂੰ ਸਮਾਜਿਕ, ਧਾਰਮਿਕ, ਰਾਜਨੀਤਕ, ਆਰਥਿਕ ਤੇ ਸਭਿਆਚਾਰਕ ਪੱਖ ਤੋਂ ਕਈ ਹੋਰ ਨਵੀਆਂ ਉਲਝਣਾਂ ਵਿਚ ਫਸਾ ਦਿੱਤਾ, ਪਰੰਤੂ ਇਸ ਤੋਂ ਪਹਿਲਾਂ ਹਿੰਦੂ ਸਮਾਜ ਖ਼ੁਦ ਵੀ ਕੋਈ ਬਹੁਤੀ ਵਧੀਆ ਹਾਲਤ ਵਾਲਾ ਜੀਵਨ ਨਹੀਂ ਸੀ ਜਿਉਂ ਰਿਹਾ। ਵੈਦਿਕ ਧਰਮ ਤੋਂ ਲੈ ਕੇ ਮੱਧਕਾਲ ਤਕ ਇਸ ਵਿਚ ਕਈ ਮਤ-ਮਤਾਂਤਰ, ਫਿਰਕੇ, ਸੰਪਰਦਾਵਾਂ ਆਦਿ ਚੱਲਦੇ ਆ ਰਹੇ ਸਨ ਜੋ ਆਪਣੇ ਹੀ ਬਣਾਏ ਉਪ-ਨਿਯਮਾਂ ਨਾਲ ਲੋਕਾਂ ਨੂੰ ਖ਼ਾਸ ਆਚਰਣ ਦੇ ਧਾਰਨੀ ਹੋਣ ਦੀ ਤਾਕੀਦ ਕਰਦੇ ਸਨ ਭਾਵੇਂ ਕਿ ਇਹ ਵਿਆਪਕ ਧਰਮ ਜਾਂ ਹਿੰਦੂ ਧਰਮ ਦੇ ਕੁੱਲ ਘੇਰੇ ਦੀਆਂ ਹੱਦਾਂ ਅੰਦਰ ਹੀ ਰਹਿੰਦੇ ਸਨ ਪਰ ਸਮਾਜ ਦੀ ਆਮ ਲੋਕਾਈ ਦੀ ਏਕਤਾ, ਅਖੰਡਤਾ ਤੇ ਸਮਾਨਤਾ ਆਦਿ ਗੁਣਾਂ ਨੂੰ ਬਹੁਤ ਹੱਦ ਤਕ ਇਨ੍ਹਾਂ ਵਿਭਿੰਨ ਮਤ-ਮਤਾਤਰਾਂ ਨੇ ਪ੍ਰਭਾਵਿਤ ਕਰ ਛੱਡਿਆ ਸੀ। ਜਿਵੇਂ ਕੰਮ ਆਧਾਰਤ ਹੋਈ ਜਾਤੀ ਵੰਡ ਤੇ ਵਰਣ-ਆਸ਼ਰਮ ਦੇ ਚਾਰ ਪੜਾਅ ਜੀਵਨ ਵਿਚ ਇਕ ਰੂੜ੍ਹੀਗਤ ਵਰਗ ਬਣ ਕੇ ਹੀ ਰਹਿ ਗਏ। ਭਾਰਤੀ ਸਮਾਜ ਵਿਚ ਜਾਤੀਵੰਡ ਜਾਂ ਆਸ਼ਰਮ ਵਿਵਸਥਾ ਨਾਲ ਨਵੀਨ ਪ੍ਰਸੰਗ ਦੇ ਅਰਥ ਇਸ ਤਰ੍ਹਾਂ ਰੂੜ੍ਹ ਹੋ ਗਏ ਕਿ ਉਸਦੇ ਪਿਛਲੇ ਅਰਥਾਂ ਨੂੰ ਨਾ ਕੋਈ ਸਮਝਣਾ ਚਾਹੁੰਦਾ ਸੀ ਅਤੇ ਨਾ ਹੀ ਸਮਝਾਉਣਾ। ਅਜਿਹੀ ਹਾਲਤ ਵਿਚ ਮੱਧਕਾਲੀ ਭਾਰਤੀ ਸਮਾਜ ਨੂੰ ਸਮਾਨਤਾ, ਏਕਤਾ ਤੇ ਸਹਿਕਾਰਤਾ ਜਿਹੇ ਨੈਤਿਕ ਗੁਣ ਧਾਰਨ ਕਰਨ ਤੇ ਕਰਾਉਣ ਵਾਲੇ ਬੁੱਧੀ-ਵਰਗ ਦੀ ਲੋੜ ਸੀ ਜਿਸ ਦੀ ਕਮੀ ਬਹੁ-ਗਿਣਤੀ ਵਿਚ ਸੰਗਠਤ ਹੋ ਚੁੱਕੇ ਭਗਤਾਂ, ਸੰਤਾਂ, ਸੂਫੀਆਂ ਨੇ ਦੂਰ ਕਰਨ ਦਾ ਬੀੜਾ ਚੁੱਕਿਆ। ਭਾਵੇਂ ਕਿ ਇਨ੍ਹਾਂ ਵਿਵੇਕਸ਼ੀਲ ਸੰਤਾਂ, ਭਗਤਾਂ ਦੇ ਯਤਨਾਂ ਨੂੰ ਬੜੇ ਮੁਢਲੇ ਕਿਸਮ ਦੇ ਯਤਨ

ਹੀ ਮੰਨਿਆ ਜਾਂਦਾ ਹੈ ਪਰ ਸ਼ਾਇਦ ਸਾਰੀ ਗੱਲ ਮੁੱਢ ਬੰਨ੍ਹਣ, ਸੰਗਠਿਤ ਹੋਣ ਜਾਂ ਪਹਿਲਾਂ ਕਦਮ ਪੁੱਟਣ 'ਤੇ ਵੀ ਖੜੀ ਹੁੰਦੀ ਹੈ। ਜਿਸ ਨੂੰ ਇਹਨਾਂ ਸੰਤਾਂ ਨੇ ਅੱਗੇ ਤੋਰਨ ਲਈ ਭਰਪੂਰ ਹੰਭਲਾ ਮਾਰਿਆ।

**ਗਿਆਨਹੀਣਤਾ** : ਮੱਧਕਾਲੀ ਸਮਾਜ ਵਿਚ ਧਰਮ ਹੀ ਮਨੁੱਖੀ ਜੀਵਨ ਦੇ ਹਰ ਖੇਤਰ ਵਿਚ ਨਿਯਮ ਘੜਨ ਵਾਲਾ ਸੀ ਜਾਂ ਇਉਂ ਕਹਿ ਲਿਆ ਜਾਵੇ ਕਿ ਉਸ ਸਮੇਂ ਮਨੁੱਖੀ ਜੀਵਨ ਦੀ ਵਾਗਡੋਰ ਪੂਰੀ ਤਰ੍ਹਾਂ 'ਧਰਮ' ਦੇ ਹੱਥ ਵਿਚ ਸੀ ਅਤੇ 'ਧਰਮ' ਸਬੰਧੀ ਸੰਸਕ੍ਰਿਤ ਭਾਸ਼ਾ ਵਿਚ ਲਿਖਤ ਗ੍ਰੰਥਾਂ ਦਾ ਸੰਦੇਸ਼ ਸਹੀ ਅਰਥਾਂ ਵਿਚ ਆਮ ਲੋਕਾਂ ਤੱਕ ਨਹੀਂ ਸੀ ਅੱਪੜਦਾ ਕਿਉਂਕਿ ਇਨ੍ਹਾਂ ਧਰਮ ਗ੍ਰੰਥਾਂ ਦੀ ਵਾਗਡੋਰ ਉਸ ਸਮੇਂ ਦੀ 'ਬ੍ਰਾਹਮਣ' ਜਾਤੀ ਦੇ ਹੱਥਾਂ ਵਿਚ ਸੀ ਅਤੇ ਬਹੁ-ਗਿਣਤੀ ਲੋਕਾਂ ਦੀ ਗਿਆਨਹੀਣਤਾ ਕਾਰਨ ਧਰਮ ਗ੍ਰੰਥਾਂ ਨੂੰ ਵਧੇਰੇ ਕਰਕੇ ਆਪੋ ਆਪਣੇ ਲਾਭ ਲਈ ਵਰਤਿਆ ਜਾਂਦਾ ਰਿਹਾ। ਇਸ ਤਰ੍ਹਾਂ ਦੀ ਗਿਆਨਹੀਣਤਾ ਦੇ ਹਨ੍ਹੇਰੇ ਵਿਚ ਮੱਧਕਾਲੀ ਸਮਾਜ ਦੀ ਜਨਤਾ ਵਿਭਿੰਨ ਮਤ-ਮਤਾਂਤਰਾ ਦੀ ਸੁਝਾਈ ਜੀਵਨ-ਜਾਚ ਦੇ ਭੰਬਲਭੂਸੇ ਵਿਚ ਪਈ ਹੋਈ ਸੀ। ਲੋਕ ਇਕ ਤੋਂ ਵਧੇਰੇ ਪੰਥ, ਸੰਪਰਦਾਵਾਂ ਜਾਂ ਫਿਰਕਿਆਂ ਦੀ ਸ਼ਰਨ ਲੈਂਦੇ ਪਰੰਤੂ ਵਾਸਤਵ ਵਿਚ ਉਨ੍ਹਾਂ ਦਾ ਜੀਵਨ ਸ਼ਾਂਤ ਤੇ ਸਹਿਜ ਨਾ ਰਿਹਾ ਅਤੇ ਉਹ ਨਿਰੰਤਰ ਕਿਸੇ ਅਜਿਹੇ ਮਾਰਗ ਦੀ ਤਲਾਸ਼ ਵਿਚ ਰਹਿੰਦੇ ਸੀ ਜੋ ਮਾਰਗ ਉਨ੍ਹਾਂ ਦੇ ਜੀਵਨ ਵਿਚੋਂ ਅਸਮਾਨਤਾਵਾਂ, ਵਿਭਿੰਨਤਾਵਾਂ ਤੇ ਅਨੇਕਤਾਵਾਂ ਨੂੰ ਬਾਹਰ ਕੱਢ ਕੇ ਸਰਬ-ਵਿਆਪਕ ਮਾਰਗ ਵੱਲ ਤੋਰੇ। ਮੱਧਕਾਲੀ ਭਗਤਾਂ ਦਾ ਮਾਰਗ ਅਜਿਹਾ ਹੀ ਮਾਰਗ ਸੀ ਜਿਨ੍ਹਾਂ ਨੇ ਆਪੋ ਆਪਣੇ ਖਿੱਤਿਆਂ ਦੀਆਂ ਬੋਲੀਆਂ ਵਿਚ ਅਤੇ ਧਰਮ ਗ੍ਰੰਥਾਂ ਵਿਚਲੇ ਵਿਚਾਰਾਂ ਨੂੰ ਸਹੀ ਅਰਥਾਂ ਵਿਚ ਲੋਕਾਂ ਤੱਕ ਪਹੁੰਚਾਇਆ।

**ਅਸਹਿਯੋਗ ਦੀ ਭਾਵਨਾ** : ਜਦੋਂ ਕਿਸੇ ਸਮਾਜ ਵਿਚ ਸਹਿਯੋਗ ਜਾਂ ਸਹਿਕਾਰੀ ਭਾਵਾਂ ਨਾਲੋਂ ਅਸਿਹਯੋਗ ਦੀ ਭਾਵਨਾ ਵਧ ਜਾਵੇ ਤਾਂ ਉਸ ਸਮਾਜ ਦੇ ਵਿਕਾਸ ਵਿਚ ਖੜੋਤ ਪੈਦਾ ਹੋ ਜਾਣ ਦਾ ਖਦਸਾ ਬਣਿਆ ਰਹਿੰਦਾ ਹੈ। ਮੱਧਕਾਲੀ ਸਮਾਜ ਦੇ ਲੋਕਾਂ ਵਿਚ ਨਿਰੰਤਰ ਅਸਿਹਯੋਗ ਜਿਹੀਆਂ ਪ੍ਰਵਿਰਤੀਆਂ ਘਰ ਕਰਦੀਆਂ ਜਾ ਰਹੀਆਂ ਸਨ। ਇਕ ਜਾਤੀ ਦੇ ਲੋਕ ਦੂਸਰੀ ਜਾਤੀ ਨਾਲ ਬਹੁਤਾ ਸੰਬੰਧ ਨਹੀਂ ਸੀ ਰੱਖਦੇ। ਉਚ-ਨੀਚ ਦੇ ਭੇਦਭਾਵ ਏਨੇ ਵਧ ਚੁੱਕੇ ਸਨ ਕਿ ਨੀਵੀਂ ਜਾਤੀ ਦੇ ਸਮਝੇ ਜਾਂਦੇ ਲੋਕਾਂ ਨੂੰ ਛੋਹਣਾ ਤਾਂ ਕੀ ਦੇਖਣਾ ਤੱਕ ਵੀ ਪਸੰਦ ਨਹੀਂ ਸੀ ਕੀਤਾ ਜਾਂਦਾ। ਫਿਰ ਅਜਿਹੀ ਭਾਵਨਾ ਦੇ ਪਨਪਣ ਨਾਲ ਸਹਿਯੋਗੀ ਭਾਵਨਾ ਕਿੰਨੇ ਕੁ ਲੋਕਾਂ ਦੇ ਹਿਰਦਿਆਂ ਅੰਦਰ ਹੋਵੇਗੀ। ਇਸ ਦਾ ਅੰਦਾਜ਼ਾ ਲਾਇਆ ਜਾ ਸਕਦਾ। ਇਹੋ ਕਾਰਨ ਸੀ ਕਿ ਨੀਵੀਆਂ ਜਾਤੀਆਂ ਦੇ ਲੋਕ ਗੁੰਮ ਹੋ ਚੁੱਕੀ ਸਵੈ-ਹੋਂਦ, ਸਵੈ-ਪਛਾਣ ਲਈ ਇਸਲਾਮ ਧਰਮ ਵਿਚ ਸ਼ਿਰਕਤ ਕਰ ਲੈਂਦੇ ਸਨ। ਮੱਧਕਾਲੀ

ਸਮਾਜ ਵਿਚ ਅਸਹਿਯੋਗ ਦਾ ਇਕ ਕਾਰਨ ਮਨੁੱਖ ਦੀ ਉਮਰ ਨੂੰ ਸੌ ਸਾਲ ਮੰਨ ਕੇ ਉਸਨੂੰ ਚਾਰ ਆਸ਼ਰਮਾਂ ਵਿਚ ਵੰਡ ਦੇਣਾ ਸੀ ਜਿਸ ਤਹਿਤ ਇਹ ਇਕ ਰੂੜ੍ਹੀ ਦਾ ਰੂਪ ਧਾਰਦੀ ਹੋਈ ਅੱਗੇ ਚੱਲ ਕੇ ਸਮਾਜ ਵਿਚ ਬ੍ਰਹਮਚਾਰੀਆਂ, ਸੰਨਿਆਸੀਆਂ, ਜੋਗੀਆਂ ਦੇ ਅਣਗਿਣਤ ਫਿਰਕਿਆਂ ਨੂੰ ਜਨਮ ਦਿੰਦੀ ਹੈ ਜਿਨ੍ਹਾਂ ਚੋਂ ਬਹੁਤੇ ਲੋਕ ਕਿਰਤ ਨਾ ਕਰਨ ਅਤੇ ਮੰਗਕੇ ਖਾਣ ਆਦਿ ਆਦਤਾਂ ਨਾਲ ਗ੍ਰਿਹਸਥੀ ਲੋਕਾਂ 'ਤੇ ਬੋਝ ਬਣਕੇ ਰਹਿ ਗਏ। ਇਹੋ ਕਾਰਨ ਸੀ ਕਿ ਮੱਧਕਾਲੀ ਸਮਾਜ ਵਿਚ ਇਕ ਦੂਸਰੇ ਤੋਂ ਦੂਰੀ ਦਾ ਪਾੜਾ ਲਗਾਤਾਰ ਵੱਧਦਾ ਜਾ ਰਿਹਾ ਸੀ ਅਤੇ ਆਪਸੀ ਅਸਹਿਯੋਗ, ਸੰਘਰਸ਼, ਚੋਰੀ, ਠੱਗੀ ਆਦਿ ਅਨੈਤਿਕਤਾ ਸਮਾਜ ਵਿਚ ਫੈਲਦੀ ਜਾ ਰਹੀ ਸੀ।

## ਰੂੜ੍ਹੀਵਾਦੀ ਸੋਚ, ਅੰਧਵਿਸ਼ਵਾਸ ਅਤੇ ਕਰਮਕਾਂਡਾਂ ਦਾ ਫੈਲਾਓ

ਮੱਧਕਾਲੀ ਸਮਾਜ ਵਿਚ ਬਹੁਤ ਹੱਦ ਤੱਕ ਸਮਾਜਿਕ, ਸਭਿਆਚਾਰਕ ਸੰਸਕਾਰਾਂ ਦੇ ਅਸਲ ਅਰਥ ਦਿਨ ਬ ਦਿਨ ਗੁਆਚਦੇ ਜਾ ਰਹੇ ਸਨ ਅਤੇ ਹਰ ਰਵਾਇਤ ਦੇ ਰੂੜ੍ਹ ਅਰਥਾਂ ਨਾਲ ਮਨੁੱਖੀ ਜੀਵਨ ਵਿਚ ਉਲਝਣਾਂ ਤੋਂ ਸਿਵਾ ਕੁਝ ਪੱਲੇ ਨਹੀਂ ਪੈਂਦਾ। ਧਾਰਮਿਕ ਕਰਮਾਂ ਵਿਚ ਚਾਹੇ ਉਹ ਤੀਰਥ-ਭ੍ਰਮਣ ਹੋਵੇ ਜਾਂ ਫਿਰ ਵਰਤ, ਯੱਗ-ਹਵਨ, ਜੰਤਰ-ਮੰਤਰ ਆਦਿ ਹੋਣ ਸਭ ਦਾ ਆਪਣੇ ਮੂਲ ਵਾਸਤਵ ਅਰਥਾਂ ਨਾਲ ਤਾਂ ਜਿਵੇਂ ਕੋਈ ਸਬੰਧ ਹੀ ਨਾ ਰਿਹਾ ਹੋਵੇ ਸਿਰਫ਼ ਤੇ ਸਿਰਫ਼ ਨਿਰਾ ਭਰਮ, ਛਲਾਵਾ ਤੇ ਜ਼ਿੰਦਗੀ ਵਿਚ ਫਾਲਤੂ ਬੋਝ ਢੋਣ ਵਾਲੇ ਕਰਮਾਂ ਤੋਂ ਸਿਵਾ ਕੁੱਝ ਨਾ ਰਿਹਾ। ਇਹੋ ਹਾਲ ਹੀ ਮਨੁੱਖੀ ਜੀਵਨ ਵਿਚ ਜਾਤੀ, ਵਰਣ-ਆਸ਼ਰਮ ਦੇ ਨਾਲ ਨਾਲ ਔਰਤ ਦੇ ਜੀਵਨ ਸੰਬੰਧੀ, ਘੜੀਆਂ ਪ੍ਰਥਾਵਾਂ ਸਤੀ ਪ੍ਰਥਾ, ਬਾਲ-ਵਿਆਹ, ਪਰਦਾ ਪ੍ਰਥਾ ਆਦਿ ਅਤੇ ਜਨਮ, ਵਿਆਹ ਅਤੇ ਮੌਤ ਨਾਲ ਸੰਬੰਧਿਤ ਰੀਤਾਂ-ਰਸਮਾਂ ਦਾ ਹੋ ਰਿਹਾ ਸੀ। ਜੇਕਰ ਸਮਾਜਕ ਕੀਮਤਾਂ, ਕਰਮਾਂ, ਸੰਸਕਾਰਾਂ ਦਾ ਮਿਆਰ ਇਸ ਹੱਦ ਤਕ ਗਿਰ ਜਾਵੇ ਤਾਂ ਵੇਲੇ ਦੀ ਖ਼ਲਕਤ ਦੀ ਸਮਾਜਕ ਹਾਲਤ ਦਾ ਅੰਦਾਜ਼ਾ ਲਗਾਉਣ ਵਿਚ ਔਖ ਨਹੀਂ ਹੋਵੇਗੀ। ਇਨ੍ਹਾਂ ਸਭ ਸਮਾਜਕ ਕੁਰੀਤੀਆਂ ਦੇ ਭਲੇ ਹੀ ਕਈ ਕਾਰਨ ਹੋਣ, ਪਰੰਤੂ ਸਭ ਤੋਂ ਵੱਡਾ ਕਾਰਨ ਲੋਕਾਂ ਦੀ ਗਿਆਨਹੀਣਤਾ ਅਤੇ ਉੱਚ-ਜਾਤੀਆਂ ਦੀ ਲੋਟੂ ਪ੍ਰਵਿਰਤੀ ਦੁਆਰਾ ਫੈਲਾਏ ਅੰਧਵਿਸ਼ਵਾਸਾਂ, ਕਰਮਕਾਂਡ, ਆਡੰਬਰਾਂ ਅਤੇ ਅਪਰਿਵਰਤਨਸ਼ੀਲ ਸੋਚ ਆਦਿ ਸਨ। ਇਸ ਸਮੇਂ ਲੋੜ ਸੀ ਰੋਗਗ੍ਰਸਤ ਹੋ ਚੁੱਕੇ ਸਮਾਜ ਨੂੰ ਸਹੀ ਦਸ਼ਾ ਤੇ ਦਿਸ਼ਾ ਵੱਲ ਲਿਜਾਣ ਵਾਲੇ ਵਿਵੇਕਸ਼ੀਲ ਤੇ ਸਮਾਜ ਸੁਧਾਰਕਾਂ ਦੀ ਜੋ ਲੋਕ ਭਗਤੀ-ਮਤ ਦੇ ਏਜੰਡੇ ਅਧੀਨ ਕਾਰਜਸ਼ੀਲ ਹੋ ਰਹੇ ਸਨ। ਉਨ੍ਹਾਂ ਸੰਤਾਂ, ਭਗਤਾਂ ਨੇ ਪ੍ਰਭੂ ਦੀ ਓਟ, ਪ੍ਰਭੂ-ਪ੍ਰੇਮ ਤੇ ਵਜਦ ਦੇ ਆਲਮ ਵਿਚ ਰਹਿਣ ਦੇ ਨਾਲ ਨਾਲ ਵੇਲੇ ਦੇ ਗ਼ਲਤ ਨਿਜ਼ਾਮ-ਪ੍ਰਬੰਧ ਅਤੇ ਉੱਚ ਸ਼੍ਰੇਣੀਆਂ, ਜਾਤੀਆਂ ਦੇ ਬਰਖ਼ਿਲਾਫ ਹੁੰਦੇ ਹੋਏ ਅਜਿਹੇ ਸਾਹਸੀ ਉੱਦਮ ਵੱਲ ਪੁਲਾਂਗ ਪੁੱਟੀ ਜੋ ਸਾਧਾਰਨ ਲੋਕਾਈ ਦੇ ਜੀਵਨ-ਜਿਉਣ ਅਤੇ

ਜੀਵਨ-ਮੁਕਤੀ ਦਾ ਸਹੀ ਕਿਨਾਰਾ ਸੀ। ਇਨ੍ਹਾਂ ਦਿਸ਼ਾਵਾਂ ਵੱਲ ਠਿਲ੍ਹਣ ਦੇ ਇਸ਼ਾਰੇ, ਸੰਕੇਤ ਤਤਕਾਲੀ ਸੰਤਾਂ, ਭਗਤਾਂ, ਸੂਫ਼ੀਆਂ ਨੇ ਆਪਣੀ ਅਧਿਆਤਮ ਬਾਣੀ ਵਿਚ ਵਾਰ-ਵਾਰ, ਥਾਂ-ਥਾਂ ਕੀਤੇ ਹਨ ਜਿਨ੍ਹਾਂ ਨੂੰ ਨੀਝ ਲਗਾ ਕੇ ਵਾਚਿਆਂ ਅਰਸ਼ਾਂ, ਮੰਦਰਾਂ, ਮਸਜਿਦਾਂ, ਮੂਰਤੀਆਂ ਵਿਚ ਵਸਣ ਵਾਲੇ ਬ੍ਰਹਮ ਦੇ ਦੀਦਾਰ ਹਿਰਦੇ ਅੰਦਰ ਹੋਣ ਲੱਗਦੇ ਹਨ ਅਤੇ ਪੂਰੀ ਕਾਇਨਾਤ ਉਸ ਪਰਵਰਦਿਗਾਰ ਦੀ ਦਰਗਾਹ ਜਾਪਣ ਲੱਗ ਜਾਂਦੀ ਹੈ ਅਤੇ ਸਾਰੀ ਖ਼ਲਕਤ ਉਸਦਾ ਰੂਪ। ਸੋ ਇਹੋ ਸੀ ਮੱਧਕਾਲੀ ਭਗਤਾਂ ਦਾ ਸਮਾਜ ਲਈ ਉਹ ਸੰਦੇਸ਼ ਜਿਸ ਵਿਚ ਸਾਰੀ ਮਨੁੱਖ ਜਾਤੀ ਦੇ ਭਰਮਾਂ, ਅੰਧਵਿਸ਼ਵਾਸਾਂ, ਕਰਮਕਾਂਡਾਂ ਨੂੰ ਬੜੇ ਦਲੀਲਮਈ ਅੰਦਾਜ਼ ਵਿਚ ਦੂਰ ਕਰਨ ਦਾ ਬਲ ਸੀ।

### ਭਗਤੀ-ਮਤ ਵਿਚ 'ਨਿਰਗੁਣ-ਭਗਤੀ' ਦਾ ਉਦੇਸ਼

ਮੱਧਕਾਲੀ ਸਮਾਜ ਵਿਚ ਜੋ ਕੁੱਝ ਨਿਮਨ ਸ਼੍ਰੇਣੀ, ਅਨਪੜ੍ਹ ਜਾਂ ਗਿਆਨਹੀਨ ਲੋਕਾਂ ਨਾਲ ਵਾਪਰ ਰਿਹਾ ਸੀ ਉਸਦਾ ਕਾਰਨ ਭਾਵੇਂ ਉਨ੍ਹਾਂ ਲੋਕਾਂ ਦੀ ਖ਼ੁਦ ਦੀ ਗਿਆਨਹੀਣਤਾ ਦੇ ਨਾਲ ਨਾਲ ਕਮਜ਼ੋਰ ਆਰਥਿਕ ਹਾਲਤ, ਉੱਚ ਸ਼੍ਰੇਣੀਆਂ ਦੀ ਗ਼ੁਲਾਮੀ ਅਤੇ ਰਾਜਾ ਸ਼੍ਰੇਣੀ ਦੀ ਅਧੀਨਗੀ ਹੇਠ ਰਹਿਣਾ ਸੀ ਪਰੰਤੂ ਧਰਮ ਦੀ ਆੜ ਵਿਚ ਧਾਰਮਿਕ ਪੰਥ, ਫਿਰਕੇ, ਗੁੱਟਬੰਦੀਆਂ ਬਣਾਕੇ ਬੁੱਧੀਮਾਨ ਬਣ ਬੈਠੇ ਵਰਗ ਆਮ ਜਨਤਾ ਨੂੰ ਲੁੱਟਣ ਦਾ ਕੰਮ ਵੀ ਜ਼ੋਰਾਂ, ਸ਼ੋਰਾਂ ਨਾਲ ਆਰੰਭਿਆ ਹੋਇਆ ਸੀ। ਸਮਾਜ ਦੀ ਬਹੁ-ਗਿਣਤੀ ਦੇ ਲੋਕਾਂ ਦੀ ਵਾਗਡੋਰ 'ਬ੍ਰਾਹਮਣ' ਸ਼੍ਰੇਣੀ ਅਤੇ ਰਾਜਾ ਸ਼੍ਰੇਣੀ ਦੇ ਹੱਥਾਂ ਵਿਚ ਸੀ। ਜਿੱਥੇ 'ਹਿੰਦੂ' ਅਤੇ 'ਮੁਸਲਿਮ' ਲੋਕਾਂ ਵਿਚ ਹਰ ਤਰ੍ਹਾਂ ਦਾ ਸੰਘਰਸ਼ ਦਿਨ ਬ ਦਿਨ ਤਿੱਖਾ ਹੁੰਦਾ ਜਾ ਰਿਹਾ ਸੀ ਉਥੇ ਆਮ ਜਨਤਾ ਆਪਣੇ ਆਪ ਨੂੰ ਨਾ 'ਹਿੰਦੂ ਸਮਾਜ' ਵਿਚ ਮਹਿਫੂਜ਼ ਸਮਝਦੀ ਸੀ ਅਤੇ ਨਾ ਹੀ 'ਮੁਸਲਿਮ ਸਮਾਜ' ਵਿਚ। ਮੱਧਕਾਲੀ ਸਮਾਜ ਦੀ ਅਜਿਹੀ ਅਵਸਥਾ ਵਿਚ ਇਸਤਰੀ ਦੀ ਹਾਲਤ ਹੋਰ ਵੀ ਵਧੇਰੇ ਤਰਸਯੋਗ ਸੀ ਜੋ ਘਰ ਦੀ ਚਾਰ ਦੀਵਾਰੀ ਵਿਚ ਵੀ ਰੋਗੀ ਰਵਾਇਤਾਂ, ਕੀਮਤਾਂ, ਪ੍ਰਥਾਵਾਂ ਆਦਿ ਦਾ ਸ਼ਿਕਾਰ ਸੀ ਅਤੇ ਸਮਾਜ ਦੇ ਬਾਹਰੀ ਕਾਰਜਾਂ, ਜੰਗਾਂ, ਯੁੱਧਾਂ ਜਾਂ ਹਮਲਿਆਂ ਵਿਚ ਸਭ ਤੋਂ ਵੱਧ ਸ਼ੋਸ਼ਣ ਦਾ ਸ਼ਿਕਾਰ। ਮੱਧਕਾਲੀ ਸਮਾਜ ਦੀ ਅਜਿਹੀ ਹਾਲਤ ਵਿਚ 'ਨਿਰਗੁਣ-ਭਗਤੀ' ਦੇ ਸੰਤਾਂ ਨੇ ਇਕ ਵੱਖਰੇ ਮਾਰਗ ਦਾ ਪਾਂਧੀ ਹੋਣ ਦੀ ਪ੍ਰੇਰਨਾ ਦਿੱਤੀ। ਇਨ੍ਹਾਂ ਨਿਰਗੁਣੀ ਸੰਤਾਂ, ਗੁਰੂਆਂ ਨੇ ਸਮਾਜ ਦੇ ਵਿਕਾਸ ਲਈ ਨਵੀਨ ਵਿਚਾਰਾਂ, ਕੀਮਤਾਂ ਨੂੰ ਘੜਿਆ ਅਤੇ ਪੁਰਾਣੇ ਰੂੜ੍ਹ ਹੋ ਚੁੱਕੇ ਰਸਮ-ਰਿਵਾਜਾਂ, ਕੀਮਤਾਂ, ਸੰਸਕਾਰਾਂ ਨੂੰ ਨਕਾਰਦੇ ਹੋਏ ਲੋਕਾਂ ਸਾਹਮਣੇ ਜ਼ਿੰਦਗੀ ਦੇ ਨਵੀਨ ਅਰਥ ਪੇਸ਼ ਕੀਤੇ। ਸੋ ਮੱਧਕਾਲ ਵਿਚ ਪ੍ਰਵੇਸ਼ ਕਰਕੇ ਨਿਰਗੁਣ ਭਗਤੀ 'ਗੁਰਮਤਿ ਭਗਤੀ' ਦੇ ਨਾਮ ਨਾਲ ਜਾਣੀ ਗਈ। ਗੁਰਮਤਿ ਭਗਤੀ ਦਾ ਮੂਲ ਤੇ ਪ੍ਰਮਾਣਿਕ ਸ੍ਰੋਤ 'ਗੁਰੂ ਗ੍ਰੰਥ ਸਾਹਿਬ' ਹੈ। ਗੁਰੂ ਗ੍ਰੰਥ ਸਾਹਿਬ ਦੀ ਨਿਰਗੁਣ ਭਗਤੀ ਦਾ ਲਕਸ਼ ਲੋਕਾਂ ਨੂੰ ਕੇਵਲ ਨਿਰਾਕਾਰ

ਤੇ ਸਰਬ ਵਿਆਪਕ ਬ੍ਰਹਮ ਦੀ ਪ੍ਰਾਪਤੀ ਦੇ ਮਾਰਗ ’ਤੇ ਤੋਰਨਾ ਹੀ ਨਹੀਂ, ਸਗੋਂ ਲੋਕਾਂ ਦੇ ਸਾਧਾਰਨ ਜੀਵਨ ਵਿਚ ਸਹਿਜਤਾ, ਸਰਲਤਾ, ਗ੍ਰਹਿਸਥੀ ਜੀਵਨ ਵਿਚ ਨਿਰਲੇਪਤਾ, ਸਮਾਜਕ ਅਤੇ ਅਧਿਆਤਮਕ ਦੋਵੇਂ ਮਾਰਗਾਂ ਨੂੰ ਜੋੜਦੇ ਹੋਏ ਜਨ-ਸਾਧਾਰਨ ਨੂੰ ਇਕੋ-ਇਕ ਮੰਜ਼ਿਲ (ਪ੍ਰਭੂ) ਤੱਕ ਅੱਪੜਨ ਦੇ ਰਸਤੇ ਪਾਉਣਾ ਵੀ ਹੈ। ਗੁਰਮਤਿ-ਭਗਤੀ ਦੇ ਵਿਚਾਰਾਂ ਦੀ ਏਕਤਾ ਨੇ ਭਾਰਤੀ ਸਮਾਜ ਦੇ ਲੋਕਾਂ ਨੂੰ ਮੂਰਤੀ-ਪੂਜਾ, ਯੱਗ, ਬਲੀ, ਤੰਤਰ-ਮੰਤਰ, ਜਾਦੂ-ਟੂਣੇ, ਜਾਤ-ਪਾਤ, ਵਰਣ-ਆਸ਼ਰਮ ਆਦਿ ਸਮਾਜਕ ਬੁਰਾਈਆਂ ਤੋਂ ਉੱਪਰ ਉੱਠਕੇ ਜਿੱਥੇ ਇਕ ਪ੍ਰਮਾਤਮਾ ਵਿਚ ਵਿਸ਼ਵਾਸ ਨੂੰ ਦ੍ਰਿੜ ਕਰਵਾਇਆ ਉੱਥੇ ਸਦੀਆਂ ਤੋਂ ਡਰੀ, ਨਪੀੜੀ ਜਾ ਰਹੀ ਕੌਮ ਨੂੰ ਆਪਣੇ ਹੱਕਾਂ ਦੀ ਰਾਖੀ, ਜ਼ੁਲਮ ਦਾ ਟਾਕਰਾ ਕਰਨ ਅਤੇ ਸੁਤੰਤਰਤਾ ਨਾਲ ਜਿਉਣ ਲਈ ਵੀ ਪ੍ਰੇਰਿਤ ਕੀਤਾ।

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਮੱਧਕਾਲੀ ਸਮਾਜ ਵਿਚ ਜੰਗਲਾਂ, ਤੀਰਥਾਂ ’ਤੇ ਭ੍ਰਮਣ ਵਾਲੇ ਅਨੇਕਾਂ ਫਿਰਕਿਆਂ ਦੇ ਸਿਧਾਂ, ਨਾਥਾਂ, ਜੋਗੀਆਂ ਨੇ ਤੰਤਰ-ਮੰਤਰ, ਹੱਠ ਤਪ ਆਦਿ ਸਾਧਨਾਵਾਂ ਦੁਆਰਾ ਕਈ ਤਰ੍ਹਾਂ ਦੀਆਂ ਕੁਰੀਤੀਆਂ ਨੂੰ ਪੈਦਾ ਕਰ ਦਿੱਤਾ ਸੀ। ਧਾਰਮਿਕ ਕਰਮਕਾਂਡਾਂ ਦੇ ਨਾਲ-ਨਾਲ, ਮੁਸਲਮਾਨੀ ਹਮਲੇ, ਲੋਕਾਂ ਦੁਆਰਾ ਅਪਣਾਏ ਜਾ ਰਹੇ ਸੰਨਿਆਸੀ ਜੀਵਨ, ਜਾਦੂ, ਟੂਣੇ, ਤੰਤਰ-ਮੰਤਰ, ਯੋਗ, ਹੱਠ, ਤੱਪ ਸਾਧਨਾ ਆਦਿ ਕੁਰੀਤੀਆਂ ਨੇ ਭਾਰਤੀ ਸਮਾਜ ਨੂੰ ਗਿਰਾਵਟ ਦੇ ਤਲ ’ਤੇ ਲਿਆ ਖੜਾ ਕਰ ਦਿੱਤਾ ਪਰੰਤੂ ਲੋਕਾਂ ਨੂੰ ਅਜਿਹੇ ਹਾਲਾਤਾਂ ਵਿਚ ਵੀ ਕੁਰਾਹੇ ਤੋਂ ਰਾਹੇ ਪਾਉਣ ਲਈ ਨਿਰੰਤਰ ਇਕ ਅਜਿਹੀ ਵਿਚਾਰਧਾਰਾ ਦਾ ਦਰਿਆ ਵਗ ਰਿਹਾ ਸੀ ਜੋ ਦਰਿਆ ਆਪਣੇ ਅੰਦਰ ਸਮੇਂ ਸਮੇਂ ਪੈਦੀਆਂ ਹੁੰਦੀਆਂ ਗਈਆਂ ਕੁੱਝ ਵਿਭਿੰਨਤਾਵਾਂ ਦੇ ਬਾਵਜੂਦ ਭਾਵੇਂ ਨਿਰੰਤਰ ਤਾਂ ਵਗ ਰਿਹਾ ਸੀ ਪਰ ਮੱਧਕਾਲੀ ਸੂਫ਼ੀ, ਸੰਤਾਂ, ਭਗਤਾਂ, ਗੁਰੂਆਂ ਨੇ ਦਰਿਆ ਦੇ ਇਸ ਪਾਣੀ ਨੂੰ ਆਪੋ-ਆਪਣੇ ਯਤਨਾਂ ਸਦਕਾ ਪਾਰਦਰਸ਼ੀ ਕਰਨ ਦੇ ਯਤਨ ਕੀਤੇ ਕਿਉਂਕਿ ਮੱਧਕਾਲ ਦੇ ਨਿਰਗੁਣ-ਭਗਤੀ ਰੂਪੀ ਦਰਿਆ ਦੇ ਵਿਚਾਰਵਾਨਾਂ ਨੇ ਖੁਦ ਬੜੇ ਸੰਘਰਸ਼ਮਈ ਹਾਲਾਤਾਂ ਦਾ ਸਾਹਮਣਾ ਕੀਤਾ ਸੀ। ਇਸ ਲਈ ਉਨ੍ਹਾਂ ਨੇ ਆਮ ਲੋਕਾਂ ਨੂੰ ਅਸਲ ਸੱਚ ਤੱਕ ਪਹੁੰਚਣ ਦਾ ਉਹ ਰਾਹ ਦਿਖਾਇਆ ਜਿਸ ਵਿਚ ਕਿਸੇ ਨੂੰ ਵੀ ਕੋਈ ਕਰਮਕਾਂਡ, ਸੰਨਿਆਸ, ਹੱਠ, ਤਪ ਕਰਨ ਦੀ ਲੋੜ ਨਹੀਂ ਸੀ। ਮੱਧਕਾਲੀ ਗੁਰਮਤਿ ਭਗਤੀ ਦੇ ਬਾਣੀਕਾਰਾਂ ਨੇ ਸਮਾਜ ਅਤੇ ਸਭਿਆਚਾਰ ਦੀਆਂ ਰੂੜ੍ਹ ਹੋ ਚੁੱਕੀਆਂ ਸਾਰੀਆਂ ਪਰੰਪਰਾਵਾਂ ਦਾ ਤਿਆਗ ਕਰਕੇ ਉਸਾਰੂ ਕੀਮਤਾਂ ਨੂੰ ਲਾਗੂ ਕੀਤਾ।ਉਨ੍ਹਾਂ ਨੇ ਕੁੱਲ ਲੋਕਾਈ ਨੂੰ ਸਮਾਨਤਾ, ਭਾਈਚਾਰਕ ਸਾਂਝ, ਲੋਕ-ਭਲਾਈ, ਨਿਰਾਕਾਰ ਬ੍ਰਹਮ ਵਿਚ ਵਿਸ਼ਵਾਸ, ਸਤਿਗੁਰੂ ਦੀ ਸੰਗਤ ਅਤੇ ਸਹਿਜ, ਸਰਲ, ਦਇਆ ਤੇ ਸੰਤੋਖਮਈ ਜੀਵਨ ਜਿਉਣ ਦੀ ਪ੍ਰੇਰਨਾ ਦਿੱਤੀ। ਸੋ ਇਹ ਕੀਮਤਾਂ ਤਤਕਾਲ ਵਿਚ ਹੀ ਨਹੀਂ, ਸਗੋਂ ਜੁਗਾਂ ਜੁਗਾਂ ਦੇ ਭਵਿੱਖਤ ਸਮਾਜ ਅਤੇ

ਸਭਿਆਚਾਰ ਲਈ ਵੀ ਯੋਗ ਤੇ ਕਲਿਆਣਕਾਰੀ ਹਨ, ਜਿਨ੍ਹਾਂ ਨੂੰ ਹਰ ਸਮੇਂ, ਸਥਾਨ ਦੇ ਲੋਕ ਆਪੋ-ਆਪਣੀਆਂ ਸਮਾਜਕ, ਧਾਰਮਿਕ, ਭੂਗੋਲਿਕ ਤੇ ਸਭਿਆਚਾਰਕ ਪ੍ਰਸਥਿਤੀਆਂ ਅਨੁਸਾਰ ਆਪਣੇ ਜੀਵਨ ਵਿਚ ਢਾਲ ਸਕਦੇ ਹਨ।

## ਸਾਹਿਤ ਦੀ ਹੋਂਦ ਵਿਧੀ ਦੇ ਸਮਾਜ-ਸਭਿਆਚਾਰਕ ਆਧਾਰ

ਮਨੁੱਖ ਨੂੰ ਇਕ ਸਮਾਜਕ ਪ੍ਰਾਣੀ ਇਸ ਲਈ ਕਿਹਾ ਜਾਂਦਾ ਹੈ ਕਿ ਉਸਦੀ ਜੀਵਨ-ਸ਼ੈਲੀ, ਪਸ਼ੂ-ਸਮਾਜ ਤੋਂ ਮੂਲੋਂ ਹੀ ਭਿੰਨ ਹੈ। ਪਸ਼ੂ-ਕੇਵਲ ਜਿਉਣ ਦੇ ਆਹਰ ਵਿਚ ਰਹਿੰਦੇ ਹਨ ਜਦੋਂ ਕਿ ਮਨੁੱਖ ਨੇ ਕੇਵਲ ਜਿਉਣਾ ਹੀ ਨਹੀਂ, ਸਗੋਂ ਜਿਉਣ ਦੇ ਨਵੀਨ ਢੰਗ ਸਿੱਖਦੇ ਹੋਏ ਜੀਵਨ ਦੇ ਗੁੱਝੇ ਰਹੱਸਾਂ ਨੂੰ ਜਾਨਣ ਅਤੇ ਪ੍ਰਾਕ੍ਰਿਤੀ ਦੀ ਸੁੰਦਰਤਾ ਨੂੰ ਮਾਨਣਾ ਵੀ ਸਿੱਖਿਆ ਹੈ।ਆਦਿ ਮਨੁੱਖ ਜੰਗਲਾਂ ਵਿਚ ਰਹਿਕੇ ਪਸ਼ੂਆਂ ਵਰਗਾ ਜੀਵਨ ਬਤੀਤ ਕਰਦਾ ਸੀ। ਉਸਦਾ ਪੂਰਾ ਸਮਾਂ ਆਪਣੇ ਪੇਟ ਭਰਨ ਦੇ ਆਹਰ-ਪਾਹਰ ਵਿਚ ਹੀ ਬਤੀਤ ਹੁੰਦਾ ਸੀ। ਆਪਣੀ ਅਸੰਤੁਸ਼ਟ ਬੁੱਧੀ ਕਾਰਨ ਉਸਨੇ ਝੁੰਡਾਂ ਵਿਚ ਰਹਿਣਾ, ਸ਼ਿਕਾਰ ਕਰਨਾ, ਹਥਿਆਰ ਬਣਾਉਣਾ, ਜੰਗਲੀ ਜਾਨਵਰਾਂ ਤੇ ਕੁਦਰਤੀ ਆਫਤਾਂ ਤੋਂ ਬਚਣ ਲਈ ਪਹਾੜਾਂ ਦੀਆਂ ਕੰਦਰਾਂ, ਗੁਫ਼ਾਵਾਂ ਵਿਚ ਰਹਿਣਾ ਸਿਖ ਲਿਆ। ਇਸ ਦੌਰਾਨ ਜੋ ਕੁਝ ਵੀ ਉਸਨੇ ਆਪਣੀ ਬੁੱਧੀ ਅਨੁਸਾਰ ਸਿਰਜਿਆ, ਉਹ ਉਪਯੋਗੀ ਹੋਣ ਕਰਕੇ, ਆਲੇ-ਦੁਆਲੇ ਤੋਂ ਪ੍ਰੇਰਿਤ ਹੋ ਕੇ ਹੀ ਸਿਰਜਿਆ। ਵਿਕਸਤ ਜੀਵਨਧਾਰਾ ਦੇ ਨਾਲ-ਨਾਲ ਕਬੀਲਿਆਂ ਵਿਚ ਰਹਿਣਾ, ਚੰਗੇ ਹਥਿਆਰਾਂ ਦੀ ਘਾੜਤ, ਯੁੱਥ, ਖੇਤੀਬਾੜੀ, ਘਰਾਂ ਦੀ ਬਨਾਵਟ ਸਜਾਵਟ, ਸ਼ਿਕਾਰ ਮਾਰਨ ਤੇ ਪਕਾਉਣ ਦੀ ਖੁਸ਼ੀ, ਆਪਣਿਆਂ ਦੀ ਖੁਸ਼ੀ-ਗ਼ਮੀ ਦੇ ਅਹਿਸਾਸ ਰਾਹੀਂ ਕਲਾ ਉਸ ਦੇ ਨਾਲੋਂ ਨਾਲ ਕਿਸੇ ਨਾ ਕਿਸੇ ਰੂਪ ਵਿਚ ਸਾਹ ਲੈਂਦੀ ਰਹੀ ਜੋ ਸਰੀਰਕ ਅਤੇ ਅਧਿੱਕ ਬੌਧਿਕ ਸਮਰਥਾ ਦੇ ਵਿਗਸਣ ਨਾਲ ਸਮਾਜਕ, ਸਭਿਆਚਾਰਕ ਜੀਵਨ ਵਿਚ ਮੌਲਦੀ ਹੋਈ ਆਪਣਾ ਵੱਖਰਾ ਰੂਪ ਅਖ਼ਤਿਆਰ ਕਰਦੀ ਗਈ। ਇਸ ਤਰ੍ਹਾਂ ਮਨੁੱਖ ਦੁਆਰਾ ਜੀਵਨ ਦੇ ਗੁੱਝੇ ਰਹੱਸਾਂ ਨੂੰ ਜਾਣਨ ਅਤੇ ਜੀਵਨ ਮਾਨਣ ਦੀ ਪ੍ਰਕਿਰਿਆ ਵਿਚ ਹੀ ਕਲਾ ਕਿਸੇ ਨਾ ਕਿਸੇ ਰੂਪ ਵਿਚ ਸਾਹ ਲੈਂਦੀ ਰਹੀ ਹੈ। ਕਲਾ ਦੀਆਂ ਸੱਭੇ ਵੰਨਗੀਆਂ (ਸੰਗੀਤ, ਚਿੱਤਰਕਾਰੀ, ਨ੍ਰਿਤ, ਮੂਰਤੀ, ਸਾਹਿਤ ਆਦਿ) ਮਨੁੱਖੀ-ਮਨ ਦੇ ਭਾਵਾਂ, ਵਿਚਾਰਾਂ ਦੀ ਤ੍ਰਿਪਤੀ ਤੇ ਤਰਜਮਾਨੀ ਦਾ ਸਾਧਨ ਹਨ ਪਰੰਤੂ ਇਨ੍ਹਾਂ ਕਲਾ ਵੰਨਗੀਆਂ ਵਿਚੋਂ 'ਸਾਹਿਤ' ਕਲਾ ਨੂੰ ਅਤਿ ਸੂਖ਼ਮ ਕਲਾ ਦੀ ਕੋਟੀ ਵਿਚ ਰੱਖਿਆ ਜਾਂਦਾ ਹੈ।ਸਾਹਿਤਕਾਰ ਦੀ ਸਾਹਿਤਕ ਸਮੱਗਰੀ ਸਮਾਜਕ ਜੀਵਨ ਹੈ। ਇਸ ਕਰਕੇ ਉਸਦੇ ਆਦਾਨ-ਪ੍ਰਦਾਨ ਦਾ ਖੇਤਰ ਮਨੁੱਖੀ-ਸਮਾਜ ਅਤੇ ਸਭਿਆਚਾਰ ਹੈ। ਸਾਹਿਤਕਾਰ ਸਮਾਜਕ ਯਥਾਰਥ ਨੂੰ ਭਾਸ਼ਾ ਦੇ ਮਾਧਿਅਮ ਦੁਆਰਾ ਕਲਾਤਮਕ ਯਥਾਰਥ ਦੇ ਰੂਪ ਵਿਚ ਪੇਸ਼ ਕਰਦਾ ਹੈ ਜਿਸ ਸਬੰਧੀ ਡਾ. ਹਰਿਭਜਨ ਦਾ

ਵਿਚਾਰ ਹੈ ਕਿ "ਮਨੁੱਖ ਪ੍ਰਾਥਮਿਕ ਜਾਂ ਪ੍ਰਾਕਿਰਤਕ ਜਗਤ ਵਿਚ ਸੁੱਟ ਦਿੱਤਾ ਗਿਆ ਹੈ ਅਤੇ ਇਸ ਨਾਲ ਨਿਬੜਨ ਲਈ ਉਸ ਨੂੰ ਦੂਜੈਲਾ ਸੰਸਾਰ ਸਿਰਜਣਾ ਪੈਂਦਾ ਹੈ। ਦੂਜੈਲੀ ਸਿਰਜਣਾ ਮਨੁੱਖੀ ਹੋਂਦ ਲਈ ਲਾਜ਼ਮੀ ਸ਼ਰਤ ਹੈ। ਮਨੁੱਖ ਸਿਰਜਣਾ ਰਾਹੀਂ ਹੀ ਵਸਤੂ-ਸੰਸਾਰ ਨੂੰ ਸਮਝਦਾ ਅਤੇ ਉਸ ਉਪਰ ਵਸੀਕਾਰ ਪ੍ਰਾਪਤ ਕਰਦਾ ਹੈ। ਪ੍ਰਾਥਮਿਕ ਅਤੇ ਦੁਜੈਲੇ ਵਿਚਕਾਰ ਅੰਤਰ ਵਾਸਤਵਿਕਤਾ ਅਤੇ ਕਲਾਤਮਕਤਾ ਦਾ ਹੈ।"[33]

"ਸਾਹਿਤ ਸੰਸਕ੍ਰਿਤ ਸ਼ਬਦ 'ਸਾਹਿੱਤ੍ਯਮ੍' ਦਾ ਪੰਜਾਬੀ ਰੂਪ ਹੈ। ਇਸ ਦੇ ਕੋਸ਼ਗਤ ਅਰਥ ਹਨ ਸੰਯੋਗ, ਮੇਲ ਤੇ ਸਾਥ। ਅਰਥ ਵਿਸਥਾਰ-ਕਾਰਣ ਇਸ ਸ਼ਬਦ ਨੂੰ ਵਾਕਾਂ ਵਿਚ ਪਦਾਂ ਦੇ ਸੁਯੋਗ ਸੰਬੰਧ ਲਈ ਵਰਤਿਆ ਜਾਣ ਲੱਗ ਪਿਆ। ਇਸ ਤਰ੍ਹਾਂ ਹੌਲੀ-ਹੌਲੀ ਸਾਹਿਤ ਸ਼ਬਦ ਸੋਹਣੇ ਵਿਚਾਰਾਂ ਦੇ ਸੋਹਣੇ ਲਿਖਣ ਢੰਗ ਦੇ ਸੁਮੇਲ ਲਈ ਪ੍ਰਯੁਕਤ ਹੋਣ ਲੱਗਾ।"[34] ਸਾਹਿਤ ਦਾ ਕੇਂਦਰੀ ਭਾਵ ਪ੍ਰਗਟਾ ਜਾਂ ਉਚਾਰ ਹੈ ਪਰ ਹਰ ਉਚਾਰ ਨੂੰ ਸਾਹਿਤ ਨਹੀਂ ਆਖਿਆ ਜਾ ਸਕਦਾ ਅਤੇ ਹਰ ਲਿਖਤ-ਰੂਪ ਨੂੰ ਸਾਹਿਤ ਦੀ ਕੋਟੀ ਵਿਚ ਨਹੀਂ ਰੱਖਿਆ ਜਾ ਸਕਦਾ। ਸਮਾਜ ਵਿਚ ਸੰਪੂਰਨ ਲਿਖਤੀ ਰੂਪ ਦੇ ਹੋਰ ਵੀ ਕਾਰਜ ਖੇਤਰ ਅਤੇ ਵੱਖ-ਵੱਖ ਵਿਸ਼ੇਸ਼ ਖੇਤਰ ਹੁੰਦੇ ਹਨ। ਰਾਜਨੀਤੀ ਵਿਗਿਆਨ, ਸਮਾਜ-ਵਿਗਿਆਨ, ਮਨੋਵਿਗਿਆਨ, ਅਰਥ ਵਿਗਿਆਨ ਆਦਿ ਦੇ ਆਪਣੇ ਆਪਣੇ ਵੱਖਰੇ ਨੇਮ, ਕਾਰਜ-ਖੇਤਰ ਅਤੇ ਵਿਸ਼ੇ ਖੇਤਰ ਹੁੰਦੇ ਹਨ। "ਸਾਹਿਤ ਮਨੁੱਖੀ ਕਾਰਜ ਉਪਰ ਪੈਣ ਵਾਲੇ ਸਮਾਜਕ ਅਤੇ ਵਿਗਿਆਨਿਕ ਪ੍ਰਭਾਵਾਂ ਦੀ ਵਿਅਕਤੀਗਤ ਅਤੇ ਸਿਰਜਣਾਤਮਿਕ ਤਸਵੀਰ ਪੇਸ਼ ਕਰਦਾ ਹੈ। ਇਸਦਾ ਕੇਂਦਰੀ ਅਧਿਐਨ ਮਨੁੱਖ ਦਾ ਭਾਵ-ਜਗਤ ਹੁੰਦਾ ਹੈ ਜੋ ਵਰਤਾਰਾ ਜਾ ਘਟਨਾ ਮਾਨਵ ਦੇ ਮਨ ਅਤੇ ਬੋਧ ਨੂੰ ਵਿਚਾਰ, ਸੁਹਜ ਅਤੇ ਕਲਪਨਾ ਰਾਹੀਂ ਪ੍ਰਭਾਵਿਤ ਕਰਦਾ ਹੈ ਉਹ ਹੀ ਸਾਹਿਤ ਦਾ ਅੰਗ ਬਣ ਜਾਦਾ ਹੈ।"[35] ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਚੇਤੰਨਤਾ, ਸੂਖ਼ਮ ਅਨੁਭਵ ਕਰਨ ਦੀ ਸ਼ਕਤੀ ਅਤੇ ਕਲਾ-ਕੌਸ਼ਲਤਾ ਸਾਹਿਤਕਾਰ ਦੇ ਉਹ ਗੁਣ ਜਾਂ ਵਿਸ਼ੇਸ਼ ਲੱਛਣ ਹੁੰਦੇ ਹਨ ਜਿਨ੍ਹਾਂ ਰਾਹੀਂ ਉਹ ਆਪਣੇ ਅਨੁਭਵਾਂ, ਵਿਚਾਰਾਂ ਨੂੰ ਭਾਸ਼ਾ ਦੇ ਮਾਧਿਅਮ ਦੁਆਰਾ ਦੂਸਰਿਆਂ ਤਕ ਪਹੁੰਚਾਉਂਦਾ ਹੈ। ਇਸ ਲਈ ਸ਼ਬਦ ਰੂਪੀ ਸੁਹਜਮਈ ਰਚਨਾ ਨੂੰ ਸਾਹਿਤ ਕਿਹਾ ਜਾਂਦਾ ਹੈ।

ਆਦਿ ਕਾਲ ਤੋਂ ਲੈ ਕੇ ਮੱਧਕਾਲ ਤੱਕ ਪਹੁੰਚਦਿਆਂ ਭਾਰਤੀ ਸਾਹਿਤ ਦਾ ਆਧਾਰ ਜਿੱਥੇ ਧਾਰਮਿਕ ਗ੍ਰੰਥ ਤੇ ਪੁਸਤਕਾਂ ਰਹੀਆਂ ਉਥੇ ਸਮਾਜ ਅਤੇ ਸਭਿਆਚਾਰ ਦਾ ਸਬੰਧ ਵੀ ਸਿੱਧੇ ਤੌਰ ਤੇ ਧਰਮ ਨਾਲ ਜੁੜਿਆ ਹੋਇਆ ਸੀ। ਸਮੇਂ-ਸਮੇਂ ਰਚੇ ਧਰਮ ਗ੍ਰੰਥਾਂ ਤੇ ਧਰਮ ਪੁਸਤਕਾਂ ਵਿਚ ਜਿੱਥੇ ਸਮੁੱਚੀ ਲੋਕਾਈ ਲਈ ਪਰਾਲੌਕਿਕ ਜੀਵਨ (ਬ੍ਰਹਮ, ਜਗਤ, ਮੁਕਤੀ, ਨਰਕ, ਸਵਰਗ ਆਦਿ) ਬਾਰੇ ਤਰ੍ਹਾਂ ਤਰ੍ਹਾਂ ਦੇ ਵਿਚਾਰ ਮਿਲਦੇ ਹਨ ਉਥੇ ਲੌਕਿਕ ਜੀਵਨ- ਜਾਚ ਵੀ ਵਿਭਿੰਨ ਧਾਰਮਿਕ

ਵਿਚਾਰਧਾਰਾਵਾਂ ਵਿਚ ਉਲਝੀ ਦਿਖਾਈ ਦਿੰਦੀ ਹੈ। ਇਹਨਾਂ ਲੌਕਿਕ, ਪਰਾਲੌਕਿਕ, ਦਾਰਸ਼ਨਿਕ ਵਿਚਾਰਧਾਰਾਵਾਂ ਦਾ ਪ੍ਰਭਾਵ ਸਮਕਾਲੀ ਲੋਕ-ਸਾਹਿਤ ਨੇ ਵੀ ਖ਼ੂਬ ਕਬੂਲਿਆ ਹੈ। ਸਮਾਜ ਦੇ ਆਮ ਲੋਕਾਂ ਦੁਆਰਾ ਰਚਿਤ ਸਾਹਿਤ ਜਿਸਨੂੰ ਲੋਕ-ਸਾਹਿਤ ਕਿਹਾ ਜਾਂਦਾ ਹੈ ਦੀ ਸਿਰਜਣਾ ਵੀ ਖ਼ੂਬ ਹੁੰਦੀ ਰਹੀ। ਇਹ ਲੋਕ ਸਾਹਿਤ ਉਨ੍ਹਾਂ ਲੋਕਾਂ ਦੇ ਦਿਲੋ-ਦਿਮਾਗ ਦੀ ਉਪਜ ਸੀ ਜਿਨ੍ਹਾਂ ਦਾ ਧਾਰਮਿਕ ਗ੍ਰੰਥਾਂ ਤੇ ਕਠਿਨ ਭਾਸ਼ਾਵਾਂ ਵਿਚ ਰਚਿਤ ਪੁਸਤਕਾਂ ਨਾਲ ਕੋਈ ਵਾ-ਵਾਸਤਾ ਨਹੀਂ ਸੀ ਤੇ ਉਹ ਆਪਣੇ ਮਨ ਦੀ ਅਭਿਵਿਅਕਤੀ ਸਮੂਹਿਕ ਇੱਕਠਾਂ, ਮੇਲੇ, ਤਿਉਹਾਰਾਂ ਵਿਚ ਮੌਖਿਕ ਰੂਪ ਵਿਚ ਕਰਦਾ ਸੀ। ਲੋਕ ਸਾਹਿਤ ਆਦਿ ਮਨੁੱਖ ਦੇ ਜਾਂਗਲੀ ਜੀਵਨ ਤੋਂ ਹੁੰਦਾ ਹੋਇਆ ਹੀ ਕਬੀਲਿਆਂ ਤੇ ਫਿਰ ਭੂਗੋਲਿਕ ਖੇਤਰਾਂ ਅਨੁਸਾਰ ਵੰਡੇ ਸਮਾਜਾਂ, ਉਪ-ਸਮਾਜਾਂ ਤੇ ਅੱਗੋਂ ਪਿੰਡਾਂ ਵਿਚ ਮੌਲਦਾ ਹੋਇਆ ਸਮਾਜ ਅਤੇ ਸਭਿਆਚਾਰਕ ਜੀਵਨ-ਸ਼ੈਲੀ ਨੂੰ ਅਧਾਰ ਬਣਾਉਂਦਾ ਆ ਰਿਹਾ ਹੈ ਇਸ ਤੋਂ ਸਹਿਜੇ ਹੀ ਜਾਣਿਆ ਜਾ ਸਕਦਾ ਹੈ ਕਿ ਮਨੁੱਖ ਦੀ ਚਿਰਸਥਾਈ ਹੋਂਦ ਦਾ ਆਧਾਰ ਮਨੁੱਖੀ-ਸਮੁੱਚ ਦੁਆਰਾ ਉਸਾਰਿਆ ਆਪਣਾ ਸਮਾਜਕ ਜੀਵਨ ਹੈ ਜਿਸ ਜੀਵਨ ਜਿਉਣ ਦੀ ਕਲਾ ਉਹ ਸਭਿਆਚਾਰ ਰਾਹੀਂ ਸਿਖਦਾ ਹੈ। ਸਮਾਜ, ਪ੍ਰਕਿਰਤੀ, ਵਿਅਕਤਿਤਵ ਆਦਿ ਅਜਿਹੀਆਂ ਸ਼ਕਤੀਆਂ ਹਨ ਜਿਨ੍ਹਾਂ ਤੋਂ ਸਾਹਿਤਕਾਰ ਨਿਰੰਤਰ ਪ੍ਰੇਰਨਾਵਾਂ ਲੈਂਦਾ ਹੈ। ਪ੍ਰਕਿਰਤੀ-ਪ੍ਰੇਰਨਾ ਸਾਹਿਤਕਾਰ ਲਈ ਇਕ ਅਜਿਹੀ ਪ੍ਰੇਰਨਾ ਦੇ ਰੂਪ ਵਿਚ ਉਘੜਦੀ ਹੈ ਜਿਸ ਤੋਂ ਉਹ ਸੁੰਦਰਤਾ, ਅਦਭੁਤ, ਵਿਸ਼ਾਲਤਾ ਤੇ ਅਸੀਮਤਾ ਦੀ ਭਾਲ ਕਰਦਾ ਹੋਇਆ, ਉਸ ਪ੍ਰਤੀ ਡਰ, ਸ਼ਰਧਾ, ਸੁਹਜ, ਆਨੰਦ ਆਦਿ ਨੂੰ ਆਪਣੇ ਭਾਵਾਂ ਵਿਚ ਪਰੋ ਕੇ ਸਿਰਜਣਾ ਕਰਦਾ ਹੈ। ਇਸ ਆਧਾਰ ਤੇ ਕਦੇ ਉਹ ਸਮਾਜ ਨੂੰ ਪ੍ਰਕਿਰਤੀ ਅਨੁਸਾਰ ਅਤੇ ਕਦੇ ਪ੍ਰਕਿਰਤੀ ਨੂੰ ਸਮਾਜ ਅਨੁਸਾਰ ਢਾਲਣ ਦੇ ਆਹਰ ਵਿਚ ਲੱਗਾ ਰਹਿੰਦਾ ਹੈ। ਸਾਹਿਤਕਾਰ ਸਮਾਜ-ਸਭਿਆਚਾਰਕ ਊਣਤਾਈਆਂ ਦੇ ਬਦਲ ਵਜੋਂ ਪ੍ਰਕਿਰਤੀ, ਸਮਾਜ ਤੇ ਸਭਿਆਚਾਰ ਦੇ ਉਸਾਰੂ ਗੁਣਾਂ ਤੋਂ ਇਕ ਨਵੀਨ ਸਮਾਜ ਦੀ ਸਿਰਜਣਾ ਕਰਦਾ ਹੈ।

ਸਾਹਿਤਕਾਰ ਜੇਕਰ ਸਮਾਜ ਨੂੰ ਧਾਰਮਿਕ ਪੱਖ ਤੋਂ ਵਾਚਦਾ ਹੈ ਤਾਂ ਆਪਣੀ ਰਚਨਾ ਵਿਚ ਧਾਰਮਿਕ ਕਰਮ-ਕਾਂਡਾਂ ਤੇ ਹੋਰ ਫਿਰਕਾਪ੍ਰਸਤ ਸੋਚ ਨੂੰ ਨਕਾਰਦਾ ਹੈ ਅਤੇ ਪੂਰਨ ਸਮਾਜ ਹਿਤੂ ਧਾਰਮਿਕ ਕਰਮਾਂ ਨੂੰ ਸਥਾਪਿਤ ਕਰਨ ਦੀ ਪ੍ਰੇਰਨਾ ਦਿੰਦਾ ਹੈ। ਰਾਜਨੀਤਕ ਪੱਖ ਤੋਂ ਉਹ ਆਪਣੇ ਦ੍ਰਿਸ਼ਟੀਕੋਣ ਅਨੁਸਾਰ ਸਮਕਾਲੀ ਸਮਾਜ-ਵਿਰੋਧੀ ਰਾਜਨੀਤਕ ਵਿਵਸਥਾ ’ਤੇ ਚੋਟ ਲਾਉਂਦਾ ਹੋਇਆ, ਨਿਰਪੱਖ ਰਾਜਨੀਤਕ ਵਿਵਸਥਾ ਦੇ ਉਦੇਸ਼ ਨੂੰ ਪ੍ਰਗਟਾਉਂਦਾ ਹੈ। ਆਰਥਿਕ ਪੱਖ ਤੋਂ ਕਿਰਤ-ਵੰਡ, ਸਮਾਨ ਸੁੱਖ-ਸਹੂਲਤਾਂ ਤੇ ਹੱਕਾਂ ਲਈ ਆਵਾਜ਼ ਉਠਾਉਂਦਾ ਹੈ। ਸਭਿਆਚਾਰਕ ਪੱਖ ਉਹ ਅਜਿਹੇ ਲੋਕ-ਵਿਰੋਧੀ, ਨਿਰਾਰਥਕ, ਹਾਨੀਕਾਰਕ ਤੇ ਰੂੜ੍ਹ ਰੀਤੀ-ਰਿਵਾਜ਼ਾਂ, ਪ੍ਰਤਿਮਾਨ, ਕੀਮਤਾਂ

ਤੇ ਲੋਕਾਚਾਰ ਨੂੰ ਨਿਸ਼ਾਨਾ ਬਣਾਉਂਦਾ ਹੈ। ਜਿਨ੍ਹਾਂ ਦੀ ਥਾਂ ਉਹ ਨਵੀਨ ਸਭਿਆਚਾਰਕ, ਸਦਾਚਾਰਕ ਮੁੱਲਾਂ ਦੀ ਸਿਰਜਣਾ ਕਰਦਾ ਹੈ। ਸਾਹਿਤਕਾਰ ਇਨ੍ਹਾਂ ਸਭ ਸਮਾਜ, ਸਭਿਆਚਾਰਕ ਪਹਿਲੂਆਂ ਨੂੰ ਆਪਣੀ ਰਚਨਾ ਵਿਚ ਕਿਸੇ ਪ੍ਰਚਾਰ ਜਾਂ ਨਾਹਰੇ ਦੇ ਰੂਪ ਵਿਚ ਪੇਸ਼ ਨਹੀਂ ਕਰਦਾ, ਸਗੋਂ ਉਹ ਪਾਠਕ/ਸ੍ਰੋਤੇ/ਦਰਸ਼ਕ ਦੇ ਭਾਵਾਂ, ਕਲਪਨਾ ਤੇ ਬੁੱਧੀ ਨੂੰ ਉਸੇ ਤਰ੍ਹਾਂ ਹੀ ਟੁੰਬਦਾ ਹੈ ਜਿਵੇਂ ਵਿਭਿੰਨ ਸਮਾਜਕ ਹਾਲਾਤਾਂ ਨੇ ਉਸਦੇ ਮਨੋਭਾਵਾਂ, ਖ਼ਿਆਲਾਂ ਤੇ ਵਿਚਾਰਾਂ ਨੂੰ ਟੁੰਬਿਆ ਹੁੰਦਾ ਹੈ।

ਸੋ ਜਿਵੇਂ ਸਾਹਿਤਕਾਰ ਆਪਣੇ ਆਲੇ-ਦੁਆਲੇ, ਭੂਗੋਲਿਕ ਵਾਤਾਵਰਨ, ਪ੍ਰਕਿਰਤੀ, ਸਮਾਜ ਅਤੇ ਸਭਿਆਚਾਰਕ ਜੀਵਨ ਦਾ ਇਕ ਅੰਗ ਹੁੰਦਾ ਹੈ ਅਤੇ ਇਹ ਸਭ ਉਸਦੀ ਰਚਨਾ ਦੇ ਪ੍ਰੇਰਨਾ-ਸ੍ਰੋਤ ਤੇ ਆਧਾਰ ਹੁੰਦੇ ਹਨ ਤਾਂ ਫਿਰ ਉਸਦੀ ਸਾਹਿਤ-ਸਿਰਜਣਾ ਇਹਨਾਂ ਤੋਂ ਦੂਰ ਕਿੰਝ ਹੋ ਸਕਦੀ ਹੈ? ਬਸ਼ਰਤੇ ਸਾਹਿਤਕ ਰਚਨਾ ਵਿਚ ਸਾਹਿਤਕ ਗੁਣਾਂ ਨੂੰ ਨਜ਼ਰਅੰਦਾਜ਼ ਨਾ ਕੀਤਾ ਹੋਵੇ ਕਿਉਂਕਿ ਸਾਹਿਤਕ ਤੱਤਾਂ ਤੋਂ ਸੱਖਣੀ ਰਚਨਾ ਨੂੰ ਸਾਹਿਤ ਦੀ ਕੋਟੀ ਵਿਚ ਨਹੀਂ ਰੱਖਿਆ ਜਾ ਸਕਦਾ। ਜਿੱਥੇ ਸਾਹਿਤ ਦੀ ਹੋਂਦ ਨੂੰ ਸਾਹਿਤਕ ਤੱਤਾਂ ਦੇ ਆਧਾਰ ’ਤੇ ਨਿਰਧਾਰਿਤ ਕੀਤਾ ਜਾਂਦਾ ਹੈ ਉਥੇ ਇਹਨਾਂ ਤੱਤਾਂ ਦਾ ਆਧਾਰ ਮਨੁੱਖੀ ਸਮਾਜ ਅਤੇ ਸਭਿਆਚਾਰ ਨੂੰ ਮੰਨਿਆ ਜਾਂਦਾ ਹੈ ਜਿਨ੍ਹਾਂ ਤੋਂ ਬਿਨਾਂ ਨਿਰੀ ਸੁਹਜ, ਆਨੰਦਿਤ ਕਰਨ ਵਾਲੀ ਸਾਹਿਤ-ਕਲਾ ਬਹੁਤੀ ਦੇਰ ਆਪਣਾ ਪ੍ਰਭਾਵ ਨਹੀਂ ਪਾ ਸਕਦੀ ਜਿੰਨੀ ਦੇਰ ਉਸ ਦਾ ਸਬੰਧ ਆਪਣੇ ਸਮਾਜ ਅਤੇ ਸਭਿਆਚਾਰਕ ਪਹਿਲੂਆਂ ਨਾਲ ਨਾ ਜੁੜਿਆ ਹੋਵੇ।

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਸਮਾਜਕ ਮਨੁੱਖ ਹੋਣ ਦੇ ਨਾਤੇ ਸਾਹਿਤਕਾਰ ਦੇ ਭਾਵਾਂ ਦੀ ਮੁੱਢਲੀ ਪ੍ਰੇਰਨਾ ਦਾ ਆਧਾਰ ਉਸਦਾ ਆਲਾ-ਦੁਆਲਾ ਹੁੰਦਾ ਹੈ। ਬਚਪਨ, ਮਾਤਾ, ਪਿਤਾ, ਭੈਣ, ਭਰਾ ਨੂੰ, ਫਿਰ ਮਿੱਤਰ-ਮੰਡਲੀ, ਗਲੀ-ਗੁਆਂਢ, ਸਕੂਲ, ਪਿੰਡ/ਕਸਬਾ, ਸ਼ਹਿਰ, ਪ੍ਰਾਂਤ, ਦੇਸ਼, ਵਿਦੇਸ਼ ਅਤੇ ਵਿਸ਼ਵ ਆਦਿ ਇਹ ਸਭ ਸਮੇਂ ਸਮੇਂ ਉਸਦੀਆਂ ਪ੍ਰੇਰਨਾਵਾਂ ਨੂੰ ਹੁਲਾਰਾ ਦਿੰਦੇ ਹਨ। ਇੱਥੋਂ ਤੱਕ ਕਿ ਉਸਦੀ ਕਲਪਨਾ ਉਡਾਰੀ ਵੀ ਆਪਣੀ ਹੋਂਦ ਨੂੰ ਸਮਾਜ ਦੀ ਸਹਿ ਹੋਂਦ ਨਾਲ ਹੀ ਬਰਕਰਾਰ ਰੱਖ ਸਕਦੀ ਹੈ। ਇਸ ਲਈ ਜਿੱਥੇ ਸਾਹਿਤ ਦੇ ਪ੍ਰਾਥਮਿਕ ਆਧਾਰ ਕਲਾਤਮਕਤਾ, ਸੁਹਜ ਸੁਆਦ ਆਦਿ ਗੁਣ ਹਨ ਉਥੇ ਸਾਹਿਤਕ ਰਚਨਾ ਪੂਰਨ ਤੌਰ ਤੇ ਆਪਣੇ ਸਾਮਜ, ਸਭਿਆਚਾਰ ਦੇ ਪ੍ਰਭਾਵ ਹੇਠ ਮਨੁੱਖੀ ਜੀਵਨ ਲਈ ਸਾਰਥਿਕਤਾ ਤੇ ਨਿਰਾਰਥਿਕਤਾ ਦੀ ਪੜਚੋਲ ਦੇ ਆਹਰ ਵਿਚ ਰਹਿੰਦੀ ਹੈ। ਇਸ ਦਾ ਅਹਿਸਾਸ ਪਾਠਕ ਨੂੰ ਸਾਹਿਤ-ਪਾਠ, ਅਧਿਐਨ ਕਰਦਿਆਂ ਉਦੋਂ ਹੁੰਦਾ ਹੈ ਜਦੋਂ ਇਕਦਮ ਆਪਣੀ ਸੀਮਿਤ ਚੇਤੰਨਤਾ ਦੇ ਖੁਲ੍ਹੇ ਕਪਾਟ, ਉਸਦੇ ਸਮਾਜਕ ਦ੍ਰਿਸ਼ਟੀਕੋਣ ਨੂੰ ਹੋਰ ਵੀ ਚੌੜਾ ਕਰਦੇ ਤੇ ਫੈਲਾਉਂਦੇ ਹਨ।

## ਹਵਾਲੇ ਅਤੇ ਟਿੱਪਣੀਆਂ

1 Animals lower than man have developed means of communication, they cannot be said to possesss true language, and although they are capable of learning, their abilities in this respect are so limited as to be incomparable to those of man. This is true even of the highest among them, the apes. The social life of animals lower than man is based almost entirely upon instinct, or reflex behavior, which shows practically no variation from generation to generation. Samuel Koenig, **Sociology an Introduction to the Science of Society**, Barnes and Noble, New York, 1972, p-19.

2 Living in a group is so essential to him that his existence is unthinkable apart from it. Perhaps theb est indication that it is primarily life in a human group that makes the animal, Ibid, p. 17.

3 Society is a system of usages and procedures, of authority and mutual aid, of many groupings and divisions, of controls of human behavior and of liberties. This ever-changing, complex system we call society. It is the web of social relationships. And it is always changing. R.M. Maciver, C.H. Page, **Society An Introductory Analysis,** Macmillan India Limited, New Delhi, 1987, p. 5.

4 ਮਿਸਿਜ਼ ਸਾਵਿੰਦਰਜੀਤ ਕੌਰ, **ਸਮਾਜ ਵਿਗਿਆਨ ਨਾਲ ਜਾਣ-ਪਛਾਣ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994, ਪੰਨਾ-53.

5 ਉੱਧਰਿਤ, ਮਿਸਿਜ਼ ਸਾਵਿੰਦਰਜੀਤ ਕੌਰ, **ਸਮਾਜ ਵਿਗਿਆਨ ਨਾਲ ਜਾਣ-ਪਛਾਣ,** ਪੰਨਾ-55.

6 Social conflict, man against man or group against group, reveals itself wherever there is society. But unless co-operation penetrated deeper than conflict, society could not endure. R.M. Maciver, C.H. page, **Society An Introductory Analysis**, p. 64.

7 The improvement of Socialization offers one of the greates possibilities for the future alteration of human nature and human society. Kingsley Davis, **Human Society.** Surjeet Publications, Delhi, 1981 p. 231.

8 ਉੱਧਰਿਤ, ਸਾਵਿੰਦਰਜੀਤ ਕੌਰ, **ਸਮਾਜ ਵਿਗਿਆਨ ਦੇ ਮੂਲ ਸੰਕਲਪ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨਾ-299.

9 ਉੱਧਰਿਤ, ਡਾ. ਜੀਤ ਸਿੰਘ ਜੋਸ਼ੀ, **ਲੋਕ ਕਲਾ ਅਤੇ ਸਭਿਆਚਾਰ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010, ਪੰਨਾ-11.

10 If we are considering something as an organized group, it is an association; if as a form of procedure, it is an Institution. Association denotes membership; Institution denotes a mode or means of service. R.M. Maciver, C.H. Page, **Society an Introductory Analysis**, p. 16.

11 ਡਾ. ਸਵਰਨ ਸਿੰਘ, **ਕਿੱਸਾ-ਕਾਵਿ ਵਿਚ ਸਮਾਜ ਤੇ ਸਭਿਆਚਾਰ**, ਰਵੀ ਸਾਹਿਤ ਪਕਾਸ਼ਨ, ਅੰਮ੍ਰਿਤਸਰ, 1981, ਪੰਨਾ-57.

12 ਮਿਸਿਜ਼ ਸਾਵਿੰਦਰਜੀਤ ਕੌਰ, **ਸਮਾਜ ਵਿਗਿਆਨ ਨਾਲ ਜਾਣ-ਪਛਾਣ**, ਪੰਨਾ-226-227.

13 ਡਾ. ਸਵਰਨ ਸਿੰਘ, **ਕਿੱਸਾ-ਕਾਵਿ ਵਿਚ ਸਮਾਜ-ਸਭਿਆਚਾਰ**, ਪੰਨਾ-58.

14 ਮਿਸਿਜ਼ ਸਾਵਿੰਦਰਜੀਤ ਕੌਰ, **ਸਮਾਜ ਵਿਗਿਆਨ ਦੇ ਮੂਲ ਸੰਕਲਪ**, ਪੰਨਾ-318.

15 ਡਾ. ਮਨਮੋਹਨ ਸਹਿਗਲ, **ਗੁਰੂ ਗ੍ਰੰਥ ਸਾਹਿਬ : ਇਕ ਸਭਿਆਚਾਰਕ ਸਰਵੇਖਣ**, ਭਾਸ਼ਾ ਵਿਭਾਗ, ਪੰਜਾਬ, 1987, ਪੰਨਾ-80.

16 ਉੱਧਿਰਤ, ਡਾ. ਸਵਰਨ ਸਿੰਘ, **ਕਿੱਸਾ-ਕਾਵਿ ਵਿਚ ਸਮਾਜ ਤੇ ਸਭਿਆਚਾਰ**, ਪੰਨਾਂ-76.

17 ਗੁਰਬਖ਼ਸ਼ ਸਿੰਘ ਫਰੈਂਕ, **ਸਭਿਆਚਾਰ : ਮੁੱਢਲੀ ਜਾਣ-ਪਛਾਣ**, ਪੰਜਾਬੀ ਰਾਈਟਰਜ਼ ਕੋਆਪ੍ਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ, 1984, ਪੰਨਾ-42.

18 If, for instance, society is taken to an organized set of individuals with agiven way of life, culture is that way of life. If society is taken to be an aggregate social relation, then culture is the content of those relations. Society emphasizes the human component, the aggregate of people and the relation between them. Culture emphasizes component of accumulated resources, Immaterial as well as social, which the people inherit, employ, transmute, add to, transmit. Having substance, it in part only ideational, component acts as a regulator to action. From to behavioural aspects culture is all learned behaviour which has been socially acquired. It includes the residual effects of social action. Raymond Firth, **Elements of Social Organiszation**, Beacon Press Boston, Lodon, 1961, p. 27.

19 Culture is that complex whole which includes knowledge, belief, art, morals, law, customs and any other capabilities and habits acquired by man as member of society. E.B. Tylor, *Primitive Culture*, Johan Murray, London, 1920, p. 1.

20 The Culture of the individual is dependent upon the culture of a group or class, and that the culture of the group or class is dependent upon the culture of the whole society to which that group or class belongs. Therefore it is the culture of the society that is fundamental, and it is the meaning of the term 'culture' in relation to the whole society that should be examined first." T.S Eliot, **Notes towards the Definition of Culture,** Faber and Faber Limited, London, 1954, p. 21.

21 The nation of culture may be broad enough to express all forms of spiritual life in man-intellectual, religious, ethical,-It is best understood intensively as humanity's and affort to assert its inner and independent being. James Hastings (ed.), **Encyclopaedia of Religion and Ethics**, T. and T. Clark, New York, 1967, Vol. IV, p. 358.

22 Two distinct ways in which the behaviour of organisms may be determined, (1) through heredity, and (2) by learning from he group... The processess involved in the acquitions of these two types of behavior are fundamentally different. The first is a biological process of transmission by means of the fertilized egg; the second is a psychosocial process, involving transmission by means of a system of communication, based on the capacity of man to learn. Behavior transmitted by learning from one generation to anorther is called culture. William .F. Ogburn, Meyer F. Nimkoff, **Sociology**, Houghton Mifflin Company, Boston, 1958, p. 72.

23 The sum total of man's efforts to adjust himself to his environment and to improve his modes of living. Samuel Koenig, **Sociology an Introduction to the Science of Society**, p. 43.

24 Culture therefore has two essential qualities : Firstly it is learned, secondly it is shared. Wihtout it there would be no human society. Michael Haralambos with Robin Heald, **Sociology Themes and Perspective**, Oxford University, Press, New Delhi, 2007, p. 3.

25 ਗੁਰਬਖ਼ਸ਼ ਸਿੰਘ ਫਰੈਂਕ, **ਸਭਿਆਚਾਰ : ਮੁੱਢਲੀ ਜਾਣ-ਪਛਾਣ,** ਪੰਨਾ-12-13.

26 ਡਾ. ਜਸਵਿੰਦਰ ਸਿੰਘ, **ਪੰਜਾਬੀ ਸਭਿਆਚਾਰ : ਪਛਾਣ-ਚਿੰਨ,** ਪੁਨੀਤ ਪ੍ਰਕਾਸ਼ਨ, ਪਟਿਆਲਾ, 1989, ਪੰਨਾ-6.

27 ਉਹੀ, ਪੰਨਾ-7.

28 ਗੁਰਬਖ਼ਸ਼ ਸਿੰਘ ਫਰੈਂਕ, **ਸਭਿਆਚਾਰ ਅਤੇ ਪੰਜਾਬੀ ਸਭਿਆਚਾਰ,** ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2004, ਪੰਨਾ-24.

29 **ਉਹੀ,** ਪੰਨਾ-26.

30 ਡਾ. ਜਸਵਿੰਦਰ ਸਿੰਘ, **ਪੰਜਾਬੀ ਸਭਿਆਚਾਰ ਪਛਾਣ-ਚਿੰਨ,** ਪੰਨਾ-93.

31 ਰਾਮਧਾਰੀ ਸਿੰਘ ਦਿਨਕਰ, **ਸਭਿਆਚਾਰ ਦੇ ਚਾਰ ਅਧਿਆਇ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992, ਪੰਨਾ-5.

32 ਉਹੀ, ਪੰਨਾ-353.

33 ਡਾ. ਹਰਿਭਜਨ ਸਿੰਘ, **ਸਾਹਿਤ ਅਧਿਐਨ,** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2002, ਪੰਨਾ-17.

34 ਡਾ. ਰਤਨ ਸਿੰਘ ਜੱਗੀ (ਸੰਪਾ.), **ਸਾਹਿਤ ਕੋਸ਼ ਪਰਿਭਾਸ਼ਿਕ ਸ਼ਬਦਾਵਲੀ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001, ਪੰਨਾ-197.

35 ਡਾ. ਸਤਿਨਾਮ ਸਿੰਘ ਸੰਧੂ, **ਸਾਹਿਤ ਦੀ ਹੋਂਦ-ਵਿਧੀ,** ਪੰਜਾਬ ਹੈਰੀਟੇਜ਼ ਪਬਲੀਕੇਸ਼ਨ, ਪਟਿਆਲਾ, 2008, ਪੰਨਾ-24.

## ਅਧਿਆਇ ਤੀਜਾ

# ਭਗਤੀ ਮਤ ਦਾ ਉਦਭਵ ਤੇ ਵਿਕਾਸ

ਧਰਮ ਦੇ ਆਦਿ-ਬਿੰਦੂ ਨੂੰ ਮਨੁੱਖੀ ਚੇਤਨਾ ਦੀ ਪਹਿਲੀ ਹਾਲਤ ਨਾਲ ਜੋੜਿਆ ਜਾਂਦਾ ਹੈ। ਵਿਦਵਾਨਾਂ ਵੱਲੋਂ ਅਕਸਰ 'ਧਰਮ ਮਨੁੱਖ ਜਿੰਨਾ ਪੁਰਾਣਾ ਹੈ' ਦਾ ਵਿਚਾਰ ਦਿੱਤਾ ਜਾਂਦਾ ਹੈ। ਧਰਮ ਅਤੇ ਭਗਤੀ-ਭਾਵ ਮਨੁੱਖ ਦੀਆਂ ਉਨ੍ਹਾਂ ਮੁੱਢਲੀਆਂ ਹਾਲਤਾਂ ਵਿਚੋਂ ਉਗਮਿਆ ਜਦੋਂ ਕੁਦਰਤ ਦੀਆਂ ਵਿਰਾਟ ਸ਼ਕਤੀਆਂ ਅੱਗੇ ਉਸਦਾ ਆਪਾ ਕਮਜ਼ੋਰ, ਸ਼ਕਤੀਹੀਣ ਤੇ ਮਨ ਅੰਦਰ ਅਨਿਸ਼ਚਿਤਾ ਦਾ ਅਹਿਸਾਸ ਜਾਗਿਆ। ਆਦਿ ਮਨੁੱਖ ਦੁਆਲੇ ਪ੍ਰਕਿਰਤੀ ਦਾ ਉਹ ਰੂਪ ਪਸਰਿਆ ਹੋਇਆ ਸੀ ਜਿਸ ਨੂੰ ਲੈ ਕੇ ਉਹ ਤਿੰਨ ਤਰ੍ਹਾਂ ਦੇ ਢੰਗਾਂ ਨੂੰ ਅਪਣਾਉਂਦਾ ਹੈ। ਵਿਦਵਾਨਾਂ ਅਨੁਸਾਰ ਇਨ੍ਹਾਂ ਤਿੰਨ ਢੰਗਾਂ ਵਿਚੋਂ ਪਹਿਲਾਂ ਜਾਦੂ-ਚਿੰਤਨ, ਦੂਜਾ ਕੁਦਰਤੀ ਸ਼ਕਤੀਆਂ ਦਾ ਦੈਵੀਕਰਨ ਤੇ ਉਨ੍ਹਾਂ ਦੀ ਉਸਤਤੀ ਕਰਨਾ ਅਤੇ ਤੀਸਰਾ ਇਨ੍ਹਾਂ ਬਹੁਦੇਵੀ-ਦੇਵਤਿਆਂ ਤੋਂ ਉੱਪਰ ਇਕ 'ਪਰਮਸ਼ਕਤੀ' ਦਾ ਸੰਕਲਪ ਸਿਰਜਣਾ।

ਮਨੁੱਖ ਦੇ ਇਨ੍ਹਾਂ ਮੁੱਢਲੇ ਯਤਨਾਂ ਵਿਚੋਂ ਧਰਮ ਦੀ ਹੋਂਦ ਦੇ ਨਾਲ-ਨਾਲ ਭਗਤੀ-ਭਾਵਨਾ ਦਾ ਬੀਜ ਵੀ ਪੁੰਗਾਰ ਰਿਹਾ ਸੀ। ਭਗਤੀ ਮਨੁੱਖ ਦੀ ਉਹ ਧਾਰਮਿਕ ਭਾਵਨਾ ਹੈ ਜੋ ਮਨੁੱਖ ਦੇ ਵਿਕਾਸ ਪੜਾਵਾਂ ਅਨੁਸਾਰ ਵਿਕਾਸ ਕਰਦੀ ਰਹੀ ਹੈ। "ਜਿਸ ਜਗਿਆਸਾ ਤੋਂ ਧਰਮ ਦੀ ਉਤਪਤੀ ਹੁੰਦੀ ਹੈ, ਉਸੇ ਜਗਿਆਸਾ ਵਿਚ ਭਗਤੀ ਦੇ ਬੀਜ ਵੀ ਮੌਜੂਦ ਰਹਿੰਦੇ ਹਨ। ਭਗਤੀ ਪਹਿਲਾਂ ਇਕ ਦੇਸ਼ ਵਿਚ ਜਨਮੀ ਅਤੇ ਉਥੋਂ ਚਲਕੇ ਹੋਰ ਦੇਸ਼ਾਂ ਵਿਚ ਪਹੁੰਚੀ, ਅਜਿਹਾ ਸੋਚਣਾ ਮਿਥਿਆ ਚਿੰਤਨ ਦਾ ਸਮਾਨਾਰਥਕ ਹੈ। ਭਗਤੀ ਦਾ ਜਨਮ ਸਾਰੇ ਦੇਸ਼ਾਂ ਵਿਚ ਧਰਮ ਦੇ ਉਦੈ ਨਾਲ ਹੀ ਹੋਇਆ।"[1] ਧਰਮ ਅਤੇ ਭਗਤੀ ਦੀ ਇਸ ਸਾਂਝੀ ਜਗਿਆਸਾ ਦੇ ਇਕੋ ਸਮੇਂ ਪੁੰਗਰਨ ਵਾਲੇ ਬੀਜ ਦੀ ਪ੍ਰੋੜਤਾ ਐਫ. ਮੈਕਸਮੂਲਰ ਦੇ ਇਸ ਵਿਚਾਰ ਤੋਂ ਵੀ ਹੋ ਜਾਂਦੀ ਹੈ ਜਦੋਂ ਉਹ ਕਹਿੰਦਾ ਹੈ ਕਿ "ਭਾਵੇਂ ਹਰ ਧਰਮ ਦਾ ਵਿਕਾਸ ਆਪਣਾ ਤੇ ਵਿਸ਼ੇਸ਼ ਹੁੰਦਾ ਹੈ, ਪਰ ਉਹ ਬੀਜ ਸਦਾ, ਹਰ ਥਾਂ ਇਕੋ ਹੀ ਰਿਹਾ ਹੈ ਜਿਸ ਵਿਚੋਂ ਸਾਰੇ ਧਰਮ ਪੁੰਗਰੇ ਹਨ। ਉਹ ਬੀਜ 'ਅਸੀਮ' ਦਾ ਅਨੁਭਵ ਕਰਨ ਦੀ ਇੱਛਾ ਹੈ।"[2]

ਕਾਲਕ੍ਰਮ ਦ੍ਰਿਸ਼ਟੀ ਅਨੁਸਾਰ ਮਨੁੱਖੀ ਜਗਿਆਸਾ ਰਾਹੀਂ ਅਸੀਮ ਦੇ ਅਨੁਭਵ ਦਾ ਬੀਜ ਪਹਿਲੋਂ-ਪਹਿਲ ਮਨੁੱਖੀ ਅਸੁਰੱਖਿਅਤਾ ਤੇ ਭੈ ਵਾਲੀ ਸੋਚ ਵਿਚ ਪੁੰਗਰਦਾ ਹੈ ਜੋ ਬਾਅਦ ਵਿਚ ਆਪਣੇ ਆਪਣੇ ਭੂਗੋਲਿਕ, ਸਮਾਜਿਕ, ਸਭਿਆਚਾਰਕ ਹਲਾਤਾਂ ਅਨੁਸਾਰ ਵਿਭਿੰਨ ਦਿਸ਼ਾਵਾਂ ਵੱਲ ਰੁਖ਼ ਕਰਦਾ ਹੋਇਆ ਵਿਭਿੰਨ ਧਰਮਾਂ ਦਾ ਅਤੇ ਧਰਮਾਂ ਵਿਚ ਵਿਭਿੰਨ ਮਤਾਂ, ਲਹਿਰਾਂ, ਸੰਪਰਦਾਵਾਂ ਦਾ ਰੂਪ ਵਟਾ ਲੈਂਦਾ ਹੈ। ਭਾਰਤ ਵਿਚ ਭਗਤੀ-ਭਾਵਨਾ ਇਕ ਅਜਿਹੀ ਲਹਿਰ ਬਣਕੇ ਹੀ ਉੱਭਰੀ ਜਿਸਦੇ ਉਦਭਵ ਤੇ ਵਿਕਾਸ ਬਾਰੇ ਜਾਨਣ ਤੋਂ ਪਹਿਲਾਂ 'ਭਗਤੀ' ਸ਼ਬਦ ਦੇ ਮੂਲ ਅਤੇ ਗੂੜ੍ਹ ਅਰਥਾਂ ਨੂੰ ਸਮਝਣ ਲੈਣਾ ਲਾਜ਼ਮੀ ਪ੍ਰਤੀਤ ਹੁੰਦਾ ਹੈ।

"ਭਗਤੀ ਸ਼ਬਦ ਸੰਸਕ੍ਰਿਤ ਦੇ ਧਾਤੂ 'ਭਜ ਸੇਵਾਯਾਮ' ਤੋਂ ਪਾਣਿਨੀ ਦੇ ਸੂਤਰ 'ਇਸਤ੍ਰੀਆਂ ਕਤਿਨ' ਦੇ ਅਨੁਸਾਰ (ਨੰਬਰ 3/3/94) 'ਕਤਿਨ' ਪ੍ਰਤਿਯੈ ਜੋੜਨ ਨਾਲ ਬਣਿਆ ਹੈ। ਪ੍ਰਤਿਯੈ ਦਾ ਅਰਥ 'ਪ੍ਰੇਮ' ਅਤੇ ਧਾਤੂ ਦਾ ਅਰਥ 'ਸੇਵਾ ਕਰਨਾ' ਹੈ। ਸਾਧਾਰਨ ਨਿਯਮ ਇਹ ਹੈ ਕਿ ਧਾਤੂ ਅਤੇ ਪ੍ਰਤਿਯੈ ਦੇ ਮੇਲ ਨਾਲ ਇਕ ਸੰਪੂਰਣ ਅਰਥ ਉਜਾਗਰ ਹੁੰਦਾ ਹੈ ਇੰਜ ਭਗਤੀ ਦਾ ਅਰਥ ਹੋਇਆ 'ਪ੍ਰੇਮ ਭਾਵ ਨਾਲ ਸੇਵਾ ਕਰਨਾ।"[3]

'ਭਗਤੀ' ਸ਼ਬਦ ਦੇ ਅੰਗਰੇਜ਼ੀ ਸ਼ਬਦਾਰਥਾਂ ਲਈ "Devotion worship, Devotional love of deity; Meditation, Religious Observances" ਸ਼ਬਦਾਂ ਦਾ ਪ੍ਰਯੋਗ ਕੀਤਾ ਮਿਲਦਾ ਹੈ।"[4]

ਇਨਸਾਈਕਲੋਪੀਡੀਆ ਆਫ਼ ਰਿਲਿਜ਼ਨ ਐਂਡ ਐਥਿਕਸ ਅਨੁਸਾਰ ਧਾਰਮਿਕ ਦ੍ਰਿਸ਼ਟੀ ਤੋਂ ਭਗਤੀ ਇਕ ਪ੍ਰੇਮ, ਸ਼ਰਧਾ ਜਾਂ ਸਨੇਹ ਹੈ ਜਿਸਨੂੰ ਆਪਣੇ ਦੇਵਤਾ ਜਾਂ ਪਰਮਾਤਮਾ ਉੱਤੇ ਨਿਸ਼ਾਵਰ ਕੀਤਾ ਜਾਂਦਾ ਹੈ ਪਰ ਇਸਦੇ ਇਲਾਵਾ ਸਨੇਹ (ਅਨੁਰਕਤੀ) ਸ਼ਬਦ ਨੂੰ ਇਸ ਤਰ੍ਹਾਂ ਵੀ ਪਰਿਭਾਸ਼ਿਤ ਕਰ ਸਕਦੇ ਹਾਂ ਕਿ ਇਕ ਖ਼ਾਸ ਤਰ੍ਹਾਂ ਦੀ ਸ਼ਰਧਾ (ਰਕਤੀ) ਜਿਸਦਾ ਗਿਆਨ ਪੂਜਣਯੋਗ ਦੇ ਗੁਣਾਂ ਬਾਰੇ ਪਤਾ ਲੱਗਣ ਤੋਂ ਬਾਅਦ ਹੁੰਦਾ ਹੈ।"[5]

ਸੋ 'ਭਗਤੀ' ਸ਼ਬਦ ਦੇ ਮੁੱਢਲੇ ਅਰਥ ਆਪਣੇ ਇਸ਼ਟ-ਦੇਵ ਪ੍ਰਤੀ ਅਤਿ ਅਨੁਰਾਗ, ਪ੍ਰੇਮ, ਸ਼ਰਧਾ, ਅਰਾਧਨਾ, ਸੇਵਾ ਅਤੇ ਉਪਾਸਨਾ ਆਦਿ ਤੋਂ ਲਏ ਜਾਂਦੇ ਹਨ। ਭਗਤੀ ਭਾਵਨਾ ਉਸ ਸੱਚੇ-ਸੁੱਚੇ ਅਨੁਭਵ ਦਾ ਲਖਾਇਕ ਹੈ ਜੋ ਅਨੁਭਵ ਲੌਕਿਕ ਸੰਸਾਰ ਦੀ ਰਚਨਾ ਪਿੱਛੇ ਇਕ ਅਲੌਕਿਕ ਖੇਡ ਦੇ ਅਹਿਸਾਸ ਨਾਲ ਰਾਗਮਈ ਅਵਸਥਾ ਵਿਚ ਓਤਪੋਤ ਰਹਿੰਦਾ ਹੈ। ਭਗਤੀ ਆਚਾਰੀਆ ਭਗਤੀ-ਭਾਵ ਦੇ ਗੂੜ੍ਹ ਅਰਥਾਂ ਨੂੰ ਆਪਣੇ ਸ਼ਬਦਾਂ ਵਿਚ ਇਸ ਤਰ੍ਹਾਂ ਵਿਅਕਤ ਕਰਦੇ ਹਨ :

ਨਾਰਦ ਪਾਂਚਰਾਤਰ ਵਿਚ "ਪ੍ਰੇਮਮਈ ਮਨ ਦੇ ਸੁਆਰਥ ਰਹਿਤ ਹੋ ਕੇ ਹਰੀ ਪ੍ਰਤੀ ਪ੍ਰਵਾਹਿਤ ਹੁੰਦੇ ਰਹਿਣ ਨੂੰ ਹੀ ਭਗਤੀ ਆਖਿਆ ਗਿਆ ਹੈ।"[6] ਭਗਤੀ ਆਚਾਰੀਆ ਸ਼ਾਂਡਿਲਯ ਅਨੁਸਾਰ "ਈਸ਼ਵਰ ਵਿਚ ਅਤਿਅੰਤ ਪ੍ਰੇਮ ਹੀ ਭਗਤੀ ਹੈ।"[7]

ਰੂਪ ਗੋਸ਼ਆਮੀ ਦੇ ਕਥਨ ਅਨੁਸਾਰ "ਗਿਆਨ ਅਤੇ ਕਰਮ ਦੇ ਪ੍ਰਭਾਵ ਤੋਂ ਰਹਿਤ ਹੋ ਕੇ ਕਿਸੇ ਤਰ੍ਹਾਂ ਦੇ ਫਲ ਦੀ ਇੱਛਾ ਕੀਤੇ ਬਿਨਾਂ ਨਿਰੰਤਰ ਭਗਵਾਨ ਕ੍ਰਿਸ਼ਣ ਦਾ ਪ੍ਰੇਮ ਪੂਰਵਕ ਧਿਆਨ ਕਰਨਾ ਹੀ ਭਗਤੀ ਹੈ।"[8]

ਰਾਮਨੁਜ ਅਨੁਸਾਰ, "ਭਗਤੀ ਇਕ ਲਗਾਤਾਰ ਅਤੇ ਨਿਰੰਤਰ ਪ੍ਰੇਮਿਕਾ ਦੀ ਪ੍ਰਿਅ ਸਮਾਧੀ ਹੈ, ਪ੍ਰੇਮ-ਵਿਚਾਰ ਦੀ ਧਾਰ ਤੇਲ ਦੀ ਧਾਰ ਵਾਂਗ ਅਟੁਟ ਹੈ।"[9]

ਰਾਮਾਨੰਦ ਅਨੁਸਾਰ "ਵਿਵੇਕ ਆਦਿ ਤੋਂ ਜਿਸ ਦੀ ਉਤਪਤੀ ਹੁੰਦੀ ਹੈ, ਯਮ ਆਦਿ ਜਿਸ ਦੇ ਅਠ ਅੰਗ ਹਨ, ਤੇਲ ਦੀ ਧਾਰ ਦੇ ਸਮਾਨ ਨਿਰੰਤਰ ਭਗਵਾਨ ਦੇ ਸਿਮਰਨ ਵਿਚ ਜੋ ਅਨੁਰਾਗ ਹੈ, ਉਹੀ ਪਰਾਭਗਤੀ ਹੈ।"[10]

ਮਧਵਾਚਾਰੀਆ ਅਨੁਸਾਰ "ਉੱਚਤਮ ਗਿਆਨ ਪੂਰਵਕ ਸੁਦ੍ਰਿੜ ਅਤੇ ਲਗਾਤਾਰ ਪ੍ਰੇਮ ਹੀ ਭਗਤੀ ਹੈ। ਇਸ ਤੋਂ ਛੁੱਟ ਮੁਕਤੀ ਦਾ ਕੋਈ ਸਾਧਨ ਨਹੀਂ। "[11]

ਵਲਭਾਚਾਰੀਆ ਅਨੁਸਾਰ "ਭਗਵਾਨ ਦੇ ਪ੍ਰਤੀ ਮਹਾਤਮ ਗਿਆਨ ਰਖਦਿਆਂ ਹੋਇਆਂ ਜੋ ਸੁਦ੍ਰਿੜ ਅਤੇ ਸਭ ਤੋਂ ਵਧੀਕ ਸਨੇਹ ਹੋਵੇ ਉਹ ਭਗਤੀ ਹੈ।"[12]

ਹਜ਼ਾਰੀ ਪ੍ਰਸਾਦ ਦਿਵੇਦੀ ਨੇ ਨਾਰਦ ਭਗਤੀ ਸੂਤ੍ਰ 1-2 ਅਤੇ 'ਭਕਤਿ ਰਸਾਮ੍ਰਿਤ ਸਿੰਧੂ' ਵਿਚਲੇ ਮਤਾਂ ਨੂੰ ਬਿਆਨ ਕਰਦੇ ਹੋਏ ਲਿਖਿਆ ਹੈ ਕਿ "ਸਰਬ ਵਾਦ-ਸੰਮਤ ਮੱਤ ਇਹ ਹੈ ਕਿ ਭਗਤੀ ਭਗਵਤ ਸਬੰਧੀ ਪ੍ਰੇਮ ਨੂੰ ਹੀ ਕਹਿੰਦੇ ਹਨ। 'ਭਕਤਿ ਰਸਾਮ੍ਰਿਤ ਸਿੰਧੂ' ਵਿਚ ਇਸ ਗੱਲ ਨੂੰ ਇਸ ਤਰ੍ਹਾਂ ਕਿਹਾ ਗਿਆ ਹੈ ਕਿ ਅਨੁਕੂਲ ਭਾਵ ਭਗਵਾਨ ਦੇ ਵਿਸ਼ੇ ਵਿਚ ਚਿੰਤਨ ਕਰਨਾ ਹੀ ਭਗਤੀ ਹੈ।"[13]

ਸ੍ਰੀਮਦ ਭਗਵਤ ਗੀਤਾ ਵਿਚ ਭਗਤੀ-ਸਾਧਨਾ ਦੇ ਤਿੰਨ ਮਾਰਗ : ਕਰਮ ਮਾਰਗ, ਗਿਆਨ ਮਾਰਗ ਅਤੇ ਭਗਤੀ-ਮਾਰਗ ਵਿਚੋਂ ਤਿੰਨਾਂ ਨੂੰ ਹੀ ਆਪਣੇ ਆਪਣੇ ਖੇਤਰ ਅਨੁਸਾਰ ਲਾਜ਼ਮੀ ਕਰਾਰ ਦਿੱਤਾ ਗਿਆ ਹੈ ਪਰੰਤੂ ਭਗਤੀ ਮਾਰਗ ਦੀ ਮਹਿਮਾ ਗੀਤਾ ਦੇ ਅਠਾਰਾਂ ਅਧਿਆਇ ਦਾ ਕੇਂਦਰ ਬਿੰਦੂ ਰਹੀ ਹੈ। ਗੀਤਾ ਵਿਚ ਸ੍ਰੀ ਕ੍ਰਿਸ਼ਣ ਵੱਲੋਂ ਭਾਵੇਂ ਭੁੱਲੇ-ਚੁੱਕੇ ਅਤੇ ਤਿਲਭਰ ਭਗਤੀ ਕਰਨ ਵਾਲੇ ਸਾਧਕ ਨੂੰ ਵੀ ਵੱਡੀ ਫਲ-ਪ੍ਰਾਪਤੀ ਦਾ ਹੱਕਦਾਰ ਮੰਨਿਆ ਹੈ ਪਰ ਸੱਚੀ, ਕਰਮ ਸਹਿਤ, ਕਾਮਨਾ ਰਹਿਤ ਤੇ ਨਿਰੰਤਰ ਕੀਤੀ ਗਈ ਪ੍ਰਭੂ-ਭਗਤੀ ਹੀ ਉੱਤਮ ਭਗਤੀ ਮੰਨੀ ਗਈ ਹੈ। ਅਜਿਹੀ ਭਗਤੀ ਕਰਨ ਵਾਲੇ ਭਗਤ ਨੂੰ ਗਿਆਨੀ ਤੇ ਸ਼ਾਖਸ਼ਾਤ ਪਰਮਾਤਮਾ ਦਾ ਸਵਰੂਪ ਸਮਝਿਆ ਗਿਆ ਹੈ।[14]

ਇਸ ਤਰ੍ਹਾਂ ਉਪਰੋਕਤ ਆਚਾਰੀਆ ਵੱਲੋਂ ਭਗਤੀ ਸਬੰਧੀ ਪੇਸ਼ ਕੀਤੀਆਂ ਪਰਿਭਾਸ਼ਾਵਾਂ, ਵਿਆਖਿਆਵਾਂ ਵਿਚੋਂ ਭਗਤੀ ਦੇ ਪ੍ਰਮੁੱਖ ਪੰਜ ਲੱਛਣ ਦ੍ਰਿਸ਼ਟੀਗੋਚਰ ਹੁੰਦੇ ਹਨ :

1) ਨਿਰਸੁਆਰਥ ਪ੍ਰੇਮ ਤੇ ਪ੍ਰਭੂ ਵਿਚ ਨਿਰੰਤਰ ਧਿਆਨ ਕਰਨਾ ਹੀ ਭਗਤੀ ਹੈ।
2) ਉੱਚਤਮ ਗਿਆਨ ਪੂਰਵਕ ਸੁਦ੍ਰਿੜ ਪ੍ਰਭੂ-ਪ੍ਰੇਮ ਦਾ ਨਾਂ ਹੀ ਭਗਤੀ ਹੈ।
3) ਪੂਰਬਲੇ ਗਿਆਨ ਤੋਂ ਪ੍ਰਾਪਤ ਹੋਈ ਪ੍ਰਭੂ-ਪ੍ਰੇਮਾ ਭਗਤੀ ਹੀ ਮੁਕਤੀ ਦਾ ਸਾਧਨ ਹੈ।
4) ਭਗਵਾਨ ਪ੍ਰਤੀ ਮਹਾਤਮ, ਗਿਆਨ ਅਤੇ ਵਧੀਕ ਸਨੇਹ ਹੀ ਭਗਤੀ ਹੈ।
5) ਭਗਵਾਨ ਦੇ ਵਿਸ਼ੇ ਵਿਚ ਚਿੰਤਨ ਕਰਨਾ, ਪ੍ਰੇਮ ਅਤੇ ਸ਼ਰਧਾ ਹੀ ਭਗਤੀ ਹੈ।

ਭਗਤੀ ਸਬੰਧੀ ਆਚਾਰੀਆ ਵੱਲੋਂ ਦਿੱਤੇ ਇਨ੍ਹਾਂ ਪ੍ਰਮੁੱਖ ਲੱਛਣਾਂ ਵਿਚੋਂ ਇਕ ਸਾਂਝਾ ਲੱਛਣ 'ਪ੍ਰੇਮ' ਹੈ ਜੋ ਭਗਤ ਦੀ ਆਪਣੇ ਇਸ਼ਟ ਪ੍ਰਤੀ ਪ੍ਰੇਮਮਈ ਭਾਵਨਾ ਵਜੋਂ ਉਪਯੁਕਤ ਹੋਇਆ ਹੈ। ਸਾਧਕ ਦੀ ਇਸ ਅਤਿ ਪ੍ਰੇਮ ਭਾਵਨਾ ਨੂੰ ਹਰ ਆਚਾਰੀਆ ਨੇ ਆਪਣੇ ਇਸ਼ਟ, ਪ੍ਰਭੂ, ਪਰਮਾਤਮਾ ਲਈ ਲਾਜ਼ਮੀ ਕਰਾਰ ਦਿੱਤਾ ਹੈ ਫਿਰ ਚਾਹੇ ਉਹ ਪ੍ਰੇਮ ਨਿਰਾਕਾਰ ਜਾਂ ਸਾਕਾਰ ਬ੍ਰਹਮ ਕਿਸੇ ਲਈ ਵੀ ਹੋਵੇ।

"ਪ੍ਰਮੁੱਖ ਰੂਪ ਵਿਚ ਭਗਤੀ ਦੇ ਪ੍ਰਕਾਰ 'ਗੌਣੀ' ਅਤੇ 'ਪਰਾ' ਭਗਤੀ ਮੰਨੇ ਜਾਂਦੇ ਹਨ। ਰਸਾਮ੍ਰਿਤ ਸਿੰਧੂ ਦੇ ਲੇਖਕ ਨੇ ਗੌਣੀ ਭਗਤੀ ਨੂੰ ਵੀ ਦੋ ਭਾਗਾਂ ਵਿਚ ਵੰਡਿਆ ਹੈ; ਵੈਧੀ ਅਤੇ ਰਾਗਾਨੁਗਾ। ਜਿਸ ਭਗਤੀ ਦੀ ਕਮਾਈ ਸ਼ਾਸਤ੍ਰਾਂ ਅਤੇ ਉਹਨਾਂ ਦੇ ਨਿਯਮਾਂ ਦੇ ਅਨੁਕੂਲ ਕੀਤੀ ਜਾਂਦੀ ਹੈ, ਉਸਨੂੰ ਵੈਧੀ ਭਗਤੀ ਕਹਿੰਦੇ ਹਨ ਕਿਉਂਕਿ ਅਜਿਹੀ ਭਗਤੀ ਕਿਸੇ ਮਰਯਾਦਾ ਅਨੁਸਾਰ ਕੀਤੀ ਜਾਂਦੀ ਹੈ, ਇਸ ਲਈ ਕਈਆਂ ਨੇ ਇਸ ਨੂੰ 'ਮਰਯਾਦਾ ਭਗਤੀ' ਦਾ ਵੀ ਨਾਮ ਦਿੱਤਾ ਹੈ। ਪਰ ਜਿਸ ਭਾਵ ਨਾਲ ਭਗਵਾਨ ਦੇ ਪ੍ਰੇਮ ਵਿਚ ਅਪਾਰ ਰਸ ਦਾ ਅਨੁਭਵ ਹੁੰਦਾ ਹੈ, ਜਿਸ ਪ੍ਰੇਮ-ਅਨੁਭੂਤੀ ਦੁਆਰਾ ਭਗਤ ਦੇ ਹਿਰਦੇ ਵਿਚ ਧਰਮ, ਸ਼ਾਂਤੀ ਅਤੇ ਆਨੰਦ ਦੀ ਉਤਪਤੀ ਹੁੰਦੀ ਹੈ, ਉਸ ਨੂੰ ਰਾਗਾ-ਨੁਗਾ ਭਗਤੀ ਕਹਿੰਦੇ ਹਨ।"[15] "ਨਾਰਦ ਦੇ ਆਪਣੇ ਭਗਤੀ ਸੂਤਰਾਂ ਵਿਚ ਭਗਤੀ ਦੀਆਂ ਗਿਆਰਾਂ ਆਸਕਤੀਆਂ ਦਾ ਜ਼ਿਕਰ ਕੀਤਾ ਹੈ। ਅਸਕਤੀ ਦਾ ਅਰਥ ਮਨ ਦਾ ਲਗਾਉ, ਅਰਥਾਤ ਗਿਆਰਾਂ ਪ੍ਰਕਾਰ ਤੋਂ ਹੈ।"[16]

ਉਪਰੋਕਤ ਸਭ ਪ੍ਰਕਾਰ ਦੇ ਭਗਤੀ ਪ੍ਰਕਾਰਾਂ ਤੋਂ ਇਲਾਵਾਂ ਭਗਤੀ ਸਿਧਾਂਤ ਵਿਚ ਸਭ ਤੋਂ ਪ੍ਰਮੁੱਖ 'ਨਵਧਾ ਭਗਤੀ' ਨੂੰ ਮਹੱਤਵਪੂਰਨ ਮੰਨਿਆ ਜਾਂਦਾ ਹੈ ਜਿਸ ਦਾ ਜ਼ਿਕਰ ਭਗਵਤ ਪੁਰਾਣ ਵਿਚ ਕੀਤਾ ਮਿਲਦਾ ਹੈ। 'ਨਵਧਾ ਭਗਤੀ' ਨੂੰ ਕਈ ਗ੍ਰੰਥਾਂ ਵਿਚ 'ਨਵ ਲਕਸ਼ਣ', 'ਨਵ-ਵਿਧਾ', 'ਨਵਧਾ' ਆਦਿ ਨਾਮ ਦਿੱਤੇ ਗਏ ਹਨ। 'ਨਵਧਾ' ਭਗਤੀ ਦੇ ਅੰਤਰਗਤ ਸ੍ਰਵਣ, ਕੀਰਤਨ, ਸਿਮਰਨ, ਪਾਦਸੇਵਨ, ਅਰਚਨ, ਵੰਦਨ, ਦਾਸ, ਸਖਾ ਅਤੇ ਆਤਮ-ਨਿਵੇਦਨ ਭਗਤੀ ਦੇ ਨੌਂ ਪ੍ਰਕਾਰ ਆਉਂਦੇ ਹਨ। "ਨਵਧਾ ਭਗਤੀ ਦੇ ਅੰਤਰਗਤ ਆਉਣ ਵਾਲੀ ਸ੍ਰਵਣ, ਕੀਰਤਨ ਅਤੇ ਸਿਮਰਨ ਭਗਤੀ ਦਾ ਸੰਬੰਧ ਪ੍ਰਭੂ ਦੇ ਨਾਮ ਨਾਲ ਹੈ; ਪਾਦਸੇਵਨ, ਅਰਚਨ ਅਤੇ ਵੰਦਨ ਦਾ ਸੰਬੰਧ ਪ੍ਰਭੂ ਦੇ ਸਾਖਿਆਤ ਸਰੂਪ ਅਰਥਾਤ ਮੂਰਤੀ ਨਾਲ ਹੈ ਅਤੇ ਦਾਸ, ਸਖਾ ਅਤੇ ਆਤਮ ਨਿਵੇਦਨ ਭਗਤੀ ਦੇ ਭਾਵ ਹਨ। ਇੰਜ ਇਹ ਨੌਂ ਪ੍ਰਕਾਰ ਦੀ ਭਗਤੀ ਵਾਸਤਵ ਵਿਚ ਪ੍ਰਭੂ ਦੇ 'ਨਾਮ', ਉਸਦੇ 'ਸਰੂਪ' ਅਤੇ ਉਸ ਪ੍ਰਤੀ 'ਭਾਵਾਂ' ਦਾ ਹੀ ਵਿਸਥਾਰ ਹੈ।"[17]

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਭਗਤੀ ਕਿਉਂਕਿ ਪ੍ਰਭੂ ਪ੍ਰਤੀ ਅਨੁਰਾਗਮਈ, ਹਿਰਦੇਮਈ ਭਾਵਨਾ ਹੈ ਇਸ ਲਈ ਇਸਦੀ ਕਿਸੇ ਨਿਸ਼ਚਿਤ ਪਰਿਭਾਸ਼ਾ ਤਕ ਅਪੜਨਾ ਜਾਂ ਪੂਰਨ ਤੌਰ ਤੇ ਇਸ ਭਾਵਨਾ ਨੂੰ ਸ਼ਬਦਾਂ ਵਿਚ ਬੰਨ੍ਹਣਾ, ਭਗਤੀ ਭਾਵਨਾ ਦੇ ਨਿਰੰਤਰ ਵਹਿਣ ਅੱਗੇ ਬੰਨ੍ਹ ਲਗਾਉਣ ਦੇ ਬਰਾਬਰ ਹੈ ਪਰੰਤੂ ਜੇਕਰ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਤਾਂ ਭਾਰਤੀ ਸਮਾਜ ਵਿਚ ਧਾਰਮਿਕ ਭਗਤੀ-ਭਾਵਨਾ ਅੱਗੇ ਲੱਗਦੇ ਰਹੇ ਅਜਿਹੇ ਕਠੋਰ ਬੰਨ੍ਹਾਂ ਨੂੰ ਭਗਤੀ-ਭਾਵਨਾ ਰੂਪੀ ਤੇਜ਼ ਵਹਿਣ ਨੇ ਸਮੇਂ-ਸਮੇਂ ਤੋੜਿਆ ਹੈ। ਆਪਣੇ ਇਸ ਖੁਲ੍ਹੇ ਤੇ ਨਿਰੰਤਰ ਵੇਗਮਈ ਸੁਭਾਅ ਸਦਕਾ ਭਗਤੀ-ਭਾਵਨਾ ਆਪਣੇ ਬੀਜ-ਰੂਪ ਤੋਂ ਲੈ ਕੇ ਵਿਭਿੰਨ ਵਿਚਾਰਾਂ, ਮਤਾਂ ਤੇ ਸੰਪ੍ਰਦਾਵਾਂ ਚੋਂ ਲੰਘਦੀ ਹੋਈ, ਇਕ ਅਜਿਹੇ ਪੜਾਅ ਵਿਚ ਅਪੱੜਦੀ ਹੈ ਜਿੱਥੇ ਪਹੁੰਚਕੇ ਪੂਰੇ ਭਾਰਤੀ ਸਮਾਜ ਨੂੰ ਨਵੀਆਂ ਦਿਸ਼ਾਵਾਂ ਵੱਲ ਤੋਰਦੀ ਹੈ।

ਸ੍ਰੀਮਦ ਭਗਵਤ ਪੁਰਾਨ ਦੇ ਮਹਾਤਮ ਵਿਚ ਭਗਤੀ ਇਕ ਜਵਾਨ ਇਸਤਰੀ-ਰੂਪ ਵਿਚ ਆਪਣੇ ਵਿਕਾਸ ਪੜਾਵਾਂ ਬਾਰੇ ਨਾਰਦ ਨੂੰ ਇਸ ਤਰ੍ਹਾਂ ਦੱਸਦੀ ਹੈ ਕਿ "ਮੈਂ ਦ੍ਰਾਵਿੜ ਦੇਸ਼ ਵਿਚ ਜਨਮ ਲਿਆ ਅਤੇ ਕਰਨਾਟ ਦੇਸ਼ ਵਿਚ ਸਿਆਣੀ ਹੋ ਕੇ ਥੋੜ੍ਹੇ ਦਿਨ ਦੱਖਣ ਵਿਚ ਰਹੀ ਅਤੇ ਗੁਜਰਾਤ ਜਾ ਕੇ ਬੁੱਢੀ ਹੋ ਗਈ, ਬਿੰਦ੍ਰਾਵਨ ਵਿਚ ਆ ਕੇ ਫਿਰ ਜਵਾਨ ਹੋ ਗਈ।"[18] ਪਰੰਤੂ ਭਗਤੀ ਦੇ ਉਦਭਵ ਨੂੰ ਕੁੱਝ ਕੁ ਹਿੱਸਿਆਂ ਨਾਲ ਜੋੜਕੇ ਨਹੀਂ ਵੇਖਿਆ ਜਾ ਸਕਦਾ ਕਿਉਂਕਿ ਭਗਤੀ ਦੇ ਬੀਜ-ਰੂਪ ਨੂੰ ਮੁਹਿੰਜੋਦੜੋ ਸਭਿਅਤਾ ਵਿਚ ਪ੍ਰਾਪਤ ਸ਼ਿਵ ਦੇਵਤਾ ਦੀ ਮੂਰਤੀ ਨਾਲ ਜੋੜਿਆ ਜਾਂਦਾ ਹੈ। "ਬੀਜ ਰੂਪ ਵਿਚ ਭਗਤੀ ਪੂਰਵ ਵੈਦਿਕ ਧਾਰਾ ਹੈ। ਅੰਦੋਲਨ ਦੇ ਰੂਪ ਵਿਚ ਵੀ ਉਹ ਘੱਟੋ-ਘੱਟ ਬੁੱਧ ਮਤ ਜਿੰਨੀ ਹੀ ਪ੍ਰਾਚੀਨ ਹੈ।"[19]

ਸੋ ਬੀਜ-ਰੂਪ ਵਿਚ ਭਗਤੀ ਨੂੰ ਨਾ ਹੀ ਕਿਸੇ ਨਿਸ਼ਚਿਤ ਕਾਲ, ਨਾਮ, ਵਿਸ਼ੇਸ਼ ਗ੍ਰੰਥ ਨਾਲ ਜੋੜਿਆ ਜਾ ਸਕਦਾ ਹੈ ਅਤੇ ਨਾ ਹੀ ਇਸ ਨਾਲ ਕਿ 'ਭਗਤੀ' ਸ਼ਬਦ ਸਭ ਤੋਂ ਪਹਿਲਾਂ ਕਦੋਂ ਤੇ ਕਿਸ ਗ੍ਰੰਥ ਵਿਚ ਵਰਤਿਆ ਗਿਆ। ਇਨ੍ਹਾਂ ਤੱਥਾਂ ਦਾ ਸਬੰਧ ਭਗਤੀ ਦੇ ਵਿਕਾਸ ਨਾਲ ਤਾਂ ਹੈ ਪਰ ਬੀਜ-ਰੂਪ ਨਾਲ ਨਹੀਂ ਕਿਉਂਕਿ ਭਗਤੀ ਦਾ ਆਧਾਰ ਨਿਰਧਾਰਿਤ ਕਰਨ ਲਈ ਅਹਿਮੀਅਤ ਤਾਂ ਇਸ ਗੱਲ ਦੀ ਹੈ ਕਿ ਇਹ ਭਾਵਨਾ ਦੇ ਰੂਪ ਵਿਚ ਆਦਿਮ ਮਨੁੱਖ ਦੀ ਮੁੱਢਲੀ ਚੇਤਨਾ ਨਾਲ ਸਬੰਧ ਰੱਖਦੀ ਹੈ। ਹਾਂ ਇਹਿਤਾਸਕ ਪੱਖ ਤੋਂ ਇਸ ਦਾ ਕੋਈ ਮੁੱਢ ਜਾਂ ਆਧਾਰ ਬਿੰਦੂ ਨਿਰਧਾਰਿਤ ਕਰਨਾ ਅਤਿ ਲਾਜ਼ਮੀ ਹੈ। ਇਸ ਲਈ ਮੱਧਕਾਲ ਵਿਚ ਆਪਣੀ ਸਿਖਰ 'ਤੇ ਪੁੱਜੀ ਭਗਤੀ ਲਹਿਰ ਦਾ ਆਧਾਰ-ਬਿੰਦੂ ਵੈਦਿਕ ਯੁੱਗ ਨੂੰ ਮੰਨਿਆ ਜਾਂਦਾ ਹੈ।

ਭਾਰਤ ਵਿਚ ਆਰੀਆ ਲੋਕ ਆਪਣੀ ਪ੍ਰਭੂਸੱਤਾ ਲਈ ਦ੍ਰਾਵਿੜ ਜਾਤੀ ਦੇ ਲੋਕਾਂ ਨਾਲ ਯੁੱਧ ਕਰਿਆ ਕਰਦੇ ਸਨ। ਜਿੱਥੇ ਆਰੀਆ ਨੇ ਆਪਣੀ ਸੰਸਕ੍ਰਿਤੀ ਦਾ ਦ੍ਰਾਵਿੜਾਂ ਉੱਪਰ ਪ੍ਰਭਾਵ ਪਾਇਆ ਉਥੇ ਦ੍ਰਾਵਿੜ ਸੰਸਕ੍ਰਿਤੀ ਦਾ ਆਰੀਆ ਉਪਰ ਵੀ ਗਹਿਰਾ ਪ੍ਰਭਾਵ ਪਿਆ ਅਤੇ ਹੌਲੀ-ਹੌਲੀ ਇਹ ਜਾਤੀਆਂ ਇਕ ਹੋ ਗਈਆਂ। ਆਪੋ ਆਪਣੇ ਕਬੀਲਿਆਂ ਦੀ ਸ੍ਰੇਸ਼ਠਤਾ ਲਈ ਆਰੀਆ ਲੋਕ ਆਪਸ ਵਿਚ ਯੁੱਧ ਕਰਿਆ ਕਰਦੇ ਸਨ। ਯੁੱਧ ਕਰਨਾ ਤਾਂ ਜਿਵੇਂ ਆਰੀਆ ਦਾ ਪ੍ਰਮੁੱਖ ਉਦੇਸ਼ ਸੀ। ਉਨ੍ਹਾਂ ਦੀ ਧਾਰਮਿਕ ਆਸਥਾ ਕੁਦਰਤੀ ਸ਼ਕਤੀਆਂ ਪ੍ਰਤੀ ਸੀ। ਜਿੱਥੇ ਉਹ ਕੁਦਰਤੀ ਆਫ਼ਤਾਂ ਦੇ ਡਰ ਅਤੇ ਉਨ੍ਹਾਂ ਦੇ ਲਾਭਕਾਰੀ ਗੁਣਾਂ ਕਾਰਨ ਸ਼ਰਧਾ ਸਹਿਤ ਪ੍ਰਕ੍ਰਿਤਕ ਸ਼ਕਤੀਆਂ ਨੂੰ ਦੇਵੀ ਦੇਵਤਿਆਂ ਦੇ ਰੂਪ ਵਿਚ ਯੱਗ-ਹੋਮ, ਬਲੀ ਆਦਿ ਨਾਲ ਖੁਸ਼ ਕਰਿਆ ਕਰਦੇ ਸਨ ਉੱਥੇ ਯੁੱਧਾਂ ਵਿਚ ਆਪਣੀ ਜਿੱਤ ਲਈ ਵੀ ਪ੍ਰਾਰਥਨਾਵਾਂ ਤੇ ਯੱਗ ਆਦਿ ਕਰਿਆ ਕਰਦੇ ਸਨ। "ਪ੍ਰਕ੍ਰਿਤੀ ਦੇ ਹਰੇਕ ਰੂਪ ਵਿਚ ਇਕ ਦੇਵਤਾ ਦੀ ਕਲਪਨਾ ਕਰਨ ਕਰਕੇ ਵੈਦਿਕ ਆਰੀਆ ਬਹੁਦੇਵਵਾਦੀ ਹੋ ਗਏ ਸਨ। ਇਹ ਗੱਲ ਵੈਦਿਕ ਸਾਹਿਤ ਤੋਂ ਪ੍ਰਮਾਣਿਤ ਹੁੰਦੀ ਹੈ। ਰਿਗਵੇਦ ਤੇਤੀ ਦੇਵਤਿਆਂ ਦੀ ਹੋਂਦ ਮੰਨਦਾ ਹੈ।"[20]

ਵੈਦਿਕ ਯੁੱਗ ਵਿਚ ਪ੍ਰਾਕ੍ਰਿਰਤਕ ਸ਼ਕਤੀਆਂ ਦਾ ਦੈਵੀਕਰਨ ਹੋਇਆ। ਇਨ੍ਹਾਂ ਸ਼ਕਤੀਆਂ ਵਿਚ ਅਲੌਕਿਕ ਗੁਣਾਂ ਦੇ ਅਨੁਭਵ ਨਾਲ ਲੌਕਿਕ ਜੀਵਨ ਦੀ ਖੁਸ਼ਹਾਲੀ ਲਈ ਯੱਗ ਦੀ ਇਕ ਸਾਦੀ ਜਿਹੀ ਪ੍ਰਥਾ ਪ੍ਰਚਲਿਤ ਸੀ ਜਿਸ ਵਿਚ ਹਰ ਜਾਤ, ਵਰਗ ਅਤੇ ਔਰਤਾਂ ਸਭ ਮਿਲਕੇ ਖੁਲ੍ਹੇ ਮੈਦਾਨ ਵਿਚ ਆਪਣੇ ਪ੍ਰਾਕਿਰਤਕ ਦੇਵਤੇ ਦੇ ਗੁਣਗਾਣ ਕਰਿਆ ਕਰਦੇ ਸਨ ਪਰੰਤੂ ਬ੍ਰਹਮਣ ਗ੍ਰੰਥਾਂ ਵਿਚ ਪ੍ਰੋਹਿਤ ਵਰਗ ਦੁਆਰਾ ਰਚਿਤ ਔਖੇ ਮੰਤਰਾਂ ਤੇ ਯੱਗਾਂ ਦੇ ਮਹਿੰਗੇ ਵਿਧੀ-ਵਿਧਾਨ ਦੁਆਰਾ ਇਸ ਪ੍ਰਥਾ ਨੂੰ ਬੜਾ ਸੀਮਿਤ ਜਿਹਾ ਕਰ ਦਿੱਤਾ ਅਤੇ ਨਾਲ ਹੀ ਧਾਰਮਿਕ, ਸਮਾਜਕ ਅਤੇ ਸਭਿਆਚਾਰਕ ਪੱਖੋਂ ਵੀ ਕਈ ਬਦਲਾਵ ਆਉਣੇ ਸ਼ੁਰੂ ਹੋ ਗਏ। ਸਮਾਜ ਵਿਚ ਬ੍ਰਹਮਣ, ਖੱਤ੍ਰੀ, ਵੈਸ਼, ਸ਼ੂਦਰ ਆਦਿ ਲੋਕਾਂ ਨੂੰ ਹੁਣ ਜਨਮ ਆਧਾਰਿਤ ਜਾਤਾਂ ਵਿਚ ਨਿਸ਼ਚਿਤ ਕਰ ਦਿੱਤਾ ਗਿਆ। ਪ੍ਰੋਹਿਤਾਂ ਵੱਲੋਂ ਆਪਣੇ ਧਨ ਲਾਭ ਲਈ ਯੱਗਾਂ ਲਈ ਮਹਿੰਗੇ ਤੋਂ ਮਹਿੰਗੇ ਵਿਧੀ-ਵਿਧਾਨ ਨਾਲ ਭਰੇ ਮੰਤਰਾਂ ਦੀ ਰਚਨਾ ਹੋਣ ਲੱਗੀ ਜੋ ਕਿ ਉਸ ਸਮੇਂ ਦੀ ਰਾਜਾ ਸ਼੍ਰੇਣੀ ਨਾਲ ਹੀ ਸਬੰਧਿਤ ਸੀ। ਬ੍ਰਹਮਣ ਗ੍ਰੰਥਾਂ ਵਿਚ ਯੱਗ ਦੀ ਤੁਲਨਾ ਪੁਰਸ਼ ਨਾਲ ਕੀਤੀ ਗਈ ਹੈ। "ਸ਼ਤਪਥ ਬ੍ਰਾਹਮਣ ਵਿਚ ਸਪਸ਼ਟ ਕਿਹਾ ਗਿਆ ਹੈ ਕਿ ਯੱਗ ਦੁਆਰਾ ਹੀ ਦੇਵਤਾ ਦੇਵਤਿਆਂ ਦੀ ਸਥਿਤੀ ਵਿਚ ਪਹੁੰਚੇ। ਇਸ ਪ੍ਰਕਾਰ ਯੱਗ, ਯਜਮਾਨ, ਯੱਗ-ਪ੍ਰੋਹਿਤ, ਦੇਵਤਾ ਅਤੇ ਸਵਰਗ ਨੂੰ ਪਰਸਪਰ ਜੋੜਨ ਦਾ ਮਾਧਿਅਮ ਵੀ ਸਨ।"[21] "ਵੇਦਾਂ ਵਿਚ ਗਿਆਨ ਮਾਰਗ ਦੀਆਂ ਜਿਹੜੀਆਂ ਥੋੜੀਆਂ ਬਹੁਤ ਗੱਲਾਂ ਇਧਰ-ਉਧਰ ਖਿੰਡਰੀਆਂ ਹੋਈਆਂ ਸਨ,

ਉਨ੍ਹਾਂ ਨੂੰ ਲੈ ਕੇ ਹੀ ਉਪਨਿਸ਼ਦਾਂ ਦਾ ਵਿਕਾਸ ਹੋਇਆ।"[22] ਉਪਨਿਸ਼ਦਾਂ ਦੀ ਗਿਣਤੀ ਭਾਵੇ 108 ਮੰਨੀ ਜਾਂਦੀ ਹੈ ਪਰੰਤੂ ਸ਼ੰਕਰਚਾਰੀਆ ਦੁਆਰਾ ਲਿਖੇ ਟੀਕੇ ਅਨੁਸਾਰ 11 ਉਪਨਿਸ਼ਦਾਂ ਨੂੰ ਵਧੇਰੇ ਪ੍ਰਮੁੱਖ ਮੰਨਿਆ ਜਾਂਦਾ ਹੈ ਜਿਨ੍ਹਾਂ ਵਿਚ "ਈਸ਼, ਕੇਨ, ਕਠ, ਪ੍ਰਸ਼ਨ, ਮੁੰਡਕ, ਮਾਂਡੂਕਯ, ਤੈਤਰੀਯ, ਐਤਰੀਯ, ਛਾਂਦੋਗਯ, ਬ੍ਰਿਹਦਾਰਣਯਕ, ਨਰਸਿੰਹਪੂਰਵਤਾਪਨੀ ਆਦਿ ਹਨ।"[23]

ਉਪਨਿਸ਼ਦਾਂ ਵਿਚ ਬੌਧਿਕ ਗਿਆਨ ਅਤੇ ਮਾਨਸਿਕ ਉਪਾਸਨਾ ਭਗਤੀ ਨੂੰ ਵਧੇਰੇ ਮਹੱਤਵ ਦਿੱਤਾ ਗਿਆ ਹੈ। ਉਪਨਿਸ਼ਦਾਂ ਵਿਚ ਲੌਕਿਕ ਜੀਵਨ ਦੇ ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਮੋਕਸ਼ ਦੀ ਪ੍ਰਾਪਤੀ 'ਤੇ ਬਲ ਦਿੱਤਾ ਗਿਆ ਅਤੇ ਮੋਕਸ਼ ਪ੍ਰਾਪਤੀ ਲਈ ਦੁਨਿਆਵੀ ਕਾਰਜਾਂ ਤੋਂ ਸੰਨਿਆਸ ਲੈਣ ਅਤੇ ਵੈਰਾਗਮਈ ਭਾਵਨਾ 'ਤੇ ਬਲ ਦਿੱਤਾ ਜਾਣ ਲੱਗਿਆ। ਬਾਹਰੀ ਯੱਗ, ਬਲੀ ਆਦਿ ਕਰਮਕਾਂਡਾਂ ਨੂੰ ਨਕਾਰ ਕੇ ਬ੍ਰਹਮ ਗਿਆਨ ਨੂੰ ਮਨੁੱਖੀ ਮਨ ਨਾਲ ਜੋੜ ਦਿੱਤਾ ਗਿਆ। ਇਸਦੇ ਨਤੀਜੇ ਵਜੋਂ ਇਕ ਪਾਸੇ ਬ੍ਰਹਮਣਾਂ ਦੇ ਰੂੜ੍ਹਵਾਦੀ ਯੱਗ-ਕਰਮ ਦੇ ਭੰਬਲਭੂਸੇ ਤੇ ਦੂਜੇ ਪਾਸੇ ਉਪਨਿਸ਼ਦਾਂ ਦਾ ਬੌਧਿਕ ਗਿਆਨ, ਦੋਵੇਂ ਹੀ ਸਮਾਜ ਦੇ ਆਮ ਲੋਕਾਂ ਦੇ ਵਿਹਾਰਕ ਜੀਵਨ-ਮਸਲਿਆਂ ਤੋਂ ਦੂਰ ਜਾਂਦੇ ਰਹੇ। ਇਕ ਪਾਸੇ ਯੱਗ-ਕਰਮ ਮਹਿੰਗੇ ਤੇ ਜਨਮਜਾਤ-ਪ੍ਰਣਾਲੀ ਕਾਰਨ ਲੋਕਾਂ ਤੋਂ ਦੂਰ ਹੁੰਦੇ ਗਏ। ਬਹੁਦੇਵਵਾਦੀ ਪੂਜਾ ਵਿਚ ਦੇਵ-ਸ੍ਰੇਸ਼ਠਤਾ ਦੀ ਸਮੱਸਿਆ ਤੇ ਦੂਸਰਾ ਉਪਨਿਸ਼ਦਾਂ ਦਾ ਬ੍ਰਹਮ-ਗਿਆਨ ਸਮਾਜ ਦੇ ਬੁੱਧੀਮਾਨ ਵਰਗ ਤੱਕ ਹੀ ਸੀਮਤ ਰਿਹਾ ਅਤੇ ਸਮਾਜ ਦੇ ਬਹੁਗਿਣਤੀ ਸਾਧਾਰਨ ਲੋਕਾਂ ਦੀ ਬੌਧਿਕ ਚੇਤਨਾ ਤੋਂ ਕੋਹਾਂ ਦੂਰ। ਉਪਨਿਸ਼ਦ ਯੁੱਗ ਵਿਚ "ਰਾਜ ਪ੍ਰਣਾਲੀ ਦੇ ਸਥਾਪਿਤ ਹੋ ਜਾਣ ਕਾਰਨ ਖੱਤਰੀਆਂ ਨੇ ਰਾਜ-ਅਧਿਕਾਰ ਸਾਂਭ ਲਿਆ ਤੇ ਇਸ ਤਰ੍ਹਾਂ ਉਹ ਸਮੁੱਚੇ ਸਮਾਜ ਦੀ ਉਤਪਾਦਨ-ਸਮਰੱਥਾ ਦੇ ਸੁਆਮੀ ਬਣ ਬੈਠੇ। ਨਿੱਤ ਪ੍ਰਤਿ ਦੇ ਯੁੱਧਾਂ ਕਾਰਨ ਉਨ੍ਹਾਂ ਨੂੰ ਯੱਗ ਕਰਨ ਦਾ ਪੂਰਾ ਸਮਾਂ ਨਹੀਂ ਮਿਲਦਾ ਸੀ। ਯੱਗ ਦਾ ਕੰਮ ਬ੍ਰਹਮਣਾਂ ਨੇ ਆਪਣੇ ਜ਼ਿਮੇ ਲੈ ਲਿਆ। ਹੁਣ ਖੱਤਰੀ ਰਾਜਾ ਯੱਗ ਕਰਵਾਉਂਦੇ ਤੇ ਬ੍ਰਹਮਣ ਯੱਗ ਕਰਦੇ। ਯੱਗ ਵਿਚ ਰਾਜਾ ਬ੍ਰਹਮਣਾਂ ਨੂੰ ਬੜਾ ਦਾਨ ਦਿੰਦੇ ਤੇ ਬਦਲੇ ਵਿਚ ਬ੍ਰਹਮਣ ਉਨ੍ਹਾਂ ਦੀ ਅਤਿਕਥਨੀ ਭਰਪੂਰ ਪ੍ਰਸੰਸ਼ਾ ਕਰਦੇ।"[24] ਏਥੋਂ ਤੱਕ ਕਿ ਬ੍ਰਹਮਣ "ਉੱਚੇ ਅਹੁਦੇ ਦੇ ਵਿਅਕਤੀ, ਖ਼ਾਸਕਰ ਰਾਜਿਆਂ ਦੇ ਆਪਣੇ ਦੈਵਿਕ (Spiritual) ਅਧਿਆਤਮਕ ਸਲਾਹਕਾਰ ਹੁੰਦੇ ਹਨ ਜਿਨ੍ਹਾਂ ਨੂੰ ਪ੍ਰੋਹਿਤ ਕਿਹਾ ਜਾਂਦਾ ਸੀ। ਇਹ ਕਿਹਾ ਜਾਂਦਾ ਹੈ ਜਿਸ ਰਾਜੇ ਦਾ ਕੋਈ ਪ੍ਰੋਹਿਤ ਨਹੀਂ, ਉਸ ਰਾਜੇ ਦਾ ਭੋਜਨ ਨਾ ਗ੍ਰਹਿਣ ਕੀਤੇ ਜਾਵੇ।"[25]

ਇਸ ਤਰ੍ਹਾਂ ਧਾਰਮਿਕ ਖੇਤਰ ਵਿਚ ਬ੍ਰਹਮਣ ਅਤੇ ਰਾਜਸੀ ਖੇਤਰ ਵਿਚ ਖੱਤਰੀ ਆਪਣੇ ਆਪ ਨੂੰ ਨਿਪੁੰਨ ਸਮਝਣ ਲੱਗੇ ਅਤੇ ਸਮਾਜ ਦੀਆਂ ਬਾਕੀ ਸ਼੍ਰੇਣੀਆਂ ਵੈਸ਼ ਅਤੇ ਸ਼ੂਦਰਾਂ ਨੂੰ ਉਨ੍ਹਾਂ ਦੇ ਆਪਣੇ ਕੰਮਾਂ ਤੱਕ ਸੀਮਤ ਕਰਕੇ ਹੋਰ ਕਾਰਜਾਂ ਵਿਚ ਉਨ੍ਹਾਂ ਦੀ ਨਿਪੁੰਨਤਾ ਅਤੇ ਕੁੱਝ ਨਵੀਨ ਕਰ

ਸਕਣ ਦੀ ਇੱਛਾ ਲਈ ਸਭ ਦਰਵਾਜ਼ੇ ਬੰਦ ਕਰ ਦਿੱਤੇ ਗਏ। ਇਵੇਂ ਹੀ ਵਰਣ-ਆਸ਼ਰਮ ਦੀ ਵਿਵਸਥਾ ਵਿਚ ਹੋਇਆ। ਪਹਿਲੋਂ ਪਹਿਲ ਸਮਾਜ ਦੇ ਵਿਕਾਸ ਲਈ ਸਥਾਪਿਤ ਕੀਤੀ ਵਰਣ-ਆਸ਼ਰਮ ਵਿਵਸਥਾ (1. ਬ੍ਰਹਮਚਾਰਿਆ 2. ਗ੍ਰਹਿਸਥ ਆਸ਼ਰਮ 3. ਵਾਨਪ੍ਰਸਥ ਆਸ਼ਰਮ 4. ਸੰਨਿਆਸ ਆਸ਼ਰਮ) ਲਈ ਮਨੁੱਖੀ-ਉਮਰ ਸੌ ਸਾਲ ਮਿਥਕੇ ਚਾਰੇ ਆਸ਼ਰਮਾਂ ਨੂੰ 25-25 ਸਾਲਾਂ ਵਿਚ ਵੰਡਿਆ ਹੋਇਆ ਸੀ ਪਰ "ਉਪਨਿਸ਼ਦ-ਯੁੱਗ ਦੇ ਅੰਤਿਮ ਦੌਰ ਵਿਚ ਇਹ ਪ੍ਰਥਾ ਇਕ ਰੂੜ੍ਹੀ ਦਾ ਰੂਪ ਧਾਰਨ ਕਰ ਗਈ ਅਤੇ ਇਸ ਦਾ ਬੜੀ ਕਠੋਰਤਾ ਨਾਲ ਪਾਲਨ ਕੀਤਾ ਜਾਣ ਲੱਗਾ। ਵਾਨਪ੍ਰਸਥੀ ਅਤੇ ਸੰਨਿਆਸੀਆਂ ਦੇ ਤਿਆਗ ਪੂਰਨ ਜੀਵਨ ਨੇ ਸਾਧਨਾ ਦੇ ਖੇਤਰ ਵਿਚ ਵੈਰਾਗੀਆਂ ਦਾ ਇਕ ਵਿਸ਼ੇਸ਼ ਵਰਗ ਤਿਆਰ ਕਰ ਦਿੱਤਾ। ਕੁਝ ਲੋਕ ਤਾਂ ਭਰਪੂਰ ਜਵਾਨੀ ਵਿਚ ਹੀ ਤਿਆਗੀ ਹੋਣ ਲੱਗ ਪਏ। ਤਿਆਗ ਅਤੇ ਵੈਰਾਗ ਦੀ ਇਸ ਪ੍ਰਵਿਰਤੀ ਨੇ ਇਕ ਪਾਸੇ ਸਮਾਜ ਦੇ ਵਿਕਾਸ ਵਿਚ ਠੱਲ੍ਹ ਪਾ ਦਿੱਤੀ ਅਤੇ ਦੂਜੇ ਪਾਸੇ ਗ੍ਰਿਹਸਥੀਆਂ ਅਤੇ ਵੈਰਾਗੀਆਂ ਵਿਚਕਾਰ ਵਿਰੋਧ ਦੀ ਦੀਵਾਰ ਵੀ ਖੜੀ ਕਰ ਦਿੱਤੀ।"[26]

ਸਮਾਜ ਵਿਚ ਉਪਰੋਕਤ ਕੁੱਝ ਬਦਲਾਵਾਂ ਤੋਂ ਇਲਾਵਾ ਉਪਨਿਸ਼ਦਾਂ ਸਮੇਂ ਦੇ ਭਗਤੀ-ਸਰੂਪ ਵਿਚ ਗਿਆਨ ਦੀ ਪ੍ਰਧਾਨਤਾ ਰਹੀ ਹੈ। ਉਪਨਿਸ਼ਦਾਂ ਦਾ ਬ੍ਰਹਮ ਸਰਬ-ਵਿਆਪਕ, ਅਸੀਮ, ਅਨੰਤ, ਸਿਰਜਨਹਾਰ, ਪਾਲਨਹਾਰ, ਸੰਘਾਰ ਕਰਤਾ ਅਤੇ ਨਿਰਾਕਾਰ ਬ੍ਰਹਮ ਹੈ ਜਿਸ ਬ੍ਰਹਮ ਨਾਲ ਅਧਿਆਤਮ ਮੇਲ ਲੌਕਿਕ ਸੁੱਖਾਂ ਦਾ ਤਿਆਗ ਅਤੇ ਬੌਧਿਕ ਚੇਤਨਾ ਤੇ ਅੰਤਰ-ਮਨਨ ਪ੍ਰਕ੍ਰਿਆ ਰਾਹੀਂ ਹੀ ਸੰਭਵ ਹੈ। ਉਦੋਂ ਵੀ ਆਮ ਲੋਕਾਈ ਵੇਦਾਂ, ਬ੍ਰਹਮਣਾਂ ਦੇ ਬਹੁਦੇਵਵਾਦ, ਯੱਗ ਕਰਮਕਾਂਡਾਂ ਆਦਿ ਵਿਚ ਉਲਝੀ ਹੋਈ ਸੀ ਜਦੋਂ ਕਿ ਉਪਨਿਸ਼ਦਾਂ ਦੀ ਬੌਧਿਕ ਤੇ ਮਾਨਸਿਕ ਚਿੰਤਨ-ਭਗਤੀ ਨੇ ਸਧਾਰਨ ਜਨਤਾ ਦੀਆਂ ਉਪਰੋਕਤ ਸਮੱਸਿਆਵਾਂ ਨੂੰ ਨਕਾਰਿਆ ਤਾਂ ਜ਼ਰੂਰ ਪਰ ਇਸਦੇ ਨਾਲ ਹੀ ਪਰਮਾਤਮਾ ਦੇ ਅੰਤ੍ਰੀਵੀ ਚਿੰਤਨ-ਮਨਨ ਤੇ ਪ੍ਰਭੂ-ਪ੍ਰਾਪਤੀ ਲਈ ਦੁਨਿਆਵੀ ਜੀਵਨ ਦਾ ਤਿਆਗ ਤੇ ਮੋਕਸ਼ ਪ੍ਰਾਪਤੀ ਦਾ ਔਖਾ ਪੈਂਡਾ ਆਦਿ ਹੋਰ ਬੌਧਿਕ ਮਸਲੇ ਖੜੇ ਕਰ ਦਿੱਤੇ ਜੋ ਆਮ ਲੋਕ-ਬੁੱਧੀ ਤੋਂ ਕੋਹਾਂ ਦੂਰ ਸਨ। ਇਸ ਤਰ੍ਹਾਂ ਉਪਨਿਸ਼ਦਾਂ ਦੀ ਚਿੰਤਨ ਅਤੇ ਮਾਨਸਿਕ ਭਗਤੀ ਨੇ ਸਮਾਜ ਵਿਚ ਆਮ ਬੁੱਧੀ ਵਾਲੇ ਲੋਕਾਂ ਵਿਚ ਸਾਕਾਰ ਬ੍ਰਹਮ ਦੀ ਭਗਤੀ ਭਾਵਨਾ ਨੂੰ ਹੋਰ ਬਿਹਬਲ ਕਰ ਦਿੱਤਾ ਜਿਸ ਦੇ ਨਤੀਜੇ ਵਜੋਂ ਪੁਰਾਣਾਂ ਦੀ ਰਚਨਾ ਹੋਈ। ਭਾਰਤ ਦੀ ਸਾਧਾਰਨ ਜਨਤਾ ਵਿਚ ਪੁਰਾਣਿਕ ਕਥਾਵਾਂ ਬਹੁਤ ਪ੍ਰਸਿੱਧ ਹਨ। ਪੁਰਾਣਿਕ ਗ੍ਰੰਥਾਂ ਨੂੰ ਵਿਦਵਾਨਾਂ ਵੱਲੋਂ ਵਰਤਮਾਨ ਹਿੰਦੂ ਧਰਮ, ਦਰਸ਼ਨ ਤੇ ਜੀਵਨ ਦੀ ਰੀੜ੍ਹ ਦੀ ਹੱਡੀ ਅਤੇ 'ਪੰਜਵਾ ਵੇਦ' (ਲੋਕ-ਵੇਦ) ਮੰਨਿਆ ਗਿਆ ਹੈ। "ਪੁਰਾਣਿਕ ਪਰੰਪਰਾ ਅਨੁਸਾਰ ਅਠਾਰਾਂ ਮਹਾਂਪੁਰਾਣ ਅਤੇ ਅਠਾਰਾਂ ਉਪਪੁਰਾਣ ਮੰਨੇ ਜਾਂਦੇ ਹਨ, ਜਿਨ੍ਹਾਂ ਵਿਚ

ਕਈ ਲੱਖ ਸ਼ਲੋਕ ਹਨ। ਸਾਰੇ ਪੁਰਾਣਾਂ ਦਾ ਮੂਲ ਉਪਦੇਸ਼ਕ ਮਹਾਰਿਸ਼ੀ ਵਿਆਸ ਨੂੰ ਹੀ ਮੰਨਿਆ ਜਾਂਦਾ ਹੈ ਅਤੇ ਉਨ੍ਹਾਂ ਦੇ ਸ਼ਿੱਸ਼ ਸੂਤ ਜੀ ਹੀ ਰਿਸ਼ੀਆਂ ਨੂੰ ਇਨ੍ਹਾਂ ਪੁਰਾਣਾਂ ਦੀਆਂ ਕਥਾਵਾਂ ਸੁਣਾਉਂਦੇ ਹਨ; ਇਸ ਕਰਕੇ ਸਾਰੇ ਪੁਰਾਣਾਂ ਵਿਚ ਸੰਵਾਦਾਂ ਦੀ ਪਰੰਪਰਾ ਦਾ ਵਿਧਾਨ ਪ੍ਰਤੀਤ ਹੁੰਦਾ ਹੈ।"[27]

ਭਗਤੀ-ਮਤ ਦੇ ਵਿਕਾਸ ਲਈ ਠੋਸ ਆਧਾਰ ਬਣੇ ਇਸ ਪੁਰਾਣਿਕ ਯੁੱਗ ਵਿਚ ਪੁਰਾਣਿਕ ਗ੍ਰੰਥਾਂ ਤੋਂ ਇਲਾਵਾ ਬੁੱਧ ਮਤ, ਜੈਨ-ਮਤ, ਮਹਾਭਾਰਤ, ਗੀਤਾ, ਆਦਿ ਦੇ ਮਤ ਵੀ ਹੋਂਦ ਵਿਚ ਆਏ, ਇਨ੍ਹਾਂ ਨੇ ਆਪਣੇ ਆਪਣੇ ਵਿਚਾਰਾਂ ਅਨੁਸਾਰ ਵੈਦਿਕ, ਉਪਨਿਸ਼ਦ ਭਗਤੀ ਵਿਚ ਪੈਦਾ ਹੋਏ ਕਰਮਕਾਂਡਾਂ ਤੇ ਪ੍ਰਥਾਵਾਂ ਦੀ ਰੂੜ੍ਹਤਾ ਨੂੰ ਨਕਾਰਨ ਦੇ ਯਤਨ ਕੀਤੇ। ਭਗਤੀ ਮਤ ਦੇ ਵਿਕਾਸ ਲਈ ਮਹਾਂਭਾਰਤ, ਗੀਤਾ, ਭਗਵਤ-ਪੁਰਾਣ ਆਦਿ ਗ੍ਰੰਥ ਇਕ ਠੋਸ ਆਧਾਰ ਬਣਕੇ ਉੱਭਰੇ। ਇਨ੍ਹਾਂ ਗ੍ਰੰਥਾਂ ਵਿਚ ਸਾਧਾਰਨ ਲੋਕਾਂ ਲਈ ਰਾਗਾਤਮਕਤਾ, ਭਾਵਨਾਤਮਕਤਾ, ਸ਼ਰਧਾ, ਪ੍ਰੇਮ ਅਤੇ ਆਤਮ ਸਮਰਪਣ ਆਦਿ ਤੱਤਾਂ ਨਾਲ ਓਤਪੋਤ ਭਗਤੀ ਦਾ ਪ੍ਰਚਾਰ ਕੀਤਾ ਗਿਆ।

ਜੈਨ-ਮਤ ਅਤੇ ਬੁੱਧ ਮਤ ਨੇ ਵੇਦਾਂ ਦੇ ਮਹਿੰਗੇ ਯੱਗ ਅਤੇ ਹੋਰ ਵਾਧੂ ਕਰਮਕਾਂਡਾਂ ਦਾ ਵਿਰੋਧ ਕੀਤਾ ਅਤੇ ਆਪਣੇ ਪ੍ਰਮੁੱਖ ਮਤ : ਮੱਧ ਮਾਰਗ, ਅਹਿੰਸਾ, ਸਦਾਚਾਰਕ ਜੀਵਨ ਆਦਿ ਦਾ ਪ੍ਰਚਾਰ ਕੀਤਾ। ਬੁੱਧ-ਮਤ ਅਤੇ ਜੈਨ-ਮਤ ਨੇ ਬ੍ਰਹਮਣਾਂ ਦੀ ਸ੍ਰੇਸ਼ਠਤਾ ਮੰਨਣ ਤੋਂ ਇਨਕਾਰ ਹੀ ਨਹੀਂ ਕੀਤਾ, ਸਗੋਂ ਸਮਾਜ ਦੇ ਵਿਕਾਸ ਵਿਚ ਰੋੜਾ ਬਣੀਆਂ ਜਾਤ-ਪਾਤ ਆਦਿ ਵਿਵਸਥਾਵਾਂ ਦਾ ਵੀ ਡੱਟਕੇ ਵਿਰੋਧ ਕੀਤਾ। ਪੁਰਾਣਿਕ ਯੁੱਗ ਵਿਚ ਬ੍ਰਹਮ ਦੀ ਅਵਤਾਰ ਪੂਜਾ ਦਾ ਵੀ ਆਰੰਭ ਹੋਇਆ ਅਤੇ ਸ੍ਰੀ ਕ੍ਰਿਸ਼ਨ ਨੂੰ ਵਿਸ਼ਨੂੰ ਦਾ ਅਵਤਾਰ ਮੰਨਿਆ ਜਾਣ ਲੱਗਾ ਜਿਸ ਦੀ ਜਾਣਕਾਰੀ ਗੀਤਾ ਦੇ ਚੌਥੇ ਅਧਿਆਇ ਤੋਂ ਇਸ ਤਰ੍ਹਾਂ ਮਿਲਦੀ ਹੈ। ਜਦੋਂ ਸ੍ਰੀ ਕ੍ਰਿਸ਼ਣ, ਅਰਜੁਨ ਨੂੰ ਆਖਦੇ ਹਨ ਕਿ "ਹੇ ਭਗਤ! ਜਦ ਧਰਮ ਦੀ ਹਾਨੀ ਅਤੇ ਅਧਰਮ ਦਾ ਵਾਧਾ ਹੁੰਦਾ ਹੈ ਉਦੋਂ ਮੈਂ ਆਪਣੇ ਰੂਪ ਨੂੰ ਪ੍ਰਗਟ ਕਰਦਾ ਹਾਂ। ਸਾਧ ਪੁਰਸ਼ਾਂ ਦਾ ਉਧਾਰ, ਪਾਪੀਆਂ ਦਾ ਵਿਨਾਸ਼ ਤਥਾ ਧਰਮ ਨੂੰ ਸਥਾਪਨ ਕਰਨ ਲਈ ਪ੍ਰਗਟ ਹੁੰਦਾ ਹਾਂ।"[28] ਇਸ ਤਰ੍ਹਾਂ ਵੇਦਾਂ, ਬ੍ਰਹਮਣਾਂ ਅਤੇ ਉਪਨਿਸ਼ਦਾਂ ਦੇ ਯੁੱਗ ਵਿਚ ਜਿਹੜੇ ਦੇਵੀ-ਦੇਵਤਿਆਂ ਨੂੰ ਰੱਬ ਦੇ ਪ੍ਰੋਖ ਜਾਂ ਅਪ੍ਰੋਖ ਰੂਪ ਵਿਚ ਪੂਜਿਆ ਜਾਂਦਾ ਸੀ। ਪੁਰਾਣਿਕ ਯੁੱਗ ਵਿਚ ਉਨ੍ਹਾ ਦੀ ਥਾਂ ਕ੍ਰਿਸ਼ਣ, ਰਾਮ ਆਦਿ ਦੀ ਮੂਰਤੀ-ਪੂਜਾ ਨੇ ਲੈ ਲਈ। ਭਾਵੇਂ ਕਿ ਕੁੱਝ ਵਿਦਵਾਨਾਂ ਦੇ ਪ੍ਰਮਾਣਿਤ ਵਿਚਾਰਾਂ ਅਨੁਸਾਰ ਮੂਰਤੀ-ਪੂਜਾ ਨੂੰ ਮੁਹਿੰਜੋਦੜੋ ਦੀ ਸਭਿਅਤਾ ਵਿਚ ਮਿਲੀ 'ਸ਼ਿਵ' ਦੇਵਤਾ ਦੀ ਮੂਰਤੀ ਨਾਲ ਜੋੜਿਆ ਜਾਂਦਾ ਹੈ ਪਰ ਪੁਰਾਣਿਕ ਯੁੱਗ ਵਿਚ ਸਾਕਾਰ-ਬ੍ਰਹਮ ਦੀ ਪੂਜਾ ਭਾਵਨਾ ਏਨੀ ਤੀਬਰ ਹੋ ਗਈ ਜਿਸ ਵਿਚ ਸਮਾਜ ਦੇ ਸਾਰੇ ਵਰਣਾਂ ਨੂੰ ਆਪੋ-ਆਪਣੇ ਦੇਵੀ-ਦੇਵਤਾ ਦੀ ਮੂਰਤੀ ਪੂਜਾ ਦਾ ਅਧਿਕਾਰ ਪ੍ਰਾਪਤ ਹੋਇਆ।

ਇਸ ਤਰ੍ਹਾਂ ਪੁਰਾਣਿਕ ਯੁੱਗ ਵਿਚ ਭਗਤੀ ਦਾ ਸਬੰਧ ਮਨੁੱਖ ਦੀ ਰਾਗਾਤਮਕ ਬਿਰਤੀ ਨਾਲ ਸੀ ਜਿਸ ਰਾਗਾਤਮਕ ਭਗਤੀ-ਭਾਵਨਾ ਦੇ ਪ੍ਰਗਟਾਵੇ ਦਾ ਅਧਿਕਾਰ ਸਭ ਲਈ ਬਰਾਬਰ ਰੱਖਿਆ ਗਿਆ ਸੀ। ਭਾਵੇਂ ਕਿ ਭਾਰਤੀ ਸਮਾਜ ਵਿਚ ਮਨੁੱਖੀ ਬਰਾਬਰੀ ਦੀ ਪੈਰਵੀ ਕਰਨ ਵਾਲੀਆਂ ਕਈ ਧਾਰਮਿਕ ਵਿਚਾਰਧਾਰਾਵਾਂ, ਮਤ, ਸੰਪ੍ਰਦਾਇ ਆਦਿ ਪ੍ਰਚਲਿਤ ਰਹੇ ਪਰੰਤੂ ਭਾਰਤੀ ਸਮਾਜ ਵਿਚ ਜਾਤ-ਪਾਤ ਦੇ ਭੇਦ-ਭਾਵ ਪੂਰੀ ਤਰ੍ਹਾਂ ਕਿਸੇ ਸਮੇਂ ਵੀ ਖ਼ਤਮ ਨਹੀਂ ਹੋਏ। ਹਾਂ ਕਿਸੇ ਕਾਲ ਵਿਚ ਇਨ੍ਹਾਂ ਦਾ ਬਲ ਵੱਧਦਾ ਜਾਂ ਘੱਟਦਾ ਜ਼ਰੂਰ ਰਿਹਾ ਹੈ।ਭਗਤੀ ਦੇ ਵਿਕਾਸ ਵਿਚ ਭਾਰਤ ਦੇ ਦੱਖਣੀ ਖੇਤਰ, ਵਿਸ਼ੇਸ਼ ਕਰਕੇ ਤਾਮਿਲ ਪ੍ਰਦੇਸ਼ ਵਿਚ ਵੈਸ਼ਨਵ ਆਲਵਾਰ ਅਤੇ ਸ਼ੈਵ ਆਲਵਾਰ ਸੰਤਾਂ ਦਾ ਅਹਿਮ ਯੋਗਦਾਨ ਰਿਹਾ ਹੈ। ਅਸਲ ਵਿਚ 8ਵੀਂ, 9ਵੀਂ ਸਦੀ ਵਿਚ ਦੱਖਣ ਭਾਰਤ ਹੀ ਭਗਤੀ ਦੇ ਵਿਕਾਸ ਲਈ ਕੇਂਦਰੀ ਸਥਾਨ ਬਣ ਗਿਆ ਸੀ। ਉੱਤਰੀ ਭਾਰਤ ਵਿਚ ਭਗਤੀ ਦੇ ਅੰਦੋਲਨਕਾਰੀ ਰੂਪ ਵਟਾਉਣ ਤੋਂ ਪਹਿਲਾਂ ਦੱਖਣ ਦੇ ਤਾਮਿਲ ਪ੍ਰਾਂਤ ਵਿਚ ਵੈਸ਼ਨਵ ਆਲਵਾਰ ਭਗਤਾਂ ਨੇ ਭਗਤੀ ਦੀ ਇਕ, ਸਰਲ, ਸਹਿਜ ਤੇ ਪ੍ਰੇਮਮਈ ਧਾਰਾ ਚਲਾਈ। ਵਿਦਵਾਨਾਂ ਅਨੁਸਾਰ ਵੈਸ਼ਨਵ ਆਲਵਾਰਾਂ ਦਾ ਸਮਾਂ ਤੀਜੀ, ਚੌਥੀ ਸਦੀ ਤੋਂ ਨੌਵੀਂ ਸਦੀ ਤਕ ਦਾ ਮੰਨਿਆ ਜਾਂਦਾ ਹੈ ਅਤੇ ਇਨ੍ਹਾਂ ਨੂੰ ਗਿਣਤੀ ਵਿਚ 12 ਦੱਸਿਆ ਜਾਂਦਾ ਏ। ਵੈਸ਼ਣਵ ਭਗਤ ਹੋਣ ਕਾਰਨ ਆਲਵਾਰਾਂ ਨੇ ਵਿਸ਼ਨੂੰ ਦੇ ਕਈ ਅਵਤਾਰਾਂ ਨੂੰ ਆਪਣੀ ਸ਼ਰਣਾਗਤ ਜਾਂ ਪ੍ਰਪੱਤੀ ਭਗਤੀ ਦਾ ਆਧਾਰ ਬਣਾਇਆ। "ਦੱਖਣ ਦੇ ਵੈਸ਼ਨਵ ਆਲਵਾਰ ਤੀਜੀ-ਚੌਥੀ ਸਦੀ ਵਿਚ ਤਾਂ ਨਾਰਾਇਣ ਦੀ ਹੀ ਭਗਤੀ ਕਰਦੇ ਸਨ। ਅੱਗੇ ਚਲ ਕੇ ਜਦੋਂ ਉਹ ਅਵਤਾਰਾਂ ਦੀ ਪੂਜਾ ਤੇ ਆਏ ਤਾਂ ਪਹਿਲਾਂ ਉਪਾਸਨਾ ਉਨ੍ਹਾਂ ਨੇ ਵਾਮਨ ਦੀ ਆਰੰਭ ਕੀਤੀ, ਫਿਰ ਕ੍ਰਿਸ਼ਣ ਅਤੇ ਬਲਰਾਮ ਦੀ। ਉਸ ਤੋਂ ਬਾਅਦ ਰਾਮ ਉਪਾਸਨਾ ਦਾ ਆਰੰਭ ਵੀ ਆਲਵਾਰਾਂ ਨੇ ਕੀਤਾ।"[29] ਇਹ ਆਲਵਾਰ ਭਗਤ ਤਾਮਿਲ ਪ੍ਰਦੇਸ਼ ਵਿਚ ਵੱਖੋ-ਵੱਖਰੇ ਥਾਵਾਂ ਅਤੇ ਵਿਭਿੰਨ ਸਮਿਆਂ ਵਿਚ ਪੈਦਾ ਹੋਏ ਪਰੰਤੂ ਇਨ੍ਹਾਂ ਦੀ ਵਿਚਾਧਾਰਾ ਤੇ ਸ਼ਰਣਾਗਤ ਭਗਤੀ ਵਿਚ ਬਹੁਤ ਜ਼ਿਆਦਾ ਸਮਾਨਤਾ ਪਾਈ ਜਾਂਦੀ ਹੈ। ਆਲਵਾਰ ਭਗਤਾਂ ਵਿਚ ਕਈ ਇਸਤਰੀਆਂ ਵੀ ਭਗਤ ਹੋਈਆਂ। "ਇਨ੍ਹਾਂ ਨੇ ਜਿਨ੍ਹਾਂ ਭਗਤੀਮਈ ਗੀਤਾਂ ਦੀ ਰਚਨਾ ਕੀਤੀ, ਉਨ੍ਹਾਂ ਦਾ ਸੰਗ੍ਰਹਿ ਬਾਅਦ ਵਿਚ 'ਦਿਵਯ ਪ੍ਰਬੰਧਮ' ਨਾਂ ਨਾਲ ਤਿਆਰ ਕੀਤਾ ਗਿਆ। ਦਿਵ੍ਯ ਪ੍ਰਬੰਧਮ ਨੂੰ ਨਾਲਾਇਰ ਪ੍ਰਬੰਧਮ, ਦ੍ਰਾਵਿੜ ਵੇਦ, ਦ੍ਰਾਵਿੜ ਉਪਨਿਸ਼ਦ, ਤਾਮਿਲ ਵੇਦ ਆਦਿ ਨਾਵਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ।"[30] ਵੈਸ਼ਣਵ ਆਲਵਾਰਾਂ ਨੇ ਪਦਿਆਂ ਦੀ ਰਚਨਾ ਸੰਸਕ੍ਰਿਤ ਭਾਸ਼ਾ ਦੀ ਥਾਂ ਆਪਣੀ ਪ੍ਰਾਂਤਿਕ ਭਾਸ਼ਾ 'ਤਾਮਿਲ' ਵਿਚ ਕੀਤੀ ਜਿਸ ਕਾਰਨ ਉਨ੍ਹਾਂ ਦੇ ਭਗਤੀ-ਗੀਤ ਆਮ ਲੋਕਾਂ ਵਿਚ ਬਹੁਤ ਪ੍ਰਚਲਿਤ ਹੋਏ। ਆਲਵਾਰ ਭਗਤ ਜ਼ਿਆਦਾਤਰ ਉਸ ਸਮੇਂ ਨਿਮਨ ਮੰਨੀਆਂ ਜਾਂਦੀਆਂ ਜਾਤੀਆਂ (ਸ਼ੂਦਰ ਆਦਿ)

ਵਿਚੋਂ ਸਨ ਜਿਸ ਕਾਰਨ ਉਨ੍ਹਾਂ ਨੇ ਜਾਤ-ਪਾਤ ਦੇ ਭੇਦ-ਭਾਵ ਨੂੰ ਕੋਈ ਮਹੱਤਤਾ ਨਹੀਂ ਦਿੱਤੀ ਅਤੇ ਆਪਣਾ ਜੀਵਨ ਮਨੋਰਥ ਕੇਵਲ ਈਸ਼ਵਰ (ਵਿਸ਼ਨੂੰ) ਭਗਤੀ ਨੂੰ ਹੀ ਬਣਾਇਆ।

ਦੱਖਣ ਵਿਚ ਜਿਸ ਸਮੇਂ ਆਲਵਾਰ ਭਗਤਾਂ ਦੀ ਵੈਸ਼ਣਵ ਭਗਤੀ ਦਾ ਬੋਲਬਾਲਾ ਸੀ। ਲਗਭਗ ਉਸ ਸਮੇਂ ਹੀ ਸ਼ੈਵ ਸਿਧਾਂ ਦੀ ਭਗਤੀ ਭਾਵਨਾ ਵੀ ਖ਼ੂਬ ਪ੍ਰਚਲਿਤ ਹੋ ਰਹੀ ਸੀ। ਵਾਸਤਵ ਵਿਚ "ਤਾਮਿਲ ਪ੍ਰਦੇਸ਼ ਨੂੰ ਮੋਰਯ ਵੰਸ਼ ਦੇ ਰਾਜਕਾਲ ਤੋਂ ਹਰਸ਼ਵਰਧਨ ਦੇ ਰਾਜਕਾਲ ਤਕ ਜੋ ਰਾਜਨੀਤਕ ਸਥਿਰਤਾ ਮਿਲੀ, ਉਸ ਨਾਲ ਅਨੇਕ ਪੱਖੀ ਉੱਨਤੀ ਹੋਈ। ਉਸੀ ਉਦਾਰਤਾ ਤੋਂ ਪ੍ਰੇਰਿਤ ਹੋ ਕੇ ਲਗਭਗ ਸਾਰੀਆਂ ਸੰਪ੍ਰਦਾਵਾਂ ਨੂੰ ਵਿਕਸਤ ਹੋਣ ਦਾ ਅਵਸਰ ਮਿਲਿਆ। ਸ਼ੈਵ-ਮਤ ਤਾਮਿਲ ਪ੍ਰਦੇਸ਼ ਦਾ ਬੜਾ ਪ੍ਰਾਚੀਨ ਧਰਮ ਹੈ।"[31] ਸ਼ੈਵ-ਸਿਧਾਂ ਦੀ ਗਿਣਤੀ 63 ਮੰਨੀ ਜਾਂਦੀ ਹੈ ਜਿਨ੍ਹਾਂ ਵਿਚੋਂ ਚਾਰ ਜਾਂ ਪੰਜ ਭਗਤਾਂ ਨੂੰ ਵਧੇਰੇ ਪ੍ਰਮੁੱਖਤਾ ਹਾਸਿਲ ਹੈ। "ਜਦੋਂ ਨਾਥਮੁਨੀ ਨੇ ਆਲਵਾਰਾਂ ਦੇ ਪਦਾਂ ਦਾ ਸੰਕਲਨ ਤਾਮਿਲ ਪ੍ਰਬੰਧਮ ਨਾਂ ਹੇਠ ਕੀਤਾ, ਉਸ ਸਮੇਂ ਸ਼ੈਵ ਆਚਾਰੀਆ ਨਾਂਬੀ-ਆਂਦਾਰ-ਨੰਬੀ ਨੇ ਸ਼ੈਵ ਗਾਣਿਆਂ ਅਤੇ ਪਦਾਂ ਦਾ ਸੰਕਲਨ ਗਿਆਰਾਂ ਜਿਲਦਾਂ ਵਿਚ ਕੀਤਾ ਜਿਨ੍ਹਾਂ ਦਾ ਸੰਮਿਲਤ ਨਾਮ 'ਤਿਰੂਮਰਈ' ਜਾਂ ਪਾਵਨ ਪੁਸਤਕ ਹੈ।"[32] ਆਲਵਾਰ ਭਗਤਾਂ ਦੀਆਂ ਰਚਨਾਵਾਂ ਜਿੱਥੇ 'ਵਿਸ਼ਨੂੰ ਭਗਤੀ' ਨਾਲ ਓਤਪੋਤ ਸਨ ਉਥੇ ਸ਼ੈਵ-ਆਚਾਰੀਆ ਭਗਤਾਂ ਦੇ ਗੀਤ 'ਸ਼ਿਵ-ਭਗਤੀ' ਵਿਚ ਓਤਪਤ ਸਨ। ਅਸਲ ਵਿਚ ਵੈਸ਼ਣਵ ਆਲਵਾਰ ਅਤੇ ਸ਼ੈਵ ਭਗਤਾਂ ਦੀ ਭਗਤੀ-ਭਾਵਨਾ ਸਮਾਨ ਸੀ, ਅੰਤਰ ਕੇਵਲ ਇਸ਼ਟ-ਬੁੱਧੀ ਦਾ ਸੀ। ਇਨ੍ਹਾਂ ਦੋਵਾਂ ਇਸ਼ਟ ਭਗਤਾਂ ਦੀ ਭਗਤੀ ਭਾਵਨਾ ਨੇ ਸਮਾਜ ਦੀ ਸਾਧਾਰਨ ਜਨਤਾ ਦੇ ਹਿਰਦਿਆਂ ਨੂੰ ਧੁਰ ਤੀਕਰ ਟੁੰਬਿਆ ਅਤੇ ਸੰਸਕ੍ਰਿਤ ਦੀ ਥਾਂ ਪ੍ਰਾਂਤਿਕ ਭਾਸ਼ਾ ਦੇ ਮਾਧਿਅਮ ਨਾਲ ਭਗਤੀ ਦੇ ਕਈ ਗੁੱਝੇ ਰਹੱਸਾਂ ਨੂੰ ਆਮ ਜਨਤਾ ਦੇ ਮਨਮਸਤਕ ਵਿਚ ਉਤਾਰਨ ਦੇ ਯਤਨ ਕੀਤੇ।

ਸੋ ਜਿੱਥੇ ਇਹ ਸਾਧਕ ਆਮ ਲੋਕਾਂ ਦੇ ਦਿਲਾਂ ਵਿਚ ਸ਼ਰਧਾ ਦੇ ਪਾਤਰ ਬਣ ਗਏ ਉੱਥੇ ਇਨ੍ਹਾਂ ਸਾਧਕਾਂ ਦੇ ਪ੍ਰੇਮ ਪੂਰਵਕ ਭਾਵਾਂ ਨਾਲ ਓਤਪੋਤ ਭਗਤੀ ਦੀਆਂ ਰਚਨਾਵਾਂ ਜਾਂ ਗੀਤਾਂ ਤੋਂ 8ਵੀਂ, 9ਵੀਂ ਸਦੀ ਦੇ ਵੈਸ਼ਨਵ ਅਤੇ ਸ਼ੈਵ ਆਚਾਰੀਆ ਵੀ ਬਹੁਤ ਪ੍ਰਭਾਵਿਤ ਹੋਏ। ਰਾਮਧਾਰੀ ਸਿੰਘ ਦਿਨਕਰ ਦਾ ਵਿਚਾਰ ਹੈ ਕਿ "ਆਲਵਾਰ ਭਗਤਾਂ ਅਤੇ ਵੈਸ਼ਣਵ ਆਚਾਰੀਆ, ਨਾਇਨਾਰ ਭਗਤਾਂ ਅਤੇ ਸ਼ੈਵ ਆਚਾਰੀਆ ਵਿਚ ਪਿਤਾ-ਪੁੱਤਰ ਦਾ ਸੰਬੰਧ ਮੰਨਿਆ ਜਾਣਾ ਚਾਹੀਦਾ ਹੈ ਪਰੰਤੂ ਇਥੇ ਪਿਤਾ ਅਨਪੜ੍ਹ ਅਤੇ ਪੁੱਤਰ ਮਹਾਂ ਵਿਦਵਾਨ ਸਨ। ਆਲਵਾਰਾਂ ਨੇ ਜਿਸ ਧਰਮ ਦੀ ਸਾਧਨਾ ਜਨਤਾ ਦੇ ਪੱਧਰ ਤੇ ਰਹਿ ਕੇ ਕੀਤੀ ਉਸੇ ਧਰਮ ਨੂੰ ਵੈਸ਼ਣਵ ਆਚਾਰੀਆ ਨੇ ਜਨ ਸਾਧਾਰਣ ਦੇ ਪੱਧਰ ਤੋਂ ਚੁੱਕ ਕੇ ਵਿਦਵਤਾ ਦੇ ਧਰਾਤਲ ਤੇ ਪਹੁੰਚਾ ਦਿੱਤਾ।"[33] ਇਨ੍ਹਾਂ ਆਚਾਰੀਆ ਵਿਚੋਂ 8ਵੀਂ, 9ਵੀਂ ਸਦੀ

ਵਿਚ ਪਹਿਲਾ ਨਾਮ ਸ਼ੰਕਰਾਚਾਰੀਆ ਦਾ ਆਉਂਦਾ ਹੈ। ਸ਼ੰਕਰਾਚਾਰੀਆ ਨੇ ਉਪਨਿਸ਼ਦਾਂ ਨੂੰ ਆਧਾਰ ਬਣਾਕੇ 'ਅਦਵੈਤਵਾਦ' ਦਾ ਸਿਧਾਂਤ ਪੇਸ਼ ਕੀਤਾ। "ਸ਼ੰਕਰ ਦੇ ਅਦਵੈਤਵਾਦੀ ਸਿਧਾਂਤਾਂ ਤੋਂ ਸਭ ਤੋਂ ਵੱਧ ਨਿਰਾਸ਼ਾ ਦੱਖਣ ਦੀ ਭਗਤੀ-ਵਿਭੋਰ ਜਨਤਾ ਨੂੰ ਹੀ ਹੋਈ ਅਤੇ ਇਸੇ ਜਨਤਾ ਦੀ ਪ੍ਰਤਿਕਿਰਿਆ ਨੇ ਰਾਮਨੁਜ, ਨਿੰਬਾਰਕ ਆਦਿ ਵੈਸ਼ਨਵ ਆਚਾਰੀਆ ਨੂੰ ਪੈਦਾ ਕੀਤਾ। ਇਨ੍ਹਾਂ ਵੈਸ਼ਨਵ ਆਚਾਰੀਆ ਨੂੰ ਦਵੈਤ ਜਾਂ ਵਸ਼ਿਸ਼ਟ-ਦੈਵਤ ਦੇ ਸਿਧਾਂਤਾਂ ਦੀ ਖੋਜ ਚੰਗੀ ਕਿਉਂ ਲੱਗੀ, ਇਸ ਦਾ ਜੁਆਬ ਵੀ ਇਹੀ ਹੈ ਕਿ ਇਹ ਸਾਰੇ ਆਚਾਰੀਆ ਆਲਵਾਰਾਂ ਦੀਆਂ ਭਗਤੀ ਭਾਵਨਾਵਾਂ ਨਾਲ, ਉਨ੍ਹਾਂ ਦੇ ਪਦਾਂ ਅਤੇ ਰਚਨਾਵਾਂ ਨਾਲ ਪੂਰਣ ਰੂਪ ਵਿਚ ਓਤਪੋਤ ਸਨ। ਮਨ ਇਨ੍ਹਾਂ ਦਾ ਪਹਿਲਾਂ ਹੀ ਆਲਵਾਰਾਂ ਦੇ ਸੰਸਕਾਰਾਂ ਨਾਲ ਭਰ ਚੁੱਕਾ ਸੀ, ਦਿਮਾਗ਼ ਨਾਲ ਉਨ੍ਹਾਂ ਨੇ ਇਨ੍ਹਾਂ ਸੰਸਕਾਰਾਂ ਦਾ ਬੌਧਿਕ ਸਮਰਥਨ ਪ੍ਰਾਪਤ ਕੀਤਾ।"[34]

ਵਾਸਤਵ ਵਿਚ ਭਗਤੀ-ਮਤ ਇਕ ਲਹਿਰ ਵਜੋਂ 11ਵੀਂ, 12ਵੀਂ ਸਦੀ ਵਿਚ ਦੱਖਣ ਵਿਚ ਸੁਆਮੀ ਰਾਮਾਨੁਜ ਦੁਆਰਾ ਅਤੇ ਉੱਤਰ ਵਿਚ ਸੁਆਮੀ ਰਾਮਾਨੰਦ ਦੁਆਰਾ ਵਿਕਾਸ ਵੱਲ ਵੱਧਦੀ ਹੈ। ਸੁਆਮੀ ਰਾਮਨੰਦ ਨੂੰ, ਰਾਮਾਨੁਜ ਦੀ ਸਰਗੁਣ ਭਗਤੀ ਧਾਰਾ ਦੀ ਗੁਰੂ-ਸ਼ਿਸ਼ ਪਰੰਪਰਾ ਵਿਚੋਂ ਚੌਦਵੀਂ ਥਾਂ ਤੇ ਮੰਨਿਆ ਜਾਂਦਾ ਹੈ। ਰਾਮਾਨੁਜ ਦੀ ਸ੍ਰੀ ਸੰਪ੍ਰਦਾਇ ਦੀ ਦੀਖਿਆ ਉਨ੍ਹਾਂ ਨੇ ਰਾਮਾਨੁਜ ਦੀ ਚੌਥੀ ਪੀੜ੍ਹੀ ਦੇ ਸਵਾਮੀ ਰਾਘਵਨੰਦ ਤੋਂ ਲਈ। ਜਿੱਥੇ ਸੁਆਮੀ ਰਾਮਾਨੁਜ 'ਵੈਸ਼ਨਵ ਭਗਤ' ਸਨ ਉਥੇ ਰਾਮਾਨੰਦ 'ਰਾਮ ਭਗਤੀ' ਦੇ ਉਪਾਸਕ ਸਨ। ਉਤਰੀ ਭਾਰਤ ਵਿਚ ਪਹਿਲੀ ਵਾਰ ਰਾਮ ਭਗਤੀ ਦੇ ਪ੍ਰਚਾਰ ਤੇ ਪਾਸਾਰ ਦਾ ਸਿਹਰਾ ਸੁਆਮੀ ਰਾਮਾਨੰਦ ਦੇ ਸਿਰ ਬੱਝਦਾ ਹੈ। ਰਾਮ ਭਗਤੀ ਦੀ ਉਪਾਸਨਾ ਲਈ ਸੁਆਮੀ ਰਾਮਾਨੰਦ ਨੇ ਹਰ ਵਰਣ ਦੇ ਲੋਕਾਂ ਲਈ ਦਰਵਾਜ਼ੇ ਖੋਲ ਦਿੱਤੇ। "ਰਾਮਾਨੰਦ ਦੇ ਅੰਦਰ ਪ੍ਰਾਚੀਨਤਾ ਅਤੇ ਨਵੀਨਤਾ ਵਿਚਕਾਰ ਸੰਘਰਸ਼ ਸੀ। ਸ਼ਾਸਤਰਾਂ ਦੀ ਵਿਆਖਿਆ ਕਰਦੇ ਸਮੇਂ ਉਹ ਵਰਣ-ਆਸ਼ਰਮ ਦੇ ਬੰਧਨਾਂ ਦਾ ਖੰਡਨ ਨਹੀਂ ਸਨ ਕਰ ਸਕਦੇ। ਪਰੰਤੂ ਉਨ੍ਹਾਂ ਲਈ ਇਹ ਵੀ ਮੁਸ਼ਕਲ ਸੀ ਕਿ ਕਿਸੇ ਭਗਤ ਦਾ ਨਿਰਾਦਰ ਉਹ ਸਿਰਫ਼ ਇਸ ਲਈ ਕਰਦੇ ਕਿ ਉਨ੍ਹਾਂ ਦਾ ਜਨਮ ਬ੍ਰਾਹਮਣ ਜਾਂ ਉਚ ਵੰਸ਼ ਵਿਚ ਨਹੀਂ ਹੋਇਆ। ਵਿਚਾਰ ਪੱਖੋਂ ਉਹ ਕਠੋਰ ਵਰਣ-ਆਸ਼ਰਮੀ, ਪਰੰਤੂ ਆਚਾਰ ਪੱਖੋਂ ਦਿਆਲੂ ਸੰਤ ਸਨ।"[35] ਪਰੰਤੂ ਫਿਰ ਵੀ ਇਹ ਗੱਲ ਕਹੀ ਜਾ ਸਕਦੀ ਹੈ ਕਿ ਉਹ ਜਾਤੀ ਬੰਧਨਾਂ ਦੀ ਥਾਂ ਸਭ ਤਰ੍ਹਾਂ ਦੇ ਲੋਕਾਂ ਲਈ ਬਰਾਬਰੀ, ਸਮਾਨਤਾ ਵਾਲੇ ਭਾਵਾਂ ਨਾਲ ਓਤਪੋਤ ਸਨ। ਇਸ ਗੱਲ ਦਾ ਪ੍ਰਮਾਣ ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨਕੋਸ਼ ਵਿਚ ਇਸ ਵਿਚਾਰ ਤੋਂ ਵੀ ਹੋ ਜਾਂਦਾ ਹੈ ਕਿ "ਰਾਮਾਨੰਦ ਪਹਿਲਾਂ ਮੂਰਤੀ ਪੂਜਕ ਸੀ, ਪਰ ਅੰਤਲੀ ਅਵਸਥਾ ਵਿਚ ਸਾਰੇ ਭ੍ਰਮ ਤਿਆਗਕੇ ਪੂਰਨ ਗਯਾਨੀ ਹੋਇਆ ਹੈ।"[36] ਸੋ ਰਾਮਾਨੰਦ ਦੀ ਭਗਤੀ ਭਾਵਨਾ ਦਾ ਇਹ ਉਹੀ

ਪੜਾਅ ਸੀ ਜਦੋਂ ਤਤਕਾਲੀ ਸਮਾਜ ਦੀਆਂ ਬਹੁਤ ਹੀ ਨਿਮਨ ਸ਼੍ਰੇਣੀਆਂ ਵਿਚੋਂ ਹੋਏ ਭਗਤਾਂ ਨੇ ਸੁਆਮੀ ਰਾਮਾਨੰਦ ਨੂੰ ਆਪਣਾ ਗੁਰੂ ਬਣਾਇਆ। ਸੁਆਮੀ ਰਾਮਾਨੰਦ ਤੋਂ ਬਾਅਦ ਉਨ੍ਹਾਂ ਦੇ ਚੇਲੇ ਦੋ ਹਿੱਸਿਆਂ ਵਿਚ ਵੰਡੇ ਗਏ ਅਤੇ ਇਨ੍ਹਾਂ ਦੋ ਵਰਗਾਂ ਵਿਚ ਵੰਡੇ ਅਨੁਯਾਈਆਂ ਨੇ ਭਗਤੀ-ਮਤ ਨੂੰ ਵੀ 'ਨਿਰਗੁਣ ਭਗਤੀ' ਤੇ 'ਸਰਗੁਣ ਭਗਤੀ' ਦੋ ਰੂਪਾਂ ਵਿਚ ਪ੍ਰਚੱਲਿਤ ਕੀਤਾ। ਇਸ ਤਰ੍ਹਾਂ ਆਪਣੇ ਆਰੰਭਿਕ ਦੌਰ ਵਿਚ ਮੱਧਕਾਲੀ ਧਰਮ-ਚੇਤਨਾ ਆਪਣੀ ਪੂਰਬਕਾਲੀ ਧਾਰਮਿਕ ਚੇਤਨਾ ਤੋਂ ਕੁੱਝ ਵੱਖਰੇ ਕਦਮ ਉਠਾਉਂਦੀ ਹੈ ਜਿਸਦਾ ਇਕ ਵਿਸ਼ੇਸ਼ ਕਾਰਨ ਤਤਕਾਲੀ ਲੋਕ-ਧਰਮਾਂ ਦਾ ਵਿਕਸਤ ਹੋਣਾ ਹੈ। ਮੱਧਕਾਲ ਦੇ ਇਸ ਅਰੰਭਲੇ ਸਮੇਂ ਵੇਦ-ਸ਼ਾਸਤਰਾਂ ਦੇ ਦਾਰਸ਼ਨਿਕ ਦ੍ਰਿਸ਼ਟੀਕੋਣ ਦਾ ਵਿਰੋਧ ਨਾਥ ਜੋਗੀਆਂ ਦੇ ਵਿਚਾਰਾਂ ਵਿਚੋਂ ਵੀ ਮਿਲਦਾ ਹੈ। ਇਨ੍ਹਾਂ ਸਿੱਧਾਂ, ਨਾਥਾਂ ਦਾ ਸਮਾਜ ਦੇ ਆਮ ਲੋਕਾਂ ਵਿਚ ਬੜਾ ਪ੍ਰਭਾਵ ਸੀ।

"ਨਾਥ ਸੰਪ੍ਰਦਾਇ ਵਿਚ ਵਧੇਰੇ ਪ੍ਰਚਲਿਤ ਸ਼ਬਦ ਸਿੱਧ-ਮਾਰਗ, ਯੋਗ-ਮਾਰਗ, ਅਵਧੂਤ-ਮਤ, ਅਵਧੂਤ-ਸੰਪ੍ਰਦਾਇ ਆਦਿ ਹਨ। ਇਸ ਮਤ ਦੇ ਯੋਗ-ਮਤ ਅਤੇ ਯੋਗ-ਸੰਪ੍ਰਦਾਇ ਨਾਮ ਤਾਂ ਸਾਰਥਕ ਹੀ ਹਨ ਕਿਉਂਕਿ ਇਨ੍ਹਾਂ ਦਾ ਮੁੱਖ ਧਰਮ ਹੀ ਯੋਗ ਅਭਿਆਸ ਹੈ। ਆਪਣੇ ਮਾਰਗ ਨੂੰ ਇਹ ਲੋਕ ਸਿੱਧਮਤ ਜਾਂ ਸਿੱਧ-ਮਾਰਗ ਇਸ ਲਈ ਕਹਿੰਦੇ ਹਨ ਕਿ ਇਨ੍ਹਾਂ ਦੇ ਮਤ ਅਨੁਸਾਰ ਨਾਥ ਹੀ ਸਿੱਧ ਹਨ। ਇਨ੍ਹਾਂ ਦੇ ਮਤ ਦਾ ਅਤਿਅੰਤ ਪ੍ਰਮਾਣਿਕ ਗ੍ਰੰਥ 'ਸਿੱਧ-ਸਿਧਾਂਤ ਪੱਧਤੀ' ਹੈ।"[37] ਨਾਥ-ਪਰੰਪਰਾ ਦੇ ਆਦਿ ਨਾਥ ਸ਼ਿਵ ਨੂੰ ਮੰਨਿਆ ਜਾਂਦਾ ਹੈ ਅਤੇ ਇਸ ਸੰਪ੍ਰਦਾਇ ਵਿਚ ਆਦਿਨਾਥ ਸਹਿਤ ਨੌਂ ਨਾਥਾਂ ਨੂੰ ਆਮ ਲੋਕਾਂ ਵਿਚ ਬੜੀ ਪ੍ਰਸਿੱਧੀ ਹਾਸਿਲ ਹੈ। ਮੰਨਿਆ ਜਾਂਦਾ ਹੈ ਕਿ ਭਾਰਤ ਦੇ ਕੋਨੇ ਕੋਨੇ ਵਿਚ ਨਾਥ-ਮਤ ਦਾ ਪ੍ਰਚਾਰ ਤੇ ਪ੍ਰਵਾਹ ਕਰਨ ਵਿਚ ਇਨ੍ਹਾਂ ਨੌਂ ਨਾਥਾਂ ਦਾ ਵੱਡਾ ਯੋਗਦਾਨ ਹੈ। ਸੋ ਭਾਵੇਂ ਕਿ ਨਾਥ-ਪਰੰਪਰਾ ਵਿਚ ਆਦਿਨਾਥ ਦੇ ਬਾਅਦ ਸਰਵਪ੍ਰਥਮ ਆਚਾਰੀਆ ਮਛੰਦਰ ਨਾਥ ਨੂੰ ਮੰਨਿਆ ਜਾਂਦਾ ਹੈ ਜਿਸ ਨੂੰ ਗੋਰਖ ਨਾਥ ਦਾ ਗੁਰੂ ਮੰਨਿਆ ਜਾਂਦਾ ਹੈ ਪਰੰਤੂ ਨਾਥ-ਮਤ ਵਿਚ ਸਭ ਤੋਂ ਵੱਧ ਪ੍ਰਸਿੱਧੀ ਗੁਰੂ ਗੋਰਖਨਾਥ ਨੂੰ ਹੀ ਹਾਸਿਲ ਹੋਈ ਅਤੇ ਨਾਥ ਸੰਪਰਦਾ ਕੇਵਲ ਗੁਰੂ ਗੋਰਖ ਨਾਥ ਦਾ ਪਰਿਆਇ ਮੰਨੀ ਜਾਣ ਲੱਗੀ। ਇਹ ਨਾਥ ਜੋਗੀ ਸਮਾਜ ਵਿਚ ਜਿੱਥੇ ਆਪਣੇ ਵੱਖਰੇ ਵਿਅਕਤਿਤਵ ਲਈ ਆਤਮਕ ਗੁਣਾਂ : ਸ਼ੀਲ, ਸੰਜਮ, ਯੋਗ-ਸਾਧਨਾ, ਹੱਠ-ਯੋਗ, ਉੱਚ-ਆਚਰਨ ਆਦਿ ਗੁਣਾਂ ਕਾਰਨ ਆਮ ਲੋਕਾਂ ਵਿਚ ਸ਼ਰਧਾ ਦੇ ਪਾਤਰ ਬਣੇ ਉਥੇ ਉਨ੍ਹਾਂ ਵਿਚੋਂ ਕੁੱਝ ਅਜਿਹੇ ਸਿੱਧਾਂ, ਸਾਧਾਂ, ਜੋਗੀਆਂ ਦੀਆਂ ਮੰਡਲੀਆਂ ਵੀ ਆਮ ਹੋ ਗਈਆਂ ਜੋ ਲੋਕਾਂ ਵਿਚ ਤੰਤਰ-ਮੰਤਰ ਦੁਆਰਾ ਭਰਮ ਫੈਲਾਉਂਦੇ ਅਤੇ ਜੋ ਮਨ ਤੋਂ ਗ੍ਰਹਿਸਥ ਤਿਆਗੀ ਨਹੀਂ ਸਨ, ਸਗੋਂ ਇਸ ਦਾ ਢੌਂਗ ਵਧੇਰੇ ਕਰਦੇ ਸਨ। ਇਸ ਲਈ ਜਿੱਥੇ ਤੰਤਰਾਂ-ਮੰਤਰਾਂ

ਆਦਿ ਪਾਖੰਡਾਂ ਦੀ ਆੜ ਲੈ ਬੈਠੇ ਅਜਿਹੇ ਜੋਗੀਆਂ ਦਾ ਸਮਾਜ ਦੇ ਲੋਕਾਂ ਉੱਪਰ ਬੁਰਾ ਪ੍ਰਭਾਵ ਪਿਆ ਉਥੇ ਦੂਸਰੀ ਤਰਫ਼ ਵਿਦੇਸ਼ੀ ਧਰਮ ਇਸਲਾਮ ਵੀ ਭਾਰਤੀ ਸਮਾਜ ਨੂੰ ਆਪਣੀ ਗ੍ਰਿਫਤ ਵਿਚ ਲੈਣ ਲਈ ਪੁਰਜ਼ੋਰ ਯਤਨ ਕਰ ਰਿਹਾ ਸੀ। ਦਰਅਸਲ ਧਾਰਮਿਕ ਦ੍ਰਿਸ਼ਟੀ ਤੋਂ ਮੱਧਕਾਲੀ ਭਾਰਤੀ ਸਮਾਜ ਦੋ ਧਰਮਾਂ 'ਮੁਸਲਿਮ ਧਰਮ' ਅਤੇ 'ਹਿੰਦੂ ਧਰਮ' ਵਿਚ ਵੰਡਿਆ ਜਾ ਚੁੱਕਾ ਸੀ।

ਹਿੰਦੂ ਧਰਮ ਤਾਂ ਅੱਗੋਂ ਵੀ ਕਈ ਉਪ-ਸ਼ਾਖਾਵਾਂ, ਮਤਾਂ, ਸੰਪ੍ਰਦਾਵਾਂ ਵਿਚ ਵੰਡਿਆ ਜਾ ਚੁੱਕਾ ਸੀ ਜਿਨ੍ਹਾਂ ਦੇ ਧਾਰਮਿਕ, ਵਿਚਾਰਾਂ ਵਿਚ ਆਪਸੀ ਮੇਲ-ਮਿਲਾਪ ਤੇ ਭੇਦ-ਭਾਵ ਦੋਵੇਂ ਹੀ ਚੱਲਦੇ ਆ ਰਹੇ ਸਨ। ਇਸ ਸਮੇਂ ਦੌਰਾਨ ਜਿੱਥੇ ਹਿੰਦੂ ਧਰਮ ਜਾਂ ਸਮਾਜ ਵਿਚ ਪਹਿਲਾਂ ਹੀ ਮੂਰਤੀ ਪੂਜਾ, ਜਾਤ-ਪਾਤ, ਵਰਤ, ਤੀਰਥ ਯਾਤਰਾ, ਵੇਦ ਸ਼ਾਸਤਰਾਂ, ਦਰਸ਼ਨਾਂ ਦੇ ਵਾਦ-ਵਿਵਾਦ, ਆਦਿ ਦਾ ਜਾਲ ਪੂਰੀ ਤਰ੍ਹਾਂ ਫੈਲ ਚੁੱਕਾ ਸੀ ਉਥੇ ਹੀ ਮੁਸਲਮਾਨ ਬਾਦਸ਼ਾਹਾਂ ਦੇ ਅੱਤਿਆਚਾਰੀ ਵਿਵਹਾਰ ਕਾਰਨ ਭਾਰਤੀ ਸਮਾਜ ਵਿਚ ਕਿਸੇ ਵੀ ਪੱਧਰ ਉੱਤੇ ਕੋਈ ਸੰਤੁਲਨ ਨਹੀਂ ਸੀ ਰਿਹਾ ਅਤੇ ਏਥੋਂ ਦੀ ਜਨਤਾ ਨਿਰੰਤਰ ਦਿਸ਼ਾਹੀਣਤਾ ਦਾ ਸ਼ਿਕਾਰ ਹੋ ਰਹੀ ਸੀ। ਦੋਵੇਂ ਧਰਮਾਂ ਦੇ ਮੋਢੀਆਂ ਬਾਰੇ ਸ੍ਰੀ ਪਰਸ਼ੂਰਾਮ ਚਤੁਰਵੇਦੀ ਦਾ ਕਹਿਣਾ ਹੈ ਕਿ "ਇਨ੍ਹਾਂ ਦੋਵਾਂ ਦੇ ਲਈ 'ਧਰਮ' ਤੋਂ ਭਾਵ ਕੇਵਲ ਉਨ੍ਹਾਂ ਆਦੇਸ਼ਾਂ ਦਾ ਪਾਲਨ ਮਾਤਰ ਹੀ ਸੀ ਜੋ ਉਨ੍ਹਾਂ ਦੇ ਆਪਣੇ ਆਪਣੇ ਧਰਮ-ਗ੍ਰੰਥਾਂ ਵਿਚ ਸ਼ਾਮਿਲ ਸਨ ਅਤੇ ਉਨ੍ਹਾਂ ਦਾ ਪਵਿੱਤਰ ਕਰਤੱਵ ਕੇਵਲ ਉਨ੍ਹਾਂ ਸਿਧਾਂਤਾਂ ਵਿਚ ਵਿਸ਼ਵਾਸ ਕਰ ਲੈਣਾ ਹੀ ਸੀ ਜਿਨ੍ਹਾਂ ਦਾ ਉਨ੍ਹਾਂ ਵਿਚ ਪ੍ਰਤਿਪਾਦਨ ਕੀਤਾ ਗਿਆ ਹੈ। ਦੋਵੇਂ ਆਪੋ-ਆਪਣੀਆਂ ਰੂੜ੍ਹੀਆਂ ਦੁਆਰਾ ਨਿਰੰਤਰਤ ਸਨ। ਉਨ੍ਹਾਂ ਦਾ ਧਿਆਨ ਕਦੇ ਅਜਿਹੀਆਂ ਗੱਲਾਂ ਵੱਲ ਨਹੀਂ ਜਾ ਸਕਿਆ ਜੋ ਧਰਮ ਤੱਤਵ ਦੇ ਮੂਲ ਵਿਚ ਸਥਿਤ ਕਹੀਆਂ ਜਾ ਸਕਦੀਆਂ ਸਨ।"[38]

ਭਾਰਤ ਵਿਚ ਇਸਲਾਮ ਦੀ ਆਮਦ ਤਾਂ ਭਾਵੇਂ 7ਵੀਂ, 8ਵੀਂ ਸਦੀ ਵਿਚ ਹੀ ਹੋ ਗਈ ਸੀ ਪਰੰਤੂ ਇਸਦੇ ਹਮਲਾਵਰੀ ਰੂਪ ਦਾ ਗਹਿਰਾ ਪ੍ਰਭਾਵ ਤੇ ਇਰਾਦਾ 10ਵੀਂ, 11ਵੀਂ ਸਦੀ ਵਿਚ ਮਹਿਮੂਦ ਗਜ਼ਨਵੀ ਤੇ ਮੁਹੰਮਦ ਗੌਰੀ ਸਮੇਂ ਵਧੇਰੇ ਸਪਸ਼ਟ ਹੋ ਗਿਆ। "ਮਹਿਮੂਦ ਗਜ਼ਨਵੀ, ਮੁਹੰਮਦ ਗੌਰੀ, ਮੰਗੋਲ, ਗ਼ੁਲਾਮ ਖਾਨਦਾਨ, ਖਿਲਜੀ, ਤੁਗਲਕ, ਲੋਧੀ ਆਦਿ ਮੁਸਲਮਾਨੀ ਵੰਸ਼ਾਂ ਨੇ ਭਾਰਤ ਵਿਚ ਇਸਲਾਮ ਨੂੰ ਪੱਕੇ ਪੈਰਾਂ ਤੇ ਸਥਾਪਿਤ ਕਰ ਦਿੱਤਾ।"[39] ਇਨ੍ਹਾਂ ਮੁਸਲਿਮ ਵੰਸ਼ਜਾਂ ਵਿਚੋਂ ਭਾਰਤ ਦੇ ਕੇਂਦਰੀ ਰਾਜ ਤੇ ਸਥਾਪਿਤ ਹੋਣ ਵਾਲੇ ਬਾਦਸ਼ਾਹਾਂ ਨੇ ਇਸਲਾਮ ਦੇ ਪ੍ਰਚਾਰ ਲਈ, ਰਾਜਸੱਤਾ ਬਰਕਰਾਰ ਰੱਖਣ ਲਈ ਅਤੇ ਭਾਰਤ ਦੀ ਆਰਥਿਕ ਲੁੱਟ-ਖਸੁੱਟ ਲਈ ਵਧੇਰੇ ਕਰਕੇ ਤਲਵਾਰ ਨੂੰ ਹੀ ਮਾਧਿਅਮ ਬਣਾਇਆ। ਅਸਲ ਵਿਚ ਭਾਰਤੀ ਸਮਾਜ ਵਿਚ ਹਿੰਦੂ ਧਰਮ ਦੀ ਕੱਟੜਤਾ ਤੇ ਮੁਸਲਿਮ ਹਮਲਾਵਰਾਂ ਦੇ ਅੱਤਿਆਚਾਰ ਦੋਵੇਂ ਪੱਖ ਹੀ ਭਾਰੂ ਸਨ। ਭਾਰਤੀ ਸਮਾਜ ਦੇ

ਲੋਕਾਂ ਵਿਚ ਅਜਿਹੀ ਖਿੱਚੋਤਾਣ ਨੂੰ ਠੱਲ੍ਹ ਪਾਉਣ ਲਈ ਜਿੱਥੇ ਭਾਰਤ ਦੇ ਹਰ ਹਿੱਸੇ ਵਿਚ ਭਗਤੀਧਾਰਾ ਇਕ ਲਹਿਰ ਦਾ ਰੂਪ ਲੈ ਰਹੀ ਸੀ ਉੱਥੇ ਭਾਰਤੀ ਭਗਤੀ-ਮਤ ਵਿਚ ਪੈਦਾ ਹੋਣ ਵਾਲੀ ਇਕ ਨਵੀਂ ਵਿਚਾਰਧਾਰਾ 'ਸੂਫ਼ੀ-ਮਤ' ਦਾ ਪ੍ਰਚਾਰ ਇਸਲਾਮੀ ਸੂਫ਼ੀ ਫ਼ਕੀਰਾਂ ਨੇ ਕੀਤਾ। ਡਾ. ਪੀਤਾਂਬਰ ਬਡਥਵਾਲ ਦਾ ਸੂਫ਼ੀਆਂ ਬਾਰੇ ਵਿਚਾਰ ਹੈ ਕਿ "ਹਿੰਦੂਆਂ ਦੇ ਜੀਵਨ ਨੂੰ ਉਨ੍ਹਾਂ ਨੇ ਵਿਜੇਤਾ ਦੀ ਉਚਾਈ ਤੋਂ ਨਹੀਂ ਬਲਕਿ ਸੱਜਣਤਾ ਦੀ ਨੇੜਤਾ ਨਾਲ ਦੇਖਿਆ। ਉਨ੍ਹਾਂ ਦੀ ਕਠਿਨਾਈ ਲਈ ਉਨ੍ਹਾਂ ਦੇ ਹਿਰਦੇ ਵਿਚ ਸਹਾਨੁਭੂਤੀ ਦਾ ਸ੍ਰੋਤ ਉਮੜ ਪਿਆ। ਆਪਣੇ ਸਹਿਧਰਮੀਆਂ ਦੀ ਉੱਠੀ ਹੋਈ ਤਲਵਾਰ ਦੇ ਵਾਰ ਨੂੰ ਉਨ੍ਹਾਂ ਨੇ ਆਪਣੇ ਹੀ ਢੰਗ ਨਾਲ ਰੋਕਣ ਦਾ ਯਤਨ ਕੀਤਾ। ਉਨ੍ਹਾਂ ਨੇ ਆਪਣੇ ਸਹਿਧਰਮੀਆਂ ਦੀ ਤਰਕ ਬੁੱਧੀ 'ਤੇ ਅਸਰ ਪਾਉਣ ਦਾ ਯਤਨ ਹੀ ਨਹੀਂ ਕੀਤਾ, ਸਗੋਂ ਉਨ੍ਹਾਂ ਦੇ ਹਿਰਦੇ ਦੀ ਭਾਵੁਕਤਾ ਨੂੰ ਉਦੀਪਤ ਕਰਕੇ ਇਹ ਕੰਮ ਕਰਨਾ ਚਾਹਿਆ। ਹਿੰਦੂ-ਹਿਰਦੇ ਦੀ ਖੂਬਸੂਰਤੀ ਨੂੰ ਆਪਣੇ ਸਹਿਧਰਮੀਆਂ ਦੇ ਸਾਹਮਣੇ ਪੇਸ਼ ਕਰਕੇ ਮੁਸਲਿਮ ਹਿਰਦੇ ਦੀ ਸੁੰਦਰਤਾ ਨੂੰ ਪਰਸਫੁੱਟਿਤ ਕਰਨਾ ਚਾਹਿਆ।"[40] ਭਾਰਤ ਵਿਚ ਸੂਫ਼ੀ ਫ਼ਕੀਰਾਂ ਨੇ ਭਾਰਤੀ ਲੋਕਾਂ ਨੂੰ ਅਸਲ ਵਿਚ ਜਿੱਥੇ ਇਸਲਾਮਿਕ ਸਭਿਆਚਾਰ ਤੋਂ ਵਾਕਫ਼ ਤੇ ਪ੍ਰਭਾਵਿਤ ਕਰਨ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ ਉਥੇ ਉਨ੍ਹਾਂ ਨੇ ਮੁਸਲਿਮ ਸੁਲਤਾਨਾਂ ਦੇ ਸਹਿਧਰਮੀ ਹੋਣ ਦੇ ਬਾਵਜੂਦ ਭਾਰਤ ਦੀਆਂ ਦਾਰਸ਼ਨਿਕ, ਧਾਰਮਕਿ, ਸਮਾਜਕ ਤੇ ਸਭਿਆਚਾਰਕ ਪਰੰਪਰਾਵਾਂ ਨੂੰ ਵੀ ਦਿਲੋਂ ਗ੍ਰਹਿਣ ਕੀਤਾ। ਮੱਧਕਾਲ ਦੇ ਇਸ ਦੌਰ ਵਿਚ ਪ੍ਰਚਲਿਤ 'ਸੂਫ਼ੀਮਤ' ਸਦਕਾ ਭਾਰਤ ਵਿਚ ਚੱਲੀ ਭਗਤੀ ਲਹਿਰ ਨੂੰ ਇਕ ਨਵੀਂ ਦਿਸ਼ਾ ਵੱਲ ਰੁਖ਼ ਕਰਨ ਦਾ ਇਕ ਲਾਭਕਾਰੀ ਅਵਸਰ ਪ੍ਰਾਪਤ ਹੋਇਆ।

ਇਸ ਤਰ੍ਹਾਂ ਆਪਣੇ ਵਹਿਣ ਵਿਚ ਵਹਿੰਦੀ ਹੋਈ ਭਗਤੀ ਧਾਰਾ ਪੜਾਅ ਦਰ ਪੜਾਅ ਨਿੱਤਰਦੀ ਹੋਈ ਭਗਤੀ ਦੇ ਉਸ ਸਾਗਰ ਵਿਚ ਪ੍ਰਵੇਸ਼ ਕਰਦੀ ਹੈ ਜੋ ਭਗਤੀ-ਸਾਗਰ ਵਿਸ਼ਾਲ, ਪਾਕ-ਪਵਿੱਤਰ, ਬ੍ਰਹਮ-ਪ੍ਰੇਮ ਵਿਚ ਲਬਰੇਜ਼ ਹੈ। ਏਥੇ ਆ ਕੇ ਮਿਲਣ ਵਾਲੀਆਂ ਭਗਤੀ ਧਾਰਾਵਾਂ ਦਾ ਦਾਰਸ਼ਨਿਕ ਪਿਛੋਕੜ ਜੋ ਵੀ ਰਿਹਾ ਹੋਵੇ, ਪਰੰਤੂ ਇਹ ਸਾਰੀਆਂ ਸਰਲ, ਸਹਿਜ, ਨਿਰਸੁਆਰਥ ਤੇ ਪ੍ਰੇਮਾ-ਭਗਤੀ ਦੇ ਕੇਂਦਰ-ਬਿੰਦੂ 'ਤੇ ਆ ਕੇ ਆਪਸ ਵਿਚ ਘੁਲ-ਮਿਲ ਜਾਦੀਆਂ ਹਨ ਅਤੇ ਫਿਰ ਸਮੁੰਦਰੀ ਜੀਵ-ਜੰਤੂਆਂ ਦੀ ਤਰ੍ਹਾਂ ਕਈ ਬਹੁਤ ਡੂੰਘਾਈਆਂ ਤੀਕਰ ਜਾਣਾ, ਅੰਨਦ ਦਾ ਅਨੁਭਵ ਕਰਨ ਤੇ ਰਹਿਣ ਬਸੇਰਾ ਕਰਦੀਆਂ ਹਨ ਅਤੇ ਕਈ ਪਾਣੀਆਂ ਦੀਆਂ ਉਪਰਲੀਆਂ ਲਹਿਰਾਂ 'ਤੇ ਹੀ ਤੈਰਨਾ, ਗੋਤੇ ਲਾਉਣ ਤੇ ਮਸਤੀ ਭਰੇ ਅਨੁਭਵ ਦੀ ਪ੍ਰਾਪਤੀ ਦਾ ਆਨੰਦ ਮਾਣਦੀਆਂ ਹਨ। ਮੱਧਕਾਲ ਦੇ ਭਗਤੀ ਖੇਤਰ ਵਿਚ ਇਹ ਦੋ ਧਾਰਾਵਾਂ ਨਿਰਗੁਣ ਤੇ ਸਰਗੁਣ ਦੇ ਰੂਪ ਵਜੋਂ ਹੋਂਦ ਗ੍ਰਹਿਣ ਕਰਦੀਆਂ ਹਨ। ਜਿੱਥੇ ਨਿਰਗੁਣ ਭਗਤੀ ਵਿਚ ਵਿਸ਼ਵਾਸ ਰੱਖਣ ਵਾਲੇ ਸੂਫ਼ੀ, ਸੰਤ, ਭਗਤਾਂ ਨੇ

ਨਿਰਾਕਾਰ ਬ੍ਰਹਮ ਨੂੰ ਅਪਣਾਇਆ ਅਤੇ ਦੇਵੀ-ਦੇਵਤਿਆਂ, ਅਵਤਾਰਾਂ ਦੀ ਮੂਰਤੀ ਪੂਜਾ ਦਾ ਵਿਰੋਧ ਕੀਤਾ ਉਥੇ ਸਰਗੁਣ ਭਗਤੀ ਧਾਰਾ ਦੇ ਭਗਤ ਸਾਕਾਰ ਬ੍ਰਹਮ ਦੀ ਭਗਤੀ ਦੇ ਅਧੀਨ ਦੇਵੀ-ਦੇਵਤਿਆਂ ਦੀ ਮੂਰਤੀ ਪੂਜਾ ਤੇ ਅਵਤਾਰ-ਰੂਪ ਰਾਮ, ਕ੍ਰਿਸ਼ਨ ਆਦਿ ਦੀ ਪੂਜਾ ਵਿਚ ਦ੍ਰਿੜ ਵਿਸ਼ਵਾਸ ਦੇ ਧਾਰਨੀ ਸਨ।

ਨਿਰਗੁਣ ਧਾਰਾ ਦੇ ਸੰਤਾਂ, ਭਗਤਾਂ ਨੇ ਆਪਣੀਆਂ ਰਚਨਾਵਾਂ ਵਿਚ ਜਿੱਥੇ ਨਿਰਗੁਣ ਬ੍ਰਹਮ ਦੇ ਅਨੰਤ, ਅਗਮ, ਅਗੋਚਰ, ਅਕਾਲ, ਅਜੂਨੀ ਤੇ ਅਲਖ ਗੁਣਾਂ ਨੂੰ ਆਪਣੇ ਅਨੁਭਵ ਦੁਆਰਾ ਬਿਆਨ ਕਰਨ ਦੇ ਯਤਨ ਕੀਤੇ ਉੱਥੇ ਆਪਣੇ ਮੂਲ ਮਨੋਰਥ ਸੰਸਾਰਿਕ ਤੇ ਅਧਿਆਤਮਕ ਜਗਤ ਨੂੰ ਵੱਖੋ-ਵੱਖ ਕਰਕੇ ਨਹੀਂ, ਸਗੋਂ ਦੋਵਾਂ ਨੂੰ ਇਕੋ ਪੱਧਰ ਤੇ ਰੱਖਕੇ ਪੇਸ਼ ਕੀਤਾ। ਨਿਰਗੁਣ ਧਾਰਾ ਦੇ ਸੰਤਾਂ, ਭਗਤਾਂ ਵਿਚੋਂ ਕਬੀਰ, ਰਵਿਦਾਸ, ਨਾਮਦੇਵ, ਜੈਦੇਵ, ਪੀਪਾ, ਧੰਨਾ, ਰਾਮਾਨੰਦ, ਸੈਣ, ਸਿੱਖ ਗੁਰੂ ਆਦਿ ਹੋਏ ਜੋ ਭਾਰਤ ਦੇ ਵੱਖ ਵੱਖ ਪ੍ਰਾਂਤਾਂ, ਸਮੇਂ, ਸਥਾਨਾਂ ’ਤੇ ਵਸਦੇ ਹੋਏ ਵੀ ਵਿਚਾਰਾਂ ਪੱਖੋਂ ਇਤਿਹਾਸ ਵਿਚ ਏਕਤਾ ਦੀ ਲੜੀ ਵਿਚ ਪਰੋਏ ਹੋਏ ਹਨ।

ਇਸ ਤਰ੍ਹਾਂ ਸਰਗੁਣ ਭਗਤ ਕਵੀਆਂ ਦੁਆਰਾ ਜਿੱਥੇ ਰਾਮ, ਕ੍ਰਿਸ਼ਨ ਆਦਿ ਅਵਤਾਰਾਂ ਦੀ ਪੂਜਾ ਅਤੇ ਉਨ੍ਹਾਂ ਦੇ ਜੀਵਨ ਅਖਿਆਨਾਂ ਦੁਆਰਾ ਲੋਕਾਂ ਦੇ ਜੀਵਨ ਵਿਚ ਧਾਰਮਿਕ, ਸਮਾਜਕ ਪੱਖ ਤੋਂ ਸਦਾਚਾਰ, ਨੈਤਿਕ ਗੁਣਾਂ ਨੂੰ ਪ੍ਰਫੁਲਿਤ ਕਰਨ ਦੇ ਯਤਨ ਕੀਤੇ ਗਏ ਉਥੇ ਭਗਤੀ ਦੇ ਇਸ ਮਾਰਗ ਨੇ ਅਣਗਿਣਤ ਮੰਦਰਾਂ ਵਿਚ ਵੱਖ-ਵੱਖ ਦੇਵੀ-ਦੇਵਤਿਆਂ, ਅਵਤਾਰਾਂ ਦੀ ਪੂਜਾ, ਤੀਰਥਾਂ ਦਾ ਭ੍ਰਮਣ, ਵਰਤ, ਵਰਣ-ਆਸ਼ਰਮ ਅਤੇ ਹੋਰ ਵਾਧੂ ਕਰਮਕਾਂਡ ਆਦਿ ਮਾਨਤਾਵਾਂ ਵਿਚ ਅਥਾਹ ਵਾਧਾ ਕੀਤਾ। ਇਹੋ ਹੀ ਕਾਰਨ ਸੀ ਕਿ ਨਿਰਗੁਣ, ਸਰਗੁਣ ਭਗਤੀ ਦੀਆਂ ਇਨ੍ਹਾਂ ਦੋਵੇਂ ਧਾਰਾਵਾਂ ਵਿਚੋਂ ਨਿਰਗੁਣ ਭਗਤੀ ਧਾਰਾ ਦਾ ਸਮਾਜਕ ਕੁਰੀਤੀਆਂ ਨੂੰ ਦੂਰ ਕਰਨ ਵਿਚ ਮਹੱਤਵਪੂਰਨ ਯੋਗਦਾਨ ਰਿਹਾ। ਨਿਰਗੁਣ ਭਗਤੀ ਦੀ ਧਾਰਾ ਨੂੰ ਭਗਤ ਕਬੀਰ, ਰਵਿਦਾਸ, ਫਰੀਦ, ਰਾਮਾਨੰਦ, ਜੈਦੇਵ, ਤ੍ਰਿਲੋਚਨ, ਨਾਮਦੇਵ, ਆਦਿ ਭਗਤਾਂ ਦੇ ਸਮੇਂ ਹੀ ਅੰਦੋਲਨਕਾਰੀ ਹੁਲਾਰਾ ਮਿਲ ਚੁੱਕਾ ਸੀ ਜੋ ਅੱਗੇ ਚੱਲਕੇ ਗੁਰਮਤਿ ਭਗਤੀ ਵਿਚ ਪ੍ਰਵੇਸ਼ ਕਰਕੇ ਆਪਣੀ ਪੂਰਬ ਭਗਤੀ ਧਾਰਾ ਨਾਲੋਂ ਵਿਸ਼ੇਸ਼ ਤੇ ਵਿਲੱਖਣ ਰੂਪ ਅਖ਼ਤਿਆਰ ਕਰਦੀ ਹੋਈ, ਅਲੌਕਿਕ ਤੇ ਲੌਕਿਕ ਅਨੁਭਵਾਂ ਵਿਚ ਸੁਚੱਜਾ ਸੁਮੇਲ ਪੈਦਾ ਕਰਦੀ ਹੈ।

ਇਸ ਤਰ੍ਹਾਂ ਭਾਰਤ ਵਿਚ ਸਮੇਂ-ਸਮੇਂ, ਹਰ ਨਵੇਂ ਮਤ, ਵਿਚਾਰ ਜਾਂ ਸੰਪਰਦਾਇ ਦੀ ਇਹ ਅਵਸਥਾ ਰਹੀ ਹੈ ਕਿ ਜੇਕਰ ਕਿਸੇ ਧਰਮ, ਮਤ ਜਾਂ ਸੰਪ੍ਰਦਾਇ ਨੇ ਸਮਾਜਿਕ, ਧਾਰਮਿਕ, ਰਾਜਨੀਤਕ ਜਾਂ ਸਭਿਆਚਾਰਕ ਸਮੱਸਿਆਵਾਂ ਜਾਂ ਕੁਰੀਤੀਆਂ ਨੂੰ ਲੱਭਿਆ ਜਾਂ ਦੂਰ ਕਰਨ ਦੇ ਯਤਨ ਕੀਤੇ ਤਾਂ ਇਨ੍ਹਾਂ ਯਤਨਾਂ ਦੋਰਾਨ ਉਨ੍ਹਾਂ ਵਿਚ ਦੋ ਹੋਰ ਕੁਰੀਤੀਆਂ ਨੇ ਨਵਾਂ ਰੂਪ ਵਟਾ ਲਿਆ।

ਇਤਿਹਾਸਕ ਦ੍ਰਿਸ਼ਟੀ ਤੋਂ ਉਪਰੋਕਤ ਹਲਾਤ ਭਾਰਤ ਦੇ ਹਰ ਯੁੱਗ ਵਿਚ ਪੈਦਾ ਹੋਣ ਵਾਲੇ ਮਤ-ਮਤਾਂਤਰ ਜਾਂ ਸੰਪ੍ਰਦਾਇ ਵਿਚ ਪੈਦਾ ਹੁੰਦੇ ਰਹੇ ਹਨ ਪਰੰਤੂ ਇਨ੍ਹਾਂ ਯੁੱਗਾਂ ਦੇ ਨਾਲੋ-ਨਾਲ ਇਕ ਅਜਿਹੀ ਵਿਚਾਰਧਾਰਾ ਜਾਂ ਲਹਿਰ ਵੀ ਕਰਵਟ ਲੈਂਦੀ ਰਹੀ ਹੈ ਜੋ ਇਕ ਇਕ ਜਾਂ ਦੋ ਦੋ ਰਿਸ਼ੀਆਂ, ਆਚਾਰੀਆਂ, ਸਾਧੂ, ਫ਼ਕੀਰਾਂ, ਸੰਤਾਂ, ਭਗਤਾਂ ਨਾਲ ਅੱਗੇ ਵੱਧਦੀ ਰਹੀ ਹੈ। ਇਹੋ ਕਾਰਨ ਹੈ ਕਿ ਭਗਤੀ ਆਪਣੇ ਬੀਜ-ਰੂਪ ਤੋਂ ਲੈ ਕੇ ਮੱਧਕਾਲੀ ਭਾਰਤੀ ਧਰਮ ਚੇਤਨਾ ਤੱਕ, ਭਗਤੀ-ਭਾਵਨਾ ਤੋਂ ਭਗਤੀ-ਮਤ, ਭਗਤੀ-ਮਤ ਤੋਂ ਭਗਤੀ ਲਹਿਰ ਅਤੇ ਭਗਤੀ ਲਹਿਰ ਤੋਂ ਭਗਤੀ ਅੰਦੋਲਨ ਦਾ ਰੂਪ ਲੈ ਗਈ।

## ਗੁਰੂ ਗ੍ਰੰਥ ਸਾਹਿਬ ਵਿਚ 'ਭਗਤੀ' ਦਾ ਸੰਕਲਪ

ਜੇਕਰ ਇਕ ਪਾਸੇ ਮੱਧਕਾਲ ਵਿਚ ਆ ਕੇ ਭਗਤੀ ਧਾਰਾ, ਨਿਰਗੁਣ ਭਗਤੀ ਦੇ ਰੂਪ ਵਿਚ ਪ੍ਰਵਰਤਿਤ ਹੁੰਦੀ ਹੋਈ ਨਵੀਨ ਦਿਸ਼ਾਵਾਂ ਵੱਲ ਹੋ ਤੁਰਦੀ ਹੈ ਤਾਂ ਦੂਸਰੇ ਪਾਸੇ ਆਪਣੇ ਪੂਰਵਲੇ ਰੂਪ ਵਿਚ ਕਰਮਕਾਂਡ, ਮੂਰਤੀ-ਪੂਜਾ, ਅਵਤਾਰ-ਪੂਜਾ, ਸੰਨਿਆਸੀ-ਜੀਵਨ, ਜਾਤ-ਪਾਤ, ਵੇਦਾਂ, ਸ਼ਾਸਤਰਾਂ ਦੇ ਦਾਰਸ਼ਨਿਕ ਵਾਦ-ਵਿਵਾਦਾਂ ਆਦਿ ਦੇ ਨਾਲ ਨਾਲ ਕੁਝ ਹੋਰ ਵਾਧੇ ਕਰਦੀ ਜਾਂਦੀ ਹੈ ਅਤੇ ਇਸ ਦੀਆਂ ਬਹੁ-ਪ੍ਰਕਾਰੀ ਕੁਰੀਤੀਆਂ ਦਾ ਪ੍ਰਭਾਵ ਹਰ ਕਾਲ ਵਿਚ ਵੱਧਦਾ ਜਾਂ ਘੱਟਦਾ ਤਾਂ ਰਿਹਾ ਹੈ ਪਰੰਤੂ ਕਿਸੇ ਵੀ ਸਮੇਂ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਇਆ। ਇਵੇਂ ਹੀ ਮੱਧਕਾਲ ਵਿਚ ਵੀ ਵਾਪਰਦਾ ਹੈ।

ਮੱਧਕਾਲੀ ਸਮਾਜ ਦੀ ਧਾਰਮਿਕ ਸਥਿਤੀ ਅਨੁਸਾਰ ਜਿੱਥੇ ਹਿੰਦੂ ਧਰਮ ਅੰਦਰ ਮੂਰਤੀ-ਪੂਜਾ, ਅਵਤਾਰ-ਪੂਜਾ, ਜਾਤ-ਪਾਤ, ਆਸ਼ਰਮ ਵਿਵਸਥਾ, ਜਪ, ਤਪ, ਯੱਗ, ਬਲੀ, ਤੀਰਥ, ਵਰਤ ਆਦਿ ਕਰਮਕਾਂਡਾ ਦਾ ਬੋਲਬਾਲਾ ਸੀ ਉਥੇ ਦੂਸਰੇ ਪਾਸੇ ਇਸਲਾਮੀ ਧਰਮ ਦੇ ਪ੍ਰਭਾਵਾਂ ਅਤੇ ਮੁਸਲਿਮ ਬਾਦਸ਼ਾਹਾਂ ਦੇ ਜ਼ੁਲਮ ਆਦਿ ਸਥਿਤੀਆਂ ਵਿਚੋਂ ਲੰਘਦੇ ਆਮ ਲੋਕਾਂ ਦੀ ਸਥਿਤੀ ਸੰਤੋਖਜਨਕ ਦਿਖਾਈ ਨਹੀਂ ਦਿੰਦੀ। ਇਸ ਸਥਿਤੀ ਵਿਚ ਫਸੇ ਲੋਕ ਕਿਤੇ ਤਾਂ ਆਪਣੇ ਹੀ ਧਰਮਾਂ ਦੇ ਜਾਤੀ-ਪਾਤੀ, ਭੇਦ-ਭਾਵ, ਉਚ-ਨੀਚਤਾ ਦੇ ਸਤਾਏ ਇਸਲਾਮ ਕਬੂਲ ਕਰਦੇ ਸਨ ਅਤੇ ਕਿਤੇ ਜ਼ਬਰਦਸਤੀ ਇਸਲਾਮ ਵਿਚ ਖਿੱਚੇ ਜਾ ਰਹੇ ਸਨ। ਮੱਧਕਾਲੀਨ ਸਮਾਜ ਦੀ ਅਜਿਹੀ ਟੁੱਟ ਭੱਜ ਵਿਚੋਂ ਹੀ ਨਿਰੰਤਰ ਚੱਲੀ ਆ ਰਹੀ ਭਗਤੀਧਾਰਾ ਪੂਰਵਲੇ ਵਿਚਾਰਾਂ, ਸਿਧਾਂਤਾਂ ਤੋਂ ਵੱਖਰੇ ਦ੍ਰਿਸ਼ਟੀਕੋਣ ਅਪਣਾਉਂਦੀ ਹੋਈ ਨਵੀਨ ਦਸ਼ਾ ਦੇ ਦਿਸ਼ਾ ਵੱਲ ਅਗਰਸਰ ਹੁੰਦੀ ਹੈ। ਮੱਧਕਾਲ ਵਿਚ ਨਿਰਗੁਣ ਭਗਤੀ, ਗੁਰਮਤਿ ਭਗਤੀ ਦੇ ਨਾਂ ਨਾਲ ਜਾਣੀ ਜਾਣ ਲੱਗੀ। ਇਸ ਭਗਤੀ ਦਾ ਟੀਚਾ ਪੂਰਬਲੇ ਵਿਚਾਰਾਂ ਤੋਂ ਵੱਖਰਾ ਦਿਖਾਈ ਦਿੰਦਾ ਹੈ। ਇਹ ਆਪਣੀਆਂ ਸਮਕਾਲੀ ਸਮਾਜਕ ਹਾਲਤਾਂ

ਨਾਲ ਜੁੜਦੀ ਹੋਈ ਅਧਿਆਤਮਕ ਅਤੇ ਦੁਨਿਆਵੀ ਜੀਵਨ ਵਿਚ ਅਟੁੱਟ ਸਬੰਧ ਬਣਾਉਂਦੀ ਹੈ ਜਿਸ ਟੀਚੇ ਅਨੁਸਾਰ ਮਨੁੱਖ ਨੂੰ ਆਪਣੇ ਅਮਲੀ ਜੀਵਨ ਨੂੰ ਅਧਿਆਤਮਕ ਕੀਮਤਾਂ ਅਨੁਸਾਰ ਜਿਉਣਾ ਚਾਹੀਦਾ ਹੈ।

ਇਸ ਭਗਤੀ ਦੀਆਂ ਨੀਹਾਂ 11ਵੀਂ, 12ਵੀਂ, 13ਵੀਂ ਸਦੀ ਵਿਚ ਭਗਤ ਜੈਦੇਵ, ਸ਼ੇਖ ਫ਼ਰੀਦ, ਕਬੀਰ, ਰਵਿਦਾਸ, ਪੀਪਾ, ਸੈਣ, ਧੰਨਾ ਆਦਿ ਭਗਤਾਂ ਦੁਆਰਾ ਪਹਿਲਾਂ ਹੀ ਰੱਖ ਦਿੱਤੀਆਂ ਗਈਆਂ ਸਨ ਜਿਨ੍ਹਾਂ ਉਪਰ ਗੁਰਮਤਿ ਭਗਤੀ ਦਾ ਸੰਪੂਰਨ ਮਹਿਲ ਪਹਿਲੇ ਗੁਰੂ ਨਾਨਕ ਸਾਹਿਬ ਤੋਂ ਲੈ ਕੇ, ਦਸ ਗੁਰੂ ਸਾਹਿਬਾਨਾਂ ਨੇ ਤਿਆਰ ਕੀਤਾ। ਇਨ੍ਹਾਂ ਸੰਤਾਂ, ਭਗਤਾਂ, ਗੁਰੂਆਂ, ਫ਼ਕੀਰਾਂ ਦੀ ਰਚਨਾ ਨੂੰ 16ਵੀਂ ਸਦੀ ਵਿਚ ਪੰਜਵੇਂ ਪਾਤਸ਼ਾਹ ਵੱਲੋਂ 'ਗੁਰੂ ਗ੍ਰੰਥ ਸਾਹਿਬ' ਦਾ ਰੂਪ ਦਿੱਤਾ ਗਿਆ ਜਿਸ ਵਿਚ ਇਕ ਸੱਚਾ ਭਗਤ, ਸੱਚੀ ਭਗਤੀ ਦੁਆਰਾ ਸੱਚੇ ਗੁਰੂ ਦੀ ਸੰਗਤਿ[41], ਵਿਚ ਪ੍ਰਵੇਸ਼ ਕਰਦਾ ਹੈ ਅਤੇ ਪ੍ਰਭੂ ਦੀ ਸੱਚੀ ਸਿਫ਼ਤ-ਸਲਾਹ, ਪ੍ਰਭੂ ਦੇ ਨਾਮ ਸਿਮਰਨ, ਕੀਰਤਨ ਦੁਆਰਾ ਨਿਰਾਕਾਰ, ਅਗਮ, ਅਗੋਚਰ ਬ੍ਰਹਮ ਤੱਕ ਪਹੁੰਚ ਬਣਾਉਂਦਾ ਹੈ। ਇਸ ਹਾਲਤ ਵਿਚ ਪਹੁੰਚਿਆ ਭਗਤ, ਨਾਮ ਵਿਚ ਰੱਤਾ, ਮਾਇਆ ਤੋਂ ਨਿਰਲੇਪ, ਸਭ ਦੁੱਖਾਂ, ਰੋਗਾਂ-ਕਸ਼ਟਾਂ ਤੋਂ ਉਪਰ ਸਹਿਜ ਮਾਰਗ ਦਾ ਪਾਂਧੀ ਬਣਦਾ ਹੈ :

> ਐ ਜੀ ਨਾ ਹਮ ਉਤਮ ਨੀਚ ਨ ਮਧਿਮ ਹਰਿ ਸਰਣਾਗਤਿ ਹਰਿ ਕੇ ਲੋਗ।
> ਨਾਮ ਰਤੇ ਕੇਵਲ ਬੈਰਾਗੀ ਸੋਗ ਬਿਜੋਗ ਬਿਸਰਜਿਤ ਰੋਗ॥੧॥

(ਗੂਜਰੀ ਮਹਲਾ 1, ਪੰਨਾ-504-505)

ਗੁਰਮਤਿ ਵਿਚ ਜੋ ਪਰਿਭਾਸ਼ਾ ਸੱਚੇ 'ਭਗਤ' ਦੀ ਮਿਲਦੀ ਹੈ ਉਹ ਹੀ ਪਰਿਭਾਸ਼ਾ ਭਗਤ ਦੁਆਰਾ ਧਾਰਨ ਕੀਤੇ ਗੁਣਾਂ ਦੁਆਰਾ 'ਭਗਤੀ' ਦੀ ਮਿਲਦੀ ਹੈ :

> ਸੋ ਭਗਤੁ ਜੋ ਗੁਰਮੁਖਿ ਹੋਵੈ ਹਉਮੈ ਸਬਦਿ ਜਲਾਇਆ ਰਾਮ॥...
> ਗੁਣ ਅਉਗਣ ਪਛਾਣੈ ਹਰਿ ਨਾਮੁ ਵਖਾਣੈ ਭੈ ਭਗਤਿ ਮੀਠੀ ਲਾਗੀ॥
> ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਘਰ ਹੀ ਮਹਿ ਬੈਰਾਗੀ॥

(ਸੂਹੀ, ਮਹਲਾ 3, ਪੰਨਾ-768)

ਗੁਰਬਾਣੀ ਵਿਚ ਭਗਤ ਦੇ ਸਹਿਜ, ਸਰਲ, ਸੁਚੱਜੇ ਤੇ ਬਿਖਮ ਜੀਵਨ ਮਾਰਗ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ, ਜੋ ਸੰਸਾਰ ਤਿਆਗਣ ਦੀ ਬਜਾਏ, ਸੰਸਾਰ ਵਿਚ ਨਿਰਲੇਪ ਰਹਿਣ ਦੀ ਜੁਗਤ ਨੂੰ ਅਪਣਾਉਂਦੇ ਹੋਏ ਬਾਹਰੀ ਅਤੇ ਅੰਤਰੀਵੀ (ਆਤਮਕ) ਸੰਸਾਰ ਦੀ ਸਾਂਝ ਤੋਂ ਹੁੰਦਾ ਹੋਇਆ ਹਰੀ ਨਾਮੀ ਇਕੋ ਮੰਜ਼ਿਲ ਨੂੰ ਪ੍ਰਾਪਤ ਕਰਦਾ ਹੈ :

ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥
ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥

ਰਾਮਕਲੀ, ਮਹਲਾ 3, ਪੰਨਾ-918

ਇਸ ਤਰ੍ਹਾਂ ਗੁਰਮਤਿ ਭਗਤੀ ਮੱਧਕਾਲੀ ਸਮਾਜਕ, ਧਾਰਮਿਕ, ਰਾਜਨੀਤਕ ਤੇ ਸਭਿਆਚਾਰਕ ਚੇਤਨਾ ਦਾ ਵਡਮੁੱਲਾ ਖ਼ਜ਼ਾਨਾ ਹੈ। ਇਸ ਅਧੀਨ ਆਉਂਦੀ ਰਚਨਾ ਦਾ ਕਾਲ ਤਾਂ ਭਾਵੇਂ 11ਵੀਂ, 12ਵੀਂ ਸਦੀ ਤੋਂ ਲੈ ਕੇ 16ਵੀਂ, 17ਵੀਂ ਸਦੀ ਤਕ ਫੈਲਿਆ ਹੋਇਆ ਹੈ ਪਰੰਤੂ ਆਪਣੇ ਮੂਲ ਮਨੋਰਥ ਜਾਂ ਵਿਚਾਰਧਾਰਾ ਪੱਖ ਤੋਂ ਇਹ ਕਿਸੇ ਵਿਸ਼ੇਸ਼ ਸਮੇਂ, ਸਥਾਨ ਤੱਕ ਸੀਮਤ ਨਹੀਂ ਅਤੇ ਨਾ ਹੀ ਕਿਸੇ ਵਿਸ਼ੇਸ਼ ਵਿਅਕਤੀ, ਸਮੂਹ ਜਾਂ ਸਮਾਜ ਨੂੰ ਮੁਖ਼ਾਤਿਬ ਹੈ। ਇਹ ਤਾਂ ਸਰਬਕਾਲੀਨ ਤੇ ਸਰਬਸਾਂਝਾ ਮਾਰਗ ਬਣਾਉਂਦੀ ਹੋਈ ਸਤਸੰਗਤਿ, ਸੱਚੇ ਗੁਰੂ ਨੂੰ ਅਪਣਾਉਣ ਅਤੇ ਪ੍ਰਭੂ-ਪ੍ਰੇਮ, ਪ੍ਰਭੂ-ਪ੍ਰਾਪਤੀ ਲਈ, ਪ੍ਰੇਮਾ-ਭਗਤੀ ਦਾ ਅਜਿਹਾ ਮਾਰਗ ਦੱਸਦੀ ਹੈ ਜੋ ਸਭ ਚਿੰਤਾਵਾਂ ਤੋਂ ਮੁਕਤ, ਸੰਸਾਰਿਕ ਨਿਰਲੇਪਤਾ ਦੀ ਜੁਗਤ ਦੁਆਰਾ ਪ੍ਰਾਪਤ ਹੁੰਦਾ ਹੈ:

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥
ਹਸੰਦਿਆਂ ਖੇਲੰਦਿਆਂ ਪੈਨੰਦਿਆਂ ਖਾਵੰਦਿਆਂ ਵਿਚੇ ਹੋਵੈ ਮੁਕਤਿ॥੨॥

(ਗੂਜਰੀ, ਮਹਲਾ 5, ਪੰਨਾ-522)

ਗੁਰਬਾਣੀ ਵਿਚ ਥਾਂ-ਥਾਂ ਭਗਤੀ ਦੀ ਮਹੱਤਤਾ ਨੂੰ ਪ੍ਰਗਟਾਇਆ ਗਿਆ ਹੈ। ਭਾਵੇਂ ਗੁਰੂ ਗ੍ਰੰਥ ਸਾਹਿਬ ਵਿਚ ਤਿੰਨ ਪ੍ਰਮੁੱਖ ਅਧਿਆਤਮਕ ਅਨੁਸ਼ਾਸ਼ਨਾਂ ਗਿਆਨਯੋਗ, ਕਰਮਯੋਗ ਅਤੇ ਭਗਤੀਯੋਗ ਦਾ ਸੁੰਦਰ ਸੁਮੇਲ ਪ੍ਰਾਪਤ ਹੁੰਦਾ ਹੈ ਪਰੰਤੂ ਪੁਰਾਣਾਂ ਵਿਚ 'ਨਵ-ਲਖਸ਼ਣਾ' (ਨੌਂ ਪ੍ਰਕਾਰ ਦੀ) ਭਗਤੀ ਦੇ ਅੰਤਰਗਤ ਸ੍ਰਵਣ, ਕੀਰਤਨ, ਸਿਮਰਨ, ਪਾਦਸੇਵਨ, ਅਰਚਨ, ਵੰਦਨ, ਦਾਸ, ਸਖਾ ਅਤੇ ਆਤਮ ਨਿਵੇਦਨ ਭਗਤੀ ਨੂੰ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਉਸੇ ਰੂਪ ਵਿਚ ਕੋਈ ਤਰਜੀਹ ਨਾ ਦਿੰਦੇ ਹੋਏ ਇਸਨੂੰ ਨਿਰਗੁਣ ਹਰੀ ਦੇ ਨਾਮ ਲਈ ਨਵੀਨ ਅਰਥਾਂ ਵਿਚ ਪੇਸ਼ ਕੀਤਾ ਹੈ। ਜਿਸ ਦਾ ਸੰਖੇਪ ਅਧਿਐਨ ਇਸ ਪ੍ਰਕਾਰ ਹੈ:

**ਸ੍ਰਵਣ ਭਗਤੀ :** ਸ੍ਰਵਣ ਭਗਤੀ ਨੂੰ ਭਗਤੀ ਦੀ ਪੌੜੀ ਦਾ ਪਹਿਲਾ ਡੰਡਾ ਮੰਨਿਆ ਜਾਂਦਾ ਹੈ। ਪ੍ਰਭੂ ਦੇ ਨਾਮ, ਗੁਣਾਂ ਨੂੰ ਸੁਣਨਾ, ਸੁਣਕੇ ਮੰਨਣਾ ਹੀ ਸ੍ਰਵਣ ਭਗਤੀ ਹੈ ਜਿਸ ਦੁਆਰਾ ਮਨ ਸਹਿਜ ਅਵਸਥਾ ਵਿਚ ਟਿਕ ਜਾਂਦਾ ਹੈ :

(ੳ) ਜਿਨ ਸੁਣਿ ਸਿਖਾ ਗੁਰੁ ਮੰਨਿਆ ਤਿਨਾ ਭੁਖ ਸਭ ਜਾਵੀ॥੧੮॥

(ਤਿਲੰਗ, ਮਹਲਾ-4, ਪੰਨਾ 726)

(ਅ) ਸੁਨਿ ਉਪਦੇਸੁ ਹਿਰਦੈ ਬਸਾਵਹੁ॥

ਮਨ ਇਛੇ ਨਾਨਕ ਫਲ ਪਾਵਹੁ॥ (ਗਉੜੀ, ਮਹਲਾ 5, ਪੰਨਾ-293)

**ਕੀਰਤਨ ਭਗਤੀ :** ਭਗਵਾਨ ਦੇ ਨਾਮ, ਗੁਣ, ਮਹਾਤਮ ਲੀਲ੍ਹਾ, ਭਗਵਤ ਭਗਤੀ ਦੇ ਜਸ ਦਾ ਪ੍ਰੇਮ ਅਤੇ ਸ਼ਰਧਾ ਨਾਲ ਕਥਨ, ਉਸਤਤੀ, ਉੱਚੇ ਸੁਰ ਨਾਲ ਪਾਠ ਅਤੇ ਗਾਇਨ ਕਰਨਾ ਕੀਰਤਨ ਅਖਵਾਉਂਦਾ ਹੈ।[42] ਰਾਗ, ਲੈਅ ਆਦਿ ਸੰਗੀਤਕ ਗੁਣਾਂ ਨਾਲ ਸੰਗੀਤ ਦੁਆਰਾ ਕੀਤੀ ਜਾਣ ਵਾਲੀ ਪ੍ਰਭੂ ਦੀ ਉਸਤਤਿ ਨੂੰ ਹੀ ਕੀਰਤਨ ਭਗਤੀ ਕਿਹਾ ਜਾਂਦਾ ਹੈ। ਗੁਰਬਾਣੀ ਵਿਚ ਕੀਰਤਨ ਭਗਤੀ ਉਪਰ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। ਕਿਉਂਕਿ ਰਾਗ ਵਿਚ ਕੀਤੀ ਪਰਮਾਤਮਾ ਦੀ ਉਸਤਤੀ, ਆਤਮਾ ਦੀ ਸ਼ਾਂਤੀ ਤੇ ਮਨ ਦੀ ਤ੍ਰਿਪਤੀ ਲਈ ਇਕ ਉੱਤਮ ਸਾਧਨ ਹੈ। ਗੁਰੁ ਗ੍ਰੰਥ ਸਾਹਿਬ ਦੀ ਬਾਣੀ ਰਾਗ ਪ੍ਰਧਾਨ ਹੈ। ਜਿਸ ਕਰਕੇ ਇਸ ਵਿਚ ਪ੍ਰਮੁੱਖ ਸੁਰ ਕੀਰਤਨ ਭਗਤੀ ਦੀ ਹੀ ਉੱਭਰਦੀ ਹੈ :

(ੳ) ਕਥਾ ਕੀਰਤਨੁ ਰਾਗ ਨਾਦ ਧੁਨਿ ਇਹੁ ਬਨਿਓ ਸੁਆਉ॥...

(ਬਿਲਾਵਲੁ, ਮਹਲਾ 5, ਪੰਨਾ-818)

(ਅ) ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ॥ ਤਿਸੁ ਜਨ ਦੂਖੁ ਨਿਕਟਿ ਨਹੀ ਆਵੈ॥੨॥...

(ਗਉੜੀ, ਮਹਲਾ 5, ਪੰਨਾ-190)

**ਸਿਮਰਨ ਭਗਤੀ :** ਗੁਰੂ ਗ੍ਰੰਥ ਸਾਹਿਬ ਵਿਚ ਸ੍ਰਵਣ, ਕੀਰਤਨ ਅਤੇ ਸਿਮਰਨ ਭਗਤੀ, ਪ੍ਰਭੂ-ਪ੍ਰਾਪਤੀ ਦਾ ਪ੍ਰਮੁੱਖ ਆਧਾਰ ਹੈ। ਪ੍ਰਭੂ ਦੇ ਨਾਮ ਦਾ ਜਸ ਗਉਣਾ, ਸੁਣਨਾ ਅਤੇ ਸੁਣਕੇ ਮੰਨਣਾ ਹੀ ਸ੍ਰਵਣ, ਕੀਰਤਨ ਤੇ ਸਿਮਰਨ ਭਗਤੀ ਹੈ। ਬਾਣੀਕਾਰਾਂ ਅਨੁਸਾਰ, ਪਰਮਾਤਮਾ ਦਾ ਜਸ ਗਾਉਣ ਜਾਂ ਕੀਰਤਨ ਕਰਨ ਨਾਲ, ਪ੍ਰਭੂ ਸਿਮਰਨ ਵਿਚ ਲੀਨ ਹੋਣ ਨਾਲ ਜਿੱਥੇ ਪ੍ਰਭੂ-ਪ੍ਰਾਪਤੀ ਦੀ ਮੰਜ਼ਿਲ ਦੀ ਪਹਿਲੀ ਪੌੜੀ ਨੂੰ ਪਾਰ ਕੀਤਾ ਜਾ ਸਕਦਾ ਹੈ, ਉਥੇ ਮਨੁੱਖੀ ਮਨ ਵਿਚ ਸ਼ਾਂਤੀ, ਮਨ ਵਿਚ ਖੁਸ਼ੀ ਦਾ ਪ੍ਰਵੇਸ਼ ਅਤੇ ਦੁੱਖਾਂ, ਰੋਗਾਂ, ਚਿੰਤਾਵਾਂ ਤੋਂ ਛੁਟਕਾਰਾ ਮਿਲਦਾ ਹੈ :

ਜਹਾ ਸ੍ਰਵਨ ਹਰਿ ਕਥਾ ਨ ਸੁਨੀਐ ਤਹ ਮਹਾ ਭਇਆਨ ਉਦਿਆਨਦ॥

ਜਹਾਂ ਕੀਰਤਨੁ ਸਾਧਸੰਗਤਿ ਰਸੁ ਤਹ ਸਘਨ ਬਾਸ ਫਲਾਂਨਦ॥

ਬਿਨੁ ਸਿਮਰਨ ਕੋਟਿ ਬਰਖ ਜੀਵੈ ਸਗਲੀ ਅਉਧ ਬ੍ਰਿਥਾਨਦ॥...

(ਸਾਰੰਗ, ਮਹਲਾ 5, ਪੰਨਾ-1204)

**ਪਾਦ ਸੇਵਨ ਭਗਤੀ :** ਪਾਦਸੇਵਨ ਭਗਤੀ ਤੋਂ ਭਾਵ ਆਪਣੇ ਇਸ਼ਟ ਦੇ ਚਰਣਾਂ ਵਿਚ ਸ਼ਰਧਾ ਪੂਰਵਕ ਧਿਆਨ ਧਰਕੇ ਸੇਵਾ ਕਰਨ ਤੋਂ ਹੈ। ਪਾਦਸੇਵਨ ਭਗਤੀ ਦੇ ਨਿਰਗੁਣ ਤੇ ਸਰਗੁਣ ਭਗਤੀ ਮੁਤਾਬਿਕ ਵੱਖਰੇ ਅਰਥ ਲਏ ਜਾਂਦੇ ਹਨ। ਜਿੱਥੇ ਸਰਗੁਣ ਭਗਤੀ ਦੇ ਸਮਰਥਕਾਂ ਦੁਆਰਾ ਭਗਵਾਨ ਦੇ ਪ੍ਰਤੱਖ ਸਰੂਪ ਭਾਵ ਮੂਰਤੀ ਨੂੰ ਆਧਾਰ ਮੰਨ ਕੇ, ਉਸਦੇ ਚਰਨਾਂ ਵਿਚ ਬੈਠਕੇ ਭਗਤੀ ਕਰਨ ਦਾ ਉਪਦੇਸ਼

ਮਿਲਦਾ ਹੈ ਉਥੇ ਗੁਰਮਤਿ ਭਗਤੀ ਵਿਚ ਕਿਸੇ ਦੇਵੀ-ਦੇਵਤੇ ਦੀ ਮੂਰਤੀ ਦੇ ਚਰਨਾਂ ਦੀ ਬਜਾਏ ਨਿਰਅਕਾਰ ਬ੍ਰਹਮ ਵਿਚ ਧਿਆਨ ਧਰਨ ਤੇ ਜ਼ੋਰ ਦਿੱਤਾ ਗਿਆ ਹੈ। ਸੋ ਬਾਣੀ ਵਿਚ ਕਿਸੇ ਮੂਰਤੀ ਦੇ ਚਰਨਾਂ ਦੀ ਥਾਂ ਬ੍ਰਹਮ ਗਿਆਨੀ ਜਾਂ ਗੁਰੂ ਦੇ ਚਰਨਾਂ ਦੀ ਧੂੜ ਤੇ ਚਰਨਾਂ ਦੀ ਸੇਵਾ ਦਾ ਹੀ ਉਪਦੇਸ਼ ਮਿਲਦਾ ਹੈ :

ਚਰਨ ਕਮਲ ਕਾ ਆਸਰਾ ਦੂਜਾ ਨਾਹੀ ਠਾਉ॥
ਮੈ ਧਰ ਤੇਰੀ ਪਾਰਬ੍ਰਹਮ ਤੇਰੈ ਤਾਣਿ ਰਹਾਉ॥

(ਸਿਰੀਰਾਗ, ਮਹਲਾ 5, ਪੰਨਾ-46)

**ਅਰਚਨ ਭਗਤੀ :** ਸਰਗੁਣ ਭਗਤੀ ਦੇ ਵਿਚਾਰਕਾਂ ਅਨੁਸਾਰ, ਭਗਵਾਨ ਦੀ ਮੂਰਤੀ ਦੇ ਇਸ਼ਨਾਨ ਤੇ ਪੂਜਾ ਲਈ ਸੁਗੰਧ, ਚੰਦਨ, ਫੁੱਲ ਆਦਿ ਅਰਪਿਤ ਕਰਨਾ ਅਰਚਨ ਭਗਤੀ ਅਖਵਾਉਂਦੀ ਹੈ ਜਦੋਂ ਕਿ ਗੁਰਮਤਿ ਭਗਤੀ ਵਿਚ ਮੂਰਤੀ ਪੂਜਾ ਦੀ ਕਰੜੀ ਵਿਰੋਧਤਾ ਤਾਂ ਹੈ ਹੀ, ਨਾਲ ਹੀ ਅਜਿਹੀ ਬਾਹਰੀ ਕਰਮਕਾਂਡਾਂ ਨਾਲ ਭਰਪੂਰ ਸਥੂਲ ਭਗਤੀ ਨੂੰ ਨਕਾਰ ਕੇ ਕੇਵਲ ਸ੍ਰਿਸ਼ਟੀ ਵਿਚ ਬ੍ਰਹਮ ਨੂੰ ਵਿਆਪਕ ਜਾਣਕੇ ਉਸਦੀ ਮਾਨਸਿਕ ਅਰਚਨ ਭਗਤੀ ਦੀ ਪ੍ਰੇਰਨਾ ਮਿਲਦੀ ਹੈ :

ਤੇਰੀ ਮੂਰਤਿ ਏਕਾ ਬਹੁਤੁ ਰੂਪ॥ ਕਿਸੁ ਪੂਜ ਚੜਾਵਉ ਦੇਉ ਧੂਪ॥
ਤੇਰਾ ਅੰਤੁ ਨ ਪਾਇਆ ਕਹਾ ਪਾਇ॥ ਤੇਰਾ ਦਾਸਨਿ ਦਾਸਾ ਕਹਉ ਰਾਇ॥੨॥

(ਬਸੰਤ, ਮਹਲਾ 1, ਪੰਨਾ-1168)

ਗੁਰਮਤਿ ਭਗਤੀ ਵਿਚ ਪੂਰੀ ਕਾਇਨਾਤ ਵਿਚ ਪ੍ਰਮਾਤਮਾ ਦੀ ਸੱਚੀ ਤੇ ਸਦੀਵੀ ਹੋ ਰਹੀ ਆਰਤੀ ਵਿਚ ਸ਼ਾਮਿਲ ਹੋਣ ਤੇ ਅਨੁਭਵ ਕਰਨ ਦਾ ਵਿਚਾਰ ਮਿਲਦਾ ਹੈ। ਇਸ ਭਗਤੀ ਦਾ ਅਨੁਭਵ, ਪ੍ਰਭੂ ਦੀ ਸਰਬ ਵਿਆਪਕਤਾ ਨੂੰ ਜਾਨਣ ਵਾਲਾ ਭਗਤ ਹੀ ਕਰ ਸਕਦਾ ਹੈ :

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥੧॥
ਕੈਸੀ ਆਰਤੀ ਹੋਇ॥ ਭਵ ਖੰਡਨਾ ਤੇਰੀ ਆਰਤੀ॥...

(ਧਨਾਸਰੀ, ਮਹਲਾ 1, ਪੰਨਾ-13)

**ਵੰਦਨ ਭਗਤੀ :** ਸਰਗੁਣ ਭਗਤੀ ਵਿਚ ਵੰਦਨ ਭਗਤੀ ਦਾ ਸਬੰਧ ਮੂਰਤੀ-ਪੂਜਾ ਦੌਰਾਨ ਦੇਵਤੇ ਦੀ ਮੂਰਤੀ ਅੱਗੇ ਡੰਡਉਤ ਬੰਦਨਾ ਜਾਂ ਨਮਸਕਾਰ ਕਰਨ ਨਾਲ ਹੈ। ਜਦੋਂ ਕਿ ਗੁਰਮਤਿ ਭਗਤੀ ਵਿਚ ਇਸ ਦਾ ਅਰਥ ਡੰਡਉਤ ਬੰਧਨਾ ਜਾਂ ਨਮਸਕਾਰ ਕਿਸੇ ਮੂਰਤੀ ਦੀ ਬਜਾਏ ਪ੍ਰਭੂ ਦੇ ਨਿਰਗੁਣ ਸਰੂਪ ਦੇ ਅਰਥਾਂ ਵਿਚ ਲਿਆ ਜਾਂਦਾ ਹੈ। ਸਰਬ ਵਿਆਪਕ ਸ੍ਰਿਸ਼ਟੀ ਦੇ ਕਣ ਕਣ ਵਿਚ ਸਮਾਏ ਹੋਏ ਬ੍ਰਹਮ ਦੀ ਸਮੁੱਚੀ ਸ੍ਰਿਸ਼ਟੀ ਰਚਨਾ ਨੂੰ ਵੇਖਕੇ ਜਦ ਮਨ ਸ਼ਾਂਤ, ਸਹਿਜ, ਸਤਿ ਵਿਚ ਲੀਨ ਤੇ

ਅਨੰਦਿਤ ਹੋ ਉੱਠਦਾ ਹੈ ਤਾਂ ਉਸ ਤੋਂ ਵੱਡੀ ਵੰਦਨ ਭਗਤੀ ਕੀ ਹੋ ਸਕਦੀ ਹੈ? ਇਸ ਲਈ ਗੁਰਮਤਿ ਭਗਤੀ ਅਨੁਸਾਰ ਪ੍ਰਭੂ ਵਿਚ ਪੂਰਨ ਵਿਸ਼ਵਾਸ, ਉਸਦੇ ਹੁਕਮ, ਉਸਦੇ ਅਸੀਮ, ਅਗੰਮ, ਅਲਖ ਅਗੋਚਰ ਸਰੂਪ ਦਾ ਧਿਆਨ ਹੀ ਵੰਦਨ ਭਗਤੀ ਹੈ :

ਸਫਲ ਦਰਸਨੁ ਤੁਮਰਾ ਪ੍ਰਭ ਪ੍ਰੀਤਮ ਚਰਨ ਕਮਲ ਆਨੂਪ॥
ਅਨਿਕ ਬਾਰ ਕਰਉ ਤਿਹ ਬੰਧਨ ਮਨਹਿ ਚਰ੍ਹਾਵਉ ਧੂਪ॥੧॥...

(ਜੈਤਸਰੀ, ਮਹਲਾ 5, ਪੰਨਾ-701)

**ਦਾਸ ਭਗਤੀ :** ਦਾਸ ਭਗਤੀ ਤੋਂ ਭਾਵ ਆਪਣੇ ਆਪ ਨੂੰ ਨਿਮਾਣਾ, ਨਿਤਾਣਾ ਦਾਸ ਤੇ ਭਿਖਾਰੀ ਮੰਨਕੇ, ਆਪਣੇ ਪ੍ਰਭੂ ਨੂੰ ਸੁਆਮੀ ਮਾਲਕ ਮੰਨਣ ਤੋਂ ਹੈ। ਗੁਰਬਾਣੀ ਵਿਚ ਜਿਸ ਤਰ੍ਹਾਂ ਦੇ ਸੱਚੇ ਭਗਤ ਅਤੇ ਸੱਚੀ ਭਗਤੀ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ ਉਹ ਆਪਣੇ-ਆਪ ਵਿਚ ਇਕ ਮਿਸਾਲ ਹੈ। ਇਸ ਮਹਾਨ ਬਾਣੀ ਵਿਚਲਾ ਸੱਚਾ ਭਗਤ ਜਿੱਥੇ ਨਿਰਗੁਣ-ਬ੍ਰਹਮ ਨੂੰ ਸੰਪੂਰਨ ਸ੍ਰਿਸ਼ਟੀ ਦਾ ਸੁਆਮੀ, ਮਾਲਕ ਮੰਨਦਾ ਹੈ, ਉਥੇ ਉਹ ਖ਼ੁਦ ਬ੍ਰਹਮ ਦਾ ਦਾਸ ਜਾਂ ਸੇਵਕ ਅਖਵਾ ਕੇ, ਹਿਰਦੇ ਅੰਦਰ ਆਨੰਦ ਦਾ ਅਨੁਭਵ ਕਰਦਾ ਹੈ :

ਭਗਤ ਕਰਨਿ ਹਰਿ ਚਾਕਰੀ ਜਿਨੀ ਅਨਦਿਨੁ ਨਾਮੁ ਧਿਆਇਆ॥
ਦਾਸਨਿ ਦਾਸ ਹੋਇ ਕੈ ਜਿਨੀ ਵਿਚਹੁ ਆਪੁ ਗਵਾਇਆ॥...

(ਮਾਝ, ਮਹਲਾ 1, ਪੰਨਾ-145)

ਇਸ ਆਨੰਦ ਦੀ ਪ੍ਰਾਪਤੀ ਲਈ ਕਿਉਂਕਿ ਉਹ (ਭਗਤ) ਸਿੱਧਾ ਕੁੱਝ ਵੀ ਪ੍ਰਾਪਤ ਨਹੀਂ ਕਰਦਾ, ਸਗੋਂ ਗੁਰੂ ਉਸਨੂੰ ਬ੍ਰਹਮ ਦੀ ਨੇੜਤਾ ਲਈ ਗਿਆਨਮਈ ਅੰਜਨ ਪ੍ਰਦਾਨ ਕਰਦਾ ਹੈ। ਇਸ ਲਈ ਉਹ ਗੁਰੂ, ਬ੍ਰਹਮ ਵਿਚ ਅਭੇਦਤਾ ਦਾ ਅਨੁਭਵ ਕਰਦਾ ਹੋਇਆ ਬ੍ਰਹਮ ਅਤੇ ਗੁਰੂ ਦਾ ਦਾਸ ਅਖਵਾ ਕੇ ਮਾਣ ਪ੍ਰਾਪਤ ਕਰਦਾ ਹੈ :

(ੳ) ਤੂੰ ਮੇਰਾ ਕਰਤਾ ਹਉ ਸੇਵਕੁ ਤੇਰਾ॥...

(ਆਸਾ, ਮਹਲਾ 5, ਪੰਨਾ-389)

(ਅ) ਸਤਿਗੁਰੁ ਪੂਜਉ ਸਦਾ ਸਦਾ ਮਨਾਵਉ॥
ਐਸੀ ਸੇਵ ਦਰਗਹ ਸੁਖੁ ਪਾਵਉ॥੩॥ (ਭੈਰਉ, ਕਬੀਰ, ਪੰਨਾ-1158)

ਗੁਰਮਤਿ ਭਗਤੀ ਵਿਚ ਦਾਸ ਭਗਤੀ ਦੇ ਨਾਲ ਸੇਵਾ ਦਾ ਭਾਵ ਵਿਸ਼ੇਸ਼ ਮਹੱਤਵ ਰੱਖਦਾ ਹੈ। ਸੇਵਾ ਉਹ ਉੱਤਮ ਕਾਰਜ ਹੈ ਜਿਸ ਤੋਂ ਬਿਨਾਂ ਕਿਸੇ ਸੁੱਖ, ਸ਼ਾਂਤੀ ਜਾਂ ਫਲ ਦੀ ਪ੍ਰਾਪਤੀ ਸੰਭਵ

ਨਹੀਂ। ਦਾਸ ਭਗਤੀ ਵਿਚ 'ਸੇਵਾ' ਦਾ ਸੰਕਲਪ ਸਿੱਧਾ ਸਮਾਜ ਨਾਲ ਜਾ ਜੁੜਦਾ ਹੈ ਜਦੋਂ ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ :

ਵਿਚਿ ਦੁਨੀਆ ਸੇਵ ਕਮਾਈਐ॥

ਦਰਗਹ ਬੈਸਣੁ ਪਾਈਐ॥... (ਸਿਰੀਰਾਗੁ, ਮਹਲਾ 1, ਪੰਨਾ-26)

**ਸਖਾ ਭਗਤੀ :** "ਦਾਸ ਭਗਤੀ ਪ੍ਰਭੂ ਅਤੇ ਭਗਤ ਵਿਚਾਲੇ ਪਏ ਪਾੜੇ ਨੂੰ ਦੂਰ ਕਰਦੀ ਹੈ। ਜਦੋਂ ਇਹ ਪਾੜਾ ਲਗਭਗ ਖ਼ਤਮ ਹੋ ਜਾਂਦਾ ਹੈ ਅਤੇ ਪ੍ਰਭੂ ਤੇ ਭਗਤ ਵਿਚਾਲੇ ਅਤਿ ਦੀ ਨੇੜਤਾ ਆ ਜਾਂਦੀ ਹੈ, ਉਦੋਂ ਸਖਾ ਭਗਤੀ ਦਾ ਖੇਤਰ ਸ਼ੁਰੂ ਹੁੰਦਾ ਹੈ। ਸੇਵਾ ਭਾਵ ਉਂਝ ਇਸ ਭਗਤੀ ਵਿਚ ਵੀ ਬਣਿਆ ਰਹਿੰਦਾ ਹੈ।"[43] ਸਖਾ ਭਗਤੀ ਦਾ ਸੰਬੰਧ ਪੂਰਬ ਮੱਧਕਾਲ ਵਿਚ ਕਿਸੇ ਕੁਦਰਤੀ ਦੇਵੀ-ਦੇਵਤੇ ਤੋਂ ਲੈ ਕੇ ਮੰਦਰਾਂ ਵਿਚ ਸਥਾਪਿਤ ਮੂਰਤੀ-ਪੂਜਾ ਅਤੇ ਅਵਤਾਰਵਾਦੀ ਪੂਜਾ ਨਾਲ ਜੁੜਿਆ ਹੋਇਆ ਹੈ ਪਰੰਤੂ ਗੁਰਮਤਿ ਭਗਤੀ ਵਿਚ ਇਸਦੇ ਅਰਥ ਨਿਰਗੁਣ ਬ੍ਰਹਮ ਸਬੰਧੀ ਹੀ ਲਏ ਗਏ ਹਨ। ਗੁਰਬਾਣੀ ਵਿਚ ਸ੍ਰੇਸ਼ਠ, ਪ੍ਰਕਿਰਤੀ ਦੇ ਰਚਨਹਾਰੇ ਅਸੀਮ ਪ੍ਰਮਾਤਮਾ ਨਾਲ ਸਖਾ ਜਾਂ ਮਿੱਤਰਤਾ ਵਾਲੇ ਸਬੰਧ ਦੇ ਨਾਲ-ਨਾਲ ਭਗਤ ਦੇ ਪ੍ਰਭੂ-ਪ੍ਰੇਮ ਨੂੰ ਸਮਾਜਕ ਜੀਵਨ ਵਿਚ ਮਾਤਾ, ਪਿਤਾ, ਪਤੀ, ਭਰਾ ਆਦਿ ਅਤਿ ਨੇੜਲੇ ਰਿਸ਼ਤਿਆਂ ਦੇ ਪ੍ਰੇਮ ਭਾਵਾਂ ਦੁਆਰਾ ਵੀ ਪ੍ਰਗਟ ਕੀਤਾ ਗਿਆ ਹੈ :

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ॥

ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥

ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ॥੧॥

(ਮਾਝ, ਮਹਲਾ 5, ਪੰਨਾ-103)

**ਆਤਮ-ਨਿਵੇਦਨ ਭਗਤੀ :** ਆਤਮ-ਨਿਵੇਦਨ ਤੋਂ ਭਾਵ ਆਪਣੇ ਆਪ ਨੂੰ ਤਨ, ਮਨ ਤੋਂ ਆਪਣੇ ਇਸ਼ਟ, ਪ੍ਰਭੂ ਪਰਮਾਤਮਾ ਨੂੰ ਸਮਰਪਣ ਕਰ ਦੇਣਾ। ਗੁਰੂ ਗ੍ਰੰਥ ਸਾਹਿਬ ਵਿਚ ਭਗਤੀ ਦਾ ਇਕ ਵਿਸ਼ੇਸ਼ ਪਹਿਲੂ ਨਿਰਾਕਾਰ ਤੇ ਨਿਰਗੁਣ ਬ੍ਰਹਮ ਦੀ ਸੱਤਾ ਸਾਹਮਣੇ ਆਤਮ-ਸਮਰਪਣ ਕਰਨ ਦਾ ਹੈ। ਆਤਮ ਸਮਰਪਣ ਦੀ ਭਾਵਨਾ ਸਦਕਾ ਹੀ ਜੀਵ ਆਪਣੇ ਅੰਦਰ-ਬਾਹਰ, ਸਭ ਥਾਂ ਬ੍ਰਹਮ ਦੀ ਹੋਂਦ ਨੂੰ ਅਨੁਭਵ ਕਰਦਾ ਹੈ ਅਤੇ ਇਸ ਅਨੁਭਵ ਨਾਲ ਹੀ ਉਸਨੂੰ ਦੁਨਿਆਵੀ ਜੀਵਨ ਜਿਉਣ ਦੀ ਜਾਚ ਅਤੇ ਪ੍ਰਭੂ ਭਗਤੀ ਵਿਚ ਲੀਨਤਾ ਦਾ ਬਲ ਪ੍ਰਾਪਤ ਹੁੰਦਾ ਹੈ। "ਵਿਵੇਕ ਬੁੱਧੀ, ਗੁਰਮਤ ਵਿਚ ਸਮਰਪਣ ਦੇ ਨਾਲ ਵੀ ਬਣੀ ਰਹਿੰਦੀ ਹੈ। ਗੁਰੂ ਗ੍ਰੰਥ ਸਾਹਿਬ ਦਾ ਚਿੰਤਨ ਸ਼ਰਧਾ, ਪ੍ਰੇਮ, ਅਨਿੰਨ, ਸਮਰਪਣ ਆਦਿ ਸਭਨਾਂ ਨੂੰ ਪਰਵਾਨ ਕਰਦਾ ਹੈ। ਪਰੰਤੂ ਅੰਧਾ-ਧੁੰਦ ਅਨੁਕਰਣ ਦੇ ਰੂਪ ਵਿਚ ਨਹੀਂ, ਇੱਥੇ ਚੇਤੰਨ ਵਿਵੇਕ ਤੇ ਬੁੱਧੀ ਦੇ ਰੂਪ ਵਿਚ ਹੀ ਇਨ੍ਹਾਂ ਦੀ ਪਰਵਾਨਗੀ ਮੰਨੀ ਗਈ ਹੈ।"[44]

ਭਗਤ ਕਬੀਰ ਐਸੀ ਚੇਤੰਨ ਬੁੱਧੀ ਵਿਚੋਂ ਗੁਜ਼ਰਦੇ ਹੋਏ ਹੀ ਆਪਣਾ ਸਭ ਕੁੱਝ ਅਜਿਹੇ ਬ੍ਰਹਮ ਅੱਗੇ ਅਰਪਣ ਕਰਦੇ ਹਨ ਜੋ ਬ੍ਰਹਮ ਪੂਰਨ ਬ੍ਰਹਿਮੰਡ ਦਾ ਨਿਵਾਸੀ ਹੈ :

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥੨੦੩॥

(ਸਲੋਕ, ਕਬੀਰ, ਪੰਨਾ-1375)

ਇਸ ਤਰ੍ਹਾਂ ਕਿਹਾ ਸਕਦਾ ਹੈ ਕਿ ਮੱਧਕਾਲ ਵਿਚ ਸਥਾਪਤ ਗੁਰੂ ਗ੍ਰੰਥ ਸਾਹਿਬ ਵਿਚ ਉੱਘੜਦੀ ਗੁਰਮਤਿ-ਭਗਤੀ ਦਾ ਰੂਪ, ਪੂਰਬਲੇ ਭਗਤੀ ਸਿਧਾਂਤਾਂ, ਵਿਚਾਰਾਂ ਤੋਂ ਵੱਖਰਾ ਅਤੇ ਵਿਹਾਰਕ ਜੀਵਨ ਨਾਲ ਵਧੇਰੇ ਸਬੰਧ ਰੱਖਦਾ ਹੈ। ਭਾਵੇਂ ਪੂਰਵ ਮੱਧਕਾਲ ਵਿਚ ਭਗਤੀ ਨੂੰ ਕਈ ਪ੍ਰਕਾਰਾਂ (ਵਿਸ਼ੇਸ਼ ਨੌਂ ਪ੍ਰਕਾਰਾਂ) ਵਿਚ ਵੰਡਿਆ ਮਿਲਦਾ ਹੈ ਪਰੰਤੂ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਭੂ-ਭਗਤੀ ਨੂੰ ਕਿਸੇ ਪ੍ਰਕਾਰ ਵਿਚ ਵੰਡਣ ਦੀ ਬਜਾਏ ਗੁਰਮੁੱਖ, ਭਗਤ ਦੁਆਰਾ ਪ੍ਰਗਟ ਪ੍ਰੇਮਮਈ ਵਿਭਿੰਨ ਦਿਸ਼ਾਵਾਂ ਜੋ ਸਹਿਜ ਤੇ ਸੁਚੱਜੇ ਮਾਰਗ ਵੱਲ ਫੈਲਦੀਆਂ ਹੋਈਆਂ ਨਿਰਾਕਾਰ ਬ੍ਰਹਮ ਦੇ ਅਨੰਤ, ਅਗੰਮ ਆਦਿ ਗੁਣਾਂ ਵਿਚ ਸਮਾ ਜਾਂਦੀਆਂ ਹਨ ਜਿਨ੍ਹਾਂ ਗੁਣਾਂ ਦੀ ਪ੍ਰਾਪਤੀ ਸਤਿਗੁਰ ਤੋਂ ਬਿਨਾਂ ਸੰਭਵ ਨਹੀਂ :

ਗੁਰਮੁਖ ਸਉ ਕਰ ਦੋਸਤੀ ਸਤਿਗੁਰ ਸਉ ਲਾਇ ਚਿਤੁ॥
ਜੰਮਣ ਮਰਣ ਕਾ ਮੂਲ ਕਟੀਐ ਤਾਂ ਸੁਖ ਹੋਵੀ ਮਿਤ॥੬੬॥

(ਸਲੋਕ, ਮਹਲਾ 3, ਪੰਨਾ-1421)

ਸੋ ਗੁਰਮਤਿ ਭਗਤੀ ਵਿਚ ਆਦਰਸ਼ਕ ਮਨੁੱਖ ਤੇ ਚੰਗੇ ਸਮਾਜ ਦੀ ਸਿਰਜਣਾ ਕਰਦੇ ਹੋਏ ਸਹਿਜ ਜੀਵਨ-ਪੰਧ ’ਤੇ ਚਲਦਿਆਂ, ਇਕੋ-ਨਿਰਾਕਾਰ ਬ੍ਰਹਮ ਦਾ ਨਿਰੰਤਰ ਕੀਤਾ ਜਾਣ ਵਾਲਾ ਜਾਪ, ਸਿਮਰਨ ਹੀ ਅਸਲ ਭਗਤੀ ਸਾਧਨਾ ਹੈ ਜਿਸ ਦੀ ਅਖੀਰੀ ਮੰਜ਼ਿਲ ਤੱਕ ਅੱਪੜਨ ਲਈ ਦੁਨਿਆਵੀਂ ਮੋਹ ਮਾਇਆ ਤੋਂ ਨਿਰਲੇਪ, ਦੁੱਖਾਂ-ਸੁੱਖਾਂ, ਚਿੰਤਾਵਾਂ ਤੋਂ ਮੁਕਤ, ਸਮਾਨਤਾ, ਨਿਰਭਉ, ਨਿਰਵੈਰ ਦੀ ਭਾਵਨਾ ਹੀ ਪ੍ਰਮੁੱਖ ਜੁਗਤ ਹੈ ਜਿਸ ਤੋਂ ਉੱਪਰ ਕਿਸੇ ਹੋਰ ਵਿਭਿੰਨ ਭਗਤੀ-ਪ੍ਰਕਾਰਾਂ ਦੀ ਕਲਪਨਾ ਮਨੁੱਖੀ-ਮਾਨਸਿਕਤਾ ਦੇ ਖਿੰਡਾਓ ਵੱਲ ਹੀ ਸੰਕੇਤ ਕਰਦੀ ਹੈ।

## ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀ ਦਾ ਸੰਖੇਪ ਵੇਰਵਾ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਕਾਰਜ ਪੰਜਵੇਂ ਗੁਰੂ ਸ੍ਰੀ ਗੁਰੂ ਅਰਜੁਨ ਦੇਵ ਜੀ ਦੁਆਰਾ ਅਤੇ ਲਿਖਣ ਦਾ ਕਾਰਜ ਭਾਈ ਗੁਰਦਾਸ ਜੀ ਦੁਆਰਾ 1604 ਈ. ਵਿਚ ਸੰਪੂਰਨ ਕੀਤਾ ਗਿਆ। ਗੁਰੂ ਗ੍ਰੰਥ ਸਾਹਿਬ ਦੇ ਮੁੱਢਲੇ ਰੂਪ ਨੂੰ ‘ਕਰਤਾਰਪੁਰ ਵਾਲੀ ਬੀੜ’ ਆਖਿਆ ਜਾਂਦਾ ਹੈ

ਕਿਉਂਕਿ ਇਸ ਬੀੜ ਵਿਚ ਨੌਵੇਂ ਗੁਰੂ ਤੋਂ ਬਿਨਾ 30 ਰਾਗਾਂ ਵਿਚ 35 ਬਾਣੀਕਾਰਾਂ ਦੀ ਬਾਣੀ ਦਰਜ ਹੈ। ਇਸ ਗ੍ਰੰਥ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਇਆ ਜਿਸ ਦੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਹੋਏ। ਬਾਅਦ ਵਿਚ ਦਸਵੇਂ ਗੁਰੂ ਗੋਬਿੰਦ ਸਿੰਘ ਜੀ (1708ਈ.) ਦੁਆਰਾ ਨੌਵੇਂ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਨੂੰ ਸ਼ਾਮਿਲ ਕਰਕੇ ਪ੍ਰਭੂ-ਪ੍ਰਾਪਤੀ ਅਤੇ ਸੁਚੱਜੇ ਜੀਵਨ-ਜਿਉਣ ਲਈ ਮਾਰਗ ਦਰਸ਼ਕ ਦੇ ਤੌਰ 'ਤੇ ਦੇਹਧਾਰੀ ਗੁਰੂ ਦੀ ਬਜਾਏ ਸੱਚੇ ਸ਼ਬਦ ਨੂੰ ਗੁਰੂ ਦੀ ਸਦੀਵੀ ਪਦਵੀ ਦੇ ਦਿੱਤੀ ਗਈ। ਨੌਵੇਂ ਮਹਲੇ ਦੀ ਬਾਣੀ ਸਹਿਤ ਤਿਆਰ ਬੀੜ ਨੂੰ 'ਦਮਦਮਾ ਸਾਹਿਬ' ਵਾਲੀ ਬੀੜ ਵੀ ਆਖਿਆ ਜਾਂਦਾ ਹੈ। ਇਹ ਬੀੜ ਮੱਧਕਾਲ ਦੀ ਇਕ ਮਹਾਨ ਕਿਰਤ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਨਾਮ ਨਾਲ ਸਮੁੱਚੀ ਮਾਨਵਤਾ ਦੇ ਸੁਧਾਰ ਲਈ ਅਰਪਿਤ ਕੀਤੀ ਗਈ ਜਿਸ ਦੇ ਪਾਠ ਸ੍ਰਵਨ, ਸਿਮਰਨ ਤੇ ਕੀਰਤਨ ਨਾਲ ਆਪਣੇ ਅਮਲੀ ਜੀਵਨ ਨੂੰ ਜੋੜਨ ਦੀ ਤਾਕੀਦ ਮਿਲਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 1430 ਪੰਨੇ, 31 ਰਾਗ ਅਤੇ ਕੁੱਲ 36 ਬਾਣੀਕਾਰ ਹਨ ਜਿਨ੍ਹਾਂ ਵਿੱਚ ਛੇ ਗੁਰੂ ਸਾਹਿਬਾਨ, 15 ਭਗਤਾਂ, 11 ਭੱਟਾਂ ਅਤੇ 4 ਗੁਰੂ ਘਰ ਦੇ ਨਿਕਟਵਰਤੀ ਸ਼ਰਧਾਲੂਆਂ ਦੀ ਬਾਣੀ ਦਰਜ ਹੈ। ਇਸ ਗ੍ਰੰਥ ਵਿਚ ਸੰਕਲਿਤ ਬਾਣੀ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ :

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾਂਦਾ ਹੈ।

1. ਨਿੱਤਨੇਮ ਦੀਆਂ ਬਾਣੀਆਂ (ਰਾਗ-ਰਹਿਤ ਅਤੇ ਰਾਗ-ਬੱਧ), ਪੰਨਾ 1-13.
2. ਰਾਗ-ਬੱਧ ਬਾਣੀ, ਪੰਨਾ 14-1353.
3. ਰਾਗਮੁਕਤ ਬਾਣੀ, ਪੰਨਾ 1353-1430.

ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਭਾਗ ਵਿਚ ਪੰਨਾ 1-8 ਤੱਕ ਮਹਲਾ 1 ਦੀ ਬਾਣੀ 'ਜਪੁ' ਰਾਗ-ਰਹਿਤ ਬਾਣੀ ਦਰਜ ਹੈ। ਪੰਨਾ 8 ਤੋਂ 9 ਤੱਕ ਦੂਸਰੀ ਬਾਣੀ 'ਸੋਦਰੁ' ਦਰਜ ਹੈ ਜਿਸ ਵਿਚ ਮਹਲਾ 1 ਦੇ 3 ਸ਼ਬਦ ਰਾਗ ਆਸਾ ਵਿਚ, ਮਹਲਾ 4 ਦਾ ਇਕ ਸ਼ਬਦ ਗੂਜਰੀ ਰਾਗ ਵਿਚ, ਮਹਲਾ 5 ਦਾ ਇਕ ਸ਼ਬਦ ਰਾਗ ਗੂਜਰੀ ਵਿਚ ਕੁੱਲ ਪੰਜ ਸ਼ਬਦ ਹਨ।

'ਸੋਪੁਰਖ' ਬਾਣੀ ਵਿਚ ਮਹਲਾ 4 ਦੇ ਦੋ ਸ਼ਬਦ ਰਾਗ ਆਸਾ ਵਿਚ, ਮਹਲਾ 1 ਦਾ ਇਕ ਸ਼ਬਦ ਰਾਗ ਆਸਾ ਵਿਚ, ਮਹਲਾ 5 ਦਾ ਇਕ ਸ਼ਬਦ ਰਾਗ ਆਸਾ ਵਿਚ, ਕੁੱਲ 4 ਸ਼ਬਦ ਸ਼ਾਮਿਲ ਹਨ। ਇਹ ਦੋਵੇਂ ਬਾਣੀਆਂ ਨਿੱਤਨੇਮ 'ਰਹਿਰਾਸ' ਦੀ ਬਾਣੀ ਵਿਚ ਸ਼ਾਮਿਲ ਹਨ।

ਇਸ ਤੋਂ ਬਾਅਦ ਸੋਹਿਲਾ ਬਾਣੀ ਦਰਜ ਹੈ। ਇਸ ਬਾਣੀ ਵਿਚ ਕੁੱਲ 5 ਸ਼ਬਦ ਹਨ। ਮਹਲਾ 1 ਦੇ ਤਿੰਨ ਸ਼ਬਦ ਰਾਗ ਗਉੜੀ, ਰਾਗ ਆਸਾ ਅਤੇ ਰਾਗ ਧਨਾਸਰੀ ਵਿਚ ਦਰਜ ਹਨ। ਮਹਲਾ 4 ਅਤੇ ਮਹਲਾ 5 ਦਾ ਇਕ-ਇਕ ਸ਼ਬਦ ਰਾਗ ਗਉੜੀ ਵਿਚ ਦਰਜ ਮਿਲਦਾ ਹੈ। ਇਹ

ਬਾਣੀ ਰਾਤ ਦੇ ਸਮੇਂ ਸੌਣ ਤੋਂ ਪਹਿਲਾਂ ਪੜ੍ਹੀ ਜਾਣ ਵਾਲੀ ਨਿੱਤਨੇਮ ਦੀ ਬਾਣੀ ਹੈ। 'ਜਪੁ' ਸਾਹਿਬ ਨੂੰ ਛੱਡਕੇ 'ਸੋਦਰੁ', 'ਸੋਪੁਰਖ' ਅਤੇ 'ਸੋਹਿਲਾ' ਬਾਣੀਆਂ ਰਾਗ-ਬੱਧ ਹਨ ਪਰੰਤੂ ਇਹ ਬਾਣੀਆਂ ਰਾਗ ਕ੍ਰਮ ਅਨੁਸਾਰ ਅਗੋਂ ਸਬੰਧਿਤ ਰਾਗ ਵਿਚ ਦੁਬਾਰਾ ਵੀ ਮਿਲਦੀਆਂ ਹਨ ਜਿਸ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਰਾਗ-ਬੱਧ ਬਾਣੀ ਦਾ ਪਹਿਲਾ ਰਾਗ 'ਸਿਰੀਰਾਗ' ਹੀ ਰੱਖਿਆ ਗਿਆ ਹੈ।

### ਰਾਗ ਕ੍ਰਮ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੂਸਰੇ ਭਾਗ ਰਾਗ-ਬੱਧ ਬਾਣੀ ਪੰਨਾ 14 ਤੋਂ 1353 ਤੱਕ ਦਰਜ ਹੈ। ਇਸ ਬਾਣੀ ਦੀ ਪਹਿਲੀ ਤੇ ਪ੍ਰਮੁੱਖ ਤਰਤੀਬ 31 ਰਾਗਾਂ ਅਨੁਸਾਰ ਹੈ। ਇਨ੍ਹਾਂ ਰਾਗਾਂ ਦੇ ਕ੍ਰਮਵਾਰ ਨਾਂ ਇਸ ਤਰ੍ਹਾਂ ਹਨ :

| | | | | | | | | | |
|---|---|---|---|---|---|---|---|---|---|
| 1 | ਸਿਰੀਰਾਗ | 2 | ਮਾਝ | 3 | ਗਉੜੀ | 4 | ਆਸਾ | 5 | ਗੂਜਰੀ |
| 6 | ਦੇਵਗੰਧਾਰੀ | 7 | ਬਿਹਾਗੜਾ | 8 | ਵਡਹੰਸੁ | 9 | ਸੋਰਠਿ | 10 | ਧਨਾਸਰੀ |
| 11 | ਜੈਤਸਰੀ | 12 | ਟੋਡੀ | 13 | ਬੈਰਾੜੀ | 14 | ਤਿਲੰਗ | 15 | ਸੂਹੀ |
| 16 | ਬਿਲਾਵਲੁ | 17 | ਗੋਂਡ | 18 | ਰਾਮਕਲੀ | 19 | ਨਟ ਨਾਰਾਇਨ | 20 | ਮਾਲੀ ਗਉੜਾ |
| 21 | ਮਾਰੂ | 22 | ਤੁਖਾਰੀ | 23 | ਕੇਦਾਰਾ | 24 | ਭੈਰਉ | 25 | ਬਸੰਤੁ |
| 26 | ਸਾਰੰਗ | 27 | ਮਲਾਰ | 28 | ਕਾਨੜਾ | 29 | ਕਲਿਆਨ | 30 | ਪ੍ਰਭਾਤੀ |
| 31 | ਜੈਜਾਵੰਤੀ | | | | | | | | |

ਉਪਰੋਕਤ ਰਾਗਾਂ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦੀ ਬਾਣੀ ਤਰਤੀਬ ਮਹਲਾ ਪਹਿਲਾ, ਮਹਲਾ ਦੂਜਾ, ਮਹਲਾ ਤੀਜਾ, ਮਹਲਾ ਚੌਥਾ, ਮਹਲਾ ਪੰਜਵਾਂ ਅਤੇ ਮਹਲਾ ਨੌਵਾਂ, ਗੁਰੂ ਘਰ ਦੇ ਨਿਕਟਵਰਤੀ, ਭਗਤ ਬਾਣੀ ਅਤੇ ਫਿਰ ਰਾਗ ਰਹਿਤ ਬਾਣੀ ਵਿਚ ਭੱਟ ਬਾਣੀ ਤੇ ਹੋਰ ਬਾਣੀ ਦਰਜ ਹੈ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਅਗਲੀ ਤਰਤੀਬ ਪਦਿਆਂ ਦੀ ਗਿਣਤੀ ਅਨੁਸਾਰ ਹੈ ਜਿਵੇਂ ਪਦਾ, ਦੁਪਦੇ, ਤਿਪਦੇ, ਚਉਪਦੇ, ਪੰਚਪਦੇ, ਛੇਪਦੇ, ਅਸ਼ਟਪਦੀਆਂ, ਸੋਹਲੇ, ਸਿਰਲੇਖ ਵਾਲੀ ਬਾਣੀ ਛੰਤ, ਵਾਰ ਆਦਿ ਦੀ ਤਰਤੀਬ ਹੈ। ਇਹ ਤਰਤੀਬ ਆਦਿ ਤੋਂ ਅੰਤ ਤੱਕ ਰੱਖੀ ਗਈ ਹੈ।

ਇਸ ਤਹਿਤ ਹਰ ਬਾਣੀਕਾਰ ਦੇ ਪਦਿਆਂ ਆਦਿ ਦੀ ਗਿਣਤੀ ਅਤੇ ਅੱਗੋਂ ਦੂਸਰੇ ਬਾਣੀਕਾਰ ਦੀ ਬਾਣੀ ਨਾਲ ਮਿਲਾਕੇ ਕੁੱਲ ਗਿਣਤੀ ਦੱਸੀ ਗਈ ਹੈ। ਇਸ ਤੋਂ ਇਲਾਵਾ ਬਾਣੀਕਾਰਾਂ ਵੱਲੋਂ ਵਿਭਿੰਨ ਰਾਗਾਂ ਵਿਚ ਵਿਭਿੰਨ ਸਿਰਲੇਖ ਜਾਂ ਨਾਵਾਂ ਵਾਲੀਆਂ ਬਾਣੀਆਂ ਵੀ ਮਿਲਦੀਆਂ ਹਨ ਜਿਨ੍ਹਾਂ ਬਾਣੀਆਂ ਦਾ ਭਾਰਤੀ ਸਮਾਜਕ, ਸਭਿਆਚਾਰਕ ਅਤੇ ਭੂਗੋਲਿਕ ਵਾਤਾਵਰਨ ਨਾਲ ਗਹਿਰਾ ਸਬੰਧ ਹੋਣ ਦੇ ਨਾਲ-ਨਾਲ ਮਨੁੱਖੀ ਮਾਨਸਿਕਤਾ ਨਾਲ ਵੀ ਗਹਿਰਾ ਸਬੰਧ ਹੈ। ਇਹਨਾਂ ਬਾਣੀਆਂ ਦੀ ਰਵਾਨੀਅਤ ਆਪਣੇ ਰਾਗਾਂ ਦੇ ਸੁਭਾਅ ਅਨੁਸਾਰ ਹੋ ਤੁਰਦੀ ਹੈ ਜੋ ਕੀਰਤਨ ਦੁਆਰਾ ਜਗਿਆਸੂ-ਮਨ ਨੂੰ ਪ੍ਰਭੂ-ਪ੍ਰੇਮ ਵੱਲ ਖਿੱਚ ਪਾਉਂਦੀ ਹੈ ਅਤੇ ਅਧਿਆਤਮਕ ਸ਼ੁੱਧੀ ਦੇ ਨਾਲ-ਨਾਲ ਬਾਹਰੀ ਜੀਵਨ ਦੀ ਸ਼ੁੱਧਤਾ ਲਈ ਪ੍ਰੇਰਨਾ ਦਿੰਦੀ ਹੈ। ਇਸਦੇ ਨਾਲ ਹੀ ਇਨ੍ਹਾਂ ਬਾਣੀਆਂ ਵਿਚ ਭਾਰਤ ਦੇ ਵਿਭਿੰਨ ਇਲਾਕੇ ਜਾਤੀ, ਧਰਮ, ਸਮਾਜ, ਸਭਿਆਚਾਰ ਅਤੇ ਭੂਗੋਲਿਕ ਵਾਤਾਵਰਨ ਦਾ ਸਪਸ਼ਟ ਆਭਾਸ ਹੁੰਦਾ ਹੈ :

1. ਸਿਰੀਰਾਗ ਵਿਚ 'ਪਹਰੇ' ਅਤੇ 'ਵਣਜਾਰਾ'।
2. ਮਾਝ ਰਾਗ ਵਿਚ 'ਬਾਰਹਮਾਹਾ' ਅਤੇ 'ਦਿਨਰੈਣੀ'।
3. ਗਉੜੀ ਰਾਗ ਵਿਚ 'ਕਰਹਲੇ' ਅਤੇ 'ਬਾਵਨ ਅੱਖਰੀ', 'ਸੁਖਮਨੀ' ਅਤੇ 'ਥਿਤੀ'।
4. ਆਸਾ ਰਾਗ ਵਿਚ 'ਬਿਰਹੜੇ' ਅਤੇ 'ਪੱਟੀ'।
5. ਵਡਹੰਸ ਰਾਗ ਵਿਚ 'ਘੋੜੀਆਂ' ਅਤੇ 'ਅਲਾਹੁਣੀਆਂ'।
6. ਧਨਾਸਰੀ ਰਾਗ ਵਿਚ 'ਆਰਤੀ'।
7. ਸੂਹੀ ਰਾਗ ਵਿਚ ਕੁਚੱਜੀ, ਸੁਚੱਜੀ, ਗੁਣਵੰਤੀ।
8. ਰਾਮਕਲੀ ਰਾਗ ਵਿਚ 'ਅਨੰਦ' 'ਸੱਦ', 'ਦਖਣੀ ਓਅੰਕਾਰ' ਅਤੇ 'ਸਿਧ ਗੋਸਟਿ'।
9. ਮਾਲੀ ਗਉੜਾ ਵਿਚ 'ਅੰਜੁਲੀਆ' ਤੇ 'ਸੋਹਲੇ'।
10. ਤੁਖਾਰੀ ਰਾਗ ਵਿਚ 'ਬਾਰਹ ਮਾਹਾ'।

## ਛੇ ਗੁਰੂ ਸਾਹਿਬਾਨਾਂ ਦੀ ਬਾਣੀ ਦਾ ਸੰਖੇਪ ਵੇਰਵਾ

1. ਮਹਲਾ 1 (ਗੁਰੂ ਨਾਨਕ ਸਾਹਿਬ) ਦੀ ਬਾਣੀ 19 ਰਾਗਾਂ ਵਿਚ ਦਰਜ ਹੈ। ਇਸ ਤੋਂ ਇਲਾਵਾ ਰਾਗ ਰਹਿਤ 'ਜਪੁਜੀ' ਅਤੇ ਸਲੋਕ ਵੀ ਦਰਜ ਹਨ।

2. ਮਹਲਾ 2 (ਗੁਰੂ ਅੰਗਦ ਦੇਵ) ਦੁਆਰਾ ਕੇਵਲ ਸਲੋਕਾਂ ਦੀ ਰਚਨਾ ਹੋਈ ਹੈ ਜੋ ਗੁਰੂ ਗ੍ਰੰਥ ਸਾਹਿਬ ਦੀਆਂ ਨੌਂ ਵਾਰਾਂ ਵਿਚ ਦਰਜ ਹਨ।

3. ਮਹਲਾ 3 (ਗੁਰੂ ਅਮਰਦਾਸ) ਦੀ ਬਾਣੀ 17 ਰਾਗਾਂ ਵਿਚ ਦਰਜ ਹੈ। ਇਸ ਤੋਂ ਇਲਾਵਾ ਉਨ੍ਹਾ ਦੁਆਰਾ ਰਚਿਤ ਸਲੋਕ ਵੀ ਦਰਜ ਹਨ।

4. ਮਹਲਾ 4 (ਗੁਰੂ ਰਾਮਦਾਸ) ਦੀ ਬਾਣੀ 30 ਰਾਗਾਂ ਵਿਚ ਦਰਜ ਹੈ। ਇਸ ਤੋਂ ਇਲਾਵਾ ਉਨ੍ਹਾਂ ਦੁਆਰਾ ਰਚਿਤ ਸਲੋਕ ਵੀ ਦਰਜ ਹਨ।

5. ਮਹਲਾ 5 (ਗੁਰੂ ਅਰਜਨ ਦੇਵ) ਦੀ ਬਾਣੀ 30 ਰਾਗਾਂ ਵਿਚ ਦਰਜ ਹੈ। ਇਸ ਤੋਂ ਇਲਾਵਾ ਉਨ੍ਹਾਂ ਦੁਆਰਾ ਰਚਿਤ ਸਲੋਕ ਆਦਿ ਹੋਰ ਬਾਣੀ ਵੀ ਦਰਜ ਹੈ।

6. ਮਹਲਾ 9 (ਗੁਰੂ ਤੇਗ ਬਹਾਦਰ) ਦੀ ਬਾਣੀ 15 ਰਾਗਾਂ ਵਿਚਦਰਜ ਹੈ। ਇਸ ਤੋਂ ਇਲਾਵਾ ਉਨ੍ਹਾਂ ਦੁਆਰਾ ਰਚਿਤ ਸਲੋਕ ਵੀ ਦਰਜ ਹਨ।

ਗੁਰੂ ਸਾਹਿਬਾਨਾਂ ਦੀ ਬਾਣੀ ਤੋਂ ਬਾਅਦ ਗੁਰੂ ਘਰ ਦੇ ਚਾਰ ਨਿਕਟਵਰਤੀ ਸ਼ਰਧਾਲੂਆਂ ਦੀ ਬਾਣੀ ਦਰਜ ਹੈ :

1. ਭਾਈ ਮਰਦਾਨਾ ਜੀ ਦੇ ਤਿੰਨ ਸਲੋਕ 'ਬਿਹਾਗੜੇ ਦੀ ਵਾਰ ਮਹਲਾ 4' ਵਿਚ ਦਰਜ ਹਨ। (ਪੰਨਾ-553)

2. ਬਾਬਾ ਸੁੰਦਰ ਜੀ ਦੀ ਬਾਣੀ 'ਸਦੁ' ਰਾਮਕਲੀ ਰਾਗ ਵਿਚ। (ਪੰਨਾ-923-924)

3. ਰਾਇ ਬਲਵੰਡ (ਬਲਵੰਡਿ) ਜੀ ਅਤੇ ਸੱਤਾ ਡੂਮ (ਸਤੈ ਡੂਮ) ਜੀ ਦੀ ਰਾਮਕਲੀ ਰਾਗ ਵਿਚ ਇਕ ਵਾਰ ਦਰਜ ਹੈ। (ਪੰਨਾ-966-968)

ਇਸ ਤੋਂ ਬਾਅਦ 15 ਭਗਤ ਸਾਹਿਬਾਨਾਂ ਦੀ ਬਾਣੀ ਨੂੰ ਦਰਜ ਕੀਤਾ ਗਿਆ ਹੈ। ਭਗਤਾਂ ਵਿਚੋਂ ਭਗਤ ਕਬੀਰ ਜੀ ਦੀ ਬਾਣੀ ਪਹਿਲਾਂ ਆਉਂਦੀ ਹੈ। ਉਸ ਤੋਂ ਬਾਅਦ ਨਾਮਦੇਵ, ਰਵਿਦਾਸ ਤੇ ਹੋਰ ਭਗਤਾਂ ਦੀ ਬਾਣੀ ਮਿਲਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਭਗਤ ਬਾਣੀ ਰਾਗ-ਬੱਧ ਵੀ ਹੈ ਅਤੇ ਰਾਗ-ਰਹਿਤ ਵੀ। ਰਾਗ-ਬੱਧ ਭਗਤ-ਬਾਣੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਵਿਚੋਂ 22 ਰਾਗਾਂ ਵਿਚ ਪ੍ਰਾਪਤ ਹੈ। ਜਿਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

## ਭਗਤ ਬਾਣੀਕਾਰਾਂ ਦੀ ਬਾਣੀ ਦਾ ਸੰਖੇਪ ਵੇਰਵਾ

| ਕ੍ਰਮ | ਭਗਤ ਨਾਮ | ਰਾਗ | ਸ਼ਬਦ | ਸਲੋਕ |
|---|---|---|---|---|
| 1. | ਕਬੀਰ ਜੀ | ਸਿਰੀਰਾਗ, ਗਉੜੀ, ਆਸਾ, ਗੂਜਰੀ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲੁ, ਗੋਂਡ, ਰਾਮਕਲੀ, ਮਾਰੂ, ਕੇਦਾਰਾ, ਭੈਰਉ, ਬਸੰਤ, ਸਾਰੰਗ, ਪ੍ਰਭਾਤੀ। (17 ਰਾਗ) | 294 | 243 |
| 2. | ਨਾਮਦੇਵ ਜੀ | ਗਉੜੀ, ਆਸਾ, ਗੂਜਰੀ, ਸੋਰਠਿ, ਧਨਾਸਰੀ, ਟੋਡੀ, ਤਿਲੰਗ, ਬਿਲਾਵਲੁ, ਗੋਂਡ, ਰਾਮਕਲੀ, ਮਾਲੀ ਗਉੜਾ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਪ੍ਰਭਾਤੀ। (18 ਰਾਗ) | 61 | |
| 3. | ਰਵਿਦਾਸ ਜੀ | ਸਿਰੀਰਾਗ, ਗਉੜੀ, ਆਸਾ, ਗੂਜਰੀ, ਸੋਰਠਿ, ਧਨਾਸਰੀ, ਜੈਤਸਰੀ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਮਾਰੂ, ਕੇਦਾਰਾ, ਭੈਰਉ, ਬਸੰਤ, ਮਲਾਰ। (16 ਰਾਗ) | 40 | |
| 4. | ਤ੍ਰਿਲੋਚਨ ਜੀ | ਸਿਰੀਰਾਗ, ਗੂਜਰੀ ਅਤੇ ਧਨਾਸਰੀ | 4 | |
| 5. | ਸ਼ੇਖ ਫਰੀਦ | ਆਸਾ ਅਤੇ ਸੂਹੀ | 4 | 112 |
| 6. | ਬੇਣੀ ਜੀ | ਸਿਰੀਰਾਗ, ਰਾਮਕਲੀ ਅਤੇ ਪ੍ਰਭਾਤੀ | 3 | |
| 7. | ਧੰਨਾ ਜੀ | ਆਸਾ, ਧਨਾਸਰੀ | 3 | |
| 8. | ਜੈਦੇਵ ਜੀ | ਗੂਜਰੀ ਅਤੇ ਮਾਰੂ | 2 | |
| 9. | ਭੀਖਨ ਜੀ | ਸੋਰਠਿ | 2 | |
| 10. | ਪਰਮਾਨੰਦ ਜੀ | ਸਾਰੰਗ | 1 | |
| 11. | ਸੈਣ ਜੀ | ਧਨਾਸਰੀ | 1 | |
| 12. | ਪੀਪਾ ਜੀ | ਧਨਾਸਰੀ | 1 | |
| 13. | ਸਧਨਾ ਜੀ | ਬਿਲਾਵਲੁ | 1 | |
| 14. | ਰਾਮਾਨੰਦ | ਬਸੰਤ | 1 | |
| 15. | ਸੂਰਦਾਸ ਜੀ | ਸਾਰੰਗ | 1 (ਤੁਕ) | |

ਭਗਤ ਕਬੀਰ ਜੀ ਦੇ ਸਲੋਕਾਂ ਦੇ ਅੰਤ ਉੱਤੇ ਕੁੱਲ ਗਿਣਤੀ 243 ਦਿੱਤੀ ਗਈ ਹੈ। ਇਨ੍ਹਾਂ ਸਲੋਕਾਂ ਵਿਚ ਮਹਲਾ 3 ਦਾ ਇਕ ਸਲੋਕ (ਕ੍ਰਮ 220), ਮਹਲਾ 5 ਦੇ ਸਲੋਕ ਕ੍ਰਮ, 209, 210, 211, 214 ਤੇ 221 ਹਨ ਜਿਨ੍ਹਾਂ ਤੋਂ ਬਿਨਾਂ ਕਬੀਰ ਜੀ ਦੇ ਸਲੋਕਾਂ ਦੀ ਗਿਣਤੀ 237 ਹੈ। ਇਸ ਤੋਂ ਇਲਾਵਾ ਕਬੀਰ ਜੀ ਦਾ ਇਕ ਸਲੋਕ 'ਗੂਜਰੀ ਦੀ ਵਾਰ ਮਹਲਾ 3' ਵਿਚ, 1 ਸਲੋਕ 'ਬਿਹਾਗੜੇ ਦੀ ਵਾਰ ਮਹਲਾ 4' ਵਿਚ ਅਤੇ 2 ਸਲੋਕ 'ਰਾਮਕਲੀ ਦੀ ਵਾਰ ਮਹਲਾ 3' ਵਿਚ ਦਰਜ ਹਨ। ਜੋ ਕਬੀਰ ਜੀ ਦੇ 243 ਸਲੋਕਾਂ ਵਿਚ ਸਲੋਕ 29, 33, 58, 65 ਕ੍ਰਮ ਅਨੁਸਾਰ ਸ਼ਾਮਿਲ ਹਨ। ਇੰਞ ਹੀ ਸ਼ੇਖ਼ ਫ਼ਰੀਦ ਜੀ ਦੇ 130 ਸਲੋਕਾਂ ਵਿਚੋਂ 18 ਸਲੋਕ ਗੁਰੂ ਸਾਹਿਬਾਨਾਂ ਵਿਚੋਂ ਮਹਲਾ 1, ਮਹਲਾ 3 ਮਹਲਾ 4 ਅਤੇ ਮਹਲਾ 5 ਦੇ ਹਨ ਜਿਨ੍ਹਾਂ ਤੋਂ ਬਿਨ੍ਹਾ ਫ਼ਰੀਦ ਜੀ ਦੇ ਸਲੋਕਾਂ ਦੀ ਗਿਣਤੀ 112 ਹੈ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਤੀਸਰੇ ਭਾਗ ਵਿਚ ਰਾਗ-ਰਹਿਤ ਬਾਣੀ ਪੰਨਾ-1353 ਤੋਂ 1430 ਤੱਕ ਦਰਜ ਕੀਤੀ ਗਈ ਹੈ। ਰਾਗ-ਰਹਿਤ ਬਾਣੀ ਵਿਚ ਗੁਰੂਆਂ ਦੁਆਰਾ ਰਚਿਤ ਗਾਥਾ, ਫੁਨਹੇ, ਚਉਬੋਲੇ, ਸਲੋਕ, ਸਵਈਏ, ਆਦਿ ਅਤੇ ਸਲੋਕ ਭਗਤ ਕਬੀਰ, ਸਲੋਕ ਸ਼ੇਖ਼ ਫ਼ਰੀਦ ਜੀ ਅਤੇ 'ਭੱਟਾਂ ਦੇ ਸਵਈਏ' ਸ਼ਾਮਿਲ ਹਨ।

## ਭਗਤ ਬਾਣੀਕਾਰਾਂ ਦਾ ਜੀਵਨ ਅਤੇ ਵਿਅਕਤਿਤਵ

ਗੁਰੂ ਗ੍ਰੰਥ ਸਾਹਿਬ ਵਿਚ ਕੁੱਝ ਭਗਤਾਂ ਦਾ ਸਮਾਂ ਗੁਰੂ ਸਾਹਿਬਾਨਾ ਤੋਂ ਪਹਿਲਾਂ ਦਾ ਹੈ ਅਤੇ ਕੁੱਝ ਭਗਤ ਸਾਹਿਬਾਨ, ਗੁਰੂਆਂ ਦੇ ਸਮਕਾਲੀ ਵੀ ਹੋਏ।ਭਾਰਤ ਦੇ ਵੱਖ-ਵੱਖ ਇਲਾਕਿਆਂ, ਜਾਤਾਂ, ਧਰਮਾਂ ਨਾਲ ਸਬੰਧ ਰੱਖਣ ਵਾਲੇ, ਆਪਣੇ ਸਮੇਂ ਦੇ ਇਹ ਨਿਡਰ ਅਤੇ ਕ੍ਰਾਂਤਕਾਰੀ ਸੰਤਾਂ, ਭਗਤਾਂ ਨੇ ਸਮੁੱਚੀ ਲੋਕਾਈ ਨੂੰ ਉਸ ਗਿਲਾਨੀ ਭਰੇ ਜੀਵਨ ਤੋਂ ਉਪਰ ਉੱਠਣ ਦੀ ਪ੍ਰੇਰਨਾ ਦਿੱਤੀ ਜਿਸ ਤਰ੍ਹਾਂ ਦੇ ਜੀਵਨ ਦੀਆਂ ਔਕੜਾਂ ਉਨ੍ਹਾਂ ਦੇ ਦਰਪੇਸ਼ ਰਹੀਆਂ। ਭਗਤ ਸਾਹਿਬਾਨਾਂ ਨੇ ਅਧਿਆਤਮਕ ਅਤੇ ਵਿਹਾਰਕ ਜੀਵਨ ਦੇ ਮਸਲਿਆਂ ਨੂੰ ਜੋੜਕੇ, ਮਨੁੱਖੀ ਜੀਵਨ ਦੇ ਮਾਰਗ ਨੂੰ ਬੜਾ ਸਰਲ, ਸਹਿਜ ਬਣਾਇਆ। ਇਸ ਮਾਰਗ 'ਤੇ ਪਹਿਲਾਂ ਉਹ ਆਪ ਚੱਲੇ ਅਤੇ ਫਿਰ ਕੁੱਲ ਲੋਕਾਈ ਨੂੰ ਚੱਲਣ ਦੀ ਪ੍ਰੇਰਨਾ ਦਿੱਤੀ ਜਿਸ ਦੀ ਜਾਣਕਾਰੀ ਉਨ੍ਹਾਂ ਦੀ ਬਾਣੀ ਤੋਂ ਵੀ ਸਪਸ਼ਟ ਮਿਲਦੀ ਹੈ। ਭਗਤਾਂ ਦੀਆਂ ਰਚਨਾਵਾਂ ਹੀ ਮੁੱਢਲੇ ਤੌਰ 'ਤੇ ਉਨ੍ਹਾਂ ਦੇ ਵਿਚਾਰਾਂ, ਉਨ੍ਹਾਂ ਦੇ ਜੀਵਨ, ਮਨੋਰਥ ਦੀ ਪ੍ਰਮਾਣਿਕ ਸ਼ਾਹਦੀ ਭਰਦੀਆਂ ਹਨ। ਉਨ੍ਹਾਂ ਦੇ ਵਿਹਾਰਕ ਜੀਵਨ ਬਾਰੇ ਬਹੁਤੇ ਇਤਿਹਾਸਕ ਅਤੇ ਹੋਰ ਪ੍ਰਮਾਣਿਕ ਸ੍ਰੋਤ ਤਾਂ ਭਾਵੇਂ ਮੌਜੂਦ ਨਹੀਂ ਪਰੰਤੂ ਫਿਰ ਵੀ ਸਮਕਾਲੀ ਇਤਿਹਾਸਕ ਰਚਨਾਵਾਂ ਦੁਆਰਾ, ਗੁਰੂ ਸਾਹਿਬਾਨਾਂ ਤੇ ਖ਼ੁਦ ਭਗਤ ਸਾਹਿਬਾਨਾਂ ਦੁਆਰਾ ਅਤੇ ਉਨ੍ਹਾਂ ਦੇ ਨਾਂ 'ਤੇ ਚੱਲਣ ਵਾਲੀਆਂ ਸੰਪ੍ਰਦਾਵਾਂ ਦੇ ਲੇਖਕਾਂ ਦੁਆਰਾ ਰਚਿਤ ਭਗਤ ਸਾਹਿਬਾਨਾਂ ਨਾਲ ਸਬੰਧਿਤ ਕਥਾਵਾਂ, ਜਨਮ ਸਾਖੀਆਂ ਵਿਚੋਂ ਕੁਝ ਅਹਿਮ

ਨੁਕਤਿਆਂ ਨੂੰ ਖੋਜ ਕੇ ਭਗਤਾਂ ਦੇ ਜੀਵਨ ਦੇ ਕੁੱਝ ਕੁ ਪਹਿਲੂਆਂ ਨੂੰ ਦ੍ਰਿਸ਼ਟੀਗੋਚਰ ਕੀਤਾ ਜਾ ਸਕਦਾ ਹੈ। ਅਜਿਹੇ ਸ੍ਰੋਤਾਂ ਨੂੰ ਆਧਾਰ ਬਣਾ ਕੇ ਭਗਤ ਸਾਹਿਬਾਨਾਂ ਦੇ ਜੀਵਨ ਅਤੇ ਵਿਅਕਤਿਤਵ ਨੂੰ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦੇ ਕ੍ਰਮ ਅਨੁਸਾਰ ਅਧਿਐਨ ਕਰਨ ਦੇ ਯਤਨ ਕੀਤੇ ਗਏ ਹਨ।

### ਭਗਤ ਕਬੀਰ ਜੀ

ਭਗਤ ਕਬੀਰ ਜੀ ਨੂੰ ਨਿਰਗੁਣ ਭਗਤੀ ਲਹਿਰ ਦੇ ਸੰਚਾਲਕਾਂ ਵਿਚੋਂ ਪ੍ਰਮੁੱਖ ਸਥਾਨ ਹਾਸਿਲ ਹੈ ਜਿਨ੍ਹਾਂ ਨੂੰ ਸੁਆਮੀ ਰਾਮਾਨੰਦ ਦੇ 12 ਚੇਲਿਆਂ ਵਿਚੋਂ ਪ੍ਰਮੁੱਖ ਗਿਣਿਆ ਜਾਂਦਾ ਹੈ। ਭਗਤ ਕਬੀਰ ਜੀ ਦੇ ਜਨਮ ਸਮੇਂ, ਸਥਾਨ, ਮਾਤਾ-ਪਿਤਾ ਆਦਿ ਬਾਰੇ (ਕਬੀਰ ਪੰਥੀਆਂ ਵੱਲੋਂ) ਅਣਗਿਣਤ ਅਸਚਰਜ ਕਰਾਮਾਤੀ ਕਥਾਵਾਂ ਨੂੰ ਜੋੜਿਆ ਜਾਂਦਾ ਰਿਹਾ ਹੈ ਪਰੰਤੂ ਫਿਰ ਵੀ ਇਨ੍ਹਾਂ ਕਥਾਵਾਂ ਦੇ ਆਧਾਰ ’ਤੇ ਉਨ੍ਹਾਂ ਦੀ ਆਪਣੀ ਰਚਨਾ ਅਤੇ ਹੋਰ ਇਤਿਹਾਸਕ, ਮਿਥਿਹਾਸਕ ਸ੍ਰੋਤਾਂ ਦੀ ਨਿਰਖ-ਪਰਖ ਤੋਂ ਬਾਅਦ ਵਿਦਵਾਨਾਂ ਦੁਆਰਾ ਉਨ੍ਹਾਂ ਦੇ ਜਨਮ ਸਮੇਂ ਅਤੇ ਪਰਿਵਾਰ ਆਦਿ ਬਾਰੇ ਬਹੁਸੰਮਤੀ ਇਸ ਤਰ੍ਹਾਂ ਮਿਲਦੀ ਹੈ ਕਿ “ਆਪ ਦਾ ਜਨਮ ਸੰਨ 1398 ਈ. (ਜੇਠ ਸੁਦੀ 15, 1455 ਬਿ.) ਵਿਚ ਹੋਇਆ। ਲੋਕ-ਮਾਨਤਾ ਅਨੁਸਾਰ ਕਿਸੇ ਵਿਧਵਾ ਬ੍ਰਾਹਮਣੀ ਨੇ ਆਪ ਨੂੰ ਜਨਮ ਦੇ ਕੇ ਸਮਾਜ ਦੀ ਕਰੋਪੀ ਤੋਂ ਬਚਣ ਲਈ ਬਨਾਰਸ ਦੇ ਨੇੜੇ ਲਹਿਰ ਤਾਰਾ (ਤਾਲਾਬ) ਦੇ ਕੰਢੇ ਛੱਡ ਦਿੱਤਾ, ਜਿੱਥੋਂ ਨੀਰੂ (ਨਾਮਾਂਤਰ ਅਲੀ) ਨਾਂ ਦੇ ਨਿਰਸੰਤਾਨ ਮੁਸਲਮਾਨ ਜੁਲਾਹੇ ਨੇ ਨਵ-ਜਨਮੇ ਬੱਚੇ ਨੂੰ ਘਰ ਚੁੱਕ ਲਿਆਂਦਾ ਅਤੇ ਉਸ ਦੀ ਪਤਨੀ ਨੀਮਾ ਨੇ ਪੁੱਤਰ ਵਾਂਗ ਪਾਲਿਆ ਅਤੇ ਵੱਡਾ ਹੋਣ ਉੱਤੇ ‘ਕਬੀਰ’ ਨਾਂ ਰੱਖਿਆ।”[45]

ਬਾਦਸ਼ਾਹ ਸਿਕੰਦਰ ਲੋਧੀ ਨੂੰ ਕਬੀਰ ਜੀ ਦਾ ਸਮਕਾਲੀ ਦੱਸਿਆ ਜਾਂਦਾ ਹੈ ਜੋ ਕਿ ਉਸ ਸਮੇਂ ਦਿੱਲੀ ਦੇ ਤਖ਼ਤ ਦਾ ਅਧਿਕਾਰੀ ਸੀ। ਕਿਹਾ ਜਾਂਦਾ ਹੈ ਕਿ “ਸਿਕੰਦਰ ਲੋਧੀ ਨੂੰ ‘ਦਾਹ’ ਦਾ ਰੋਗ ਸੀ ਜਿਸ ਨਾਲ ਉਸਦੇ ਸਰੀਰ ਵਿਚ ਗਰਮੀ ਉਠਦੀ ਤੇ ਉਹ ਬਹੁਤ ਬੇਚੈਨ ਰਿਹਾ ਕਰਦਾ ਸੀ। ਕਾਸ਼ੀ ਵਿਚ ਉਹ ਕਬੀਰ ਜੀ ਨੂੰ ਮਿਲਿਆ। ਕਬੀਰ ਜੀ ਦੇ ਦਰਸ਼ਨ ਕਰਦਿਆਂ ਉਸਦਾ ਦਾਹ ਰੋਗ ਖ਼ਤਮ ਹੋ ਗਿਆ। ਇਸ ਕਰਕੇ ਉਹ ਕਬੀਰ ਜੀ ਦਾ ਮੁਰੀਦ ਹੋ ਗਿਆ।”[46]

ਕਬੀਰ ਜੀ ਸਬੰਧੀ  ਪ੍ਰਚਲਿਤ ਅਸਚਰਜ ਕਥਾਵਾਂ ਇਸ ਕਦਰ ਪ੍ਰਚਲਿਤ ਸਨ ਕਿ ਉਨ੍ਹਾਂ ਦੀ ਬਾਣੀ ਵਿਚ ਆਉਂਦੇ, ਨਾਵਾਂ, ਥਾਵਾਂ ਵਾਲੇ ਸ਼ਬਦਾਂ ਨੂੰ ਲੈ ਕੇ ਵੀ ਕਈ ਕਥਾਵਾਂ ਬਣਾ ਲਈਆਂ ਗਈਆਂ ਜਿਵੇਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਬੀਰ ਜੀ ਦੀ ਬਾਣੀ ਵਿਚ ਆਉਂਦੇ ਸ਼ਬਦ ‘ਲੋਈ’ ਨੂੰ ਉਨ੍ਹਾਂ ਦੀ ਪਤਨੀ ਦਾ ਨਾਮ ਦਿੱਤਾ ਜਾਂਦਾ ਹੈ, ‘ਕਮਾਲ’ ਅਤੇ ‘ਕਮਾਲੀ’ ਨੂੰ ਉਨ੍ਹਾਂ ਦੇ ਪੁੱਤਰ, ਪੁਤਰੀ ਆਖਿਆ ਜਾਂਦਾ ਹੈ ਅਤੇ ‘ਧਨੀਆ’ ਸ਼ਬਦ ਤੋਂ ਉਨ੍ਹਾਂ ਦੀ ਨੂੰਹ ਦਾ ਨਾਮ ਧਨੀਆ ਅਤੇ ਕਿਸੇ ਨੇ ਪਤਨੀ ਦਾ ਨਾਮ ਧਨੀਆ ਕਿਹਾ ਹੈ। ਇਨ੍ਹਾਂ ਨਾਵਾਂ, ਥਾਵਾਂ ਅਨੁਸਾਰ ਕਬੀਰ ਜੀ ਦੇ ਗ੍ਰਹਸਥੀ ਜੀਵਨ ਬਾਰੇ ਨਿਸ਼ਚਿਤ ਕੁੱਝ ਨਹੀਂ ਕਿਹਾ ਜਾ ਸਕਦਾ ਪਰੰਤੂ ਇਸ ਅਨੁਸਾਰ ਇਹ ਜ਼ਰੂਰ ਕਿਹਾ ਜਾ

ਸਕਦਾ ਹੈ ਕਿ ਕਬੀਰ ਜੀ ਗ੍ਰਹਿਸਥੀ ਸਨ ਅਤੇ ਉਹ ਆਪਣਾ ਗ੍ਰਹਿਸਥੀ ਜੀਵਨ ਬਿਤਾਉਂਦੇ ਹੋਏ ਵੀ ਇਕ ਵੱਡੇ ਸਮਾਜ-ਸੁਧਾਰਕ ਹੋਏ।

ਡਾ. ਹਜ਼ਾਰੀ ਪ੍ਰਸਾਦ ਦਿਵੇਦੀ ਦਾ ਵਿਚਾਰ ਹੈ ਕਿ "ਕਬੀਰ ਦਾਸ ਅਜਿਹੇ ਮਿਲਣ ਬਿੰਦੂ ਤੇ ਖੜੇ ਸਨ ਜਿੱਥੇ ਇਕ ਪਾਸੇ ਹਿੰਦੂਤਵ ਨਿਕਲ ਜਾਂਦਾ ਹੈ ਅਤੇ ਦੂਸਰੇ ਪਾਸੇ ਮੁਸਲਮਾਨਤਵ, ਜਿੱਥੇ ਇਕ ਪਾਸੇ ਗਿਆਨ ਨਿਕਲ ਜਾਂਦਾ ਹੈ ਅਤੇ ਦੂਸਰੇ ਪਾਸੇ ਅਨਪੜ੍ਹਤਾ, ਜਿੱਥੇ ਇਕ ਪਾਸੇ ਯੋਗ ਮਾਰਗ ਨਿਕਲ ਜਾਂਦਾ ਹੈ ਅਤੇ ਦੂਸਰੇ ਪਾਸੇ ਭਗਤੀ ਮਾਰਗ, ਜਿੱਥੋਂ ਇਕ ਪਾਸੇ ਨਿਰਗੁਣ ਭਾਵਨਾ ਨਿਕਲ ਜਾਂਦੀ ਹੈ ਦੂਸਰੇ ਪਾਸੇ ਸਗੁਣ ਸਾਧਨਾ, ਉਸੇ ਸਰੇਸ਼ਟ ਚੌਰਾਹੇ ਤੇ ਉਹ ਖੜੇ ਸਨ। ਉਹ ਦੋਹਾਂ ਪਾਸੇ ਦੇਖ ਸਕਦੇ ਸਨ ਅਤੇ ਪਰਸਪਰ ਵਿਰੋਧੀ ਦਿਸ਼ਾ ਵੱਲ ਗਏ ਹੋਏ ਮਾਰਗਾਂ ਦੇ ਗੁਣ ਦੋਸ਼ ਉਨ੍ਹਾਂ ਨੂੰ ਸਾਫ਼ ਨਜ਼ਰ ਆ ਜਾਂਦੇ ਸਨ।"[47] ਕਬੀਰ ਜੀ ਨੇ ਹਿੰਦੂ ਅਤੇ ਮੁਸਲਿਮ ਦੋਵਾਂ ਧਰਮਾਂ ਦੀਆਂ ਸਮਾਜਕ ਤੇ ਸਭਿਆਚਾਰਕ ਪ੍ਰਸਥਿਤੀਆਂ ਨੂੰ ਜਾਣਿਆ ਅਤੇ ਇਕ ਤਰਕ ਦ੍ਰਿਸ਼ਟੀ ਨੂੰ ਅਪਣਾਉਂਦੇ ਹੋਏ ਆਪਣੀਆਂ ਵੱਖਰੀਆਂ ਧਾਰਨਾਵਾਂ ਦਿੱਤੀਆਂ ਜੋ ਸਾਧਾਰਨ ਜਨਤਾ ਵਿਚ ਨਿਡਰਤਾ ਪੈਦਾ ਕਰਨ ਅਤੇ ਦੋਵੇਂ ਧਰਮਾਂ ਦੇ ਭੇਖਾਂ, ਕਰਮਕਾਂਡਾਂ ਦਾ ਸਿੱਧਾ ਵਿਰੋਧ ਸਨ। ਕਬੀਰ ਜੀ ਦੀ ਰਚਨਾ ਦੇ ਪ੍ਰਮੁੱਖ ਸ੍ਰੋਤ 'ਕਬੀਰ ਬੀਜਕ', 'ਕਬੀਰ ਗ੍ਰੰਥਾਵਲੀ' ਅਤੇ 'ਗੁਰੂ ਗ੍ਰੰਥ ਸਾਹਿਬ' ਮੰਨੇ ਜਾਂਦੇ ਹਨ ਜਿਨ੍ਹਾਂ ਸ੍ਰੋਤਾਂ ਵਿਚੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਬਾਣੀ ਨੂੰ ਸਭ ਤੋਂ ਵੱਧ ਪ੍ਰਮਾਣਿਕ ਸ੍ਰੋਤ ਵਜੋਂ ਲਿਆ ਜਾਂਦਾ ਹੈ। ਜੋ ਗਿਣਤੀ ਵਿਚ ਬਾਕੀ ਭਗਤ ਸਾਹਿਬਾਨਾਂ ਦੀ ਬਾਣੀ ਤੋਂ ਵੱਧ ਹੈ ਜਿਸ ਅਧਾਰ ਤੇ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਨੇ ਇਕੋ ਨੂਰ ਤੋਂ ਸਾਰੇ ਜਗਤ ਦੀ ਉਪਜ ਦੱਸਕੇ ਵਖਰੇਵਿਆਂ ਵਿਚ ਪਏ ਸਮਾਜ ਨੂੰ ਸਰਬ-ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ :

ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥੧॥...

(ਪ੍ਰਭਾਤੀ, ਕਬੀਰ, ਪੰਨਾ-1349)

## ਭਗਤ ਨਾਮਦੇਵ ਜੀ

ਭਗਤ ਨਾਮਦੇਵ ਸਮਾਜ ਦੀ ਨਿਮਨ ਜਾਤੀ 'ਛੀਂਬਾ' ਨਾਲ ਸਬੰਧਿਤ ਸਨ। ਨਾਮਦੇਵ ਜੀ ਦੇ ਜਨਮ ਸਮੇਂ, ਸਥਾਨ ਅਤੇ ਪਰਿਵਾਰ ਬਾਰੇ ਵਿਦਵਾਨਾਂ ਦਾ ਵਧੇਰੇ ਕਰਕੇ ਬਹੁਮਤ ਇਸ ਵਿਚਾਰ 'ਤੇ ਹੈ ਕਿ "ਮਹਾਰਾਸ਼ਟਰ ਦੇ ਪ੍ਰਸਿੱਧ ਭਗਤ ਅਤੇ ਗਿਆਨੇਸ਼ਵਰ ਦੇ ਗੁਰਭਾਈ ਭਗਤ ਨਾਮਦੇਵ ਦਾ ਜਨਮ ਮਹਾਰਾਸ਼ਟਰ ਦੇ ਪ੍ਰਾਂਤ ਜ਼ਿਲ੍ਹਾ ਸਿਤਾਰਾ ਦੇ ਨਰਸੀ-ਬਮਨੀ ਪਿੰਡ ਵਿਚ ਦਾਮਸ਼ੇਟੀ ਛੀਪੇ ਦੇ ਘਰ ਗੋਨਾਬਾਈ ਦੀ ਕੁੱਖੋਂ ਹੋਇਆ। ਆਪ ਦੀਆਂ ਜਨਮ ਅਤੇ ਦੇਹਾਂਤ ਤਿਥੀਆਂ ਬਾਰੇ ਕਈ ਮਤ ਪ੍ਰਚਲਿਤ ਹਨ ਪਰ ਮੁੱਖ ਤੌਰ 'ਤੇ ਡਾ. ਆਰ.ਜੀ. ਭੰਡਾਰਕਰ ਅਤੇ ਮਿ. ਮੈਕਾਲਿਫ਼ ਦੀਆਂ ਦਿੱਤੀਆਂ ਤਿਥੀਆਂ ਨੂੰ ਠੀਕ ਸਮਝਿਆ ਜਾਂਦਾ ਹੈ ਜਿਨ੍ਹਾਂ ਅਨੁਸਾਰ ਨਾਮਦੇਵ ਜੀ ਦਾ ਜਨਮ ਸੰਨ 1270 ਈ.

(1327 ਬਿ.) ਵਿਚ ਹੋਇਆ ਅਤੇ ਲਗਭਗ 80 ਵਰ੍ਹਿਆਂ ਦਾ ਜੀਵਨ ਬਿਤਾ ਕੇ ਸੰਨ 1350 ਈ. (1407 ਬਿ.) ਵਿਚ ਦੇਹਾਂਤ ਹੋਇਆ।"[48]

ਨਾਮਦੇਵ ਜੀ ਦਾ ਜ਼ਿਆਦਾਤਰ ਜੀਵਨ ਸਾਧਾਂ, ਸੰਤਾਂ, ਦੀਆਂ ਮੰਡਲੀਆਂ ਵਿਚ ਬਤੀਤ ਹੋਇਆ। ਮੈਕਾਲਿਫ਼ ਅਨੁਸਾਰ "ਜਦੋਂ ਨਾਮਦੇਵ ਦੀ ਉਮਰ ਅੱਠ ਸਾਲਾਂ ਦੀ ਹੋਈ ਤਾਂ ਉਸ ਦੀ ਮੰਗਣੀ ਰਾਜਾਬਾਈ ਨਾਂ ਦੀ ਇਕ ਕੰਨਿਆ ਨਾਲ ਕਰ ਦਿੱਤੀ ਗਈ। ਰਾਜਾਬਾਈ ਗੋਬਿੰਦ ਸ਼ੈਟੀ ਦੀ ਬੇਟੀ ਸੀ। ਰਾਜਾਬਾਈ ਦੇ ਪੇਟੋਂ ਨਾਮਦੇਵ ਦੇ ਘਰ ਚਾਰ ਪੁੱਤਰ ਪੈਦਾ ਹੋਏ। ਇਨ੍ਹਾਂ ਦੇ ਨਾਂ ਸਨ – ਨਰਾਇਣ, ਮਹਾਂਦੇਵ, ਗੋਵਿੰਦ ਅਤੇ ਬਿੱਠਲ। ਨਾਮਦੇਵ ਦੇ ਘਰ ਲਿੰਬਾ ਦੇਵੀ ਨਾਂ ਦੀ ਇਕ ਬੇਟੀ ਨੇ ਵੀ ਜਨਮ ਲਿਆ।"[49]

"ਨਾਮਦੇਵ ਨੇ ਵਿਸੋਬਾ ਖੇਚਰ ਨੂੰ ਗੁਰੂ ਧਾਰਣ ਕੀਤਾ। ਉਨ੍ਹਾਂ ਦਿਨਾਂ ਵਿਚ ਮਹਾਰਾਸ਼ਟਰ ਵਿਚ ਵਾਰਕਰੀ ਸੰਪ੍ਰਦਾਇ ਦਾ ਪ੍ਰਚਾਰ ਜ਼ੋਰਾਂ 'ਤੇ ਸੀ। ਇਸ ਸੰਪ੍ਰਦਾਇ ਦੇ ਵਿਕਾਸ ਵਿਚ ਗਿਆਨੇਸ਼ਵਰ ਦਾ ਵਿਸ਼ੇਸ਼ ਯੋਗਦਾਨ ਮੰਨਿਆ ਜਾਂਦਾ ਹੈ। ਇਸ ਸੰਪ੍ਰਦਾਇ ਦਾ ਇਸ਼ਟ ਦੇਵ ਬਿੱਠਲ (ਵਿੱਠਲ) ਸੀ। ਇਹ ਸੰਪ੍ਰਦਾਇ, ਅਸਲ ਵਿਚ ਵੈਸ਼ਨਵ ਅਤੇ ਸ਼ੈਵਮਤਾਂ ਦਾ ਮਿਲਗੋਭਾ ਹੈ।"[50] ਵਾਰਕਰੀ ਸੰਪਰਦਾ ਨੂੰ ਮਹਾਰਾਸ਼ਟਰ ਤੋਂ ਉੱਤਰੀ ਭਾਰਤ ਵਿਚ ਨਾਮਦੇਵ ਜੀ ਨੇ ਪ੍ਰਚਾਰਿਆ। ਨਾਮਦੇਵ ਜੀ ਅਤੇ ਗਿਆਨੇਸ਼ਵਰ ਸਮਕਾਲੀ ਸਨ ਅਤੇ ਦੋਵਾਂ ਦਾ ਬੜਾ ਨੇੜਲਾ ਸਬੰਧ ਮੰਨਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਭਗਤ ਨਾਮਦੇਵ ਜੀ ਨੇ ਗਿਆਨੇਸ਼ਵਰ ਅਤੇ ਹੋਰਾਂ ਸੰਤਾਂ ਨਾਲ ਦੇਵਗਿਰੀ, ਕਾਸ਼ੀ, ਪਰਾਗ, ਅਯੁਧਿਆ, ਮਥੁਰਾ, ਗੋਕਲ, ਬਿੰਦ੍ਰਾਬਨ, ਦਵਾਰਕਾ ਆਦਿ ਦੀਆਂ ਪ੍ਰਮੁੱਖ ਯਾਤਰਾਵਾਂ ਕੀਤੀਆਂ, ਇਨ੍ਹਾਂ ਯਾਤਰਾਵਾਂ ਤੋਂ ਬਾਅਦ ਆਪਣੇ ਸਮਕਾਲੀ ਗਿਆਨੇਸ਼ਵਰ ਦੇ ਦੇਹਾਂਤ ਤੋਂ ਬਾਅਦ ਨਾਮਦੇਵ ਜੀ ਪੰਜਾਬ ਦੇ ਇਕ ਪਿੰਡ ਘੁਮਾਣ (ਜ਼ਿਲ੍ਹਾ ਗੁਰਦਾਸਪੁਰ) ਵਿਖੇ ਆ ਗਏ ਅਤੇ ਏਥੇ ਹੀ 1350 ਈ. ਵਿਚ ਨਾਮਦੇਵ ਜੀ ਨੇ ਆਪਣੀ ਜੀਵਨ ਯਾਤਰਾ ਪੂਰੀ ਕੀਤੀ।[51]

"ਨਾਮਦੇਵ ਜੀ ਦੇ ਨਾਮ 'ਤੇ ਮਰਾਠੀ ਅਭੰਗ, ਹਿੰਦੀ ਪਦੇ ਤੇ 61 ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹਨ।"[52] ਜਿਨ੍ਹਾਂ ਵਿਚ ਉਨ੍ਹਾਂ ਦੀ ਸਭ ਤੋਂ ਵਧੇਰੇ ਪ੍ਰਮਾਣਿਕ ਰਚਨਾ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹੁੰਦੀ ਹੈ। ਇਸ ਬਾਰੇ ਮੈਕਸ ਆਰਥਰ ਮੈਕਾਲਿਫ਼ ਦਾ ਵਿਚਾਰ ਹੈ ਕਿ, "ਇਹ ਬਾਣੀ ਨਾਮਦੇਵ ਦੇ ਜੀਵਨ ਦੇ ਤਿੰਨ ਵੱਖ-ਵੱਖ ਪੜਾਵਾਂ ਨਾਲ ਸਬੰਧਿਤ ਹੈ ਬਚਪਨ ਜਦੋਂ ਉਹ ਬੁਤਪੂਜਕ ਸੀ, ਪ੍ਰੋੜ ਉਮਰ ਸਮੇਂ ਜਦੋਂ ਉਹ ਹਿੰਦੂ ਭਰਮਾਂ ਤੋਂ ਆਜ਼ਾਦ ਹੋ ਰਿਹਾ ਸੀ, ਅਤੇ ਬੁਢਾਪੇ ਵੇਲੇ ਜਦੋਂ ਉਸਦੀ ਬਾਣੀ ਸਮਕਾਲੀਨ ਸਮਾਜ ਸੁਧਾਰਕਾਂ ਦੀ ਅਤੇ ਸਿੱਖ ਗੁਰੂ ਸਾਹਿਬਾਨਾਂ ਦੀ ਵਿਚਾਰਧਾਰਾ

ਨਾਲ ਮੇਲ ਖਾਣ ਲੱਗੀ ਸੀ। ਨਾਮਦੇਵ ਦੇ ਇਸ ਪਿਛਲੇ ਪੜਾਅ ਦੀਆਂ ਰਚਨਾਵਾਂ ਹੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹਨ।"[53]

ਭਗਤ ਨਾਮਦੇਵ ਜੀ ਨੂੰ ਆਪਣੇ ਵਿਹਾਰਕ ਜੀਵਨ ਵਿਚ ਜਾਤ-ਪਾਤ ਦੇ ਭੇਦ-ਭਾਵ ਅਤੇ ਹੋਰ ਸਮਾਜਕ, ਧਾਰਮਕ ਵਿਤਕਰਿਆਂ ਦਾ ਸਾਹਮਣਾ ਕਰਨਾ ਪਿਆ ਪਰੰਤੂ ਉਨ੍ਹਾਂ ਨੇ ਸਮਾਜ ਦੀਆਂ ਉੱਚ ਜਾਤੀਆਂ ਬ੍ਰਾਹਮਣਾਂ ਅਤੇ ਬਾਦਸ਼ਾਹਾਂ ਦੇ ਤਸ਼ੱਦਦ ਅੱਗੇ ਗੋਡੇ ਨਹੀਂ ਟੇਕੇ, ਸਗੋਂ ਉਨ੍ਹਾਂ ਦੇ ਹਰ ਸਰੀਰਕ, ਮਾਨਸਿਕ ਵਾਰ ਦਾ, ਪ੍ਰਭੂ ਦੀ ਭਗਤੀ, ਪ੍ਰਭੂ ਦੀ ਓਟ ਲੈ ਕੇ ਅਤੇ ਆਪਣੇ ਦਲੀਲਮਈ ਵਿਚਾਰਾਂ ਨਾਲ ਜਵਾਬ ਦਿੱਤਾ। ਉਨ੍ਹਾਂ ਨੇ ਜਿੱਥੇ ਬ੍ਰਹਮਣੀ ਕਰਮਕਾਂਡਾਂ ਦਾ ਵਿਰੋਧ ਕੀਤਾ ਉੱਥੇ ਸ਼ਰ੍ਹਾ-ਸ਼ਰੀਅਤ ਨੂੰ ਨਿਰੋਲ ਬਾਹਰੀ ਤੌਰ ਤੇ ਅਪਣਾਈ ਬੈਠੇ ਰਾਜਸੀ ਸੱਤਾ ਹਾਸਿਲ ਮੁਸਲਿਮ ਸ਼ਾਸ਼ਕਾਂ ਦਾ ਵੀ ਖਲ੍ਹਕੇ ਵਿਰੋਧ ਕੀਤਾ :

ਹਿੰਦੂ ਅੰਨ੍ਾ ਤੁਰਕੂ ਕਾਣਾ॥ ਦੁਹਾਂ ਤੇ ਗਿਆਨੀ ਸਿਆਣਾ॥
ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤ॥੪॥੩॥੭॥

(ਗੋਂਡ, ਨਾਮਦੇਵ, ਪੰਨਾ-875)

## ਭਗਤ ਰਵਿਦਾਸ ਜੀ

ਭਗਤ ਰਵਿਦਾਸ ਜੀ ਦੇ ਜਨਮ ਸਬੰਧੀ ਕੋਈ ਨਿਸ਼ਚਿਤ ਤਿਥੀ ਨਹੀਂ ਮਿਲਦੀ, ਸਗੋਂ ਉਨ੍ਹਾਂ ਦੇ ਜੀਵਨ ਕਾਲ ਅਤੇ ਹੋਰ ਜਾਣਕਾਰੀ ਬਾਰੇ ਏਨਾ ਭੰਬਲਭੂਸਾ ਹੈ ਕਿ ਮੈਕਸ ਆਰਥਰ ਮੈਕਾਲਿਫ਼ ਨੇ ਨਾ ਕੋਈ ਜਨਮ, ਦੇਹਾਂਤ ਬਾਰੇ ਤਿੱਥੀ ਦਿੱਤੀ ਹੈ ਨਾ ਜਨਮ ਸਥਾਨ ਦਾ ਨਾਮ ਅਤੇ ਨਾ ਹੀ ਕੋਈ ਮਾਤਾ-ਪਿਤਾ ਬਾਰੇ ਜਾਣਕਾਰੀ ਦੱਸੀ ਹੈ। ਜਦੋਂ ਕਿ ਪ੍ਰੋ. ਬ੍ਰਹਮ ਜਗਦੀਸ਼ ਨੇ ਕਈ ਵਿਦਵਾਨਾਂ ਦੇ ਮਤਾਂ ਅਨੁਸਾਰ ਭਗਤ ਰਵਿਦਾਸ ਜੀ ਦੇ ਜਨਮ ਸਬੰਧੀ ਇਸ ਤਰ੍ਹਾਂ ਲਿਖਿਆ ਹੈ ਕਿ "ਗੁਰੂ ਰਵਿਦਾਸ ਜੀ ਦਾ ਜੀਵਨਕਾਲ 1376 ਈ. ਤੋਂ ਲੈ ਕੇ 1527 ਈ. ਤੱਕ ਮੰਨਿਆ ਗਿਆ ਹੈ। ਆਚਾਰੀਆ ਪ੍ਰਿਥਵੀ ਸਿੰਹ ਆਜ਼ਾਦ, ਸੁਆਮੀ ਕਾਨ੍ਹੂੰ ਪਿੱਲੇ, ਡਾ. ਸ਼ਕਤੀਧਰ ਸ਼ਰਮਾ ਅਤੇ ਡਾ. ਜਸਬੀਰ ਸਿੰਘ ਸਾਬਰ ਵਰਗੇ ਵਿਦਵਾਨਾਂ ਨੇ ਆਪ ਦੇ ਜਨਮ ਅਤੇ ਅਕਾਲ ਚਲਾਣਾ ਕਰ ਜਾਣ ਦੀਆਂ ਇਨ੍ਹਾਂ ਤਰੀਖਾਂ ਉੱਤੇ ਸਹਿਮਤੀ ਦਰਸਾਉਂਦਿਆਂ ਹੋਇਆ ਮੰਨਿਆ ਹੈ ਕਿ ਗੁਰੂ ਰਵਿਦਾਸ ਜੀ ਲਗਭਗ ਡੇਢ ਸੌ ਵਰ੍ਹੇ ਆਪਣੀ ਅਧਿਆਤਮਕ ਸਾਧਨਾ ਦੁਆਰਾ ਤਪਿਤ ਹਿਰਦਿਆਂ ਵਿਚ ਠੰਡਕ ਵਰਤਾਉਂਦੇ ਰਹੇ।"[54]

ਰਵਿਦਾਸ ਜੀ ਦੀਆਂ ਜਨਮ ਤਿਥੀਆਂ ਦੀ ਤਰ੍ਹਾਂ ਉਨ੍ਹਾਂ ਦੇ ਮਾਤਾ-ਪਿਤਾ ਦੇ ਨਾਵਾਂ ਵਿਚ ਵੀ ਬਹੁਲਤਾ ਪਾਈ ਜਾਂਦੀ ਹੈ ਜਿਨ੍ਹਾਂ ਵਿਚੋਂ ਉਨ੍ਹਾਂ ਦੇ ਪਿਤਾ ਦਾ ਨਾਮ ਰਘੂ (ਰਾਘਵ), ਸੰਤੋਖ ਦਾਸ ਆਦਿ ਅਤੇ ਮਾਤਾ ਦਾ ਨਾਮ ਕਰਮੋਂ, ਕੌਮਾ ਦੇਵੀ, ਕਰਮਾ ਦੇਵੀ, ਘਰਬਿਨੀਆ ਆਦਿ ਨਾਮ ਦੱਸੇ ਜਾਂਦੇ ਹਨ। ਇਨ੍ਹਾਂ ਨਾਵਾਂ ਵਿਚੋਂ ਵਧੇਰੇ ਸਹਿਮਤੀ ਪਿਤਾ 'ਰਾਘਵ' ਅਤੇ ਮਾਤਾ 'ਘਰ ਬਿਨੀਆ' ਨਾਵਾਂ ਤੇ ਹੀ ਪ੍ਰਗਟਾਈ ਜਾਂਦੀ ਹੈ। ਗੁਰੂ ਗ੍ਰੰਥ ਵਿਸ਼ਵਕੋਸ਼ ਅਨੁਸਾਰ ਇਨ੍ਹਾਂ ਦਾ ਵਿਆਹ 'ਲੋਨਾ' ਨਾਂ ਦੀ ਇਸਤਰੀ ਨਾਲ ਹੋਇਆ ਜਿਸ ਦੀ ਕੁੱਖੋਂ ਵਿਜਯਦਾਸ ਨਾਂ ਦਾ ਪੁੱਤਰ ਪੈਦਾ ਹੋਇਆ।"[55] ਕੁੱਲ ਮਿਲਾਕੇ ਰਵਿਦਾਸ ਜੀ ਬਾਰੇ ਪ੍ਰਮਾਣਿਕ ਤੌਰ 'ਤੇ ਦੋ ਤਿੰਨ ਗੱਲਾਂ ਜ਼ਰੂਰ ਕਹੀਆਂ ਜਾ ਸਕਦੀਆਂ ਹਨ ਕਿ ਭਗਤ ਰਵਿਦਾਸ ਜੀ ਦਾ ਜਨਮ ਕਾਸ਼ੀ (ਬਨਾਰਸ) ਵਿਖੇ ਹੋਇਆ। ਉਹ ਜਾਤੀ 'ਚਮਾਰ' ਨਾਲ ਸਬੰਧ ਰੱਖਦੇ ਸਨ ਜਿਸ ਦਾ ਜ਼ਿਕਰ ਉਨ੍ਹਾਂ ਦੀ ਬਾਣੀ ਵਿਚ ਵੀ ਵਾਰ-ਵਾਰ ਆਉਂਦਾ ਹੈ। ਰਵਿਦਾਸ ਜੀ ਕਬੀਰ ਜੀ ਦੇ ਸਮਕਾਲੀ ਅਤੇ ਰਾਮਾਨੰਦ ਜੀ ਦੇ ਚੇਲੇ ਮੰਨੇ ਜਾਂਦੇ ਹਨ।

ਉਨ੍ਹਾਂ ਸਬੰਧੀ ਕੁੱਝ ਸ਼ਰਧਾ ਪੂਰਵਕ ਲਿਖੀਆਂ ਅਸਚਰਜਨਕ ਕਥਾਵਾਂ ਤੇ ਜਨਮ ਸਾਖੀਆਂ ਵੀ ਮਿਲਦੀਆਂ ਹਨ। ਜਿਨ੍ਹਾਂ ਵਿਚ ਗੰਗਾ ਦੇਵੀ ਦੁਆਰਾ ਦਮੜੀ ਫੜਨਾ, ਗੰਗਾ ਨਦੀ ਦਾ ਰਵਿਦਾਸ ਜੀ ਦੀ ਜੁੱਤੀਆਂ ਗੰਢਣ ਵਾਲੀ ਕੁਠਾਲੀ ਹੇਠ ਵਗਣਾ, ਪਾਰਸ ਵਾਲੀ ਸਾਖੀ, ਗੰਗਾ ਵਿਚ ਸਾਲਗਰਾਮ ਦਾ ਤਰਨਾ ਆਦਿ ਹਨ। ਇਹਨਾਂ ਵਿਚੋਂ ਕਈ ਕਥਾਵਾਂ ਰਵਿਦਾਸ ਜੀ ਪ੍ਰਤੀ ਬ੍ਰਾਹਮਣਾਂ ਦੀ ਈਰਖਾ ਨੂੰ ਅਤੇ ਕਈ ਉਨ੍ਹਾਂ ਦੇ ਸ਼ਰਧਾਲੂਆਂ ਦੀ ਸ਼ਰਧਾ ਨੂੰ ਪ੍ਰਗਟ ਕਰਦੀਆਂ। ਜਦੋਂ ਕਿ ਉਨ੍ਹਾਂ ਦੇ ਜੀਵਨ ਦਾ ਅਸਲ ਸੱਚ ਤਾਂ ਇਹ ਹੈ ਕਿ ਉਹ ਮੱਧਕਾਲੀ ਸਮਾਜ ਦੇ ਕਾਸ਼ੀ ਵਿਚ ਰਹਿਣ ਵਾਲੇ ਆਮ ਕਿਰਤੀ ਇਨਸਾਨ ਸਨ ਜੋ ਜੁੱਤੀਆਂ ਗੰਢਣ ਅਤੇ ਮੋਏ ਪਸ਼ੂਆਂ ਨੂੰ ਢੋਣ ਦਾ ਕੰਮ ਕਰਕੇ ਆਪਣਾ ਜੀਵਨ ਨਿਰਬਾਹ ਕਰਦੇ ਸਨ। ਇਸਦੇ ਬਾਵਜੂਦ ਉਹ ਇਕੋ ਇਕ ਬ੍ਰਹਮ ਦੀ ਭਗਤੀ ਵਿਚ ਲੀਨ, ਬ੍ਰਹਮਣੀ ਕਰਮਕਾਂਡਾਂ ਤੋਂ ਦੂਰ, ਭਾਈਚਾਰਕ ਸਾਂਝ ਵਾਲੇ ਅਜਿਹੇ ਸਮਾਜ ਦੀ ਸਿਰਜਣਾ ਦੇ ਉੱਦਮ ਵਿਚ ਜੁੜੇ ਰਹੇ ਜਿਸ ਸਮਾਜ ਵਿਚ ਨਾ ਉਚ, ਨਾ ਨੀਚ, ਨਾ ਰਾਜਾ, ਨਾ ਗ਼ੁਲਾਮ ਹੋਵੇ ਅਤੇ ਜੋ ਸਮਾਜ ਸਾਰੇ ਦੁੱਖਾਂ ਕਸ਼ਟਾਂ ਤੋਂ ਬਿਨਾਂ, ਭਰਾਤਰੀਭਾਵ ਤੇ ਏਕਤਾ ਦੀਆਂ ਨੀਹਾਂ ਤੇ ਉਸਰਿਆ ਸਮਾਜ ਹੋਵੇ। "ਭਗਤੀ ਪਰੰਪਰਾ ਦੇ ਹੋਰ ਮਹਾਨ ਪਰਮਸੰਤਾਂ ਵਾਂਗ ਰਵਿਦਾਸ ਜੀ ਨੇ ਅਧਿਆਤਮਕ ਗਿਆਨ ਦੀ ਰੌਸ਼ਨੀ ਵੰਡਣ ਲਈ ਅਤੇ ਦੀਨ-ਦੁਖੀਆਂ ਨੂੰ ਜਾਗ੍ਰਿਤ ਕਰਨ ਲਈ ਭਾਰਤ ਵਿਚ ਬਹੁਤ ਸਾਰੀਆਂ ਯਾਤਰਾਵਾਂ ਵੀ ਕੀਤੀਆਂ। ਆਪ ਬਿਹਾਰ, ਰਾਜਸਥਾਨ, ਮਹਾਂਰਾਸ਼ਟਰ, ਗੁਜਰਾਤ, ਮੱਧ ਪ੍ਰਦੇਸ਼ ਅਤੇ ਕਈ ਹੋਰ ਦੱਖਣੀ ਪ੍ਰਦੇਸ਼ਾਂ ਵਿਚ ਗਏ। ਆਪ ਜੀ ਨੇ ਇਕ ਯਾਤਰਾ ਰਾਣੀ ਝਾਲੀ ਕੋਲ ਚਿਤੌੜ ਦੀ ਵੀ ਕੀਤੀ।"[56]

ਭਗਤ ਰਵਿਦਾਸ ਜੀ ਦੇ ਨਾਮ 'ਤੇ ਬਹੁਤ ਸਾਰੀ ਰਚਨਾ ਉਪਲਬੱਧ ਹੈ ਪਰੰਤੂ ਉਨ੍ਹਾਂ ਦੀ ਜੋ ਰਚਨਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਉਸਨੂੰ ਸਭ ਤੋਂ ਵੱਧ ਪ੍ਰਮਾਣਿਕ ਰਚਨਾ ਮੰਨਿਆ ਜਾਂਦਾ ਹੈ। ਰਵਿਦਾਸ ਜੀ ਦੀ ਬਾਣੀ ਪ੍ਰਭੂ-ਪ੍ਰੇਮ ਵਿਚ ਰੰਗੀ ਲੋਕਾਂ ਵਿਚ ਨਿਮਰਤਾ, ਸਹਿਣਸ਼ੀਲਤਾ ਅਤੇ ਸਮਾਜ ਵਿਚ ਪਏ ਉਚ-ਨੀਚ ਦੇ ਦੁਫਾੜ ਨੂੰ ਮੇਟਣ ਦੇ ਮਾਰਗ ਵੱਲ ਤੋਰਦੀ ਹੈ। ਭਗਤ ਰਵਿਦਾਸ ਜੀ ਨੇ ਅਧਿਆਤਮਕ ਅਤੇ ਵਿਹਾਰਕ ਜੀਵਨ ਦੇ ਜੋੜ ਦੁਆਰਾ ਆਮ ਲੋਕਾਂ ਦੇ ਸਮਾਜ ਪ੍ਰਤੀ ਬਣੇ ਪਰੰਪਰਾਈ ਦ੍ਰਿਸ਼ਟੀਕੋਣ ਨੂੰ ਬਦਲਣ ਦੇ ਯਤਨ ਕੀਤੇ। ਜਿੱਥੇ ਉਹ ਪ੍ਰਭੂ-ਨਾਮ ਸਿਮਰਨ, ਪ੍ਰਭੂ-ਪ੍ਰੇਮ ਦੁਆਰਾ ਪਰਮਾਤਮਾ ਵਿਚ ਅਭੇਦ ਹੋ ਕੇ ਸਭ ਦੂਰੀਆਂ, ਅੰਤਰ ਮਿਟਾ ਦਿੰਦੇ ਹਨ ਉੱਥੇ ਉਨ੍ਹਾਂ ਨੇ ਸਮਾਜ ਵਿਚ ਹੋਰ ਪ੍ਰਸਥਿਤੀਆਂ ਵਿਚ ਏਕਤਾ, ਸਮੰਨਵੈ ਅਤੇ ਭਰਾਤਰੀ ਭਾਵ ਪੈਦਾ ਕਰਨ ਦੇ ਨਿਰੰਤਰ ਯਤਨ ਕੀਤੇ।

### ਸ਼ੇਖ਼ ਫ਼ਰੀਦ ਜੀ

ਸ਼ੇਖ਼ ਫ਼ਰੀਦ ਜੀ ਦਾ ਜੀਵਨ ਕਾਲ 1173 ਈ. ਤੋਂ 1265 ਈ. ਤੱਕ ਦਾ ਮੰਨਿਆ ਜਾਂਦਾ ਹੈ। ਫ਼ਰੀਦ ਜੀ ਨੂੰ ਜਿੱਥੇ ਪੰਜਾਬੀ ਸਾਹਿਤ ਦੇ ਪਹਿਲੇ ਸੂਫ਼ੀ ਕਵੀ ਹੋਣ ਦਾ ਮਾਣ ਹਾਸਿਲ ਹੈ ਉੱਥੇ ਹੀ ਇਨ੍ਹਾਂ ਨੂੰ ਸਿੱਖ ਜਗਤ ਵਿਚ 'ਗੁਰੂ ਗ੍ਰੰਥ ਸਾਹਿਬ' ਦੇ ਬਾਣੀਕਾਰ ਜਾਂ ਭਗਤ ਕਵੀ ਦੇ ਤੌਰ 'ਤੇ ਵਿਸ਼ੇਸ਼ ਸਥਾਨ ਪ੍ਰਾਪਤ ਹੈ।

ਫ਼ਰੀਦ ਜੀ ਦੇ ਪਿਛੋਕੜ ਬਾਰੇ ਇਤਿਹਾਸਕ ਪੱਖ ਤੋਂ ਕਿਹਾ ਜਾਂਦਾ ਹੈ ਕਿ ਰਾਜਨੀਤਕ ਪ੍ਰਸਥਿਤੀਆਂ ਦੇ ਵਿਗੜ ਜਾਣ ਕਰਕੇ ਆਪ ਦੇ ਦਾਦਾ ਅਤੇ ਹੋਰ ਲੋਕ ਕਾਬੁਲ ਤੋਂ ਹਿੰਦੋਸਤਾਨ ਵਿਚ ਆਏ ਸਨ। "ਦਾਦੇ ਦੀ ਮ੍ਰਿਤੂ ਤੋਂ ਬਾਦ ਆਪ ਦੇ ਪਿਤਾ ਸ਼ੇਖ਼ ਜਮਾਲੁੱਦੀਨ ਸੁਲੇਮਾਨ ਖੋਤਵਾਲ ਦੇ ਕਾਜ਼ੀ ਬਣੇ ਜੋ ਸੁਲਤਾਨ ਮਹਿਮੂਦ ਗਜ਼ਨਵੀ ਦੇ ਭਣੇਵੇ ਸਨ ਅਤੇ ਖੋਤਵਾਲ ਵਿਚ ਮੁਲਾਂ ਵਜੀਹੁੱਦੀਨ ਖੁਜੰਦੀ ਦੀ ਪੁੱਤਰੀ ਬੀਬੀ ਕੁਰਸੂਮ ਖਾਤੂਨ ਨਾਲ ਵਿਆਹੇ ਸਨ। ਇਸ ਦੰਪਤੀ ਤੋਂ ਤਿੰਨ ਪੁੱਤਰ ਪੈਦਾ ਹੋਏ ਜਿਨ੍ਹਾਂ ਵਿਚ ਮੰਝਲਾ ਫਰੀਦੁੱਦੀਨ ਮਸਊਦ ਸੀ ਜੋ ਕਾਲਾਂਤਰ ਵਿਚ ਬਾਬਾ ਫ਼ਰੀਦ ਜਾਂ ਸ਼ੇਖ਼ ਫ਼ਰੀਦ ਕਰਕੇ ਪ੍ਰਸਿੱਧ ਹੋਏ।"[57] ਫ਼ਰੀਦ ਜੀ ਦੇ ਜਨਮ ਨਾਲ ਸੰਬੰਧਿਤ ਇਕ ਦਿਲਚਸਪ ਸਾਖੀ ਮਿਲਦੀ ਹੈ ਜਿਸ ਅਨੁਸਾਰ "ਸ਼ੇਖ਼ ਫ਼ਰੀਦ ਜੀ ਦਾ ਜਨਮ ਰਮਜ਼ਾਨ (ਰੋਜ਼ਿਆ) ਦੇ ਮਹੀਨੇ ਵਿਚ ਹੋਇਆ। ਜਦ ਮਾਂ ਨੇ ਆਪ ਨੂੰ ਦੁੱਧ ਦਿੱਤਾ ਤਾਂ ਆਪਨੇ ਨਹੀਂ ਪੀਤਾ। ਜਾਪਦਾ ਇਉਂ ਸੀ ਕਿ ਬੱਚੇ ਨੇ ਰੋਜ਼ਾ ਰੱਖਿਆ ਹੋਇਆ ਹੈ। ਸਵੇਰੇ ਸ਼ਾਮ ਹੀ ਦੁੱਧ ਪੀਂਦੇ ਸਨ।"[58]

ਫ਼ਰੀਦ ਜੀ ਦਾ ਪੂਰਾ ਨਾਮ 'ਸ਼ੇਖ਼ ਫਰੀਦੁੱਦੀਨ ਮਸਊਦ ਸ਼ਕਰਗੰਜ' ਹੈ। ਬੇਸ਼ੱਕ ਆਪ ਅਤਿ ਮਿੱਠੀ ਜ਼ੁਬਾਨ ਵਾਲੇ ਨਿਮਰ ਤੇ ਸਹਿਣਸ਼ੀਲ ਗੁਣਾਂ ਵਾਲੇ ਸੂਫ਼ੀ ਫ਼ਕੀਰ ਵਜੋਂ ਪ੍ਰਸਿੱਧ ਹੋਏ ਪਰੰਤੂ ਆਪ

ਦੇ ਨਾਮ ਨਾਲ ਲੱਗਦੇ ਤੱਖ਼ਲਸ 'ਸ਼ਕਰਗੰਜ' ਬਾਰੇ ਵੱਖ-ਵੱਖ ਤਰ੍ਹਾਂ ਦੀਆਂ ਸਾਖੀਆਂ ਵੀ ਜੁੜੀਆਂ ਹੋਈਆਂ ਹਨ ਜਿਨ੍ਹਾਂ ਵਿਚੋਂ ਸਭ ਤੋਂ ਦਿਲਚਸਪ ਲੋਕ-ਵਾਰਤਾ ਇਹ ਮਿਲਦੀ ਹੈ ਕਿ ਜਦ ਆਪ ਛੋਟੇ ਸਨ ਤਾਂ ਆਪ ਦੇ ਮਾਤਾ ਜੀ ਨੇ ਆਪ ਨੂੰ ਖ਼ੁਦਾ ਦੇ ਨਾਮ (ਨਵਾਜ਼) ਨਾਲ ਜੋੜਨ ਲਈ ਆਪ ਨੂੰ ਆਖਿਆ ਕਿ ਜੇਕਰ ਉਹ ਅੱਲਾ ਅੱਗੇ ਨਵਾਜ਼ ਅਦਾ ਕਰਨ ਤਾਂ ਅੱਲ੍ਹਾ ਵੱਲੋਂ ਉਨ੍ਹਾਂ ਨੂੰ ਸ਼ਕਰ ਮਿਲੇਗੀ। ਜਦੋਂ ਫ਼ਰੀਦ ਜੀ ਨਵਾਜ਼ ਪੜ੍ਹਨ ਲੱਗਦੇ ਤਾਂ ਉਨ੍ਹਾਂ ਦੀ ਮਾਤਾ ਉਨ੍ਹਾਂ ਦੇ ਮੁੱਸਲੇ ਹੇਠ ਰੋਜ਼ ਸ਼ੱਕਰ ਰੱਖ ਦਿੰਦੇ ਜਿਸ ਕਰਕੇ ਜਦੋਂ ਵੀ ਉਹ ਨਵਾਜ਼ ਪੜ੍ਹਕੇ ਉੱਠਦੇ ਤਾਂ ਮੁੱਸਲੇ ਹੇਠੋਂ ਮਿਲਦੀ ਸ਼ਕਰ ਨੂੰ ਅੱਲਾ ਦੁਆਰਾ ਮਿਲੀ ਸਮਝਕੇ ਬੜਾ ਖੁਸ਼ ਹੁੰਦੇ। ਕਿਹਾ ਜਾਂਦਾ ਹੈ ਕਿ ਸ਼ੇਖ਼ ਫ਼ਰੀਦ ਜੀ ਨੇ ਬਹੁਤ ਛੋਟੀ ਉਮਰ ਵਿਚ ਹੀ ਪਵਿੱਤਰ 'ਕੁਰਾਨ' ਨੂੰ ਜ਼ੁਬਾਨੀ ਯਾਦ ਕਰ ਲਿਆ ਸੀ।"[59]

ਫ਼ਰੀਦ ਜੀ ਦੇ ਆਪਣੇ ਪਰਿਵਾਰ ਬਾਰੇ ਇਹ ਕਿਹਾ ਜਾਂਦਾ ਹੈ ਕਿ "ਆਪ ਨੇ ਸੁਲਤਾਨ ਗਿਆਸੁੱਦੀਨ ਬਲਬਨ ਦੀ ਸ਼ਹਿਜ਼ਾਦੀ ਬੀਬੀ ਹਜ਼ਬਰਾ ਨਾਲ ਵਿਆਹ ਕੀਤਾ। ਇਸ ਤੋਂ ਇਲਾਵਾ ਦੋ-ਤਿੰਨ ਹੋਰ ਸ਼ਾਦੀਆਂ ਦਾ ਉਲੇਖ ਵੀ ਮਿਲਦਾ ਹੈ।"[60] ਪਰਿਵਾਰਕ ਜੀਵਨ ਵਿਚ ਖਚਿਤ ਹੋਣ ਨਾਲੋਂ ਵਧੇਰੇ ਆਪ ਅੱਲਾ ਦੀ ਬੰਦਗੀ ਵਿਚ ਲੀਨ ਰਹਿਣ ਵਾਲੇ ਫ਼ਕੀਰ ਹੋਏ ਜਿਸਦੀ ਜਾਣਕਾਰੀ ਆਪਦੀ ਰਚਨਾ ਤੋਂ ਵੀ ਸਪਸ਼ਟ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਫ਼ਰੀਦ ਜੀ ਦੇ 4 ਸ਼ਬਦ ਅਤੇ 112 ਸਲੋਕ ਪ੍ਰਾਪਤ ਹੁੰਦੇ ਹਨ। ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਫ਼ਰੀਦ ਜੀ ਦੇ ਨਾਮ 'ਤੇ ਹੋਰ ਵੀ ਰਚਨਾ ਮਿਲਦੀ ਹੈ ਜਿਸਦੀ ਪ੍ਰਮਾਣਿਕਤਾ ਸੰਦੇਹਜਨਕ ਹੈ।

"ਕੁਝ ਵਿਦਵਾਨਾਂ ਅਨੁਸਾਰ ਮੁਲਤਾਨ ਵਿਚ ਵਿਦਿਆ ਪ੍ਰਾਪਤੀ ਤੋਂ ਬਾਦ ਆਪ ਕੰਧਾਰ, ਮੱਕੇ ਅਤੇ ਬਗਦਾਦ ਆਦਿ ਥਾਵਾਂ ਦੀ ਯਾਤ੍ਰਾ ਉਤੇ ਗਏ। ਉੱਥੋਂ ਪਰਤਣ ਉਪਰੰਤ ਆਪ ਆਪਣੇ ਮੁਰਸ਼ਿਦ ਦੀ ਸੇਵਾ ਵਿਚ ਦਿੱਲੀ ਹਾਜ਼ਰ ਹੋਏ। ਇਥੇ ਹੀ ਆਪ ਨੂੰ ਖ਼੍ਵਾਜਾ ਮੁਈਨੁੱਦੀਨ ਚਿਸ਼ਤੀ ਦੇ ਦਰਸ਼ਨ ਕਰਨ ਦਾ ਗੌਰਵ ਪ੍ਰਾਪਤ ਹੋਇਆ। ਦਿੱਲੀ ਤੋਂ ਪਰਤ ਕੇ ਆਪ ਨੇ ਹਾਂਸੀ ਵਿਚ ਠਿਕਾਣਾ ਕੀਤਾ। ਇੱਥੇ ਆਪ ਲਗਭਗ 18 ਵਰ੍ਹੇ ਰਹੇ ਅਤੇ ਕਠੋਰ ਤਪੱਸਿਆ ਕੀਤੀ। ਇਸ ਦੌਰਾਨ ਖ਼੍ਵਾਜਾ ਕੁਤੁਬੱਦੀਨ ਬਖ਼ਤਿਆਰ ਕਾਕੀ ਦਾ ਦੇਹਾਂਤ ਹੋ ਗਿਆ ਅਤੇ ਆਪ ਨੂੰ ਦਿੱਲੀ ਵਿਚ ਚਿਸ਼ਤੀ ਸਿਲਸਿਲੇ ਦਾ ਮੁਖੀ ਥਾਪਿਆ ਗਿਆ।"[61] ਸੰਨ 1265 ਈ. ਵਿਚ ਸ਼ੇਖ਼ ਫ਼ਰੀਦ ਜੀ ਦਾ ਦੇਹਾਂਤ ਹੋ ਗਿਆ ਅਤੇ ਮੰਨਿਆ ਜਾਂਦਾ ਹੈ ਕਿ ਆਪ ਜੀ ਦੀ ਦੇਹ ਨੂੰ ਪਾਕਪਟਨ ਵਿਚ ਸਪੁਰਦ-ਏ-ਖ਼ਾਕ ਕੀਤਾ ਗਿਆ। ਆਪ ਨੇ ਆਪਣੇ ਦੇਹਾਂਤ ਤੋਂ ਪਹਿਲਾਂ ਹੀ ਚਿਸ਼ਤੀ ਸਿਲਸਿਲੇ ਦੀ ਸਾਰੀ ਜ਼ਿੰਮੇਵਾਰੀ ਦਿੱਲੀ ਵਿਚ ਆਪਣੇ ਚੇਲੇ ਜਾਂ ਮੁਰੀਦ ਸ਼ੇਖ਼ ਨਿਜ਼ਾਮੁੱਦੀਨ ਔਲੀਆ ਨੂੰ ਸੌਂਪ ਦਿੱਤੀ।

ਫ਼ਰੀਦ ਜੀ ਦੇ ਜਨਮ, ਬਚਪਨ ਅਤੇ ਜੀਵਨ ਦੇ ਪ੍ਰਮੁੱਖ ਪਹਿਲੂਆਂ ਸਬੰਧੀ ਇਤਿਹਾਸਕ ਪ੍ਰਮਾਣਾਂ ਅਤੇ ਉਨ੍ਹਾਂ ਦੀ ਰਚਨਾ ਤੋਂ ਇਲਾਵਾ ਵਿਭਿੰਨ ਚਮਤਕਾਰੀ ਸਾਖੀਆਂ ਦੀ ਵੀ ਭਰਮਾਰ ਹੈ

ਜਿਨ੍ਹਾਂ ਅਨੁਸਾਰ ਕਿਹਾ ਜਾਂਦਾ ਹੈ ਕਿ ਸੂਫ਼ੀ ਤੇ ਮੁਸਲਮਾਨ ਫ਼ਕੀਰਾਂ 'ਚੋਂ ਸ਼ੇਖ਼ ਫ਼ਰੀਦ ਦੀ ਤਪੱਸਿਆ ਬੜੀ ਪ੍ਰਸਿੱਧ ਹੈ। ਇਸ ਸਬੰਧੀ ਕਈ ਸਾਖੀਆਂ ਮਸ਼ਹੂਰ ਹਨ। ਕਹਿੰਦੇ ਹਨ ਕਿ "ਸ਼ੇਖ ਫ਼ਰੀਦ ਜੰਗਲ ਵਿਚ ਵਾਸ ਕਰਦੇ ਸਨ, ਬੜੇ ਚਲੀਹੇ ਕੱਟਦੇ ਸਨ। ਆਪ ਨੇ ਮਨ ਨੂੰ ਕਾਬੂ ਕਰਨ ਲਈ ਸਰੀਰ ਨੂੰ ਬੜੇ ਕਸ਼ਟ ਦਿੱਤੇ। ਆਪ ਰੋਟੀ ਨਹੀਂ ਸਨ ਖਾਂਦੇ, ਜੰਡਾਂ ਤੇ ਕਰੀਰਾਂ ਦੇ ਪੱਤਰ ਤੇ ਡੇਲੇ ਖਾ ਕੇ ਗੁਜ਼ਾਰਾ ਕਰਦੇ ਸਨ।"[62] ਪਰੰਤੂ ਇਸ ਸਭ ਕੁੱਝ ਨੂੰ ਜੇਕਰ ਪਾਸੇ ਰੱਖਕੇ ਉਨ੍ਹਾਂ ਦੀ ਬਾਣੀ ਦੇ ਆਧਾਰ 'ਤੇ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਦ੍ਰਿਸ਼ਟੀਗੋਚਰ ਕਰਨਾ ਹੋਵੇ ਤਾਂ ਏਨਾ ਕਿਹਾ ਜਾ ਸਕਦਾ ਹੈ ਕਿ ਫ਼ਰੀਦ ਜੀ ਦਾ ਪਿਛੋਕੜ ਭਾਵੇਂ ਨਾਮਵਰ ਖਾਨਦਾਨ ਨਾਲ ਜਾ ਜੁੜਦਾ ਹੈ ਪਰੰਤੂ ਉਨ੍ਹਾਂ ਨੇ ਆਪਣਾ ਸਾਰਾ ਜੀਵਨ ਬੜਾ ਹੀ ਸਿੱਧਾ-ਸਾਧਾ, ਸਬਰ-ਸੰਤੋਖ, ਅੱਲਾ ਦੀ ਬੰਦਗੀ ਅਤੇ ਅੱਲਾ ਦੀ ਪਨਾਹ ਵਿਚ ਗੁਜ਼ਾਰਿਆ। ਫ਼ਰੀਦ ਜੀ ਦੀ ਬਾਣੀ ਦੇ ਆਧਾਰ 'ਤੇ ਫ਼ਰੀਦ ਜੀ ਦਾ ਜੀਵਨ ਨੈਤਿਕ, ਸਦਾਚਾਰਕ ਮਨੁੱਖੀ ਗੁਣਾਂ ਦੀ ਖਾਣ ਸੀ। ਉਨ੍ਹਾਂ ਨੇ ਸੰਸਾਰ ਦੀ ਨਾਸ਼ਮਾਨਤਾ ਨੂੰ ਲੋਕਾਂ ਸਾਹਣੇਂ ਬੜੇ ਸਿੱਧੇ ਤੇ ਵਾਸਤਵਿਕ ਢੰਗ ਦੁਆਰਾ ਦਰਸਾਇਆ ਤਾਂ ਕਿ ਕੋਈ ਓਹਲਾ ਨਾ ਰਹੇ ਕਿਉਂਕਿ ਸੱਚਾਈ ਅੱਗੇ ਪਰਦਾ ਪਿਆਂ ਮਨੁੱਖੀ-ਕਰਮ ਮਲੀਨ ਹੋ ਜਾਂਦੇ ਹਨ।ਜੀਵਨ ਦਾ ਆਈਨਾ ਜਿੰਨਾ ਸਾਫ਼ ਹੋਵੇਗਾ ਓਨਾ ਹੀ ਸੌਖੀ ਤਰ੍ਹਾਂ ਜ਼ਿੰਦਗੀ ਦੇ ਕਰਮਾਂ ਦੀ ਮਲੀਨਤਾ ਤੇ ਸਵੱਛਤਾ ਵਿਚ ਫ਼ਰਕ ਸਮਝ ਆਵੇਗਾ। ਜੀਵਨ ਦੀ ਵਾਸਤਵਿਕ ਤਸਵੀਰ ਨੂੰ ਪੇਸ਼ ਕਰਨ ਦਾ ਫ਼ਰੀਦ ਜੀ ਦਾ ਇਹ ਇਕ ਸਵਾਦਲਾ ਤੇ ਨਿਰਾਲਾ ਹੀ ਢੰਗ ਹੈ। ਜਦੋਂ ਉਹ ਆਖਦੇ ਹਨ :

> ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥
> ਆਪਣੇ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ॥...

(ਸ਼ੇਖ ਫ਼ਰੀਦ, ਪੰਨਾ-1377)

## ਭਗਤ ਤ੍ਰਿਲੋਚਨ ਜੀ

ਭਗਤ ਤ੍ਰਿਲੋਚਨ ਜੀ ਦੇ ਜੀਵਨ ਸਬੰਧੀ ਵੀ ਕੋਈ ਬਹੁਤੀ ਠੋਸ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਮੈਕਾਲਿਫ਼ ਅਨੁਸਾਰ ਇਨ੍ਹਾਂ ਦਾ ਜਨਮ 1267 ਈ. ਵਿਚ ਹੋਇਆ।[63] ਜਦੋਂ ਕਿ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਹ ਮਹਾਤਮਾ ਵੈਸ਼ਯ ਜਾਤਿ ਦਾ ਬਾਰਸੀ (ਜਿਲ੍ਹਾ ਸ਼ੋਲਾਪੁਰ) ਦਾ ਵਸਨੀਕ ਸੀ। ਇਸ ਦਾ ਜਨਮ ਸੰਮਤ 1325 ਬਿ. ਵਿਚ ਹੋਇਆ ਸੀ।"[64] ਭਗਤ ਤ੍ਰਿਲੋਚਨ ਜੀ ਨੂੰ ਭਗਤ ਨਾਮਦੇਵ ਜੀ ਦਾ ਸਮਕਾਲੀ ਮੰਨਿਆ ਜਾਂਦਾ ਹੈ "ਵੱਖੋ-ਵੱਖ ਲਿਖਤਾਂ ਵਿਚ ਇਨ੍ਹਾਂ ਦਾ ਸਬੰਧ ਭਗਤ ਨਾਮਦੇਵ ਜੀ ਨਾਲ ਮਿੱਤਰ, ਗੁਰੂ, ਚੇਲਾ ਦਾ ਪ੍ਰਗਟ ਹੁੰਦਾ ਹੈ, ਪਰ ਭਾਈ ਗੁਰਦਾਸ ਜੀ ਤੇ ਗੁਰਬਾਣੀ ਦੀ ਪ੍ਰਮਾਣਿਕ ਗਵਾਹੀ ਇਨ੍ਹਾਂ ਵਿਚਕਾਰਲਾ ਸੰਬੰਧ 'ਮਿਤਰਭਾਵੀ' ਸੰਕੇਤ ਕਰਦੀ ਹੈ।"[65] ਭਗਤ ਤ੍ਰਿਲੋਚਨ ਜੀ ਨਾਲ ਵੀ ਕਈ ਕਥਾਵਾਂ ਜੁੜੀਆਂ ਹੋਈਆਂ ਹਨ ਜਿਨ੍ਹਾਂ ਵਿਚੋਂ ਇਕ ਕਥਾ ਅਨੁਸਾਰ

ਅੰਤਰਜਾਮੀ-ਪ੍ਰਭੂ, ਭਗਤ ਜੀ ਨੂੰ ਆਪਣੀ ਪਛਾਣ ਅਕਾਸ਼ਬਾਣੀ ਰਾਹੀਂ ਆਪ ਕਰਾਉਂਦਾ ਹੈ ਜਿਸ ਤੋਂ ਉਨ੍ਹਾਂ ਨੂੰ ਆਪਣੇ ਘਰ ਸੇਵਾ ਕਰਨ ਆਏ ਅੰਤਰਜਾਮੀ ਨਾਂ ਦੇ ਨੌਕਰ ਦੇ ਪ੍ਰਭੂ-ਰੂਪ ਹੋਣ ਦਾ ਪਤਾ ਚੱਲਦਾ ਹੈ।[66] ਦੂਸਰੀ ਵਾਰਤਾ ਵਿਚ ਭਗਤ ਤ੍ਰਿਲੋਚਨ ਜੀ ਦੁਆਰਾ ਭਗਤ ਨਾਮਦੇਵ ਜੀ ਤੋਂ 'ਬ੍ਰਹਮ ਦਾ ਗਿਆਨ' ਅਤੇ ਠਾਕੁਰ ਦੇ ਦਰਸ਼ਨਾਂ ਦੀ ਤਾਂਘ ਨੂੰ ਬਿਆਨ ਕੀਤਾ ਗਿਆ ਹੈ ਜਿਸ ਦੀ ਜਾਣਕਾਰੀ ਭਗਤ ਕਬੀਰ ਜੀ ਦੇ ਦੋ ਸਲੋਕਾਂ ਵਿਚ ਸਪਸ਼ਟ ਮਿਲਦੀ ਹੈ।

ਭਗਤ ਸਾਹਿਬਾਨਾਂ ਦੀ ਸ਼ਖ਼ਸੀਅਤ ਨੂੰ ਜਾਨਣ ਦਾ ਇਕ ਸ੍ਰੋਤ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਸਾਹਿਬਾਂ ਦੁਆਰਾ ਕੀਤੀ ਗਈ ਮਹਿਮਾ, ਭੱਟਾਂ ਦੁਆਰਾ ਕੀਤੀ ਗਈ ਮਹਿਮਾ ਅਤੇ ਖ਼ੁਦ ਭਗਤਾਂ ਦੁਆਰਾ ਕੀਤੀ ਗਈ ਵਡਿਆਈ ਆਦਿ ਪ੍ਰਮਾਣਿਕ ਸ੍ਰੋਤ ਹਨ ਜੋ ਭਾਵੇਂ ਉਨ੍ਹਾਂ ਦੇ ਅਧਿਆਤਮਕ ਜੀਵਨ ਨੂੰ ਵਧੇਰੇ ਛੋਂਹਦੇ ਹਨ ਪਰ ਅਧਿਆਤਮਕ ਜੀਵਨ ਵਿਹਾਰਕ ਜੀਵਨ ਤੋਂ ਵੱਖ ਨਹੀਂ ਹੁੰਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਤ੍ਰਿਲੋਚਨ ਜੀ ਦੇ ਚਾਰ ਸ਼ਬਦ ਦਰਜ ਹਨ। ਆਪ ਦੀ ਬਾਣੀ ਦਾ ਉਦੇਸ਼ ਪੰਜ ਵਿਕਾਰਾਂ ਦੇ ਪ੍ਰਭਾਵ ਨੂੰ ਖ਼ਤਮ ਕਰਨਾ, ਧਾਰਮਿਕ ਪਾਖੰਡਾਂ ਨੂੰ ਤਿਆਗਣਾ, ਸੰਸਾਰਿਕ ਵਸਤਾਂ ਪ੍ਰਤੀ ਮੋਹ ਵਿਚ ਖਚਿਤ ਹੋਣ ਤੋਂ ਵਰਜਣਾ, ਮਨੁੱਖੀ ਕਰਮਾਂ ਅਨੁਸਾਰ ਫਲ ਭੋਗਣ ਦੀ ਪ੍ਰੇਰਨਾ ਦੇਣਾ ਅਤੇ ਪ੍ਰਮਾਤਮਾ ਦੇ ਮਿਲਣ ਦੀ ਤਾਂਘ ਵਿਚ ਨਾਮ-ਸਿਮਰਨ ਵੱਲ ਧਿਆਨ ਕਰਨਾ ਹੈ। ਭਗਤ ਤ੍ਰਿਲੋਚਨ ਜੀ ਦੀ ਬਾਣੀ ਬ੍ਰਹਮ ਦੇ ਗੁਣਾਂ, ਨਾਮ-ਸਿਮਰਨ, ਮੋਹ ਮਾਇਆ ਦੇ ਤਿਆਗ ਅਤੇ ਕਰਮ-ਸਿਧਾਂਤ ਆਦਿ ਦੇ ਪ੍ਰਯੋਜਨਾਂ ਹਿੱਤ ਰਚੀ ਗਈ ਹੈ।

### ਭਗਤ ਬੇਣੀ ਜੀ

ਭਗਤ ਬੇਣੀ ਜੀ ਦੇ ਜੀਵਨ ਕਾਲ ਬਾਰੇ ਵੀ ਇਤਿਹਾਸ ਵਿਚ ਕੋਈ ਸੰਕੇਤ ਨਹੀਂ ਮਿਲਦਾ। ਭਾਈ ਗੁਰਦਾਸ ਜੀ ਆਪਣੀ ਦਸਵੀਂ ਵਾਰ ਦੀ 14ਵੀਂ ਪਉੜੀ ਵਿਚ ਲਿਖਦੇ ਹਨ ਕਿ ਗੁਰਮੁਖ ਬੇਣੀ ਭਗਤ ਏਕਾਂਤ 'ਚ ਬੈਠਕੇ ਪ੍ਰਭੂ ਵਿਚ ਲਿਵ ਲਾਉਣ ਵਾਲਾ ਅਤੇ ਕਰਨ ਕਰਾਵਣਹਾਰ ਨਿਰਾਕਾਰ ਪ੍ਰਭੂ ਦਾ ਵਿਸ਼ਵਾਸੀ ਸੀ। ਘਰ ਆਏ ਲੋਕਾਂ ਦੇ ਪੁੱਛਣ ਤੇ ਉਹ ਆਖਦਾ ਕਿ ਰਾਜ ਦੁਆਰੇ (ਪ੍ਰਭੂ ਦੁਆਰੇ) ਗਿਆ ਹੋਇਆ ਸੀ। ਜੇਕਰ ਪਤਨੀ ਆਦਿ ਘਰ ਦੀਆਂ ਜ਼ਰੂਰੀ ਵਸਤਾ ਮੰਗਦੇ ਹਾਂ ਤਾਂ ਟਾਲਮਟੋਲੇ ਕਰਕੇ ਦਿਨ ਕਟੀ ਕਰ ਛੱਡਦਾ, ਪਰ ਇਕ ਦਿਨ ਵੱਡਾ ਸਾਂਗ ਵਰਤਦਾ ਹੈ ਕਿ ਪ੍ਰਭੂ ਉਸਦੀ ਭਗਤੀ ਤੋਂ ਪ੍ਰਸੰਨ ਹੋ ਕੇ ਆਪ ਉਸਨੂੰ ਦਿਲਾਸਾ ਦਿੰਦਾ, ਪਿਆਰਦਾ ਤੇ ਉਸਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਦਾ ਹੈ:

> ਗੁਰਮੁਖਿ ਬੇਣੀ ਭਗਤਿ ਕਰਿ ਜਾਇ ਇਕਾਂਤੁ ਬਹੈ ਲਿਵ ਲਾਵੈ।
> ਕਰਮ ਕਰੈ ਅਧਿਆਤਮੀ ਹੋਰਸੁ ਕਿਸੈ ਨ ਅਲਖੁ ਲਖਾਵੈ।

ਘਰਿ ਮਾਇਆ ਜਾ ਪੁਛੀਐ ਰਾਜ ਦੁਆਰਿ ਗਇਆ ਆਲਾਵੈ।
ਘਰਿ ਸਭ ਵਥੂ ਮੰਗੀਅਨਿ ਵਲੁ ਛਲੁ ਕਰਿ ਕੈ ਝਤ ਲੰਘਾਵੈ।
ਵਡਾ ਸਾਂਗੁ ਵਰਤਦਾ ਓਹ ਇਕ ਮਨਿ ਪਰਮੇਸਰੁ ਧਿਆਵੈ।
ਪੈਸ ਸਵਾਰੈ ਭਗਤ ਦੀ ਰਾਜਾ ਹੋਇ ਕੈ ਘਰਿ ਚਲਿ ਆਵੈ।
ਦੇਇ ਦਿਲਾਸਾ ਤੁਸਿ ਕੈ ਅਣਗਣਤੀ ਖਰਚੀ ਪਹੁੰਚਾਵੈ।...॥੧੪॥[67]

(ਵਾਰਾਂ ਭਾਈ ਗੁਰਦਾਸ, ਵਾਰ 10 ਪਉੜੀ 14)

ਗੁਰੂ ਗ੍ਰੰਥ ਸਾਹਿਬ ਵਿਚ ਆਪ ਦੇ ਤਿੰਨ ਸ਼ਬਦ ਦਰਜ ਹਨ।ਭਗਤ ਬੇਣੀ ਜੀ ਮਨੁੱਖ ਦੁਆਰਾ ਜਿਉਂਦੇ ਜੀਅ ਮੁਕਤੀ ਪ੍ਰਾਪਤ ਕਰਨ ਦੀ ਪ੍ਰੇਰਨਾ ਦਿੰਦੇ ਹਨ ਜਿਸ ਜੀਵਨ ਦਾ ਹਰ ਇਕ ਪੜਾਅ ਬਚਪਨ, ਜਵਾਨੀ ਤੇ ਬੁਢਾਪਾ ਆਦਿ ਮਨੁੱਖ ਵਾਧੂ ਦੇ ਕਰਮਾਂ ਵਿਚ ਗੁਆ ਦਿੰਦਾ ਹੈ। ਆਪਣੇ ਦੂਸਰੇ ਸ਼ਬਦ ਵਿਚ ਬੇਣੀ ਜੀ ਮਨੁੱਖ ਨੂੰ ਯੋਗਿਕ ਕਿਰਿਆ ਦੀ ਬਜਾਏ ਆਪਣੀ ਖੋਟੀ ਮੱਤ ਦਾ ਨਾਸ਼ ਕਰਕੇ, ਇੰਦਰੀਆਂ ਨੂੰ ਕਾਬੂ ਰੱਖ ਕੇ, ਗੁਰੂ ਦੀ ਸਿੱਖਿਆ ਪ੍ਰਾਪਤ ਕਰਕੇ ਅਤੇ ਮਨ ਪ੍ਰਭੂ ਦੇ ਸਿਮਰਨ ਵਿਚ ਲਗਾਉਣ ਦੀ ਪ੍ਰੇਰਨਾ ਦਿੰਦੇ ਹਨ। ਜਦੋਂ ਮਨੁੱਖੀ-ਮਨ ਪੂਰਨ ਤੌਰ ’ਤੇ ਪ੍ਰਭੂ ਵਿਚ ਜੁੜ ਜਾਂਦਾ ਹੈ ਤਾਂ ਇਸ ਹਾਲਤ ਨੂੰ ਉਨ੍ਹਾਂ ਨੇ ਦਸਮ ਦੁਆਰਾ (ਪ੍ਰਭੂ ਦਾ ਨਿਵਾਸ ਸਥਾਨ) ਆਖਿਆ ਅਤੇ ਮਨ ਦੀ ਇਸ ਅਵਸਥਾ ਨੂੰ ਹੀ ਸਾਰੇ ਤੀਰਥਾਂ ਇਸ਼ਨਾਨਾਂ ਦੀ ਥਾਂ ਤ੍ਰਿਬੇਣੀ ਵਿਚ ਇਸ਼ਨਾਨ ਕਰਨ ਦੇ ਬਰਾਬਰ ਮੰਨਿਆ। ਇਸੇ ਤਰ੍ਹਾਂ ਹੀ ਭਗਤ ਬੇਣੀ ਆਪਣੇ ਤੀਸਰੇ ਸ਼ਬਦ ਵਿਚ ਬਾਹਰੀ ਭੇਖਾਂ, ਕਰਮਕਾਂਡਾਂ ਨੂੰ ਤਿਆਗ ਕੇ, ਸੱਚੇ ਗੁਰੂ ਦੇ ਦੱਸੇ ਮਾਰਗ ਰਾਹੀਂ, ਪ੍ਰਭੂ-ਪ੍ਰਾਪਤੀ ਦੀ ਮੰਜ਼ਿਲ ’ਤੇ ਤੁਰਨ ਦੀ ਪ੍ਰੇਰਨਾ ਦਿੰਦੇ ਹਨ।

### ਭਗਤ ਧੰਨਾ ਜੀ

ਭਗਤ ਧੰਨਾ ਜੀ ਨੂੰ ਰਾਮਾਨੰਦ ਜੀ ਦੇ 12 ਚੇਲਿਆਂ ਵਿਚ ਗਿਣਿਆ ਜਾਂਦਾ ਹੈ। ਭਗਤ ਧੰਨਾ ਦੇ ਜਨਮ ਸਮੇਂ ਬਾਰੇ ਬਹੁਤੀ ਠੋਸ ਜਾਣਕਾਰੀ ਤਾਂ ਨਹੀਂ ਮਿਲਦੀ ਪਰ ਮੈਕਾਲਿਫ਼ ਅਤੇ ਭਾਈ ਕਾਨ੍ਹ ਸਿੰਘ ਨਾਭਾ ਨੇ ਇਨ੍ਹਾਂ ਦਾ ਜਨਮ 1415 ਈ. ਵਿਚ ਹੋਇਆ ਦੱਸਿਆ ਹੈ। ਬਹੁਤੇ ਵਿਦਵਾਨਾਂ ਨੇ ਭਗਤ ਧੰਨਾ ਦਾ ਜਨਮ ਸਥਾਨ ਰਾਜਸਥਾਨ ਪ੍ਰਦੇਸ਼ ਦੇ ਟਾਂਕ ਖੇਤਰ ਵਿਚ ਪਿੰਡ ਧੁਆਨ ਵਿਖੇ ਹੋਇਆ ਮੰਨਿਆ ਹੈ। ਭਗਤ ਧੰਨਾ ਜੀ ਜੱਟ ਜਾਤੀ ਨਾਲ ਸਬੰਧ ਰੱਖਦੇ ਸਨ ਜਿਨ੍ਹਾਂ ਦਾ ਪ੍ਰਮੁੱਖ ਕਿੱਤਾ ਖੇਤੀਬਾੜੀ ਸੀ। ਭਗਤ ਧੰਨਾ ਜੀ ਨੇ ਆਪਣੇ ਜੀਵਨ ਦੇ ਸਹਿਜ ਕਾਰਜ ਦੌਰਾਨ ਆਤਮ ਵਿਚ ਟਿਕੀ ਸੁਰਤ ਦੁਆਰਾ ਪ੍ਰਭੂ ਦੇ ਦਰਸ਼ਨ ਕੀਤੇ ਜਿਸ ਨਾਲ ਸਬੰਧਿਤ ਬਹੁਤ ਸਾਰੀਆਂ ਕਰਾਮਾਤੀ ਕਥਾਵਾਂ ਪ੍ਰਚਲਿਤ ਹਨ ਪਰੰਤੂ ਇਕ ਕਥਾ ਜੋ ਆਪ ਦੇ ਸਾਧਾਰਨ ਜੀਵਨ ਅਤੇ ਸੱਚੇ ਮਨ ਦੀ ਸ਼ਾਹਦੀ ਭਰਦੀ

ਹੈ। ਜਿਸ ਨੂੰ ਭਾਈ ਗੁਰਦਾਸ ਆਪਣੀ 10ਵੀਂ ਵਾਰ ਦੀ 13ਵੀਂ ਪਉੜੀ ਵਿਚ ਬਿਆਨ ਕਰਦੇ ਹਨ ਕਿ "ਇਕ ਬ੍ਰਹਮਣ ਦੁਆਰਾ ਕੀਤੀ ਜਾਂਦੀ ਠਾਕਰਾਂ ਦੀ ਪੂਜਾ ਨੂੰ ਦੇਖਕੇ ਆਪਦੇ ਮਨ ਵਿਚ ਵੀ ਭਗਤੀ-ਭਾਵ ਜਾਗਿਆ ਅਤੇ ਆਪਨੇ ਉਸ ਬ੍ਰਾਹਮਣ ਕੋਲੋਂ ਪੂਜਾ ਲਈ ਭਗਵਾਨ ਦੀ ਮੂਰਤੀ ਦੀ ਮੰਗ ਕੀਤੀ। ਆਪ ਦੇ ਜਿੱਦ ਕਰਨ ਤੇ ਉਸ ਬ੍ਰਹਮਣ ਨੇ ਆਪ ਨੂੰ ਇਕ ਕਾਲੇ ਰੰਗ ਦਾ ਪੱਥਰ ਦੇ ਦਿੱਤਾ ਅਤੇ ਵਿਧੀ-ਵਿਧਾਨ ਨਾਲ ਪੂਜਾ ਕਰਨ ਲਈ ਕਹਿ ਦਿੱਤਾ। ਆਪ ਨੇ ਘਰ ਜਾ ਕੇ ਬ੍ਰਾਹਮਣ ਦੇ ਦੱਸੇ ਅਨੁਸਾਰ ਪੂਜਾ ਕੀਤੀ ਤੇ ਭਗਵਾਨ ਨੂੰ ਭੋਗ ਲਵਾਉਣ ਬੈਠ ਗਏ ਅਤੇ ਠਾਕੁਰ ਭਗਵਾਨ (ਪੱਥਰ) ਅੱਗੇ ਰੋਟੀ ਖਾਣ ਲਈ ਬੇਨਤੀਆਂ ਕਰਨ ਲੱਗੇ। ਠਾਕੁਰ ਦੇ ਰੋਟੀ ਨਾ ਖਾਣ 'ਤੇ ਉਨ੍ਹਾਂ ਖ਼ੁਦ ਵੀ ਰੋਟੀ ਨਾ ਖਾਣ ਦਾ ਪ੍ਰਣ ਕਰ ਲਿਆ। ਕਿਹਾ ਜਾਂਦਾ ਹੈ ਕਿ ਭਗਤ ਧੰਨਾ ਦੇ ਇਸ ਭੋਲੇ ਭਾਵ ਅੱਗੇ ਭਗਵਾਨ ਪ੍ਰਗਟ ਹੋਇਆ ਅਤੇ ਭਗਵਾਨ ਨੇ ਧੰਨੇ ਦੁਆਰਾ ਲਗਾਏ ਭੋਜਨ ਨੂੰ ਖਾਧਾ।"[68] ਇਸ ਤਰ੍ਹਾਂ ਆਪ ਨੇ ਪ੍ਰਭੂ ਦੇ ਦਰਸ਼ਨ ਕੀਤੇ। ਇਸ ਕਥਾ ਦਾ ਭਾਵ ਇਹ ਹੀ ਹੈ ਕਿ ਨਿਰਛਲ ਮਨ, ਆਤਮ ਨਿਸ਼ਚਤਾ, ਸ਼ਰਧਾ ਤੇ ਪ੍ਰੇਮ ਦੇ ਰੰਗ ਵਿਚ ਰੰਗਿਆ ਮਨ ਮਿੱਟੀ ਨੂੰ ਸੋਨਾ, ਬਣਾ ਸਕਦਾ ਹੈ। ਬਸ਼ਰਤੇ ਇਸ ਅਗੰਮੀ ਅਨੰਦ ਨੂੰ ਮਹਿਸੂਸ ਕਰਨ ਵਾਲਾ ਹਿਰਦਾ ਅਤੇ ਅਗੰਮੀ ਨੂਰ ਨੂੰ ਦੇਖਣ ਵਾਲੀ ਦ੍ਰਿਸ਼ਟੀ ਹੋਵੇ। ਭਗਤ ਧੰਨਾ ਜੀ ਇਸੇ ਦ੍ਰਿਸ਼ਟੀ ਦੇ ਮਾਲਕ ਸਨ ਅਤੇ ਉਨ੍ਹਾਂ ਦੀ ਅਜਿਹੀ ਨਿਰਮਲ ਬੁੱਧੀ ਨੂੰ ਪੰਜਵੇਂ ਪਾਤਸ਼ਾਹ 'ਧੰਨੈ ਸੇਵਿਆ ਬਾਲ ਬੁਧਿ॥' (ਗੁ.ਗ੍ਰੰ.ਸਾ. ਪੰਨਾ-192) ਬਾਲ ਬੁੱਧੀ ਵਾਲੇ ਆਖਦੇ ਹਨ ਜਦੋਂ ਕਿ ਭਾਈ ਗੁਰਦਾਸ ਜੀ ਨੇ "ਭੋਲਾ ਭਾਉ ਗੋਬਿੰਦ ਮਿਲਾਵੈ॥" (ਵਾਰ 10-13) ਆਖਕੇ ਵਡਿਆਇਆ ਹੈ।

ਭਗਤ ਧੰਨਾ ਜੀ ਦਾ ਇਹ ਬਾਲ ਬੁਧਿ ਅਤੇ ਭੋਲਾ ਭਾਉ ਉਨ੍ਹਾਂ ਦੀ ਬਾਣੀ ਵਿਚੋਂ ਵੀ ਸਾਫ਼ ਝਲਕਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਆਪ ਦੇ 3 ਸ਼ਬਦ ਦਰਜ ਹਨ। ਗੁਰੂ ਅਰਜਨ ਦੇਵ ਜੀ ਨੇ ਭਗਤ ਧੰਨਾ ਜੀ ਦੇ ਸ਼ਬਦਾਂ ਨਾਲ ਇਕ ਸ਼ਬਦ ਰਾਗ ਆਸਾ ਵਿਚ ਜੋੜ ਕੇ ਭਗਤਾਂ ਦੀ ਭਗਤੀ-ਭਾਵਨਾ ਦਾ ਸਨਮਾਨ ਕੀਤਾ ਹੈ। ਆਪਣੀ ਬਾਣੀ ਵਿਚ ਭਗਤ ਧੰਨਾ ਜੀ ਨੇ ਆਪਣੇ ਆਪ ਨੂੰ ਪੰਜ ਵਿਕਾਰਾਂ ਦੇ ਮੋਹ ਕਾਰਨ, ਆਵਾਗਵਣ ਦੇ ਚੱਕਰ ਵਿਚ ਫਸੇ ਦੱਸ ਕੇ ਗੁਰੂ ਦੀ ਕਿਰਪਾ, ਗਿਆਨ ਤੇ ਪ੍ਰੇਮ ਸਦਕਾ ਮੁਕਤੀ ਪ੍ਰਾਪਤ ਕਰਨ ਅਤੇ ਪ੍ਰਮਾਤਮਾ ਰੂਪੀ ਧਨ ਦੀ ਪ੍ਰਾਪਤੀ ਦਾ ਉਲੇਖ ਕੀਤਾ ਹੈ। ਆਪਣੇ ਦੂਸਰੇ ਸ਼ਬਦ ਵਿਚ ਉਹ ਮਨੁੱਖ ਨੂੰ ਮਾਂ ਦੇ ਪੇਟ ਦੀ ਅੱਗ ਤੋਂ ਬਚਾਉਣ ਵਾਲੇ ਪ੍ਰਭੂ ਜੋ ਹਰ ਥਾਂ ਆਪਣੇ ਜੀਵ ਨੂੰ ਸੰਭਾਲਦਾ ਹੈ, ਉਸ ਪ੍ਰਮਾਤਮਾ ਤੋਂ ਡਰਕੇ ਦੂਰ ਨੱਸਣ ਦੀ ਬਜਾਏ ਉਸਦੇ ਨੇੜੇ ਹੋਣ ਬਾਰੇ ਵਿਚਾਰਾਂ ਨੂੰ ਪ੍ਰਗਟਾਉਂਦੇ ਹਨ। ਭਗਤ ਧੰਨਾ ਜੀ ਪਰਮਾਰਥ ਨੂੰ ਆਪਣੇ ਦੁਨਿਆਵੀਂ ਜੀਵਨ ਤੋਂ ਪਰੇ ਨਹੀਂ ਕਰਦੇ, ਸਗੋਂ ਆਪਣੀਆਂ ਦੁਨਿਆਵੀਂ ਲੋੜਾਂ ਨੂੰ ਪੂਰੀਆਂ ਕਰਨ ਲਈ ਪ੍ਰਭੂ

ਪਰਮਾਤਮਾ ਅੱਗੇ ਪ੍ਰਾਰਥਨਾ ਕਰਦੇ ਹਨ ਕਿਉਂਕਿ ਮਨੁੱਖ ਦੀ ਆਤਮਕ ਉੱਨਤੀ ਅਤੇ ਉਸਦਾ ਬਾਹਰੀ ਜੀਵਨ ਦੋਵਾਂ ਨੂੰ ਇਕ ਦੂਸਰੇ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ, ਸਗੋਂ ਦੋਵਾਂ ਦੇ ਮੇਲ ਦੁਆਰਾ ਜੀਵਨ ਦੇ ਅਸਲ ਸੱਚ ਨੂੰ ਪਾਇਆ ਜਾ ਸਕਦਾ ਹੈ। ਇਹੋ ਹੀ ਗੁਰਬਾਣੀ ਦਾ ਮੂਲ ਮਨੋਰਥ ਹੈ।

**ਭਗਤ ਜੈਦੇਵ ਜੀ**

ਭਗਤ ਜੈਦੇਵ ਜੀ ਜਿੱਥੇ ਸਿੱਖ ਜਗਤ ਵਿਚ ਭਗਤ ਕਵੀ ਹੋਣ ਕਰਕੇ ਸ਼ਰਧਾ, ਪ੍ਰੇਮ ਦੇ ਪਾਤਰ ਹਨ ਉਥੇ ਉਹ ਸੰਸਕ੍ਰਿਤ ਦੇ ਪ੍ਰਸਿੱਧ ਕਵੀਆਂ ਵਿਚੋਂ ਮੰਨੇ ਜਾਂਦੇ ਹਨ। ਕੁੱਝ ਵਿਦਵਾਨਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੇ ਰਚੈਤਾ ਤੇ ਸੰਸਕ੍ਰਿਤ ਵਿਚ ਰਚਨਾ ਕਰਨ ਵਾਲੇ 'ਜੈਦੇਵ' ਨੂੰ ਦੋ ਵੱਖ-ਵੱਖ ਵਿਅਕਤੀ ਮੰਨਿਆ ਗਿਆ ਹੈ ਪਰੰਤੂ ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੁਆਰਾ ਮਿਲਦੀ ਜਾਣਕਾਰੀ ਤੋਂ ਇਹ ਸਿੱਧ ਹੁੰਦਾ ਹੈ ਕਿ ਸੰਸਕ੍ਰਿਤ ਭਾਸ਼ਾ ਵਿਚ 'ਗੀਤ ਗੋਬਿੰਦ' ਦੀ ਰਚਨਾ ਕਰਨ ਵਾਲੇ ਜੈਦੇਵ ਹੀ 'ਗੁਰੂ ਗ੍ਰੰਥ ਸਾਹਿਬ' ਦੇ 15 ਭਗਤਾਂ ਵਿਚੋਂ ਇਕ ਹਨ:

> ਪ੍ਰੇਮ ਭਗਤਿ ਜੈਦੇਉ ਕਰਿ ਗੀਤ ਗੋਵਿੰਦ ਸਹਜ ਧੁਨਿ ਗਾਵੈ।
> ਲੀਲਾ ਚਲਿਤ ਵਖਾਣਦਾ ਅੰਤਰਜਾਮੀ ਠਾਕੁਰ ਭਾਵੈ।
> ਅਖਰੁ ਇਕੁ ਨ ਆਵੜੈ ਪੁਸਤਕ ਬੰਨ੍ਹਿ ਸੰਧਿਆ ਕਰਿ ਆਵੈ।
> ਗੁਣ ਨਿਧਾਨ ਘਰਿ ਆਇਕੈ ਭਗਤ ਰੂਪਿ ਲਿਖਿ ਲੇਖੁ ਬਣਾਵੈ।
> ਅਖਰ ਪੜ੍ਹਿ ਪਰਤੀਤਿ ਕਰਿ ਹੋਇ ਵਿਸਮਾਦੁ ਨ ਅੰਗਿ ਸਮਾਵੈ। ...
> ਗੀਤ ਗੋਬਿੰਦ ਸਪੂਰਣੋ ਪਤਿ ਪਤਿ ਲਿਖਿਆ ਅੰਤੁ ਨਾ ਪਾਵੇ। ...

(ਵਾਰਾਂ ਭਾਈ ਗੁਰਦਾਸ, ਵਾਰ 10ਵੀਂ, ਪਉੜੀ 10, ਪੰਨਾ-107)

ਭਗਤ ਜੈਦੇਵ ਜੀ ਦੇ ਜੀਵਨ ਕਾਲ ਦੀ ਕੋਈ ਪ੍ਰਮਾਣਿਕ ਤਿਥੀ ਨਹੀਂ ਮਿਲਦੀ ਜਿਸ ਬਾਰੇ ਮੈਕਾਲਿਫ਼ ਦਾ ਕਹਿਣਾ ਹੈ ਕਿ "ਜਿਸ ਜੈਦੇਵ ਦੀ ਰਚਨਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਉਹ ਸੰਸਕ੍ਰਿਤ ਦਾ ਪ੍ਰਸਿੱਧ ਕਵੀ ਸੀ। 'ਗੀਤ ਗੋਬਿੰਦ' ਵੀ ਉਸੇ ਦੀ ਰਚਨਾ ਹੈ। ਉਸ ਦੇ ਪਿਤਾ ਦਾ ਨਾਂ ਭੋਇਦੇਵ ਸੀ ਅਤੇ ਉਹ ਕਨੌਜ ਦੇ ਇਕ ਬ੍ਰਾਹਮਣ ਪਰਿਵਾਰ ਨਾਲ ਸਬੰਧ ਰਖਦਾ ਸੀ। ਉਸ ਦੀ ਮਾਤਾ ਦਾ ਨਾਂ ਬਾਮਦੇਵੀ ਸੀ। ਉਸ ਦਾ ਜਨਮ ਸੂਰੀ ਤੋਂ 20 ਮੀਲ ਦੂਰ ਕੇਂਡੁਲੀ ਵਿਖੇ ਹੋਇਆ। ਇਹ ਸਥਾਨ ਲੋਅਰ ਬੰਗਾਲ ਦੇ ਆਧੁਨਿਕ ਬੀਰਭੂਮ ਜ਼ਿਲ੍ਹੇ ਵਿਚ ਹੈ। ਬੰਗਾਲ ਦੇ ਰਾਜਾ ਲਕਸ਼ਮਨ ਸੇਨ ਦੇ ਦਰਬਾਰ ਵਿਚ ਰਹਿੰਦੇ ਪੰਜ ਪ੍ਰਸਿੱਧ ਕਵੀਆਂ ਵਿਚੋਂ ਸਰਵੋਤਮ ਸੀ।"[69] ਬੰਗਾਲ ਦੇ ਸ਼ੇਨ-ਵੰਸ਼ੀ ਰਾਜੇ ਲਕਸ਼ਮਣ ਸੇਨ ਦਾ ਰਾਜ-ਕਾਲ 1179 ਤੋਂ 1205 ਈ. ਤੱਕ ਦਾ ਮੰਨਿਆ ਜਾਂਦਾ ਹੈ ਜਿਸ ਆਧਾਰ 'ਤੇ ਭਗਤ ਜੈਦੇਵ ਦਾ ਜਨਮ ਬਾਰ੍ਹਵੀ ਸਦੀ ਦੇ ਉੱਤਰਾਰਧ ਵਿਚ ਮੰਨਿਆ ਜਾਂਦਾ

ਹੈ।"[70] ਇਸ ਤਿਥੀ ਅਨੁਸਾਰ ਉਨ੍ਹਾਂ ਦਾ ਸਮਾਂ ਗੁਰੂ ਗ੍ਰੰਥ ਸਾਹਿਬ ਦੇ ਬਾਕੀ ਭਗਤ ਸਾਹਿਬਾਨਾਂ ਤੋਂ ਪਹਿਲਾਂ ਦਾ ਬਣਦਾ ਹੈ।

ਭਗਤ ਜੈਦੇਵ ਆਪਣੇ ਆਰੰਭਲੇ ਸਮੇਂ ਵਿਚ ਵੈਸ਼ਨਵ ਭਗਤ ਹੋਏ। ਕਿਹਾ ਜਾਂਦਾ ਹੈ ਕਿ ਉਹ ਆਪਣੀ ਜਵਾਨ ਉਮਰ ਵਿਚ ਹੀ ਪ੍ਰਭੂ-ਭਗਤੀ ਵਿਚ ਲੀਨ ਅਤੇ ਵੈਰਾਗਮਈ ਅਵਸਥਾ ਵਿਚ ਰਿਹਾ ਕਰਦੇ ਸਨ। ਉਨ੍ਹਾਂ ਦੇ ਮੋਹ ਮਾਇਆ ਤੋਂ ਨਿਰਲੇਪ ਰਹਿਣ ਦੇ ਦ੍ਰਿੜ ਵਿਸ਼ਵਾਸ ਬਾਰੇ ਕਿਹਾ ਜਾਂਦਾ ਹੈ ਕਿ ਉਹ ਇਕ ਦਰਖ਼ਤ ਹੇਠ ਵੀ ਲਗਾਤਾਰ ਇਕ ਤੋਂ ਵੱਧ ਰਾਤ ਨਹੀਂ ਸਨ ਕੱਟਦੇ ਤਾਂ ਜੋ ਉਨ੍ਹਾਂ ਨੂੰ ਦਰਖ਼ਤ ਨਾਲ ਹੀ ਕਿਤੇ ਲੋੜੋਂ ਵੱਧ ਮੋਹ ਨਾ ਪੈ ਜਾਵੇ ਜਿਸ ਮੋਹ ਕਾਰਨ ਉਹ ਆਪਣੇ ਕਰਤਾ ਪ੍ਰਭੂ ਨੂੰ ਵਿਸਾਰ ਦੇਣ।

ਜੈਦੇਵ ਜੀ ਦੇ ਗ੍ਰਹਿਸਥੀ ਜੀਵਨ ਸਬੰਧੀ ਮੈਕਾਲਿਫ਼ ਦੁਆਰਾ ਦਿੱਤੀ ਇਕ ਕਥਾ ਦਾ ਸੰਖੇਪ ਰੂਪ ਇਸ ਪ੍ਰਕਾਰ ਹੈ ਕਿ ਜੈਦੇਵ ਜੀ ਯਾਤਰਾ ਕਰਦੇ ਜਗਨਨਾਥ ਪੁੱਜੇ ਤਾਂ ਉਥੇ ਹੀ ਜਗਨਨਾਥ ਦੀ ਪ੍ਰੇਰਨਾ ਨਾਲ ਇਕ ਬ੍ਰਾਹਮਣ ਆਪਣੀ ਕੰਨਿਆ 'ਪਦਮਾਵਤੀ' ਦੀ ਸ਼ਾਦੀ ਜੈਦੇਵ ਜੀ ਨਾਲ ਕਰਨ ਦੀ ਇੱਛਾ ਲੈ ਕੇ ਆਇਆ ਪਰੰਤੂ ਜੈਦੇਵ ਜੀ ਦੇ ਇਨਕਾਰ ਕਰਨ 'ਤੇ ਵੀ ਉਹ ਆਪਣੀ ਬੇਟੀ ਨੂੰ ਉਥੇ ਹੀ ਛੱਡ ਗਿਆ ਅਤੇ ਉਸਨੂੰ ਇਕ ਪਤਨੀ ਦੀ ਤਰ੍ਹਾਂ ਸਾਰੇ ਫਰਜ਼ ਨਿਭਾਉਣ ਲਈ ਆਖ ਗਿਆ। ਬਾਅਦ ਵਿਚ ਪਦਮਾਵਤੀ ਦੇ ਸਿਰੜ ਨੂੰ ਦੇਖ ਕੇ ਜੈਦੇਵ ਜੀ ਨੇ ਉਸਨੂੰ ਆਪਣੀ ਪਤਨੀ ਸਵੀਕਾਰ ਕਰ ਲਿਆ। ਆਪਣੇ ਗ੍ਰਹਿਸਥੀ ਜੀਵਨ ਦੇ ਗੁਜ਼ਾਰੇ ਲਈ ਜੈਦੇਵ ਜੀ ਨੇ ਪਿੰਡ ਵਿਚ ਕੱਖਾਂ ਕਾਨਿਆਂ ਦੀ ਝੌਂਪੜੀ ਬਣਾਈ। ਇਸ ਝੌਂਪੜੀ ਵਿਚ ਇਕ ਬੁਤ ਦੀ ਸਥਾਪਨਾ ਕੀਤੀ ਅਤੇ ਖ਼ੁਦ ਨੂੰ ਉਸ ਦੀ ਪੂਜਾ ਵਿਚ ਲਗਾ ਦਿੱਤਾ। ਇਸ ਉਪਰੰਤ ਜੈਦੇਵ ਜੀ ਨੇ ਆਪਣੀ ਪ੍ਰਸਿੱਧ ਰਚਨਾ 'ਗੀਤ ਗੋਬਿੰਦ' ਦੀ ਰਚਨਾ ਕੀਤੀ। ਇਹ ਜੈਦੇਵ ਜੀ ਦੀ ਦੂਜੀ ਰਚਨਾ ਮੰਨੀ ਜਾਂਦੀ ਹੈ। ਪਹਿਲੀ ਰਚਨਾ 'ਰਸਨਾ ਰਾਘਵ' ਨਾਂ ਦਾ ਇਕ ਨਾਟਕ ਸੀ ਅਤੇ ਤੀਜੀ ਰਚਨਾ 'ਚੰਦਰ ਲੋਕ' ਮੰਨੀ ਜਾਂਦੀ ਹੈ।[71]

'ਗੀਤ-ਗੋਬਿੰਦ' ਜੈਦੇਵ ਜੀ ਦੀ ਏਨੀ ਪ੍ਰਸਿੱਧ ਰਚਨਾ ਮੰਨੀ ਗਈ ਹੈ ਕਿ ਇਸ ਰਚਨਾ ਦੇ ਪਾਠ ਦੀ ਰਾਗਾਤਮਿਕਤਾ ਤੇ ਕਲਾਤਮਕਤਾ ਆਦਿ ਦੇ ਮੇਲ ਤੋਂ ਉਪਜੇ ਆਨੰਦ ਦੀ ਪ੍ਰਸ਼ੰਸ਼ਾ ਵਿਚ ਬਹੁਤ ਸਾਰੀਆਂ ਚਮਤਕਾਰੀ ਕਥਾਵਾਂ ਵੀ ਜੁੜੀਆਂ ਹੋਈਆਂ ਹਨ ਜਿਨ੍ਹਾਂ ਵਿਚ ਪਹਿਲਾ ਚਮਤਕਾਰ ਜੈਦੇਵ ਜੀ ਦੇ ਆਪਣੇ ਨਾਲ ਹੀ ਵਾਪਰਿਆ ਦੱਸਿਆ ਜਾਂਦਾ ਹੈ ਜਦੋਂ ਉਹ ਇਸ ਰਚਨਾ ਨੂੰ ਲਿਖਦੇ ਲਿਖਦੇ ਅਧੂਰੀ ਪੰਕਤੀ ਛੱਡ ਕੇ ਨਹਾਉਣ ਚਲੇ ਜਾਂਦੇ ਹਨ ਤਾਂ ਵਾਪਿਸ ਆਉਣ 'ਤੇ ਉਹ ਪੰਕਤੀ ਪੂਰੀ ਲਿਖੀ ਮਿਲਦੀ ਹੈ। ਆਪ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਅਤੇ ਆਪ ਨੇ ਸੋਚਿਆ ਕਿ

ਇਹ ਪੰਕਤੀ ਪੂਰੀ ਕਰਨ ਵਾਲਾ ਕ੍ਰਿਸ਼ਣ ਪ੍ਰਭੂ ਆਪ ਹੀ ਸੀ। ਇਸ ਤਰ੍ਹਾਂ ਦੀਆਂ ਹੋਰ ਬਹੁਤ ਸਾਰੀਆਂ ਕਥਾਵਾਂ ਉਨ੍ਹਾਂ ਦੀ ਇਸ ਰਚਨਾ ਦੀ ਪ੍ਰਸਿੱਧੀ ਦੀ ਸ਼ਾਹਦੀ ਭਰਦੀਆਂ ਨੇ।[72]

ਗੁਰੂ ਗ੍ਰੰਥ ਸਾਹਿਬ ਵਿਚ ਜੈਦੇਵ ਜੀ ਦੇ ਦੋ ਸ਼ਬਦ ਦਰਜ ਹਨ। ਇਸ ਰਚਨਾ ਤੋਂ ਉਨ੍ਹਾਂ ਦੇ ਪ੍ਰਭੂ-ਮਾਰਗ 'ਤੇ ਤੁਰਨ ਦਾ ਇਸ ਤਰ੍ਹਾਂ ਵਿਕਾਸ ਹੋਇਆ ਕਿ ਉਹ ਇਕ ਬੁੱਤ ਪੂਜਕ ਨਹੀਂ, ਸਗੋਂ ਆਪਣੇ ਪ੍ਰਭੂ (ਵਿਸ਼ਨੂੰ) ਨੂੰ ਨਿਰਾਕਾਰ, ਸ੍ਰਿਸ਼ਟੀ ਦੇ ਕਰਤਾ ਅਤੇ ਸਰਵ-ਵਿਆਪਕ ਰੂਪ ਵਿਚ ਪ੍ਰਗਟ ਕਰਦੇ ਹਨ। ਉਹ ਆਪਣੀ ਬਾਣੀ ਦੁਆਰਾ ਸਭ ਤਰ੍ਹਾਂ ਦੇ ਕਰਮਕਾਂਡਾਂ ਨੂੰ ਤਿਆਗ, ਨੈਤਿਕ ਗੁਣਾਂ ਨੂੰ ਧਾਰਨ ਕਰਨ, ਦਵੈਤ ਭਾਵ ਨੂੰ ਮਿਟਾ ਕੇ ਇਕ ਪ੍ਰਭੂ ਵਿਚ ਧਿਆਨ ਟਿਕਾਉਣ ਨੂੰ ਹੀ ਪ੍ਰਾਣਾਯਾਮ ਯੋਗ ਕਿਰਿਆ ਦਾ ਨਾਮ ਦਿੰਦੇ ਹੋਏ, ਸਰਲ ਤੇ ਸਹਿਜ ਮਾਰਗ ਦੀ ਪ੍ਰੇਰਨਾ ਦਿੰਦੇ ਹਨ।

### ਭਗਤ ਭੀਖਣ ਜੀ

ਭਗਤ ਭੀਖਣ ਦੇ ਜੀਵਨ, ਜਨਮ-ਸਥਾਨ, ਆਦਿ ਬਾਰੇ ਵਿਦਵਾਨਾਂ ਵਿਚ ਮਤਭੇਦ ਹੈ। ਮੈਕਾਲਿਫ਼ ਅਨੁਸਾਰ "ਭੀਖਣ ਦਾ ਪੂਰਾ ਨਾਂ ਸ਼ਈਦ ਸ਼ੇਖ ਭੀਖਣ ਸੀ। ਉਹ ਕਕੋਰੀ ਦਾ ਰਹਿਣ ਵਾਲਾ ਸੀ ਅਤੇ ਉਹ ਅਕਬਰ ਦੇ ਰਾਜ ਦੇ ਪਹਿਲੇ ਸਾਲਾਂ ਵਿਚ ਹੋਇਆ। ਅੱਗੋਂ ਮੈਕਾਲਿਫ਼ ਨੇ ਫਾਰਸੀ ਦੇ ਇਤਿਹਾਸਕਾਰ ਦੇ ਹਵਾਲੇ ਨਾਲ ਲਿਖਿਆ ਹੈ ਕਿ ਕਕੋਰੀ ਲਖਨਊ ਸਰਕਾਰ ਦਾ ਇਕ ਪਰਗਣਾ ਹੈ। ਸ਼ੇਖ ਭੀਖਣ ਆਪਣੇ ਸਮੇਂ ਦੇ ਸਭ ਤੋਂ ਵੱਧ ਵਿਦਵਾਨ ਵਿਅਕਤੀਆਂ ਵਿਚੋਂ ਇਕ ਸੀ। ਉਹ ਸ਼ੁਰੀਅਤ ਦਾ ਮਾਹਿਰ ਸੀ ਅਤੇ ਬੰਦਗੀ ਵਿਚ ਉਹ ਮਹਾਨ ਇਮਾਮ ਅਬੂ ਹਨੀਫ਼ਾ ਤੋਂ ਵੀ ਅੱਗੇ ਸੀ। ਬਹੁਤ ਸਾਲ ਉਸਨੇ ਜਨਤਾ ਨੂੰ ਸਿਖਿਆ ਅਤੇ ਗਿਆਨ ਦੇਣ ਵਿਚ ਲਾਏ। ਸ਼ੇਖ ਭੀਖਣ ਦਾ ਦਿਹਾਂਤ 981 ਹਿਜਰੀ ਮੁਤਾਬਕ 1573-74 ਈ. ਮੰਨਿਆ ਹੈ।"[73] ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਭੀਖਨ ਨੂੰ ਲਖਨਊ ਦੇ ਕਕੋਰੀ ਦਾ ਵਸਨੀਕ ਸੂਫ਼ੀ ਫ਼ਕੀਰ ਮੰਨਿਆ ਅਤੇ ਉਸ ਦੇ ਦੇਹਾਂਤ ਦਾ ਸਮਾਂ ਸੰਮਤ 1631 ਮੰਨਿਆ ਪਰੰਤੂ ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਵਿਚ ਲਿਖਦੇ ਹਨ ਕਿ "ਇਕ ਖ਼ਿਆਲ ਕੀਤਾ ਜਾਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸੇ ਮਹਾਤਮਾ ਦੀ ਬਾਣੀ ਹੈ।"[74] ਪੰਜਾਬੀ, ਹਿੰਦੀ ਦੇ ਕਈ ਹੋਰ ਵਿਦਵਾਨਾਂ ਦੀਆਂ ਵੀ ਭਗਤ ਭੀਖਣ ਸਬੰਧੀ ਵੱਖ-ਵੱਖ ਰਾਇ ਪ੍ਰਾਪਤ ਹੁੰਦੀਆਂ ਹਨ। ਕਈ ਵਿਦਵਾਨ ਉਪਰੋਕਤ ਮੈਕਾਲਿਫ਼ ਵਾਲੇ ਵਿਚਾਰਾਂ ਨਾਲ ਸਹਿਮਤ ਹਨ ਪਰੰਤੂ ਕਈ ਅਜਿਹੇ ਵਿਦਵਾਨ ਹਨ ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਸੋਰਠਿ ਵਿਚ ਦਰਜ ਦੋ ਪਦਿਆਂ ਵਿਚਲੀ ਸ਼ਬਦਾਵਲੀ ਦੇ ਆਧਾਰ 'ਤੇ ਉਨ੍ਹਾਂ ਨੂੰ ਮੁਸਲਮਾਨ ਘਰ ਦਾ ਜੰਮਪਾਲ ਮੰਨਣ ਤੋਂ ਇਨਕਾਰ ਕੀਤਾ ਕਿਉਂਕਿ ਉਨ੍ਹਾਂ ਦੀ ਬਾਣੀ ਵਿਚ ਕੋਈ ਅਜਿਹਾ ਸ਼ਬਦ ਨਹੀਂ ਆਉਂਦਾ ਜੋ ਇਸਲਾਮਿਕ ਧਰਮ ਵਿਚ ਵਰਤੀ ਜਾਂਦੀ ਸ਼ਬਦਾਵਲੀ ਅਰਬੀ-ਫਾਰਸੀ ਦਾ ਹੋਵੇ ਅਤੇ ਉਨ੍ਹਾਂ ਦੀ

ਸ਼ਬਦਾਵਲੀ ਨੂੰ ਵੈਰਾਗੀ ਸਾਧੂਆਂ ਵਾਲੀ ਸ਼ਬਦਾਵਾਲੀ ਨਾਲ ਮਿਲਦੀ ਜੁਲਦੀ ਆਖਿਆ ਹੈ। ਜੇਕਰ ਧਿਆਨ ਪੂਰਵਕ ਦੇਖਿਆ ਜਾਵੇ ਤਾਂ ਮੈਕਾਲਿਫ਼ ਨੇ ਵੀ ਸ਼ੇਖ ਭੀਖਣ ਅਤੇ ਭਗਤ ਭੀਖਣ ਨੂੰ ਨਿਸ਼ਚਿਤ ਤੌਰ ਤੇ ਇਕੋ ਵਿਅਕਤੀ ਨਹੀਂ ਆਖਿਆ ਜਿਸ ਦਾ ਅਨੁਮਾਨ ਮੈਕਾਲਿਫ਼ ਦੇ ਇਸ ਵਿਚਾਰ ਤੋਂ ਭਲੀਭਾਂਤ ਹੋ ਜਾਂਦਾ ਹੈ ਜਦੋਂ ਉਹ ਆਖਦਾ ਹੈ ਕਿ "ਜਿਸ ਭੀਖਣ ਨਾਂ ਦੇ ਵਿਅਕਤੀ ਦੀਆਂ ਰਚਨਾਵਾਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ ਉਹ ਜ਼ਰੂਰ ਹੀ ਕੋਈ ਧਾਰਮਿਕ ਵਿਅਕਤੀ ਸੀ। ਆਮ ਤੌਰ ਤੇ ਉਸ ਦੀ ਵਿਚਾਰਧਾਰਾ ਸ਼ੇਖ ਫਰੀਦ ਵਾਲੀ ਸੀ ਪਰੰਤੂ ਉਸ ਦੀਆਂ ਰਚਨਾਵਾਂ ਵਿਚ ਸਮਕਾਲੀਨ ਭਾਰਤ ਅੰਦਰ ਪ੍ਰਚਲਿਤ ਸੁਧਾਰਵਾਦੀ ਵਿਚਾਰ ਵੀ ਪ੍ਰਮੁੱਖ ਹਨ। ਕੁਝ ਵਿਦਵਾਨਾਂ ਅਨੁਸਾਰ ਭੀਖਣ ਸ਼ਾਇਦ ਕਬੀਰ ਦਾ ਚੇਲਾ ਸੀ।"[75]

ਇਸ ਤਰ੍ਹਾ ਕਿਹਾ ਜਾ ਸਕਦਾ ਹੈ ਕਿ ਇਤਿਹਾਸ ਵਿਚ ਭੀਖਣ ਨਾਂ ਦੇ ਕਈ ਸਾਧੂ, ਸੰਤ ਹੋਏ ਜਿਨ੍ਹਾਂ ਦੀਆਂ ਰਚਨਾਵਾਂ ਵੀ ਪ੍ਰਾਪਤ ਹੁੰਦੀਆਂ ਹਨ ਪਰੰਤੂ ਇਨ੍ਹਾਂ ਦੇ ਆਪਸੀ ਵਿਚਾਰਾਂ ਵਿਚ ਚੋਖਾ ਅੰਤਰ ਪਾਇਆ ਜਾਂਦਾ ਹੈ ਜਿਸ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਬੇਸ਼ੱਕ ਉਨ੍ਹਾਂ ਦੀ ਰਚਨਾ ਜਾਂ ਬਾਣੀ ਵਿਚ ਇਮਲਾਮਿਕ ਸਭਿਆਚਾਰ ਦਾ ਕੋਈ ਅੰਸ਼ ਜਾਂ ਅਰਬੀ-ਫਾਰਸੀ ਦਾ ਕੋਈ ਸ਼ਬਦ ਨਹੀਂ ਵਰਤਿਆ ਗਿਆ। ਪਰੰਤੂ ਫਿਰ ਵੀ ਇਹ ਨਿਸ਼ਚਿਤ ਤੌਰ ਤੇ ਨਹੀਂ ਕਿਹਾ ਜਾ ਸਕਦਾ ਉਹ ਮੁਸਲਮਾਨ ਸੂਫ਼ੀ ਸ਼ੇਖ ਭੀਖਨ ਨਹੀਂ। ਗੁਰੂ ਗ੍ਰੰਥ ਵਿਸ਼ਵਕੋਸ਼ ਅਨੁਸਾਰ ਕਿਹਾ ਜਾ ਸਕਦਾ ਹੈ ਕਿ "ਸੰਭਵ ਹੈ ਕਿ ਇਸ ਉੱਤੇ (ਸ਼ੇਖ ਭੀਖਨ ਜਾਂ ਭਗਤ ਭੀਖਨ ਉੱਤੇ) ਭਗਤੀ ਲਹਿਰ ਦਾ ਇਤਨਾ ਅਸਰ ਪਿਆ ਹੋਵੇ ਕਿ ਇਹ ਸੂਫ਼ੀ ਮਤ ਦੀਆਂ ਸੀਮਾਵਾਂ ਤੋਂ ਉੱਚਾ-ਉਠ ਕੇ ਨਿਰਗੁਣ ਭਗਤ ਬਣ ਗਿਆ ਹੋਵੇ।"[76] ਅਤੇ ਇਸ ਨਿਰਗੁਣ ਭਗਤੀ ਦੇ ਪ੍ਰਭਾਵ ਸਦਕਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੀ ਰਚਨਾ ਕੀਤੀ ਹੋਵੇ। ਕੁੱਝ ਵੀ ਹੋਵੇ ਪਰੰਤੂ ਵਧੇਰੇ ਵਿਦਵਾਨਾਂ ਦੀ ਸਹਿਮਤੀ ਭਗਤ ਭੀਖਨ ਦੇ ਲਖਨਊ ਦੇ ਕਾਕੋਰੀ ਨਗਰ ਦੇ ਸੂਫ਼ੀ ਸਾਧਕ ਹੋਣ ਦੀ ਮਿਲਦੀ ਹੈ ਭਾਵੇਂ ਇਹ ਸਹਿਮਤੀ ਸੰਕੇਤ ਜਾਂ ਇਸ਼ਾਰੇਮਾਤਰ ਹੀ ਹੈ। ਇਸ ਤੋਂ ਇਲਾਵਾ ਉਨ੍ਹਾਂ ਦੇ ਹੋਰ ਪਰਿਵਾਰ ਦੀ ਬਹੁਤੀ ਜਾਣਕਾਰੀ ਉਪਲਬਧ ਨਹੀਂ।

ਭਗਤ ਭੀਖਣ ਜੀ ਦੇ ਗੁਰੂ ਗ੍ਰੰਥ ਸਾਹਿਬ ਵਿਚ ਦੋ ਸ਼ਬਦ ਦਰਜ ਹਨ। ਉਨ੍ਹਾ ਨੇ ਆਪਣੇ ਪਹਿਲੇ ਸ਼ਬਦ ਵਿਚ ਪ੍ਰਭੂ ਤੋਂ ਦੂਰ ਹੋਣ ਕਰਕੇ ਹੁੰਦੀ ਮੱਥੇ ਪੀੜ ਤੇ ਸਰੀਰ ਦੀ ਜਲਨ ਬਾਰੇ ਦੱਸਦਿਆਂ, ਪ੍ਰਭੂ ਦੇ ਮਿਲਣ ਦੀ ਤੜਫ਼ ਜਾਂ ਵੈਰਾਗ ਨੂੰ ਪ੍ਰਗਟਾਇਆ ਹੈ ਅਤੇ ਪ੍ਰਭੂ-ਨਾਮ ਨੂੰ ਮਨੁੱਖ ਲਈ ਅੰਮ੍ਰਿਤ ਜਲ ਅਤੇ ਸਭ ਰੋਗਾਂ ਦੀ ਦਵਾਈ ਦੱਸਿਆ ਹੈ। ਇਸੇ ਤਰ੍ਹਾਂ ਹੀ ਆਪਣੇ ਦੂਸਰੇ ਸ਼ਬਦ ਵਿਚ ਪ੍ਰਭੂ-ਰਤਨ ਦੇ ਮਿਲਣ ਦੀ ਅਜਿਹੀ ਸਥਿਤੀ ਦਾ ਪ੍ਰਗਟਾਵਾ ਕੀਤਾ ਹੈ ਜਿੱਥੇ ਨਾ ਉਹ

ਅਮੋਲਕ ਰਤਨ ਛੁਪਾਇਆ ਛੁਪਦਾ ਅਤੇ ਨਾ ਹੀ ਗੂੰਗੇ ਦੀ ਮਠਿਆਈ ਖਾਣ ਵਾਂਗੂੰ ਪ੍ਰਭੂ-ਮਿਲਣ ਵਿਚ ਉਪਜੇ ਆਨੰਦ ਦਾ ਬਿਆਨ ਹੁੰਦਾ ਹੈ। ਬਸ ਜੀਭ ਦੁਆਰਾ ਪ੍ਰਭੂ ਦਾ ਭਜਨ ਕਰਨਾ, ਕੰਨਾ ਦੁਆਰਾ ਸੁਣਨਾ ਅਤੇ ਚਿਤ ਵਿਚ ਯਾਦ ਕੀਤਿਆਂ ਹੀ ਆਤਮਕ ਸੁੱਖ ਦੀ ਪ੍ਰਾਪਤੀ ਹੁੰਦੀ ਹੈ ਜਿਸ ਤੋਂ ਨੈਣਾਂ ਨੂੰ ਸੰਤੋਖ ਮਿਲਦਾ ਹੈ ਅਤੇ ਏਧਰ ਉਧਰ ਭਟਕਣ ਦੀ ਥਾਂ ਹਰ ਤਰਫ਼ ਸਰਬ ਵਿਆਪਕ ਪਰਮਾਤਮਾ, ਹਰੀ ਦਾ ਦੀਦਾਰ ਹੁੰਦਾ ਹੈ।

### ਭਗਤ ਪਰਮਾਨੰਦ ਜੀ

ਭਗਤ ਪਰਮਾਨੰਦ ਦੇ ਜੀਵਨ ਕਾਲ ਬਾਰੇ ਕੋਈ ਬਹੁਤੀ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਮੈਕਾਲਿਫ਼ ਅਨੁਸਾਰ ਪਰਮਾਨੰਦ ਪੰਡਰਪੁਰ ਦੇ ਉਤਰ ਵਿਚ ਸਥਿਤ ਬਾਰਸੀ ਨਗਰ ਦਾ ਵਸਨੀਕ ਸੀ।[77] ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਪਰਮਾਨੰਦ ਨੂੰ ਬਾਰਸੀ (ਜ਼ਿਲ੍ਹਾ ਸ਼ੋਲਾਪੁਰ) ਦਾ ਵਸਨੀਕ ਇਕ ਮਹਾਨ ਤਿਆਗੀ ਭਗਤ ਮੰਨਿਆ।[78] ਕਈ ਵਿਦਵਾਨ ਪਰਮਾਨੰਦ ਨੂੰ ਪ੍ਰਾਚੀਨ ਸਾਹਿਤਯ ਆਚਾਰੀਆ ਦੁਆਰਾ ਤਿਆਰ ਕੀਤੀ 'ਅਸ਼ਟਛਾਪ' ਸਿਰਲੇਖ ਅਧੀਨ ਰਚਨਾ ਵਿਚ ਸ਼ਾਮਿਲ ਅੱਠ ਭਗਤ ਕਵੀਆਂ ਵਿਚੋਂ ਇਕ ਮੰਨਦੇ ਹਨ। ਗੁਰੂ ਗ੍ਰੰਥ ਵਿਸ਼ਵਕੋਸ਼ ਵਿਚ ਅਸ਼ਟਛਾਪ' ਵਾਲੇ ਸੰਤ ਪੁਰਸ਼ ਪਰਮਾਨੰਦ ਬਾਰੇ ਵਿਚਾਰ ਮਿਲਦਾ ਹੈ ਕਿ "ਇਸ ਦੇ ਜੀਵਨ ਕਾਲ ਵਿਚ ਕੋਈ ਵੀ ਅਵਸਰ ਅਜਿਹਾ ਨਹੀਂ ਆਇਆ ਕਿ ਇਸਨੇ ਸਰਗੁਣਵਾਦੀ ਭਗਤੀ ਧਾਰਾ ਤੋਂ ਹਟ ਕੇ ਨਿਰਗੁਣਵਾਦੀ ਭਾਵਨਾ ਵਾਲੇ ਪਦੇ ਲਿਖੇ ਹੋਣ। ਵਿਚਾਰ ਅਧੀਨ ਪਰਮਾਨੰਦ ਦਾ ਸੰਬੰਧ ਅਸ਼ਟਛਾਪ ਦੇ ਕਵੀਆ ਨਾਲ ਨਹੀਂ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਸ਼ਬਦ ਵਾਲੇ ਪਰਮਾਨੰਦ ਬਾਰੇ ਸਹੀ ਜਾਣਕਾਰੀ ਦਾ ਇਕਦਮ ਅਭਾਵ ਹੈ। ਸੰਭਵ ਹੈ ਕਿ ਇਸ ਨਾਂ ਦਾ ਕੋਈ ਨਿਰਗੁਣਵਾਦੀ ਸਾਧਕ ਪੰਦਰਵੀਂ ਜਾਂ ਸੋਲ੍ਹਵੀਂ-ਸਦੀ ਵਿਚ ਰਿਹਾ ਹੋਵੇ।"[79]

ਗੁਰੂ ਗ੍ਰੰਥ ਸਾਹਿਬ ਵਿਚ ਭਗਤ ਪਰਮਾਨੰਦ ਦਾ ਇਕ ਸ਼ਬਦ ਦਰਜ ਹੈ ਜਿਸ ਵਿਚ ਧਾਰਮਿਕ ਪੁਸਤਕਾਂ ਪੁਰਾਣ ਆਦਿ ਦੇ ਰਟਣ ਵਾਲੇ ਮਨੁੱਖ ਨੂੰ ਭਗਤੀ-ਪ੍ਰੇਮ ਨੂੰ ਹਿਰਦੇ ਅੰਦਰ ਸਦੀਵੀ ਵਸਾਉਣ ਦੀ ਪ੍ਰੇਰਨਾ ਦਿੱਤੀ ਗਈ ਹੈ। ਪਰਮਾਨੰਦ ਜੀ ਅਨੁਸਾਰ ਦੂਸਰਿਆਂ ਦੇ ਘਰ ਲੁੱਟਣਾ, ਪੰਜ ਵਿਕਾਰ, ਪਰਾਈ ਨਿੰਦਿਆ ਆਦਿ ਦਾ ਤਿਆਗ ਕਰਕੇ ਸਾਧਸੰਗਤ ਭਾਵ ਸੱਚੀ ਸੰਗਤ ਨੂੰ ਗ੍ਰਹਿਣ ਕਰਨਾ ਹੀ ਜੀਵਨ ਦਾ ਮਨੋਰਥ ਬਣਾਉਣਾ ਚਾਹੀਦਾ ਹੈ।

### ਭਗਤ ਸੈਣ ਜੀ

ਭਗਤ ਸੈਣ ਜਾਤ ਦੇ 'ਨਾਈ' ਸਨ ਜਿਸ ਦੀ ਜਾਣਕਾਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਂ ਜਾਂ ਭਗਤਾਂ ਦੁਆਰਾ ਲਿਖੀਆਂ ਸ਼ਰਧਾਗਤ ਪੰਕਤੀਆਂ ਤੋਂ ਵੀ ਮਿਲਦੀ ਹੈ। ਭਾਵੇਂ ਕਿ

ਭਗਤ ਸੈਣ ਸਬੰਧੀ  ਆਮ ਤੌਰ ’ਤੇ ਦੋ ਤਰ੍ਹਾਂ ਦੇ ਮਤ ਮਿਲਦੇ ਹਨ ਜਿਨ੍ਹਾਂ ਵਿਚੋਂ ਪਹਿਲੇ ਮਤ ਅਨੁਸਾਰ ਆਪ ਬਿਦਰ ਦੇ ਰਾਜਾ ਦੀ ਨੌਕਰੀ ਕਰਦੇ ਸਨ ਅਤੇ ਵਾਰਕਰੀ ਸੰਪਰਦਾਇ ਦੇ ਸੰਤ ਗਿਆਨੇਸ਼ਵਰ ਦੇ ਚੇਲੇ ਸਨ। ਦੂਸਰੇ ਮਤ ਅਨੁਸਾਰ ਆਪ ਬਾਂਧਵਗੜ ਦੇ ਰਾਜਾ ਰਾਮ ਦੇ ਸ਼ਾਹੀ ਨੌਕਰ (ਨਾਈ) ਸਨ ਜਿਸਦਾ ਆਧੁਨਿਕ ਨਾ ਰੇਵਾ (ਰੀਵਾ) ਹੈ। ਇਸ ਮਤ ਅਨੁਸਾਰ ਆਪ ਰਾਮਾਨੰਦ ਜੀ ਦੇ 12 ਚੇਲਿਆਂ ਵਿਚੋਂ ਇਕ ਹੋਏ। ਵਿਦਵਾਨਾਂ ਦੀ ਵਧੇਰੇ ਸਹਿਮਤੀ ਇਸ ਦੂਸਰੇ ਮਤ ਨਾਲ ਹੀ ਹੈ।

ਭਗਤ ਸੈਣ ਦੁਆਰਾ ਨਾਈ ਕਿੱਤੇ ਨਾਲ-ਨਾਲ ਕੀਤੀ ਜਾਂਦੀ ਪ੍ਰਭੂ ਦੀ ਪ੍ਰੇਮਾ-ਭਗਤੀ ਸਬੰਧੀ ਪੂਰੀ ਵਾਰਤਾ ਨੂੰ ਭਾਈ ਗੁਰਦਾਸ ਆਪਣੀਆਂ ਵਾਰਾਂ ਵਿਚ ਇਸ ਤਰ੍ਹਾਂ ਬਿਆਨ ਕਰਦੇ ਹਨ :

ਸੁਣਿ ਪਰਤਾਪੁ ਕਬੀਰ ਦਾ ਦੂਜਾ ਸਿਖੁ ਹੋਆ ਸੈਣੁ ਨਾਈ।
ਪ੍ਰੇਮ ਭਗਤਿ ਰਾਤੀ ਕਰੈ ਭਲਕੈ ਰਾਜ ਦੁਆਰੈ ਜਾਈ।
ਆਏ ਸੰਤ ਪਰਾਹੁਣੇ ਕੀਰਤਨੁ ਹੋਆ ਰੈਣਿ ਸਬਾਈ।
ਛਡਿ ਨ ਸਕੈ ਸੰਤ ਜਨ ਰਾਜ ਦੁਆਰਿ ਨ ਸੇਵ ਕਮਾਈ।
ਸੈਣ ਰੂਪਿ ਹਰਿ ਜਾਹਿ ਕੈ ਆਇ ਰਾਣੈ ਨੋ ਰੀਝਾਈ।
ਸਾਧ ਜਨਾਂ ਨੋ ਵਿਦਾ ਕਰਿ ਰਾਜ ਦੁਆਰਿ ਗਇਆ ਸਰਮਾਈ।
ਰਾਣੈ ਦੂਰਹੁੰ ਸਦਿ ਕੇ ਗਲਹੁੰ ਕਵਾਇ ਖੋਲਿ ਪੈਨ੍ਹਾਈ।
ਵਸਿ ਕੀਤਾ ਹਉਂ ਤੁਧੁ ਅਜੁ ਬੋਲੋ ਰਾਜਾ ਸੁਣੈ ਲੁਕਾਈ।
ਪਰਗਟੁ ਕਰੈ ਭਗਤਿ ਵਡਿਆਈ।

(ਵਾਰਾਂ ਭਾਈ ਗੁਰਦਾਸ, ਵਾਰ 10ਵੀਂ, ਪਉੜੀ 16, ਪੰਨਾ 110)

ਭਗਤ ਸੈਣ ਜੀ ਦੇ ਸਮੇਂ ਬਾਰੇ ਕੇਵਲ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਰਵਿਦਾਸ ਜੀ ਦੁਆਰਾ ਕੀਤੇ ਗਏ ਜ਼ਿਕਰ “ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨ ਤਰੈ॥ (ਗੁ.ਗ੍ਰੰ.ਸਾ. 1106) ਤੋਂ ਸੈਣ ਜੀ ਨੂੰ ਰਵਿਦਾਸ ਜੀ ਤੋਂ ਪਹਿਲਾਂ ਹੋਏ ਮੰਨਿਆ ਜਾਂਦਾ ਹੈ ਇਸ ਅਨੁਮਾਨ ਅਨੁਸਾਰ ਆਪਨੂੰ 14ਵੀਂ ਸਦੀ ਦੇ ਉਤਰਾਰਧ ਅਤੇ 15ਵੀਂ ਸਦੀ ਦੇ ਪੂਰਵਾਰਧ ਸਮੇਂ ਦੇ ਭਗਤ ਮੰਨਿਆ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸੈਣ ਜੀ ਦੀ ਵੰਸ਼ ਰੀਵਾ ਵਿਚ ਮੌਜੂਦ ਹੈ।”[80]

ਗੁਰੂ ਗ੍ਰੰਥ ਸਾਹਿਬ ਵਿਚ ਭਗਤ ਸੈਣ ਜੀ ਦਾ ਇਕ ਸ਼ਬਦ ਦਰਜ ਹੈ। ਇਸ ਰਚਨਾ ਵਿਚ ਕਰਮਕਾਂਡਾਂ ਨੂੰ ਤਿਆਗ, ਪ੍ਰਭੂ ਨੂੰ ਸਰਬ-ਵਿਆਪਕ, ਨਿਰਗੁਣ ਰੂਪ ਜਾਣ ਕੇ ਉਤਮ ਦੀਪ ਤੇ ਨਿਰਮਲ ਜੋਤੀ ਸੁੰਦਰ ਸਰੂਪ, ਪਰਮਾਨੰਦ (ਸ੍ਰੇਸ਼ਟ ਅਨੰਦ) ਦੇਣ ਵਾਲੇ ਪ੍ਰਭੂ ਦਾ ਸਦਾ ਭਜਨ ਕਰਨਾ ਹੀ ਉਸਦੀ ਆਰਤੀ ਕਰਨ ਬਰਾਬਰ ਹੈ।

## ਭਗਤ ਪੀਪਾ ਜੀ

ਭਗਤ ਪੀਪਾ ਜੀ ਵੀ ਰਾਮਾਨੰਦ ਜੀ ਦੇ 12 ਚੇਲਿਆਂ ਵਿਚੋਂ ਸਨ। ਭਗਤ ਪੀਪਾ ਜੀ ਦੇ ਜੀਵਨ ਕਾਲ ਬਾਰੇ ਬਹੁਤੀ ਨਿਸ਼ਚਿਤ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਭਗਤ ਪੀਪਾ ਜੀ ਨੂੰ ਰਾਜਸਥਾਨ ਦੀ ਇਕ ਰਿਆਸਤ 'ਗਗਰੌਨਗੜ' ਦਾ ਰਾਜਾ ਦੱਸਿਆ ਗਿਆ ਹੈ। ਪੀਪਾ ਜੀ ਦਾ ਜਨਮ ਕਾਲ ਮੈਕਾਲਿਫ਼ ਨੇ 1425 ਈ. ਵਿਚ ਦੱਸਿਆ। ਜਦ ਕਿ "ਵੱਖ-ਵੱਖ ਵਿਦਵਾਨਾਂ ਦੇ ਵਿਚਾਰਾਂ ਨੂੰ ਸਮੋਕੇ ਆਚਾਰਯ ਪਰਸ਼ੂਰਾਮ ਚਤੁਰਵੇਦੀ (ਉਤਰੀ ਭਾਰਤ ਕੀ ਸੰਤ ਪਰੰਪਰਾ) ਨੇ ਇਨ੍ਹਾਂ ਦਾ ਜਨਮਕਾਲ 1465-75 ਬਿ. (1408-18ਈ.) ਦੇ ਨੇੜੇ ਅਥਵਾ ਇਸ ਤੋਂ ਕੁਝ ਪਹਿਲਾਂ ਦੱਸਿਆ ਹੈ।"[81] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਆਪ ਦਾ ਜਨਮ 1483 ਵਿਚ ਹੋਇਆ, ਪੀਪਾ ਪਹਿਲਾਂ ਦੁਰਗਾ ਦਾ ਭਗਤ ਸੀ ਫੇਰ ਰਾਮਾਨੰਦ ਜੀ ਦਾ ਚੇਲਾ ਹੋ ਕੇ ਵੈਰਾਗ ਦਸ਼ਾ ਵਿਚ ਇਸਤਰੀ ਸੀਤਾ ਸਮੇਤ ਘਰ ਤਿਆਗ ਕੇ ਦੇਸ਼ਰਟਨ ਕਰਕੇ ਅਵਸਥਾ ਵਿਤਾਈ।[82]

ਭਗਤ ਪੀਪਾ ਜੀ ਨਾਲ ਸਬੰਧਿਤ ਕਈ ਕਥਾਵਾਂ ਪ੍ਰਚਲਿਤ ਹਨ ਜਿਨ੍ਹਾਂ ਵਿਚੋਂ ਇਕ ਕਥਾ ਅਨੁਸਾਰ ਆਪ ਵੈਸ਼ਣਵ ਸਾਧੂ ਦੁਆਰਾ ਦੁਰਗਾ ਉਪਾਸਕ ਤੋਂ ਵੈਸ਼ਨਵ ਉਪਾਸਕ ਹੋਏ ਅਤੇ ਬਾਅਦ ਵਿਚ ਆਪ ਨੇ ਪ੍ਰਮਾਤਮਾ ਨੂੰ ਸਰਬ ਵਿਆਪਕ ਮੰਨਿਆ ਅਤੇ ਆਪ, ਰਾਮਾਨੰਦ ਜੀ ਦੇ 12 ਚੇਲਿਆਂ ਵਿਚ ਗਿਣੇ ਜਾਣ ਲੱਗੇ। ਕਿਹਾ ਜਾਂਦਾ ਹੈ ਕਿ ਆਪਨੇ ਆਪਣਾ ਸਾਰਾ ਰਾਜਭਾਗ ਤਿਆਗ ਕੇ ਇਕ ਸਾਧਾਰਣ ਸੰਤਾਂ ਵਾਲਾ ਜੀਵਨ ਅਖ਼ਤਿਆਰ ਕਰ ਲਿਆ। ਉਨ੍ਹਾਂ ਦੇ ਇਸ ਤਰ੍ਹਾਂ ਦੇ ਜੀਵਨ ਵਿਚ ਸਾਥ ਦੇਣ ਲਈ ਉਨ੍ਹਾਂ ਦੀਆਂ ਕਈ ਰਾਣੀਆਂ ਵਿਚੋਂ ਕੇਵਲ ਇਕ ਰਾਣੀ 'ਸੀਤਾ' ਤਿਆਰ ਰਹੀ ਜੋ ਪੀਪਾ ਜੀ ਦੇ ਸਾਧੂ ਜੀਵਨ ਦੀਆਂ ਯਾਤਰਾਵਾਂ ਦੌਰਾਨ ਸਭ ਸੁੱਖਾਂ-ਦੁੱਖਾਂ ਵਿਚ ਨਾਲ ਰਹੀ।"[83]

ਗੁਰੂ ਗ੍ਰੰਥ ਸਾਹਿਬ ਵਿਚ ਆਪ ਦਾ ਇਕ ਸ਼ਬਦ ਦਰਜ ਹੈ ਜਿਸ ਵਿਚ ਸੱਚੇ ਗਿਆਨ, ਪ੍ਰਭੂ-ਪ੍ਰੇਮ ਤੇ ਭਗਤੀ ਵਿਚ ਅਨੰਦਿਤ ਸੰਤ ਦੀ ਅਵਸਥਾ ਬਿਆਨ ਕੀਤੀ ਮਿਲਦੀ ਹੈ ਜੋ ਸੰਪੂਰਨ ਬ੍ਰਹਿਮੰਡ ਵਿਚ ਹੈ। ਉਨ੍ਹਾ ਨੇ ਬ੍ਰਹਿਮੰਡ ਨੂੰ ਆਪਣੇ 'ਪਿੰਡ' (ਸ਼ਰੀਰ) ਵਿਚ ਹੀ ਲੱਭ ਲਿਆ ਅਤੇ ਅਸਲ ਤੱਤ, ਸਤਿ ਨੂੰ ਗੁਰੂ ਦੀ ਕਿਰਪਾ ਦੁਆਰਾ ਆਪਣੇ ਅੰਦਰ ਹੀ ਪਾ ਲਿਆ।

## ਭਗਤ ਸਧਨਾ ਜੀ

ਭਗਤ ਸਧਨਾ ਜੀ ਬਾਰੇ ਵਿਦਵਾਨਾਂ ਨੇ ਇਕ ਰਵਾਇਤ ਅਨੁਸਾਰ ਏਨਾ ਹੀ ਮੰਨਿਆ ਗਿਆ ਹੈ ਕਿ "ਇਹ ਸਿੰਧ ਪ੍ਰਾਂਤ ਦੇ ਸਿਹਵਾ (ਸੇਹਵਾਨ) ਪਿੰਡ ਦਾ ਵਸਨੀਕ ਸੀ। ਇਸ ਦੇ ਜੀਵਨ ਦਾ ਪਹਿਲਾ ਹਿੱਸਾ ਪਿਤਾ-ਪੁਰਖੀ ਕਸਾਈ ਦਾ ਕੰਮ ਕਰਨ ਵਿਚ ਬਤੀਤ ਹੋਇਆ। ਬਾਦ ਵਿਚ ਇਸ ਨੂੰ ਤਿਆਗਕੇ ਇਹ ਭਗਤੀ ਵਿਚ ਲੀਨ ਹੋ ਗਏ।"[84] ਗੁਰੂ ਗ੍ਰੰਥ ਸਾਹਿਬ ਵਿਚ ਭਗਤ ਰਵਿਦਾਸ ਜੀ

ਦੁਆਰਾ ਮਾਰੂ ਰਾਗ ਵਿਚ ਰਚੇ ਸ਼ਬਦ ਵਿਚ “ਨਾਮਦੇਵ ਕਬੀਰ ਤ੍ਰਿਲੋਚਨ ਸਧਨਾ ਸੈਨ ਤਰੈ॥ (ਗੁ. ਗ੍ਰੰ. ਸਾ. 1106) ਅਨੁਸਾਰ ਭਗਤ ਜੀ ਨੂੰ ਰਵਿਦਾਸ ਜੀ ਤੋਂ ਪਹਿਲਾਂ ਹੋਏ ਮੰਨਿਆ ਜਾਂਦਾ ਹੈ ਜਿਸ ਕਰਕੇ ਉਨ੍ਹਾ ਦੇ ਜੀਵਨ-ਕਾਲ ਨੂੰ 14ਵੀਂ ਸਦੀ ਮਿਥਿਆ ਗਿਆ ਅਤੇ ਆਪ ਨੂੰ ਭਗਤ ਨਾਮਦੇਵ ਜੀ ਦੇ ਸਮਕਾਲੀ ਮੰਨਿਆ ਜਾਂਦਾ ਹੈ।

ਭਗਤ ਸਧਨਾ ਨਾਲ ਸਬੰਧਿਤ ਕਈ ਦਿਲਚਸਪ ਕਥਾਵਾਂ ਮਿਲਦੀਆਂ ਹਨ ਜਿਨ੍ਹਾਂ ਵਿਚੋਂ ਇਕ ਉਨ੍ਹਾਂ ਦੇ ‘ਕਸਾਈ’ ਦਾ ਕਿੱਤਾ ਕਰਨ ਬਾਰੇ ਹੈ। ਮੈਕਾਲਿਫ਼ ਅਨੁਸਾਰ ਸਧਨਾ ਆਪ ਜਾਨਵਰ ਨਹੀਂ ਸੀ ਮਾਰਦਾ, ਸਗੋਂ ਮਰੇ ਹੋਏ ਜਾਨਵਰ ਦਾ ਮਾਸ ਖ਼ਰੀਦ ਕੇ ਅੱਗੇ ਵੇਚਦਾ ਸੀ। ਮਾਸ ਤੋਲਣ ਲਈ ਉਹ ਸਾਲਗਰਾਮ ਨੂੰ ਵੱਟੇ ਦੀ ਜਗ੍ਹਾ ਵਰਤੋਂ ਕਰਦਾ ਸੀ। ਇਕ ਸਾਧੂ ਸਾਲਗਰਾਮ ਦੀ ਦੁਰਗਤੀ ਦੇਖਕੇ ਸਾਲਗਰਾਮ (ਕ੍ਰਿਸ਼ਨ ਮੂਰਤੀ) ਆਪਣੇ ਨਾਲ ਲੈ ਗਿਆ ਅਤੇ ਉਸ ਮੂਰਤੀ ਨੂੰ ਬੜੀ ਪਵਿੱਤਰਤਾ ਤੇ ਸ਼ਰਧਾ ਨਾਲ ਘਰ ਵਿਚ ਰੱਖਿਆ ਪਰੰਤੂ ਜਲਦੀ ਹੀ ਉਹ ਉਸ ਸਾਲਗਰਾਮ ਨੂੰ ਸਧਨਾ ਨੂੰ ਵਾਪਿਸ ਕਰ ਗਿਆ ਕਿ ਇਹ ਸਾਲਗਰਾਮ ਤਾਂ ਉਸ (ਸਧਨਾ) ਕੋਲ ਹੀ ਵਧੇਰੇ ਖੁਸ਼ ਹੈ।”[85] ਇਸ ਸਾਖੀ ਅਨੁਸਾਰ ਪਤਾ ਚੱਲਦਾ ਹੈ ਕਿ ਸਧਨਾ ਜੀ ਇਕ ਤਾਂ ਪਰਮਾਤਮਾ ਨੂੰ ਸਰਬ-ਵਿਆਪਕ ਮੰਨਦੇ ਸਨ ਅਤੇ ਦੂਸਰਾ ਮੂਰਤੀ ਪੂਜਾ ਤੋਂ ਇਨਕਾਰੀ ਸਨ। ਇਸ ਕਰਕੇ ਉਹ ਆਪਣੇ ਇਸ ਕਿੱਤੇ ਨੂੰ ਛੱਡ ਕੇ ਪ੍ਰਭੂ-ਪ੍ਰਮਾਤਮਾ ਦੇ ਭਗਤ ਹੋ ਗਏ।

ਗੁਰੂ ਗ੍ਰੰਥ ਸਾਹਿਬ ਵਿਚ ਆਪ ਦਾ 1 ਸ਼ਬਦ ਦਰਜ ਹੈ ਜਿਸ ਵਿਚ ਪਰਮਾਤਮਾ ਨੂੰ ਦਿਆਲੂ-ਕ੍ਰਿਪਾਲੂ ਗੁਣਾਂ ਵਾਲਾ ਦਰਸਾਇਆ ਗਿਆ ਹੈ ਜੋ ਸੁਆਰਥੀ ਮਨੁੱਖਾਂ ਦੀ ਵੀ ਰੱਖਿਆ ਕਰਦਾ ਹੈ।ਉਸ ਪ੍ਰਭੂ ਦਾ ਨਾਮ ਸਿਮਰਨ ਅਤੇ ਉਸ ਅੱਗੇ ਅਰਦਾਸ ਕਰਨ ਨਾਲ ਉਹ ਆਪਣੇ ਸੇਵਕਾਂ ਦੀ ਪਾਲਣਾ ਕਰਦਾ ਹੈ ਕਿਉਕਿ ਮਨੁੱਖ ਦਾ ਆਪਣਾ ਕੁੱਝ ਵੀ ਨਹੀਂ ਸਭ ਪਰਮਾਤਮਾ ਦਾ ਹੀ ਹੈ ਤੇ ਉਹ ਆਪਣਾ ਜਾਣਕੇ ਲਾਜ-ਕਾਜ ਰੱਖਦਾ ਹੈ।

ਭਗਤ ਸਧਨਾ ਜੀ ਦਾ ਦੇਹਾਂਤ ਪੰਜਾਬ ਵਿਚ ਹੋਇਆ ਮੰਨਿਆ ਜਾਂਦਾ ਹੈ ਕਿਉਂਕਿ ਇਨ੍ਹਾਂ ਦੀ ਕਬਰ (ਦੇਹੁਰਾ) ਸਰਹੰਦ ਕਸਬੇ ਵਿਚ ਸਥਿਤ ਹੈ।[86]

### ਭਗਤ ਰਾਮਨੰਦ ਜੀ

ਭਗਤ ਰਾਮਾਨੰਦ ਜੀ ਦਾ ਸਮਾਂ, ਭਾਰਤ ਵਿਚ ਭਗਤੀ ਦੇ ਵਿਕਾਸ ਦਾ ਉਹ ਸਮਾਂ ਸੀ ਜਦੋਂ ਉਨ੍ਹਾਂ ਨੇ ਭਗਤੀ ਨੂੰ ਦੱਖਣ ਤੋਂ ਉੱਤਰ ਵੱਲ ਵਿਕਾਸਗਤ ਰਾਹਾਂ ’ਤੇ ਤੋਰਿਆ। ਇਸੇ ਕਾਰਨ ਹੀ ਆਪ ਨੂੰ ਭਾਰਤ ਵਿਚ ਚੱਲੀ ਭਗਤੀ-ਲਹਿਰ ਦੇ ਮੋਢੀਆਂ ਵਿਚੋਂ ਮੰਨਿਆ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਉਨ੍ਹਾਂ ਦਾ ਜਨਮ ਕਾਨਯਕੁਬਜ ਬ੍ਰਹਮਣ ਭੂਰਿਕਰਮ ਦੇ ਘਰ ਸੁਸ਼ੀਲਾ ਦੇ ਉਦਰ

ਤੋਂ ਹੋਇਆ ਅਤੇ ਉਨ੍ਹਾਂ ਦਾ ਜਨਮ ਸੰਮਤ 1423 ਪ੍ਰਯਾਗ ਹੋਇਆ। ਮਾਤਾ ਪਿਤਾ ਨੇ ਇਨ੍ਹਾਂ ਦਾ ਨਾਮ ਰਾਮਦੱਤ ਰੱਖਿਆ।[87] ਜਦੋਂਕਿ ਮੈਕਾਲਿਫ਼ ਨੇ ਰਾਮਾਨੰਦ ਦਾ ਜਨਮ ਮਾਇਲਕੋਟ ਵਿਖੇ ਹੋਇਆ ਦੱਸਿਆ ਹੈ ਅਤੇ ਇਨ੍ਹਾਂ ਨੂੰ ਜਾਤ ਦੇ ਗੌੜ ਬ੍ਰਾਹਮਣ ਦੱਸਿਆ।[88] ਰਾਮਾਨੰਦ ਜੀ ਦੇ ਜਨਮ ਸਬੰਧੀ ਮਿਲਦੇ ਜਨਮ ਸੰਮਤਾਂ ਨੂੰ ਵਿਚਾਰਨ ਤੋਂ ਬਾਅਦ ਗਿਆਨੀ ਪ੍ਰਤਾਪ ਸਿੰਘ ਨੇ ਰਾਮਾਨੰਦ ਜੀ ਨੂੰ ਚੌਦਵੀਂ ਸਦੀ ਈਸਵੀ ਦੇ ਅੰਤ ਤੋਂ ਲੈ ਕੇ ਪੰਦਰਵੀਂ ਸਦੀ ਈਸਵੀ ਦੇ ਮੱਧਕਾਲ ਤਕ ਦੇ ਮੰਨਿਆ ਹੈ।"[89]

ਰਾਮਾਨੰਦ ਜੀ, ਸੁਆਮੀ ਰਾਮਾਨੁਜਚਾਰਯ ਦੀ 'ਸ੍ਰੀ ਸੰਪਰਦਾਇ' ਦੀ ਸ਼ਿਸ਼ ਪਰੰਪਰਾ ਵਿਚ ਚੌਂਦਵੇਂ ਸਥਾਨ 'ਤੇ ਸਨ। ਪਹਿਲਾਂ ਪਹਿਲ ਇਹ ਕਿਸੇ ਦੰਡੀ ਸੰਨਿਆਸੀ ਦੇ ਚੇਲੇ ਦੱਸੇ ਜਾਂਦੇ ਸਨ ਪਰ ਬਾਅਦ ਵਿਚ ਸੁਆਮੀ ਰਾਮਾਨੁਜ ਦੀ ਸ੍ਰੀ ਸੰਪਰਦਾਇ ਦੀ ਸ਼ਿਸ਼ ਪਰੰਪਰਾ ਵਿਚ 13ਵੇਂ ਸਥਾਨ ਦੇ ਮੁਖੀ ਰਾਘਵਾਨੰਦ ਦੇ ਚੇਲੇ ਬਣੇ। ਆਪਣੇ ਗੁਰੂ ਦੀ ਆਗਿਆ ਵਿਚ ਆਪ ਨੇ ਬਦਰੀ ਨਾਰਾਇਣ, ਕਾਸ਼ੀ ਆਦਿ ਕਈ ਧਾਰਮਿਕ ਸਥਾਨਾਂ ਦੀਆਂ ਯਾਤਰਾਵਾਂ ਕੀਤੀਆਂ ਜਿਨ੍ਹਾਂ ਯਾਤਰਾਵਾਂ ਤੋਂ ਬਾਅਦ ਧਰਮ, ਸਮਾਜ ਪ੍ਰਤੀ ਆਪ ਦਾ ਦ੍ਰਿਸ਼ਟੀਕੋਣ ਬਦਲਦਾ ਗਿਆ। ਹੌਲੀ-ਹੌਲੀ ਆਪ ਦੇ ਵਿਚਾਰਾਂ ਵਿਚ ਮੂਰਤੀ ਪੂਜਾ, ਜਾਤ-ਪਾਤ ਦੇ ਭੇਦ-ਭਾਵ ਆਦਿ ਪ੍ਰਤੀ ਵਿਰੋਧ ਦੀ ਭਾਵਨਾ ਪੈਦਾ ਹੋਣ ਲੱਗੀ ਜਿਸ ਕਾਰਨ ਆਪ ਨੇ ਹਰ ਧਰਮ, ਜਾਤ, ਏਥੋਂ ਤੱਕ ਕਿ ਇਸਤਰੀਆਂ ਨੂੰ ਵੀ ਪ੍ਰਭੂ-ਭਗਤੀ ਦਾ ਅਧਿਕਾਰੀ ਮੰਨਿਆ। ਇਸ ਕਾਰਨ ਆਪ ਦਾ ਆਪਣੇ ਸੰਪਰਦਾ ਵਾਲਿਆਂ ਬ੍ਰਹਮਣਾਂ ਆਦਿ ਨਾਲ ਵਿਰੋਧ ਪੈਦਾ ਹੋ ਗਿਆ ਅਤੇ ਆਪ ਨੇ "ਉੱਤਰੀ ਭਾਰਤ ਵਿਚ ਇਕ ਨਵੀਂ ਸੰਪ੍ਰਦਾਇ ਦੀ ਸਥਾਪਨਾ ਕੀਤੀ ਜੋ ਅੱਜਕਲ 'ਰਾਮਾਵਤ' ਜਾਂ 'ਰਾਮਾਨੰਦੀ' ਸੰਪ੍ਰਦਾਇ ਦੇ ਨਾਂ ਨਾਲ ਪ੍ਰਸਿੱਧ ਹੈ।"[90]

ਰਾਮਾਨੰਦ ਜੀ ਨੇ ਆਪਣੀ ਇਸ 'ਰਾਮਾਨੰਦ' ਜਾ 'ਰਾਮਾਵਤ' ਸੰਪ੍ਰਦਾਇ ਅਧੀਨ ਹੀ ਉੱਤਰੀ ਭਾਰਤ ਵਿਚ ਰਾਮ ਭਗਤੀ ਦਾ ਪ੍ਰਚਾਰ ਵੀ ਕੀਤਾ। ਇਸ ਦੌਰਾਨ ਆਪ ਦੇ ਪ੍ਰਮੁੱਖ ਤੌਰ ਤੇ 12 ਚੇਲੇ ਮੰਨੇ ਜਾਂਦੇ ਹਨ। ਰਾਮਾਨੰਦ ਜੀ ਦੁਆਰਾ ਪ੍ਰਚਾਰਿਤ ਇਸ ਭਗਤੀ ਲਹਿਰ ਸਮੇਂ ਭਗਤੀ 'ਨਿਰਗੁਣ' ਅਤੇ 'ਸਰਗੁਣ' ਦੋ ਪ੍ਰਕਾਰਾਂ ਵਿਚ ਵੰਡੀ ਗਈ। ਉੱਤਰ ਵਿਚ ਨਿਰਗੁਣ ਭਗਤੀ ਦਾ ਪ੍ਰਚਾਰ ਤੇ ਪਾਸਾਰ ਕਰਨ ਵਾਲੇ ਆਪ ਦੇ ਚੇਲੇ ਕਬੀਰ, ਰਵਿਦਾਸ, ਪੀਪਾ, ਧੰਨਾ, ਸੈਣ ਆਦਿ ਹੋਏ। ਇਸ ਤਰ੍ਹਾਂ ਆਪ ਭਾਵੇਂ ਪਹਿਲਾਂ ਵੈਸ਼ਣਵ, ਰਾਮ ਭਗਤੀ ਦੇ ਉਪਾਸਕ ਹੋਏ ਪਰੰਤੂ ਆਪਣੇ ਬੌਧਿਕ ਗਿਆਨ ਅਤੇ ਵਿਭਿੰਨ ਜੀਵਨ ਤਜ਼ਰਬਿਆਂ ਤੋਂ ਨਿਰਗੁਣ-ਭਗਤੀ ਵਿਚ ਪ੍ਰਵੇਸ਼ ਕਰ ਗਏ। ਰਾਮਾਨੰਦ ਜੀ ਦਾ ਦੇਹਾਂਤ ਸੰਮਤ 1524 ਸਥਾਨ ਕਾਸ਼ੀ ਵਿਖੇ ਹੋਇਆ ਮੰਨਿਆ ਜਾਂਦਾ ਹੈ।[91]

"ਰਾਮਾਨੰਦ ਜੀ ਦੇ ਨਾਮ 'ਤੇ ਸੰਸਕ੍ਰਿਤ ਵਿਚ ਕਈ ਰਚਨਾਂਵਾਂ ਮਿਲਦੀਆਂ ਹਨ ਜਿਨ੍ਹਾਂ ਵਿਚੋਂ ਵਿਸ਼ੇਸ਼ ਉਲੇਖਯੋਗ ਦੋ ਰਚਨਾਵਾਂ 'ਸ੍ਰੀ ਵੈਸ਼ਣਵ ਮਾਤਬ੍ਰਜ ਭਾਸਕਰ' ਅਤੇ ਦੂਸਰੀ 'ਸ੍ਰੀ ਰਾਮਾਰਚਨ ਪੱਧਤਿ' ਹੈ।"[92]

ਗੁਰੂ ਗ੍ਰੰਥ ਸਾਹਿਬ ਵਿਚ ਰਾਮਾਨੰਦ ਜੀ ਦਾ ਇਕ ਸ਼ਬਦ ਦਰਜ ਹੈ। ਇਸ ਸ਼ਬਦ ਵਿਚ ਉਨ੍ਹਾਂ ਨੇ ਸਭ ਤਰ੍ਹਾਂ ਦੇ ਧਾਰਮਿਕ ਕਰਮਕਾਂਡਾ ਜਪ, ਤਪ, ਤੀਰਥ-ਇਸ਼ਨਾਨ ਆਦਿ ਨੂੰ ਤਿਆਗ, ਗੁਰੂ ਦੀ ਸ਼ਰਨ ਤੇ ਗੁਰੂ ਦੇ ਦੱਸੇ ਮਾਰਗ ਤੇ ਚੱਲਦੇ ਹੋਏ ਬ੍ਰਹਮ-ਨਾਮ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ ਹੈ ਉਹ ਬ੍ਰਹਮ-ਨਾਮ ਜੋ ਗੁਰੂ-ਸ਼ਬਦ ਰਾਹੀਂ ਮਨੁੱਖ ਦੇ ਕ੍ਰੋੜਾਂ ਕਰਮਾਂ ਨੂੰ ਕੱਟਣ ਵਾਲਾ ਹੈ।

### ਭਗਤ ਸੂਰਦਾਸ ਜੀ

ਇਤਿਹਾਸ ਵਿਚ ਸੂਰਦਾਸ ਨਾਂ ਦੇ ਦੋ ਸੰਤ ਪੁਰਸ਼ਾਂ ਬਾਰੇ ਜ਼ਿਕਰ ਮਿਲਦਾ ਹੈ। ਇਕ ਉਹ ਸੂਰਦਾਸ ਜੋ 'ਅਸ਼ਟਛਾਪ' ਰਚਨਾ ਦੇ ਭਗਤ ਕਵੀਆਂ ਵਿਚੋਂ ਇਕ ਹਨ। ਦੂਸਰਾ ਨਾਂ ਉਸ ਭਗਤ ਸੂਰਦਾਸ ਦਾ ਹੈ ਜਿਨ੍ਹਾਂ ਦੀ ਰਚਨਾ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਹੈ। ਇਸ ਭਗਤ ਸੂਦਰਾਸ ਬਾਰੇ ਮਹਾਨ ਕੋਸ਼ ਵਿਚ ਲਿਖਿਆ ਹੈ ਕਿ "ਇਸ ਭਗਤ ਦਾ ਪਹਿਲਾ ਨਾਂ ਮਦਨਮੋਹਨ ਦੱਸਿਆ ਗਿਆ ਹੈ ਜੋ ਕਿ ਬ੍ਰਹਮਣ ਸੀ। ਇਹ ਭਗਤ ਸੰਮਤ 1586 ਵਿਚ ਪੈਦਾ ਹੋਇਆ ਅਤੇ ਸੰਸਕ੍ਰਿਤ, ਹਿੰਦੀ, ਫਾਰਸੀ ਦਾ ਪੂਰਨ ਵਿਦਵਾਨ ਸੀ। ਪਹਿਲਾਂ ਇਹ ਅਕਬਰ ਦਾ ਅਹਿਲਕਾਰ ਅਵਧ ਦੇ ਇਲਾਕੇ ਸੰਦੀਲਾ ਦਾ ਹਾਕਿਮ ਸੀ ਪਰ ਅੰਤ ਨੂੰ ਵੈਰਾਗ ਦਸ਼ਾ ਵਿਚ ਸਭ ਕੁੱਝ ਤਿਆਗ ਕੇ ਵਿਰਕਤ ਹੋਇਆ ਅਰ ਇਸਨੇ ਉਮਰ ਦਾ ਬਾਕੀ ਹਿੱਸਾ ਕਰਤਾਰ ਦੇ ਸਿਮਰਨ ਵਿਚ ਬਿਤਾਇਆ।"[93]

ਇਸ ਤੋਂ ਇਲਾਵਾ ਭਗਤ ਸੂਰਦਾਸ ਜੀ ਬਾਰੇ ਹੋਰ ਕੋਈ ਠੋਸ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੀ ਸਾਰੰਗ ਰਾਗ ਅਧੀਨ ਇਕ ਤੁਕ ਜਾਂ ਪੰਕਤੀ ਦਰਜ ਮਿਲਦੀ ਹੈ ਜੋ 'ਸਾਰੰਗ ਮਹਲਾ 5 ਸੂਰਦਾਸ॥' ਸਿਰਲੇਖ ਅਧੀਨ ਦਰਜ ਹੈ ਇਸਦੇ ਨਾਲ ਹੀ ਇਕ ਸ਼ਬਦ ਪੰਜਵੇਂ ਗੁਰੂ ਦਾ ਮਿਲਦਾ ਹੈ। ਇਸ ਸ਼ਬਦ ਸਬੰਧੀ ਵਿਦਵਾਨਾਂ ਦੀਆਂ ਵੱਖ-ਵੱਖ ਰਾਵਾਂ ਹਨ। ਜਦੋਂ ਕਿ ਭਗਤ ਸੂਰਦਾਸ ਜੀ ਦੀ ਇਸ ਤੁਕ ਵਿਚ ਉਨ੍ਹਾਂ ਲੋਕਾਂ ਦਾ ਸਾਥ ਛੱਡਣ ਲਈ ਕਿਹਾ ਗਿਆ ਹੈ ਜੋ ਹਰੀ, ਪਰਮਾਤਮਾ ਤੋਂ ਬੇਮੁੱਖ ਹਨ ਅਤੇ ਗੁਰੂ ਅਰਜਨ ਦੇਵ ਜੀ ਨੇ ਇਸ ਸ਼ਬਦ ਨੂੰ ਅੱਗੇ ਤੋਰਦੇ ਹੋਏ ਸੱਚੇ ਗੁਰਮੁਖਾਂ ਦਾ ਸੰਗ ਕਰਨ ਦੀ ਪ੍ਰੇਰਨਾ ਦਿੱਤੀ ਹੈ :

ਛਾਡਿ ਮਨ ਹਰਿ ਬਿਮੁਖਨ ਕੋ ਸੰਗੁ॥
ਹਰਿ ਕੇ ਸੰਗ ਬਸੇ ਹਰਿ ਲੋਕ॥
ਤਨੁ ਮਨੁ ਅਰਪਿ ਸਰਬਸੁ ਸਭੁ ਅਰਪਿਓ ਅਨਦ ਸਹਜ ਧੁਨਿ ਝੋਕ॥੧॥ ਰਹਾਉ॥

(ਸਾਰੰਗ, ਸੂਰਦਾਸ, ਮਹਲਾ 5, ਪੰਨਾ-1253)

## ਹਵਾਲੇ ਅਤੇ ਟਿੱਪਣੀਆਂ

1 ਰਾਮਧਾਰੀ ਸਿੰਘ ਦਿਨਕਰ, **ਸਭਿਆਚਾਰ ਦੇ ਚਾਰ ਅਧਿਆਇ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992, ਪੰਨਾ-424.

2 ਐਫ਼. ਮੈਕਸਮੂਲਰ, **ਧਰਮ ਦੀ ਉਤਪਤੀ ਅਤੇ ਵਿਕਾਸ,** ਤਾਰਨ ਸਿੰਘ (ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ-34.

3 ਡਾ. ਮਨਮੋਹਨ ਸਿੰਘ, **ਭਗਤੀ ਸਿਧਾਂਤ ਦੇ ਆਧਾਰ ਸ੍ਰੋਤ,** ਪੰਜਾਬੀ ਯੂਨੀਵਰਸਿਟੀ, ਪਟਿਆਲਾ,1991, ਪੰਨਾ-1.

4 ਸ. ਸ. ਜੋਸ਼ੀ (ਡਾ.), ਮੁਖ਼ਤਿਆਰ ਸਿੰਘ ਗਿੱਲ (ਸੰਪਾ.), **ਪੰਜਾਬੀ-ਅੰਗਰੇਜ਼ੀ ਕੋਸ਼**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ-634.

5 As a religious term Bhakti is defined as 'an affection fixed upon the lord': but the word 'affection' (anurakhti) itself is further defined as that particular affection (rakti) which arises after (anu) a knowledge of the attributes of the adorable one. James Hasting (ed.), **Encyclopaedia of Religion and Ethics,** T. & T Clark, New York, 1958, Vol. II, p. 539.

6 ਉੱਧਰਿਤ, ਡਾ. ਮਨਮੋਹਨ ਸਿੰਘ, **ਭਗਤੀ ਸਿਧਾਂਤ ਦੇ ਆਧਾਰ-ਸ੍ਰੋਤ,** ਪੰਨਾ-2.

7 ਉਹੀ,ਪੰਨਾ-2

8 ਉਹੀ, ਪੰਨਾ-2.

9 ਉਹੀ, ਪੰਨਾ-90.

10 ਉਹੀ, 104.

11 ਉਹੀ, ਪੰਨਾ-2.

12 ਉਹੀ, ਪੰਨਾ-111.

13 ਹਜ਼ਾਰੀ ਪ੍ਰਸ਼ਾਦ ਦਿਵੇਦੀ, **ਕਬੀਰ,** ਡਾ. ਕਰਤਾਰ ਸਿੰਘ ਸੂਰੀ (ਅਨੁ.), ਭਾਸ਼ਾ ਵਿਭਾਗ, 1971 [ਭੂਮਿਕਾ], ਪੰਨਾ-140-141.

14 ਸ੍ਰੀ ਸਵਾਮੀ ਕਿਸ਼ੋਰੀ ਦਾਸ ਕ੍ਰਿਸ਼ਨ ਦਾਸ, **ਸ੍ਰੀਮਦ ਭਗਵਤ ਗੀਤਾ**, ਭਾਈ ਚਤਨ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2003, ਪੰਨਾ-99-100.

15 ਉੱਧਰਿਤ, ਡਾ. ਮਨਮੋਹਨ ਸਿੰਘ, **ਭਗਤੀ ਸਿਧਾਂਤ ਆਧਾਰ ਸ੍ਰੋਤ,** ਪੰਨਾ-2-3.

16 ਉਹੀ, ਪੰਨਾ-4-5.

17 ਉਹੀ, ਪੰਨਾ-5.

18 **ਸ੍ਰੀਮਦ ਭਗਵਤ ਪੁਰਾਨ,** ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2004, ਪੰਨਾ-2.

19 ਰਾਮਧਾਰੀ ਸਿੰਘ ਦਿਨਕਰ, **ਸਭਿਆਚਾਰ ਦੇ ਚਾਰ ਅਧਿਆਇ,** ਪੰਨਾ-426.

20 ਉਹੀ, ਪੰਨਾ-122.

21 m¼jr] Mk¡- /hjsUnzdqekj flag] **czkã.k&xazaUFkksa esa izfrfcEfcr lekt ,oa laLd`fr**] isueSu ifCy'kIZ] fnYyh] 1990 i`- 252-

22 ਰਾਮਧਾਰੀ ਸਿੰਘ ਦਿਨਕਰ, **ਸਭਿਆਚਾਰ ਦੇ ਚਾਰ ਅਧਿਆਇ,** ਪੰਨਾ-126.

23 ਉਹੀ, ਪੰਨਾ-121.

24 ਡਾ. ਭਗਤ ਸਿੰਘ ਵੇਦੀ, **ਮੱਧਕਾਲੀਨ ਭਗਤੀ ਕਾਵਿ ਦੀ ਭੂਮਿਕਾ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990, ਪੰਨਾ-40.

25 They often call in a brahmana or pujari to function in their stead or to assist. Person of high rank, especially king, had their spiritual adviser, the purohita; for the gods, it is said, do not eat the food of a king who has no purohita. James Hastings (ed.), **Encyclopaedia of Religion and Ethics,** T.&T. Clark, New York, 1967, Vol. XII, p. 796.

26 ਡਾ. ਭਗਤ ਸਿੰਘ ਵੇਦੀ, **ਮੱਧਕਾਲੀਨ ਭਗਤੀ ਕਾਵਿ ਦੀ ਭੂਮਿਕਾ,** ਪੰਨਾ-42.

27 ਆਰ.ਡੀ. ਨਿਰਾਕਾਰੀ, **ਵੈਦਿਕ ਸ਼ਾਸਤਰ,** ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005, ਪੰਨਾ-129.130.

28 ਸ੍ਰੀ ਸਵਾਮੀ ਕਿਸ਼ੋਰੀ ਦਾਸ ਕ੍ਰਿਸ਼ਨ ਦਾਸ, **ਸ੍ਰੀਮਦ ਭਗਵਤ ਗੀਤਾ,** ਪੰਨਾ-63.

29 ਰਾਮਧਾਰੀ ਸਿੰਘ ਦਿਨਕਰ, **ਸਭਿਆਚਾਰ ਦੇ ਚਾਰ ਅਧਿਆਇ,** ਪੰਨਾ-435-436.

30 ਡਾ. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵ ਕੋਸ਼,** (ਭਾਗ ਦੂਜਾ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ-319.

31 ਉਹੀ, ਪੰਨਾ-320.

32 ਰਾਮਧਾਰੀ ਸਿੰਘ ਦਿਨਕਰ, **ਸਭਿਆਚਾਰ ਦੇ ਚਾਰ ਅਧਿਆਇ,** ਪੰਨਾ-441.

33 ਉਹੀ, ਪੰਨਾ-441.

34 ਉਹੀ, ਪੰਨਾ-430,431.

35 ਉਹੀ, ਪੰਨਾ-436-437.

36 ਭਾਈ ਕਾਨ੍ਹ ਸਿੰਘ ਨਾਭਾ, **ਮਹਾਨ ਕੋਸ਼**, ਭਾਸ਼ਾ ਵਿਭਾਗ, ਪੰਜਾਬ, 1999, ਪੰਨਾ-1036.

37 Mk¡- gtkjhizlkn f}osnh] **ukFk laiznk;]** uSos| fudsru] okjk.kklh] frFkhghu] i`- 1

38 Jh ij'kqjke prqosZnh] **lUr lkfgR; dh Hkwfedk**] fgUnh izpkj lHkk] gSnjkckn] 1960] i` 21-

39 ਡਾ. ਮਹਿੰਦਰ ਕੌਰ ਗਿੱਲ, ਖੋਜ ਪਤ੍ਰਿਕਾ (ਪੰਜਾਬੀ ਸਭਿਆਚਾਰ ਵਿਸ਼ੇਸ਼ ਅੰਕ, 34), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ-52.

40 ihrkEcjnÙk cMFoky] **fgUnh dkO; esa fuxqZ.k laiznk;]** Jh ij'kqjke prqosZnh (vuq-)] M¡k- HkkxhjFk feJ (laik-) vo/ ifCyf'kax gkml] y[kuÅ] frfFkghu] i`- 82&83-

41 ਭਾਈ ਰੇ ਗੁਰ ਬਿਨੁ ਭਗਤਿ ਨ ਹੋਇ॥ ਬਿਨ ਗੁਰ ਭਗਤਿ ਨ ਪਾਈਐ ਜੇ ਲੋਚੈ ਸਭੁ ਕੋਇ॥੧॥ਰਹਾਉ॥...

ਭਾਈ ਰੇ ਭਗਤਿਹੀਣੁ ਕਾਹੇ ਜਗਿ ਆਇਆ॥ ਪੂਰੇ ਗੁਰ ਕੀ ਸੇਵ ਨ ਕੀਨੀ ਬਿਰਥਾ ਜਨਮੁ ਗਵਾਇਆ॥੧॥ਰਹਾਉ॥ (ਸਿਰੀਰਾਗੁ, ਮਹਲਾ 3, ਪੰਨਾ-31-32)

42 ਡਾ. ਮਨਮੋਹਨ ਸਿੰਘ, **ਦਾਰਸ਼ਨਿਕ ਨਿਬੰਧ,** ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ, 1991, ਪੰਨਾ-102.

43 ਡਾ. ਮਨਮੋਹਨ ਸਿੰਘ, **ਭਗਤੀ ਸਿਧਾਂਤ ਦੇ ਆਧਾਰ ਸ੍ਰੋਤ**, ਪੰਨਾ 17.

44 ਡਾ. ਮਨਮੋਹਨ ਸਹਿਗਲ, **ਗੁਰੂ ਗ੍ਰੰਥ ਸਾਹਿਬ: ਇਕ ਸਭਿਆਚਾਰਕ ਸਰਵੇਖਣ**, ਭਾਸ਼ਾ ਵਿਭਾਗ ਪੰਜਾਬ, 1987, ਪੰਨਾ 511.

45 ਡਾ. ਰਤਨ ਸਿੰਘ ਜੱਗੀ, **ਖੋਜ-ਪਤ੍ਰਿਕਾ (ਬਾਣੀਕਾਰ ਵਿਸ਼ੇਸ਼ ਅੰਕ)**, ਡਾ. ਅੰਮ੍ਰਿਤਪਾਲ ਕੌਰ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003, ਪੰਨਾ 111.

46 ਡਾ. ਪਾਰਸਨਾਥ ਤਿਵਾਰੀ, **ਕਬੀਰ,** ਈਸ਼ਰ ਸਿੰਘ ਅਟਾਰੀ (ਅਨੁ.), ਨੈਸ਼ਨਲ ਬੁੱਕ ਟਰਸਟ, ਇੰਡੀਆ, 1999, ਪੰਨਾ 15.

47 ਹਜ਼ਾਰੀ ਪ੍ਰਸ਼ਾਦ ਦਿਵੇਦੀ, **ਕਬੀਰ**, ਪੰਨਾ 179.

48 ਡਾ. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਦੂਜਾ)**, ਪੰਨਾ 178-79.

49 ਮੈਕਸ ਆਰਥਰ ਮੈਕਾਲਿਫ਼, **ਸਿੱਖ ਧਰਮ, ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਤੇ ਰਚਨਾਕਾਰ (ਜਿਲਦ ਛੇਵੀਂ),** ਡਾ. ਧਰਮ ਸਿੰਘ (ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ 17.

50 ਡਾ. ਰਤਨ ਸਿੰਘ ਜੱਗੀ, **ਪੰਜਾਬੀ ਸਾਹਿਤ ਸੰਦਰਭ ਕੋਸ਼**, ਪੰਜਾਬੀ ਯੂਨੀਵਰਸਿਟੀ, ਪਟਿਆਲਾ 1994, ਪੰਨਾ 536.

51 ਨਿਰਭੈ ਸਿੰਘ, **ਮੱਧਕਾਲੀ ਭਗਤਾਂ ਦਾ ਭਾਰਤੀ ਦਰਸ਼ਨ 'ਚ ਯੋਗਦਾਨ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰਨਾ-85.

52 ਉਹੀ, ਪੰਨਾ 86.

53 ਮੈਕਸ ਆਰਥਰ ਮੈਕਾਲਿਫ਼, **ਸਿੱਖ ਧਰਮ, ਗੁਰ ਸਾਹਿਬਾਨ, ਪਵਿੱਤਰ ਰਚਨਾਵਾਂ ਤੇ ਰਚਨਾਕਾਰ (ਜਿਲਦ ਛੇਵੀਂ)**, ਪੰਨਾ 33.

54 ਪ੍ਰੋ. ਬ੍ਰਹਮਜਗਦੀਸ਼, **ਭਗਤ ਸ਼ਿਰੋਮਈ ਰਵਿਦਾਸ**, ਵਾਰਿਸਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1999, ਪੰਨਾ 37.

55 ਡਾ. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਦੂਜਾ)**, ਪੰਨਾ 421.

56 ਪ੍ਰੋ. ਬ੍ਰਹਮਜਗਦੀਸ਼ ਸਿੰਘ, **ਭਗਤ ਸ਼ਿਰੋਮਣੀ ਰਵਿਦਾਸ,** ਪੰਨਾ 14.

57 ਡਾ. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵ ਕੋਸ਼ (ਭਾਗ ਦੂਜਾ)**, ਪੰਨਾ 262.

58 ਗਿਆਨੀ ਪ੍ਰਤਾਪ ਸਿੰਘ, **ਭਗਤ ਦਰਸ਼ਨ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003, ਪੰਨਾ 163.

59 ਉਹੀ, ਪੰਨਾ-163.

60 ਡਾ. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਦੂਜਾ)**, ਪੰਨਾ 262.

61 ਉਹੀ, ਪੰਨਾ 262-263.

62 ਗਿਆਨੀ ਪ੍ਰਤਾਪ ਸਿੰਘ, **ਭਗਤ ਦਰਸ਼ਨ**, ਪੰਨਾ 165.

63 ਮੈਕਸ ਆਰਥਰ ਮੈਕਾਲਿਫ਼, **ਸਿੱਖ ਧਰਮ, ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਤੇ ਰਚਨਾਕਾਰ (ਜਿਲਦ ਛੇਵੀਂ),** ਪੰਨਾ 34.

64 ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼,** ਪੰਨਾ 609.

65 ਗੁਰਮੇਲ ਸਿੰਘ, **ਖੋਜ ਪਤ੍ਰਿਕਾ (ਬਾਣੀਕਾਰ ਵਿਸ਼ੇਸ਼ ਅੰਕ)**, ਪੰਨਾ 117.

66 ਮੈਕਸ ਆਰਥਰ ਮੈਕਾਲਿਫ਼, **ਸਿੱਖ ਧਰਮ, ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਤੇ ਰਚਨਾਕਾਰ,** ਪੰਨਾ-34-35.

67 ਅਮਰ ਸਿੰਘ ਚਾਕਰ (ਸੰਪਾ.), ਵਾਰਾਂ **ਭਾਈ ਗੁਰਦਾਸ**, ਸ੍ਰੋ. ਗੁ. ਪ੍ਰੰ. ਕਮੇਟੀ, ਅੰਮ੍ਰਿਤਸਰ, 2008, ਪੰਨਾ 109.

68 ਉਹੀ, ਪੰਨਾ 108.

69 ਮੈਕਸ ਆਰਥਰ ਮੈਕਾਲਿਫ਼, **ਸਿੱਖ ਧਰਮ, ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਤੇ ਰਚਨਾਕਾਰ,** ਪੰਨਾ-5.

70 ਡਾ. ਰਤਨ ਸਿੰਘ ਜੱਗੀ, **ਪੰਜਾਬੀ ਸਾਹਿਤ ਸੰਦਰਭ ਕੋਸ਼**, ਪੰਨਾ-446.

71 ਮੈਕਸ ਆਰਥਰ ਮੈਕਾਲਿਫ, **ਸਿੱਖ ਧਰਮ, ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਤੇ ਰਚਨਾਕਾਰ,** ਪੰਨਾ-6-7.

72 ਉਹੀ, ਪੰਨਾ-8.

73 ਉਹੀ, ਪੰਨਾ-130.

74 ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼,** ਪੰਨਾ-918.

75 ਮੈਕਸ ਆਰਥਰ ਮੈਕਾਲਿਫ਼, **ਸਿੱਖ ਧਰਮ, ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਤੇ ਰਚਨਾਕਾਰ (ਜਿਲਦ ਛੇਵੀਂ)**,, ਪੰਨਾ-131.

76 ਡਾ. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ-ਦੁਜਾ)**, ਪੰਨਾ-340.

77 ਮੈਕਸ ਆਰਥਰ ਮੈਕਾਲਿਫ਼, **ਸਿੱਖ ਧਰਮ, ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਤੇ ਰਚਨਾਕਾਰ (ਜਿਲਦ ਛੇਵੀਂ)**, ਪੰਨਾ-37.

78 ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼**, ਪੰਨਾ-748.

79 ਗੁਰੂ ਗ੍ਰੰਥ ਵਿਸ਼ਵ ਕੋਸ਼ (ਭਾਗ-ਦੂਜਾ), ਪੰਨਾ-210.

80 ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼,** ਪੰਨਾ-229.

81 ਡਾ. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵਕੋਸ਼,** ਪੰਨਾ-219.

82 ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼,** ਪੰਨਾ-773.

83 ਮੈਕਸ ਆਰਥਰ ਮੈਕਾਲਿਫ਼, **ਸਿੱਖ ਧਰਮ,** ਗੁਰੂ ਸਾਹਿਬਾਨ ਪਵਿੱਤਰ ਰਚਨਾਵਾਂ ਅਤੇ ਰਚਨਾਕਾਰ, ਪੰਨਾ-59-60.

84 ਡਾ. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ-ਪਹਿਲਾ)**, ਪੰਨਾ-143.

85 ਮੈਕਸ ਆਰਥਰ ਮੈਕਾਲਿਫ਼, **ਸਿੱਖ ਧਰਮ, ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਅਤੇ ਰਚਨਾਕਾਰ,** ਪੰਨਾ-39.

86 ਉਹੀ, ਪੰਨਾ-40.

87 ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼**, ਪੰਨਾ-1036.

88 ਮੈਕਸ ਆਰਥਰ ਮੈਕਾਲਿਫ਼, **ਸਿੱਖ ਧਰਮ, ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਤੇ ਰਚਨਾਕਾਰ (ਜਿਲਦ ਛੇਵੀਂ)**, ਪੰਨਾ-49.

89 ਗਿਆਨੀ ਪ੍ਰਤਾਪ ਸਿੰਘ, **ਭਗਤ ਦਰਸ਼ਨ**, ਪੰਨਾ–104.

90 **ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼,** (ਭਾਗ–ਦੂਜਾ), ਪੰਨਾ–454.

91 ਗਿਆਨ ਪ੍ਰਤਾਪ ਸਿੰਘ, **ਭਗਤ ਦਰਸ਼ਨ,** ਪੰਨਾ–108.

92 ਡਾ. ਰਤਨ ਸਿੰਘ ਜੱਗੀ, **ਸ੍ਰੀ ਗੁਰੂ ਗ੍ਰੰਥ ਵਿਸ਼ਵ ਕੋਸ਼, (ਭਾਗ ਦੂਜਾ),** ਪੰਨਾ–455.

93 ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼**, ਪੰਨਾ–225.

# ਅਧਿਆਇ ਚੌਥਾ

# ਭਗਤ ਬਾਣੀ ਵਿਚ ਸਮਾਜ ਦਾ ਸਰੂਪ

ਸਮਾਜ ਵਿਚ ਬੱਝ ਕੇ ਰਹਿਣਾ ਮਨੁੱਖ ਦੇ ਜਿਉਣ ਦੀ ਮੁੱਢਲੀ ਸ਼ਰਤ ਹੈ। ਸਮਾਜ ਇਕ ਅਜਿਹਾ ਨਿਯਮ-ਪ੍ਰਬੰਧ ਹੈ ਜਿਸਦੇ ਸਾਰੇ ਕਾਰਜ ਸਮਾਜਕ ਇਕਾਈਆਂ ਅਤੇ ਸਮਾਜਕ ਸੰਸਥਾਵਾਂ ਵਿਚ ਵੰਡ ਕੇ ਚਲਦੇ ਹਨ ਸਮਾਜ ਦੀਆਂ ਸੰਸਥਾਵਾਂ ਆਪਸ ਵਿਚ ਇਸ ਤਰ੍ਹਾਂ ਸਬੰਧਿਤ ਹੁੰਦੀਆਂ ਹਨ ਕਿ ਇਹਨਾਂ ਨੂੰ ਕਿਸੇ ਨਿਸ਼ਚਿਤ ਤੇ ਬਿਲਕੁਲ ਵੱਖਰੇ ਚੌਖਟੇ ਵਿਚ ਰੱਖ ਕੇ ਨਹੀਂ ਵਿਚਾਰਿਆ ਜਾ ਸਕਦਾ।ਸਮਾਜਕ ਸੰਸਥਾਵਾਂ ਵਿਚ ਵਿਆਹ, ਸਿੱਖਿਆ, ਸੰਪਤੀ, ਕਾਨੂੰਨ, ਰਾਜ ਅਤੇ ਧਰਮ ਵਰਗੇ ਪੱਖ ਸ਼ਾਮਿਲ ਹੁੰਦੇ ਹਨ।

ਧਰਮ ਇਕ ਅਜਿਹੀ ਪ੍ਰਾਚੀਨ ਸੰਸਥਾ ਹੈ ਜੋ ਸਮਾਜ ਦੇ ਹਰ ਪੜਾਅ 'ਤੇ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਆਖੀ ਜਾ ਸਕਦੀ ਹੈ। ਧਰਮ ਦੇ ਅਧੀਨ ਅਸੀਮ ਸ਼ਕਤੀਆਂ ਦੇ ਮਾਲਕ 'ਰੱਬ' ਦਾ ਸੰਕਲਪ ਘੜਿਆ ਗਿਆ ਜਿਸਦਾ ਸਰੂਪ ਸਮਾਜ ਦੇ ਮੁੱਢਲੇ ਸੰਗਠਨਾਂ, ਸਮੁਦਾਇ, ਕਬੀਲੇ ਆਦਿ ਤੋਂ ਲੈ ਕੇ ਹੌਲੀ-ਹੌਲੀ ਬਦਲਦਾ ਰਿਹਾ ਹੈ। "ਰੱਬੀ-ਗਿਆਨ ਨਾ ਕੇਵਲ ਇਨਸਾਨੀ ਨਸਲਾਂ ਤੇ ਕੌਮਾਂ ਰਾਹੀਂ ਸਨੇ-ਸਨੇ ਤਰੱਕੀ ਕਰਦਾ ਹੈ, ਸਗੋਂ ਹਰ ਇਕ ਆਦਮੀ ਦੇ ਆਪਣੇ ਦਿਮਾਗ ਵਿਚ ਵੀ ਅਕਾਲ ਪੁਰਖ ਦਾ ਨਿਸਚਾ ਕਈਆਂ ਅਵਸਥਾਵਾਂ ਵਿਚੋਂ ਦੀ ਲੰਘਦਾ ਹੈ। ਇਸ ਨਿਸਚੇ ਉੱਤੇ ਮਨੁੱਖ ਦੇ ਚੁਗਿਰਦੇ ਦਾ ਭੀ ਬਹੁਤ ਅਸਰ ਹੈ। ਰਾਜਸੀ, ਸਮਾਜੀ ਤੇ ਮਾਇਕ ਹਲਾਤ ਬੜਾ ਪ੍ਰਭਾਵ ਰੱਖਦੇ ਹਨ। ਧਾਰਮਿਕ, ਸਦਾਚਾਰਕ ਤੇ ਵਿਗਿਆਨਕ ਦ੍ਰਿਸ਼ਟੀਕੋਣ ਵੀ ਇਸ ਨਿਸਚੇ ਨੂੰ ਸੁਆਰਦੇ-ਵਿਗਾੜਦੇ ਹਨ। ਸਾਰੇ ਕਾਰਨਾਂ ਕਰਕੇ ਮਨੁੱਖ ਰੱਬ ਨੂੰ ਭਿੰਨ-ਭਿੰਨ ਹਲਾਤਾਂ ਵਿਚ ਅਤੇ ਭਿੰਨ-ਭਿੰਨ ਗੁਣਾਂ ਨਾਲ ਯਾਦ ਕਰਦਾ ਹੈ।"[1]

ਭਾਰਤੀ ਸਮਾਜ ਵਿਚ ਰਹਿਣ ਵਾਲੀ ਮਨੁੱਖਤਾ ਆਦਿ ਕਾਲ ਤੋਂ ਹੀ ਵਿਭਿੰਨ ਬਾਹਰੀ ਜਾਤੀਆਂ ਦੇ ਹਮਲਿਆਂ ਦਾ ਸ਼ਿਕਾਰ ਹੁੰਦੀ ਰਹੀ ਹੈ। ਭਾਵੇਂ ਕਿ ਭਾਰਤੀ ਸਭਿਆਚਾਰ ਬਾਹਰੀ ਜਾਤੀਆਂ ਦੇ ਸਭਿਆਚਾਰਾਂ ਦਾ ਭਾਰਤੀਕਰਨ ਕਰਕੇ ਆਪਣੇ ਵਿਚ ਸਮੋ ਲੈਣ ਦਾ ਗੁਣ ਵੀ ਰੱਖਦਾ ਹੈ ਪਰੰਤੂ ਇਕ ਵਾਰ ਹਰ ਜਾਤੀ ਦੇ ਹਮਲੇ ਨਾਲ ਭਾਰਤ ਦੀਆਂ ਸਮਾਜਕ, ਧਾਰਮਿਕ, ਰਾਜਨੀਤਕ, ਆਰਥਿਕ ਸੰਸਥਾਵਾਂ ਵਿਚ ਉਥਲ-ਪੁਥਲ ਅਤੇ ਹਫੜਾਦਫੜੀ ਨੂੰ ਨਕਾਰਿਆ ਨਹੀਂ ਜਾ ਸਕਦਾ, ਉਹ ਉਥਲ-ਪੁਥਲ ਜਿਸ ਉੱਤੇ ਭਾਰਤੀ ਸਮਾਜ ਦੀ ਭਵਿੱਖਤ ਤਸਵੀਰ ਨੇ ਬਣਨਾ ਹੁੰਦਾ ਸੀ। ਕੁਦਰਤੀ ਹੈ ਅੰਦਰੂਨੀ ਅਤੇ ਬਾਹਰੀ ਹਮਲਿਆਂ ਵਿਚੋਂ ਗੁਜ਼ਰਦੇ ਭਾਰਤੀ ਸਮਾਜ ਦੀ ਸਮਕਾਲੀ ਤੇ ਭਵਿੱਖਤ ਤਸਵੀਰ ਨੂੰ ਇਸ ਸਮਾਜ ਵਿਚ ਪੈਦਾ ਹੋਣ ਵਾਲਾ ਭਗਤ-ਬੁੱਧੀ ਵਰਗ ਸਮੇਂ ਸਮੇਂ ਭਾਂਪਦਾ ਰਿਹਾ ਹੈ। ਭਾਵੇਂ ਕਿ ਭਗਤ-ਬੁੱਧੀ ਵਰਗ ਦਾ ਮੂਲ ਮਨੋਰਥ ਅਧਿਆਤਮਕ ਜੀਵਨ ਅਤੇ ਪ੍ਰਭੂ-ਪ੍ਰੇਮ ਦੇ ਰੰਗ

ਵਿਚ ਰੰਗਿਆ ਹੋਇਆ ਸੀ ਪਰ ਆਪਣੇ ਆਲੇ-ਦੁਆਲੇ ਤੋਂ ਇਹ ਲੋਕ ਕਦੇ ਅਵੇਸਲੇ ਨਹੀਂ ਸਨ ਕਿਉਂਕਿ ਵਿਹਾਰਕ ਜੀਵਨ ਹੀ ਅਧਿਆਤਮਕ ਜੀਵਨ ਦੀ ਨੀਂਹ ਹੁੰਦਾ ਹੈ।

ਭਗਤੀ-ਮਤ ਇਕ ਲਹਿਰ ਦੇ ਰੂਪ ਵਿਚ 11ਵੀਂ, 12ਵੀਂ, 13ਵੀਂ ਸਦੀ ਵਿਚ ਦੱਖਣ ਤੋਂ ਉੱਤਰ ਵੱਲ ਅਤੇ ਉੱਤਰ ਤੋਂ ਪੂਰੇ ਭਾਰਤੀ-ਸਮਾਜ ਵਿਚ ਆਪਣੀਆਂ ਨਵੀਨ ਵਿਚਾਰਧਾਰਾਵਾਂ, ਉਪਦੇਸ਼ਾਂ ਤੇ ਮਨੋਰਥਾਂ ਨੂੰ ਸਮਾਜ ਦੇ ਦਰਪੇਸ਼ ਕਰਦਾ ਹੈ। ਭਗਤੀ-ਮਤ, ਭਗਤੀ-ਲਹਿਰ ਤੱਕ ਪਹੁੰਚਦੇ ਪਹੁੰਚਦੇ ਕਈ ਵਿਚਾਰਧਾਰਾਵਾਂ ਵਿਚੋਂ ਗੁਜ਼ਰ ਚੁੱਕਿਆ ਸੀ। ਮੱਧਕਾਲ ਵਿਚ ਪੁੱਜਕੇ ਭਗਤੀ-ਧਾਰਾ 'ਨਿਰਗੁਣ' ਅਤੇ 'ਸਰਗੁਣ' ਦੋ ਧਾਰਾਵਾਂ ਵਿਚ ਵਹਿਣ ਲੱਗੀ ਪਰੰਤੂ 'ਨਿਰਗੁਣ ਭਗਤੀ' ਦੇ ਵਹਿਣ ਨੇ ਸਮਕਾਲੀ ਸਮਾਜ ਵਿਚ ਵਾਧੂ ਦੇ ਧਾਰਮਿਕ ਆਡੰਬਰਾਂ ਅਤੇ ਫੋਕੀਆਂ ਹੋ ਚੁੱਕੀਆਂ ਸਭਿਆਚਾਰਕ ਰੂੜ੍ਹੀਆਂ ਨੂੰ ਵਹਾ ਦੇਣ ਵਾਲੇ ਉਦੇਸ਼ਾਂ ਕਾਰਨ ਭਾਰਤੀ ਸਮਾਜ ਦਾ ਧਿਆਨ ਆਪਣੇ ਵੱਲ ਖਿੱਚਿਆ। 'ਨਿਰਗੁਣ ਭਗਤੀ' ਅਧੀਨ ਲੈਸ ਨਵੀਨ ਵਿਚਾਰਾਂ, ਅਮਲਾਂ ਵਾਲੇ ਭਗਤਾਂ, ਸੰਤਾਂ ਨੇ ਜਾਤ-ਪਾਤ, ਆਸ਼ਰਮ ਵਿਵਸਥਾ, ਬਹੁ-ਦੇਵਤਾਵਾਦ, ਮੂਰਤੀ-ਪੂਜਾ, ਅਵਤਾਰਵਾਦ ਅਤੇ ਹੋਰ ਵਾਧੂ ਦੇ ਕਰਮ-ਕਾਂਡਾ ਦਾ ਵਿਰੋਧ ਕਰਦੇ ਹੋਏ ਨਿਰਅਕਾਰ, ਅਗੰਮ, ਅਲਖ, ਅਗੋਚਰ ਗੁਣਾਂ ਵਾਲੇ ਬ੍ਰਹਮ ਦਾ ਅਹਿਸਾਸ ਲੋਕ-ਮਨਾਂ ਵਿਚ ਭਰਿਆ। ਇਸੇ ਕਾਰਨ ਹੀ ਮੱਧਕਾਲ ਵਿਚ 'ਨਿਰਗੁਣ ਭਗਤੀ' ਦੇ ਨਾਮ ਨਾਲ ਜਾਣੀ ਜਾਣ ਵਾਲੀ ਭਗਤੀ ਧਾਰਾ ਦਾ 'ਗੁਰਮਤਿ ਭਗਤੀ' ਵਿਚ ਸਮਾਵੇਸ਼ 'ਨਿਰਗੁਣ ਭਗਤੀ' ਦੀ ਸਿਖਰਲੀ ਮੰਜ਼ਿਲ ਹੋ ਨਿਬੜਦਾ ਹੈ। ਡਾ. ਮਨਮੋਹਨ ਸਹਿਗਲ ਦੇ ਸ਼ਬਦਾਂ ਵਿਚ ਆਖਿਆ ਜਾ ਸਕਦਾ ਹੈ ਕਿ "ਮੱਧਕਾਲੀ ਸੰਤ-ਮਹਾਤਮਾ ਅਤੇ ਪੰਜਾਬ ਦੀ ਗੁਰੂ ਪਰੰਪਰਾ ਵਿਚਾਰਧਾਰਾ ਦੇ ਖੇਤਰ ਵਿਚ ਇਕੋ ਸਮੇਂ ਇਨਕਲਾਬੀ ਵੀ ਸੀ, ਅਤੇ ਸਮਨਵੈਵਾਦੀ ਵੀ, ਉਹ ਵਿਦਰੋਹੀ ਵੀ ਸਨ ਅਤੇ ਸੁਧਾਰਕ ਵੀ। ਇਸ ਲਈ ਇਨ੍ਹਾਂ ਸਾਰਿਆਂ ਦੀਆਂ ਵਿਚਾਰ ਪਰੰਪਰਾਵਾਂ ਤੋਂ ਉਗਮਣ ਵਾਲੇ ਵੱਖੋ-ਵੱਖਰੇ ਮਤ-ਮਤਾਂਤਰਾਂ ਨੂੰ ਗੁਰੂ ਗ੍ਰੰਥ ਸਾਹਿਬ ਰਾਹੀਂ ਗੁਰੂ ਅਰਜਨ ਦੇਵ ਜੀ ਨੇ ਇਕੋ ਸਟੇਜ 'ਤੇ ਲਿਆ ਖੜਾ ਕੀਤਾ।"[2] ਸੋ ਹੱਥਲਾ ਅਧਿਆਇ 'ਭਗਤ ਬਾਣੀ ਵਿਚ ਸਮਾਜ ਦਾ ਸਰੂਪ' ਦੇ ਅਧਿਐਨ ਨੂੰ ਸਮਾਜਕ ਸੰਸਥਾਵਾਂ, ਧਾਰਮਿਕ ਸੰਸਥਾਵਾਂ, ਰਾਜਨੀਤਕ ਸੰਸਥਾਵਾਂ ਅਤੇ ਆਰਥਿਕ ਸੰਸਥਾਵਾਂ ਵਿਚ ਵੰਡਕੇ ਅਧਿਐਨ ਕਰਨ ਦੇ ਯਤਨ ਕੀਤੇ ਜਾਣਗੇ। ਭਾਵੇਂ ਕਿ ਇਨ੍ਹਾਂ ਸੰਸਥਾਵਾਂ ਨੂੰ ਨਿਰੋਲ ਹੀ ਇਕ ਦੂਜੇ ਤੋਂ ਨਿਖੇੜ ਕੇ ਤਾਂ ਨਹੀਂ ਦੇਖਿਆ ਜਾ ਸਕਦਾ ਪਰੰਤੂ ਅਧਿਐਨ ਦੀ ਸੌਖ ਅਤੇ ਸਪਸ਼ਟਤਾ ਲਈ ਅਜਿਹਾ ਕੀਤਾ ਜਾਣਾ ਵੀ ਲਾਜ਼ਮੀ ਹੈ।

## ਸਮਾਜਕ ਸੰਸਥਾਵਾਂ

**ਵਰਨ ਵਿਵਸਥਾ** : ਹਜ਼ਾਰੀ ਪ੍ਰਸਾਦ ਦਿਵੇਦੀ ਨੇ ਹਿੰਦੂ ਪੁਰਾਣਾਂ ਅਤੇ ਧਰਮ-ਗ੍ਰੰਥਾਂ ਅਨੁਸਾਰ ਕਿਸੇ ਵੀ ਨਵੀਂ ਜਾਤ ਦੀ ਉਤਪਤੀ ਦੇ ਪੰਜ ਕਾਰਨ ਦੱਸੇ ਹਨ :

1. ਉੱਚੀ ਜਾਤੀ ਦੇ ਮਰਦ ਦਾ ਨਿਮਨ ਵਰਣ ਦੀ ਇਸਤ੍ਰੀ ਨਾਲ ਵਿਆਹ ਕਾਰਣ।
2. ਨੀਚ ਜਾਤੀ ਦੇ ਮਰਦ ਦਾ ਨਿਮਨ ਵਰਣ ਦੀ ਇਸਤ੍ਰੀ ਨਾਲ ਵਿਆਹ ਕਾਰਣ।
3. ਜਾਤੀਆਂ ਦੀ ਸੰਸਕਾਰ-ਭ੍ਰਿਸ਼ਟਤਾ ਦੇ ਕਾਰਣ।
4. ਜਾਤੀਆਂ ਤੋਂ ਛੇਕੇ ਵਰਗ ਤੋਂ ਅਤੇ
5. ਵੱਖ ਵੱਖ ਦੋਗਲੀਆਂ ਜਾਤੀਆਂ ਦੇ ਅੰਤਰ-ਵਿਆਹ ਰਾਹੀਂ।"[3]

ਜੇਕਰ ਮੱਧਕਾਲੀ ਸਮਾਜ ਦੀ ਵਰਨ ਵਿਵਸਥਾ ਦੇ ਪਿਛੋਕੜ ਨੂੰ ਦੇਖੀਏ ਤਾਂ ਇਸ ਦੀਆਂ ਜੜ੍ਹਾਂ ਵੇਦਾਂ ਵਿਚ ਹੀ ਦਿਖਾਈ ਦਿੰਦੀਆਂ ਹਨ। ਵੇਦਾਂ ਵਿਚ "ਇਕੋ ਪਰਜਾਪਤੀ ਬ੍ਰਹਮਾ ਦੇ ਵੱਖੋ ਵੱਖਰੇ ਅੰਗਾਂ ਤੋਂ ਬ੍ਰਾਹਮਣ, ਖਤਰੀ, ਵੈਸ਼, ਅਤੇ ਸ਼ੂਦਰ ਆਦਿ ਵਰਣਾਂ ਦੀ ਉਤਪਤੀ ਪਰਵਾਨ ਕੀਤੀ ਗਈ ਸੀ।"[4] ਪਰੰਤੂ ਵੇਦਾਂ ਤੋਂ ਬਾਅਦ ਇਹ ਵਿਵਸਥਾ ਆਪਣਾ ਕੱਟੜਤਾ ਵਾਲਾ ਰੂਪ ਅਖ਼ਤਿਆਰ ਕਰ ਲੈਂਦੀ ਹੈ।

ਭਗਵਤ ਗੀਤਾ ਵਿਚ ਅਰਜਨ ਆਪਣੀ ਕੁਲ ਦੇ ਖਤਮ ਹੋਣ ਦਾ ਖਦਸਾ ਪ੍ਰਗਟਾਉਂਦਾ ਹੈ ਕਿ "ਹੇ ਜਨਾਰਧਨ! ਕੁਲ ਦਾ ਨਾਸ਼ ਕਰਨ ਨਾਲ ਕੁਲ ਦੇ ਜੋ ਪੁਰਾਤਨ ਕਰਮ ਚੱਲੇ ਆਉਂਦੇ ਹਨ ਉਨ੍ਹਾਂ ਦਾ ਵੀ ਨਾਸ਼ ਹੋ ਜਾਂਦਾ ਹੈ। ਕੁਲ ਧਰਮ ਦੇ ਨਸ਼ਟ ਹੋਣ ਨਾਲ ਕੁਲ ਦੀਆਂ ਇਸਤ੍ਰੀਆਂ ਆਚਰਣਹੀਣ ਹੋ ਜਾਂਦੀਆਂ ਹਨ, ਉਨ੍ਹਾਂ ਇਸਤ੍ਰੀਆਂ ਤੋਂ ਵਰਨ ਸੰਕਰ ਸੰਤਾਨ ਪੈਦਾ ਹੁੰਦੀ ਹੈ। ਬਰਨ ਸੰਕਰ ਭਾਵ ਪਰਾਏ ਪੁਰਸ਼ਾਂ ਦੀ ਸੰਤਾਨ। ਜਦੋਂ ਵਰਨ ਸੰਕਰ ਸੰਤਾਨ ਹੋਈ ਤਾਂ ਪਿੰਡ ਅਤੇ ਜਲ ਪਿਤਰਾਂ ਨੂੰ ਪਹੁੰਚਣ ਤੋਂ ਰਹਿ ਗਿਆ ਅਤੇ ਪਿਤਰ ਸਵਰਗ ਤੋਂ ਡਿੱਗ ਪੈਣਗੇ।"[5]

ਮੱਧਕਾਲੀ ਸਮਾਜ ਦੀ ਵਰਨ-ਵਿਵਸਥਾ ਦਾ ਰੂਪ ਹੋਰ ਵੀ ਸੁੰਗੜਦਾ ਦਿਖਾਈ ਦਿੰਦਾ ਹੈ। ਹਰ ਇਕ ਵਰਨ ਅੱਗੋਂ ਕਈ ਜਾਤੀਆਂ ਵਿਚ ਵੰਡਦਾ ਚਲਿਆ ਗਿਆ ਜਿਸ ਨਾਲ ਸਭ ਤਰ੍ਹਾਂ ਦੇ ਜਾਤਾਂ ਦੀਆਂ ਮਾਨਤਾਵਾਂ ਤੇ ਰਸਮ ਰਿਵਾਜ਼ ਵੀ ਆਪੋ ਆਪਣੀਆਂ ਜਾਤਾਂ ਦੇ ਖੋਲ ਤਕ ਹੀ ਸੁੰਗੜ ਕੇ ਰਹਿ ਗਏ। ਇਨ੍ਹਾਂ ਜਾਤਾਂ ਦੇ ਲੋਕ ਆਪੋ-ਆਪਣੀ ਵਰਨ ਵਿਵਸਥਾ ਤੋਂ ਤੰਗ ਆਉਣ ਲੱਗੇ ਅਤੇ ਇਨ੍ਹਾਂ ਲੋਕਾਂ ਦੀ ਆਰਥਿਕ ਹਾਲਤ ਤਾਂ ਗਿਰ ਹੀ ਚੁੱਕੀ ਸੀ ਪਰ ਧਾਰਮਿਕ ਸਥਾਨਾਂ, ਕਾਰਜਾਂ ਵਿਚ ਵੀ ਇਨ੍ਹਾਂ ਦੀ ਸਾਂਝੇਦਾਰੀ ਨੂੰ ਕਬੂਲ ਨਹੀਂ ਸੀ ਕੀਤਾ ਜਾਂਦਾ। ਮੱਧਕਾਲ ਦੀ ਤਾਜਾ ਸਥਿਤੀ ਕੁੱਝ ਅਜਿਹੀ ਸੀ ਦੂਸਰੇ ਪਾਸੇ ਸੱਤਾਧਾਰੀ ਮੁਸਲਿਮ ਸਮਾਜ ਦੇ ਦਬਦਬੇ ਕਾਰਨ ਉਹ ਦੋਹਰੀ ਮਾਰ ਹੇਠ

ਆ ਚੁੱਕੇ ਸਨ। ਇਕ ਪਾਸੇ ਲੋਕ ਆਪਣੇ ਆਰਥਿਕ ਫਾਇਦੇ ਲਈ ਮੁਸਲਿਮ ਧਰਮ ਅਤੇ ਸਭਿਆਚਾਰ ਨੂੰ ਅਪਣਾਉਂਦੇ ਜਾ ਰਹੇ ਸਨ ਦੂਸਰੇ ਪਾਸੇ ਮੁਸਲਿਮ ਬਣੇ ਹਿੰਦੂਆਂ ਨੂੰ ਦੁਬਾਰਾ ਹਿੰਦੂ ਧਰਮ ਵਿਚ ਪ੍ਰਵੇਸ਼ ਕਰਨ ਦੀ ਪਾਬੰਦੀ ਸੀ। ਇਸ ਦੌਰਾਨ ਅਜਿਹੇ ਹਲਾਤਾਂ ਨੂੰ ਸਥਿਰ ਕਰਨ ਦਾ ਬੀੜਾ ਸੰਤਾਂ, ਭਗਤਾਂ ਨੇ ਚੁੱਕਿਆ ਜੋ ਖ਼ੁਦ ਅਜਿਹੇ ਦਬੇ ਕੁਚਲੇ ਵਰਗ, ਜਾਤਾਂ ਵਿਚ ਪੈਦਾ ਹੋਏ ਪਰੰਤੂ ਉਨ੍ਹਾਂ ਨੇ ਇਨ੍ਹਾਂ ਹਲਾਤਾਂ ਨੂੰ ਚੁੱਪ-ਚਾਪ ਜਿਉਂਇਆ ਨਹੀਂ, ਸਗੋਂ ਤਕੜਾ ਪ੍ਰਤਿਕਰਮ ਪ੍ਰਗਟਾਉਂਦੇ ਹੋਏ, ਸਾਰੀ ਲੋਕਾਈ ਨੂੰ ਇਸ ਦਲਦਲ ਵਿਚੋਂ ਨਿਕਲਨ ਲਈ ਰਾਹ ਦਸੇਰੇ ਬਣੇ।

ਭਗਤ ਕਬੀਰ ਜੀ ਬੜੀ ਹੀ ਤਰਕਸ਼ੀਲ ਤੇ ਵਿਰੋਧੀ ਸੁਰ ਵਿਚ ਸਮੇਂ ਦੇ ਧਾਰਮਿਕ ਆਗੂਆਂ ਨੂੰ ਵੰਗਾਰਦੇ ਹਨ ਇਹੋ ਵੰਗਾਰ ਆਮ ਦਬੇ-ਕੁਚਲੇ ਲੋਕਾਂ ਲਈ ਪ੍ਰੇਰਨਾ ਤੇ ਮਾਰਗ-ਦਰਸ਼ਕ ਬਣੀ। ਉੱਚੀ ਕੁਲ, ਜਾਤ ਦੇ ਬ੍ਰਹਮਵੇਤਾ ਅਖਵਾਉਣ ਵਾਲੇ ਬ੍ਰਾਹਮਣਾਂ ਨੂੰ ਵੰਗਾਰਦੇ ਹੋਏ ਉਹ ਆਖਦੇ ਹਨ ਕਿ ਜੇ ਤੂੰ ਇਕ ਬ੍ਰਹਮਣੀ ਦਾ ਜੰਮਿਆ ਹੋਇਆ ਹੈ ਤਾਂ ਫਿਰ ਤੂੰ ਕਿਸੇ ਹੋਰ ਰਸਤੇ ਕਿਉਂ ਨਹੀਂ ਆਇਆ? ਜੇ ਸਾਡੀਆਂ ਨਾੜਾਂ ਵਿਚ ਲਹੂ ਹੈ ਤਾਂ ਕੀ ਤੇਰੀਆਂ ਨਾੜਾਂ ਵਿਚ ਦੁੱਧ ਹੈ? ਜਦੋਂ ਕਿ ਸੱਚਾਈ ਤਾਂ ਇਹ ਹੈ ਕਿ ਗਰਭਵਾਸ ਵਿਚ ਤਾਂ ਜਾਤ, ਕੁਲ ਦੀ ਕੋਈ ਸੋਝੀ ਹੀ ਨਹੀਂ ਹੁੰਦੀ। ਐ ਬ੍ਰਾਹਮਣ! ਤੈਨੂੰ ਕਾਹਦਾ ਮਾਣ ਹੈ, ਤੂੰ ਕਿਉਂ ਬ੍ਰਾਹਮਣ ਕਹਿ ਕਹਿ ਕੇ ਅਨਮੋਲ ਜੀਵਨ ਅਜਾਈਂ ਗੁਆ ਰਿਹਾ ਹੈਂ? ਜਦੋਂ ਕਿ ਪੂਰਨ ਬ੍ਰਾਹਮਣ ਤਾਂ ਉਹ ਮਨੁੱਖ ਹੈ ਜੋ ਬ੍ਰਹਮ ਦੀ ਵੀਚਾਰ ਕਰਦਾ ਹੋਇਆ ਉਸ ਦੇ ਨਾਮ ਨੂੰ ਧਾਰਨ ਕਰਦਾ ਹੈ ਜਿਸ ਬ੍ਰਹਮ ਦਾ ਸਬੰਧ ਕਿਸੇ ਜਾਤੀ ਨਾਲ ਨਹੀਂ:

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥ ਤਉ ਆਨ ਬਾਟ ਕਾਹੇ ਨਹੀ ਆਇਆ॥੨॥
ਤੁਮ ਕਤ ਬ੍ਰਹਮਣ ਹਮ ਕਤ ਸੂਦ॥ ਹਮ ਕਤ ਲੋਹੂ ਤੁਮ ਕਤ ਦੂਧ॥੩॥
ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥ ਸੋ ਬ੍ਰਹਮਣੁ ਕਹੀਅਤੁ ਹੈ ਹਮਾਰੈ॥੪॥

(ਗਉੜੀ, ਕਬੀਰ, ਪੰਨਾ-324)

ਭਗਤ ਬਾਣੀਕਾਰ ਵਾਰ ਵਾਰ ਆਪਣੀ ਜਾਤੀ ਦਾ ਜ਼ਿਕਰ ਕਰਦੇ, ਜਾਤੀ-ਵੰਡ ਦੀਆਂ ਖਿੱਚੀਆਂ ਵਲਗਣਾਂ ਨੂੰ ਤੋੜਦੇ ਹੋਏ ਸੱਚੇ ਪਾਰਬ੍ਰਹਮ ਨਾਲ ਅਭੇਦਤਾ ਦੀ ਮੰਜ਼ਿਲ ਤਕ ਅੱਪੜਦੇ ਹਨ। ਉਹ ਉੱਚ ਜਾਤੀਆਂ ਦੇ ਲੋਕਾਂ ਨੂੰ ਸਿੱਧੇ ਤੌਰ 'ਤੇ ਮੁਖ਼ਾਤਿਬ ਹੁੰਦੇ ਹਨ। ਨੀਵੀਆਂ ਤੇ ਮਜ਼ਾਕ ਦਾ ਪਾਤਰ ਸਮਝੀਆਂ ਜਾਂਦੀਆਂ ਜਾਤੀਆਂ 'ਤੇ ਹੱਸਣ ਵਾਲਿਆਂ ਦੀ ਪਰਵਾਹ ਨਾ ਕਰਦੇ ਹੋਏ ਆਪਣੀ ਜਾਤੀ 'ਤੇ ਮਾਣ ਵੀ ਕਰਦੇ ਹਨ ਜਿਸ ਜਾਤੀ ਦਾ ਹੋ ਕੇ ਪ੍ਰਮਾਤਮਾ ਦੀ ਸੋਝੀ ਪ੍ਰਾਪਤ ਹੋਈ ਹੈ।[6] ਉਹ ਉਸ ਕੁਲ ਨੂੰ ਹੀ ਉੱਤਮ ਦੱਸਦੇ ਹਨ ਜਿਸ ਕੁਲ ਵਿਚ ਹਰੀ-ਭਗਤ ਪੈਦਾ ਹੋਵੇ :

ਕਬੀਰ ਸੋਈ ਕੁਲ ਭਲੀ ਜਾ ਕੁਲ ਹਰਿ ਕੋ ਦਾਸੁ॥
ਜਿਹ ਕੁਲ ਦਾਸੁ ਨ ਉਪਜੈ ਸੋ ਕੁਲ ਢਾਕੁ ਪਲਾਸੁ॥111॥

(ਸਲੋਕ, ਕਬੀਰ, ਪੰਨਾ-1370)

ਇਸੇ ਪ੍ਰਸੰਗ ਵਿਚਭਗਤ ਰਵਿਦਾਸ ਆਪਣੇ ਆਪ ਨੂੰ ਕਾਸ਼ੀ ਦੇ ਆਸ ਪਾਸ ਮੋਏ ਪਸ਼ੂ ਢੋਣ ਵਾਲੀ ਕੁਲ ਚੋਂ ਦੱਸਦੇ ਹੋਏ ਪ੍ਰਭੂ ਦੇ ਦਾਸਾਂ ਦੇ ਦਾਸ ਬਣਨ ਕਾਰਨ ਪੰਡਿਤ ਲੋਕਾਂ ਦੁਆਰਾ ਮਿਲਦੀਆਂ ਨਮਸਕਾਰਾਂ ਦਾ ਵੀ ਜ਼ਿਕਰ ਕਰਦੇ ਹਨ।[7] ਉਨ੍ਹਾਂ ਨੇ ਸਮਾਜ ਵਿਚਲੀ ਉਚ-ਨੀਚਤਾ ਨੂੰ ਨਕਾਰ ਕੇ ਕੇਵਲ ਹਰੀ ਤੇ ਦਾਸ ਦੇ ਸਬੰਧ ਨੂੰ ਹੀ ਸਵੀਕਾਰਿਆ ਹੈ। ਰਵਿਦਾਸ ਜੀ ਅਨੁਸਾਰ ਜਿਸ ਤਰ੍ਹਾਂ ਚੰਦਨ ਨਾਲ ਉਗਿਆ ਹਰ ਰੁੱਖ, ਚੰਦਨ ਦੀ ਸੁਗੰਧੀ ਨਾਲ ਆਪਣੀ ਦੁਰਗੰਧ ਤੋਂ ਮੁਕਤ ਹੋ ਜਾਂਦਾ ਹੈ ਉਵੇਂ ਹੀ ਨੀਚ ਜਾਤ ਅਖਵਾਉਣ ਵਾਲਾ ਭਗਤ, ਪ੍ਰਭੂ ਦੀ ਸ਼ਰਨ, ਓਟ ਸਦਕਾ ਉੱਚਾ ਤੇ ਸ੍ਰੇਸ਼ਟ ਸਥਾਨ ਪ੍ਰਾਪਤ ਕਰਦਾ ਹੈ :

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ॥
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ॥1॥

(ਆਸਾ, ਰਵਿਦਾਸ, ਪੰਨਾ-486)

ਭਗਤ ਕਵੀ ਪ੍ਰਭੂ ਦੀ ਬਖ਼ਸ਼ਿਸ, ਕਿਰਪਾ, ਨਦਰਿ ਤੇ ਨੀਚਿਓਂ ਊਚ ਕਰਨ ਦੇ ਸੰਕਲਪ ਨੂੰ ਦ੍ਰਿੜਾਉਂਦੇ ਹਨ ਕਿਉਂਕਿ ਬ੍ਰਾਹਮਣ, ਖਤਰੀ, ਵੈਸ਼, ਸ਼ੂਦਰ, ਡੋਮ, ਚੰਡਾਲ ਮਲੇਛ ਪ੍ਰਭੂ-ਪ੍ਰੇਮ ਵਾਲੀ ਭਗਤੀ ਦੁਆਰਾ ਹੀ ਭਵ-ਸਾਗਰ ਤੋਂ ਤਰਦਾ ਹੋਇਆ ਆਪਣੀ ਸਾਰੀ ਕੁਲ ਨੂੰ ਵੀ ਤਾਰ ਦਿੰਦਾ ਹੈ :

ਬ੍ਰਹਮਨ ਬੈਸ ਸੂਦ ਅਰੁ ਖ੍ਯ੍ਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ॥
ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ॥੧॥

(ਬਿਲਾਵਲ, ਰਵਿਦਾਸ, ਪੰਨਾ-858)

ਬਹੁਤੇ ਭਗਤ ਬਾਣੀਕਾਰ ਆਪ ਨਿਮਨ ਜਾਤੀਆਂ ਵਿਚੋਂ ਹੋਏ ਜਿਸ ਕਾਰਨ ਉਨ੍ਹਾਂ ਨੂੰ ਉੱਚ ਜਾਤੀਆਂ ਵੱਲੋਂ ਜੋ ਮਾਨਸਿਕ ਤਣਾਓ ਮਿਲਦਾ ਸੀ ਉਸਦਾ ਬਿਆਨ ਵੀ ਉਹ ਆਪਣੀ ਰਚਨਾ ਵਿਚ ਸਿੱਧੇ ਤੌਰ 'ਤੇ ਕਰਦੇ ਹਨ। ਇਸ ਮਾਨਸਿਕ ਤਣਾਓ ਤੋਂ ਦੂਰ ਰਹਿਣ ਲਈ ਪਰਮਾਤਮਾ ਦੀ ਓਟ, ਸ਼ਰਨ ਲੈਂਦੇ ਹੋਏ ਉੱਚ ਸ਼੍ਰੇਣੀ ਸਮਾਜ ਦੀਆਂ ਵਧੀਕੀਆਂ ਦਾ ਵਿਰੋਧ ਕਰਦੇ ਹਨ।

ਰਵੀਦਾਸ ਜੀ ਫਰਮਾਉਂਦੇ ਹਨ ਕਿ ਹਰ ਕੋਈ ਆਖਦਾ ਹੈ ਕਿ ਅਸੀਂ ਵੱਡੇ ਕਵੀ ਹਾਂ, ਅਸੀਂ ਉੱਚੀ ਕੁਲ ਵਾਲੇ ਹਾਂ, ਅਸੀਂ ਪੰਡਿਤ, ਜੋਗੀ, ਸੰਨਿਆਸੀ ਹਾਂ, ਅਸੀਂ ਬੜੇ ਗਿਆਨੀ, ਬੜੇ ਸੂਰਮੇ ਤੇ ਵੱਡੇ ਦਾਨੀ ਹਾਂ। ਉਨ੍ਹਾਂ ਦੀ ਇਹ ਹੰਕਾਰ ਵਾਲੀ ਬੁੱਧੀ ਕਦੇ ਨਾਸ਼ ਨਹੀਂ ਹੁੰਦੀ:

ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ॥
ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ॥੨॥...

(ਰਾਮਕਲੀ, ਰਵਿਦਾਸ, ਪੰਨਾ-974)

ਉੱਚੀਆਂ ਜਾਤੀਆਂ ਦੇ ਲੋਕਾਂ ਨੂੰ ਵੰਗਾਰਨ ਦੀ ਸੁਰ ਵਧੇਰੇ ਕਰਕੇ ਕਬੀਰ-ਬਾਣੀ ਵਿਚੋਂ ਉੱਭਰਦੀ ਹੈ। ਭਗਤ ਕਬੀਰ ਪੰਡਿਤਾਂ, ਬ੍ਰਹਮਣਾਂ ਦੀਆਂ ਚਾਲਾਂ ਵਿਰੁੱਧ ਖੁਲ੍ਹੇਆਮ ਤੇ ਦਲੀਲ ਭਰਪੂਰ ਲਫ਼ਜ਼ਾਂ ਵਿਚ ਆਖਦੇ ਹਨ ਕਿ ਇਕ ਪਾਸੇ ਤਾਂ ਉਹ (ਬ੍ਰਹਮਣ) ਆਪਣੇ ਆਪ ਨੂੰ ਉੱਚਾ ਸਮਝਦੇ ਹਨ ਤੇ ਦੂਸਰੇ ਪਾਸੇ ਨੀਵਿਆਂ ਦੇ ਘਰ ਭੋਜਨ ਖਾਂਦੇ, ਚੌਦਸ, ਅਮਾਵਸ ਥਿਤਾਂ ਦੇ ਵਹਿਮ ਪਾ ਕੇ ਲੋਕਾਂ ਤੋਂ ਦਾਨ ਮੰਗਦੇ ਹਨ :

ਆਪਨ ਊਚ ਨੀਚ ਘਰਿ ਭੋਜਨੁ ਹਠੇ ਕਰਮ ਕਰਿ ਉਦਰੁ ਭਰਹਿ॥
ਚਉਦਸ ਅਮਾਵਸ ਰਚਿ ਰਚਿ ਮਾਂਗਹਿ ਕਰ ਦੀਪਕੁ ਲੈ ਕੂਪਿ ਪਰਹਿ॥੨॥...

(ਰਾਮਕਲੀ, ਕਬੀਰ, ਪੰਨਾ-970)

ਭਗਤ ਬਾਣੀਕਾਰਾਂ ਨੇ ਜਾਤੀ ਵਰਨਣ ਦਾ ਦੂਸਰਾ ਢੰਗ ਮੱਧਕਾਲੀ ਸਮਾਜ ਵਿਚ ਨਿਮਨ ਜਾਤੀ ਦੇ ਲੋਕਾਂ ਨਾਲ ਉੱਚੀ ਕੁਲ, ਜਾਤੀ ਦੇ ਲੋਕਾਂ ਵੱਲੋਂ ਕੀਤੀ ਜਾਂਦੀ ਬਦਸਲੂਕੀ ਅਤੇ ਉਨ੍ਹਾਂ ਦੇ ਮਾਨਸਿਕ ਤਣਾਓ ਨੂੰ ਬਿਆਨ ਕਰਨ ਦਾ ਹੈ :

ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ॥
ਅਸਟ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ॥੧॥

(ਬਿਲਾਵਲੁ, ਰਵਿਦਾਸ, ਪੰਨਾ-858)

ਇਸ ਤਰ੍ਹਾਂ ਦੇ ਵਿਹਾਰ ਦਾ ਖੁਦ ਭਗਤ ਸਾਹਿਬਾਨ ਵੀ ਸ਼ਿਕਾਰ ਹੋਏ, ਉਨ੍ਹਾਂ ਨੂੰ ਮੰਦਰਾਂ ਵਿਚ ਨੀਵੀਂ ਜਾਤ ਦਾ ਹੋਣ ਕਾਰਨ ਬਾਹਰ ਕੱਢ ਦਿੱਤਾ ਜਾਂਦਾ ਸੀ[8] ਅਤੇ ਸ਼ੂਦਰ, ਢੇਢ ਆਦਿ ਕਹਿਕੇ ਜ਼ਲੀਲ ਕੀਤਾ ਜਾਂਦਾ ਸੀ ਜਿਸ ਦੀ ਵਾਰਤਾ ਉਹ ਹਰੀ ਅੱਗੇ ਇਸ ਤਰ੍ਹਾਂ ਬਿਆਨ ਕਰਦੇ ਹਨ :

ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ॥੧॥...

(ਮਲਾਰ, ਨਾਮਦੇਵ, ਪੰਨਾ-1292)

ਲੋਕਾਂ ਦੇ ਊਚ-ਨੀਚਤਾ ਵਾਲੇ ਆਪਸੀ ਵਿਵਹਾਰ ਨੂੰ ਉਹ ਇਸ ਤਰ੍ਹਾਂ ਪ੍ਰਗਟਾਉਂਦੇ ਹਨ ਕਿ ਜੇਕਰ ਕੋਈ ਗ਼ਰੀਬ ਕਦੇ ਕਿਸੇ ਅਮੀਰ ਦੇ ਘਰ ਜਾਂਦਾ ਤਾ ਉਹ ਪਿੱਠ ਕਰਕੇ ਖੜ੍ਹ ਜਾਂਦਾ ਸੀ, ਪਰ ਜੇ ਕੋਈ ਅਮੀਰ, ਗ਼ਰੀਬ ਦੇ ਘਰ ਜਾਂਦਾ ਤਾਂ ਉਹ ਅਮੀਰ ਨੂੰ ਆਦਰ, ਮਾਨ ਦਿੰਦਾ। ਜਦੋਂਕਿ ਕਬੀਰ ਜੀ ਅਨੁਸਾਰ ਸੱਚ ਤਾਂ ਇਹ ਹੈ ਕਿ ਗ਼ਰੀਬ ਦੌਲਤਹੀਨ ਮਨੁੱਖ ਨਹੀਂ, ਸਗੋਂ ਗੁਣਾਂ ਤੋਂ ਸੱਖਣਾ, ਪ੍ਰਭੂ-ਨਾਮ ਤੋਂ ਵਿਰਵਾ ਤੇ ਗਿਆਨਹੀਨ ਮਨੁੱਖ ਹੀ ਗ਼ਰੀਬ ਕਹਿਲਾਏ ਜਾਣ ਯੋਗ ਹੈ:

ਜਉ ਨਿਰਧਨੁ ਸਰਧਨ ਕੈ ਜਾਇ॥ ਆਗੇ ਬੈਠਾ ਪੀਠਿ ਫਿਰਾਇ॥੧॥
ਜਉ ਸਰਧਨੁ ਨਿਰਧਨ ਕੈ ਜਾਇ॥ ਦੀਆ ਆਦਰ ਲੀਆ ਬੁਲਾਇ॥੨॥...
ਕਹਿ ਕਬੀਰ ਨਿਰਧਨੁ ਹੈ ਸੋਈ॥ ਜਾ ਕੇ ਹਿਰਦੈ ਨਾਮੁ ਨ ਹੋਈ॥੪॥੮॥

(ਭੈਰਉ, ਕਬੀਰ, ਪੰਨਾ-1159)

ਭਗਤ ਬਾਣੀ ਵਿਚ ਜਾਤੀ ਪ੍ਰਥਾ ਦੀਆਂ ਜਕੜਬੰਦੀਆਂ ਉਭਾਰਨ, ਨਕਾਰਨ ਦੇ ਤੀਸਰੇ ਢੰਗ ਵਿਚ ਉੱਚ ਸ਼੍ਰੇਣੀ ਵੱਲੋਂ ਤਣਾਓ ਗ੍ਰਸਤ ਕੀਤੇ ਨਿਰਧਨ ਲੋਕਾਂ ਨੂੰ ਉਸ ਤਣਾਅ ਚੋਂ ਨਿਕਲਣ ਦੇ ਹੱਲ ਸੁਝਾਉਂਦੇ ਹੋਏ, ਨਿਰਾਕਾਰ, ਅਲਖ, ਅਗਮ ਪ੍ਰਭੂ-ਪ੍ਰੇਮ, ਪ੍ਰਭੂ-ਨਾਮ[9] ਤੇ ਸਤਿਸੰਗਤ ਦਾ ਆਸਰਾ ਲੈਣ ਦੀ ਤਾਕੀਦ ਕੀਤੀ ਮਿਲਦੀ ਹੈ:

ਕਹਤੁ ਕਬੀਰ ਸੁਨਹੁ ਮੇਰੀ ਮਾਈ॥

ਇਨ੍ ਮੁੰਡੀਅਨ ਮੇਰੀ ਜਾਤਿ ਗਵਾਈ॥੨॥੩॥੩੩॥

(ਆਸਾ, ਕਬੀਰ, ਪੰਨਾ-484)

ਭਗਤ ਬਾਣੀਕਾਰਾਂ ਨੇ ਜਾਤੀ ਭਾਵ ਨੂੰ ਲੋਕਾਂ ਦੇ ਮਨਾਂ ਵਿਚ ਬੁਰਾ ਜਾਂ ਘ੍ਰਿਣਾਯੋਗ ਸਮਝਣ ਦੀ ਬਜਾਏ ਆਪਣੀ ਕੁਲ ਜਾਂ ਜਾਤੀ ਵਿਚ ਰਹਿੰਦੇ ਹੋਏ ਚੰਗੇਰੇ ਕਰਮਾਂ ਵੱਲ ਮੁੜਨ ਅਤੇ ਆਪਣੇ ਆਪ ’ਤੇ ਮਾਣ ਕਰਨ, ਬਲਿਹਾਰੇ ਜਾਣ ਆਦਿ ਵਿਚਾਰਾਂ ਨੂੰ ਦ੍ਰਿੜ ਕੀਤਾ ਕਿਉਂਕਿ ਉਨ੍ਹਾਂ ਅਨੁਸਾਰ ਉਚੀ ਕੁਲ, ਜਾਤੀ (ਬ੍ਰਹਮਣ) ਦੇ ਲੋਕ ਢੇਰਾਂ ਗ੍ਰੰਥ ਪੜ੍ਹਕੇ ਵੀ ਅਸਲ ਸੱਚਾਈ ਤੋਂ ਕੋਹਾਂ ਦੂਰ ਰਹਿੰਦੇ ਹਨ ਅਤੇ ਮਨ ਦੇ ਵਿਕਾਰਾਂ ਨੂੰ ਤਿਆਗਣ ਦੀ ਬਜਾਏ ਦਿਨ ਬ ਦਿਨ ਹੋਰ ਲਾਲਸਾਵਾਂ ਵਧਾਉਂਦੇ ਹਨ। ਫਿਰ ਇਸ ਤੋਂ ਚੰਗਾ ਤਾਂ ਇਹੋ ਹੈ ਕਿ ਸਹਿਜ, ਸਾਦਾ, ਜੀਵਨ ਜਿਉਂਦੇ, ਪ੍ਰਭੂ-ਪ੍ਰੇਮ ਵਿਚ ਅਜਿਹੀ ਸੁਰਤੀ ਜੋੜੀ ਜਾਵੇ ਜਿੱਥੇ ਨਾ ਕੋਈ ਉੱਚਾ, ਨਾ ਕੋਈ ਨੀਵਾਂ ਰਹੇ ਅਤੇ ਸਾਰੀ ਸ੍ਰਿਸ਼ਟੀ ਪ੍ਰਭੂ ਦਾ ਹੀ ਰੂਪ ਲੱਗਣ ਲੱਗ ਪਵੇ:

(ੳ) ਹਰਿ ਹਰਿ ਕਰਤ ਜਾਤਿ ਕੁਲ ਹਰੀ॥ ਸੋ ਹਰਿ ਅੰਧੁਲੇ ਕੀ ਲਾਕਰੀ॥੧॥

(ਗੋਂਡ, ਨਾਮਦੇਵ ਜੀ, ਪੰਨਾ-874)

(ਅ) ਮੇਟੀ ਜਾਤਿ ਹੂਏ ਦਰਬਾਰਿ॥ ਤੁਹੀ ਮੁਕੰਦ ਜੋਗ ਜੁਗ ਤਾਰਿ॥੩॥

(ਗੋਂਡ, ਰਵਿਦਾਸ, ਪੰਨਾ-875)

ਵਰਨ-ਵਿਵਸਥਾ ਦੀ ਇਸ ਪੱਕੀ ਤੇ ਪੀਢੀ ਗੰਢ ਨੂੰ ਖੋਲ੍ਹਣ ਵਾਸਤੇ ਭਗਤ ਬਾਣੀਕਾਰ ਮਿਥਿਹਾਸ ਵਿਚੋਂ ਵੀ ਕਥਾਵਾਂ ਨੂੰ ਚੁਣਦੇ ਹਨ ਜਿਨ੍ਹਾਂ ਦੇ ਮਾਧਿਅਮ ਰਾਹੀਂ ਉਹ ਬਾਲਮੀਕ, ਅਜਾਮਲੁ, ਪਿੰਗਲਾ, ਕੁੰਚਰ ਆਦਿ ਦੀਆਂ ਉਦਾਹਰਨਾਂ ਦਿੰਦੇ ਹਨ ਜਿਨ੍ਹਾਂ ਨੇ ਆਪਣੇ ਜੀਵਨ ਵਿਚ ਬਹੁਤ ਪਾਪ ਕੀਤੇ ਪਰੰਤੂ ਪਛਚਾਤਾਪ ਤੇ ਪ੍ਰਭੂ ਨਾਮ ਨੂੰ ਧਾਰਨ ਕਰਨ ਨਾਲ ਮੁਕਤ ਹੋ ਗਏ :

ਕਾਹੇ ਨ ਬਾਲਮੀਕਹਿ ਦੇਖ॥

ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ॥੧॥...

ਅਜਾਮਲੁ ਪਿੰਗੁਲਾ ਲੁਭਤੁ ਕੁੰਚਰ ਗਏ ਹਰਿ ਕੈ ਪਾਸਿ॥

(ਕੇਦਾਰਾ, ਰਵਿਦਾਸ, ਪੰਨਾ-1124)

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਭਗਤ ਬਾਣੀਕਾਰਾਂ ਨੇ ਮੱਧਕਾਲੀ ਵਰਨ-ਵਿਵਸਥਾ ਦੇ ਵਿਗੜ ਚੁੱਕੇ ਢਾਂਚੇ ਨੂੰ ਸਿੱਧੇ ਤੋਰ ਤੇ ਬਿਆਨ ਕਰਨ ਦੇ ਨਾਲ ਨਾਲ ਜਿੱਥੇ ਤਣਾਅ ਗ੍ਰਸਤ ਲੋਕਾਈ ਨੂੰ ਆਪੋ ਆਪਣੀ ਕੁਲ ਵਿਚ ਹੀ ਉੱਚੀ ਅਵਸਥਾ ਪਾਉਣ ਦੀ ਪ੍ਰੇਰਨਾ ਦਿੱਤੀ, ਉਥੇ ਉਹ ਅਮੀਰ ਜਾਤੀ ਅਖਵਾਉਣ ਵਾਲੇ ਲੋਕਾਂ ਦੇ ਰੂੜ੍ਹਗਤ ਵਿਚਾਰਾਂ 'ਤੇ ਵੀ ਚੋਟਾਂ ਮਾਰਦੇ ਹਨ। ਸਾਰੀ ਖ਼ਲਕਤ ਨੂੰ ਇਕੋ ਅੱਲਾਹ ਦੇ ਨੂਰ ਤੋਂ ਪੈਦਾ ਹੋਣ ਦਾ ਸੰਦੇਸ਼ ਦਿੰਦੇ ਹੋਏ[10] ਮਾਣ, ਹੰਕਾਰ ਵਾਲੀ ਬੁੱਧੀ ਨੂੰ ਤਿਆਗ, ਜ਼ਿੰਦਗੀ ਦੇ ਬੇੜੇ ਨੂੰ ਪਾਰ ਲਾਉਣ ਲਈ ਸ਼ੁਭ ਅਮਲ ਪਾਲਣ ਦਾ ਉਪਦੇਸ਼ ਦਿੰਦੇ ਹਨ।[11] ਭਗਤ ਬਾਣੀਕਾਰਾਂ ਨੇ ਊਚ-ਨੀਚ, ਅਮੀਰ-ਗ਼ਰੀਬ ਆਦਿ ਅਣਗਿਣਤ ਜਾਤਾਂ, ਸ਼੍ਰੇਣੀਆਂ ਨੂੰ ਕੇਵਲ ਹਿੰਦੂ ਸਮਾਜ ਵਿਚੋਂ ਹੀ ਨਹੀਂ ਨਕਾਰਿਆ, ਸਗੋਂ ਉਸ ਸਮੇਂ ਸੱਤਾਧਾਰੀ ਮੁਸਲਿਮ ਧਰਮ ਦੀ ਸਰਪ੍ਰਸਤੀ ਕਰ ਰਹੇ ਸੁਲਤਾਨਾਂ, ਖਾਨਾਂ, ਕਾਜੀ, ਮੁੱਲਾਂ ਆਦਿ ਸਭ ਨੂੰ ਕਰੜੇ ਸ਼ਬਦਾਂ ਵਿਚ ਸੰਬੋਧਿਤ ਕਰਦੇ ਹੋਏ ਹਿੰਦੂ-ਮੁਸਲਿਮ ਏਕਤਾ ਦਾ ਉਪਦੇਸ਼ ਦਿੱਤਾ ਅਤੇ ਦੋਵਾਂ ਨੂੰ ਇਕ ਅੱਲਾਹ ਦਾ ਪਾਠ ਪੜਾਉਂਦੇ ਹੋਏ ਭੇਦਭਾਵ, ਵਹਿਮਾਂ, ਭਰਮਾਂ, ਕਰਮਕਾਂਡਾ ਆਦਿ ਤੋਂ ਤੌਬਾ ਕਰਨ ਅਤੇ ਅੱਲਹ ਦੇ ਸਹਿਜ ਮਾਰਗ ਦਾ ਪਾਂਧੀ ਹੋਣ ਦੀ ਤਾਕੀਦ ਕੀਤੀ ਹੈ :

ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ॥
ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ॥੩॥੭॥੨੯॥

(ਆਸਾ, ਕਬੀਰ, ਪੰਨਾ-483)

## ਆਸ਼ਰਮ ਵਿਵਸਥਾ

ਵੈਦਿਕ ਯੁੱਗ ਵਿਚ ਜਿਵੇਂ ਜਾਤੀ ਪ੍ਰਣਾਲੀ ਸਮਾਜ ਦੇ ਵਿਕਾਸ ਦਾ ਹਿੱਸਾ ਸੀ ਉਵੇਂ ਆਸ਼ਰਮ ਵਿਵਸਥਾ ਵੀ ਵਿਅਕਤੀ ਦੀ ਉਮਰ-ਵੰਡ ਅਨੁਸਾਰ ਧਾਰਮਿਕ, ਅਧਿਆਤਮਕ ਪੱਖ ਤੋਂ ਸਾਰਥਕ ਤੇ ਆਸ਼ਾਵਾਦੀ ਦ੍ਰਿਸ਼ਟੀਕੋਣ ਦਾ ਲਖਾਇਕ ਸੀ। ਪਰੰਤੂ ਵੇਦਾਂ ਤੋਂ ਬਾਅਦ ਜਾਤੀ ਪ੍ਰਥਾ ਦੀ ਤਰ੍ਹਾਂ ਆਸ਼ਰਮ ਵਿਵਸਥਾ ਅਧੀਨ ਮਨੁੱਖੀ ਜੀਵਨ ਨੂੰ ਪੱਕੇ ਤੌਰ 'ਤੇ ਚਾਰ ਆਸ਼ਰਮ : (1) ਬ੍ਰਹਮਚਾਰੀ ਆਸ਼ਰਮ, (2) ਗ੍ਰਹਿਸਥ ਆਸ਼ਰਮ, (3)ਵਾਨਪ੍ਰਸਥ ਆਸ਼ਰਮ, (4) ਸੰਨਿਆਸ ਆਸ਼ਰਮ ਵਿਚ ਵੰਡ ਦਿੱਤਾ ਗਿਆ। ਵਿਅਕਤੀ ਦੀ ਉਮਰ ਸੌ ਸਾਲ ਮੰਨ ਕੇ ਹਰ ਇਕ ਆਸ਼ਰਮ ਲਈ 25 ਸਾਲ ਨਿਰਧਾਰਤ ਕਰ ਦਿੱਤੀ ਗਈ। ਇਹਨਾਂ ਆਸ਼ਰਮਾਂ ਦੀ ਕੱਟੜਤਾ ਇਸ ਕਦਰ ਸਮਾਜ ਦੇ ਵਿਕਾਸ ਵਿਚ ਰੋੜਾ ਬਣ ਗਈ ਸੀ ਕਿ ਵਾਨਪ੍ਰਸਥੀ ਤੇ ਸੰਨਿਆਸੀਆਂ ਦੇ ਅਣਗਿਣਤ ਫਿਰਕੇ ਹੋਂਦ ਵਿਚ ਆਉਣ ਲੱਗੇ। ਜਿਹੜੀ ਆਸ਼ਰਮ ਵਿਵਸਥਾ ਮਨੁੱਖ ਦੇ ਸੰਜਮੀ, ਮਰਿਆਦਾ ਪੂਰਵਕ ਅਤੇ ਅਨੁਸ਼ਾਸਨੀ ਜੀਵਨ-ਜਿਉਣ ਲਈ ਲਾਗੂ ਕੀਤੀ ਗਈ ਸੀ। ਉਸ ਵਿਵਸਥਾ ਨੇ ਅੱਗੇ ਚੱਲ ਕੇ ਸਮਾਜ

ਵਿਚ ਅਸੰਜਮ, ਅਨੈਤਿਕਤਾ ਆਦਿ ਬੁਰਾਈਆਂ ਦਾ ਜਾਲ ਇਸ ਕਦਰ ਫੈਲਾ ਦਿੱਤਾ ਕਿ ਸੰਨਿਆਸੀ ਫਿਰਕਿਆਂ ਵਾਲੇ ਆਪਣੀਆਂ ਸਰੀਰਕ, ਮਾਨਸਿਕ ਤੇ ਲਿੰਗਕ ਲੋੜਾਂ ਦੀ ਪੂਰਤੀ ਲਈ ਅਸਿੱਧੇ ਤੌਰ 'ਤੇ ਧਾਰਮਿਕ ਡੇਰਿਆਂ, ਮੱਠਾਂ, ਆਸ਼ਰਮਾਂ ਦਾ ਸਹਾਰਾ ਲੈਣ ਲੱਗੇ। ਵਾਨਪ੍ਰਸਥੀ ਤੇ ਸੰਨਿਆਸੀ ਜੀਵਨ ਦਾ ਬੜ੍ਹਾਵਾ ਜੈਨ ਅਤੇ ਬੁੱਧ ਧਰਮ ਦੇ ਸਮੇਂ ਹੋਰ ਤੇਜ਼ ਹੋ ਜਾਂਦਾ ਹੈ। ਮਹਾਤਮਾ ਬੁੱਧ ਦੇ ਸਮੇਂ ਇਸਤਰੀਆਂ ਨੂੰ ਵੀ ਭਿਕਸ਼ਣੀਆਂ ਹੋਣ ਦੀ ਆਗਿਆ ਦੇ ਦਿੱਤੀ ਗਈ ਸੀ। "ਬਾਅਦ ਵਿਚ ਜਾ ਕੇ ਇਸ ਦੇਸ਼ ਵਿਚ ਜੋ ਭ੍ਰਿਸ਼ਟ ਸਾਧੂਆਂ ਦੀ ਸੰਖਿਆ ਵਧੀ ਅਤੇ ਸਿੱਧਾਂ ਨੇ ਜੋ ਇਸਤਰੀਆਂ ਦੇ ਨਾਲ ਮੇਲ ਦੀ ਮਹਿਮਾ ਗਾਉਣੀ ਸ਼ੁਰੂ ਕੀਤੀ, ਉਹ ਸਾਰੇ ਦੇ ਸਾਰੇ ਮਾੜੇ ਕੰਮ ਇਸ ਭਿਕਸ਼ੂਣੀ-ਪ੍ਰਥਾ ਤੋਂ ਉਤਪੰਨ ਹੋਏ। ਕੇਵਲ ਬੁੱਧ ਮੱਠਾਂ ਵਿਚ ਹੀ ਨਹੀਂ, ਹਿੰਦੂ ਮੰਦਿਰਾਂ ਵਿਚ ਵੀ ਜੋ ਦੇਵ-ਦਾਸੀ ਦੀ ਪ੍ਰਥਾ ਚੱਲ ਪਈ, ਉਹ ਬੁੱਧਾਂ ਦੀ ਇਸ ਭਿਕਸ਼ੂਣੀ-ਪ੍ਰਥਾ ਦੀ ਹੀ ਦੇਣ ਹੈ।"[12]

ਮੱਧਕਾਲੀ ਸਮਾਜ ਵਿਚ ਆਸ਼ਰਮ-ਵਿਵਸਥਾ ਦਾ ਰੂਪ ਇਸ ਕਦਰ ਵਿਗੜ ਚੁੱਕਾ ਸੀ ਕਿ ਸੰਨਿਆਸ ਆਸ਼ਰਮ ਦਾ ਕਿਸੇ ਉਮਰ ਨਾਲ ਕੋਈ ਸੰਬੰਧ ਨਾ ਰਿਹਾ ਸਗੋਂ ਸਮਾਜ ਵਿਚ ਪਰਿਵਾਰ ਪਾਲਣ, ਕਿਰਤ ਕਰਨ ਤੋਂ ਬਿਨਾਂ ਹੀ ਸੁੱਖ ਤੇ ਅਨੰਦਪੂਰਵਕ ਜੀਵਨ ਜਿਉਣ ਦਾ ਸਾਧਨ ਬਣ ਗਿਆ ਜਿਸਦੇ ਸਿੱਟੇ ਵਜੋਂ ਸਮਾਜ ਵਿਚ ਪਾਖੰਡ, ਕਰਮਕਾਂਡ, ਅਕ੍ਰਿਤਘਣਤਾ ਅਤੇ ਸੰਨਿਆਸੀਆਂ, ਜੋਗੀਆਂ, ਸਾਧੂਆਂ ਦੇ ਝੁੰਡਾਂ ਨੇ ਸਮਾਜ ਦਾ ਰੂਪ ਵਿਗਾੜਨ ਵਿਚ ਅਹਿਮ ਹਿੱਸਾ ਪਾਇਆ। ਮੱਧਕਾਲ ਦੇ ਇਸ ਮੁੱਢਲੇ ਸਮੇਂ ਵਿਚ ਭਗਤਾਂ, ਸੰਤਾਂ, ਸੂਫੀਆਂ ਨੇ ਸਮਾਜ ਵਿਚ ਆਪਣੇ ਹਾਂ ਪੱਖੀ ਵਿਚਾਰਾਂ ਨੂੰ ਰੱਖਿਆ ਜਿਸ ਬਾਰੇ ਥੋੜ੍ਹੇ ਬਹੁਤ ਸੰਕੇਤ ਭਾਵੇਂ ਪਹਿਲੇ ਗ੍ਰੰਥਾਂ ਵਿਚ ਵੀ ਮਿਲ ਜਾਂਦੇ ਹਨ ਪਰੰਤੂ ਭਗਤ ਬਾਣੀਕਾਰਾਂ ਤੇ ਗੁਰੂਆਂ ਨੇ ਲੋਕਾਂ ਨੂੰ ਇਸ ਭੰਬਲਭੂਸੇ ਵਿਚੋਂ ਕੱਢਣ ਲਈ ਆਪਣੇ ਦ੍ਰਿੜ ਨਿਸ਼ਚੇ ਨਾਲ, ਆਸ਼ਰਮ ਵਿਵਸਥਾ ਨੂੰ ਨਵੀਨ ਅਰਥਾਂ ਵਿਚ ਲੋਕਾਂ ਸਾਹਮਣੇ ਰੱਖਣ ਦੇ ਯਤਨ ਕੀਤੇ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਗ੍ਰਹਿਸਥੀ ਜੀਵਨ ਨੂੰ ਨਕਾਰਿਆ ਨਹੀਂ ਸਗੋਂ ਵਾਨਪ੍ਰਸਥ ਤੇ ਸੰਨਿਆਸੀ ਜੀਵਨ ਨੂੰ ਗ੍ਰਹਿਸਥੀ ਜੀਵਨ ਦਾ ਹੀ ਹਿੱਸਾ ਬਣਾ ਦਿੱਤਾ। ਸੱਚੇ ਸਤਿਗੁਰੂ ਦੇ ਮਿਲਾਪ ਤੇ ਮਿਹਰ ਦੁਆਰਾ ਹੀ ਜੀਵਨ ਦੀ ਇਸ ਜੁਗਤੀ ਦਾ ਭੇਦ ਖੁਲ੍ਹਦਾ ਹੈ ਕਿ ਜੀਵਨ ਵਿਚ ਹੱਸਦਿਆਂ, ਖੇਲਦਿਆਂ, ਪਹਿਨਦਿਆਂ, ਖਾਂਦਿਆਂ ਹੀ ਮੁਕਤੀ ਪ੍ਰਾਪਤ ਹੋ ਸਕਦੀ ਹੈ:

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥੨॥

(ਗੂਜਰੀ, ਮਹਲਾ 5, ਪੰਨਾ-522)

ਗ੍ਰਹਿਸਥੀ ਜੀਵਨ ਨੂੰ ਤਿਆਗਣ ਵਾਲੇ ਜੋਗੀ ਜੋ ਆਪਣੀ ਵੱਖਰੀ ਪਹਿਚਾਣ ਲਈ ਬਾਹਰੀ ਚਿੰਨ੍ਹ – ਮੁੰਦਰਾਂ, ਗੋਦੜੀ, ਵਿਭੂਤ, ਸਿੰਙੀ, ਡੰਡਾ ਆਦਿ ਧਾਰਨ ਕਰਦੇ ਸਨ। ਬਾਣੀਕਾਰਾਂ ਨੇ

ਜੋਗੀਆਂ ਦੇ ਅਜਿਹੇ ਬਾਹਰੀ ਚਿੰਨ੍ਹਾਂ ਦੀ ਬਜਾਏ ਆਪਣੇ ਆਤਮਕ ਗੁਣਾਂ ਨੂੰ ਜੋਗ ਸਾਧਨਾ ਦਾ ਅਸਲ ਮਾਰਗ ਦੱਸਿਆ :

ਸੁਰਤਿ ਸਿਮ੍ਰਿਤਿ ਦੁਇ ਕੰਨੀ ਮੁੰਦਾ ਪਰਮਿਤਿ ਬਾਹਰਿ ਖਿੰਥਾ॥
ਸੁੰਨ ਗੁਫਾ ਮਹਿ ਆਸਣੁ ਬੈਸਣੁ ਕਲਪ ਬਿਬਰਜਿਤ ਪੰਥਾ॥੧॥...
ਖੰਡ ਬ੍ਰਹਮੰਡ ਮਹਿ ਸਿੰਙੀ ਮੇਰਾ ਬਟੂਆ ਸਭੁ ਜਗੁ ਭਸਮਾਧਾਰੀ॥...
ਮਨੁ ਪਵਨੁ ਦੁਇ ਤੂੰਬਾ ਕਰੀ ਹੈ ਜੁਗ ਜੁਗ ਸਾਰਦ ਸਾਜੀ॥

(ਗਉੜੀ ਕਬੀਰ, ਪੰਨਾ 334-335)

ਕਬੀਰ ਜੀ ਮਨ ਨੂੰ ਮਾਰਨ, ਨਾ ਮਾਰਨ ਦੇ ਅੰਤਰ ਨੂੰ ਸਪਸ਼ਟ ਕਰਦੇ ਆਖਦੇ ਹਨ ਕਿ ਗ੍ਰਹਿਸਥ, ਕਿਰਤ ਕਰਨਾ, ਖਾਣਾ-ਪੀਣਾ ਤਿਆਗ ਦੇਣ ਨੂੰ ਮਨ ਮਾਰਨਾ ਨਹੀਂ ਕਹਿੰਦੇ। ਜੇਕਰ ਅਜਿਹਾ ਕੀਤਾ ਵੀ ਜਾਂਦਾ ਹੈ ਤਾਂ ਪਿੱਛੇ ਕੀ ਬਚ ਜਾਂਦਾ ਹੈ ਜਦੋਂ ਕਿ ਮਨ ਨੂੰ ਵਿਕਾਰਾਂ ਵੱਲੋਂ ਮਾਰਨ ਨਾਲ ਹੀ ਪ੍ਰਭੂ-ਭਗਤੀ ਦਾ ਮਾਰਗ ਖੁਲ੍ਹਦਾ ਹੈ:

ਕਵਨੁ ਸੁ ਮੁਨਿ ਜੋ ਮਨੁ ਮਾਰੈ॥ ਮਨ ਕਉ ਮਾਰਿ ਕਹਹੁ ਕਿਸੁ ਤਾਰੈ॥੧॥ ਰਹਾਉ॥
ਮਨ ਅੰਤਰਿ ਬੋਲੈ ਸਭੁ ਕੋਈ॥ ਮਨ ਮਾਰੇ ਬਿਨੁ ਭਗਤਿ ਨ ਹੋਈ॥੨॥
ਕਹੁ ਕਬੀਰ ਜੋ ਜਾਨੈ ਭੇਉ॥ ਮਨ ਮਧੁਸੂਦਨੁ ਤ੍ਰਿਭਵਨ ਦੇਉ॥੩॥੨੮॥

(ਗਉੜੀ, ਕਬੀਰ, ਪੰਨਾ-329)

ਉਨ੍ਹਾਂ ਦਾ ਵਿਚਾਰ ਹੈ ਕਿ ਪਹਾੜਾਂ ਦੀਆਂ ਚੋਟੀਆਂ, ਗੁਫਾਵਾਂ ਆਦਿ ਨੂੰ ਗਾਹੁਣ ਵਾਲੇ ਸਿਧਾਂ, ਜੋਗੀਆਂ ਸੰਨਿਆਸੀਆਂ ਨੂੰ ਮਨ ਅੰਦਰ ਖੋਜ ਕਰਨੀ ਚਾਹੀਦੀ ਹੈ ਕਿਉਂਕਿ ਜਿਸ ਬ੍ਰਹਮ ਦੀ ਭਾਲ ਲਈ ਉਹ ਉੱਚੀਆਂ ਚੜ੍ਹਾਈਆਂ ਚੜਦੇ ਹਨ, ਉਹ ਤਾਂ ਹਿਰਦੇ ਵਿਚ ਹੀ ਬੈਠਾ ਹੈ :

ਚੜਿ ਸੁਮੇਰਿ ਢੂਢਿ ਜਬ ਆਵਾ॥
ਜਿਹ ਗੜੁ ਗੜਿਓ ਸੁ ਗੜ ਮਹਿ ਪਾਵਾ॥੨੦॥

(ਗਉੜੀ, ਕਬੀਰ, ਪੰਨਾ-341)

ਮਨ ਦੀ ਹੱਠਤਾ ਕਾਰਨ ਜੰਗਲਾਂ ਵਿਚ ਜਪ-ਤਪ ਕਰਨ ਤੇ ਕੰਦ ਮੂਲ ਖਾਣ ਵਾਲਿਆਂ ਦੀ ਮਨ ਦੀ ਮੈਲ ਨਹੀਂ ਜਾਂਦੀ[13] ਸਗੋਂ ਮਨ ਦੀ ਇਸੇ ਹੱਠਤਾ ਵਿਚ ਪੰਡਿਤ ਲੋਕ ਪੁਰਾਨ ਆਦਿ ਗ੍ਰੰਥ ਪੜ੍ਹ ਪੜ੍ਹ ਖਪ ਰਹੇ ਹਨ, ਜੋਗੀ ਜੋਗ-ਧਿਆਨ ਵਿਚ ਹੀ ਮਸਤ ਹਨ, ਸੰਨਿਆਸੀ ਜੀਵਨ ਤਿਆਗ ਕੇ ਵੀ ਅਹੰਕਾਰ ਵਿਚ ਵਿਚਰਦੇ ਹਨ ਅਤੇ ਤਪੱਸਵੀ ਆਪਣੀ ਤਪ ਸਾਧਨਾ ਵਿਚ ਹੀ ਮਸਤ ਤੇ ਖਪ ਰਹੇ ਹਨ ਜਿਨ੍ਹਾਂ ਚੋਂ ਜਾਗ ਕੋਈ ਵੀ ਨਹੀਂ ਰਿਹਾ। ਮਨ ਦੀ ਅਜਿਹੀ ਸੁੱਤੀ ਅਵਸਥਾ ਵਿਚ ਘਰ ਅੰਦਰ ਹੀ ਵਸਦੇ ਚੋਰ (ਪੰਜ ਵਿਕਾਰ) ਘਰ (ਮਨ) ਨੂੰ ਲੁੱਟਦੇ ਰਹਿੰਦੇ ਹਨ :

ਪੰਡਿਤ ਜਨ ਮਾਤੇ ਪੜ੍ਹਿ ਪੁਰਾਨ॥ ਜੋਗੀ ਮਾਤੇ ਜੋਗ ਧਿਆਨ॥...

ਸਭ ਮਦ ਮਾਤੇ ਕੋਊ ਨ ਜਾਗ॥ ਸੰਗ ਹੀ ਚੋਰ ਘਰੁ ਮੁਸਨ ਲਾਗ॥੧॥ਰਹਾਉ॥

(ਬਸੰਤ, ਕਬੀਰ, ਪੰਨਾ-1193)

ਇਸ ਤੋਂ ਉਲਟ ਭਾਵੇਂ ਪ੍ਰਭੂ-ਪ੍ਰੇਮ, ਪ੍ਰਭੂ-ਨਾਮ ਸਿਮਰਨ ਵਿਚ ਰੰਗੇ ਭਗਤ ਵੀ ਕਈ ਵਾਰੀ ਦੁਨਿਆਵੀ, ਜਾਂ ਗ੍ਰਹਿਸਥੀ ਕੰਮਾਂਕਾਰਾਂ ਦੀਆਂ ਮਾਮੂਲੀ ਦਿਕਤਾਂ (ਉਲਝਣਾਂ) ਕਾਰਨ ਆਪਣੇ ਤੇ ਪ੍ਰਭੂ ਵਿਚਕਾਰ ਦੂਰੀ ਮਹਿਸੂਸ ਕਰਦੇ ਹਨ ਪਰੰਤੂ ਇਹ ਇਕ ਭਗਤ ਦੀ ਉਹ ਅਵਸਥਾ ਹੁੰਦੀ ਹੈ ਜਿਸ ਵਿਚ ਟਿਕ ਕੇ ਸਭ ਕੁੱਝ ਮੈਂ ਨਹੀਂ, ਤੂੰ ਹੋ ਜਾਵੇ। ਜਿਸ ਅਵਸਥਾ ਵਿਚ 'ਨਾਲ' ਦੇ ਛੇਕ ਵਿਚ ਧਾਗਾ ਵਹਾਉਣ ਦੇ ਧਿਆਨ ਵਿਚ ਵਿਸਰੇ ਪ੍ਰਭੂ ਦਾ ਵਿਛੋੜਾ ਵੀ ਅਸਹਿ ਹੋ ਜਾਂਦਾ ਹੈ:

ਜਬ ਲਗੁ ਤਾਗਾ ਬਾਹਉ ਬੇਹੀ॥ ਤਬ ਲਗੁ ਬਿਸਰੈ ਰਾਮੁ ਸਨੇਹੀ॥੨॥

(ਗੂਜਰੀ, ਕਬੀਰ, ਪੰਨਾ-524)

ਭਗਤ ਬਾਣੀ ਵਿਚ ਗ੍ਰਹਿਸਥੀ ਜੀਵਨ ਜਿਉਂਦੇ ਹੋਏ ਨਿਰਲੇਪ ਅਵਸਥਾ ਵਿਚ ਰਹਿਣ ਨੂੰ ਬੜਾ ਲਾਜ਼ਮੀ ਦੱਸਿਆ ਗਿਆ ਹੈ ਕਿਉਂਕਿ ਇਹ ਜਗਤ ਹਨ੍ਹੇਰੀ ਕੋਠੜੀ ਜਾਂ ਗੁਫ਼ਾ ਦੀ ਤਰ੍ਹਾਂ ਹੈ ਜਿਸ 'ਚ ਬਹੁਤੇ ਅੰਧੇ (ਗਿਆਨਹੀਣ) ਲੋਕ ਰਹਿੰਦੇ ਹਨ ਜੋ ਸਾਰੀ ਉਮਰ ਏਧਰ ਓਧਰ ਹੀ ਹੱਥ-ਪੈਰ ਮਾਰਦੇ ਰਹਿੰਦੇ ਹਨ ਜਦੋਂ ਕਿ ਅਸਲ ਮੰਨਣਯੋਗ ਤਾਂ ਉਹੀ ਪੁਰਸ਼ ਹੈ ਜੋ ਇਸ ਵਿਚ ਪੈ ਕੇ ਨਿਕਲਣ ਦੀ ਜਾਚ ਜਾਣਦਾ ਹੈ[14] ਕਿਉਂਕਿ ਜਿਸ ਨੇ ਮਨ ਜਿੱਤ ਲਿਆ, ਸਮਝੋ ਉਸਨੇ ਜਗਤ ਨੂੰ ਜਿੱਤਾ ਲਿਆ :

ਮਨੁ ਜੀਤੇ ਜਗੁ ਜੀਤਿਆ ਜਾਂ ਤੇ ਬਿਖਿਆ ਤੇ ਹੋਇ ਉਦਾਸੁ॥੨॥

(ਮਾਰੂ, ਕਬੀਰ, ਪੰਨਾ-1103)

ਕਬੀਰ ਜੀ ਆਖਦੇ ਹਨ ਕਿ ਇਸ ਸਰੀਰ ਰੂਪੀ ਚੱਕੀ ਦੁਆਰਾ ਸੁਆਸਾਂ ਰੂਪ ਪੀਸੇ ਆਟੇ ਨੂੰ ਨਿਰਾਪੁਰਾ ਸੰਸਾਰ ਦੇ ਫਾਲਤੂ ਧੰਦਿਆਂ ਦੇ ਚਿੱਕੜ ਵਿਚ ਹੀ ਨਹੀਂ ਸੁੱਟ ਦੇਣਾ ਚਾਹੀਦਾ, ਸਗੋਂ ਇਸ ਨੂੰ ਸਾਰਥਕ ਕਾਰਜਾਂ ਵੱਲ ਲਗਾਉਣਾ ਚਾਹੀਦਾ ਹੈ। ਭਾਵ ਪੀਂਹਦਿਆਂ ਪੀਂਹਦਿਆਂ (ਕਾਰ ਵਿਹਾਰ ਕਰਦਿਆਂ) ਪ੍ਰਭੂ-ਨਾਮ, ਸਤਿਸੰਗਤ, ਗੁਰੂ-ਪ੍ਰਾਪਤੀ ਦਾ ਲਾਹਾ ਲੈ ਕੇ ਜੀਵਨ ਦੀ ਸਾਰਥਕ ਦਿਸ਼ਾ ਨੂੰ ਤਲਾਸ਼ਣਾ ਚਾਹੀਦਾ ਹੈ :

ਕਬੀਰ ਕੀਚੜਿ ਆਟਾ ਗਿਰਿ ਪਰਿਆ ਕਿਛੂ ਨ ਆਇਓ ਹਾਥ॥

ਪੀਸਤ ਪੀਸਤ ਚਾਬਿਆ ਸੋਈ ਨਿਬਹਿਆ ਸਾਥ॥੨੧੫॥

(ਸਲੋਕ, ਕਬੀਰ, ਪੰਨਾ-1376)

ਇੰਝ ਭਗਤ ਸਾਹਿਬਾਨਾਂ ਨੇ ਜਿੱਥੇ ਇਸ ਸੰਸਾਰ ਨੂੰ ਇਕ ਮਨਮੁਖ ਇਨਸਾਨ ਲਈ "ਵਿਸ਼ ਗੰਦਲਾਂ", "ਕਾਜਲ ਭਾਵ ਹਨ੍ਹੇਰ ਕੋਠਰੀ", "ਰੇਤ ਦੀ ਢੇਰੀ" ਆਦਿ ਆਖਿਆ ਹੈ ਉਥੇ ਇਕ

ਗਿਆਨੀ, ਸਹਿਜ ਅਨੰਦ ਅਵਸਥਾ ਵਿਚ ਵਿਚਰਨ ਵਾਲੇ ਗੁਰਮੁੱਖ ਲਈ ਇਸ ਸੰਸਾਰ ਨੂੰ "ਅੰਮ੍ਰਿਤ ਦੀ ਬਾੜੀ", "ਸੋਹਣਾ ਬਾਗ਼" ਆਦਿ ਆਖ ਕੇ ਵਡਿਆਇਆ ਹੈ।[15] ਭਗਤ ਸਾਹਿਬਾਨਾਂ ਨੇ ਅੱਲਾਹ ਦੇ ਇਸ ਸੋਹਣੇ ਬਾਗ਼ ਦੀਆਂ ਨੇਹਮਤਾਂ ਨੂੰ ਤਿਆਗਣ ਦੀ ਬਜਾਏ, ਉਨ੍ਹਾਂ ਵਿਚ ਸਹਿਜ ਭਾਵ ਨਾਲ ਜਿਉਣ ਦੀ ਪ੍ਰੇਰਨਾ ਦਿੱਤੀ ਹੈ। ਉਨ੍ਹਾਂ ਅਨੁਸਾਰ ਬਾਹਰੀ ਭਟਕਣਾ ਦੀ ਬਜਾਏ ਆਪਣੇ ਅੰਦਰ ਦੀ ਖੋਜ ਕਰਨੀ ਚਾਹੀਦੀ ਹੈ ਕਿਉਂਕਿ ਉਸਦਾ ਵਾਸਾ ਮਨੁੱਖ ਦਾ ਪਾਕ ਹਿਰਦਾ ਹੈ:

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥੧੯॥

(ਸਲੋਕ, ਸ਼ੇਖ ਫ਼ਰੀਦ, ਪੰਨਾ-1378)

ਇਸ ਤਰ੍ਹਾਂ ਬਾਣੀਕਾਰਾਂ ਨੇ ਬਾਹਰੀ ਤੌਰ 'ਤੇ ਧੱਕੇ ਨਾਲ ਲਾਗੂ ਕੀਤੇ ਚਾਰ ਆਸ਼ਰਮਾਂ ਦੀ ਬਜਾਏ, ਇਨ੍ਹਾਂ ਨੂੰ ਮਨ ਦੀ ਅਵਸਥਾ ਨਾਲ ਜੋੜਨਾ ਲਾਜ਼ਮੀ ਦੱਸਿਆ। ਭਾਵ ਤਿਆਗੀ ਉਹ ਹੀ ਹੋਵੇ ਜੋ ਮਨ ਤੋਂ ਗ੍ਰਹਿਸਥੀ ਨਹੀਂ ਹੋਣਾ ਚਾਹੁੰਦਾ, ਗ੍ਰਹਿਸਥੀ ਉਹ ਹੋਵੇ ਜੋ ਧਰਮ, ਸ਼ੁਭ ਕਰਮ ਆਦਿ ਦੀ ਜਾਚ ਵੀ ਜਾਣਦਾ ਹੋਵੇ ਪਰੰਤੂ ਜਿਹੜਾ ਦਿਖਾਵੇ ਜਾਂ ਪਾਖੰਡ ਹਿੱਤ ਵੈਰਾਗ ਜਾਂ ਸੰਨਿਆਸ ਧਾਰਨ ਕਰਦਾ ਹੈ ਉਸ ਤੋਂ ਵੱਡਾ ਅਭਾਗਾ ਮਨੁੱਖ ਹੋਰ ਕੋਈ ਨਹੀਂ:

ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ ॥
ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ ॥੨੪੩॥

(ਸਲੋਕ, ਕਬੀਰ, ਪੰਨਾ-1377)

ਸੋ ਮਨ ਨੂੰ ਵਿਕਾਰਾਂ ਵੱਲੋਂ ਹੋੜਨਾ ਤੇ ਗ੍ਰਹਿਸਥ ਵਿਚ ਨਿਰਲੇਪ ਰਹਿਣਾ ਹੀ ਗੁਰੂ ਦੁਆਰਾ ਸੁਝਾਈ ਉਹ ਜੁਗਤ ਹੈ ਜਿਸ ਦਾ ਪਤਾ ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਇਹ ਆਖ ਕੇ ਦਸਦੇ ਹਨ :

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੧॥

(ਸੂਹੀ, ਮਹਲਾ 1, ਪੰਨਾ-730)

## ਪਰਿਵਾਰ, ਵਿਆਹ ਸੰਸਕਾਰ ਅਤੇ ਰਿਸ਼ਤੇ-ਨਾਤੇ

ਪਰਿਵਾਰ ਸਮਾਜ ਦੀ ਮੁੱਢਲੀ ਇਕਾਈ ਹੈ। ਕਿਸੇ ਸਭਿਅਕ ਪਰਿਵਾਰ ਦੀ ਨੀਂਹ ਹੀ ਸੱਭਿਅਕ ਸਮਾਜ ਦਾ ਨਿਰਮਾਣ ਕਰਦੀ ਹੈ। ਪਰਿਵਾਰ ਮਰਦ ਅਤੇ ਇਸਤਰੀ ਦੇ ਲਿੰਗਕ ਸੰਬੰਧਾਂ ਦੀ ਪੈਦਾਵਾਰ ਹੈ। ਪਤੀ-ਪਤਨੀ, ਬੱਚੇ, ਭੈਣ-ਭਰਾ ਆਦਿ ਦੇ ਇਕ ਘਰ ਵਿਚ ਰਹਿਣ ਨੂੰ ਹੀ ਪਰਿਵਾਰ ਨਹੀਂ ਕਿਹਾ ਜਾਂਦਾ, ਸਗੋਂ ਉਨ੍ਹਾਂ ਦੇ ਆਪਸੀ ਸਬੰਧਾਂ, ਵਿਵਹਾਰਾਂ ਅਤੇ ਚੇਤੰਨਤਾ ਤੋਂ ਹੀ ਇਕ ਪੂਰਨ ਪਰਿਵਾਰ ਬਣਦਾ ਹੈ। ਪਰਿਵਾਰ, ਪਰਿਵਾਰਕ ਮੈਂਬਰਾਂ ਦੇ ਸਾਂਝੇ ਆਰਥਿਕ ਵਸੀਲਿਆਂ

ਦਾ ਸਾਧਨ ਹੀ ਨਹੀਂ ਹੁੰਦਾ, ਸਗੋਂ ਬੱਚਿਆਂ ਦਾ ਪਾਲਣ-ਪੋਸ਼ਣ, ਸੰਸਕਾਰ, ਵਿਵਹਾਰ ਅਤੇ ਸਮਾਜ ਵਿਚ ਚੰਗੇ ਨਾਗਰਿਕ ਪੈਦਾ ਕਰਨਾ ਸਭ ਤੋਂ ਪਹਿਲਾਂ ਪਰਿਵਾਰ 'ਤੇ ਹੀ ਨਿਰਭਰ ਕਰਦਾ ਹੈ ਜਾਂ ਇੰਝ ਕਹਿ ਲਿਆ ਜਾਵੇ ਕਿ ਹਰ ਖੇਤਰ ਵਿਚ ਸੁਸਿਖਸ਼ਤ ਹੋਣ ਵਾਲੇ ਮਨੁੱਖ ਨੂੰ ਸਭ ਤੋਂ ਮੁੱਢਲੀ ਸਿੱਖਿਆ ਪਰਿਵਾਰ ਤੋਂ ਹੀ ਹਾਸਿਲ ਹੁੰਦੀ ਹੈ। ਇਸੇ ਲਈ ਹੀ ਸਰਬ ਲੋਕਾਈ ਦੇ ਭਲੇ ਲਈ ਘਰਾਂ ਤੋਂ ਤੁਰੇ ਤੇ ਸਫਰ ਕਰਦੇ ਰਹਿਣ ਵਾਲੇ ਸਮਾਜ-ਸੁਧਾਰਕਾਂ ਦੇ ਜਨਣਹਾਰਿਆਂ ਨੂੰ ਵੀ ਰਹਿੰਦੀ ਦੁਨੀਆਂ ਤੱਕ ਨਮਸਕਾਰ ਕੀਤਾ ਜਾਂਦਾ ਹੈ:

ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ॥

ਸਤਗੁਰੁ ਸੇਵਿ ਸੁਖੁ ਪਾਇਆ ਵਿਚਹੁ ਗਇਆ ਗੁਮਾਨੁ॥

(ਸਿਰੀਰਾਗੁ, ਮਹਲਾ 3, ਪੰਨਾ-32)

ਪਰਿਵਾਰ ਦਾ ਸਰੂਪ ਦੇਸ਼ ਕਾਲ ਦੀਆਂ ਸਭਿਆਚਾਰਕ ਅਤੇ ਭੂਗੋਲਿਕ ਹਾਲਤਾਂ 'ਤੇ ਆਧਾਰਿਤ ਹੁੰਦਾ ਹੈ। "ਭਾਰਤ ਦੇ ਸੰਬੰਧ ਵਿਚ ਪਰਿਵਾਰ ਦਾ ਭਾਵ ਸਦਾ ਹੀ ਸਾਂਝਾ ਪਰਿਵਾਰ ਹੀ ਲਿਆ ਜਾਂਦਾ ਰਿਹਾ ਹੈ ਜਿੱਥੇ ਪੀੜ੍ਹੀਆਂ ਤੋਂ ਇਕ ਟੱਬਰ, ਇਕੋ ਮਾਂ ਪਿਓ ਦੀ ਸੰਤਾਨ ਇਕੋ ਛੱਤ ਥੱਲੇ ਰਹਿੰਦੇ ਅਤੇ ਆਪਣੇ ਟੱਬਰਾਂ ਦੀ ਸਾਂਝੀ ਜਾਇਦਾਦ ਜਾਂ ਕਮਾਈ ਉੱਤੇ ਡੰਗ ਟਪਾਉਂਦੀ ਹੈ।"[16]

ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਗ੍ਰਹਿਸਥ ਆਸ਼ਰਮ ਵਿਚ ਵਿਸ਼ਵਾਸ ਨੂੰ ਦ੍ਰਿੜ ਕੀਤਾ ਹੈ ਜੋ ਪਰਿਵਾਰ ਬਣਾਉਣ ਵੱਲ ਸਿੱਧਾ ਇਸ਼ਾਰਾ ਹੈ। ਬਸ਼ਰਤੇ ਕਿ ਉਨ੍ਹਾਂ ਨੇ ਇਸਦੇ ਮੋਹ ਵਿਚ ਖਚਿਤ ਹੋਣ ਦੀ ਬਜਾਏ ਨਿਰਲੇਪਤਾ ਦਾ ਸੰਕਲਪ ਪੇਸ਼ ਕਰਦੇ ਹੋਏ ਨਿੱਜੀ ਸੁਧਾਰ ਦੀ ਥਾਂ ਸਮੁੱਚਿਤ ਸਮਾਜ-ਸੁਧਾਰ ਦੀ ਦ੍ਰਿਸ਼ਟੀ ਰੱਖਣ ਦੀ ਪ੍ਰੇਰਨਾ ਦਿੱਤੀ ਹੈ। ਪਹਿਲੇ ਪੱਖ ਤੋਂ ਉਹ ਪਰਿਵਾਰ, ਗ੍ਰਹਿਸਥ ਦੀ ਲੋੜ ਨੂੰ ਮਹਿਸੂਸ ਕਰਦੇ ਹਨ ਜਿਸ ਦੀ ਪੂਰਤੀ ਲਈ ਪ੍ਰਭੂ ਨੂੰ ਬੇਨਤੀ ਕੀਤੀ ਜਾਂਦੀ ਹੈ :

ਘਰ ਕੀ ਗੀਹਨਿ ਚੰਗੀ॥ ਜਨੁ ਧੰਨਾ ਲੇਵੈ ਮੰਗੀ॥੨॥੪॥

(ਧਨਾਸਰੀ, ਧੰਨਾ, ਪੰਨਾ-695)

ਭਗਤ ਬਾਣੀ ਵਿਚ ਜੀਵਾਤਮਾ ਤੇ ਪਰਮਾਤਮਾ ਦੇ ਸਬੰਧ ਨੂੰ ਪਤੀ-ਪਤਨੀ ਦੇ ਰੂਪ ਵਿਚਪ੍ਰਗਟਾਇਆ ਗਿਆ ਹੈ ਜਿਸ ਤੋਂ ਪਰਿਵਾਰ ਵਿਚਪਤੀ-ਪਤਨੀ ਦੇ ਰਿਸ਼ਤੇ ਦੀ ਅਹਿਮੀਅਤ ਨੂੰ ਸਪਸ਼ਟ ਰੂਪ ਵਿਚ ਦੇਖਿਆ ਜਾ ਸਕਦਾ ਹੈ।

ਬਾਣੀਕਾਰਾਂ ਨੇ ਮੱਧਕਾਲੀ ਸਮਾਜ ਵਿਚ ਪਰਿਵਾਰਾਂ ਦੇ ਅਜਿਹੇ ਕੌੜੇ ਸੱਚ ਨੂੰ ਵੀ ਉਜਾਗਰ ਕੀਤਾ ਹੈ ਕਿ ਮਨੁੱਖ ਗ੍ਰਹਿਸਥ ਆਸ਼ਰਮ ਵਿਚ ਤਾਂ ਰਹਿੰਦਾ ਹੈ ਪਰੰਤੂ ਬਿਨਾਂ ਸੰਜਮ, ਸੰਤੋਖ,

ਕੁਰਬਾਨੀ, ਤਿਆਗ ਦੇ ਉਹ ਆਪਣੇ ਪਰਿਵਾਰ ਨੂੰ ਹੀ ਸਭ ਕੁੱਝ ਜਾਣ ਕੇ ਆਪਣੇ ਮੂਲ ਉਦੇਸ਼ ਨੂੰ ਵਿਸਾਰ ਦਿੰਦਾ ਹੈ ਅਤੇ ਸਾਰਾ ਜੀਵਨ ਬੇਅਰਥ ਕਾਰਜਾਂ ਵਿਚ ਗੁਆ ਦਿੰਦਾ ਹੈ:

ਇਆ ਧਨ ਜੋਬਨ ਅਰੁ ਸੁਤ ਦਾਰਾ ਪੇਖਨ ਕਉ ਜੁ ਦਇਓ॥
ਤਿਨ ਹੀ ਮਾਹਿ ਅਟਕਿ ਜੋ ਉਰਝੇ ਇੰਦ੍ਰੀ ਪ੍ਰੇਰਿ ਲਇਓ॥੩॥

(ਗਉੜੀ, ਕਬੀਰ, ਪੰਨਾ-336)

ਜਦੋਂ ਕਿ ਪਰਿਵਾਰ ਮੋਹ, ਮਾਇਆ, ਜਾਂ ਕੇਵਲ ਧੀਆਂ ਪੁੱਤਾਂ ਦੀ ਪਾਲਣਾ ਕਰਨ ਲਈ ਹੀ ਨਹੀਂ ਹੁੰਦਾ, ਸਗੋਂ ਉੱਚੇ ਆਦਰਸ਼ਾਂ ਦੀ ਪਾਲਣਾ ਕਰਦੇ ਹੋਏ ਜੀਵਨ ਦੇ ਸਹੀ ਮਾਰਗਾਂ ਨੂੰ ਤਲਾਸ਼ਣ ਅਤੇ ਉਨ੍ਹਾਂ ਮਾਰਗਾਂ ਦੀ ਸਭ ਨੂੰ ਸੋਝੀ ਕਰਾਉਣ ਦਾ ਇਕ ਮਾਧਿਅਮ ਹੁੰਦਾ ਹੈ ਕਬੀਰ ਜੀ ਆਖਦੇ ਹਨ ਕਿ ਇਸ ਦੇ ਉਲਟ ਸਮਾਜ ਵਿਚ ਸਾਰਾ ਸੰਸਾਰ ਹੀ ਮੋਹ- ਮਾਇਆ ਵਿਚ ਡੁੱਬਿਆ ਹੋਇਆ ਹੈ ਅਤੇ ਪ੍ਰਭੂ-ਮਾਰਗ ਨੂੰ ਛੱਡ ਵਿਸ਼ਿਆਂ ਨਾਲ ਆਪਣਾ ਨਾਤਾ ਜੋੜ ਰਿਹਾ ਹੈ:

ਬਿਖਿਆ ਬਿਆਪਿਆ ਸਗਲ ਸੰਸਾਰੁ॥ ਬਿਖਿਆ ਲੈ ਡੂਬੀ ਪਰਵਾਰੁ॥੧॥
ਰੇ ਨਰ ਨਾਵ ਚਉੜਿ ਕਤ ਬੋੜੀ॥ ਹਰਿ ਸਿਉ ਤੋੜਿ ਬਿਖਿਆ ਸੰਗਿ ਜੋੜੀ॥੧॥ ਰਹਾਉ॥

(ਗਉੜੀ, ਕਬੀਰ, ਪੰਨਾ-328)

ਮੱਧਕਾਲੀ ਸਮਾਜ ਦੇ ਸਾਧਾਰਨ ਲੋਕਾਂ ਵਿਚ ਪਰਿਵਾਰਾਂ ਦੀ ਬਣਤਰ, ਕਾਰਜ-ਵਿਹਾਰ ਬਾਰੇ ਦੱਸਣ ਦੇ ਨਾਲ ਭਗਤ ਸਾਹਿਬਾਨਾਂ ਨੇ ਆਪਣੀ ਬਾਣੀ ਵਿਚ ਪਰਿਵਾਰਕ ਰਿਸ਼ਤਿਆਂ ਦੇ ਨਾਮ ਵੀ ਗਿਣਾਏ ਹਨ ਭਾਵੇਂ ਕਿ ਮਾਤਾ-ਪਿਤਾ, ਪਤੀ-ਪਤਨੀ, ਭਾਈ, ਬੰਧਪ, ਪੁੱਤਰ ਆਦਿ ਦੇ ਨਾਲ-ਨਾਲ ਬਾਕੀ ਰਿਸ਼ਤੇ ਸੱਸ, ਸਹੁਰਾ, ਜੇਠ-ਜਿਠਾਣੀ, ਦੇਵਰ-ਦੇਵਰਾਣੀ, ਨਣਦ ਆਦਿ ਰਿਸ਼ਤਿਆਂ ਦਾ ਜ਼ਿਕਰ ਅਧਿਆਤਮਕ ਅਰਥਾਂ ਵਿਚ ਹੀ ਆਇਆ ਹੈ ਪਰੰਤੂ ਇਹਨਾਂ ਅਧਿਆਤਮਕ ਰਮਜ਼ਾਂ ਰਾਹੀਂ ਮੱਧਕਾਲੀ ਸਮਾਜ ਦੇ ਪਰਿਵਾਰਾਂ ਵਿਚ ਰਿਸ਼ਤਿਆਂ ਦੇ ਸਰੂਪ ਨੂੰ ਮੋਟੇ ਤੌਰ ’ਤੇ ਜਾਣਿਆ ਜਾ ਸਕਦਾ ਹੈ। ਪਰਿਵਾਰਕ ਰਿਸ਼ਤਿਆਂ ਵਿਚਲੇ ਮੋਹ, ਬੇਵਫ਼ਾਈ, ਝਗੜੇ ਆਦਿ ਦੇ ਸਿੱਧੇ ਅਤੇ ਉਦਾਹਰਨਾਂ ਲਈ ਵਰਤੇ ਸੰਕੇਤ ਵੀ ਮਿਲਦੇ ਹਨ ਜਿਨ੍ਹਾਂ ਵਿਚਸਭ ਤੋਂ ਪਹਿਲਾ ਰਿਸ਼ਤਾ ਪਤੀ-ਪਤਨੀ ਦਾ ਹੈ ਜਿਸ ਬਾਰੇ ਉਹ ਸਪਸ਼ਟ ਆਖਦੇ ਹਨ ਕਿ ਪਤੀ-ਪਤਨੀ ਉਹ ਨਹੀਂ ਜੋ ਇਕੱਠੇ ਹੋ ਕੇ ਬੈਠਣ ਸਗੋਂ ਪਤੀ-ਪਤਨੀ (ਹਰੀ-ਭਗਤ) ਦੇ ਸੱਚੇ ਰਿਸ਼ਤੇ ਵਿਚ ਉਹ ਹੀ ਬੱਝੇ ਹੁੰਦੇ ਹਨ ਜੋ ਦੋ ਮੂਰਤਾਂ ਪਰ ਮਨ ਦੇ ਮਿਲਣ ਕਾਰਨ ਇਕ ਜੋਤ ਹੋਣ ਭਾਵ ਜੋ ਦਵੈਤ ਰੂਪ ’ਚ ਹੁੰਦੇ ਹੋਏ ਅਭੇਦਤਾ ਦੀ ਅਵਸਥਾ ’ਤੇ ਪਹੁੰਚ ਕੇ ਇਕ ਰੂਪ ਹੋ ਜਾਣ :

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥੩॥

(ਸੂਹੀ, ਮਹਲਾ-3, ਪੰਨਾ-788)

ਇਸ ਤਰ੍ਹਾਂ ਬਾਣੀਕਾਰਾਂ ਅਨੁਸਾਰ ਰਿਸ਼ਤੇ ਉਹ ਹੀ ਪਾਕ ਹੁੰਦੇ ਹਨ ਜੋ ਦਿਲਾਂ ਤੋਂ ਸੱਚੀ ਮੁਹੱਬਤ ਵਿਚ ਬੱਝੇ ਹੋਣ, ਵਰਨਾ ਜਿਨ੍ਹਾਂ ਦੇ ਮਨਾਂ ਵਿਚ ਕੁੱਝ ਹੋਰ ਤੇ ਜ਼ੁਬਾਨ 'ਤੇ ਕੁੱਝ ਹੋਰ ਹੋਵੇ, ਉਹ ਤਾਂ ਨਿਰੋਲ ਕੱਚੇ, ਖੁਰ ਜਾਣ ਵਾਲੇ, ਸਾਥ ਛੱਡ ਜਾਣ ਵਾਲੇ ਹੁੰਦੇ ਹਨ :

ਦਿਲਹੁ ਮੁਹਬਤਿ ਜਿੰਨ~ ਸੇਈ ਸਚਿਆ॥
ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥੧॥

(ਆਸਾ, ਸ਼ੇਖ ਫ਼ਰੀਦ, ਪੰਨਾ-488)

ਬਾਣੀਕਾਰਾਂ ਦੀ ਦ੍ਰਿਸ਼ਟੀ ਵਿਚ ਰਿਸ਼ਤਾ ਨਾਤਾ-ਪ੍ਰਣਾਲੀ ਦਾ ਰੂਪ ਅਤੇ ਮੱਧਕਾਲੀ ਸਮਾਜ ਵਿਚ ਰਿਸ਼ਤਿਆਂ ਦੀ ਤਸਵੀਰ ਨੂੰ ਦੇਖਣਾ ਹੋਵੇ ਤਾਂ ਉਨ੍ਹਾਂ ਦੁਆਰਾ ਜਿੱਥੇ ਆਪਣੇ ਪਰਿਵਾਰਕ ਰਿਸ਼ਤਿਆਂ ਵਿਚ ਮਾਂ, ਪਤਨੀ, ਨੂੰਹ, ਗੁਆਂਢਣ ਆਦਿ ਨੂੰ ਪ੍ਰੇਰਨਾ ਹਿੱਤ ਸਿੱਧਾ ਸੰਬੋਧਨ ਕੀਤਾ ਗਿਆ ਹੈ ਉਥੇ ਸਰਬ ਸਾਂਝੇ ਵਿਚਾਰਾਂ ਨੂੰ ਰੱਖਦੇ ਹੋਏ ਹਮੇਸ਼ਾਂ ਨਾ ਰਹਿਣ ਵਾਲੇ ਤੇ ਸਾਥ ਛੱਡਣ ਵਾਲੇ ਦੁਨਿਆਵੀ ਰਿਸ਼ਤਿਆਂ ਵਿਚ ਅੰਤਾਂ ਦਾ ਮੋਹ ਰੱਖਣ ਵਾਲੇ ਅਤੇ ਦਿਖਾਵਾ, ਬੇਵਫ਼ਾਈ ਆਦਿ ਕਾਰਨ ਗੰਧਲਾਅ ਚੁੱਕੇ ਰਿਸ਼ਤਿਆਂ ਵੱਲ ਵੀ ਇਸ਼ਾਰੇ ਮਿਲਦੇ ਹਨ ਪਰੰਤੂ ਸਭ ਤੋਂ ਉੱਤਮ ਤੇ ਸ੍ਰੇਸ਼ਟ ਰਿਸ਼ਤਾ ਭਗਤ ਤੇ ਭਗਵਾਨ, ਗੁਰੂ ਤੇ ਭਗਤ ਦਾ ਹੀ ਮੰਨਿਆ ਹੈ ਜੋ ਅੰਤ ਤੱਕ ਮਨੁੱਖ ਦੇ ਨਾਲ ਨਿਭਦਾ ਹੈ ਅਤੇ ਜੋ ਲੋਕ ਤੇ ਪਰਲੋਕ ਦੋਵਾਂ ਵਿਚ ਸਹਾਈ ਹੁੰਦਾ ਹੈ।

## ਭਗਤ ਸਾਹਿਬਾਨਾਂ ਦੇ ਪਰਿਵਾਰਕ ਰਿਸ਼ਤੇ

ਭਗਤ ਸਾਹਿਬਾਨਾਂ ਦੀਆਂ ਰਚਨਾਵਾਂ ਵਿਚ ਉਨ੍ਹਾਂ ਦੇ ਆਪਣੇ ਘਰ-ਪਰਿਵਾਰ, ਮਾਤਾ-ਪਿਤਾ, ਪਤੀ-ਪਤਨੀ, ਪੁੱਤਰ, ਨੂੰਹ, ਸੱਸ, ਆਂਢ-ਗੁਆਂਢ ਆਦਿ ਨਾਲ ਵਿਵਹਾਰ ਦਾ ਵੀ ਪਤਾ ਚੱਲਦਾ ਹੈ ਜਿਸ ਵਿਚ ਸਭ ਤੋਂ ਵੱਧ ਸੰਬੋਧਨ ਬਹੁਤੀਆਂ ਥਾਵਾਂ ਤੇ ਮਾਂ (ਮਾਈ) ਨੂੰ ਕੀਤਾ ਮਿਲਦਾ ਹੈ। ਭਗਤ ਕਬੀਰ ਜੀ ਦਾ ਮਾਂ-ਪੁੱਤਰ ਦਾ ਰਿਸ਼ਤਾ ਤਾਂ ਏਨਾ ਸਪਸ਼ਟ ਉਘੜਦਾ ਹੈ ਕਿ ਕਬੀਰ ਜੀ ਦੀ ਮਾਤਾ ਨੂੰ ਕਬੀਰ ਜੀ ਦਾ ਘਰ ਪਰਿਵਾਰ, ਕੰਮਾਂ ਧੰਦਿਆਂ ਤੋਂ ਮਨ ਉਕਤਾਉਣ ਦਾ ਬਹੁਤ ਫ਼ਿਕਰ ਖਾਂਦਾ ਹੈ ਜਿਸ ਤੇ ਕਬੀਰ ਜੀ ਵਾਰ ਵਾਰ ਪ੍ਰਭੂ-ਪਰਮਾਤਮਾ ਦੀ ਓਟ, ਪ੍ਰਭੂ-ਸ਼ਰਨ ਦੀ ਗੱਲ ਕਰਕੇ ਆਪਣੀ ਮਾਤਾ ਨੂੰ ਸਮਝਾਉਂਦੇ ਤੇ ਧਰਵਾਸ ਦਿੰਦੇ ਹਨ :

ਮੁਸਿ ਮੁਸਿ ਰੋਵੈ ਕਬੀਰ ਕੀ ਮਾਈ॥ ਏ ਬਾਰਿਕ ਕੈਸੇ ਜੀਵਹਿ ਰਘੁਰਾਈ॥੧॥...
ਕਹਤ ਕਬੀਰ ਸੁਨਹੁ ਮੇਰੀ ਮਾਈ॥ ਹਮਰਾ ਇਨ ਕਾ ਦਾਤਾ ਏਕ ਰਘੁਰਾਈ॥੪॥੨॥

(ਗੂਜਰੀ, ਕਬੀਰ, ਪੰਨਾ-524)

ਮਾਂ-ਹਿਰਦਾ ਆਪਣੀ ਔਲਾਦ ਨੂੰ ਲੈ ਕੇ ਬੜਾ ਹੀ ਕੋਮਲ ਤੇ ਜਜ਼ਬਾਤੀ ਹੁੰਦਾ ਹੈ। ਆਪਣੀ ਔਲਾਦ 'ਤੇ ਪਈ ਭੀੜ ਨੂੰ ਦੂਰ ਕਰਨ ਲਈ ਮਾਂ ਕੋਈ ਵੀ ਰਸਤਾ ਅਖ਼ਤਿਆਰ ਕਰ ਲੈਂਦੀ ਹੈ।

ਇਹੋ ਹਾਲਤ ਹੀ ਭਗਤ ਨਾਮਦੇਵ ਜੀ ਦੀ ਮਾਤਾ ਦੀ ਹੁੰਦੀ ਹੈ ਜਦੋਂ ਸੁਲਤਾਨ ਵੱਲੋਂ ਮੋਈ ਗਊ ਜਿਵਾਲਣ ਵਾਸਤੇ ਨਾਮਦੇਵ ਜੀ ਨੂੰ ਹੁਕਮ ਕੀਤਾ ਜਾਂਦਾ ਹੈ। ਨਾਮਦੇਵ ਜੀ ਦੁਆਰਾ ਇਨਕਾਰ ਕਰਨ ’ਤੇ ਉਨ੍ਹਾਂ ਉੱਪਰ ਹਾਥੀ ਚੜ੍ਹਾਉਣ ਦਾ ਹੁਕਮ ਦਿੱਤਾ ਜਾਂਦਾ ਹੈ ਤਾਂ ਨਾਮਦੇਵ ਜੀ ਦੀ ਮਾਤਾ ਰੁਦਨ ਕਰਦੀ ਹੋਈ ਰਾਮ-ਨਾਮ ਕਹਿਣ ਦੀ ਥਾਂ ਖ਼ੁਦਾ ਕਹਿਣ ਬਾਰੇ ਆਖਦੀ ਹੈ ਪਰ ਜ਼ੋਰ-ਜ਼ਬਰ ਤੇ ਹੱਠਤਾ ਨਾਲ ਮਨਾਉਣ ਵਾਲੀ ਗੱਲ ਨੂੰ ਨਾਮਦੇਵ ਜੀ ਨਕਾਰਦੇ ਹੋਏ ਮਾਤਾ ਨਾਲ ਨਾਰਾਜ਼ਗੀ ਪ੍ਰਗਟ ਕਰਦੇ ਆਖਦੇ ਹਨ। ਜੇ ਮੇਰਾ ਸਰੀਰ ਵੀ ਖ਼ਤਮ ਹੋ ਜਾਵੇ ਤਾਂ ਵੀ ਮੈਂ ਧੱਕੇ ਨਾਲ ਕਦੇ ਖ਼ੁਦਾ ਨਹੀਂ ਆਖਾਂਗਾ ਤੇ ਰਾਮ-ਨਾਮ ਦੇ ਗੁਣ ਹੀ ਗਾਉਂਦਾ ਰਹਾਂਗਾ :

ਬਾਦਿਸਾਹੁ ਚੜਿਓ ਅਹੰਕਾਰਿ॥ ਗਜ ਹਸਤੀ ਦੀਨੋ ਚਮਕਾਰਿ॥੫॥
ਰੁਦਨੁ ਕਰੈ ਨਾਮੇ ਕੀ ਮਾਇ॥ ਛੋਡਿ ਰਾਮੁ ਕੀ ਨ ਭਜਹਿ ਖੁਦਾਇ॥੬॥
ਨਾ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ॥ ਪਿੰਡੁ ਪੜੈ ਤਉ ਹਰਿ ਗੁਨ ਗਾਇ॥੭॥

(ਭੈਰਉ, ਨਾਮਦੇਵ, ਪੰਨਾ-1165)

ਕਬੀਰ ਜੀ ਨੇ ਆਪਣੀ ਰਚਨਾ ਵਿਚ ਆਪਣੇ ਨਿਜੀ ਪਤੀ-ਪਤਨੀ ਦੇ ਰਿਸ਼ਤੇ ਵਿਚ ਹੁੰਦੀ ਪ੍ਰੇਮਮਈ ਨੋਕ-ਝੋਕ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ :

ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ॥੧॥ ਰਹਾਉ॥...
ਹਮ ਤੁਮ ਬੀਚੁ ਭਇਓ ਨਹੀ ਕੋਈ॥
ਤੁਮਹਿ ਸੁ ਕੰਤ ਨਾਰਿ ਹਮ ਸੋਈ॥੩॥ ਕਹਤੁ ਕਬੀਰੁ ਸੁਨਹੁ ਰੇ ਲੋਈ॥
ਅਬ ਤੁਮਰੀ ਪਰਤੀਤਿ ਨ ਹੋਈ॥੪॥੨॥੩੫॥

(ਆਸਾ, ਕਬੀਰ, ਪੰਨਾ-484)

ਉਪਰੋਕਤ ਸ਼ਬਦ ਵਿਚ ਕਬੀਰ ਜੀ ਦੀ ਆਪਣੀ ਪਤਨੀ ਨਾਲ ਨਾਰਾਜ਼ਗੀ ਹੋਣ, ਪਤਨੀ ਦੁਆਰਾ ਖਿਮਾ ਮੰਗਣ ਅਤੇ ਗਲੇ ਮਿਲਣ ਦੀ ਬੇਨਤੀ ਕਰਨ ਦਾ ਭਾਵ ਲਿਆ ਜਾਂਦਾ ਹੈ। ਜਦੋਂ ਕਿ ਇਸਦੇ ਅਧਿਆਤਮਕ ਅਰਥ ਕਬੀਰ ਜੀ ਦੁਆਰਾ ਜਗਤ ਦੇ ਮੋਹ ਦੀ ਪ੍ਰਬਲਤਾ (ਜੋ ਜੀਵ ਨੂੰ ਪ੍ਰਭੂ ਤੋਂ ਵਿਛੋੜ ਦਿੰਦੀ ਹੈ) ਤੋਂ ਬਚਣ ਲਈ ਨਿਰੰਕਾਰ ਦੇ ਸਨਮੁਖ ਬੇਨਤੀ ਕਰਨ ਦੇ ਕੀਤੇ ਜਾਂਦੇ ਹਨ। ਜਿਸ ਵਿਚਆਪਣੇ ਪਿਆਰੇ ਨੂੰ ਸਭ ਗੁੱਸੇ ਗਿਲੇ ਛੱਡ ਕੇ ਗਲੇ ਮਿਲਣ ਦੀ ਬੇਨਤੀ ਕੀਤੀ ਗਈ ਹੈ।

ਕਬੀਰ ਜੀ ਕੱਪੜੇ ਬੁਣਨ ਦਾ ਕੰਮ ਕਰਦੇ ਸਨ। ਇਸ ਕਮਾਈ ਵਿਚ ਬਹੁਤਾ ਮੁਨਾਫ਼ਾ ਨਾ ਹੋਣ ਕਾਰਨ ਘਰ ਦੀਆਂ ਲੋੜਾਂ ਪੂਰੀਆਂ ਨਹੀਂ ਸੀ ਹੁੰਦੀਆਂ। ਕਈ ਵਾਰੀ ਉਹ ਆਪਣੀ ਵਿੱਤ ਤੋਂ ਬਾਹਰ ਹੋ ਕੇ ਸਾਧੂਆਂ, ਸੰਤਾਂ ਦੀ ਸੇਵਾ, ਦਾਨ ਆਦਿ ਕਰਦੇ ਜਿਸ ਕਾਰਨ ਉਨ੍ਹਾਂ ਦੀ ਪਤਨੀ ਇਨ੍ਹਾਂ ਗੱਲਾਂ ਤੇ ਈਰਖਾ ਵੀ ਕਰਦੀ ਕਿ ਘਰ ਵਿਚ ਤਾਣੀ ਉਣਨ ਵਾਲੇ ਧਾਗੇ ਟੁੱਟੇ ਪਏ ਹਨ ਤੇ ਪਾਨ ਮੁੱਕੀ

ਪਈ ਹੈ। ਇਸ (ਕਬੀਰ) 'ਤੇ ਕਾਲ ਸਵਾਰ ਹੋਇਆ ਜਾਪਦਾ ਹੈ ਜਿਹੜਾ ਘਰ ਦਾ ਸਾਰਾ ਧਨ ਹੀ ਗੁਆ ਦਿੱਤਾ। ਇਸਦਾ ਮਨ ਤਾਂ ਹਰ ਵੇਲੇ ਰਾਮ-ਨਾਮ ਵਿਚ ਹੀ ਮਸਤ ਰਹਿੰਦਾ। ਕੁੜੀ, ਮੁੰਡੇ ਨੂੰ ਤਾਂ ਖਾਣ ਜੋਗਾ ਵੀ ਨਹੀਂ ਮਿਲਦਾ ਪਰ ਇਹ ਸਿਰ-ਮੁੰਨੇ ਸਾਧ ਰੱਜ ਕੇ ਜਾਂਦੇ ਹਨ। ਅਸੀਂ ਤਾਂ ਭੁੰਜੇ ਸੌਂਦੇ ਹਾਂ ਤੇ ਉਨ੍ਹਾਂ ਨੂੰ ਸੋਣ ਲਈ ਮੰਜੀਆਂ ਮਿਲਦੀਆਂ ਹਨ। ਸਾਨੂੰ ਭੁੱਜੇ ਦਾਣੇ ਚੱਬਣ ਨੂੰ ਮਿਲਦੇ ਹਨ ਜਦੋਂ ਕਿ ਉਨ੍ਹਾਂ ਨੂੰ ਰੋਟੀ ਖੁਆਈ ਜਾਂਦੀ ਹੈ। ਕਬੀਰ ਜੀ ਜਵਾਬ ਵਿਚ ਆਖਦੇ ਹਨ ਕਿ ਐ ਲੋਈ! ਤੂੰ ਇਹ ਗੱਲਾਂ ਇਸ ਲਈ ਕਰਦੀ ਹੈ ਕਿਉਂਕਿ ਤੇਰਾ ਕੋਈ ਗੁਰੂ ਨਹੀਂ, ਤੂੰ ਕਿਸੇ ਨੂੰ ਗੁਰੂ ਧਾਰਨ ਨਹੀਂ ਕੀਤਾ ਪਰ ਮੇਰਾ ਮਨ ਇਨ੍ਹਾਂ ਦੀ ਸੰਗਤ ਵਿਚ ਖੁਭ ਗਿਆ ਹੈ ਤੇ ਤੂੰ ਵੀ ਏਨ੍ਹਾਂ ਦੀ ਸ਼ਰਨ ਲੱਗ, ਫਿਰ ਗਿਆਨ ਹੋਵੇਗਾ ਕਿ ਸਤਸੰਗਤ ਕੀ ਹੈ :

ਤੁਰੀ ਨਾਰਿ ਕੀ ਛੋਡੀ ਬਾਤਾ॥ ਰਾਮ ਨਾਮ ਵਾ ਕਾ ਮਨੁ ਰਾਤਾ॥...
ਇਕ ਦੁਇ ਮੰਦਰਿ ਇਕ ਦੁਇ ਬਾਟ॥ ਹਮ ਕਉ ਸਾਥਰੁ ਉਨ ਕਉ ਖਾਟ॥...
ਸੁਨਿ ਅੰਧਲੀ ਲੋਈ ਬੇਪੀਰਿ॥ ਇਨ ਮੁੰਡੀਅਨ ਭਜਿ ਸਰਨਿ ਕਬੀਰ॥੪॥੩॥੬॥

(ਗੋਂਡ, ਕਬੀਰ, ਪੰਨਾ-871)

ਇਹ ਹੀ ਨਹੀਂ, ਕਬੀਰ ਜੀ ਤਾਂ ਪਰਿਵਾਰਕ ਮੋਹ ਵਿਚ ਖਚਿਤ ਹੋਏ ਆਪਣੇ ਪਰਿਵਾਰ ਨੂੰ ਵੀ ਡੁੱਬਿਆ ਆਖਦੇ ਹਨ ਜਿਸ ਘਰ 'ਚ ਕਮਾਲ ਪੁੱਤਰ ਪੈਦਾ ਹੋਇਆ ਅਤੇ ਹਰੀ-ਸਿਮਰਨ ਛੱਡਿਆ ਗਿਆ ਤੇ ਪੁੱਤਰ ਘਰ ਵਿਚ ਮੋਹ ਰੂਪੀ ਮਾਇਆ ਦਾ ਮਾਲ ਲੈ ਆਇਆ :

ਬੂਡਾ ਬੰਸੁ ਕਬੀਰ ਕਾ ਉਪਜਿਓ ਪੂਤੁ ਕਮਾਲੁ॥
ਹਰਿ ਕਾ ਸਿਮਰਨੁ ਛਾਡਿ ਕੈ ਘਰਿ ਲੇ ਆਯਾ ਮਾਲੁ॥੧੧੫॥

(ਸਲੋਕ, ਕਬੀਰ, ਪੰਨਾ-1370)

ਕਬੀਰ ਜੀ ਘਰ ਵਿਚ ਘੁੰਡ ਕੱਢ ਕੇ ਤੁਰਨ-ਫਿਰਨ ਵਾਲੀ ਨੂੰਹ ਨੂੰ ਸੰਬੋਧਿਤ ਹੁੰਦੇ ਸਮਾਜ ਦੀ ਭੈੜੀ ਪਰਦਾ-ਪ੍ਰਥਾ ਨੂੰ ਤਿਆਗ ਦੇਣ ਲਈ ਆਖਦੇ ਹਨ। ਕਬੀਰ ਜੀ ਦੁਆਰਾ ਰਚਿਤ ਇਸ ਸ਼ਬਦ ਦੇ ਅਧਿਆਤਮ ਅਰਥ ਭਾਵੇਂ ਜੀਵ ਰੂਪੀ ਆਤਮਾ ਦੁਆਰਾ ਵਿਕਾਰਾਂ ਵਿਚ ਪੈ ਕੇ ਪਰਮਾਤਮਾ ਕੋਲੋਂ ਪਰਦਾ ਰੱਖਣ ਦੇ ਕੀਤੇ ਜਾਂਦੇ ਹਨ ਪਰੰਤੂ ਸਮਾਜ ਦੇ ਪ੍ਰਸੰਗ ਵਿਚ ਦੇਖਿਆਂ ਪਤਾ ਚੱਲਦਾ ਹੈ ਕਿ ਉਹ ਆਪਣੀ ਨੂੰਹ ਨੂੰ 'ਬਹੁਰੀਆ' ਕਹਿਕੇ ਪੁਕਾਰਦੇ ਹਨ। 'ਬਹੁਰੀਆ' ਸ਼ਬਦ ਦੇ ਕੋਸ਼ਗਤ ਅਰਥ 'ਨੂੰਹ' ਤੇ 'ਪਤਨੀ' ਦੋਵੇਂ ਕੀਤੇ ਜਾਂਦੇ ਹਨ। ਬਾਣੀ ਵਿਚ ਕਬੀਰ ਜੀ ਨੇ ਇਨ੍ਹਾਂ ਦੋਵਾਂ ਅਰਥਾਂ ਭਾਵ 'ਪਤਨੀ' ਦੇ ਅਰਥ ਵਿਚ 'ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ'[17] ਵਰਤਿਆ ਹੈ ਅਤੇ ਨੂੰਹ ਦੇ ਅਰਥ ਵਿਚ 'ਮੇਰੀ ਬਹੁਰੀਆ ਕੋ ਧਨੀਆ ਨਾਉ'[18] ਤੇ 'ਰਹੁ ਰੀ ਬਹੁਰੀਆ ਘੂੰਘਟੁ ਜਿਨਿ ਕਾਢੈ'॥[19] ਦੇ ਅਰਥਾਂ ਵਿਚ ਵਰਤਿਆ ਹੈ।

ਭਗਤ ਨਾਮਦੇਵ ਜੀ ਦੇ ਸ਼ਬਦ ਵਿਚ ਪੜੋਸਣ (ਗੁਆਂਢਣ) ਨਾਲ ਹੋਈ ਵਾਰਤਾ ਦੀ ਜਾਣਕਾਰੀ ਮਿਲਦੀ ਹੈ ਜਿਸ ਵਿਚ ਨਾਮਦੇਵ ਜੀ ਦੀ ਨਵੀਂ ਬਣੀ ਛਪਰੀ (ਛਨਿ) ਦੇਖ ਕੇ ਗੁਆਂਢਣ ਉਨ੍ਹਾਂ ਤੋਂ ਛੱਪਰੀ ਬਣਾਉਣ ਵਾਲੇ ਕਾਰੀਗਰ ਜਾਂ ਤਰਖਾਣ ਦਾ ਪਤਾ ਪੁੱਛਦੀ ਹੈ। ਭਾਵੇਂ ਇਸ ਸ਼ਬਦ ਦੇ ਸਾਫ਼ ਅਰਥ ਅਧਿਆਤਮਕ ਹੀ ਹਨ ਪਰੰਤੂ ਇਸ ਤਰ੍ਹਾਂ ਉਨ੍ਹਾਂ ਦੁਆਰਾ ਆਸ ਪਾਸ ਦੇ ਲੋਕਾਂ ਨਾਲ ਕੀਤੇ ਜਾਂਦੇ  ਵਰਤ-ਵਿਹਾਰ ਦਾ ਪਤਾ ਚੱਲਦਾ ਹੈ:

ਪਾੜ ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ॥
ਤੋ ਪਹਿ ਦੁਗਣੀ ਮਜੂਰੀ ਦੈਹਉ ਮੋ ਕਉ ਬੇਢੀ ਦੇਹੁ ਬਤਾਈ ਹੋ॥੧॥...
ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ॥
ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ॥੨॥

(ਸੋਰਠਿ, ਨਾਮਦੇਵ, ਪੰਨਾ-657)

## ਰਿਸ਼ਤਿਆਂ ਦੀ ਅਸਥਿਰਤਾ ਤੇ ਗੰਧਲਾਪਣ

ਭਗਤ ਬਾਣੀਕਾਰਾਂ ਦੀ ਬਾਣੀ ਵਿਚ ਜਿੱਥੇ ਮਾਤਾ-ਪਿਤਾ, ਭੈਣ, ਭਰਾ, ਪੁੱਤਰ ਆਦਿ ਪਰਿਵਾਰਕ ਮੋਹ ਵਿਚ ਗ੍ਰਸਤ ਹੋਣ ਦੀ ਸਥਿਤੀ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ ਉਥੇ ਪਰਿਵਾਰਕ ਰਿਸ਼ਤਿਆਂ ਵਿਚ ਪੈਦਾ ਹੋਏ ਗੰਧਲੇਪਣ, ਵਿਖਾਵੇ ਤੇ ਅਸਥਿਰਤਾ ਆਦਿ ਨੂੰ ਵੀ ਪ੍ਰਗਟਾਇਆ ਹੈ। ਮਨੁੱਖ ਦੀ ਆਪਣੇ ਪਰਵਾਰ, ਸਕੇ-ਸੰਬੰਧੀਆਂ ਪ੍ਰਤੀ ਸਾਥ ਨਿਭਾਉਣ ਜਾਂ ਨਾ ਨਿਭਾਉਣ ਦੀ ਅਨਿਸ਼ਚਤਾ ਹਮੇਸ਼ਾਂ ਬਣੀ ਰਹਿੰਦੀ ਹੈ ਜਿਸ ਵਿਚੋਂ ਇਕ ਅਨਿਸ਼ਚਤਾ ਜੀਵ ਦੀ ਨਾਸ਼ਵਾਨਤਾ ਨਾਲ ਸਪਸ਼ਟ ਹੋ ਜਾਂਦੀ ਹੈ।[20] ਦੂਸਰੀ ਅਨਿਸ਼ਚਤਾ ਪਦਾਰਥਾਂ ਦੀਆਂ ਲਾਲਸਾਵਾਂ ਹਿੱਤ ਹਰ ਰਿਸ਼ਤੇ-ਨਾਤੇ ਦੇ ਬਦਲ ਜਾਣ ਦੀ ਹੈ[21]  ਪਰੰਤੂ ਬਾਣੀਕਾਰਾਂ ਨੇ ਕਿਸੇ ਤਰ੍ਹਾਂ ਦੀ ਕੋਈ ਅਨਿਸ਼ਚਤਾ ਜਾਂ ਦੁਚਿੱਤੇਪਣ ਨੂੰ ਨਹੀਂ ਰਹਿਣ ਦਿੱਤਾ, ਸਗੋਂ ਉਹ ਤਾਂ ਆਪਣਾ ਸਾਫ਼ ਤਜ਼ਰਬਾ ਦੱਸਦੇ ਹਨ ਕੇ ਏਥੇ ਕੋਈ ਕਿਸੇ ਦਾ ਨਹੀਂ ਸਭ ਨੂੰ ਠੋਕ ਬਜਾ ਕੇ ਦੇਖ ਲਿਆ ਹੈ :

ਕਬੀਰ ਸਭੁ ਜਗੁ ਹਉ ਫਿਰਿਓ ਮਾਂਦਲੁ ਕੰਧ ਚਢਾਇ॥
ਕੋਈ ਕਾਹੂ ਕੋ ਨਹੀ ਸਭ ਦੇਖੀ ਠੋਕਿ ਬਜਾਇ॥੧੧੩॥

(ਸਲੋਕ, ਕਬੀਰ, ਪੰਨਾ-1370)

ਪਰਿਵਾਰਕ ਰਿਸ਼ਤਿਆਂ ਵਿਚ ਗੰਧਲੇਪਣ ਸਬੰਧੀ ਕਬੀਰ ਜੀ ਦੇ ਹੇਠਲੇ ਸ਼ਬਦ ਨੂੰ ਦੇਖਿਆ ਜਾ ਸਕਦਾ ਹੈ :

ਜੋਇ ਖਸਮੁ ਹੈ ਜਾਇਆ॥ ਪੂਤਿ ਬਾਪੁ ਖੇਲਾਇਆ॥
ਬਿਨੁ ਸ੍ਰਵਣਾ ਖੀਰ ਪਿਲਾਇਆ॥੧॥

ਦੇਖਹੁ ਲੋਗਾ ਕਲਿ ਕੋ ਭਾਉ॥
ਸੁਤਿ ਮੁਕਲਾਈ ਅਪਨੀ ਮਾਉ॥੧॥ਰਹਾਉ॥

(ਬਸੰਤ, ਕਬੀਰ, ਪੰਨਾ-1194)

ਇਸ ਸ਼ਬਦ ਦੇ ਵਿਆਖਿਆਮਈ ਅਤੇ ਅਧਿਆਤਮਕ ਅਰਥਾਂ ਨੂੰ ਜਾਣ ਲੈਣਾ ਲਾਜ਼ਮੀ ਹੈ। ਕਬੀਰ ਜੀ ਫਰਮਾਉਂਦੇ ਹਨ ਕਿ "ਕਲਯੁਗ ਦਾ ਕਿਹਾ ਪਸਾਰਾ ਪਸਰਿਆ ਹੈ ਜਿਸ ਕਲਯੁਗ ਵਿਚ ਇਸਤਰੀ ਰੂਪੀ ਮਾਇਆ (ਮਾਂ) ਨੇ ਮਨ ਰੂਪੀ ਪੁੱਤਰ ਨੂੰ ਵਿਆਹ ਲਿਆ ਜਾਂ ਖਸਮ ਬਣਾ ਲਿਆ। ਮਾਇਆ (ਇਸਤਰੀ) ਨੇ ਪਤੀ ਨੂੰ ਜਨਮਿਆ ਹੈ ਭਾਵ ਮਾਇਆ ਤੋਂ ਉਤਪੰਨ ਹੋਇਆ ਮਨ ਮਾਇਆ ਨੂੰ ਹੀ ਭੋਗ ਰਿਹਾ ਹੈ। ਮਨ ਰੂਪੀ ਪੁੱਤਰ, ਜੀਵਾਤਮਾ ਰੂਪੀ ਪਿਤਾ ਨੂੰ ਖਿਡਾ ਰਿਹਾ ਹੈ। ਇਹ ਮਨ ਬਿਨਾਂ ਥਣਾਂ ਤੋਂ ਹੀ ਦੁੱਧ ਪਿਲਾ ਰਿਹਾ ਹੈ ਭਾਵ ਬਿਨਸਨਹਾਰ ਸੰਸਾਰਕ ਪਦਾਰਥਾਂ ਦਾ ਸੁਆਦ ਚਖਾ ਰਿਹਾ ਹੈ। ਐ ਲੋਕੋ! ਦੇਖੋ ਕੇਹਾ ਕਲਯੁਗ ਦਾ ਪਸਾਰਾ ਪਸਰਿਆ ਹੈ ਕਿ ਪੁੱਤ ਨੇ ਮਾਂ ਨੂੰ ਮੁਕਲਾਵੇ ਲੈ ਆਂਦਾ ਹੈ:

ਅਧਿਆਤਮਕ ਅਰਥਾਂ ਦੇ ਨਾਲ ਨਾਲ ਜੇਕਰ ਇਸ ਸ਼ਬਦ ਨੂੰ ਦਾਰਸ਼ਨਿਕ ਦ੍ਰਿਸ਼ਟੀ ਅਨੁਸਾਰ ਦੇਖਣਾ ਹੋਵੇ ਤਾਂ ਮਾਇਆ ਕਾਰਨ ਹੀ ਮਨੁੱਖ ਪੈਦਾ ਹੁੰਦਾ ਹੈ ਭਾਵ ਪਤੀ-ਪਤਨੀ ਦੇ ਸਬੰਧ ਵਿਚ ਪ੍ਰਮੁੱਖ ਕਾਰਨ ਮੋਹ (ਮਾਇਆ) ਹੈ। ਉਸ ਮੋਹ ਤੋਂ ਔਲਾਦ ਪੈਦਾ ਹੁੰਦੀ ਹੈ। ਅੱਗੋਂ ਉਹ ਔਲਾਦ ਵੀ ਮੋਹ ਜਾਂ ਮਾਇਆ ਵਿਚ ਪੈ ਕੇ ਮਾਇਆ ਨਾਲ ਨਾਤਾ ਜੋੜਦੀ ਹੈ ਜਿਸ ਕਰਕੇ ਮਾਇਆ ਤੋਂ ਪੈਦਾ ਹੋ ਕੇ ਮਾਇਆ ਨੂੰ ਭੋਗਣ ਦਾ ਵਿਚਾਰ ਉੱਘੜਦਾ ਹੈ। ਜੇਕਰ ਇਸ ਸ਼ਬਦ ਨੂੰ ਭਾਰਤੀ ਸਮਾਜ ਦੀ ਰਿਸ਼ਤਾ-ਨਾਤਾ ਪ੍ਰਣਾਲੀ ਦੇ ਪੱਖ ਤੋਂ ਦੇਖੀਏ ਤਾਂ ਇਹ ਵਿਚਾਰ ਪੈਦਾ ਹੁੰਦੇ ਤੇ ਟਕਰਾਉਂਦੇ ਹਨ ਕਿ ਕਬੀਰ ਜੀ ਨੇ ਮਨ ਤੇ ਮਾਇਆ ਨੂੰ ਮਾਂ-ਪੁੱਤਰ ਬਣਾ ਕੇ ਉਨ੍ਹਾਂ ਵਿਚ ਪਤੀ-ਪਤਨੀ ਵਾਲੇ ਸਬੰਧ ਕਿਉਂ ਬਣਾ ਦਿੱਤੇ? ਕੀ ਕਿਤੇ ਕਬੀਰ ਜੀ ਦਾ ਇਹ ਸ਼ਬਦ ਸਮਾਜਕ ਰਿਸ਼ਤਿਆਂ ਦੇ ਧਰਾਤਲ ਤੋਂ ਤਾਂ ਨਹੀਂ ਉੱਠਿਆ? ਜੇਕਰ ਹਾਂ ਪੱਖੀ ਜਵਾਬ ਦੇਣਾ ਹੋਵੇ ਤਾਂ ਆਖਿਆ ਜਾ ਸਕਦਾ ਹੈ ਕਿ ਕਬੀਰ ਜੀ ਦੁਆਰਾ ਲਿਖਿਆ ਮਾਇਆ ਦਾ ਮੋਹ ਇਸਤਰੀ ਦਾ ਮੋਹ ਹੈ ਜਿਸ ਵਿਚ ਮਨੁੱਖੀ ਮਨ ਦੁਆਰਾ ਕਾਮ ਇੱਛਾ 'ਤੇ ਸਵਾਰ ਹੋ ਕੇ ਸਮਾਜੀ ਰਿਸ਼ਤਿਆਂ ਦਾ ਘਾਣ ਹੁੰਦਾ ਹੈ ਜਿਸ ਤਹਿਤ ਮਾਂ ਪੁੱਤਰ ਨੂੰ ਅਤੇ ਪੁੱਤਰ ਮਾਂ ਨੂੰ ਭੋਗਦਾ ਹੈ। ਫਿਰ ਇਸ ਸਭ ਕੁੱਝ ਦਾ ਵਾਪਰਨਾ ਸੁਖਾਵੇ ਜਾਂ ਚੰਗੇਰੇ ਹਲਾਤਾਂ ਵਿਚ ਨਹੀਂ, ਸਗੋਂ ਕਲਿਯੁਗ ਦੇ ਪਸਾਰੇ ਵਿਚ ਦੱਸਿਆ ਹੈ। ਅਜਿਹੀਆਂ ਹਾਲਤਾਂ ਕਲਿਯੁਗ ਦੀ ਹੀ ਪੈਦਾਵਾਰ ਹੁੰਦੀਆਂ ਹਨ ਜਿਨ੍ਹਾਂ ਵਿਚ ਮਨੁੱਖ ਧਰਮ, ਕਰਮ, ਨੈਤਿਕਤਾ ਦਾ ਜੂਲਾ ਉਤਾਰਕੇ ਅਧਰਮ, ਅਕਰਮ ਤੇ ਅਨੈਤਿਕ ਆਦਿ ਪਸ਼ੂ ਪ੍ਰਵਿਰਤੀਆਂ ਵਾਲੇ ਹੋ ਜਾਂਦੇ ਹਨ ਜੋ ਮਨੁੱਖੀ-ਸਮਾਜ

ਤੇ ਸਭਿਆਚਾਰ ਨੂੰ ਗੰਧਲਾ ਕਰਦੇ ਹਨ। ਆਧੁਨਿਕ ਸਮੇਂ ਇਸ ਤਰ੍ਹਾਂ ਦੇ ਹਲਾਤ ਹੋਣ ਸਬੰਧੀ ਕੋਈ ਦੁਚਿੱਤਾਪਣ ਨਹੀਂ ਪਰੰਤੂ ਮੱਧਕਾਲ ਵਿਚ ਟਾਂਵੇ ਸਮਾਜੀ ਜਾਂ ਪਰਿਵਾਰਕ ਰਿਸ਼ਤਿਆਂ ਨੂੰ ਅਜਿਹੀ ਹਾਲਤ ਵਿਚੋਂ ਲੰਘਦੇ ਹੋਏ ਕਬੀਰ ਜੀ ਨੇ ਆਪਣੇ ਮਨ ਮਸਤਕ ਵਿਚ ਸੋਚਿਆ ਤੇ ਰਚਨਾ ਦੁਆਰਾ ਬਿਆਨ ਕੀਤਾ ਹੋਣਾ ਵੀ ਸੰਭਵ ਹੈ ਕਿਉਂਕਿ ਰਚਨਾਕਾਰ ਆਪਣੀ ਰਚਨਾ ਨੂੰ ਸਮਾਜ ਵਿਚੋਂ ਲੈ ਕੇ ਸਮਾਜ ਅੱਗੇ ਹੀ ਪੇਸ਼ ਕਰਦਾ ਹੈ ਤਾਂ ਕਿ ਉਹਨਾਂ ਭੇਦ ਦੀਆਂ ਗੱਲਾਂ ਨੂੰ ਜਾਣਿਆ ਜਾ ਸਕੇ ਜਿਨ੍ਹਾਂ ਨੂੰ ਜਾਨਣ, ਸਮਝਣ ਦੀ ਸੂਖ਼ਮ ਬੁੱਧੀ ਸਾਰੇ ਮਨੁੱਖਾਂ ਕੋਲ ਨਹੀਂ ਹੁੰਦੀ। ਇਹ ਵੀ ਸੰਭਵ ਹੈ ਕਿ ਰਚਨਾਕਾਰ ਦੀ ਰਚਨਾ ਕਦੇ ਵੀ ਸਮਾਜ ਦੇ ਕਿਸੇ ਇਕ ਧਰਾਤਲ ਤੇ ਕਿਸੇ ਇਕ ਸਮੱਸਿਆ ਨੂੰ ਕੇਂਦਰ ਵਿਚ ਨਹੀਂ ਰੱਖਦੀ, ਸਗੋਂ ਕਈ ਵਾਰੀ ਇਕੋ ਰਚਨਾ ਵਿਭਿੰਨ ਖੰਡਾਂ ਵਿਚ ਬਹੁ-ਧਰਾਤਲੀ, ਬਹੁ-ਦਿਸ਼ਾਵੀ ਤੇ ਬਹੁਤੀਆਂ ਸਮੱਸਿਆਵਾਂ ਨੂੰ ਲੈ ਕੇ ਚੱਲਦੀ ਹੈ। ਗੁਰੂ ਗ੍ਰੰਥ ਸਾਹਿਬ ਮਨੁੱਖੀ ਜੀਵਨ ਮਾਰਗ ਵੱਲ ਭਰੀ ਅਜਿਹੀ ਪਰਵਾਜ਼ ਹੈ ਜੋ ਮਨੁੱਖੀ ਸਮਾਜ ਦੀ ਭਲਾਈ ਲਈ ਸਿਖਰਾਂ ਨੂੰ ਜਾ ਛੋਂਹਦੀ ਹੈ।

ਰਿਸ਼ਤਿਆਂ ਵਿਚਆਈ ਇਸ ਮਲੀਨਤਾ ਦੇ ਵਿਚਾਰ ਤੋਂ ਇਲਾਵਾ ਕਬੀਰ ਜੀ ਦੇ ਸ਼ਬਦ ਤੋਂ ਉਨ੍ਹਾਂ ਨਵੇਂ ਰਿਸ਼ਤਿਆਂ ਦੀ ਟੋਹ ਮਿਲਦੀ ਹੈ ਜੋ ਇਕ ਲੜਕੀ ਦੇ ਵਿਆਹ ਉਪਰੰਤ ਬਣਦੇ ਹਨ ਜਿਨ੍ਹਾਂ ਰਿਸ਼ਤਿਆਂ ਵਿਚ ਉਹ ਸੱਸ-ਸਹੁਰਾ, ਜੇਠ, ਨਣਦ, ਦੇਵਰ, ਪਤੀ ਆਦਿ ਅਤੇ ਪੇਕੇ ਘਰ ਵਿਚ ਮਾਂ-ਬਾਪ, ਭਰਾ ਆਦਿ ਰਿਸ਼ਤਿਆਂ ਦੀ ਖਿੱਚੋਤਾਣ ਵਿਚ ਜੀਵਨ ਬਿਤਾਉਂਦੀ ਹੈ। ਭਾਵੇਂ ਕਿ ਇਨ੍ਹਾਂ ਰਿਸ਼ਤਿਆਂ ਨੂੰ ਵੀ ਪਰਮਾਰਥੀ ਭਾਵਾਂ ਵਿਚ ਹੀ ਬਿਆਨ ਕੀਤਾ ਗਿਆ ਹੈ ਪਰੰਤੂ ਇਨ੍ਹਾਂ ਭਾਵਾਂ ਤੋਂ ਦੁਨਿਆਵੀਂ ਰਿਸ਼ਤਿਆਂ ਦੇ ਆਪਸੀ ਵਰਤੋਂ-ਵਿਹਾਰ ਦੀਆਂ ਰਮਜ਼ਾਂ ਦੀ ਟੋਹ ਵੀ ਮਿਲਦੀ ਹੈ ਕਿ ਕਿਵੇਂ ਲੜਕੀ ਸਹੁਰੇ ਘਰ ਆਪਣੀ ਸੱਸ (ਅਵਿੱਦਿਆ) ਤੋਂ ਦੁਖੀ, ਸਹੁਰੇ (ਸਰੀਰ) ਨੂੰ ਪਿਆਰੀ, ਜੇਠ (ਧਰਮਰਾਜ) ਤੋਂ ਡਰਦੀ, ਸਖੀਆਂ (ਸਤਸੰਗੀਆਂ) ਨਾਲ ਦੁੱਖ-ਸੁੱਖ ਕਰਨ ਵਾਲੀ ਅਤੇ ਨਣਦਾਂ (ਇੰਦ੍ਰੀਆਂ) ਦੀ ਚਾਰ-ਚੁਫੇਰੇ ਘੇਰੀ ਹੁੰਦੀ ਹੈ। ਜਦੋਂ ਕਿ ਦੇਵਰ (ਵਿਵੇਕ ਰੂਪ) ਨਾਲ ਉਸਦਾ ਮੋਹ ਹੁੰਦਾ ਹੈ ਪਰ ਮੂਰਖਤਾ ਕਾਰਨ ਪਤੀ (ਹਰੀ) ਨੂੰ ਉਸਨੇ ਵਿਸਾਰਿਆ ਹੁੰਦਾ ਹੈ ਜਿਸ (ਪ੍ਰਭੂ-ਪਤੀ) ਨੂੰ ਉਹ ਅੰਤਹਕਰਣ ਸੇਜਾ ’ਤੇ ਰਮਣ ਕਰਦੇ ਨਹੀਂ ਦੇਖਦੀ। ਉਸਦਾ ਸਕਾ ਬਾਪ (ਸਰੀਰ), ਬੱਚਿਆਂ (ਦੁੱਖ-ਸੁੱਖ) ਨਾਲ ਲੜਾਈ ਕਰਦਾ ਰਹਿੰਦਾ ਹੈ ਅਤੇ ਮਾਤਾ (ਖ਼ੁਦਗਰਜ਼ੀ) ਸਦਾ ਝੱਲੀ ਹੋਈ ਰਹਿੰਦੀ ਹੈ। ਜਦੋਂ ਉਹ ਆਪਣੇ ਵੱਡੇ ਭਰਾ (ਗਿਆਨ) ਨਾਲ ਹੁੰਦੀ ਸੀ ਤਾਂ ਉਹ ਪਤੀ ਨੂੰ ਪਿਆਰੀ ਹੁੰਦੀ ਸੀ। ਇੰਝ ਹੀ ਇਹ ਸਾਰਾ ਸੰਸਾਰ ਪੰਜ ਵਿਕਾਰਾਂ ਦੇ ਝਗੜਿਆਂ ਵਿਚ ਹੀ ਜਨਮ ਗੁਆ ਕੇ ਝੂਠੀ

ਮਾਇਆ ਵਿਚ ਬੰਨ੍ਹਿਆ ਰਹਿੰਦਾ ਹੈ। ਜਦੋਂ ਕਿ ਕਬੀਰ ਜੀ ਆਖਦੇ ਹਨ ਕਿ ਮੈਂ ਹਰੀ-ਸਿਮਰਨ ਨਾਲ ਅਸਲ ਅਨੰਦ ਨੂੰ ਪ੍ਰਾਪਤ ਕਰ ਲਿਆ ਹੈ:

ਸਾਸੁ ਕੀ ਦੁਖੀ ਸਸੁਰ ਕੀ ਪਿਆਰੀ ਜੇਠ ਕੇ ਨਾਮਿ ਡਰਉ ਰੇ॥
ਸਖੀ ਸਹੇਲੀ ਨਨਦ ਗਹੇਲੀ ਦੇਵਰ ਕੈ ਬਿਰਹਿ ਜਰਉ ਰੇ॥੧॥...
ਕਹਤ ਕਬੀਰ ਪੰਚ ਕੋ ਝਗਰਾ ਝਗਰਤ ਜਨਮੁ ਗਵਾਇਆ॥
ਝੂਠੀ ਮਾਇਆ ਸਭੁ ਜਗੁ ਬਾਧਿਆ ਮੈ ਰਾਮ ਰਮਤ ਸੁਖੁ ਪਾਇਆ॥੩॥੩॥੨੫॥

(ਆਸਾ, ਕਬੀਰ, ਪੰਨਾ-482)

## ਉੱਤਮ ਤੇ ਸਦੀਵੀ ਰਿਸ਼ਤਾ

ਬਾਣੀਕਾਰਾਂ ਨੇ ਦੁਨਿਆਵੀ ਰਿਸ਼ਤਿਆਂ ਵਿਚ ਬੱਝਣ ਨੂੰ ਭਾਵੇਂ ਨਕਾਰਿਆ ਨਹੀਂ ਪਰੰਤੂ ਉਨ੍ਹਾਂ ਨੇ ਇਨ੍ਹਾਂ ਰਿਸ਼ਤਿਆਂ ਨੂੰ ਸਦੀਵੀ ਨਹੀਂ ਮੰਨਿਆ ਅਤੇ ਨਾ ਹੀ ਹੱਦੋਂ ਵੱਧ ਇਨ੍ਹਾਂ ਵਿਚ ਮੋਹ-ਗ੍ਰਸਤ ਹੋਣਾ ਮੰਨਿਆ ਹੈ। ਉਨ੍ਹਾਂ ਅਨੁਸਾਰ ਮੌਤ ਤੋਂ ਬਾਅਦ ਸਭ ਭਾਈ, ਬੰਧੂ ਵੀ ਮਿਰਤਕ ਦੇਹ ਨੂੰ ਕੱਢੋ ਕੱਢੋ ਆਖਦੇ ਹਨ ਤੇ ਘਰਵਾਲੀ ਭੂਤ ਭੂਤ ਆਖ ਕੇ ਦੂਰ ਭੱਜਦੀ ਹੈ। ਪਰ ਫਿਰ ਵੀ ਇਸ ਮੋਹ ਮਾਇਆ ਵਿਚ ਸਭ ਜੱਗ ਲੁਟਿਆ ਜਾ ਰਿਹਾ ਹੈ ਕੇਵਲ ਪ੍ਰਭੂ-ਭਗਤ ਹੀ ਹਰੀ-ਨਾਮ ਦੀ ਓਟ ਨਾਲ ਸੰਸਾਰੀ ਝਮੇਲਿਆਂ ਤੋਂ ਛੁਟਦੇ ਹਨ :

ਭਾਈ ਬੰਧ ਕੁਟੰਬ ਸਹੇਰਾ॥ ਓਇ ਭੀ ਲਾਗੇ ਕਾਢੁ ਸਵੇਰਾ॥੨॥...
ਕਹਿ ਰਵਿਦਾਸ ਸਭੈ ਜਗ ਲੂਟਿਆ॥
ਹਮ ਤਉ ਏਕ ਰਾਮੁ ਕਹਿ ਛੂਟਿਆ॥੪॥੩॥

(ਸੂਹੀ, ਰਵਿਦਾਸ, ਪੰਨਾ-794)

ਰਿਸ਼ਤਿਆਂ ਦੀ ਇਸ ਵਾਸਤਵਿਕਤਾ ਨੂੰ ਸਾਹਮਣੇ ਰੱਖ ਕੇ ਪ੍ਰਭੂ-ਪ੍ਰੇਮ, ਸਿਮਰਨ ਦੁਆਰਾ ਬਣੇ ਪ੍ਰਭੂ-ਭਗਤ ਅਤੇ ਗੁਰੂ-ਚੇਲੇ ਦੇ ਰਿਸ਼ਤੇ ਨੂੰ ਹੀ ਸਦੀਵੀ, ਸਥਿਰ ਤੇ ਸ੍ਰੇਸ਼ਟ ਮੰਨਿਆ ਗਿਆ ਹੈ :

ਨਾਉ ਮੇਰੇ ਬੰਧਿਪ ਨਾਉ ਮੇਰੇ ਭਾਈ॥
ਨਾਉ ਮੇਰੇ ਸੰਗਿ ਅੰਤਿ ਹੋਈ ਸਖਾਈ॥੩॥...

(ਭੈਰਉ, ਕਬੀਰ, ਪੰਨਾ-1157)

ਇਸ ਤਰ੍ਹਾਂ ਗੁਰਬਾਣੀ ਵਿਚ ਚਰਿੱਤਰ ਸਬੰਧੀ ਕੀਮਤਾਂ ਨੂੰ ਹੀ ਸੱਚੇ ਰਿਸ਼ਤੇਦਾਰ ਕਿਹਾ ਗਿਆ ਹੈ ਕਿਉਂਕਿ ਇਹ ਕੀਮਤਾਂ ਮਨੁੱਖ ਦਾ ਮਾਰਗ ਦਰਸ਼ਨ ਕਰਦੀਆਂ ਹਨ ਅਤੇ ਮਾਂ-ਬਾਪ, ਭਾਈ ਆਦਿ ਸਮਾਜ ਦੇ ਚੰਗੇ ਨਾਗਰਿਕ ਹੋਣ ਵਿਚ ਸਹਾਈ ਹੁੰਦੇ ਹਨ ਜਿਸ ਕਰਕੇ ਗੁਰੂ ਨਾਨਕ

ਸਾਹਿਬ ਨੇ ਮਾਂ-ਬੁੱਧੀ, ਸੰਤੋਖ-ਪਿਤਾ, ਸਤੁ-ਭਾਈ, ਸਰਮਿ ਸੁਰਤਿ ਦੋਵੇਂ ਸਸਰੁ ਆਦਿ ਨੂੰ ਨੈਤਿਕ ਕੀਮਤਾਂ ਦੇ ਮਾਡਲ ਵਜੋਂ ਪੇਸ਼ ਕੀਤਾ ਹੈ:

ਮਾਤਾ ਮਤਿ ਪਿਤਾ ਸੰਤੋਖੁ॥ ਸਤੁ ਭਾਈ ਕਰਿ ਇਹੁ ਵਿਸੇਖੁ॥੧॥...
ਸਰਮ ਸੁਰਤਿ ਦੁਇ ਸਸੁਰ ਭਏ॥ ਕਰਣੀ ਕਾਮਣਿ ਕਰਿ ਮਨ ਲਏ॥੨॥

(ਗਉੜੀ, ਮਹਲਾ 1, ਪੰਨਾ-151-152)

**ਵਿਆਹ ਸੰਸਕਾਰ :** "ਗ੍ਰਹਿਸਥ ਆਸ਼ਰਮ ਵਿਚ ਪ੍ਰਵੇਸ਼ ਕਰਨ ਉਪਰੰਤ ਸਭ ਤੋਂ ਮਹੱਤਵਪੂਰਨ ਸੰਸਕਾਰ 'ਵਿਆਹ' ਦੀ ਰਸਮ ਹੈ, ਜਿਸ ਦੇ ਤਿੰਨ ਮੁੱਖ ਉਦੇਸ਼ ਦੱਸੇ ਹਨ : (ੳ) ਪੁੱਤਰ ਪੈਦਾ ਕਰਕੇ ਵੰਸ਼ ਅੱਗੇ ਤੋਰਨਾ, (ਅ) ਗ੍ਰਹਿਸਥ ਦੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਦੇ ਹੋਏ ਈਸ਼ਵਰ ਦੀ ਪੂਜਾ ਕਰਨਾ ਅਤੇ (ੲ) ਆਪਣੇ ਉਪਰ ਸੰਜਮ ਰਖ ਕੇ ਆਪਣਾ ਆਚਰਣ ਠੀਕ ਰਖਣਾ।"[22]

ਗੁਰੂ ਗ੍ਰੰਥ ਸਾਹਿਬ ਵਿਚ ਵਿਆਹ ਸੰਸਕਾਰ ਬਾਰੇ ਜੋ ਵੀ ਸੰਕੇਤ ਮਿਲਦੇ ਹਨ ਉਹ ਆਤਮਾ ਤੇ ਪਰਮਾਤਮਾ ਦੇ ਮੇਲ ਨਾਲ ਸਬੰਧਿਤ ਹਨ ਪਰੰਤੂ ਇਨ੍ਹਾਂ ਆਧਿਆਤਮਕ ਅਰਥਾਂ ਦਾ ਧਰਾਤਲ ਲੌਕਿਕ ਸੰਸਾਰ ਹੋਣ ਕਾਰਨ ਜਿੱਥੇ ਤਤਕਾਲੀ ਸਮਾਜ ਵਿਚ ਵਿਆਹ ਸਬੰਧੀ ਕੀਤੇ ਜਾਂਦੇ ਆਡੰਬਰ, ਵਾਧੂ ਦੇ ਰਸਮ ਰਿਵਾਜ਼ ਤੇ ਬੁਰਾਈਆਂ ਨੂੰ ਨਕਾਰਿਆ ਗਿਆ ਹੈ ਉਥੇ ਜੀਵ (ਨਾਰੀ) ਅਤੇ ਬ੍ਰਹਮ (ਪੁਰਖ) ਦੇ ਅਧਿਆਤਮਕ ਮਿਲਾਪ ਰਾਹੀਂ ਸਮਾਜ ਸਾਹਮਣੇ ਵਿਆਹ ਦੇ ਆਦਰਸ਼ ਰੂਪ ਨੂੰ ਰੱਖਿਆ ਗਿਆ ਹੈ। ਬਾਣੀ ਵਿਚੋ ਵਿਆਹ ਸੰਸਕਾਰ ਨਾਲ ਜੁੜੀਆਂ ਮਾਨਤਾਵਾਂ ਨੂੰ ਦੇਖਿਆਂ ਪਤਾ ਚੱਲਦਾ ਹੈ ਕਿ ਵਿਆਹ ਲਈ ਚੰਗਾ ਦਿਨ, ਮਹੂਰਤ, ਗ੍ਰਿਹਾਂ ਤੇ ਦਿਨਾਂ ਦੇ ਸ਼ੁਭ-ਅਸ਼ੁਭ ਆਦਿ ਦੇ ਵਿਚਾਰ ਕੀਤੇ ਜਾਂਦੇ ਸਨ ਜਿਨ੍ਹਾਂ ਵਿਚਾਰਾਂ ਜਾਂ ਭਰਮਾਂ ਨੂੰ ਬਾਣੀਕਾਰਾਂ ਨੇ ਨਕਾਰਦੇ ਹੋਏ, ਪ੍ਰਭੂ-ਨਾਮ ਨਾਲ ਕਾਰਜ ਆਰੰਭ ਕਰਨ ਨੂੰ ਹੀ ਸ਼ੁਭ ਮੰਨਦੇ ਹੋਏ[23] ਕਿਸੇ ਪੰਡਿਤ, ਪਾਂਧੇ ਦੁਆਰਾ ਪੋਥੀ ਵਾਚਣ ਦੀ ਬਜਾਏ ਗੁਰੂ ਨੂੰ ਹੀ ਪਰੋਹਿਤ ਵਜੋਂ ਅਤੇ ਗੁਰੂ ਦੀ ਸਿੱਖਿਆ ਨੂੰ ਪੋਥੀ (ਪੱਤਰੀ) ਨੂੰ ਵਾਚਣਾ ਸ਼ੁੱਧ ਮਹੂਰਤ ਦੱਸਿਆ ਹੈ ਜਿਸ ਨਾਲ ਬ੍ਰਹਮ ਰੂਪ ਸੱਜਣ ਨੂੰ ਮਿਲਣ ਦੀ ਗੱਲ ਸੁਣ ਕੇ ਮਨ 'ਚ ਖੁਸ਼ੀਆਂ, ਚਾਵਾਂ ਦੇ ਵਾਜੇ ਵੱਜਣ ਲੱਗਦੇ ਹਨ। ਜਦੋਂ ਜੀਵ ਰੂਪ ਇਸਤਰੀ ਬ੍ਰਹਮ ਰੂਪ ਪੁਰਖ ਨੂੰ ਪਾ ਲੈਂਦੀ ਹੈ ਤਾਂ ਉਹ ਪ੍ਰਭੂ-ਪਤੀ ਦੇ ਮਿਲਾਪ ਨਾਲ ਸਦਾ ਸਦਾ ਨਵੀਂ-ਨਵੇਲੀ ਅਤੇ ਬਾਲ ਅਵਸਥਾ ਵਾਲੀ ਹੋ ਜਾਂਦੀ ਹੈ:

ਆਇਆ ਲਗਨੁ ਗਣਾਇ ਹਿਰਦੈ ਧਨ ਓਮਾਹੀਆ ਬਲਿ ਰਾਮ ਜੀਉ॥
ਪੰਡਿਤ ਪਾਧੇ ਆਣਿ ਪਤੀ ਬਹਿ ਵਾਚਾਈਆ ਬਲਿ ਰਾਮ ਜੀਉ॥
ਪਤੀ ਵਾਚਾਈ ਮਨਿ ਵਜੀ ਵਧਾਈ ਜਬ ਸਾਜਨ ਸੁਣੇ ਘਰਿ ਆਏ॥
ਗੁਣੀ ਗਿਆਨੀ ਬਹਿ ਮਤਾ ਪਕਾਇਆ ਫੇਰੇ ਤਤੁ ਦਿਵਾਏ॥
ਵਰੁ ਪਾਇਆ ਪੁਰਖੁ ਅਗੰਮੁ ਅਗੋਚਰੁ ਸਦ ਨਵਤਨੁ ਬਾਲ ਸਖਾਈ॥

(ਸੂਹੀ, ਮਹਲਾ 4, ਪੰਨਾ-773)

ਸੋ ਜਿੱਥੇ ਗੁਰੂ ਰਾਮਦਾਸ ਜੀ ਜੀਵ (ਇਸਤਰੀ) ਤੇ ਬ੍ਰਹਮ (ਪੁਰਖ) ਦੇ ਮੇਲ ਲਈ ਗੁਰੂ (ਪੰਡਿਤ) ਰਾਹੀਂ ਲਗਨ ਕਢਾਉਣਾ, ਮਤਾ ਪਕਾਉਣਾ, ਨਵਤਨ ਤੇ ਬਚਪਨ ਤੋਂ ਸਹਾਈ ਸਾਥੀ ਬ੍ਰਹਮ ਦਾ ਮਿਲਣ ਦੱਸਦੇ ਹਨ ਉਥੇ ਸ਼ੇਖ ਫ਼ਰੀਦ ਜੀ ਜੀਵ ਰੂਪ ਇਸਤਰੀ ਦੇ ਮੌਤ (ਵਰ) ਨਾਲ ਵਿਆਹੇ ਜਾਣ ਦੇ ਪ੍ਰਤੀਕ ਰਾਹੀਂ ਵਿਆਹ ਦੀ ਤਸਵੀਰ ਨੂੰ ਉਭਾਰਦੇ ਹਨ। ਜਿਸ ਤੋਂ ਪਤਾ ਚੱਲਦਾ ਹੈ ਕਿ ਵਿਆਹ ਲਈ ਸਾਹਾ ਕਢਾਉਣ ਤੋਂ ਬਾਅਦ ਵਿਆਹ ਨੂੰ ਅੱਗੇ ਨਹੀਂ ਸੀ ਪਾਇਆ ਜਾ ਸਕਦਾ :

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥...
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ॥
ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥... (ਸਲੋਕ, ਸ਼ੇਖ ਫ਼ਰੀਦ, ਪੰਨਾ-1377)

ਕਬੀਰ ਜੀ ਆਪਣੇ ਆਪ ਨੂੰ ਜੀਵ ਰੂਪ ਇਸਤਰੀ ਅਤੇ ਬ੍ਰਹਮ (ਰਾਮ ਰਾਇ) ਨੂੰ ਦੂਲਹੇ ਦੇ ਰੂਪ ਵਿਚ ਪੇਸ਼ ਕਰਦੇ ਹਨ। ਜੀਵ ਤੇ ਬ੍ਰਹਮ ਦੇ ਇਸ ਮਿਲਾਪ ਲਈ ਸਰੀਰ ਰੂਪੀ ਭਾਂਡੇ ਵਿਚ ਮਨ ਨੂੰ ਭਟਕਣ ਤੋਂ ਵਰਜ ਕੇ ਨਾਮ ਦੇ ਰੰਗ ਵਿਚ ਰੰਗ ਲੈਣ ਦਾ ਵਿਚਾਰ ਪੇਸ਼ ਕਰਦੇ ਹਨ। ਇਸ ਪਰਮਾਰਥਕ ਵਿਆਹ ਵਿਚ ਸਹਾਇਕ ਨੈਤਿਕ ਗੁਣ ਦਇਆ, ਧਰਮ, ਸਤ, ਸੰਤੋਖ, ਵੀਚਾਰ ਆਦਿ ਨੂੰ ਬਰਾਤੀ ਬਣਾਇਆ ਗਿਆ ਹੈ ਅਤੇ ਮਨੁੱਖੀ ਸਰੀਰ ਦੀਆਂ ਗਿਆਨ ਇੰਦ੍ਰੀਆਂ ਜੋ ਪ੍ਰਭੂ (ਲਾੜੇ) ਦੇ ਰੰਗ ਵਿਚ ਰੰਗੀਆਂ ਗਈਆਂ ਖੁਸ਼ੀ ਦੇ ਗੀਤ ਗਾਉਂਦੀਆਂ ਹਨ। ਲਾਵਾਂ ਲੈਣ ਦੇ ਵਕਤ ਆਪਣੇ ਹਿਰਦੇ ਕਮਲ ਵਿਚ ਸੁਆਸ ਸੁਆਸ ਪ੍ਰਭੂ ਦੀ ਯਾਦ ਵਿਚ ਗੁਜ਼ਾਰਨਾ ਹੀ ਬੇਦੀ ਦੱਸਿਆ ਹੈ ਅਤੇ ਗੁਰੂ ਦੇ ਸ਼ਬਦ ਨੂੰ ਹੀ ਫੇਰਿਆਂ ਦੌਰਾਨ ਉਚਾਰਿਆ ਮੰਤਰ ਦੱਸਿਆ ਹੈ। ਇਸ ਪਰਮਾਰਥਕ ਵਿਆਹ ਨੂੰ ਦੇਖਣ ਲਈ ਸ੍ਰੇਸ਼ਟ ਸੰਤ, ਸਤਿਸੰਗੀ, ਗਿਆਨੀ, ਮੁਨੀ ਜਨ ਅਤੇ ਤੇਤੀ ਕ੍ਰੋੜ ਦੇਵਤੇ ਸਬੰਧੀਆਂ ਦੇ ਰੂਪ ਵਿਚ ਇਕੱਠੇ ਹੁੰਦੇ ਹਨ। ਇੰਝ ਬ੍ਰਹਮ (ਪਤੀ) ਨੇ ਆਪਣੇ ਰੰਗ ਵਿਚ ਰੰਗ ਕੇ ਆਪਣੇ ਚੁਣੇ ਹੋਏ ਜੀਵ ਰੂਪ ਭਗਤ ਨੂੰ ਵਿਆਹ ਲਿਆ ਅਤੇ ਦੋਵੇਂ ਇਕ ਰੂਪ, ਅਭੇਦ ਹੋ ਜਾਂਦੇ ਹਨ। ਸੋ ਇਸ ਪਰਮਾਰਥਕ ਵਿਆਹ ਦੇ ਮਾਧਿਅਮ ਰਾਹੀਂ ਸਮਾਜ ਵਿਚ ਹੁੰਦੇ ਵਿਆਹ ਸੰਸਕਾਰਾਂ ਦੀ ਟੋਹ ਲਈ ਜਾ ਸਕਦੀ ਹੈ ਕਿ ਉਸ ਸਮੇਂ ਲਗਣ ਕਢਾ ਕੇ, ਵਿਆਹ ਦੀਆਂ ਤਿਆਰੀਆਂ ਦੌਰਾਨ ਕੱਪੜਿਆਂ ਦੀ ਰੰਗ-ਰੰਗਾਈ, ਖੁਸ਼ੀ ਦੇ ਗੀਤ ਗਾਉਣਾ, ਰਿਸ਼ਤੇਦਾਰਾਂ ਦਾ ਢੁੱਕਣਾ, ਬੇਦੀ ਦੁਆਲੇ ਫੇਰਿਆਂ ਦੀ ਰਸਮ ਅਤੇ ਵਿਦਾਈ ਆਦਿ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ:

ਤਨੁ ਰੈਨੀ ਮਨੁ ਪੁਨ ਰਪਿ ਕਰਿ ਹਉ ਪਾਚਉ ਤਤ ਬਰਾਤੀ॥
ਰਾਮ ਰਾਇ ਸਿਉ ਭਾਵਰਿ ਲੈਹਉ ਆਤਮ ਤਿਹ ਰੰਗਿ ਰਾਤੀ॥੧॥
ਗਾਉ ਗਾਉ ਰੀ ਦੁਲਹਨੀ ਮੰਗਲਚਾਰਾ॥
ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ॥੧॥ ਰਹਾਉ॥

(ਆਸਾ, ਕਬੀਰ, ਪੰਨਾ-482)

ਕਬੀਰ ਜੀ ਦੇ ਉਪਰੋਕਤ ਸ਼ਬਦ ਵਿਚ ਬੇਦੀ ਦੁਆਲੇ ਫੇਰਿਆਂ ਤੋਂ ਪਤਾ ਚੱਲਦਾ ਹੈ ਕਿ ਉਦੋਂ ਵਿਆਹ ਹਿੰਦੂ ਪਰੰਪਰਾ ਦੁਆਰਾ ਹੀ ਹੁੰਦੇ ਸਨ ਜਦੋਂ ਕਿ ਚੌਥੇ ਗੁਰੂ ਸਾਹਿਬ ਨੇ ਜੀਵਨ ਦਾ ਆਦਰਸ਼ ਪ੍ਰਭੂ-ਪਤੀ ਨਾਲ ਜੀਵ ਇਸਤਰੀ ਦਾ ਮੇਲ ਮੰਨ ਕੇ, ਇਸ ਮੇਲ ਨੂੰ ਮੁਕੰਮਲ ਕਰਨ ਲਈ ਜੀਵਨ ਵਿਚ ਕੀਤੀ ਤਿਆਰੀ ਨੂੰ ਲਾਵਾਂ ਦੇ ਰਾਹੀਂ ਵਰਣਨ ਕੀਤਾ ਹੈ। ਇਹ ਸ਼ਬਦ ਵੀ ਦੂਹਰੇ ਅਰਥਾਂ ਦਾ ਲਖਾਇਕ ਹੈ। ਇਕ ਪਾਸੇ ਇਸਤਰੀ-ਪੁਰਸ਼ ਦੇ ਵਿਆਹ ਵਾਲੀ ਜ਼ਿੰਦਗੀ ਦਾ ਆਦਰਸ਼ ਹੈ, ਦੂਸਰੇ ਪਾਸੇ ਜੀਵ ਦਾ ਪ੍ਰਮਾਤਮਾ ਨਾਲ ਆਤਮਕ ਮੇਲ ਹੈ। ਭਾਵ ਇਸਤਰੀ ਤੇ ਪੁਰਸ਼ ਦਾ ਵਿਆਹੁਤਾ ਜੀਵਨ, ਆਤਮਾ ਤੇ ਪਰਮਾਤਮਾ ਦੇ ਮਿਲਾਪ ਦੇ ਮਾਡਲ ਅਨੁਸਾਰ ਢਾਲਣ ਦੀ ਜਾਚ ਰਾਹੀਂ ਸੁਝਾਇਆ ਮਾਰਗ ਹੈ:

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ॥...
ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ॥...
ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ॥...
ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ॥...

(ਸੂਹੀ, ਮਹਲਾ 4, ਪੰਨਾ-773-774)

ਮੱਧਕਾਲੀ ਸਮਾਜ ਵਿਚ ਕੁੜੀ ਨੂੰ ਵਿਆਹ ਸਮੇਂ ਦਾਜ ਦੇਣ, ਦਾਜ ਦਾ ਦਿਖਾਵਾ ਆਦਿ ਕਰਨ ਦੇ ਰਿਵਾਜ਼ ਬਾਰੇ ਵੀ ਜਾਣਕਾਰੀ ਮਿਲਦੀ ਹੈ ਜਿਸ ਸਬੰਧੀ ਗੁਰੂ ਸਾਹਿਬ ਦਾਜ ਲੈਣ, ਦੇਣ ਵਾਲੇ 'ਮਨਮੁਖਾਂ' ਨੂੰ ਆਖਦੇ ਹਨ:

ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ॥...

(ਰਾਗ, ਮਹਲਾ 4, ਪੰਨਾ 79)

ਇਸੇ ਤਰ੍ਹਾਂ ਹੀ ਭਾਈ ਗੁਰਦਾਸ ਦੁਆਰਾ ਮਾਂ-ਬਾਪ ਵੱਲੋਂ ਆਪਣੀ ਲਾਡਲੀ, ਨਾਨਕੇ, ਦਾਦਕੇ, ਭੈਣ-ਭਰਾਵਾਂ ਤੇ ਪਰਿਵਾਰ ਵਾਲੀ ਲੜਕੀ ਦੇ ਵਿਆਹ ਵਿਚ ਦਿੱਤੇ ਜਾਂਦੇ ਧਨ, ਗਹਿਣੇ, ਸਾਜ ਸਮਾਨ ਬਾਰੇ ਜ਼ਿਕਰ ਮਿਲਦਾ ਹੈ ਜੋ ਕਿ ਅਮੀਰ ਪਰਿਵਾਰ ਵਿਚ ਕੀਤੇ ਜਾਂਦੇ ਵਿਆਹ ਦੀ ਸੋਝੀ ਦਿੰਦਾ ਹੈ :

ਪੇਵਕੜੈ ਘਰਿ ਲਾਡੁਲੀ ਮਾਊ ਪੀਊ ਖਰੀ ਪਿਆਰੀ।
ਵਿਚਿ ਭਰਾਵਾਂ ਭੈਨੜੀ ਨਾਨਕ ਦਾਦਕ ਸਪਰਵਾਰੀ।
ਲਖਾਂ ਖਰਚ ਵਿਆਹੀਐ ਗਹਣੇ ਦਾਜੁ ਸਾਜੁ ਅਤਿ ਭਾਰੀ।
ਸਾਹੁਰੜੈ ਘਰਿ ਮੰਨੀਐ ਸਣਖਤੀ ਪਰਵਾਰ ਸਧਾਰੀ।

(ਭਾਈ ਗੁਰਦਾਸ, ਵਾਰ 5, ਪਉੜੀ 16ਵੀਂ, ਪੰਨਾ-59)

## ਸਮਾਜ ਵਿਚ ਇਸਤਰੀ ਦਾ ਸਥਾਨ ਅਤੇ ਭਗਤ ਬਾਣੀਕਾਰਾਂ ਦਾ ਦ੍ਰਿਸ਼ਟੀਕੋਣ

"ਵੈਦਿਕ ਕਾਲ ਵਿਚ ਨਾਰੀ-ਪੁਰਸ਼ ਸਮਾਨ ਹੀ ਵੈਦਿਕ ਗਿਆਨ ਨਾਲ ਯੁਕਤ ਹੋ ਕੇ ਧਾਰਮਿਕ ਅਤੇ ਦਾਰਸ਼ਨਿਕ ਵਿਵੇਚਨ ਕਰਨ ਦੀ ਅਧਿਕਾਰੀ ਬਣੀ ਹੋਈ ਮਿਲਦੀ ਹੈ"[24] ਪਰੰਤੂ ਬਾਅਦ ਵਿਚ ਇਸਤਰੀ ਨੂੰ ਸ਼ੂਦਰ ਦੇ ਬਰਾਬਰ ਸਮਝਿਆ ਜਾਣ ਲੱਗਾ। ਸੰਤਾਨ ਸੁੱਖ ਵਿਚ ਲੜਕੀ ਦੀ ਬਜਾਏ ਲੜਕੇ ਦੀ ਚਾਹਨਾ, ਪਤੀ-ਪਤਨੀ ਦੇ ਰਿਸ਼ਤੇ ਵਿਚ ਪਤੀ ਦੀ ਪ੍ਰਧਾਨਤਾ ਤੇ ਪਰਿਵਾਰ ਵਿਚ ਇਸਤਰੀ ਦੀ ਥਾਂ ਗੌਣ ਰੂਪ ਵਿਚ ਹੋ ਗਈ ਸੀ। ਭਗਵਤ ਪੁਰਾਣ ਵਿਚ ਇਕ ਸੰਤਾਨਹੀਣ ਬ੍ਰਹਮਣ ਦੀ ਕਿਸੇ ਮਹਾਂਪੁਰਖ ਨਾਲ ਕੀਤੀ ਗੋਸ਼ਟੀ ਤੋਂ ਪੁੱਤਰ-ਪ੍ਰਾਪਤੀ ਦੇ ਮੋਹ ਅਤੇ ਸਮਾਜ ਵਿਚ ਮਰਦ ਦੀ ਪ੍ਰਭੂਸੱਤਾ ਦਾ ਸਾਫ਼ ਪਤਾ ਚੱਲਦਾ ਹੈ ਜਦੋਂ ਉਹ ਆਖਦਾ ਹੈ ਕਿ "ਬੇਟਾ ਨਾ ਹੋਣ ਨਾਲ ਪਿੱਤਰ ਲੋਕ ਨਰਕ ਵਿਚ ਜਾਂਦੇ ਹਨ, ਇਹੀ ਦੁਖ ਸਮਝ ਕੇ ਆਪਣੇ ਪ੍ਰਾਣ ਦੇਣ ਏਥੇ (ਜੰਗਲ) ਆਇਆ ਹਾਂ। ਜਗਤ ਵਿਚ ਜਿਸ ਦੇ ਪੁੱਤਰ ਨਹੀਂ ਉਸ ਦਾ ਜਨਮ ਲੈਣਾ ਅਤੇ ਜੀਣਾ ਬੇਅਰਥ ਹੈ ਅਤੇ ਉਸ ਦੇ ਧਨ ਅਤੇ ਕੁਲ ਉੱਤੇ ਧ੍ਰਿਕਾਰ ਹੈ।"[25]

ਮੱਧਕਾਲੀ ਸਮਾਜ ਵਿਚ ਇਸਤਰੀ ਦੀ ਦਸ਼ਾ ਹੋਰ ਵੀ ਵਿਗੜ ਗਈ ਸੀ। ਇਸ ਯੁੱਗ ਵਿਚ ਇਸਤਰੀ ਨੂੰ ਸੰਨਿਆਸੀ, ਨਾਥਾਂ, ਜੋਗੀਆਂ ਦੇ ਕੌੜੇ ਬੋਲਾਂ (ਅਪਵਿੱਤਰ, ਬਾਘਿਨ) ਆਦਿ ਦਾ ਸਾਹਮਣਾ ਕਰਨਾ ਪਿਆ। ਤਿਆਗੀ ਜੀਵਨ ਅਪਣਾਉਣ ਵਾਲੇ ਇਨ੍ਹਾਂ ਨਾਥ ਜੋਗੀਆਂ ਨੇ ਜਿੱਥੇ ਇਸਤਰੀ ਦੀ ਸਮਾਜਕ ਸਥਾਪਨਾ ਨੂੰ ਢਹਿੰਦੀਆਂ ਕਲਾਂ ਵੱਲ ਲਿਜਾਣ ਦਾ ਕਾਰਜ ਕੀਤਾ ਉਥੇ ਬਦਲਦੇ ਰਾਜਨੀਤਕ ਹਲਾਤਾਂ ਅਨੁਸਾਰ ਮੁਗਲਾਂ ਦੇ ਹਮਲੇ ਅਤੇ ਲੁੱਟ-ਖਸੁੱਟ ਵਿਚ ਸਭ ਤੋਂ ਵੱਧ ਸ਼ਿਕਾਰ ਇਸਤਰੀ ਹੀ ਰਹੀ। ਇਸ ਸਮੇਂ ਹੀ ਬਾਲ-ਵਿਆਹ, ਪਰਦਾ ਪ੍ਰਥਾ, ਸਤੀ ਪ੍ਰਥਾ ਆਦਿ ਦਾ ਪ੍ਰਚਲਨ ਵਧੇਰੇ ਤੇਜ਼ ਗਤੀ ਵਿਚ ਹੋਣ ਲੱਗਾ। ਮੱਧਕਾਲ ਦੇ ਅਜਿਹੇ ਹਲਾਤਾਂ ਕਾਰਨ ਇਸਤਰੀ ਵਿਚ ਵੇਸ਼ਵਾਪਣ ਦੇ ਜੀਵਨ ਨੂੰ ਅਪਣਾਉਣ ਦਾ ਰੁਝਾਨ ਵਧ ਗਿਆ। ਇਸ ਕਾਰਨ ਸਮਾਜ ਸਦਾਚਾਰਕ ਪੱਖ ਤੋਂ ਬੇਹੱਦ ਗਿਰਾਵਟ ਦੀ ਦਿਸ਼ਾ ਵੱਲ ਤੁਰ ਪਿਆ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਆਪਣੇ ਉਪਦੇਸ਼ ਨੂੰ ਸਰਬ ਸਾਂਝਾ ਮੰਨਦੇ ਹੋਏ ਅਧਿਆਤਮਕ ਅਤੇ ਸਮਾਜਕ ਮਾਰਗ ਦੀਆਂ ਦਿਸ਼ਾਵਾਂ ਸਭ ਲਈ ਇਕੋ ਜਿਹੀਆਂ ਉਲੀਕੀਆਂ ਅਤੇ ਇਕੋ ਜਿਹੇ ਸਹਿਜ, ਸਰਲ ਤੇ ਸੰਤੁਲਨ ਵਾਲੇ ਜੀਵਨ-ਮਾਰਗ ਨੂੰ ਅਪਣਾਉਣ ਦੇ ਉਪਦੇਸ਼ ਦਿੱਤੇ।

ਭਗਤ ਬਾਣੀ ਦੇ ਹਾਵਲੇ ਨਾਲ ਤਤਕਾਲੀ ਸਮਾਜ ਵਿਚ ਇਸਤਰੀ ਦੀ ਵਿਅਕਤੀਗਤ ਤੇ ਸਮਾਜਕ ਹੋਂਦ ਅਤੇ ਉਸਦੇ ਯੋਗਦਾਨ ਆਦਿ 'ਤੇ ਨਜ਼ਰ ਮਾਰਦਿਆਂ ਪਤਾ ਚੱਲਦਾ ਹੈ ਕਿ ਭਗਤ ਬਾਣੀ ਵਿਚ ਜਿੱਥੇ ਸਮਾਜ ਦੁਆਰਾ ਪ੍ਰਚਲਿਤ ਬਾਲ-ਵਿਆਹ, ਸਤੀ ਪ੍ਰਥਾ, ਪਰਦਾ ਆਦਿ ਪ੍ਰਥਾਵਾਂ

ਦਾ ਵਿਰੋਧ ਮਿਲਦਾ ਹੈ ਉਥੇ ਗੁਣਾਤਮਕ ਪੱਖ ਤੋਂ ਇਸਤਰੀ ਦੇ ਕਈ ਰੂਪਾਂ ਮਾਂ, ਕੁਆਰੀ ਕੰਨਿਆ, ਸੁਹਾਗਣ ਆਦਿ ਨੂੰ ਬਿਆਨ ਕੀਤਾ ਗਿਆ ਹੈ। ਇਸਤਰੀ ਦੇ ਅਸਮਾਜਕ ਜਾਂ ਅਨੈਤਿਕ ਲੱਛਣਾਂ ਦੇ ਆਧਾਰ 'ਤੇ ਦੋਹਾਗਣ, ਪਰਾਏ-ਮਰਦ ਦੀ ਤਾਕ ਰੱਖਣ ਵਾਲੀ ਵੇਸ਼ਵਾ ਆਦਿ ਦੇ ਰੂਪ ਵਿਚ ਦ੍ਰਿਸ਼ਟੀਗੋਚਰ ਕੀਤਾ ਹੈ।

## ਸਮਕਾਲੀ ਪ੍ਰਥਾਵਾਂ

**ਬਾਲ-ਵਿਆਹ** : ਮੱਧਕਾਲੀ ਸਮਾਜ ਵਿਚ ਬਾਲ-ਵਿਆਹ ਦੀ ਪ੍ਰਥਾ ਨੇ ਵਧੇਰੇ ਜ਼ੋਰ ਫੜਿਆ। ਇਸਦਾ ਇਕ ਕਾਰਨ ਮੁਸਲਿਮ ਹਮਲਾਵਰਾਂ ਦੁਆਰਾ ਕੀਤੇ ਜਾਂਦੇ ਹਮਲਿਆਂ ਨੂੰ ਮੰਨਿਆ ਜਾਂਦਾ ਹੈ। ਜਿਨ੍ਹਾਂ ਹਮਲਿਆਂ ਦੌਰਾਨ ਇਸਤਰੀ ਸ਼ਰੀਰਕ, ਮਾਨਸਿਕ ਸ਼ੋਸ਼ਣ ਦਾ ਸ਼ਿਕਾਰ ਸੀ। ਇਹ ਵੀ ਇਕ ਵੱਡਾ ਕਾਰਨ ਸੀ ਕਿ ਹਮਲਿਆਂ ਦੇ ਡਰ ਕਾਰਨ ਹਿੰਦੂ ਆਪਣੀਆਂ ਬੇਟੀਆਂ ਨੂੰ ਬਾਲੜੀ ਉਮਰ ਵਿਚ ਹੀ ਵਿਆਹੁਣ ਨੂੰ ਵਧੇਰੇ ਤਰਜੀਹ ਦੇਣ ਲੱਗੇ ਸਨ।

ਭਗਤ ਬਾਣੀ ਵਿਚਹਰੀ-ਪਤੀ ਨੂੰ ਵੱਡਾ ਦਰਸਾਉਣ ਅਤੇ ਆਪਣੇ ਆਪ ਨੂੰ ਛੁਟਿਆਉਣ ਦੇ ਅਧਿਆਤਮਕ ਅਰਥਾਂ ਰਾਹੀਂ ਸਮਾਜ ਵਿਚ ਲੜਕੀਆਂ ਨੂੰ ਛੋਟੀ ਉਮਰੇ ਵਿਆਹੁਣ ਦੇ ਵਿਚਾਰਾਂ ਨੂੰ ਜਾਣਿਆ ਜਾ ਸਕਦਾ ਹੈ। ਕਈ ਵਾਰੀ ਤਾਂ ਵਰ ਮੇਚ ਦਾ ਵੀ ਖ਼ਿਆਲ ਨਹੀਂ ਸੀ ਰੱਖਿਆ ਜਾਂਦਾ ਅਤੇ ਛੋਟੀ ਉਮਰ ਦੀਆਂ ਲੜਕੀਆਂ ਨੂੰ ਵੱਡੀ ਉਮਰ ਦੇ ਮਰਦਾਂ ਨਾਲ ਵਿਆਹ ਦਿੱਤਾ ਜਾਂਦਾ ਸੀ।[26] ਲੋਕਾਂ ਦੁਆਰਾ ਕੀਤੇ ਜਾਂਦੇ ਅਨਜੋੜ ਵਿਆਹਾਂ ਦਾ ਹੀ ਨਤੀਜਾ ਸੀ ਕਿ ਪਤੀ ਦੀ ਮੌਤ ਤੋਂ ਬਾਅਦ ਉਹ ਛੋਟੀ ਉਮਰ ਵਿਚ ਹੀ ਰੰਡੇਪਾ ਕੱਟਦੀਆਂ ਹੋਈਆਂ ਆਪਣਾ ਸਾਰਾ ਜੀਵਨ ਨਿਰਬਲ ਹੋ ਕੇ ਗੁਜ਼ਾਰਦੀਆਂ ਸਨ:

ਨਾਨਕ ਬਾਲਤਣਿ ਰਾਡੇਪਾ ਬਿਨੁ ਪਿਰ ਧਨ ਕੁਮਲਾਣੀ॥

(ਸੂਹੀ, ਮਹਲਾ 1, ਪੰਨਾ-763)

ਛੋਟੀ ਉਮਰੇ ਵਿਆਹ ਦਾ ਮਤਲਬ ਕੁਆਰੀਆਂ ਕੁੜੀਆਂ ਲਈ ਸ਼ਿੰਗਾਰ ਕਰਨ, ਮੁਕਲਾਵੇ ਜਾਣ ਦੀ ਸਮਝ ਤਕ ਹੀ ਸੀਮਤ ਹੁੰਦਾ ਸੀ ਜਦੋਂ ਕਿ ਉਹ ਨਵੇਂ ਰਿਸ਼ਤਿਆਂ ਅਤੇ ਵਧੇਰੇ ਜ਼ਿੰਮੇਵਾਰੀਆਂ ਨਿਭਾਉਣ ਤੋਂ ਅਣਜਾਣ ਹੁੰਦੀਆਂ ਸਨ ਕਿਉਂਕਿ ਲੜਕੀ ਪੇਕੇ ਘਰ ਵਿਚਉਨ੍ਹਾਂ ਜ਼ਿੰਮੇਵਾਰੀਆਂ, ਉਲਝਣਾਂ ਤੋਂ ਨਾ ਵਾਕਿਫ਼ ਹੁੰਦੀ ਹੈ ਜੋ ਉਸ 'ਤੇ ਪਏ ਨਹੀਂ ਹੁੰਦੇ ਪਰ ਜਦੋਂ ਉਹ ਵਿਆਹੀ ਜਾਂਦੀ ਹੈ ਤਾਂ ਉਹ ਸਿਰ 'ਤੇ ਪਏ ਅਜਿਹੇ ਬੋਝ ਥੱਲੇ ਆਪਣੇ ਪੇਕੇ ਘਰ ਨੂੰ ਯਾਦ ਕਰਦੀ ਹੋਈ ਮੁੜ ਕੁਆਰੀ ਹੋਣਾ ਲੋਚਦੀ ਹੈ:

ਜਾਂ ਕੁਆਰੀ ਤਾ ਚਾਉ ਵੀਵਾਹੀ ਤਾਂ ਮਾਮਲੇ॥
ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ॥੬੩॥

(ਸਲੋਕ, ਸੇਖ਼ ਫ਼ਰੀਦ, ਪੰਨਾ-1381)

ਬਾਣੀ ਵਿਚ ਬਾਲ-ਵਿਆਹ ਦੇ ਹੋਰ ਸੰਕੇਤਾਂ ਨੂੰ ਕਬੀਰ ਜੀ ਦੇ ਇਸ ਸ਼ਬਦ ਤੋਂ ਵੀ ਸਮਝਿਆ ਜਾ ਸਕਦਾ ਹੈ ਜਦੋਂ ਉਹ ਜੀਵ ਰੂਪ ਕੰਨਿਆ ਨੂੰ ਚਾਰ ਦਿਨ ਸੰਸਾਰ (ਪੇਕੇ) ਵਿਚ ਰਹਿਣ ਭਾਵ ਬਹੁਤ ਘੱਟ ਸਮਾਂ ਰਹਿਕੇ, ਆਖਿਰ ਸਹੁਰੇ (ਪਰਲੋਕ) ਚਲੇ ਜਾਣ ਦੀ ਗੱਲ ਕਰਦੇ ਹਨ। ਇਸ ਤੋਂ ਪਤਾ ਚੱਲਦਾ ਹੈ ਕਿ ਵਿਆਹ, ਮੁਕਲਾਵੇ ਵਿਚ ਲੜਕੀ ਦੀ ਮਰਜ਼ੀ ਨਹੀਂ ਸੀ ਚੱਲਦੀ ਅਤੇ ਉਹ ਆਪਣੀ ਉਮਰ ਦਾ ਬਹੁਤ ਘੱਟ ਹਿੱਸਾ ਹੀ ਪੇਕੇ ਘਰ ਬਿਤਾਉਂਦੀ ਸੀ:

ਪੇਵਕੜੈ ਦਿਨ ਚਾਰਿ ਹੈ ਸਾਹੁਰੜੈ ਜਾਣਾ॥
ਅੰਧਾ ਲੋਕੁ ਨ ਜਾਣਈ ਮੂਰਖੁ ਏਆਣਾ॥੧॥
ਕਹੁ ਡਡੀਆ ਬਾਧੈ ਧਨ ਖੜੀ॥
ਪਾਹੂ ਘਰਿ ਆਏ ਮੁਕਲਾਊ ਆਏ॥੧॥ ਰਹਾਉ॥

(ਗਉੜੀ, ਕਬੀਰ, ਪੰਨਾ-333)

**ਬਹੁ-ਵਿਆਹ:** ਭਗਤ ਬਾਣੀ ਵਿਚ ਬਹੁ-ਵਿਆਹ ਬਾਰੇ ਵੀ ਕੁੱਝ ਇਕ ਸੰਕੇਤ ਪ੍ਰਾਪਤ ਹੁੰਦੇ ਹਨ। ਕਬੀਰ ਜੀ ਦਾ ਹੇਠਲਾ ਸ਼ਬਦ ਮਨ ਦੀਆਂ ਦੋ ਅਵਸਥਾਵਾਂ 'ਮਨਮੁੱਖ' ਤੇ 'ਗੁਰਮੁੱਖ' ਵਾਲੀ ਬਿਰਤੀ ਦਾ ਲਖਾਇਕ ਹੈ :

ਪਹਿਲੀ ਕਰੂਪਿ ਕੁਜਾਤਿ ਕੁਲਖਨੀ ਸਾਹੁਰੈ ਪੇਈਐ ਬੁਰੀ॥
ਅਬ ਕੀ ਸਰੂਪਿ ਸੁਜਾਨਿ ਸੁਲਖਨੀ ਸਹਜੇ ਉਦਰਿ ਧਰੀ॥੧॥
ਭਲੀ ਸਰੀ ਮੁਈ ਮੇਰੀ ਪਹਿਲੀ ਬਰੀ॥...
ਕਹੁ ਕਬੀਰ ਜਬ ਲਹੁਰੀ ਆਈ ਬਡੀ ਕਾ ਸੁਹਾਗੁ ਟਰਿਓ॥
ਲਹੁਰੀ ਸੰਗਿ ਭਈ ਅਬ ਮੇਰੈ ਜੇਠੀ ਅਉਰੁ ਧਰਿਓ॥੨॥੨॥੩੨॥

(ਆਸਾ, ਕਬੀਰ, ਪੰਨਾ-483-484)

ਇਸ ਸ਼ਬਦ ਤੋਂ ਏਨੀ ਕੁ ਰਮਜ਼ ਜ਼ਰੂਰ ਮਿਲ ਜਾਂਦੀ ਹੈ ਕਿ ਕਈ ਵਾਰ ਸਮਾਜ ਵਿਚ ਕਿਸੇ ਪੁਰਸ਼ ਦੀ ਪਹਿਲੀ ਪਤਨੀ ਦੇ ਗੁਣ ਲੱਛਣ ਜਾਂ ਚਾਲ-ਚਲਣ ਸਹੀ ਨਾ ਹੋਣ ਜੋ ਕੇਵਲ ਸਹੁਰੇ (ਪਰਲੋਕ) ਹੀ ਨਹੀਂ, ਸਗੋਂ ਪੇਕੇ (ਲੌਕਿਕ) ਘਰ ਵੀ ਆਪਣੇ ਕੁਲੱਛਣਾਂ ਕਾਰਨ ਬੁਰੀ ਵਜਦੀ ਹੋਵੇ ਤਾਂ ਅਜਿਹੀ ਪਤਨੀ (ਮਤ) ਨੂੰ ਉਸਦਾ ਪਤੀ ਤਿਆਗ ਕੇ ਦੂਸਰੀ (ਬੁੱਧੀ) ਪਤਨੀ ਨੂੰ ਘਰ ਲੈ

ਆਉਂਦਾ ਸੀ ਜਿਸ ਨੂੰ ਚੰਗੇ ਗੁਣਾਂ ਕਾਰਨ ਸੁਭਾਗੀ ਆਖ ਕੇ ਸਰਾਹਨਾ ਕੀਤੀ ਜਾਂਦੀ ਸੀ। ਉਧਰ ਛੱਡੀ ਹੋਈ ਕੁਲੱਛਣੀ ਇਸਤਰੀ ਵੀ ਕਿਸੇ ਹੋਰ ਦੇ ਘਰ ਵਸ ਜਾਂਦੀ ਸੀ।

**ਸਤੀ ਪ੍ਰਥਾ** : ਮੱਧਕਾਲੀ ਸਮਾਜ ਵਿਚ 'ਸਤੀ ਪ੍ਰਥਾ' ਦਾ ਵਧੇਰੇ ਬੋਲਬਾਲਾ ਸੀ ਜਿਸ ਪ੍ਰਥਾ ਅਨੁਸਾਰ ਪਤੀ ਦੇ ਮਰਨ ਤੋਂ ਬਾਅਦ, ਪਤੀ ਦੀ ਚਿਖਾ ਵਿਚ ਪਤਨੀ ਨੂੰ ਸੜ ਕੇ ਮਰਨਾ ਪੈਂਦਾ ਸੀ। ਇਹ ਰਸਮ ਜਾਂ ਪ੍ਰਥਾ ਔਰਤ 'ਤੇ ਮਨਮਰਜ਼ੀ ਅਤੇ ਜਬਰਦਸਤੀ ਦੋਵੇਂ ਢੰਗਾਂ ਨਾਲ ਲਾਗੂ ਕੀਤੀ ਜਾਂਦੀ ਸੀ। ਹਰਬੰਸ ਸਿੰਘ ਚਾਵਲਾ ਨੇ ਆਪਣੀ ਪੁਸਤਕ ਦੇ ਸਤਵੇਂ ਅਧਿਆਇ 'ਸਮਾਜ ਵਿਚ ਇਸਤਰੀ ਦਾ ਦਰਜਾ' ਦੇ 125ਵੇਂ ਫੁਟ ਨੋਟ ਵਿਚ ਬਰਨੀਅਰ ਦੇ ਸਫਰਨਾਮੇ ਦਾ ਹਵਾਲਾ ਦਿੰਦੇ ਹੋਏ ਲਿਖਿਆ ਹੈ ਕਿ ਬਰਨੀਅਰ ਆਪਣੇ ਸਫਰਨਾਮੇ ਵਿਚ ਬਾਰ੍ਹਾਂ ਸਾਲਾਂ ਦੀ ਇਕ ਮਾਸੂਮ ਕੁੜੀ ਦਾ ਜ਼ਿਕਰ ਕਰਦਾ ਹੈ ਜਿਸ ਦੇ ਹੱਥ ਪੈਰ ਬੰਨ੍ਹ ਕੇ, ਰੋਂਦੀ ਤੇ ਚਿਲਾਂਦੀ ਨੂੰ ਬਲਦੀ ਚਿਖਾ ਵਿਚ ਸੁੱਟ ਦਿੱਤਾ ਗਿਆ ਸੀ।[27]" ਇਸ ਪ੍ਰਥਾ ਦੇ ਆਰੰਭ ਬਾਰੇ ਗੁਰੂ ਅਰਜਨ ਦੇਵ ਇਸ ਵਿਚਾਰ ਵੱਲ ਸੰਕੇਤ ਕਰਦੇ ਹਨ ਕਿ ਕਦੇ ਕੋਈ ਇਸਤਰੀ ਆਪਣੇ ਪਤੀ ਦੇ ਸਨੇਹ ਵਿਚ ਕੀਤੇ ਕਰਮਾਂ ਤੇ ਸੰਯੋਗਾਂ ਵਸ ਜਜ਼ਬਾਤੀ ਹੋਈ ਚਿਖਾ ਵਿਚ ਜਲ ਕੇ ਮਰ ਗਈ ਹੋਵੇਗੀ ਜਿਸਨੂੰ ਦੇਖਾ-ਦੇਖੀ ਤੇ ਮਨ ਦੀ ਹੱਠਤਾ ਕਾਰਨ ਬਾਅਦ ਵਿਚ ਅਪਣਾਇਆ ਜਾਣ ਲੱਗਾ:

ਜਲੈ ਨ ਪਾਈਐ ਰਾਮ ਸਨੇਹੀ॥
ਕਿਰਤਿ ਸੰਜੋਗਿ ਸਤੀ ਉਠਿ ਹੋਈ॥੧॥ ਰਹਾਉ॥
ਦੇਖਾ ਦੇਖੀ ਮਨਹਠਿ ਜਲਿ ਜਾਈਐ॥
ਪ੍ਰਿਅ ਸੰਗੁ ਨ ਪਾਵੈ ਬਹੁ ਜੋਨਿ ਭਵਾਈਐ॥੨॥

(ਗਉੜੀ, ਮਹਲਾ 5, ਪੰਨਾ-185)

ਮੱਧਕਾਲ ਦੌਰਾਨ ਸਤੀ ਪ੍ਰਥਾ ਦੇ ਵਧੇਰੇ ਪ੍ਰਚਲਨ ਬਾਰੇ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਅਧਿਆਤਮਕ ਅਰਥਾਂ ਦੇ ਨਾਲ-ਨਾਲ ਸਿੱਧੇ ਤੌਰ 'ਤੇ ਵੀ ਇਸ ਪ੍ਰਥਾ ਦੀ ਨਿਖੇਧੀ ਕੀਤੀ ਹੈ। ਭਗਤ ਕਬੀਰ ਜੀ ਪੰਡਿਤ ਨੂੰ ਸੰਬੋਧਿਤ ਹੁੰਦੇ ਫਰਮਾਉਂਦੇ ਹਨ ਕਿ ਹੇ ਪੰਡਿਤ! ਤੂੰ ਜ਼ਰਾ ਇਹ ਤਾਂ ਵਿਚਾਰ ਕੇ ਦੇਖ ਕਿ ਜਿੰਨਾ ਚਿਰ ਕਿਸੇ ਔਰਤ ਵਿਚ ਸਤ, ਸੀਲ, ਸੰਜਮ ਜਿਹੇ ਗੁਣ ਹੀ ਨਹੀਂ ਤਾਂ ਫਿਰ ਮਨ ਦੀ ਹਠਤਾ ਤੇ ਇਕ ਰਸਮ ਦੇ ਨਿਭਾਉਣ ਨਾਲ ਇਸਤਰੀ ਸਤੀ ਕਿਵੇਂ ਹੋ ਸਕਦੀ ਹੈ:

ਬਿਨੁ ਸਤ ਸਤੀ ਹੋਇ ਕੈਸੇ ਨਾਰਿ॥
ਪੰਡਿਤ ਦੇਖਹੁ ਰਿਦੈ ਬੀਚਾਰਿ॥੧॥

(ਗਉੜੀ, ਕਬੀਰ, ਪੰਨਾ-328)

ਸਤੀ ਦੀ ਰਸਮ ਬਾਰੇ ਕਬੀਰ ਜੀ ਦਾ ਇਕ ਹੋਰ ਸ਼ਬਦ ਹੈ ਜਿਸ ਵਿਚ ਇਸਤਰੀ ਨਾਲ ਸਬੰਧਿਤ ਤਤਕਾਲੀ ਸਮਾਜ ਵਿਚ ਨਿਭਾਈ ਜਾਂਦੀ ਸਤੀ ਦੀ ਰਸਮ ਦੇ ਪ੍ਰਤੀਕ ਰਾਹੀਂ ਜੀਵ ਨੂੰ ਦੁਚਿੱਤੀ, ਡਗਮਗ, ਭਰਮ, ਡਰ ਆਦਿ ਤਿਆਗ ਕੇ, ਮਨ ਦੇ ਵਿਕਾਰਾਂ ਨਾਲ ਲੜਨ ਲਈ ਨਿਡਰ ਹੋ ਕੇ ਮੈਦਾਨ ਵਿਚ ਜੂਝ ਮਾਰਨ ਲਈ ਉਪਦੇਸ਼ ਮਿਲਦਾ ਹੈ। ਉਹ ਸੂਰਮਾ ਜੋ ਮਨ ਦੇ ਅੰਤ੍ਰੀਵੀ ਮੈਦਾਨ ਵਿਚ ਜਾਂ ਬਾਹਰੀ ਸਮਾਜ ਹੋ ਰਹੇ ਬੁਰਾਈਆਂ ਦੇ ਯੁੱਧ-ਮੈਦਾਨ ਵਿਚ ਡਰ, ਦੁਚਿੱਤੇਪਣ ਨੂੰ ਛੱਡਕੇ ਜੂਝ ਮਰੇ :

ਸੂਰੁ ਕਿ ਸਨਮੁਖ ਰਨ ਤੇ ਡਰਪੈ॥ ਸਤੀ ਕਿ ਸਾਂਚੈ ਭਾਂਡੇ॥੧॥
ਡਗਮਗ ਛਾਡਿ ਰੇ ਮਨ ਬਉਰਾ॥ਅਬ ਤਉ ਜਰੇ ਮਰੇ ਸਿਧਿ ਪਾਈਐ
ਲੀਨੋ ਹਾਥਿ ਸੰਧਉਰਾ॥੧॥ਰਹਾਉ॥

(ਗਉੜੀ, ਕਬੀਰ, ਪੰਨਾ-338)

ਕਬੀਰ ਜੀ ਦੇ ਇਸ ਤਰ੍ਹਾਂ ਦੇ ਇਕ ਹੋਰ ਸਲੋਕ ਨੂੰ ਦੇਖਿਆ ਜਾ ਸਕਦਾ ਹੈ:

ਕਬੀਰ ਐਸੀ ਹੋਇ ਪਰੀ ਮਨ ਕੋ ਭਾਵਤੁ ਕੀਨੁ॥
ਮਰਨੇ ਤੇ ਕਿਆ ਡਰਪਨਾ ਜਬ ਹਾਥਿ ਸਿਧਉਰਾ ਲੀਨ॥੭੧॥

(ਸਲੋਕ, ਕਬੀਰ, ਪੰਨਾ-1368)

ਕਬੀਰ ਜੀ ਦੇ ਇਨ੍ਹਾਂ ਸ਼ਬਦਾ ਵਿਚ ਪੇਸ਼ ਵਿਚਾਰਾਂ ਉਦੇਸ਼ਾਂ ਤੋਂ ਇਹ ਭਰਮ ਪੈਦਾ ਨਹੀਂ ਕਰ ਲੈਣਾ ਚਾਹੀਦਾ ਕਿ ਉਨ੍ਹਾਂ ਨੇ ਸਤੀ ਨੂੰ ਡਰ ਤਿਆਗ ਕੇ ਪਤੀ ਦੀ ਚਿਖਾ ਵਿਚ ਸੜ ਮਰਨ ਲਈ ਆਖਿਆ। ਇਹ ਵਿਚਾਰ ਜਾਂ ਸੋਚ ਰੱਖਣਾ ਤਾਂ ਕਬੀਰ ਜੀ ਦੇ ਸਾਰੇ ਵਿਚਾਰਾਂ, ਸਿਧਾਤਾਂ ਦੇ ਉਲਟ ਹੋਣਾ ਹੈ ਕਿਉਂਕਿ ਕਿਸੇ ਲੇਖਕ ਦੀ ਸੰਪੂਰਨ ਰਚਨਾ ਤੋਂ ਉਸਦੀ ਸਮਾਜ ਪ੍ਰਤੀ ਅਪੀਲ ਨੂੰ ਜਾਣਿਆ ਜਾ ਸਕਦਾ ਹੈ ਨਾ ਕਿ ਕਿਸੇ ਇਕ ਸ਼ਬਦ ਜਾਂ ਰਚਨਾ ਤੋਂ। ਸਤੀ ਨਾਲ ਹੀ ਸੰਬੰਧਿਤ ਕਬੀਰ ਜੀ ਦੇ ਇਕ ਹੋਰ ਸਲੋਕ ਨੂੰ ਦੇਖਿਆ ਜਾ ਸਕਦਾ ਹੈ:

ਕਬੀਰ ਸਤੀ ਪੁਕਾਰੈ ਚਿਹ ਚੜੀ ਸੁਨੁ ਹੋ ਬੀਰ ਮਸਾਨ॥
ਲੋਗੁ ਸਬਾਇਆ ਚਲਿ ਗਇਓ ਹਮ ਤੁਮ ਕਾਮੁ ਨਿਦਾਨ॥੮੫॥

(ਸਲੋਕ, ਕਬੀਰ, ਪੰਨਾ-1368-1369)

ਇਸ ਸਲੋਕ ਦੇ ਪਹਿਲੇ ਅਰਥ ਇਹ ਹਨ ਕਿ ਸਤੀ ਚਿਖਾ 'ਤੇ ਚੜ੍ਹੀ ਪੁਕਾਰਦੀ ਹੈ ਕਿ ਮਸਾਣਾਂ ਦੇ ਬੀਰ ਸੁਣ, ਹੁਣ ਸਭ ਲੋਕ ਤਾਂ ਚਲੇ ਗਏ, ਅੰਤਲਾ ਕੰਮ ਤੇਰਾ ਤੇ ਮੇਰਾ ਹੀ ਰਹਿ ਗਿਆ ਏ। ਇਸ ਸ਼ਬਦ ਦੇ ਅਧਿਆਤਮਕ ਅਰਥਾਂ ਅਨੁਸਾਰ ਮਸਾਣਾਂ ਦਾ ਬੀਰ ਗੁਰੂ ਜੋ ਜੀਵਾਤਮਾ ਨੂੰ ਪ੍ਰਭੂ-ਪਤੀ ਦੀ ਪ੍ਰੇਮਮਈ ਅਗਨ ਵਿਚ ਜਲਾ ਕੇ ਇਕ ਹੋਣ ਦਾ ਕਾਰਜ ਕਰਦਾ ਹੈ। ਇਸ ਨਾਲ

ਜੀਵਾਤਮਾ ਆਪਣੇ ਬ੍ਰਹਮ ਨਾਲ ਇਕ ਹੋ ਜਾਂਦੀ ਹੈ। ਇਸ ਲਈ ਇਹ ਅੰਤਲਾ ਕੰਮ ਗੁਰੂ ਦਾ ਤੇ ਭਗਤ (ਜੀਵਾਤਮਾ) ਦਾ ਹੀ ਹੈ। ਅਜਿਹੀਆਂ ਰਚਨਾਵਾਂ ਦੇ ਰਚਨ ਵੇਲੇ ਦੀ ਕਬੀਰ ਜੀ ਦੀ ਮਾਨਸਿਕ ਦਸ਼ਾ ਦੇ ਪੱਧਰ ਨੂੰ ਸਮਝਣ ਤੋਂ ਬਿਨਾਂ ਕੁੱਝ ਆਖਣਾ, ਉਨ੍ਹਾਂ ਦੀ ਬਾਣੀ ਨਾਲ ਨਿਆਂ ਨਹੀਂ ਹੋਵੇਗਾ। "ਕਿਸੇ ਸਿਖਰਾਂ ਨੂੰ ਛੋਹੀ ਹੋਈ ਆਤਮਾ ਵਿਚੋਂ ਨਿਕਲੇ ਅਗੰਮੀ ਸ਼ਬਦਾਂ ਨੂੰ ਸਮਝਣ ਲਈ ਜੇ ਉਸ ਦੇ ਅਰਥ ਉਸੇ ਤਰ੍ਹਾਂ ਹੀ ਕਰ ਦੇਈਏ ਜਿਸ ਨੂੰ ਕਿ ਸਾਡੀ ਹੀ ਸਮਝ ਅਨੁਭਵ ਕਰ ਸਕਦੀ ਹੈ, ਤਾਂ ਅਸੀਂ ਉਸ ਮਹਾਂਪੁਰਸ਼ਾਂ ਦੀ ਸ਼ਬਦਾਵਲੀ ਨੂੰ ਅਨਰਥਾਂ ਵਿਚ ਭੀ ਬਦਲ ਸਕਦੇ ਹਾਂ। ਮਹਾਂਪੁਰਸ਼ਾਂ ਦੇ ਸਿਧਾਂਤ ਬੁਲੰਦੀਆਂ ਨੂੰ ਛੋਹੀ ਹੋਈ ਆਤਮਾ ਵਿਚੋਂ ਨਿਕਲੇ ਹੋਏ ਹੁੰਦੇ ਹਨ, ਜਿਸ ਨੂੰ ਕਿ ਅਸੀਂ ਆਪਣੀ ਮਨ ਦੀ ਕਸਵਟੀ ਉਤੇ ਲਾ ਕੇ ਹੀ ਨਹੀਂ ਪਰਖ ਸਕਦੇ।"[28] ਸੋ ਇਕ ਮਹਾਂਪੁਰਸ਼ਾ ਦੇ ਅਗੰਮੀ ਸ਼ਬਦਾਂ ਦੇ ਅਰਥਾਂ ਨੂੰ ਦੂਸਰੇ ਮਹਾਂਪੁਰਸ਼ ਦੀ ਅਗੰਮੀ ਆਤਮਾ ਹੀ ਸਮਝ ਸਕਦੀ ਹੈ ਜਿਸ ਨੂੰ ਪੂਰਨ ਤੌਰ 'ਤੇ ਸੋਚਦਿਆਂ, ਸਮਝਦਿਆਂ, ਜਾਣਦਿਆਂ ਤੇ ਮਹਿਸੂਸ ਕਰਦੀਆਂ ਗੁਰੂ ਸਾਹਿਬਾਨਾਂ ਦੀਆਂ ਅਗੰਮੀ ਆਤਮਾਵਾਂ ਨੇ ਇਨ੍ਹਾਂ ਵਿਚਾਰਾਂ ਨੂੰ ਅੱਗੇ ਤੋਰਦੇ ਹੋਏ ਸਤੀ ਪ੍ਰਥਾ ਦੇ ਵਿਰੋਧ ਵਿਚ ਆਪਣੇ ਸ਼ਬਦਾਂ ਦੀ ਮੋਹਰ ਲਗਾਈ। ਤੀਸਰੇ ਗੁਰੂ ਅਮਰ ਦਾਸ ਜੀ ਪਤੀ ਦੀ ਚਿਖਾ ਵਿਚ ਸੜਨ ਵਾਲੀ ਔਰਤ ਨੂੰ ਸਤੀ ਕਹਿਣ ਦੀ ਬਜਾਏ, ਪਤੀ ਦੇ ਬਿਰਹੇ ਦੀ ਚੋਟ ਵਿਚ ਸੜਨ ਵਾਲੀਆਂ, ਸੀਲ-ਸੰਜਮ, ਸੰਤੋਖ ਨਾਲ ਰਹਿਣ ਵਾਲੀਆਂ ਤੇ ਪਤੀ ਦੀ ਯਾਦ ਨੂੰ ਹਿਰਦੇ ਵਿਚ ਸਮਾਲਣ ਵਾਲੀਆਂ ਇਸਤਰੀਆਂ ਨੂੰ ਹੀ ਸਤੀਆਂ ਆਖਦੇ ਹਨ ਜੋ ਜਿਉਂਦੇ ਪਤੀ ਨਾਲ ਜ਼ਿੰਦਗੀ ਦੇ ਦੁੱਖਾਂ, ਕਸ਼ਟਾਂ ਦੀ ਅੱਗ ਨੂੰ ਬਰਾਬਰ ਸਹਾਰਦੀਆਂ ਹਨ। ਜਦੋਂ ਕਿ ਗੁਰੂ ਸਾਹਿਬ ਅਜਿਹੀਆਂ ਇਸਤਰੀਆਂ ਨੂੰ ਸਤੀ ਕਰਨ ਦਾ ਵਿਰੋਧ ਕਰਦੇ ਹਨ ਜਿਨ੍ਹਾਂ ਨੂੰ ਪਤੀ ਨਾਲ ਮੋਹ ਤਾਂ ਨਹੀਂ ਹੁੰਦਾ, ਭਾਵੇਂ ਪਤੀ ਜੀਵੇ ਜਾਂ ਮਰੇ, ਦੁਖੀ-ਸੁਖੀ ਹੋਵੇ, ਉਹ ਤਾਂ ਪਤੀ ਨੂੰ ਹਰ ਹਾਲਤ ਵਿਚ ਦੇਖਕੇ ਦੂਰੋਂ ਹੀ ਪਾਸਾ ਵੱਟ ਜਾਂਦੀਆਂ ਹਨ। ਸੋ ਦੋਵੇਂ ਪੱਖਾਂ ਤ੍ਰੋ ਸਤੀ ਪ੍ਰਥਾ ਦਾ ਵਿਰੋਧ ਹੈ :

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥
ਨਾਨਕ ਸਤੀਆ ਜਾਣੀਅਨਿ~ ਜਿ ਬਿਰਹੇ ਚੋਟ ਮਰੰਨ੍ਹਿ॥੧॥
ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨ੍ਹਿ॥
ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਾਲੰਨ੍ਹਿ॥੨॥...
ਨਾਨਕ ਕੰਤ ਨ ਜਾਣਨੀ ਸੇ ਕਿਉ ਅਗਿ ਜਲਾਹਿ॥
ਭਾਵੈ ਜੀਵਉ ਕੈ ਮਰਉ ਦੂਰਹੁ ਭੀ ਭਜਿ ਜਾਹਿ॥੩॥

(ਸੂਹੀ, ਮਹਲਾ 3, ਪੰਨਾ-787)

**ਪਰਦਾ ਪ੍ਰਥਾ** : ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਹੋਰ ਸਮਾਜਕ ਬੁਰਾਈਆਂ ਦੇ ਨਾਲ ਨਾਲ ਇਸਤਰੀ ਸਬੰਧੀ ਪ੍ਰਚਲਿਤ ਹਰ ਉਸ ਪ੍ਰਥਾ ਜਾਂ ਰਸਮ ਦਾ ਵਿਰੋਧ ਕੀਤਾ ਜੋ ਉਸਨੂੰ ਗ਼ੁਲਾਮੀ ਜਾਂ ਨੀਵੇਂਪਣ ਦਾ ਅਹਿਸਾਸ ਦਿਵਾਉਂਦੀ ਸੀ। ਸਮਾਜ ਵਿਚ ਇਸਤਰੀ ਦਾ ਇਕ ਸੀਮਤ ਘੇਰਾ ਸੀ ਜਿਸ ਤੋਂ ਉਸਦਾ ਬਾਹਰ ਹੋਣਾ ਬੁਰਾ ਸਮਝਿਆ ਜਾਂਦਾ ਸੀ। ਪਰਦਾ ਕੇਵਲ ਉਸਦਾ ਚਿਹਰਾ ਢਕਣ ਲਈ ਹੀ ਨਹੀਂ ਸੀ, ਸਗੋਂ ਅਜਿਹਾ ਇਕ ਪਰਦਾ ਉਸਦੀ ਬੁੱਧੀ 'ਤੇ ਵੀ ਪਾ ਦਿੱਤਾ ਗਿਆ ਸੀ ਜਿਸ ਨੂੰ ਭਗਤ ਕਬੀਰ ਜੀ ਉਠਾਉਂਦੇ ਹਨ। ਕਬੀਰ ਜੀ ਪਰਦਾ ਪ੍ਰਥਾ ਦਾ ਵਿਰੋਧ ਕਰਦੇ ਹੋਏ ਪਰਦਾ ਨਾ ਕਰਨ ਦੀ ਪ੍ਰੇਰਨਾ ਦਾ ਆਰੰਭ ਹੀ ਆਪਣੀ ਘਰ ਦੀ ਨੂੰਹ ਤੋਂ ਕਰਦੇ ਹਨ। ਉਹ ਪਰੰਪਰਾ ਤੋਂ ਚੱਲੀ ਆ ਰਹੀ ਦਿਖਾਵੇ ਦੀ ਇਸ ਪਰੰਪਰਾ ਨੂੰ ਤੋੜਦੇ ਹੋਏ, ਹਰੀ ਦੇ ਗੁਣਾਂ ਦੀ ਖੁਸ਼ੀ ਵਿਚ ਵਿਚਰਦੇ ਜਨਮ ਬਤੀਤ ਕਰਨ ਦਾ ਉਪਦੇਸ਼ ਦਿੰਦੇ ਹਨ :

ਰਹੁ ਰਹੁ ਰੀ ਬਹੁਰੀਆ ਘੂੰਘਟੁ ਜਿਨਿ ਕਾਢੈ॥
ਅੰਤ ਕੀ ਬਾਰ ਲਹੈਗੀ ਨ ਆਢੈ॥੧॥ ਰਹਾਉ॥...
ਘੂੰਘਟੁ ਤੇਰੋ ਤਉ ਪਰਿ ਸਾਚੈ॥ ਹਰਿ ਗੁਨ ਗਾਇ ਕੂਦਹਿ ਅਰੁ ਨਾਚੈ॥੩॥
ਕਹਤ ਕਬੀਰ ਬਹੂ ਤਬ ਜੀਤੈ॥
ਹਰ ਗੁਨ ਗਾਵਤ ਜਨਮੁ ਬਿਤੀਤੈ॥੪॥੧॥੩੪॥

(ਆਸਾ, ਕਬੀਰ ਜੀ, ਪੰਨਾ-484)

ਇਸਤਰੀ ਸਬੰਧੀ ਚੱਲੀਆਂ ਇਨ੍ਹਾਂ ਪ੍ਰਥਾਵਾਂ ਤੋਂ ਇਲਾਵਾ ਭਗਤ ਬਾਣੀ ਵਿਚ ਸਮਕਾਲੀ ਸਮਾਜ ਵਿਚ ਇਸਤਰੀ ਦੇ ਬਿੰਬ ਨੂੰ ਵੀ ਦ੍ਰਿਸ਼ਟੀਗੋਚਰ ਕੀਤਾ ਹੈ ਜਿਸ ਵਿਚ ਇਸਤਰੀ ਦੇ ਨੈਤਿਕ ਅਤੇ ਅਨੈਤਿਕ ਗੁਣਾਂ ਔਗੁਣਾਂ ਨੂੰ ਉਭਾਰਦੇ ਹੋਏ ਉਸਦੇ ਵਿਅਕਤਿਤਵ ਦੀ ਤਸਵੀਰ ਨੂੰ ਉਘਾੜਿਆ ਗਿਆ ਹੈ।

## ਸਦਾਚਾਰਕ ਗੁਣਾਂ ਵਾਲੀ ਇਸਤਰੀ

ਗੁਰੂ ਬਾਣੀਕਾਰ ਅਤੇ ਭਗਤ ਬਾਣੀਕਾਰਾਂ ਨੇ ਸਦਾਚਾਰਕ ਜਾਂ ਨੈਤਿਕ ਗੁਣ ਰੱਖਣ ਵਾਲੀ ਨਾਰੀ ਨੂੰ ਅਧਿਆਤਮਕ ਅਰਥਾਂ ਵਿਚ ਬ੍ਰਹਮ-ਨਾਮ, ਸਿਮਰਨ, ਪ੍ਰੇਮ, ਆਗਿਆ-ਪਾਲਣ, ਹੁਕਮ ਮੰਨਣ ਆਦਿ ਗੁਣਾਂ ਵਾਲੇ ਭਗਤ ਦੇ ਪ੍ਰਭੂ-ਪਤੀ ਲਈ ਪ੍ਰੇਮ ਨੂੰ ਦਰਸਾਉਣ ਲਈ ਇਕ ਮਾਡਲ ਵਜੋਂ ਪੇਸ਼ ਕੀਤਾ ਹੈ। ਇਹ ਵੀ ਯਾਦ ਰੱਖਣ ਵਾਲੀ ਗੱਲ ਹੈ ਕਿ ਸਮਾਜ ਸਾਹਮਣੇ ਉੱਚ ਕੋਟੀ ਤੇ ਸੱਚੇ-ਸੁੱਚੇ ਸਰਬ-ਕਲਿਆਣਕਾਰੀ, ਵਿਚਾਰਾਂ, ਉਦੇਸ਼ਾਂ, ਨੂੰ ਰੱਖਣ ਵਾਲੇ ਮਹਾਨ ਸ਼ਖ਼ਸ ਹਮੇਸ਼ਾਂ ਓਨੇ ਹੀ ਉੱਚ ਕੋਟੀ ਤੇ ਸੱਚੇ-ਸੁੱਚੇ ਮਾਡਲ ਤੇ ਮਾਧਿਅਮਾਂ ਦੀ ਚੋਣ ਕਰਦੇ ਹਨ। ਇਹ ਮਾਣ ਵਾਲੀ ਗੱਲ

ਹੈ ਕਿ ਬਾਣੀਕਾਰਾਂ ਨੇ ਜੀਵਾਤਮਾ ਦੇ ਪ੍ਰਭੂ-ਪ੍ਰੇਮ ਲਈ ਇਸਤਰੀ ਦੁਆਰਾ ਪੁਰਸ਼ ਪ੍ਰਤੀ ਸੱਚੇ-ਪ੍ਰੇਮ ਦੀ ਇਕ ਮਾਡਲ ਵਜੋਂ ਚੋਣ ਕੀਤੀ ਅਤੇ ਲੋਕਾਈ ਨੂੰ ਉਹ ਗ੍ਰੰਥ ਸੌਂਪਿਆ ਜਿਸ ਵਿਚ ਹੋਰ ਸਭ ਤਰ੍ਹਾਂ ਦੇ ਅਮਲੀ ਜੀਵਨ-ਸੁਧਾਰ ਦੇ ਨਾਲ ਨਾਲ ਸਦੀਆਂ ਤੋਂ ਗ਼ੁਲਾਮ, ਅਤਿਆਚਾਰ ਦਾ ਸ਼ਿਕਾਰ ਹੁੰਦੀ ਆਈ ਇਸਤਰੀ ਲਈ ਸਮਾਜ ਵਿਚ ਬਰਾਬਰੀ ਤੇ ਆਜ਼ਾਦ ਮਾਹੌਲ ਸਿਰਜਣ ਵਿਚ ਕਾਮਯਾਬ ਯਤਨ ਕੀਤੇ ਗਏ ਹਨ।

**ਕੁਆਰੀ ਕੰਨਿਆ ਜਾਂ ਧੀ :** ਬਾਲ ਉਮਰ ਤੋਂ ਲੈ ਕੇ ਜਵਾਨ ਉਮਰ ਤੇ ਵਿਆਹ-ਬੰਧਨ ਵਿਚ ਬੱਝਣ ਤੋਂ ਪਹਿਲਾਂ ਦੇ ਇਸਤਰੀ-ਰੂਪ ਨੂੰ ਕੁਆਰੀ ਕੰਨਿਆ ਜਾਂ ਲੜਕੀ ਕਿਹਾ ਜਾਂਦਾ ਹੈ। ਕੁਆਰੀ ਕੰਨਿਆ ਆਪਣੀ ਇਹ ਉਮਰ ਮਾਂ-ਬਾਪ, ਭੈਣ-ਭਰਾਵਾਂ ਆਦਿ ਵਿਚ ਬਿਤਾਉਂਦੀ ਹੈ। ਭਾਰਤੀ ਸਮਾਜ ਦੇ ਮੱਧਕਾਲੀਨ ਸਮਾਜ ਵਿਚ ਵਧੇਰੇ ਕਰਕੇ ਕੁਆਰੀ ਲੜਕੀ ਨੂੰ ਘਰੇਲੂ ਕੰਮਾਂ, ਧੰਦਿਆਂ ਦੀ ਸਿੱਖਿਆ ਦੇਣਾ ਹੀ ਲਾਜ਼ਮੀ ਸਮਝਿਆ ਜਾਂਦਾ ਸੀ। ਮਾਪਿਆਂ ਲਈ ਸਭ ਤੋਂ ਮਹੱਤਵਪੂਰਨ ਤੇ ਚਿੰਤਾਂ ਧੀਅ ਦਾ ਯੋਗ ਵਰ ਲੱਭ ਕੇ ਵਿਆਹ ਕਰਨ ਦੀ ਹੁੰਦੀ ਸੀ ਜਿਸ ਨੂੰ 'ਕੰਨਿਆ ਦਾਨ' ਵੀ ਕਿਹਾ ਜਾਂਦਾ ਹੈ। ਲੜਕੀ ਦੇ ਵਿਆਹ ਲਈ ਉਸ ਨੂੰ ਸਮੇਂ ਸਿਰ ਹੀ ਸਹੁਰੇ ਰਹਿਣ ਦੇ ਚੱਜ-ਅਚਾਰ ਸਿੱਖਣ ਲਈ ਕਿਹਾ ਜਾਂਦਾ ਸੀ। ਜੇਕਰ ਲੜਕੀ ਇਸ ਤੋਂ ਇਨਕਾਰੀ ਹੁੰਦੀ ਤਾਂ ਉਸ ਨੂੰ ਸਭ ਕੁੜੀਆਂ ਦੇ ਸਹੁਰੇ ਘਰ (ਪਰਲੋਕ) ਜਾਣ ਤੇ ਮੁਕਲਾਵੇ ਜਾਣ ਦੀ ਸਿੱਖਿਆ ਦਿੱਤੀ ਜਾਂਦੀ ਸੀ ਅਤੇ ਕਿਹਾ ਜਾਂਦਾ ਕਿ ਧੰਨ ਨੇ ਉਹ ਸੁਹਾਗਣਾਂ (ਜੀਵਾਤਮਾਵਾਂ), ਜਿਨ੍ਹਾਂ ਦਾ ਸਹੁ (ਪ੍ਰਭੂ) ਨਾਲ ਪਿਆਰ ਹੁੰਦਾ ਹੈ।[29] ਇਸ ਤਰ੍ਹਾਂ ਲੜਕੀ ਦੇ ਮਨ 'ਚ ਬਾਲ ਉਮਰ ਤੋਂ ਹੀ ਇਹ ਗੱਲ ਪੱਕੀ ਕਰ ਦਿੱਤੀ ਜਾਂਦੀ ਸੀ ਕਿ ਉਸ ਦਾ ਅਸਲ ਘਰ ਸਹੁਰਾ (ਪਰਲੋਕ ) ਹੈ, ਅਸਲ ਮਾਲਕ, ਪਤੀ (ਹਰੀ) ਹੈ। ਪੇਕੇ ਘਰ ਤਾਂ ਬਸ ਉਸਨੇ ਚਾਰ ਦਿਨ (ਬਹੁਤ ਘੱਟ ਸਮਾਂ) ਰਹਿਣਾ ਹੈ :

ਪੇਵਕੜੈ ਦਿਨ ਚਾਰਿ ਹੈ ਸਾਹੁਰੜੈ ਜਾਣਾ॥
ਅੰਧਾ ਲੋਕੁ ਨ ਜਾਣਈ ਮੂਰਖੁ ਏਆਣਾ॥੧॥

(ਗਉੜੀ, ਕਬੀਰ, ਪੰਨਾ-333)

ਲੜਕੀ ਜਦੋਂ ਥੋੜ੍ਹਾ ਜਵਾਨ ਹੁੰਦੀ ਤਾਂ ਉਸ ਦੇ ਮਨ 'ਚ ਸ਼ਿੰਗਾਰ ਕਰਨ ਦਾ ਚਾਅ ਪੈਦਾ ਹੁੰਦਾ ਪਰ ਸਮਾਜ ਵਿਚ ਬਿਨਾਂ ਵਿਆਹ ਜਾਂ ਬਿਨਾਂ ਪਤੀ ਦੇ ਸ਼ਿੰਗਾਰ ਕਰਨ, ਚਾਅ-ਮਲਾਰ ਮਨਾਉਣ ਨੂੰ ਚੰਗਾ ਨਹੀਂ ਸੀ ਸਮਝਿਆ ਜਾਂਦਾ। ਇਸ ਲਈ ਕਈ ਵਾਰੀ ਉਹ ਪਤੀ ਜਾਂ ਵਿਆਹੇ ਜਾਣ ਦੀ ਉਡੀਕ ਕਰਦੀ ਅਤੇ ਇਸ ਉਡੀਕ ਵਿਚ ਉਮਰ ਦੇ ਬੀਤ ਜਾਣ ਤੋਂ ਵੀ ਡਰਦੀ। ਕਬੀਰ ਜੀ ਨੇ

ਇਸ ਸ਼ਬਦ ਵਿਚ ਪ੍ਰਭੂ ਦੇ ਮਿਲਾਪ ਵਿਚ ਵੇਲਾ ਵਿਹਾ ਚੁੱਕੀ ਜਿੰਦ ਦੀ ਅਵਸਥਾ ਦਾ ਵਰਨਣ ਕੀਤਾ ਹੈ ਪਰੰਤੂ ਇਸ ਵਿਚ ਕੁਆਰੀ ਲੜਕੀ ਦੀ ਮਾਨਸਿਕਤਾ ਨੂੰ ਵੀ ਜਾਣਿਆ ਜਾ ਸਕਦਾ ਹੈ:

ਕੁਆਰ ਕੰਨਿਆ ਜੈਸੇ ਕਰਤ ਸੀਗਾਰਾ॥ ਕਿਉ ਰਲੀਆ ਮਾਨੈ ਬਾਝੁ ਭਤਾਰਾ॥੩॥
ਕਾਗ ਉਡਾਵਤ ਭੁਜਾ ਪਿਰਾਨੀ॥ ਕਹਿ ਕਬੀਰ ਇਹ ਕਥਾ ਸਿਰਾਨੀ॥੪॥੨॥

(ਸੂਹੀ, ਕਬੀਰ, ਪੰਨਾ-792)

ਕੁਆਰੀ ਲੜਕੀ ਦੇ ਮਨ ਵਿਚ ਵਿਆਹ ਲਈ ਚਾਅ, ਵਿਆਹ ਤੋਂ ਬਾਅਦ ਜ਼ਿੰਮੇਵਾਰੀਆਂ ਦੇ ਦਰਪੇਸ਼ ਹੋਣ ਕਾਰਨ, ਫਿਰ ਕੁਆਰੇਪਣ ਲਈ ਮੋਹ, ਵੈਰਾਗ ਤੇ ਪਛਤਾਵੇ ਆਦਿ ਜਿਹੀਆਂ ਸੋਚਾਂ, ਵਿਚਾਰਾਂ ਤੋਂ ਉਸ ਦੇ ਮਨ ਵਿਚਲੀ ਟੁੱਟ-ਭੱਜ ਨੂੰ ਫ਼ਰੀਦ ਜੀ ਨੇ ਆਪਣੇ ਸਲੋਕ ਵਿਚ ਬੜੇ ਖ਼ੂਬਸੂਰਤ ਢੰਗ ਨਾਲ ਪ੍ਰਗਟਾਇਆ ਹੈ:

ਜਾਂ ਕੁਆਰੀ ਤਾ ਚਾਉ ਵੀਵਾਹੀ ਤਾਂ ਮਾਮਲੇ॥
ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ॥੬੩॥

(ਸਲੋਕ, ਸ਼ੇਖ ਫ਼ਰੀਦ, ਪੰਨਾ-1381)

ਧੀ ਦੇ ਵਿਆਹ ਲਈ ਮਾਂ-ਬਾਪ ਨੂੰ ਜਿੱਥੇ ਦਾਜ ਦੇਣ, ਦਾਜ ਦਾ ਦਿਖਾਵਾ ਆਦਿ ਕਰਨਾ ਪੈਂਦਾ ਸੀ ਜਿਸ ਦਾ ਬਾਣੀਕਾਰ ਵਿਰੋਧ ਕਰਦੇ ਹਨ।[30] ਉਥੇ ਵਿਆਹ ਦੀਆਂ ਧਾਰਮਿਕ ਰੀਤਾਂ, ਰਸਮਾਂ ਨਿਭਾਉਣ ਲਈ ਕਾਫ਼ੀ ਧਨ-ਪਦਾਰਥ ਖਰਚ ਕਰਨ ਦੇ ਨਾਲ ਨਾਲ ਪੰਡਿਤ ਵੱਲੋਂ ਕਰਵਾਏ ਫੇਰੇ ਆਦਿ ਰਸਮਾਂ ਵਿਚ ਬ੍ਰਾਹਮਣ ਲੋਕਾਂ ਨੂੰ ਵੀ ਦਾਨ ਦੇਣਾ ਪੈਂਦਾ ਸੀ ਜਿਸ ਦਾ ਜ਼ਿਕਰ ਕਰਦੇ ਹੋਏ ਗੁਰੂ ਅਮਰਦਾਸ ਜੀ ਇਕ ਪੰਡਿਤ ਦੁਆਰਾ ਯਜਮਾਨ ਤੋਂ ਤਿੱਥਾਂ, ਤਿਉਹਾਰਾਂ ਤੋਂ ਇਲਾਵਾ ਧੀ ਦੇ ਵਿਆਹ ਮੌਕੇ ਵੀ ਦਾਨ ਲੈਣ ਦਾ ਵਿਰੋਧ ਕਰਦੇ ਹਨ:

ਸਸੈ ਸੰਜਮੁ ਗਇਓ ਮੂੜੇ ਏਕੁ ਦਾਨੁ ਤੁਧੁ ਕੁਥਾਇ ਲਇਆ॥
ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ ਏਤ ਧਾਨਿ ਖਾਧੈ ਤੇਰਾ ਜਨਮੁ ਗਇਆ॥੬॥

(ਆਸਾ, ਮਹਲਾ 3, ਪੰਨਾ-435)

**ਸੁਹਾਗਣ** : ਪਤਨੀ ਰੂਪ ਵਿਚ ਔਰਤ ਨੂੰ ਵਫ਼ਾ ਕਰਨ ਵਾਲੀ, ਵਿਸ਼ਵਾਸ ਪਾਲਣ ਵਾਲੀ, ਆਪਣੇ ਤਨ-ਮਨ ਤੋਂ ਪਤੀ ਨੂੰ ਸਮਰਪਿਤ ਸੁਹਾਗਣ ਦੇ ਰੂਪ ਵਿਚ ਸਾਕਾਰ ਕਰਦੇ ਹੋਏ ਬਾਣੀਕਾਰਾਂ ਨੇ ਬੜੀਆਂ ਉੱਤਮ ਮਿਸਾਲਾਂ ਦਿੱਤੀਆਂ ਹਨ:

ਸਹ ਕੀ ਸਾਰ ਸੁਹਾਗਨਿ ਜਾਨੈ॥ ਤਜਿ ਅਭਿਮਾਨੁ ਸੁਖ ਰਲੀਆ ਮਾਨੈ॥
ਤਨੁ ਮਨੁ ਦੇਇ ਨ ਅੰਤਰੁ ਰਾਖੈ॥ ਅਵਰਾ ਦੇਖਿ ਨ ਸੁਨੈ ਅਭਾਖੈ॥੧॥

(ਸੂਹੀ, ਰਵਿਦਾਸ, ਪੰਨਾ-793)

ਦੁਨਿਆਵੀ ਰਿਸ਼ਤਿਆਂ ਵਿਚ ਵਿਚਰਦੇ ਹੋਏ ਉਹ ਹਰ ਰਿਸ਼ਤੇ ਨੂੰ ਮੋਹ ਤੇ ਵਫਾਦਾਰੀ ਨਾਲ ਨਿਭਾਉਂਦੀ ਹੈ ਪਰ ਪਤੀ ਦੇ ਪ੍ਰੇਮ ਤੇ ਸਾਥ ਵਾਲਾ ਰਿਸ਼ਤਾ ਉਸ ਲਈ ਸਭ ਤੋਂ ਉੱਤਮ ਤੇ ਮਹੱਤਵ ਰੱਖਦਾ ਹੈ। ਉਹ ਆਪਣੇ ਪਤੀ (ਪ੍ਰਭੂ) ਵਿਚ ਸਮਾ ਕੇ ਇਕ ਜਿੰਦ ਹੋ ਜਾਂਦੀ ਹੈ ਤੇ ਪਤੀ ਨਾਲ ਐਸੇ ਪਿਆਰ ਨੂੰ ਉਹ ਸਖੀਆਂ (ਸਤਸੰਗੀਆਂ) ਨਾਲ ਸਾਂਝਾ ਕਰਦੀ ਹੈ :

ਸੁਨੁ ਸਖੀ ਪੀਅ ਮਹਿ ਜੀਉ ਬਸੈ ਜੀਅ ਮਹਿ ਬਸੈ ਕਿ ਪੀਉ॥
ਜੀਉ ਪੀਉ ਬੂਝਉ ਨਹੀ ਘਟ ਮਹਿ ਜੀਉ ਕਿ ਪੀਉ॥੨੩੬॥

(ਸਲੋਕ, ਕਬੀਰ, ਪੰਨਾ-1377)

ਪ੍ਰਭੂ-ਮਿਲਾਪ ਲਈ ਕੀਤੀ ਜਾਂਦੀ ਸਾਧਨਾ ਜਾਂ ਭਗਤੀ ਨੂੰ ਸੀਲਵੰਤੀ ਨਾਰਿ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ ਕਿ ਇਹ ਭਗਤੀ ਰੂਪ ਸੀਲਵੰਤੀ ਨਾਰਿ ਤੁਲਨਾ ਤੋਂ ਪਰੇ ਸੋਹਣੇ ਰੂਪ ਵਾਲੀ, ਅਚਾਰ-ਵਿਹਾਰ ਵਿਚ ਵੀ ਪੂਰੀ ਹੈ। ਇਹ ਜਿਸ ਘਰ ਵਿਚ ਵੀ ਵਸਦੀ ਹੈ ਉਹ ਘਰ ਸ਼ੋਭਾ ਵਾਲਾ ਹੋ ਜਾਂਦਾ ਹੈ ਜੋ ਵਿਰਲੇ ਗੁਰਮੁਖਾਂ ਨੂੰ ਹੀ ਪ੍ਰਾਪਤ ਹੁੰਦੀ ਹੈ:

ਨਿਜ ਭਗਤੀ ਸੀਲਵੰਤੀ ਨਾਰਿ॥ ਰੂਪਿ ਅਨੂਪ ਪੂਰੀ ਆਚਾਰਿ॥
ਜਿਤੁ ਗ੍ਰਿਹਿ ਵਸੈ ਸੋ ਗ੍ਰਿਹੁ ਸੋਭਾਵੰਤਾ॥ ਗੁਰਮੁਖਿ ਪਾਈ ਕਿਨੈ ਵਿਰਲਾ ਜੰਤਾ॥੧॥

(ਆਸਾ, ਮਹਲਾ 5, ਪੰਨਾ-370-371)

**ਮਾਂ-ਰੂਪ ਵਿਚ** : ਮਾਂ-ਰੂਪ ਵਿਚ ਇਸਤਰੀ ਨੂੰ ਹਰ ਸਮਾਜ, ਹਰ ਸਮੇਂ, ਸਥਾਨ ਵਿਚ ਸਤਿਕਾਰ ਹਾਸਿਲ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਮੱਧਕਾਲੀ ਸਮਾਜ ਵਿਚ ਵੀ ਮਾਂ ਦਾ ਦਰਜਾ ਉੱਚਾ ਅਤੇ ਸਤਿਕਾਰ ਵਾਲਾ ਉੱਭਰਦਾ ਹੈ। ਬਾਣੀਕਾਰਾਂ ਦੀ ਬਾਣੀ ਵਿਚ ਪੁੱਤਰ ਪ੍ਰਤੀ ਮੋਹ ਨੂੰ ਰੱਖਣ ਵਾਲੀ ਮਾਂ ਦੀ ਤਸਵੀਰ ਵਧੇਰੇ ਸਾਫ਼ ਉੱਘੜਦੀ ਹੈ। ਭਾਰਤੀ ਸਮਾਜ ਮਰਦ-ਪ੍ਰਧਾਨ ਹੋਣ ਕਾਰਨ ਪੁੱਤਰ-ਪ੍ਰਤੀ ਖ਼ਾਸ ਮੋਹ ਤੇ ਖਿੱਚ ਰੱਖਦਾ ਹੈ। ਇਸ ਸਭ ਤੋਂ ਮਾਂ-ਹਿਰਦਾ ਵੀ ਨਹੀਂ ਬਚ ਸਕਿਆ ਕਿਉਂਕਿ ਸਾਡੇ ਸਮਾਜ ਦੀ ਪਰੰਪਰਾਈ ਇਹ ਸੋਚ ਹੈ ਕਿ ਪੁੱਤਰ ਹੀ ਵੱਡਾ ਹੋ ਕੇ ਘਰ ਚਲਾਵੇਗਾ, ਪੁੱਤਰ ਨਾਲ ਹੀ ਵੰਸ਼ ਵਧੇਗਾ। ਇਸ ਲਈ ਮਾਂ ਜਨਮ ਤੋਂ ਹੀ ਪੁੱਤਰ ਨੂੰ ਦੇਖ-ਦੇਖ ਵਿਗਸਦੀ ਹੈ ਅਤੇ ਮੇਰਾ ਪੁੱਤ, ਮੇਰਾ ਪੁੱਤ ਆਖ ਆਖ ਕੇ ਲਾਡ ਲਡਾਉਂਦੀ ਹੈ।[31] ਜਦੋਂ ਕਿ ਉਹ ਵੱਡਾ ਨਹੀਂ ਹੋ ਰਿਹਾ ਸਗੋਂ ਉਸਦੀ ਤਾਂ ਉਮਰ ਘਟ ਰਹੀ ਹੁੰਦੀ ਹੈ।[32] ਏਥੋਂ ਤਕ ਕਿ ਮਾਂ ਪੁੱਤਰ-ਮੋਹ ਵਿਚ ਉਸਦੀਆਂ ਗ਼ਲਤੀਆਂ 'ਤੇ ਵੀ ਪਰਦਾ ਪਾਉਂਦੀ ਹੈ। ਭਗਤ ਕਬੀਰ ਜੀ ਪ੍ਰਭੂ ਨੂੰ ਇਸਦੀ ਉਦਾਹਰਨ ਦਿੰਦੇ ਆਖਦੇ ਹਨ ਕਿ ਇਵੇਂ ਹੀ ਅਸੀਂ ਤੇਰੇ ਬਾਰਿਕ (ਬਾਲਕ) ਹਾਂ ਫਿਰ ਤੂੰ ਸਾਡੇ ਅਗੁਣਾਂ ਨੂੰ ਕਿਉਂ ਨਹੀਂ ਦੂਰ ਕਰੇਂਗਾ :

ਸੁਤੁ ਅਪਰਾਧ ਕਰਤ ਹੈ ਜੇਤੇ॥ ਜਨਨੀ ਚੀਤਿ ਨ ਰਾਖਸਿ ਤੇਤੇ॥੧॥
ਰਾਮਈਆ ਹਉ ਬਾਰਿਕੁ ਤੇਰਾ॥ ਕਾਹੇ ਨ ਖੰਡਸਿ ਅਵਗਨੁ ਮੇਰਾ॥੧॥ਰਹਾਉ॥

(ਆਸਾ, ਕਬੀਰ, ਪੰਨਾ-478)

ਸੋ ਭਗਤ ਬਾਣੀਕਾਰਾਂ ਨੇ ਮਾਂ-ਰੂਪ ਵਿਚ ਇਸਤਰੀ ਦੀ ਮਾਨਸਿਕਤਾ ਨੂੰ ਪੁੱਤਰ-ਮੋਹ ਰੱਖਣ ਵਾਲੀ ਮਾਂ ਦੇ ਰੂਪ ਵਿਚ ਜ਼ਰੂਰ ਉਘਾੜਿਆ ਹੈ ਪਰੰਤੂ ਇਹ ਮਾਨਸਿਕਤਾ ਜਾਂ ਸੋਚ ਇਕ ਮਾਂ ਦੀ ਤਾਂ ਹੈ ਪਰੰਤੂ ਬਾਣੀਕਾਰਾਂ ਦੀ ਨਹੀਂ ਕਿਉਂਕਿ ਉਹਨਾਂ ਨੇ ਸਭ ਜੀਵਾਂ ਨੂੰ ਬਰਾਬਰੀ ਦਾ ਸਥਾਨ ਦਿੱਤਾ। ਗੁਰੂ ਨਾਨਕ ਸਾਹਿਬ ਗੁਰਮੁਖ ਪੁਰਸ਼ ਦੇ ਆਪਣੇ ਨਿਰਾਕਾਰ ਪ੍ਰਭੂ ਨਾਲ ਸੰਬੰਧ ਨੂੰ ਪ੍ਰੇਮ, ਨਿਮਰਤਾ, ਹੁਕਮ, ਆਗਿਆ, ਸਬਰ-ਸੰਤੋਖ, ਸੇਵਾ ਆਦਿ ਦੇ ਭਾਵਾਂ ਦੁਆਰਾ ਉਜਾਗਰ ਕਰਦੇ ਹੋਏ ਉਦਾਹਰਨ ਦਿੰਦੇ ਹਨ ਕਿ ਜਿਵੇਂ ਪਤੀ-ਪਤਨੀ ਦੇ ਟੁੱਟੇ ਰਿਸ਼ਤੇ ਦੀ ਗੰਢ ਪੁੱਤਰਾਂ ਦੁਆਰਾ ਮਜ਼ਬੂਤ ਬਣਦੀ ਹੈ ਉਵੇਂ ਹੀ ਪਰਮਾਤਮਾ ਤੋਂ ਦੂਰ ਹੋਇਆ ਭਗਤ, ਪ੍ਰਭੂ ਦੀ ਸਿਫਤ ਸਲਾਹ ਨਾਲ ਸੱਚੇ ਦਰਬਾਰ ਨਾਲ ਆਪਣਾ ਸੰਬੰਧ ਕਾਇਮ ਕਰ ਲੈਂਦਾ ਹੈ:

ਗੋਰੀ ਸੇਤੀ ਤੁਟੈ ਭਤਾਰੁ॥ ਪੁਤੀ ਗੰਢੁ ਪਵੈ ਸੰਸਾਰਿ॥...
ਨਾਨਕੁ ਆਖੈ ਏਹੁ ਬੀਚਾਰੁ॥ ਸਿਫਤੀ ਗੰਢੁ ਪਵੈ ਦਰਬਾਰਿ॥੨॥

(ਮਾਝ, ਮਹਲਾ 1, ਪੰਨਾ-143)

ਇਸਦਾ ਇਹ ਭਾਵ ਨਹੀਂ ਕਿ ਗੁਰੂ ਸਾਹਿਬਾਂ ਨੇ ਧੀ ਨੂੰ ਛੱਡ ਕੇ ਰਿਸ਼ਤਿਆਂ ਦੀ ਮਜ਼ਬੂਤੀ ਪੁੱਤਰਾਂ ਨਾਲ ਬਣਦੀ ਦੱਸੀ ਹੈ। ਪਹਿਲਾਂ ਹੀ ਕਿਹਾ ਜਾ ਚੁੱਕਾ ਹੈ ਕਿ ਇਹ ਮੱਧਕਾਲੀ ਸਮਾਜ ਦੀ ਸੋਚ ਜ਼ਰੂਰ ਹੈ ਪਰੰਤੂ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦੀ ਨਹੀਂ ਕਿਉਂਕਿ ਉਨ੍ਹਾਂ ਨੇ ਇਸਤਰੀ ਨੂੰ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥' ਆਖ ਕੇ ਵਡਿਆਇਆ ਹੈ। ਉਨ੍ਹਾਂ ਨੇ ਮਨੁੱਖਾਂ ਦੇ ਅਣਗਿਣਤ ਪਾਪਾਂ, ਕੁਕਰਮਾਂ ਨੂੰ ਨਿੰਦਦੇ ਹੋਏ ਫਿਟਕਾਰੇ ਬਦੀਆਂ ਦੇ ਕੋਹੜੀ, ਅਭਿਮਾਨੀ, ਪਾਪੀ ਦਾ ਧਨ ਖਾਣ ਵਾਲੇ, ਬ੍ਰਾਹਮਣ ਦਾ ਕਤਲ ਕਰਨ ਵਾਲੇ, ਗਾਂ ਦਾ ਕਤਲ ਕਰਨ ਦੇ ਨਾਲ-ਨਾਲ ਧੀ (ਕੰਨਿਆ) ਦੇ ਕਤਲ ਕਰਨ ਨੂੰ ਵੀ ਵੱਡਾ ਐਬ, ਪਾਪ ਜਾਂ ਕੁਕਰਮ ਮੰਨਿਆ ਹੈ:

ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ॥
ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ॥
ਪਾਹਿ ਏਤੇ ਜਾਹਿ ਵੀਸਰਿ ਨਾਨਕਾ ਇਕੁ ਨਾਮੁ॥
ਸਭ ਬੁਧੀ ਜਾਲੀਅਹਿ ਇਕੁ ਰਹੈ ਤਤੁ ਗਿਆਨੁ॥

(ਸਲੋਕ ਵਾਰਾਂ ਤੇ ਵਧੀਕ, ਮਹਲਾ 3, ਪੰਨਾ-143)

ਇਸ ਤਰ੍ਹਾਂ ਬਾਣੀਕਾਰਾਂ ਨੇ ਧੀ ਦੇ ਕਤਲ ਕਰਨ ਨੂੰ ਵੱਡੇ ਪਾਪਾਂ ਵਿਚੋਂ ਇਕ ਮੰਨਿਆ ਹੈ। ਧੀਅ ਨਾਲ ਹੀ ਪੁੱਤਰ ਤੇ ਪੁੱਤਰ ਨਾਲ ਹੀ ਧੀਅ ਹੈ ਕਿਉਂਕਿ ਵੰਸ਼, ਖਾਨਦਾਨੀ ਗੰਢ ਜ਼ਰੂਰੀ ਨਹੀਂ ਕਿ ਪੁੱਤਰ ਨਾਲ ਹੀ ਪਵੇ। ਜਦੋਂ ਕਿ ਕਬੀਰ ਜੀ ਅਨੁਸਾਰ ਕਈ ਵਾਰੀ ਨਾਲਾਇਕ, ਅਗਿਆਨੀ ਪੁੱਤਰ ਵੀ ਵੰਸ਼ ਨੂੰ ਡੋਬ ਦਿੰਦਾ ਹੈ।[33] ਅੱਗੋਂ ਕਬੀਰ ਜੀ ਭਲੀ ਕੁਲ ਪੁੱਤਰ ਨਾਲ ਨਹੀਂ, ਸਗੋਂ ਭਲੀ, ਚੰਗੀ ਖ਼ਾਨਦਾਨੀ ਹਰੀ ਦੇ ਦਾਸਾਂ ਵਾਲੀ ਕੁਲ ਨੂੰ ਹੀ ਮੰਨਦੇ ਹਨ। ਭਾਵ ਕੁਲ ਤਾਂ ਉਹ ਹੀ ਭਲੀ ਹੁੰਦੀ ਹੈ ਜਿਸ ਕੁਲ ਵਿਚ ਹਰੀ, ਪ੍ਰਭੂ ਦੇ ਦਾਸ, ਭਗਤ ਜਨਮਦੇ ਹਨ।[34] ਸੋ ਬਾਣੀਕਾਰਾਂ ਨੇ ਸਮਾਜ ਵਿਚ ਸਭ ਨਾਰੀ-ਪੁਰਸ਼ਾਂ ਨੂੰ ਬਰਾਬਰ ਸਮਝਦੇ ਹੋਏ ਸਭ ਨੂੰ ਇਕ ਅੱਲਾਹ ਦਾ ਰੂਪ ਮੰਨਿਆ ਹੈ। ਕਬੀਰ ਜੀ ਕਹਿੰਦੇ ਹਨ ਕਿ ਜਿੰਨੇ ਇਸ ਸੰਸਾਰ ਵਿਚ ਔਰਤ, ਮਰਦ ਉਸ ਪਰਮਾਤਮਾ ਨੇ ਬਣਾਏ ਹਨ ਉਹ ਸਭ ਉਸਦੇ ਹੀ ਰੂਪ ਹਨ। ਇਸ ਲਈ ਮੈਂ ਵੀ ਅੱਲਾਹ ਦਾ ਹੀ ਪੁੱਤਰ ਹਾਂ ਤੇ ਜਿੰਨੇ ਗੁਰੂ, ਪੀਰ ਹਨ ਇਹ ਸਭ ਮੇਰੇ ਗੁਰੂ, ਪੀਰ ਹੀ ਹਨ:

ਏਤੇ ਅਉਰਤ ਮਰਦਾ ਸਾਜੇ ਏ ਸਭ ਰੂਪ ਤੁਮ~ਾਰੇ॥
ਕਬੀਰੁ ਪੂੰਗਰਾ ਰਾਮ ਅਲਹ ਕਾ ਸਭ ਗੁਰ ਪੀਰ ਹਮਾਰੇ॥੫॥

(ਪ੍ਰਭਾਤੀ, ਕਬੀਰ, ਪੰਨਾ-1349)

## ਅਨੈਤਿਕ ਲੱਛਣਾਂ ਵਾਲੀ

ਗੁਰੂ ਗ੍ਰੰਥ ਸਾਹਿਬ ਵਿਚ ਜਿੱਥੇ ਇਸਤਰੀ ਦੇ ਸੱਚੇ ਪ੍ਰੇਮ, ਵਿਸ਼ਵਾਸ, ਹੁਕਮ, ਆਗਿਆ, ਸਹਿਣਸ਼ੀਲ ਆਦਿ ਗੁਣਾਂ ਦੇ ਅਧਾਰ ’ਤੇ ਪਤੀ (ਪ੍ਰਭੂ) ਨੂੰ ਪਿਆਰ ਕਰਨ ਵਾਲੀ ਪਤਨੀ (ਜੀਵਾਤਮਾ) ਦਾ ਦਰਜਾ ਹਾਸਿਲ ਹੈ, ਉਥੇ ਮਨਮੁਖ ਜੀਵਾਤਮਾ ਲਈ ਅਨੈਤਿਕ, ਇਸਤਰੀ ਦੇ ਕਰਮਾਂ ਦੀਆਂ ਉਦਾਹਰਨਾਂ ਨੂੰ ਵੀ ਪੇਸ਼ ਕੀਤਾ ਗਿਆ ਹੈ ਪਰੰਤੂ ਕੇਵਲ ਇਸਤਰੀ ਬਾਰੇ ਹੀ ਨਹੀਂ ਸਗੋਂ ਬਿਨਾਂ ਕਿਸੇ ਵਿਤਕਰੇ ਦੇ ਮਰਦ ਦੇ ਅਨੈਤਿਕ, ਦੁਰਾਚਾਰੀ ਚਰਿੱਤਰ ਨੂੰ ਵੀ ਨਾਲੋ ਨਾਲ ਉਘਾੜਿਆ ਹੈ। ਬਾਣੀਕਾਰਾਂ ਅਨੁਸਾਰ ਇਸਤਰੀ ਦੇ ਕੁੱਝ ਔਗੁਣਾਂ ਦੇ ਆਧਾਰ ’ਤੇ ਸਮਾਜ ਵਿਚ ਬਣੇ ਉਸ ਦੇ ਵਿਭਿੰਨ ਰੂਪ - ਦੁਹਾਗਣ ਜਾਂ ਕੁਲਖਣੀ, ਪਰਾਏ-ਮਰਦ ਦੀ ਤਾਕ ਰੱਖਣ ਵਾਲੀ ਅਤੇ ਵੇਸ਼ਵਾ ਆਦਿ ਵਿਸ਼ੇਸ਼ ਤੌਰ ’ਤੇ ਜ਼ਿਕਰਯੋਗ ਹਨ।

**ਦੁਹਾਗਣ ਜਾਂ ਕੁਲਖਣੀ ਇਸਤਰੀ** : ਭਗਤ ਬਾਣੀ ਅਨੁਸਾਰ ਦੁਹਾਗਣ (ਡੁਹਾਗਣ) ਜਾਂ ਕੁਲਖਣੀ ਨਾਰ ਤੋਂ ਭਾਵ ਉਸ ਇਸਤਰੀ ਤੋਂ ਲਿਆ ਗਿਆ ਹੈ ਜੋ ਵਿਆਹ ਕਰਵਾ ਕੇ ਪਤਨੀ ਤਾਂ ਬਣ ਜਾਂਦੀ ਹੈ ਪਰੰਤੂ ਕੇਵਲ ਸੰਸਾਰੀ ਦਿਖਾਵੇ ਲਈ। ਜਦਕਿ ਉਸਦਾ ਚਿੱਤ ਆਪਣੇ ਪਤੀ ਨਾਲ ਨਹੀਂ ਜੁੜਿਆ ਹੁੰਦਾ ਸਗੋਂ ਉਹ ਤਾਂ ਕੇਵਲ ਭੋਗ ਬਿਲਾਸ, ਧਨ ਪਦਾਰਥ ਤੇ ਬਾਹਰੀ ਦਿਖਾਵਿਆਂ ਲਈ ਪਰਾਏ-ਘਰ ਜਾਂ ਪਰਾਏ ਮਰਦ ਨੂੰ ਆਪਣੇ ਮਨ ਵਿਚ ਚਿਤਰਦੀ ਹੈ। ਅਜਿਹੀ ਦੁਹਾਗਣ ਇਸਤਰੀ ਪਤੀ ਦੇ

ਦੁੱਖ-ਸੁੱਖ ਦੀ ਪ੍ਰਵਾਹ ਨਹੀਂ ਕਰਦੀ। ਏਥੋਂ ਤਕ ਕਿ ਜੇ ਪਤੀ ਮਰ ਜਾਵੇ ਤਾਂ ਉਹ (ਮਾਇਆ) ਰੋਂਦੀ ਨਹੀਂ ਕਿਉਂਕਿ ਉਹ ਤਾਂ ਪਹਿਲਾਂ ਹੀ ਕਿਸੇ ਹੋਰ ਰਖਵਾਲੇ (ਮਾਲਕ) ਨੂੰ ਅਪਣਾ ਲੈਂਦੀ ਹੈ ਜਿਸ ਕਰਕੇ ਉਹ ਕਦੇ ਵਿਧਵਾ ਨਹੀਂ ਹੁੰਦੀ। ਅਜਿਹੀ ਇਸਤਰੀ ਜਗਤ ਵਿਚ ਵੇਸ਼ਵਾਵਾਂ ਵਾਂਗੂੰ ਹਾਰ-ਸ਼ਿੰਗਾਰ ਕਰਕੇ ਸੁਹਾਗਣ ਹੋ ਕੇ ਵਿਚਰਦੀ ਹੈ ਜੋ ਕਿਸੇ ਇਕ ਦੀ ਨਹੀਂ, ਸਗੋਂ ਸਭ (ਜੀਵ-ਜੰਤ) ਦੀ ਨਾਰ ਕਹਿਲਾਉਂਦੀ ਹੈ। ਸਭ ਲੋਕ ਇਸ (ਮਾਇਆ) ਨੂੰ ਦੇਖ ਦੇਖ ਪ੍ਰਸੰਨ ਹੁੰਦੇ ਹਨ ਸਾਕਤ (ਪ੍ਰਭੂ ਨਾਲੋਂ ਵਿਛੜੇ) ਮਨਮੁਖਾਂ ਦੀ ਤਾਂ ਇਹ ਜਿੰਦ ਜਾਨ ਹੁੰਦੀ ਹੈ ਪਰ ਸੰਤਾਂ ਨੂੰ ਇਹ ਭਿਆਨਕ ਡੈਣ ਤੇ ਜ਼ਹਿਰ ਵਾਂਗ ਜਾਪਦੀ ਹੈ।[35] ਪਰਾਏ ਪੁਰਸ਼ਾਂ ਵੱਲ ਤੱਕਣ ਵਾਲੀ ਅਜਿਹੀ ਇਸਤਰੀ ਨੂੰ ਪਤੀ ਤਿਆਗ ਦਿੰਦੇ ਹਨ।[36] ਇਹ ਸੁਹਾਗਣ (ਮਾਇਆ) ਦੇ ਰੂਪ ਵਿਚ ਵੇਸ਼ਵਾ ਵਾਲਾ ਆਚਰਣ ਰੱਖਦੀ ਹੈ ਜੋ ਆਪਣੇ ਅਤਿ ਸੁੰਦਰ ਰੂਪ, ਗਹਿਣੇ, ਹਾਰ-ਸ਼ਿੰਗਾਰ ਨਾਲ ਲੋਕਾਂ ਨੂੰ ਠੱਗਦੀ ਹੈ। ਜਦੋਂ ਤਕ ਮਨੁੱਖ ਦੇ ਪ੍ਰਾਣ ਕਾਇਮ ਰਹਿੰਦੇ ਹਨ ਉਹ ਉਸਦੇ ਨਾਲ ਰਹਿੰਦੀ ਹੈ ਪਰ ਜਦੋਂ ਪ੍ਰਾਣ ਨਿਕਲ ਜਾਂਦੇ ਹਨ ਤਾਂ ਉਹ ਨੰਗੇ ਪੈਰੀਂ ਨੱਸ ਜਾਂਦੀ ਹੈ ਤੇ ਕਿਸੇ ਹੋਰ ਦੀ ਹੋ ਜਾਂਦੀ ਹੈ। ਅਜਿਹੀ ਮਾਇਆ ਰੂਪ ਇਸਤਰੀ ਦੇ ਮੋਹ ਵਿਚ ਅਠਾਰਾਂ ਪੁਰਾਣ ਦੇ ਪੜ੍ਹਨ ਵਾਲੇ, ਅਠਾਹਠ ਤੀਰਥਾਂ ਤੇ ਭ੍ਰਮਣ ਵਾਲੇ, ਬ੍ਰਹਮਾ, ਵਿਸ਼ਨੂ, ਮਹੇਸ਼ ਵੱਡੇ ਤਪੀਸਰ ਅਤੇ ਹੋਰ ਵੱਡੇ ਵੱਡੇ ਰਾਜੇ ਆਦਿ ਵੀ ਵਿੰਨ੍ਹੇ ਜਾਂਦੇ ਹਨ ਪਰ ਹਰੀ-ਭਗਤ ਗੁਰੂ ਦੀ ਕਿਰਪਾ, ਦ੍ਰਿਸ਼ਟੀ ਤੇ ਗਿਆਨ ਸਦਕਾ ਇਸ ਮਾਇਆ ਦੀ ਮਾਰ ਤੋਂ ਬਚ ਜਾਂਦੇ ਹਨ :

> ਸੋਹਾਗਨਿ ਹੈ ਅਤਿ ਸੁੰਦਰੀ॥ ਪਗ ਨੇਵਰ ਛਨਕ ਛਨਹਰੀ॥
> ਜਉ ਲਗੁ ਪ੍ਰਾਨ ਤਊ ਲਗੁ ਸੰਗੇ॥ ਨਾਹਿ ਤਾ ਚਲੀ ਬੇਗਿ ਉਠਿ ਨੰਗੇ॥੩॥...
> ਦਸ ਅਠ ਪੁਰਾਣ ਤੀਰਥ ਰਸ ਕੀਆ॥ ਬ੍ਰਹਮਾ ਬਿਸਨੁ ਮਹੇਸਰ ਬੇਧੇ॥
> ਬਡੇ ਭੂਪਤਿ ਰਾਜੇ ਹੈ ਛੇਧੇ॥੪॥

(ਗੋਂਡ, ਕਬੀਰ, ਪੰਨਾ-872)

ਇਸ ਪ੍ਰਸੰਗ ਵਿਚ ਫ਼ਰੀਦ ਜੀ ਦੇ ਸਲੋਕਾਂ ਨੂੰ ਵੀ ਦੇਖਿਆ ਜਾ ਸਕਦਾ ਹੈ ਜਿਨ੍ਹਾਂ ਵਿਚ ਉਹ ਬਾਹਰੀ ਦਿਖਾਵੇ ਲਈ ਬਣੀ ਸੁਹਾਗਣ (ਮਨਮੁਖ) ਬਾਰੇ ਆਖਦੇ ਹਨ ਕਿ ਦਿਖਾਵੇ ਹਿੱਤ ਬਣੀ ਅਜਿਹੀ ਸੁਹਾਗਣ (ਮਨਮੁਖ ਜੀਵਾਤਮਾ) ਨੂੰ ਨਾ ਤਾਂ ਸਹੁਰੇ (ਪਰਲੋਕ) ਢੋਈ ਮਿਲਦੀ ਹੈ ਅਤੇ ਨਾ ਪੇਕੇ (ਲੋਕ) ਵਿਚ ਥਾਂ ਮਿਲਦੀ ਹੈ ਤੇ ਪਤੀ (ਪ੍ਰਭੂ) ਉਸ ਦੀ ਕੋਈ ਸਾਰ ਨਹੀਂ ਲੈਂਦਾ ਪਰ ਉਹ ਫਿਰ ਵੀ ਆਪਣੇ ਆਪ ਨੂੰ ਸੁਹਾਗਣ (ਗੁਰਮੁਖ) ਆਖਦੀ ਫਿਰਦੀ ਰਹਿੰਦੀ ਹੈ ਜਿਸਦਾ ਕੋਈ ਅਰਥ ਨਹੀਂ।[37] ਸੁਹਾਗ (ਪ੍ਰਮਾਤਮਾ) ਨੂੰ ਦੁਚਿੱਤੇ ਮਨ ਨਾਲ ਲੱਭਣ ਵਾਲੀ ਜੀਵ ਰੂਪ ਇਸਤਰੀ ਨੂੰ ਉਹ

ਆਖਦੇ ਹਨ ਕਿ ਤੇਰੇ ਮਨ 'ਚ ਹੀ ਕੋਈ ਖੋਟ ਜਾਂ ਊਣਤਾਈ ਹੈ ਵਰਨਾ ਜਿਨ੍ਹਾਂ ਦਾ ਨਾਮ ਸੁਹਾਗਣੀ (ਗੁਰਮੁਖ, ਗਿਆਨੀ, ਭਗਤ) ਹੈ, ਉਨ੍ਹਾਂ ਨੂੰ ਆਪਣੇ ਪਤੀ (ਪ੍ਰਭੂ) ਤੋਂ ਬਿਨਾ ਕੋਈ ਹੋਰ ਝਾਕ (ਆਸ) ਨਹੀਂ ਹੁੰਦੀ:

ਢੂਢੇਦੀਏ ਸੁਹਾਗ ਕੂ ਤਉ ਤਨਿ ਕਾਈ ਕੋਰ॥
ਜਿਨ੍ਾ ਨਾਉ ਸੁਹਾਗਣੀ ਤਿਨ੍ਾ ਝਾਕ ਨ ਹੋਰ॥੧੧੪॥

(ਸਲੋਕ, ਸ਼ੇਖ ਫ਼ਰੀਦ, ਪੰਨਾ-1384)

**ਵੇਸ਼ਵਾ :** ਬਾਣੀਕਾਰਾਂ ਨੇ ਜਿੱਥੇ ਸੁਹਾਗਣ ਰੂਪ ਵਿਚ ਸਦਾਚਾਰਕ ਗੁਣਾਂ ਤੋਂ ਸੱਖਣੀ ਇਸਤਰੀ ਦਾ ਬਿੰਬ ਦੁਹਾਗਣ ਦੇ ਰੂਪ ਵਿਚ ਪੇਸ਼ ਕੀਤਾ ਹੈ ਉਥੇ 'ਵੇਸ਼ਵਾ' ਇਸਤਰੀ ਦੁਆਰਾ ਧਨ, ਪਦਾਰਥ ਲਈ ਕੀਤੇ ਜਾਂਦੇ ਵੇਸ਼ਵਾਪਣ ਦੇ ਧੰਦੇ ਅਤੇ ਉਸਦੇ ਕੁੱਝ ਜੀਵਨ ਪਹਿਲੂਆਂ ਨੂੰ ਵੀ ਦ੍ਰਿਸ਼ਟੀਗੋਚਰ ਕੀਤਾ ਹੈ। 'ਵੇਸ਼ਵਾ' ਤੋਂ ਭਾਵ ਉਹ ਇਸਤਰੀ ਜੋ ਧਨ ਪਦਾਰਥ ਦੇ ਲਾਲਚ ਵਸ ਕਿਸੇ ਵੀ ਪੁਰਸ਼ ਨੂੰ ਆਪਣਾ ਤਨ ਦਿੰਦੀ ਹੈ ਅਤੇ ਮਰਦ ਦੀ ਕਾਮ-ਇੱਛਾ ਨੂੰ ਤ੍ਰਿਪਤ ਕਰਕੇ ਆਪਣਾ ਗੁਜ਼ਾਰਾ ਕਰਦੀ ਹੋਈ ਪੇਸ਼ੇ ਵਜੋਂ ਇਸ ਧੰਦੇ ਨੂੰ ਅਪਣਾਉਂਦੀ ਹੈ ਪਰੰਤੂ ਬਾਣੀ ਵਿਚ ਇਸ ਗੱਲ ਦਾ ਵੀ ਪ੍ਰਮਾਣ ਮਿਲਦਾ ਹੈ ਕਿ ਸਾਰੀਆਂ ਔਰਤਾਂ ਇਸ ਧੰਦੇ ਨੂੰ ਮਨਮਰਜ਼ੀ ਨਾਲ ਨਹੀਂ ਸੀ ਅਪਣਾਉਂਦੀਆਂ। ਬਹੁਤ ਛੁੱਟੜ ਜਾਂ ਸ਼ੋਸ਼ਣ ਦਾ ਸ਼ਿਕਾਰ ਹੋਈਆਂ ਤੇ ਵਿਧਵਾਵਾਂ ਆਰਥਿਕ ਮਜ਼ਬੂਰੀ ਜਾਂ ਸਮਾਜ ਵਲੋਂ ਕੀਤੇ ਜਾਂਦੇ ਬੁਰੇ ਸਲੂਕ ਕਾਰਨ ਵੀ ਇਹ ਪੇਸ਼ਾ ਅਪਣਾ ਲੈਂਦੀਆਂ ਸਨ ਜਿਸ ਬਾਰੇ ਗੁਰੂ ਨਾਨਕ ਸਾਹਿਬ ਵੀ ਕੁੱਝ ਇਸ਼ਾਰੇ ਮਾਤਰ ਸੰਕੇਤ ਕਰਦੇ ਹਨ ਕਿ ਵਿਧਵਾ ਔਰਤ ਕਾਮ, ਧਨ ਦੇ ਲਾਲਚ ਵਿਚ ਤਨ ਪਰਾਏ ਮਨੁੱਖ ਦੇ ਹਵਾਲੇ ਕਰ ਦਿੰਦੀ ਹੈ ਪਰੰਤੂ ਨਾਲ ਹੀ ਇਸ ਗੱਲ ਵੱਲ ਵੀ ਸੰਕੇਤ ਕਰਦੇ ਹਨ ਕਿ ਫਿਰ ਵੀ ਅਜਿਹੀ ਇਸਤਰੀ ਦੇ ਮਨ ਨੂੰ ਪਤੀ ਤੋਂ ਬਿਨਾਂ ਚੈਨ ਨਹੀਂ ਆਉਂਦੀ ਤੇ ਪਤੀ-ਪ੍ਰੇਮ ਤੋਂ ਬਿਨਾਂ ਉਸਦੇ ਮਨ ਦੀ ਤ੍ਰਿਪਤੀ ਨਹੀਂ ਹੁੰਦੀ :

ਜਿਉ ਤਨੁ ਬਿਧਵਾ ਪਰ ਕਉ ਦੇਈ
ਕਾਮਿ ਦਾਮਿ ਚਿਤੁ ਪਰ ਵਸਿ ਸੇਈ॥
ਬਿਨੁ ਪਿਰ ਤ੍ਰਿਪਤਿ ਨ ਕਬਹੂੰ ਹੋਈ॥੬॥

(ਗਉੜੀ, ਮਹਲਾ 1, ਪੰਨਾ-226)

ਉਸ ਸਮੇਂ ਰਾਜੇ ਜਾਂ ਅਮੀਰ ਸ਼੍ਰੇਣੀ ਦੇ ਲੋਕਾਂ ਵਿਚ ਵੇਸ਼ਵਾ ਗ਼ਮਨ ਜਾਂ ਇਕ ਤੋਂ ਵੱਧ ਔਰਤਾਂ ਨਾਲ ਸੰਬੰਧ ਬਨਾਉਣਾ ਆਮ ਗੱਲ ਸੀ ਪਰੰਤੂ ਸਾਧਾਰਨ ਪੁਰਸ਼ ਵੀ ਖੁਲ੍ਹੇ ਆਮ ਆਪਣੀਆਂ ਪਤਨੀਆਂ ਨੂੰ ਛੱਡ ਵੇਸ਼ਵਾਵਾਂ ਕੋਲ ਜਾਂਦੇ ਸਨ।[38] ਵੇਸ਼ਵਾਵਾਂ ਦੇ ਘਰਾਂ ਵਿਚ, ਨਾਚ, ਅਖਾੜੇ ਦੇਖਣ ਲਈ ਮਰਦਾਂ ਵਲੋਂ ਬੇਪ੍ਰਵਾਹੀ ਨਾਲ ਧਨ ਖਰਚ ਕੀਤਾ ਜਾਂਦਾ ਸੀ। ਵੇਸ਼ਵਾ ਇਸਤਰੀਆਂ ਨਾਚ,

ਅਖਾੜੇ ਤੇ ਮਹਿਫਲਾਂ ਦੌਰਾਨ ਆਪਣੇ ਆਪ ਨੂੰ ਹਾਰ-ਸ਼ਿੰਗਾਰ ਤੇ ਭੜਕੀਲੇ ਪਹਿਰਾਵਿਆਂ ਨਾਲ ਸ਼ਿੰਗਾਰਦੀਆਂ ਹੋਈਆਂ, ਕਾਮੀ ਪੁਰਸ਼ਾਂ ਨੂੰ ਆਪਣੇ ਵੱਲ ਆਕਰਸ਼ਤ ਕਰਦੀਆਂ ਸਨ।[39] ਅਜਿਹੀਆਂ ਔਰਤਾਂ ਦੀ ਸਮਾਜ ਵਿਚ ਕੋਈ ਕਦਰ ਨਹੀਂ ਸੀ ਅਤੇ ਨਾ ਹੀ ਇਹਨਾਂ ਤੋਂ ਪੈਦਾ ਹੋਈ ਔਲਾਦ ਦੀ ਸਮਾਜ ਵਿਚ ਕੋਈ ਪਛਾਣ ਸੀ। ਸਮਾਜ ਵਿਚ ਵੇਸ਼ਵਾ ਤੇ ਉਨ੍ਹਾਂ ਦੀ ਔਲਾਦ ਦੀ ਹੁੰਦੀ ਬੇਕਦਰੀ ਕਾਰਨ ਹੀ ਬਾਣੀਕਾਰ ਹਰੀ-ਨਾਮ ਵਿਹੂਣੇ ਪੁਰਸ਼ਾ ਲਈ ਪਿਤਾ ਦੇ ਨਾਮ ਤੋਂ ਸੱਖਣੇ ਵੇਸ਼ਵਾ ਦੇ ਪੁੱਤਰ ਦੀ ਉਦਾਹਰਨ ਦਿੰਦੇ ਹਨ:

ਬਿਨੁ ਸਿਮਰਨ ਭਏ ਕੂਕਰ ਕਾਮ॥
ਸਾਕਤ ਬੇਸੁਆ ਪੂਤ ਨਿਨਾਮ॥੩॥

(ਗਉੜੀ, ਮਹਲਾ 5, ਪੰਨਾ-239)

ਇਸ ਤਰ੍ਹਾਂ ਭਾਵੇਂ ਵੇਸ਼ਵਾ ਦਾ ਪੇਸ਼ਾ ਇਸਤਰੀਆਂ ਮਰਜ਼ੀ ਨਾਲ ਅਪਣਾਉਂਦੀਆਂ ਸਨ, ਭਾਵੇਂ ਕਿਸੇ ਮਜ਼ਬੂਰੀ ਕਾਰਨ ਪਰੰਤੂ ਬਾਣੀ ਦੁਆਰਾ ਏਨੀ ਗੱਲ ਜ਼ਰੂਰ ਸਪਸ਼ਟ ਹੁੰਦੀ ਹੈ ਕਿ ਪਰਾਏ ਪੁਰਸ਼ਾਂ ਨੂੰ ਲੁਭਾਉਣ ਵਾਲੀਆਂ ਤੇ ਧਨ ਪਦਾਰਥ ਕਮਾਉਣ ਵਾਲੀਆਂ ਵੇਸ਼ਵਾ ਇਸਤਰੀਆਂ ਦਾ ਆਪਣਾ ਜੀਵਨ ਬਹੁਤਾ ਸ਼ਾਂਤੀ ਵਾਲਾ ਨਹੀਂ ਸੀ ਹੁੰਦਾ। ਸਮਾਜ ਵਿਚ ਵੇਸ਼ਵਾ ਦੇ ਪੇਸ਼ੇ ਤੇ ਉਸਦੇ ਦੁਰਾਚਾਰੀ ਤੇ ਆਚਰਨਹੀਣਤਾ ਨਾਲ ਭਰੇ ਜੀਵਨ ਕਾਰਨ ਹੀ ਭਗਤ ਸਾਹਿਬਾਨਾਂ ਨੇ ਪੁਰਸ਼ਾਂ ਵਿਚ ਇਸ ਬੁਰਾਈ ਨੂੰ ਰੋਕਣ ਲਈ ਉਪਦੇਸ਼ ਦਿੱਤਾ ਕਿ ਜੋ ਪੁਰਸ਼ ਅੰਤ ਕਾਲ ਵਿਚ ਵੀ ਇਸਤਰੀ ਦੀ ਚਿੰਤਾ ਨੂੰ ਹੀ ਦਿਲੋ-ਦਿਮਾਗ ਵਿਚ ਰੱਖਦਾ ਹੋਇਆ ਮਰੇਗਾ ਉਹ ਵੇਸ਼ਵਾ ਦੀ ਜੂਨ ਵਿਚ ਜਨਮ ਲੈ ਕੇ ਆਵੇਗਾ। ਇਸ ਤਰ੍ਹਾਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਵੇਸ਼ਵਾਵਾਂ ਦਾ ਜੀਵਨ ਕਿੰਨਾ ਗਿਰਾਵਟ ਦੀ ਪੱਧਰ ਤੱਕ ਪਹੁੰਚ ਚੁੱਕਾ ਸੀ ਕਿ ਇਸਤਰੀ-ਪੁਰਸ਼ਾਂ ਨੂੰ ਵਿਲਾਸੀ ਜੀਵਨ ਤੋਂ ਹੋੜਣ ਲਈ ਵੇਸ਼ਵਾ ਜੂਨੀ ਦਾ ਡਰ ਪੈਦਾ ਕੀਤਾ ਜਾਣ ਲੱਗਿਆ :

ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਾਹਿ ਜੇ ਮਰੈ॥
ਬੇਸਵਾ ਜੋਨਿ ਵਲਿ ਵਲਿ ਅਉਤਰੈ॥੨॥

(ਗੂਜਰੀ, ਤ੍ਰਿਲੋਚਨ, ਪੰਨਾ-526)

## ਸਮਾਜ ਵੱਲੋਂ ਥੋਪੀਆਂ ਰੀਤੀਆਂ ਨੂੰ ਸਹਿਣ ਵਾਲੀ

ਸਮਾਜ ਵੱਲੋਂ ਥੋਪੇ ਰਸਮੋ-ਰਿਵਾਜ਼ ਨੂੰ ਸਹਿਣ ਵਾਲੀਆਂ ਇਸਤਰੀਆਂ ਵਿਚ 'ਵਿਧਵਾ' ਤੇ 'ਸਤੀ' ਨੂੰ ਦੇਖਿਆ ਜਾ ਸਕਦਾ ਹੈ ਜੋ ਨਾ ਤਾਂ ਖ਼ੁਦ ਆਪਣੇ ਔਗੁਣਾਂ, ਕੁਕਰਮਾਂ ਦਾ ਦੁੱਖ ਭੋਗਦੀਆਂ ਸਨ ਅਤੇ ਨਾ ਹੀ ਸਮਾਜ ਵਿਚ ਉਨ੍ਹਾਂ ਦੇ ਕਿਸੇ ਸਦਾਚਾਰਕ ਵਤੀਰੇ ਨੂੰ ਦੇਖਿਆ ਜਾਂਦਾ ਸੀ। ਵਿਧਵਾ

ਹੋਣ ਤੇ ਪੁਨਰ-ਵਿਆਹ ਦਾ ਵਿਧਾਨ ਨਾ ਹੋਣ ਕਾਰਨ ਬਾਲੜੀ ਉਮਰੇ ਵਿਆਹੀਆਂ ਕੁੜੀਆਂ ਨੂੰ ਜੀਵਨ ਦੇ ਬਾਕੀ, ਸਾਰੇ ਸੁੱਖਾਂ ਤੋਂ ਵਾਂਝਾ ਕਰ ਦਿੱਤਾ ਜਾਂਦਾ ਸੀ ਤੇ ਕਈ ਵਾਰੀ ਬਾਲਪਣ ਵਿਚ ਹੀ ਰੰਡੀਆਂ ਹੋਣ ਕਰਕੇ ਉਨ੍ਹਾਂ ਦਾ ਜੀਵਨ ਨੀਰਸਤਾ ਨਾਲ ਭਰ ਜਾਂਦਾ ਸੀ। ਭਾਵੇਂ ਬਾਣੀਕਾਰਾਂ ਦੁਆਰਾ ਰਚਿਤ ਬਾਣੀ ਵਿਚ ਵਿਧਵਾ ਇਸਤਰੀ ਦੇ ਪੁਨਰ-ਵਿਆਹ ਬਾਰੇ ਕੋਈ ਸਪਸ਼ਟ ਸੰਕੇਤ ਤਾਂ ਨਹੀਂ ਮਿਲਦਾ ਪਰ ਉਹ ਸਦਾ ਸੁਹਾਗਣ ਹੋਣ ਦੇ ਗੁਰ ਜ਼ਰੂਰ ਦੱਸਦੇ ਹਨ ਕਿਉਂਕਿ ਉਨ੍ਹਾਂ ਨੂੰ ਸਮਾਜ ਵਿਚ ਵਿਧਵਾ ਜਾਂ ਰੰਡੇਪਾ ਕੱਟ ਰਹੀ ਇਸਤਰੀ ਦੀ ਹਾਲਤ ਦਾ ਅਹਿਸਾਸ ਸੀ। ਬਾਣੀ ਦੇ ਅਧਿਆਤਮਕ ਪ੍ਰਸੰਗ ਅਨੁਸਾਰ ਸਦਾ ਸੁਹਾਗਣ ਰਹਿਣ ਵਾਲੀ ਜੀਵ ਰੂਪ ਇਸਤਰੀ ਜੋ ਆਪਣੇ ਹਰੀ ਰੂਪ ਪਤੀ ਨੂੰ ਮੰਨਦੀ ਹੋਈ ਸਤਿਗੁਰੂ ਵਿਚ ਵਿਸ਼ਵਾਸ ਪਾਲਦੀ ਹੈ ਉਹ ਰੰਡੇਪੇ ਦੇ ਮੈਲੇ ਵੇਸ ਵਿਚ ਕਦੇ ਨਹੀਂ ਬੈਠਦੀ ਤੇ ਸਦਾ ਸੁਹਾਗਣ ਰਹਿੰਦੀ ਹੈ :

ਹਰਿ ਕੀ ਨਾਰਿ ਸੁ ਸਰਬ ਸੁਹਾਗਣਿ ਰਾਂਡ ਨ ਮੈਲੈ ਵੇਸੇ॥...

(ਸੂਹੀ, ਮਹਲਾ 1, ਪੰਨਾ-763)

ਇਸ ਤਰ੍ਹਾਂ ਜਿੱਥੇ ਬਾਣੀਕਾਰ ਵਿਧਵਾ ਇਸਤਰੀ 'ਤੇ ਲਗਾਈਆਂ ਬੰਧਸ਼ਾਂ ਦਾ ਵਿਰੋਧ ਕਰਦੇ ਹੋਏ ਵਿਧਵਾਪਣ ਨੂੰ ਮੈਲਾ ਵੇਸ ਆਖਦੇ ਹਨ ਤੇ ਇਸਤਰੀ ਦੇ ਪੁਨਰ-ਵਿਵਾਹ ਦੀ ਹਾਮੀ ਭਰਦੇ ਹਨ ਉਥੇ ਕਰੜੇ ਸ਼ਬਦਾਂ ਵਿਚ ਸਤੀ ਪ੍ਰਥਾ ਦਾ ਵੀ ਵਿਰੋਧ ਕਰਦੇ ਹਨ ਜਿਸ ਬਾਰੇ ਪਹਿਲਾਂ ਵਿਸਥਾਰ ਸਹਿਤ ਚਰਚਾ ਕੀਤੀ ਜਾ ਚੁੱਕੀ ਹੈ।

ਕੁਦਰਤੀ-ਨਿਯਮਾਂ ਅਨੁਸਾਰ ਮਿਲੀ ਜਨਣ-ਪ੍ਰਕਿਰਿਆ ਸਬੰਧੀ ਇਸਤਰੀ ਨੂੰ ਅਕਸਰ ਦੋ ਹਾਲਤਾਂ ਵਿਚ ਸਮਾਜ ਵੱਲੋਂ ਅਪਵਿੱਤਰ ਸਮਝਿਆ ਜਾਂਦਾ ਰਿਹਾ ਹੈ। ਇਕ 'ਪ੍ਰਸੂਤ' ਦੌਰਾਨ ਜਿਸ ਨੂੰ 'ਸੂਤਕ' ਦੀ ਰਸਮ ਵੀ ਕਿਹਾ ਜਾਂਦਾ ਹੈ। ਸੂਤਕ ਦੇ ਦਿਨ ਅਸ਼ੁੱਧੀ ਦੇ ਦਿਨ ਮੰਨੇ ਜਾਂਦੇ ਹਨ ਜਿਨ੍ਹਾਂ ਦਿਨਾਂ ਵਿਚ ਇਸਤਰੀ ਬੱਚੇ ਨੂੰ ਜਨਮ ਦਿੰਦੀ ਹੈ। ਇਸ ਦੌਰਾਨ ਉਸ ਨੂੰ ਕਈ ਦਿਨਾਂ ਤਕ ਅਪਵਿੱਤਰ ਸਮਝਿਆ ਜਾਂਦਾ ਹੈ। ਸੂਤਕ (ਪ੍ਰਸੂਤ) ਸਮੇਂ ਤਕ ਦੀ ਇਹ ਅਸ਼ੁੱਧੀ ਲਈ ਵੱਖੋ-ਵੱਖਰੀਆਂ ਜਾਤਾਂ ਦੇ ਲੋਕਾਂ ਵੱਲੋਂ ਵੱਖੋ-ਵੱਖਰੇ ਦਿਨਾਂ ਦੀ ਗਿਣਤੀ ਮੰਨੀ ਜਾਂਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ "ਹਿੰਦੂ ਧਰਮ ਦੇ ਸ਼ਾਸਤ੍ਰਾਂ ਅਨੁਸਾਰ ਇਹ ਅਸ਼ੁੱਧੀ ਬ੍ਰਾਹਮਣ ਦੇ 11 ਦਿਨ, ਛਤ੍ਰੀ ਦੇ 13 ਦਿਨ, ਵੈਸ ਦੇ 17 ਦਿਨ ਅਤੇ ਸੂਦ੍ਰ ਦੇ 30 ਦਿਨ ਰਹਿੰਦੀ ਹੈ।"[40] "ਕਾਲਾਂਤਰ ਵਿਚ ਘਰ ਵਿਚ ਕਿਸੇ ਦੀ ਮ੍ਰਿਤੂ ਹੋਣ 'ਤੇ ਪੈਦਾ ਹੋਣ ਵਾਲੀ ਅਸ਼ੁੱਧਤਾ ਨੂੰ ਵੀ 'ਸੂਤਕ' ਨਾਂ ਦਿੱਤਾ ਜਾਣ ਲਗਿਆ ਅਤੇ ਇਸ ਦੀ ਮਿਆਦ ਵੀ 10 ਦਿਨ ਪ੍ਰਚਲਿਤ ਹੋਈ। ਦਸ ਦਿਨ ਬਾਦ ਮ੍ਰਿਤ ਵਿਅਕਤੀ

ਦੇ ਸਾਰੇ ਪਰਿਵਾਰ ਵਾਲੇ ਰਲ ਕੇ ਬਸਤ੍ਰ ਆਦਿ ਧੋਣ ਜਾਂਦੇ ਹਨ ਜਿਸ ਨੂੰ 'ਦਹਾ' ਦੀ ਰਸਮ ਕਹਿੰਦੇ ਹਨ।"[41]

ਹਰ ਔਰਤ ਨੂੰ ਸਹੀ ਉਮਰ ਵਿਚ ਮਹਾਵਾਰੀ ਦਾ ਆਉਣਾ ਕੁਦਰਤੀ-ਨਿਯਮਾਂ ਅਨੁਸਾਰ ਤੇ ਉਸਦੇ ਸਰੀਰ ਅੰਦਰਲੀ ਸਹਿਜ ਪ੍ਰਕ੍ਰਿਆ ਦਾ ਹਿੱਸਾ ਹੈ। ਗੁਰੂ ਨਾਨਕ ਸਾਹਿਬ ਮਨੁੱਖ ਅੰਦਰ ਵਸੀ ਝੂਠ ਬੋਲਣ ਦੀ ਆਦਤ ਜੋ ਕਿ ਉਸਨੇ ਆਪਣੇ ਆਪ ਪੈਦਾ ਕੀਤੀ ਹੈ ਜਿਸ ਕਾਰਨ ਆਪਣੀ ਖੱਜਲ-ਖੁਆਰੀ ਦਾ ਕਾਰਨ ਵੀ ਉਹ ਆਪ ਹੁੰਦਾ ਹੈ ਦੀ ਤੁਲਨਾ ਔਰਤ ਦੀ ਕੁਦਰਤੀ ਤੇ ਸਹਿਜ ਪ੍ਰਕ੍ਰਿਆ ਸਿਰਨਾਵਣੀ (ਮਹਾਵਾਰੀ) ਨਾਲ ਕਰਦੇ ਹਨ ਕਿ ਦੇਖੋ ਜੇਕਰ ਔਰਤ ਇਸ ਸਿਰਨਾਵਣੀ ਦੌਰਾਨ ਦੁੱਖ, ਤਕਲੀਫ਼ ਸਹਿੰਦੀ ਹੈ ਤਾਂ ਇਸ ਵਿਚ ਉਸਦਾ ਕੋਈ ਕਸੂਰ ਤੇ ਵਸ ਨਹੀਂ ਹੁੰਦਾ। ਇਹ ਉਸਨੂੰ ਕੁਦਰਤੀ ਦੇਣ ਹੈ ਜਿਸ ਨਾਲ ਸਗੋਂ ਮਨੁੱਖ ਦੀ ਪੈਦਾਇਸ਼ ਜੁੜੀ ਹੋਈ ਹੈ ਪਰੰਤੂ ਇਕ ਝੂਠ ਬੋਲਣ ਵਾਲਾ ਮਨੁੱਖ ਝੂਠ ਬੋਲਣ ਦੀ ਆਦਤ ਨੂੰ ਆਪਣੇ ਮੂੰਹ ਤੇ ਮਨ 'ਚ ਇਵੇਂ ਹੀ ਪਕਾਈ ਤੇ ਟਿਕਾਈ ਬੈਠਾ ਹੈ ਪਰ ਬਾਹਰੋਂ ਆਪਣੇ ਆਪ ਨੂੰ ਸਾਫ਼, ਪਵਿੱਤਰ ਰੱਖਦਾ ਹੈ, ਮੂੰਹ ਵਿਚ ਝੂਠ ਵਸਾਉਂਦਾ ਹੈ। ਗੁਰੂ ਸਾਹਿਬ ਆਖਦੇ ਹਨ ਕਿ ਇਸ ਤਰ੍ਹਾਂ ਦੀ ਸੁੱਚਮ, ਸੁੱਚਮ ਨਹੀਂ ਜੋ ਪਿੰਡਾ ਧੋਣ ਨਾਲ ਆਉਂਦੀ ਹੈ, ਸਗੋਂ ਸੁੱਚੇ ਮਨੁੱਖ ਤਾਂ ਉਹ ਹਨ ਜਿਨ੍ਹਾਂ ਨੇ ਪਰਮ ਸੱਚਾਈ ਦੇ ਗਿਆਨ ਨੂੰ ਆਪਣੇ ਮਨ ਵਿਚ ਵਸਾ ਲਿਆ ਹੋਵੇ:

ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ॥
ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ॥
ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥੨॥

(ਆਸਾ, ਮਹਲਾ 1, ਪੰਨਾ-472)

ਸੋ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਸਮਾਜ ਵਿਚ ਪਾਏ ਜਾਂਦੇ ਇਨ੍ਹਾਂ ਭਰਮ-ਭੁਲੇਖਿਆਂ ਨੂੰ ਦੂਰ ਕਰਦੇ ਹੋਏ ਮਨੁੱਖ ਦੀ ਸੂਤਕ, ਅਪਵਿੱਤਰ ਹੋਣ ਦੀ ਅਸਲ ਹਾਲਤ ਭਾਵ ਮਨ ਦੀ ਅਸ਼ੁੱਧਤਾ ਤੋਂ ਪਰਦਾ ਉਠਾਇਆ। ਉਹਨਾਂ ਨੇ ਜਿੱਥੇ ਇਸਤਰੀ ਨੂੰ ਸਮਾਜ ਵਿਚ ਹੋਰ ਵਾਧੂ ਦੀਆਂ ਰੂੜ੍ਹ ਰੀਤਾਂ-ਰਸਮਾਂ ਤੋਂ ਨਿਜ਼ਾਤ ਦਿਵਾਈ ਉਥੇ ਬੱਚੇ ਨੂੰ ਜਨਮ ਦੇਣ ਜਾਂ ਮਹਾਂਵਾਰੀ ਦੌਰਾਨ ਦੇ ਕਾਲ ਨੂੰ ਵੀ ਜੀਵਨ ਦੀ ਸਹਿਜ ਪ੍ਰਕ੍ਰਿਆ ਨਾਲ ਜੋੜਕੇ, ਸਰੀਰਕ ਪੀੜਾ ਚੋਂ ਲੰਘਦੀ ਇਸਤਰੀ ਨੂੰ ਮਾਨਸਿਕ ਪੀੜਾ ਤੋਂ ਬਚਾਇਆ। ਭਗਤ ਕਬੀਰ ਜੀ ਹਿੰਦੂ ਧਰਮ ਦੀ ਬ੍ਰਾਹਮਣ ਜਾਤੀ ਦੁਆਰਾ ਫੈਲਾਈ 'ਸੂਤਕ ਦੀ ਰਸਮ' ਦੀ ਭੰਡੀ ਬੜੇ ਤਰਕਮਈ ਢੰਗ ਨਾਲ ਕਰਦੇ ਹੋਏ ਸਾਰੀ ਉਤਪਤੀ ਨੂੰ ਸੂਤਕ ਤੋਂ

ਹੀ ਹੋਈ ਮੰਨਦੇ ਹਨ। ਜਨਮ, ਮਰਨ ਵਿਚ ਸੂਤਕ, ਬੁਰਾਈ ਦੇਖਣ ਵਾਲੀਆਂ ਅੱਖਾਂ ਵਿਚ ਸੂਤਕ, ਕੌੜੇ ਬੋਲਾਂ ਵਿਚ ਸੂਤਕ, ਨਿੰਦਾ ਸੁਣਨ ਵਾਲੇ ਕੰਨਾਂ ਵਿਚ ਸੂਤਕ, ਉੱਠਦੇ, ਬੈਠਦੇ, ਰਸੋਈ ਆਦਿ ਸਭ ਥਾਂ ਸੂਤਕ ਹੀ ਸੂਤਕ ਹੋਣ ਦੀਆਂ ਦਲੀਲਾਂ ਪੇਸ਼ ਕਰਦੇ ਹਨ ਕਬੀਰ ਜੀ ਆਖਦੇ ਹਨ ਕਿ ਇਸ ਤਰ੍ਹਾਂ ਦੇ ਭਰਮਾਂ ਵਿਚ ਫਸਣਾ ਤਾਂ ਸਭ ਜਾਣਦੇ ਹਨ ਪਰ ਨਿਕਲਣ ਜਾਂ ਛੁੱਟਣ ਦੀ ਜਾਚ ਉਹ ਜਾਣਦਾ ਹੈ ਜੋ ਹਰੀ-ਨਾਮ ਦੀ ਵੀਚਾਰ ਹਿਰਦੇ ਵਿਚ ਕਰਦਾ ਹੈ :

ਜਲਿ ਹੈ ਸੂਤਕੁ ਥਲਿ ਹੈ ਸੂਤਕੁ ਸੂਤਕ ਓਪਤਿ ਹੋਈ॥
ਜਨਮੇ ਸੂਤਕੁ ਮੂਏ ਫੁਨਿ ਸੂਤਕੁ ਸੂਤਕ ਪਰਜ ਬਿਗੋਈ॥੧॥..........
ਕਹਿ ਕਬੀਰ ਰਾਮੁ ਰਿਦੈ ਬਿਚਾਰੈ ਸੂਤਕੁ ਤਿਨੈ ਨ ਹੋਈ॥੩॥੪੧॥

(ਗਉੜੀ, ਕਬੀਰ, ਪੰਨਾ-331)

## ਇਸਤਰੀ ਸਬੰਧੀ ਇਤਿਹਾਸਕ ਹਵਾਲੇ

ਹੁਣ ਤਕ ਅਧਿਆਤਮਕ ਉਦੇਸ਼ਾਂ ਲਈ ਵਰਤੀਆਂ ਉਦਾਹਰਨਾਂ ਵਿਚੋਂ ਇਸਤਰੀ ਸਬੰਧੀ ਮਿਲਦੇ ਸਮਾਜਕ ਹਲਾਤਾਂ ਤੇ ਇਸਤਰੀ ਦੇ ਵਿਭਿੰਨ ਰੂਪਾਂ ਨੂੰ ਪਛਾਣ ਕੇ, ਉਸ ਪ੍ਰਤੀ ਬਾਣੀਕਾਰਾਂ ਦੇ ਦ੍ਰਿਸ਼ਟੀਕੋਣ ਨੂੰ ਵੀ ਜਾਣਿਆ ਗਿਆ ਹੈ। ਗੁਰੂ ਸਾਹਿਬਾਂ ਦੀ ਬਾਣੀ ਵਿਚ ਕੁੱਝ ਕੁ ਇਤਿਹਾਸਕ ਹਵਾਲਿਆਂ ਦੁਆਰਾ ਸਮਕਾਲੀ ਇਸਤਰੀ ਦੇ ਹਲਾਤਾਂ ਨੂੰ ਦੇਖਿਆ ਜਾ ਸਕਦਾ ਹੈ ਜਿਸ ਵਿਚੋਂ ਵੱਡੀ ਮਿਸਾਲ ਗੁਰੂ ਨਾਨਕ ਸਾਹਿਬ ਵੱਲੋਂ ਰਚਿਤ ਅੱਖੀਂ ਡਿੱਠੇ ਬਾਬਰ-ਹਮਲੇ ਦੀ ਹੈ ਜਿਸ ਵਿਚ ਜਿੱਥੇ ਆਮ ਲੋਕਾਂ ਦੇ ਜਾਨੀ, ਮਾਲੀ ਨੁਕਸਾਨ ਦਾ ਬਿਆਨ ਹੈ ਉਥੇ ਇਸ ਇਤਿਹਾਸਕ ਘਟਨਾ ਦਾ ਕੇਂਦਰ- ਬਿੰਦੂ ਇਸਤਰੀ ਦੀ ਹੋਈ ਦੁਰਗਤੀ ਦੁਆਲੇ ਵਧੇਰੇ ਘੁੰਮਦਾ ਹੈ :

ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥
ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ॥...

(ਆਸਾ, ਮਹਲਾ 1, ਪੰਨਾ-417)

ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ॥
ਇਕਨ੍ਹਾ ਪੇਰਣ ਸਿਰ ਖੁਰ ਪਾਟੇ ਇਕਨ੍ਹਾ ਵਾਸੁ ਮਸਾਣੀ॥
ਜਿਨ ਕੇ ਬੰਕੇ ਘਰੀ ਨ ਆਇਆ ਤਿਨ੍ਹ ਕਿਉ ਰੈਣਿ ਵਿਹਾਣੀ॥੬॥

(ਆਸਾ, ਮਹਲਾ 1, ਪੰਨਾ-418)

## ਇਸਤਰੀ ਪ੍ਰਤੀ ਭਗਤ ਬਾਣੀਕਾਰਾਂ ਦਾ ਦ੍ਰਿਸ਼ਟੀਕੋਣ

ਮੱਧਕਾਲੀ ਸਮਾਜ ਵਿਚ ਇਸਤਰੀ ਦੀ ਸਥਿਤੀ ਦਾ ਪੱਧਰ ਦਿਨ ਬ ਦਿਨ ਗਿਰਦਾ ਜਾ ਰਿਹਾ ਸੀ। ਇਸਤਰੀ ਦੀ ਇਸ ਹਾਲਤ ਨੂੰ ਦੇਖਦਿਆਂ ਬਾਣੀਕਾਰਾਂ ਨੇ ਉਸਦੇ ਬਰਾਬਰੀ ਦੇ ਹੱਕਾਂ

ਲਈ ਸਨਮਾਨ ਪੂਰਵਕ ਜਾਗ੍ਰਿਤੀ ਪੈਦਾ ਕਰਨ ਦੇ ਯਤਨ ਕੀਤੇ। ਉਨ੍ਹਾਂ ਨੇ ਰੋਜ਼ਾਨਾਂ ਦੇ ਆਰਥਿਕ, ਧਾਰਮਿਕ, ਰਾਜਨੀਤਕ, ਸਮਾਜ-ਸੁਧਾਰਕ ਆਦਿ ਸਭ ਸਾਂਝੇ ਕਾਰਜਾਂ ਵਿਚ ਔਰਤ ਨੂੰ ਬਰਾਬਰ ਸ਼ਾਮਿਲ ਕਰਨ ਦਾ ਅਮਲ ਪਹਿਲਾਂ ਆਪ ਆਰੰਭ ਕੀਤਾ ਜਿਸ ਦੀ ਵੱਡੀ ਮਿਸਾਲ ਰਾਇ ਬਲਵੰਡ ਅਤੇ ਸਤੈ ਡੂਮਿ ਜੀ ਦੁਆਰਾ ਰਚਿਤ ਰਾਮਕਲੀ ਦੀ ਵਾਰ ਵਿਚ ਮਾਤਾ ਖੀਵੀ ਜੀ (ਦੂਸਰੇ ਗੁਰੂ ਅੰਗਦ ਦੇਵ ਜੀ ਦੀ ਸੁਪਤਨੀ) ਨੂੰ ਲੰਗਰ ਦੇ ਕਾਰਜ ਕਰਤਾ ਅਤੇ ਸੰਗਤ ਨਾਲ ਮਿਲਕੇ ਲੰਗਰ ਦੀ ਸੇਵਾ ਸੌਂਪਣ ਦੀ ਮਿਲਦੀ ਹੈ:

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥
ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ॥
ਪਏ ਕਬੂਲੁ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ॥
ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ॥੩॥

(ਰਾਮਕਲੀ, ਰਾਇ ਬਲਵੰਡ, ਸਤੈ ਡੂਮ, ਪੰਨਾ 967)

ਭਗਤ ਬਾਣੀਕਾਰਾਂ ਦੇ ਆਪਣੇ ਜੀਵਨ ਨਾਲ ਸੰਬੰਧਿਤ ਮਿਲਦੀ ਜਾਣਕਾਰੀ ਹਿੱਤ ਕਬੀਰ ਜੀ ਦਾ ਆਪਣੀ ਮਾਤਾ ਨਾਲ ਸੰਵਾਦ, ਆਪਦੇ ਘਰ ਦੀ ਨੂੰਹ ਨੂੰ ਮੁਖਾਤਿਬ ਹੋਣਾ, ਆਪਣੀ ਪਤਨੀ ਨਾਲ ਸੰਵਾਦ, ਇਵੇਂ ਹੀ ਨਾਮਦੇਵ ਜੀ ਦਾ ਆਪਣੀ ਮਾਤਾ ਨਾਲ ਸੰਵਾਦ ਅਤੇ ਆਪਣੀ ਗੁਆਂਢਣ ਨਾਲ ਸੰਵਾਦ ਆਦਿ ਤੋਂ ਵੀ ਸਮਾਜ ਦੇ ਸਧਾਰਨ ਪਰਿਵਾਰਾਂ ਵਿਚ ਵਿਭਿੰਨ ਰਿਸ਼ਤਿਆਂ ਵਿਚ ਵਿਚਰਦੀ ਇਸਤਰੀ ਦੀ ਸਥਿਤੀ ਬਾਰੇ ਜਾਣਿਆ ਜਾ ਸਕਦਾ ਹੈ। ਗੁਰੂ ਸਾਹਿਬਾਨਾਂ ਨੇ ਆਪਣੇ ਸਮੇਂ ਅਤੇ ਹਲਾਤਾਂ ਅਨੁਸਾਰ ਸਮਾਜ ਵਿਚ ਇਸਤਰੀ ਸਬੰਧੀ ਸਾਕਾਰਾਤਮਕ ਦ੍ਰਿਸ਼ਟੀਕੋਣ ਰੱਖਿਆ ਜਦੋਂ ਕਿ ਭਗਤ ਸਾਹਿਬਾਨਾਂ ਨੇ ਆਪਣੇ ਸਮੇਂ ਅਤੇ ਹਲਾਤਾਂ ਅਨੁਸਾਰ। ਇਹ ਗੱਲ ਸਪਸ਼ਟ ਹੈ ਕਿ ਉਨ੍ਹਾਂ ਨੇ ਔਰਤ ਦੇ ਹਲਾਤਾਂ ਨੂੰ ਬਦਲਣ ਦੇ ਪੁਰਜ਼ੋਰ ਯਤਨ ਕੀਤੇ। ਉਨ੍ਹਾਂ ਦੇ ਇਹ ਯਤਨ ਆਪਣੇ ਘਰ ਤੋਂ ਲੈ ਕੇ ਬਾਹਰੀ ਸਮਾਜ ਦੀ ਹਰ ਇਸਤਰੀ ਦੇ ਜੀਵਨ ਨੂੰ ਨਵੀਨ ਦਸ਼ਾ ਤੇ ਦਿਸ਼ਾ ਵੱਲ ਲਿਜਾਣ ਲਈ ਵਚਨਬੱਧ ਹਨ। ਉਨ੍ਹਾਂ ਨੇ ਜਿੱਥੇ ਔਰਤ ਨੂੰ ਸੰਸਾਰ ਵਿਚ ਵੱਡੇ ਰਾਜੇ, ਮਹਾਰਾਜੇ, ਪੀਰਾਂ, ਪੈਗੰਬਰਾਂ ਨੂੰ ਜਨਮ ਦੇਣ ਵਾਲੀ ਦੇ ਰੂਪ ਵਿਚ ਵਡਿਆਇਆ ਹੈ ਉਥੇ ਉਸਦੇ ਨਿਮਰਤਾ, ਸੇਵਾ, ਸੱਚੇ ਪ੍ਰੇਮ, ਹੁਕਮ, ਆਗਿਆ ਵਿਚ ਰਹਿਣ ਆਦਿ ਗੁਣਾਂ ਕਾਰਨ ਆਤਮਾ ਤੇ ਪਰਮਾਤਮਾ ਦੇ ਰਿਸ਼ਤੇ ਨੂੰ ਪਤੀ-ਪਤਨੀ ਦੇ ਮਾਡਲ ਰਾਹੀਂ ਪੇਸ਼ ਕਰਕੇ, ਪ੍ਰਭੂ ਦੀ ਭਗਤੀ ਨੂੰ 'ਸੀਲਵੰਤੀ ਨਾਰਿ' ਦਾ ਨਾਂ ਦਿੱਤਾ ਅਤੇ ਅਜਿਹੇ ਨੈਤਿਕ ਗੁਣਾਂ ਵਾਲੀ ਇਸਤਰੀ ਦੇ ਕਾਬਿਲ ਇਕ ਸੱਚੇ ਪੁਰਸ਼ (ਪਤੀ) ਨੂੰ ਹੀ ਸਮਝਿਆ ਗਿਆ ਹੈ। ਇਹ ਨਹੀਂ ਕਿ ਪਰਾਈ-ਨਾਰੀ ਨਾਲ ਮਨ ਜੋੜਨ ਵਾਲਾ ਵੀ ਪਤਨੀ ਦੇ

ਅਜਿਹੇ ਸਮਰਪਿਤ ਗੁਣਾਂ ਦਾ ਹੱਕਦਾਰ ਹੈ। ਜੇਕਰ ਕੋਈ ਔਰਤ ਸੁਚੱਜੇ, ਗਿਆਨਵਾਨ ਇਨਸਾਨ ਦੇ ਭੁਲੇਖੇ ਕਿਸੇ ਬੁਰੇ ਕੁਕਰਮ ਕਰਨ ਵਾਲੇ ਮਨੁੱਖ ਦਾ ਸੰਗ ਕਰ ਵੀ ਲਵੇ ਤਾਂ ਉਸਨੂੰ ਪਛਤਾਉਣ ਤੇ ਸੋਚ-ਸਮਝ, ਵੀਚਾਰ ਕੇ ਰਿਸ਼ਤਾ ਕਾਇਮ ਕਰਨ ਦਾ ਹੱਕ ਹੈ ਜਿਸ ਬਾਰੇ ਗੁਰੂ ਅਮਰਦਾਸ ਜੀ ਆਖਦੇ ਹਨ :

ਮੈ ਜਾਨਿਆ ਵਡ ਹੰਸੁ ਹੈ ਤਾ ਮੈ ਕੀਆ ਸੰਗੁ॥
ਜੇ ਜਾਣਾ ਬਗੁ ਬਪੁੜਾ ਤ ਜਨਮਿ ਨ ਦੇਦੀ ਅੰਗੁ॥

(ਵਡਹੰਸ, ਮਹਲਾ ੩, ਪੰਨਾ-585)

'ਜਨਮਿ ਨ ਦੇਂਦੀ ਅੰਗੁ' ਤੋਂ ਪਤਾ ਚੱਲਦਾ ਹੈ ਕਿ ਗੁਰੂ ਸਾਹਿਬ ਨੇ ਇਹ ਸਲੋਕ ਜੀਵ ਰੂਪ ਇਸਤਰੀ ਦੇ ਮੂੰਹੋਂ ਅਖਵਾਇਆ ਹੈ ਜੋ ਇਸਤਰੀ ਦੇ ਚੰਗੇ-ਮਾੜੇ ਦੀ ਪਛਾਣ ਅਤੇ ਅਣਜਾਣੇ ਵਿਚ ਬੁਰੇ ਨਾਲ ਕੀਤੇ ਸੰਗ ਕਾਰਨ ਪਛਤਾਵੇ ਦੇ ਭਾਵ ਨੂੰ ਪ੍ਰਗਟਾਉਂਦਾ ਹੈ ਅਤੇ ਬੁਰੇ ਦੇ ਸੰਗ-ਸਾਥ ਨੂੰ ਛੱਡ ਦੇਣ ਦੇ ਫੈਸਲੇ ਜਾਂ ਅਧਿਕਾਰ-ਖੇਤਰ ਨੂੰ ਵੀ ਦਰਸਾਉਂਦਾ ਹੈ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਇਸਤਰੀ-ਪੁਰਸ਼ ਨੂੰ ਸਮਾਜ ਵਿਚ ਬਰਾਬਰ ਹੀ ਜਾਣਿਆ ਅਤੇ ਸਭ ਲਈ ਸਮਾਨ ਹੀ ਉਪਦੇਸ਼ ਦਿੱਤੇ :

ਧਰਣਿ ਗਗਨ ਨਹ ਦੇਖਉ ਦੋਇ॥ ਨਾਰੀ ਪੁਰਖ ਸਬਾਈ ਲੋਇ॥੩॥

(ਗਉੜੀ, ਮਹਲਾ 1 ਪੰਨਾ-223)

## ਮੱਧਕਾਲੀ ਲੋਕਾਂ ਦਾ ਰਹਿਣ-ਸਹਿਣ

ਮਨੁੱਖੀ-ਸਮਾਜ ਦੇ ਪਸ਼ੂ-ਸਮਾਜ ਨਾਲੋਂ ਨਿਖੇੜਨ ਵਾਲੇ ਲੱਛਣ ਭਾਸ਼ਾ, ਬੌਧਿਕ ਸੂਝ-ਬੂਝ ਅਤੇ ਉਸਦਾ ਸਭਿਆਚਾਰ ਹੈ ਜਿਸ ਵਿਚੋਂ ਪਹਿਲੋਂ ਪਹਿਲ ਮਨੁੱਖ ਆਪਣੇ ਨੰਗੇਜ਼ ਨੂੰ ਦਰੱਖਤਾਂ ਦੇ ਪੱਤਿਆਂ, ਘਾਹ-ਫੂਸ, ਪਸ਼ੂਆਂ ਦੀ ਖੱਲ ਆਦਿ ਨਾਲ ਢਕਿਆ ਕਰਦਾ ਸੀ, ਪਰ ਜਿਉਂ ਜਿਉਂ ਉਸਦੀ ਸਰੀਰਕ ਤੇ ਬੌਧਿਕ ਸਮਰੱਥਾ ਵੱਧਦੀ ਗਈ ਉਸਨੇ ਆਪਣੇ ਪਹਿਰਾਵੇ ਅਤੇ ਖਾਣ-ਪੀਣ ਆਦਿ ਦੇ ਨਵੀਨ ਢੰਗ-ਤਰੀਕਿਆਂ ਨੂੰ ਵੀ ਈਜਾਦ ਕਰ ਲਿਆ ਜੋ ਉਸਦੀ ਸਭਿਅਤਾ ਅਤੇ ਸਭਿਆਚਾਰ ਦੀ ਪ੍ਰਮੁੱਖ ਪਹਿਚਾਣ ਬਣਿਆ।

ਮੱਧਕਾਲੀ ਸਮਾਜ ਧਾਰਮਿਕ ਪੱਖ ਤੋਂ 'ਹਿੰਦੂ' ਅਤੇ 'ਮੁਸਲਿਮ' ਦੋ ਵਰਗਾਂ ਵਿਚ ਵੰਡਿਆ ਹੋਇਆ ਸੀ। ਹਿੰਦੂ ਧਰਮ ਅੱਗੋਂ ਵੀ ਕਈ ਮਤਾਂ, ਸੰਪਰਦਾਵਾਂ, ਜਾਤਾਂ ਵਿਚ ਵੰਡਿਆ ਹੋਇਆ ਸੀ। ਆਰਥਿਕ ਪੱਖ ਤੋਂ ਇਹ ਸਮਾਜ 'ਅਮੀਰ ਵਰਗ' ਅਤੇ 'ਗਰੀਬ ਵਰਗ' ਵਿਚ ਵੰਡਿਆ ਹੋਇਆ ਸੀ। ਭਗਤ ਬਾਣੀ ਵਿਚ ਚਾਰ ਤਰ੍ਹਾਂ ਦੇ ਲੋਕਾਂ ਦੇ ਰਹਿਣ-ਸਹਿਣ ਬਾਰੇ ਜਾਣਿਆ ਜਾ

ਸਕਦਾ ਹੈ। ਪਹਿਲਾ ਬਾਦਸ਼ਾਹਾਂ ਜਾਂ ਅਮੀਰ ਲੋਕਾਂ ਬਾਰੇ, ਦੂਸਰਾ ਸਾਧਾਰਨ ਤੇ ਗ਼ਰੀਬ ਲੋਕਾਂ ਬਾਰੇ, ਤੀਸਰਾ ਜੋਗੀਆਂ, ਫਕੀਰਾਂ ਆਦਿ ਬਾਰੇ ਅਤੇ ਚੌਥਾ ਇਕ ਸੱਚੇ ਗੁਰਮੁਖ ਦੇ ਰਹਿਣ-ਸਹਿਣ ਬਾਰੇ। ਇਸੇ ਢੰਗ ਅਨੁਸਾਰ ਬਾਣੀ ਵਿਚੋਂ ਮੱਧਕਾਲੀ ਸਮਾਜ ਦੇ ਲੋਕਾਂ ਦੇ ਰੋਜ਼ਾਨਾ ਦੇ ਜੀਵਨ, ਕਾਰ-ਵਿਹਾਰ, ਖੇਡਾਂ, ਮਨੋਰੰਜਨ, ਨੈਤਿਕ ਜੀਵਨ ਆਦਿ ਦਾ ਅਧਿਐਨ ਕਰਨ ਦੇ ਯਤਨ ਹੇਠ ਲਿਖੇ ਅਨੁਸਾਰ ਕੀਤੇ ਗਏ ਹਨ:

**ਬਾਦਸ਼ਾਹਾਂ ਜਾਂ ਅਮੀਰ ਲੋਕਾਂ ਦਾ ਰਹਿਣ-ਸਹਿਣ :** ਭਗਤ ਬਾਣੀਕਾਰਾਂ ਨੇ ਅਮੀਰ ਵਰਗ ਦੁਆਰਾ ਬਿਤਾਏ ਐਸ਼ ਭਰਪੂਰ ਜੀਵਨ ਨੂੰ ਸੰਕੇਤ ਮਾਤਰ ਆਪਣੀਆਂ ਰਚਨਾਵਾਂ ਰਾਹੀਂ ਬਿਆਨ ਕੀਤਾ ਹੈ। ਮੱਧਕਾਲੀ ਸਮਾਜ ਵਿਚ ਅਮੀਰ ਵਰਗ ਦੀ ਸ਼੍ਰੇਣੀ ਵਿਚ ਰਾਜੇ, ਸੁਲਤਾਨ, ਖਾਨ, ਮੰਤਰੀ ਆਦਿ ਅਧਿਕਾਰੀ ਆ ਜਾਂਦੇ ਹਨ ਜੋ ਬੇਸ਼ੁਮਾਰ ਧਨ, ਦੌਲਤ, ਹਾਥੀ ਘੋੜੇ ਆਦਿ ਦੇ ਮਾਲਕ ਹੁੰਦੇ ਸਨ।[42] ਉਸ ਸਮੇਂ ਦੇ ਰਾਜੇ ਜਾਂ ਹੋਰ ਅਮੀਰ ਲੋਕ ਬੜੀ ਐਸ਼ ਵਾਲਾ ਜੀਵਨ ਬਤੀਤ ਕਰਦੇ ਸਨ ਕੇਵਲ ਉਹ ਆਪਣੇ ਪਹਿਰਾਵੇ ਵਿਚ ਹੀ ਪਟ ਜਾਂ ਰੇਸ਼ਮ ਨਹੀਂ ਸੀ ਪਹਿਨਦੇ, ਸਗੋਂ ਉਨ੍ਹਾਂ ਦੇ ਦੀਵਾਨਾਂ, ਉੱਚੇ ਸਿੰਘਾਸ਼ਣਾਂ ਅਤੇ ਸਿਰਾਂ 'ਤੇ ਝੁਲਣ ਵਾਲੇ ਛਤ੍ਰ ਵੀ ਰੇਸ਼ਮ ਦੇ ਕੱਪੜਿਆਂ ਨਾਲ ਲਪੇਟੇ ਹੁੰਦੇ ਸਨ। ਉਹ ਮੂੰਹ ਵਿਚ ਪਾਨ ਕਪੂਰ ਚਬਾਉਂਦੇ ਅਤੇ ਤਨ ਨੂੰ ਚੰਦਨ ਆਦਿ ਨਾਲ ਸੁਗੰਧਿਤ ਕਰਦੇ ਸਨ:

ਰਾਜ ਭੋਗ ਅਰੁ ਛਤ੍ਰ ਸਿੰਘਾਸਨ ਬਹੁ ਸੁੰਦਰਿ ਰਮਨਾ॥
ਪਾਨ ਕਪੂਰ ਸੁਬਾਸਕ ਚੰਦਨ ਅੰਤਿ ਤਊ ਮਰਨਾ॥੩॥

(ਆਸਾ, ਕਬੀਰ, ਪੰਨਾ-476-477)

ਜਿਵੇਂ ਉਨ੍ਹਾਂ ਦੇ ਤਨ 'ਤੇ ਪਹਿਨੇ ਜਾਣ ਵਾਲੇ ਤਰ੍ਹਾਂ ਤਰ੍ਹਾਂ ਦੇ ਲਿਬਾਸ ਰੇਸ਼ਮ ਤੋਂ ਬਣੇ ਹੁੰਦੇ ਹਨ ਉਵੇਂ ਉਨ੍ਹਾਂ ਦੇ ਸੌਣ ਲਈ ਪਲੰਘ, ਨਵਾਰੀ ਤੇ ਮਖਮਲੀ ਵਿਛਾਉਣੇ, ਚਾਦਰਾਂ ਦੇ ਨਾਲ ਨਾਲ ਸੇਜ ਮਾਨਣ ਨੂੰ ਸੁੰਦਰ ਨਾਰੀਆਂ (ਰਾਣੀਆਂ) ਹੁੰਦੀਆਂ ਸਨ।[43] ਬਾਦਸ਼ਾਹ, ਰਾਜੇ ਆਪਣੇ ਲਈ ਵੱਡੇ-ਵੱਡੇ ਮਹਿਲ, ਕਿਲ੍ਹੇ ਉਸਾਰ ਕੇ ਰਹਿੰਦੇ ਸਨ। ਮਹਿਲਾਂ ਵਿਚ ਰਾਜੇ ਮਹਾਂਰਾਜਿਆਂ ਦੀਆਂ ਅਣਗਿਣਤ ਰਾਣੀਆਂ ਅਤੇ ਔਲਾਦ ਆਰਾਮ ਨਾਲ ਜੀਵਨ ਗੁਜ਼ਾਰਦੇ ਤੇ ਉਨ੍ਹਾਂ ਦੇ ਅੱਗੇ ਪਿੱਛੇ ਦਾਸ, ਦਾਸੀਆਂ ਸੇਵਾ ਲਈ ਹਰ ਵਕਤ ਹਾਜ਼ਿਰ ਰਹਿੰਦੇ ਸਨ।

ਅਮੀਰ, ਜਿਮੀਂਦਾਰ, ਚੌਧਰੀ ਲੋਕ ਸਿਰ 'ਤੇ ਸੋਹਣੇ ਤਰੀਕੇ ਨਾਲ ਪੱਗੜੀ ਬੰਨ੍ਹਿਆ ਕਰਦੇ ਸਨ।[44] ਜਿਸ ਨੂੰ ਆਪਣੇ ਮਾਣ ਜਾਂ ਹੰਕਾਰ ਵਿਚ ਟੇਢਾ ਕਰਕੇ ਬੰਨਦੇ ਸਨ ਅਤੇ ਆਕੜ ਜਾਂ ਹੰਕਾਰ ਵਿਚ ਟੇਢੀ ਚਾਲ ਚਲਦੇ ਤੇ ਮੂੰਹ ਵਿਚ ਪਾਨ-ਬੀੜੇ ਚਬਾਉਂਦੇ ਸਨ। ਉਨ੍ਹਾਂ ਲੋਕਾਂ ਦਾ ਪ੍ਰੇਮ ਭਗਤੀ

ਨਾਲ ਤਾਂ ਕੋਈ ਵਾਸਤਾ ਨਹੀਂ ਸੀ ਹੁੰਦਾ, ਸਗੋਂ ਉਹ ਤਾਂ ਧਨ-ਦੌਲਤ, ਸੁੰਦਰ ਇਸਤਰੀਆਂ ਨੂੰ ਦੇਖ ਦੇਖ ਸੱਚ ਮੰਨਦੇ ਤੇ ਕਚਹਿਰੀਆਂ ਜਾਂ ਦੀਵਾਨ ਲਗਾਉਣ ਵਿਚ ਹੀ ਮਸਤ ਰਹਿੰਦੇ[45] ਜਾਂ ਫਿਰ ਆਪੋ ਆਪਣੀਆਂ ਰਿਆਸਤਾਂ ਨੂੰ ਵਧਾਉਣ ਹਿੱਤ ਇਕ ਦੂਸਰੇ ਨਾਲ ਯੁੱਧ ਕਰਦੇ ਰਹਿੰਦੇ ਜਿਸ ਕਰਕੇ ਉਹ ਅਣਗਿਣਤ ਹਾਥੀ, ਘੋੜੇ, ਕਟਾਰਾਂ, ਨੇਜ਼ੇ, ਤੀਰ, ਤਲਵਾਰਾਂ ਆਦਿ ਹਥਿਆਰਾਂ ਨਾਲ ਲੈਸ ਭਾਰੀ ਗਿਣਤੀ ਵਿਚ ਫੌਜਾਂ ਰੱਖਦੇ ਸਨ:

(ੳ) ਕਬਹੂ ਤੁਰੇ ਤੁਰੰਗ ਨਚਾਵੈ॥ ਕਬਹੂ ਪਾਇ ਪਨਹੀਓ ਨ ਪਾਵੈ॥੨॥

(ਭੈਰਉ, ਨਾਮਦੇਵ, ਪੰਨਾ-1164)

(ਅ) ਤੁਮ ਘਰਿ ਲਾਖ ਕੋਟਿ ਅਸ੍ਵ ਹਸਤੀ ਹਮ ਘਰਿ ਏਕੁ ਮੁਰਾਰੀ॥੪॥੧॥੭॥੫੮॥

(ਗਉੜੀ, ਕਬੀਰ, ਪੰਨਾ-336)

ਬਾਣੀ ਅਨੁਸਾਰ ਅਮੀਰ ਲੋਕਾਂ ਦੇ ਹਾਰ-ਸ਼ਿੰਗਾਰ ਤੇ ਗਹਿਣਿਆਂ ਵਿਚ ਕੰਨਾਂ ਲਈ ਸੋਨੇ ਦੇ ਕੁੰਡਲ (ਜਿਨ੍ਹਾਂ ਉਪਰ ਲਾਲ ਜੜੇ ਹੁੰਦੇ ਸਨ)[46] ਅਤੇ ਗਲ ਵਿਚ ਮੋਤੀਆਂ ਦੀ ਮਾਲਾ ਆਦਿ ਪਹਿਨੇ ਜਾਂਦੇ ਸਨ :

ਕਾਹੂ ਮਹਿ ਮੋਤੀ ਮੁਕਤਾਹਲ ਕਾਹੂ ਬਿਆਧਿ ਲਗਾਈ॥੨॥

(ਆਸਾ, ਕਬੀਰ, ਪੰਨਾ-479)

ਅਜਿਹਾ ਐਸ਼ ਭਰਪੂਰ ਜੀਵਨ ਹੀ ਰਾਜ ਘਰਾਣਿਆਂ ਅਤੇ ਹੋਰ ਇਸਤਰੀਆਂ ਦਾ ਹੁੰਦਾ ਸੀ ਜੋ ਹਰ ਵਕਤ ਰੇਸ਼ਮੀ ਪਹਿਰਾਵਿਆਂ ਵਿਚ ਲਿਪਟੀਆਂ, ਮਖਮਲੀ ਸੇਜਾਂ ਮਾਣਦੀਆਂ ਸਨ। ਛਤ੍ਰਪਤੀ ਰਾਜਿਆਂ ਦੀਆਂ ਇਨ੍ਹਾਂ ਸੁੰਦਰ ਇਸਤਰੀਆਂ ਦੇ ਵਾਹਨ ਹਾਥੀ, ਘੋੜੇ ਹੁੰਦੇ ਸਨ। ਜਦੋਂ ਕਿ ਭਗਤ ਕਬੀਰ ਅਜਿਹਾ ਜੀਵਨ ਜਿਉਣ ਦੀ ਬਜਾਏ ਇਕ ਗ਼ਰੀਬ ਗੁਣਵਾਨ ਅਤੇ ਸੇਵਾ ਭਾਵ ਵਾਲੀ ਇਸਤਰੀ ਨੂੰ ਵਧੇਰੇ ਮਾਣ ਦਿੰਦੇ ਹਨ:

(ੳ) ਕਬੀਰ ਹੈ ਗੈ ਬਾਹਨ ਸਾਘਨ ਘਟ ਛਤ੍ਰਪਤੀ ਕੀ ਨਾਰਿ॥
ਤਾਸੁ ਪਟੰਤਰ ਨਾ ਪੁਜੈ ਹਰਿ ਜਨ ਕੀ ਪਨਿਹਾਰਿ॥੧੫੯॥

(ਸਲੋਕ, ਕਬੀਰ, ਪੰਨਾ-1373)

(ਅ) ਕਬੀਰ ਨ੍ਰਿਪ ਨਾਰੀ ਕਿਉ ਨਿੰਦੀਐ ਕਿਉ ਹਰਿ ਚੇਰੀ ਕਉ ਮਾਨੁ॥
ਓਹ ਮਾਂਗ ਸਵਾਰੈ ਬਿਖੈ ਕਉ ਓਹ ਸਿਮਰੈ ਹਰਿ ਨਾਮੁ॥੧੬੦॥

(ਸਲੋਕ, ਕਬੀਰ, ਪੰਨਾ-1373)

ਬਾਦਸ਼ਾਹ ਤੇ ਅਮੀਰ ਵਰਗ ਦੇ ਸਬੰਧ ਵਿਚ ਗੁਰਬਾਣੀ ਵਿਚ ਕਈ ਥਾਂ ਛੱਤੀ ਪ੍ਰਕਾਰ ਦੇ ਭੋਜਨ ਦਾ ਜ਼ਿਕਰ ਮਿਲਦਾ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਦੀ ਵੱਡੀਆਂ ਰਸੋਈਆਂ ਵਿਚ ਤਰ੍ਹਾਂ ਤਰ੍ਹਾਂ ਦਾ ਭੋਜਨ ਬਹੁਤ ਮਾਤਰਾ ਵਿਚ ਬਣਦਾ ਹੋਵੇਗਾ:

ਛਤੀਹ ਅੰਮ੍ਰਿਤ ਭੋਜਨੁ ਖਾਣਾ॥ ਸੇਜ ਸੁਖਾਲੀ ਸੀਤਲੁ ਪਵਣਾ
ਸਹਜ ਕੇਲ ਰੰਗ ਕਰਣਾ ਜੀਉ॥੨॥

(ਮਾਝ, ਮਹਲਾ 5, ਪੰਨਾ-100)

ਰਾਜਾ ਸ਼੍ਰੇਣੀ ਦੇ ਉੱਚੇ ਉੱਚੇ ਮਹਿਲਾਂ ਵਿਚ ਬਣੀਆਂ ਵੱਡੀਆਂ ਵੱਡੀਆਂ ਰਸੋਈਆਂ ਹੁੰਦੀਆਂ ਸਨ।[47] ਉਨ੍ਹਾਂ ਰਸੋਈਆਂ ਵਿਚ ਖਾਣਾ ਪਕਾਉਣ ਲਈ ਵਧੇਰੇ ਵੱਡੀਆਂ ਭੱਠੀਆਂ ਦੀ ਲੋੜ ਪੈਂਦੀ ਹੋਵੇਗੀ ਜਿਨ੍ਹਾਂ ਭੱਠੀਆਂ ਦੀ ਤੁਲਨਾ ਲਈ ਕਬੀਰ ਜੀ ਨੇ ਚੰਦ, ਸੂਰਜ ਦੁਆਰਾ ਰਸੋਈ ਤਪਾਉਣ ਵਾਲੀ ਰਾਵਣ ਦੀ ਮਿੱਥ ਦੇ ਮਾਧਿਅਮ ਰਾਹੀਂ ਰਾਜਿਆਂ ਦੀਆਂ ਸੁਖ-ਸਹੂਲਤਾਂ ਵਾਲੇ ਜੀਵਨ ਦੀ ਤਸਵੀਰ ਖਿੱਚੀ ਹੈ:

ਚੰਦੁ ਸੂਰਜ ਜਾ ਕੇ ਤਪਤ ਰਸੋਈ॥
ਬੈਸੰਤਰੁ ਜਾ ਕੇ ਕਪਰੇ ਧੋਈ॥੩॥

(ਆਸਾ ਕਬੀਰ, ਪੰਨਾ- 481)

ਮਾਸਾਹਾਰੀ ਭੋਜਨ ਦਾ ਹਿੰਦੂ ਸਮਾਜ ਦੇ ਲੋਕਾਂ ਦੀ ਬਜਾਏ ਭਾਵੇਂ ਮੁਸਲਿਮ ਸਮਾਜ ਦੇ ਲੋਕਾਂ ਵਿਚ ਵਧੇਰੇ ਰੁਝਾਨ ਸੀ ਪਰੰਤੂ ਇਹ ਨਹੀਂ ਕਿਹਾ ਜਾ ਸਕਦਾ ਕਿ ਮੁਸਲਮਾਨਾਂ ਦੇ ਆਗਮਨ ਤੋਂ ਪਹਿਲਾਂ ਹਿੰਦੂ ਲੋਕਾਂ ਵਿਚ ਮਾਸ ਹੀ ਨਹੀਂ ਸੀ ਖਾਧਾ ਜਾਂਦਾ, ਸਗੋਂ ਵੈਦਿਕ ਯੁੱਗ ਵਿਚ ਪਸ਼ੂ-ਬਲੀ ਦਾ ਵਿਧਾਨ ਮਿਲਦਾ ਹੈ। ਮੁਸਲਮਾਨਾਂ ਦੇ ਆਉਣ ਨਾਲ ਹੌਲੀ ਹੌਲੀ ਹਿੰਦੂ ਲੋਕਾਂ ਵਿਚ ਵੀ ਮਾਸ ਖਾਣ ਦਾ ਰੁਝਾਨ ਵਧ ਗਿਆ ਪਰ ਹਿੰਦੂਆਂ ਦੀ ਬਹੁਗਿਣਤੀ ਫਿਰ ਵੀ ਵਧੇਰੇ ਸਾਕਾਹਾਰੀ ਹੀ ਹੁੰਦੀ ਸੀ। ਰਾਜਾ ਸ਼੍ਰੇਣੀ ਵਿਚ ਮਾਸ ਖਾਣ ਦੀ ਕੋਈ ਮਨਾਹੀ ਨਹੀਂ ਸੀ ਹੁੰਦੀ। ਸ਼ਾਹੀ ਜਾਂ ਰਾਜ ਘਰਾਣਿਆਂ ਦੇ ਰਸੋਈ ਘਰਾਂ ਵਿਚ ਬਣਨ ਵਾਲੇ ਅਣਗਿਣਤ ਸੁਆਦੀ ਭੋਜਨ ਦੇ ਨਾਲ ਨਾਲ ਇਨ੍ਹਾਂ ਘਰਾਣਿਆਂ ਨਾਲ ਜੁੜੇ ਹੋਰ ਛੋਟੇ-ਵੱਡੇ ਕਰਿੰਦੇ ਵੀ ਬੜੀ ਸ਼ਾਨ ਵਾਲਾ ਜੀਵਨ ਬਤੀਤ ਕਰਿਆ ਕਰਦੇ ਸਨ। ਇਹ ਲੋਕ ਮਾਸਾਹਾਰੀ ਭੋਜਨ ਤੋਂ ਇਲਾਵਾ ਸਬਜ਼ੀਆਂ, ਚਾਵਲ, ਰੋਟੀ, ਦਾਲਾਂ, ਦੁੱਧ, ਦਹੀਂ, ਘਿਉ, ਖੀਰ ਆਦਿ[48] ਦੀ ਵਰਤੋਂ ਵੀ ਕਰਿਆ ਕਰਦੇ ਸਨ। ਕਈ ਅਜਿਹੇ ਲੋਕ ਵੀ ਹੁੰਦੇ ਸਨ ਜਿਨ੍ਹਾਂ ਨੂੰ ਰਾਜਿਆਂ, ਬਾਦਸ਼ਾਹਾਂ ਵੱਲੋਂ ਇਕ ਜਾਂ ਇਕ ਤੋਂ ਵੱਧ ਪਿੰਡ ਜਾਂ ਜ਼ਮੀਨ ਇਨਾਮ ਵਜੋਂ ਮਾਫ਼ ਕਰ ਦਿੱਤੀ ਜਾਂਦੀ ਸੀ। ਇਨ੍ਹਾਂ ਲੋਕਾਂ ਦੇ ਘਰ ਦਸ ਦਸ ਮਣ ਅਨਾਜ ਅਤੇ ਬਹੁਤਾ ਧਨ-ਦੌਲਤ ਰਹਿੰਦਾ

ਸੀ ਜਦੋਂ ਕਿ ਬਾਣੀਕਾਰਾਂ ਅਨੁਸਾਰ ਇਸ ਤਰ੍ਹਾਂ ਦਾ ਜੀਵਨ, ਧਨ-ਦੌਲਤ, ਜਗੀਰਾਂ ਤਾਂ ਕੀ, ਵੱਡੇ-ਵੱਡੇ ਪ੍ਰਤਾਪੀ ਰਾਜੇ ਵੀ ਆਪਣਾ ਸਭ ਕੁੱਝ ਏਥੇ ਹੀ ਛੱਡ ਕੇ ਪਲਾਂ ਵਿਚ ਚਲੇ ਗਏ:

ਕਹਾ ਨਰ ਗਰਬਸਿ ਥੋਰੀ ਬਾਤ॥
ਮਨ ਦਸ ਨਾਜੁ ਟਕਾ ਚਾਰਿ ਗਾਂਠੀ ਐਂਡੌ ਟੇਡੌ ਜਾਤੁ॥੧॥ਰਹਾਉ॥
ਨਾ ਕੋਊ ਲੈ ਆਇਓ ਇਹੁ ਧਨੁ ਨਾ ਕੋਊ ਲੈ ਜਾਤੁ॥
ਰਾਵਨ ਹੂੰ ਤੇ ਅਧਿਕ ਛਤ੍ਰਪਤਿ ਖਿਨ ਮਹਿ ਗਏ ਬਿਲਾਤ॥੨॥

(ਸਾਰੰਗ, ਕਬੀਰ, ਪੰਨਾ-1251)

ਭਗਤ ਬਾਣੀਕਾਰ ਆਪਣੀਆਂ ਰਚਨਾਵਾਂ ਵਿਚ ਅਮੀਰ ਵਰਗ ਦੇ ਜਿਉਣ-ਢੰਗ ਵੱਲ ਸੰਕੇਤ ਕਰਦੇ ਹੋਏ ਅਜਿਹੇ ਜੀਵਨ-ਢੰਗ ਦਾ ਸਪਸ਼ਟ ਹੀ ਵਿਰੋਧ ਕਰਦੇ ਹਨ। ਉਨ੍ਹਾਂ ਅਨੁਸਾਰ ਪ੍ਰਭੂ ਨਾਮ, ਸਿਮਰਨ, ਸੇਵਾ ਤੇ ਸਮਾਜ ਭਲਾਈ ਵਿਚ ਜੀਵਨ ਬਿਤਾਉਂਦੇ ਗੁਰਮੁਖ, ਸਾਧ, ਸੰਤ ਵਾਲਾ ਜੀਵਨ ਜਿਉਣਾ ਹੀ ਮਨੁੱਖ ਦਾ ਪ੍ਰਮੁੱਖ ਉਦੇਸ਼ ਹੋਣਾ ਚਾਹੀਦਾ ਹੈ।

**ਸਾਧਾਰਨ ਤੇ ਗ਼ਰੀਬ ਲੋਕਾਂ ਦਾ ਰਹਿਣ-ਸਹਿਣ**: ਭਗਤ ਬਾਣੀਕਾਰ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਵਿਚ ਰਹਿਣ ਵਾਲੇ ਸਨ ਜੋ ਵਧੇਰੇ ਕਰਕੇ ਉਸ ਸਮੇਂ ਕੀਤੀ ਵਰਣ-ਵੰਡ ਅਨੁਸਾਰ ਨਿਮਨ ਤੇ ਪਛੜੀਆਂ ਜਾਤੀਆਂ ਵਿਚੋਂ ਸਨ। ਇਸ ਲਈ ਉਨ੍ਹਾਂ ਦਾ ਪ੍ਰਚਾਰ-ਖੇਤਰ ਵੀ ਪਿੰਡਾਂ, ਸ਼ਹਿਰਾਂ ਵਿਚ ਵਸਣ ਵਾਲੇ ਆਮ ਲੋਕ ਹੀ ਹੋਇਆ ਕਰਦੇ ਸਨ। ਆਮ ਲੋਕਾਂ ਦਾ ਸਿੱਧਾ-ਸਾਦਾ ਜੀਵਨ ਉਨ੍ਹਾਂ ਲਈ ਵਧੇਰੇ ਖਿੱਚ ਦਾ ਕੇਂਦਰ ਸੀ। ਇਹੀ ਕਾਰਨ ਸੀ ਕਿ ਉਹ ਸਹਿਜ, ਸਾਦੇ ਰਹਿਣ-ਸਹਿਣ, ਖਾਣ-ਪੀਣ ਨੂੰ ਵਧੇਰੇ ਤਰਜੀਹ ਦਿੰਦੇ ਹੋਏ ਤਰ੍ਹਾਂ ਤਰ੍ਹਾਂ ਦੇ ਖਾਣੇ, ਪੇਟ ਭਰ ਖਾਣ ਤੇ ਬਹੁਤੇ ਆਰਾਮ ਨੂੰ ਤਰਜੀਹ ਨਹੀਂ ਸਨ ਦਿੰਦੇ:

ਪੇਟੁ ਭਰਿਓ ਪਸੂਆ ਜਿਉ ਸੋਇਓ ਮਨੁਖੁ ਜਨੁਮ ਹੈ ਹਾਰਿਓ॥੧॥ਰਹਾਉ॥
ਸਾਧਸੰਗਤਿ ਕਬਹੂ ਨਹੀ ਕੀਨੀ ਰਚਿਓ ਧੰਧੈ ਝੂਠ॥

(ਮਾਰੂ, ਕਬੀਰ, ਪੰਨਾ-1105)

ਭਗਤ ਬਾਣੀ ਵਿਚ ਸਾਧਾਰਨ ਜਾਂ ਆਮ ਲੋਕਾਂ ਦੇ ਖਾਣ-ਪੀਣ ਵੱਲ ਧਿਆਨ ਦਿੰਦੇ ਹੋਏ ਦੋ ਤਰ੍ਹਾਂ ਦੇ ਲੋਕਾਂ ਦੀ ਤਸਵੀਰ ਉੱਘੜਦੀ ਹੈ। ਇਕ ਉਹ ਲੋਕ ਜੋ ਆਪਣੀ ਰੋਜ਼ਮਰਾ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਇਲਾਵਾ ਮੰਦਰਾਂ, ਵਿਚ ਚੜ੍ਹਾਵੇ ਵਜੋਂ ਚਾਵਲ, ਦਾਲਾਂ, ਲੱਸੀ, ਪੰਜੀਰੀ, ਖੀਰ ਆਦਿ ਚੜ੍ਹਾਉਣ ਦੇ ਵੀ ਯੋਗ ਹੁੰਦੇ ਸਨ:

ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ॥
ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ॥੪॥

(ਆਸਾ, ਕਬੀਰ, ਪੰਨਾ-479)

ਭੋਜਨ ਦੀਆਂ ਇਹਨਾਂ ਵਸਤਾਂ ਤੋਂ ਇਲਾਵਾ ਉਹ ਖੀਰ, ਖੰਡ, ਘਿਉ[49], ਖਿਚੜੀ[50], ਸ਼ੱਕਰ, ਗੁੜ, ਸ਼ਹਿਦ, ਦੁੱਧ[51] ਆਦਿ ਦੀ ਵਰਤੋਂ ਕਰਿਆ ਕਰਦੇ ਸਨ। ਇਨ੍ਹਾਂ ਦੇ ਫਲਾਂ ਵਿਚ ਅੰਬ, ਨਿੰਬੂ, ਕੇਲਾ, ਨਾਰੀਅਲ[52], ਬੇਰ[53], ਦਾਖਾਂ[54], ਖਜ਼ੂਰਾਂ ਆਦਿ[55] ਹੁੰਦੇ ਸਨ ਜਦੋਂ ਕਿ ਹਰ ਰੋਜ਼ ਵਰਤੋਂ ਵਿਚ ਆਉਣ ਵਾਲੀਆਂ ਵਸਤਾਂ ਵਿਚ ਰਾਈ[56], ਲਸਣ[57], ਹਿੰਗ[58], ਤੇਲ, ਖਲ[59] ਆਦਿ ਅਤੇ ਸਬਜ਼ੀਆਂ ਵਿਚ 'ਲਉਕੀ'[60] ਆਦਿ ਵਰਤੀਆਂ ਜਾਂਦੀਆਂ ਸਨ।

ਪੀਣ ਵਾਲੇ ਪਦਾਰਥਾਂ ਵਿਚ ਪਾਣੀ[61] ਗੰਨੇ ਦਾ ਰਸ[62], ਲੱਸੀ[63] ਅਤੇ ਅਲਉਤੀ ਦਾ ਸ਼ਰਬਤ[64] ਜਿਸ ਬਾਰੇ ਵਿਦਵਾਨਾਂ ਵਿਚ ਵੱਖ ਵੱਖ ਵਿਚਾਰ ਮਿਲਦੇ ਹਨ। ਕਈ ਇਸ ਅਲਉਤੀ ਨੂੰ ਮਹੂਏ ਤੇ ਨਾਰੀਅਲ ਦੇ ਪੇੜ ਦੇ ਰਸ ਤੋਂ ਬਣੀ ਸ਼ਰਾਬ ਆਖਦੇ ਹਨ ਤੇ ਕਈ ਨਸ਼ੇਦਾਰ ਸ਼ਰਬਤ ਆਖਦੇ ਹਨ ਪਰੰਤੂ ਅਲਉਤੀ ਨੂੰ ਉਹ ਸ਼ਰਬਤ ਕਿਹਾ ਜਾ ਸਕਦਾ ਹੈ ਜਿਸ ਵਿਚ ਥੋੜ੍ਹਾ ਬਹੁਤ ਨਸ਼ਾ ਵੀ ਹੁੰਦਾ ਸੀ। ਇਨ੍ਹਾਂ ਖਾਣ-ਪੀਣ ਵਾਲੀਆਂ ਵਸਤਾਂ ਤੋਂ ਇਲਾਵਾ ਧਰਮ-ਕਰਮ ਦੀ ਆੜ ਵਿਚ ਭੰਗ, ਮਛੁਲੀ (ਮਾਸ), ਸ਼ਰਾਬ, ਪਾਨ ਆਦਿ ਦੀ ਵੀ ਬੜੇ ਸ਼ੌਕ ਨਾਲ ਵਰਤੋਂ ਕੀਤੀ ਜਾਂਦੀ ਸੀ:

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਹਿ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ॥੨੩੩॥

(ਸਲੋਕ, ਕਬੀਰ, ਪੰਨਾ-1377)

ਆਮ ਜਾਂ ਸਾਧਾਰਨ ਲੋਕਾਂ ਦੇ ਦੂਸਰੇ ਵਰਗ ਵਿਚ ਉਹ ਲੋਕ ਆ ਜਾਂਦੇ ਹਨ ਜੋ ਆਰਥਿਕ ਤੌਰ 'ਤੇ ਏਨੇ ਨਪੀੜੇ ਹੁੰਦੇ ਸਨ ਜਿਨ੍ਹਾਂ ਨੂੰ ਪੇਟ ਭਰਨ ਲਈ ਵੀ ਉਪਰੋਕਤ ਲੋਕਾਂ ਦੁਆਰਾ ਖਾਧੇ ਜਾਂਦੇ ਭੋਜਨ ਦੀ ਵੀ ਪ੍ਰਾਪਤੀ ਨਹੀਂ ਸੀ ਹੁੰਦੀ ਅਤੇ ਉਹ ਰੋਟੀ ਨੂੰ ਤਰਸਦੇ ਰਹਿੰਦੇ ਸਨ।[65] ਉਹ ਘਰਾਂ ਵਿਚ ਚੰਗੇ ਬਿਸਤਰੇ ਦੀ ਥਾਂ ਗਲੀ ਹੋਈ ਜੁੱਲੀ ਜਾਂ ਪਰਾਲੀ ਦੀ ਵਰਤੋਂ ਕਰਦੇ ਸਨ[66]। ਇਹ ਲੋਕ ਮੰਗ ਕੇ ਖਾਂਦੇ ਜਾਂ ਕੂੜਾ ਫਰੋਲਣ ਲਈ ਵੀ ਮਜ਼ਬੂਰ ਹੁੰਦੇ ਸਨ ਅਤੇ ਦਾਣੇ ਆਦਿ ਚਬਾਕੇ ਹੀ ਗੁਜ਼ਾਰਾ ਕਰਦੇ ਸਨ।[67] ਕਈ ਵਾਰ ਤਾਂ ਅਜਿਹੇ ਲੋਕਾਂ ਦੇ ਘਰਾਂ ਵਿਚ ਲੂਣ ਤਕ ਵੀ ਨਹੀਂ ਸੀ ਹੁੰਦਾ:

ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ॥
ਅਗੈ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣ॥੪੪॥

(ਸਲੋਕ, ਸ਼ੇਖ ਫ਼ਰੀਦ, ਪੰਨਾ-1380)

ਗ਼ਰੀਬ ਸ਼੍ਰੇਣੀ ਦੇ ਲੋਕਾਂ ਦੀ ਥੁੜਾਂ ਭਰੀ ਜ਼ਿੰਦਗੀ ਉੱਤੇ ਭਗਤ ਨਾਮਦੇਵ ਜੀ ਵੀ ਨਜ਼ਰਸਾਨੀ ਕਰਦੇ ਦੱਸਦੇ ਹਨ ਕਿ ਗ਼ਰੀਬ ਲੋਕ ਅੰਤਾਂ ਦੀ ਗ਼ਰੀਬੀ ਵਿਚ ਸਮਾਂ ਗੁਜ਼ਾਰਦੇ ਸਨ। ਏਥੋਂ ਤਕ ਕਿ ਉਨ੍ਹਾਂ ਕੋਲ ਬਿਸਤਰੇ, ਮੰਜੇ ਦੀ ਥਾਂ ਪਰਾਲੀ, ਪੈਰਾਂ ਲਈ ਜੁੱਤੀ ਵੀ ਨਹੀਂ ਹੁੰਦੀ ਸੀ ਅਤੇ ਉਹ ਖਾਣ ਲਈ ਸੁੱਕੇ ਦਾਣੇ ਚੱਬ ਕੇ ਹੀ ਗੁਜ਼ਾਰਾ ਕਰਦੇ ਸਨ ਜਿਸ ਸਭ ਦੇ ਪਿਛੇ ਪ੍ਰਭੂ ਦੀ ਮਰਜ਼ੀ ਦੱਸੀ ਗਈ ਹੈ ਪਰ ਉਨ੍ਹਾਂ ਅਨੁਸਾਰ ਗੁਰੂ ਦੀ ਕਿਰਪਾ ਤੇ ਪ੍ਰਭੂ ਦੇ ਨਾਮ ਦੁਆਰਾ ਔਖੇ ਭਵ-ਸਾਗਰ ਤੋਂ ਵੀ ਪਾਰ-ਉਤਾਰਾ ਹੋ ਜਾਂਦਾ ਹੈ:

ਕਬਹੂ ਖੀਰਿ ਖਾਡ ਘੀਉ ਨ ਭਾਵੈ॥ ਕਬਹੂ ਘਰ ਘਰ ਟੂਕ ਮਗਾਵੈ॥
ਕਬਹੂ ਕੂਰਨੁ ਚਨੇ ਬਿਨਾਵੈ॥੧॥ ਜਿਉ ਰਾਮੁ ਰਾਖੈ ਤਿਉ ਰਹੀਐ ਰੇ ਭਾਈ॥...
ਭਨਤਿ ਨਾਮਦੇਉ ਇਕੁ ਨਾਮੁ ਨਿਸਤਾਰੈ॥
ਜਿਹ ਗੁਰੁ ਮਿਲੈ ਤਿਹ ਪਾਰਿ ਉਤਾਰੈ॥੪॥੫॥

(ਭੈਰਉ, ਨਾਮਦੇਵ, ਪੰਨਾ-1164)

ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਚੋਂ ਬਹੁਤੇ ਭਗਤ ਬਾਣੀਕਾਰ ਖ਼ੁਦ ਵੀ ਅਜਿਹੀਆਂ ਸਥਿਤੀਆਂ ਵਿਚੋਂ ਗੁਜ਼ਰੇ ਸਨ ਜਿਸ ਕਰਕੇ ਉਨ੍ਹਾਂ ਨੇ ਬੜੀ ਸਪਸ਼ਟਤਾ ਨਾਲ ਹੱਦੋਂ ਵੱਧ ਗ਼ਰੀਬ ਲੋਕਾਂ ਦੇ ਜੀਵਨ ਨੂੰ ਆਪਣੀ ਬਾਣੀ ਵਿਚ ਉਭਾਰਿਆ ਅਤੇ ਆਪਣਾ ਜੀਵਨ ਵਸਰ ਕਰਨ ਲਈ ਪ੍ਰਭੂ-ਭਗਤੀ ਤੋਂ ਪਹਿਲਾਂ ਮਨੁੱਖ ਦੀਆਂ, ਪ੍ਰਮੁੱਖ ਲੋੜਾਂ, ਥੁੜਾਂ ਦੀ ਪੂਰਤੀ ਦੀ ਮੰਗ ਪ੍ਰਭੂ ਅੱਗੇ ਰੱਖੀ। ਕਬੀਰ ਜੀ ਪ੍ਰਭੂ ਨੂੰ ਸੰਬੋਧਿਤ ਹੁੰਦੇ ਆਖਦੇ ਹਨ ਕਿ ਆਪਣੀ ਮਾਲਾ ਲੈ ਲੈ, ਭੁੱਖੇ ਪੇਟ ਭਗਤੀ ਨਹੀਂ ਹੁੰਦੀ। ਦੋ ਵਕਤ ਲਈ ਦੋ ਸੇਰ ਆਟਾ, ਘਿਉ, ਲੂਣ, ਦਾਲ, ਮੰਜੀ, ਬਿਸਤਰਾ ਆਦਿ ਮੰਗਦੇ ਹੋਏ ਇਸ ਪਿੱਛੇ ਆਪਣੇ ਕਿਸੇ ਲਾਲਚ ਦੀ ਬਜਾਏ, ਇਨ੍ਹਾਂ ਸਾਰੀਆਂ ਵਸਤਾਂ ਨੂੰ ਪਾ ਕੇ ਪ੍ਰਭੂ-ਨਾਮ ਤੇ ਭਗਤੀ ਦੇ ਮੁਖੋਂ ਫਬਣ ਦੀ ਗੱਲ ਕਰਦੇ ਹਨ:

ਭੂਖੇ ਭਗਤਿ ਨ ਕੀਜੈ॥ ਯਹ ਮਾਲਾ ਅਪਨੀ ਲੀਜੈ॥.......
ਦੁਇ ਸੇਰ ਮਾਂਗਉ ਚੂਨਾ॥ ਪਾਉ ਘੀਉ ਸੰਗਿ ਲੂਨਾ॥...
ਖਾਟ ਮਾਂਗਉ ਚਉਪਾਈ॥ ਸਿਰਹਾਨਾ ਅਵਰ ਤੁਲਾਈ॥
ਮੈ ਨਾਹੀ ਕੀਤਾ ਲਬੋ॥ ਇਕੁ ਨਾਉ ਤੇਰਾ ਮੈ ਫਬੋ॥...

(ਸੋਰਠਿ, ਕਬੀਰ, ਪੰਨਾ-656)

## ਹਿੰਦੂ ਬ੍ਰਹਮਣ ਲੋਕਾਂ ਦਾ ਰਹਿਣ-ਸਹਿਣ

ਪੰਡਿਤ ਜਾਂ ਬ੍ਰਹਮਣ ਜਾਤੀ ਹਿੰਦੂਆਂ ਵਿਚ ਸਭ ਤੋਂ ਉੱਚੀ ਮੰਨੀ ਜਾਂਦੀ ਜਾਤੀ ਸੀ। ਇਹ ਲੋਕ ਆਪਣੇ ਆਪ ਨੂੰ ਬਾਹਰੋਂ ਬੜਾ ਸਾਫ਼-ਸੁਥਰਾ ਰੱਖਦੇ ਅਤੇ ਸਫੈਦ ਰੰਗ ਦੀਆਂ ਸਾਢੇ ਤਿੰਨ ਗਜ਼

ਦੀਆਂ ਧੋਤੀਆਂ, ਤਿਹਰੀਆਂ ਤੰਦਾਂ ਵਾਲੇ ਜਨੇਊ ਪਹਿਨਦੇ ਸਨ। ਅਜਿਹੇ ਬ੍ਰਹਮਵੇਤਾ ਅਖਵਾਉਣ ਵਾਲੇ ਪਾਖੰਡੀਆਂ ਨੂੰ ਕਬੀਰ ਜੀ ਬਨਾਰਸ ਦੇ ਠੱਗ ਆਖ ਕੇ ਪੁਕਾਰਦੇ ਹਨ:

ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ॥
ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥੧॥
ਐਸੇ ਸੰਤ ਨ ਮੋ ਕਉ ਭਾਵਹਿ॥ ਡਾਲਾ ਸਿਉ ਪੇਡਾ ਗਟਕਾਵਹਿ॥੧॥ਰਹਾਉ॥

(ਆਸਾ, ਕਬੀਰ, ਪੰਨਾ-475-476)

ਬਾਹਰੀ ਦਿਖਾਵੇ ਲਈ ਬ੍ਰਾਹਮਣ ਲੋਕ ਮੱਥੇ 'ਤੇ ਤਿਲਕ, ਹੱਥ ਵਿਚ ਮਾਲਾ, ਵੇਦਾਂ, ਪੁਰਾਣਾਂ ਆਦਿ ਦੇ ਪਾਠ ਦੁਆਰਾ ਸਾਧਾਰਨ ਲੋਕਾਂ ਵਿਚ ਆਪਣੀ ਪ੍ਰਭੂਸੱਤਾ ਤੇ ਵਿਭਿੰਨਤਾ ਨੂੰ ਦਰਸਾਉਂਦੇ ਹੋਏ ਲੋਕਾਂ ਨੂੰ ਤਾਂ ਬੁੱਧੂ ਬਣਾਉਂਦੇ ਹੀ ਸਨ। ਕਬੀਰ ਜੀ ਦੇ ਕਹਿਣ ਅਨੁਸਾਰ ਰੱਬ ਨੂੰ ਵੀ ਖਿਲਾਉਣਾ ਹੀ ਸਮਝਦੇ ਸਨ :

ਮਾਥੇ ਤਿਲਕੁ ਹਥਿ ਮਾਲਾ ਬਾਨਾਂ॥ ਲੋਗਨ ਰਾਮੁ ਖਿਲਉਨਾ ਜਾਨਾਂ॥੧॥

(ਭੈਰਉ, ਕਬੀਰ, ਪੰਨਾ-1158)

ਹਿੰਦੂ ਬ੍ਰਾਹਮਣ ਜਾਤੀ ਦੇ ਲੋਕ ਬਾਕੀ ਨੀਵੀਆਂ ਜਾਤੀਆਂ ਤੋਂ ਬੜੀ ਘ੍ਰਿਣਾ ਕਰਦੇ ਸਨ। ਗਰੀਬ ਲੋਕਾਂ ਜਾਂ ਨਿਮਨ ਸ਼੍ਰੇਣੀਆਂ ਦੇ ਲੋਕਾਂ ਪ੍ਰਤੀ ਉਸ ਸਮੇਂ ਬੜੀ ਸੁੱਚ-ਭਿੱਟ ਕੀਤੀ ਜਾਂਦੀ ਸੀ। ਜਿੱਥੇ ਇਹ ਬ੍ਰਾਹਮਣ ਲੋਕ ਮੁਸਲਮਾਨਾਂ ਦੇ ਮਾਸਾਹਾਰੀ ਭੋਜਨ ਆਦਿ ਤੋਂ ਘ੍ਰਿਣਾ ਕਰਦੇ ਸਨ ਉਥੇ ਆਮ ਲੋਕਾਂ ਦੀ ਜੂਠ ਤਾਂ ਕੀ ਸਗੋਂ ਆਪਣੇ ਘਰ ਖਾਣਾ ਪਕਾਉਣ ਲਈ ਵੀ ਬੜੀ ਸੁੱਚਮ ਵਰਤਦੇ ਸਨ। ਜ਼ਮੀਨ ਖੋਦ ਕੇ ਦੋ ਚੁਲ੍ਹੇ ਬਣਾਉਣਾ, ਚੁੱਲ੍ਹੇ ਵਿਚ ਲੱਕੜ ਧੋ ਕੇ ਜਲਾਉਣਾ ਤੇ ਭਾਂਡਿਆਂ ਨੂੰ ਮਾਂਜਣਾ[68], ਚੌਂਕੇ ਨੂੰ ਗੋਬਰ ਨਾਲ ਲਿਪਣਾ, ਅਤੇ ਅਗਨੀ, ਪਾਣੀ, ਬਰਤਨ ਕੜਛੀ ਆਦਿ ਦੀ ਵੀ ਸੁੱਚਮ ਕਰਨਾ ਇਨ੍ਹਾਂ ਦੇ ਰੋਜ਼ਮਰਾ ਜੀਵਨ ਦਾ ਅੰਗ ਸੀ:

ਅਗਨਿ ਭੀ ਜੂਠੀ ਪਾਨੀ ਜੂਠਾ ਜੂਠੀ ਬੈਸਿ ਪਕਾਇਆ॥
ਜੂਠੀ ਕਰਛੀ ਪਰੋਸਨ ਲਾਗਾ ਜੂਠੇ ਹੀ ਬੈਠਿ ਖਾਇਆ॥੩॥
ਗੋਬਰੁ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ॥
ਕਹ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ॥੪॥੧॥੭॥

(ਬਸੰਤ, ਕਬੀਰ, ਪੰਨਾ-1195)

ਬ੍ਰਾਹਮਣ ਲੋਕ ਆਮ ਲੋਕਾਂ ਨੂੰ ਪਾਪ-ਪੁੰਨ, ਮੁਕਤੀ ਆਦਿ ਦੇ ਚੱਕਰਾਂ ਵਿਚ ਪਾ ਕੇ ਸਭ ਤੋਂ ਧਨ ਪਦਾਰਥ ਆਦਿ ਹਰ ਤਰ੍ਹਾਂ ਦਾ ਦਾਨ ਲੈ ਲਿਆ ਕਰਦੇ ਸਨ ਅਤੇ ਆਪਣੇ ਆਪ ਨੂੰ ਉੱਚੇ

ਕਹਾਉਂਦੇ ਹੋਏ, ਹੱਠਤਾ ਵਾਲੇ ਕਰਮ ਕਰਦੇ ਤੇ ਨੀਵੀਂ ਕੁਲ ਦੇ ਲੋਕਾਂ ਤੋਂ ਭਿੱਟ ਕਰਦੇ ਸਨ ਦੂਸਰੇ ਪਾਸੇ ਉਨ੍ਹਾਂ ਤੋਂ ਧਨ ਪਦਾਰਥ ਆਦਿ ਦਾਨ ਵੀ ਲੈ ਲਿਆ ਕਰਦੇ ਸਨ। ਇਸ ਤਰ੍ਹਾਂ ਉਹ ਚੌਦੇ, ਮੱਸਿਆਂ ਆਦਿ ਥਿਤਾਂ ਦੇ ਭ੍ਰਮ ਪਾ ਕੇ ਜਜਮਾਨਾਂ ਤੋਂ ਬੇਝਿਜਕ ਧਨ, ਪਦਾਰਥ ਮੰਗ ਲਿਆ ਕਰਦੇ ਸਨ।[69] ਮੰਦਰਾਂ ਵਿਚ ਦੇਵੀ-ਦੇਵਤਿਆਂ ਦੀ ਪੂਜਾ ਵਿਚ ਵਿਭਿੰਨ ਤਰ੍ਹਾਂ ਦੀਆਂ ਖਾਣ ਵਾਲੀਆਂ ਵਸਤਾਂ ਚਾਵਲ, ਪਹਿਤਿ (ਦਾਲ), ਲੱਸੀ, ਪੰਜ਼ੀਰੀ ਆਦਿ ਚੜ੍ਹਾਵੇ ਚੜਾਉਣ ਦੇ ਵਿਧਾਨ ਦੁਆਰਾ ਇਹ ਲੋਕ ਆਪਣਾ ਹੀ ਪੇਟ ਭਰਿਆ ਕਰਦੇ ਸਨ:

ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ॥
ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ॥੪॥

(ਆਸਾ, ਕਬੀਰ, ਪੰਨਾ-479)

**ਮੁਸਲਮਾਨੀ ਲੋਕਾਂ ਦਾ ਰਹਿਣ-ਸਹਿਣ** : ਅਮੀਰ ਜਾਂ ਬਾਦਸ਼ਾਹਾਂ ਦੇ ਖਾਣ-ਪੀਣ ਬਾਰੇ ਪਹਿਲਾਂ ਹੀ ਅਧਿਐਨ ਕੀਤਾ ਗਿਆ ਹੈ ਜਿਸ ਵਿਚ ਮੁਸਲਮਾਨੀ ਬਾਦਸ਼ਾਹਾਂ ਦਾ ਜੀਵਨ ਵੀ ਆ ਜਾਂਦਾ ਹੈ। ਮੁਸਲਮਾਨੀ ਲੋਕ ਮਾਸਾਹਾਰੀ ਸਨ। ਭਾਵੇਂ ਮਾਸ ਖਾਣ ਦੇ ਨਾਲ ਨਾਲ ਉਹ ਹੋਰ ਭੋਜਨ ਦੂਸਰੇ ਲੋਕਾਂ ਦੀ ਤਰ੍ਹਾਂ ਹੀ ਖਾਂਦੇ ਸਨ ਪਰੰਤੂ ਹਲਾਲ ਕੀਤੇ ਗਾਂ, ਬਕਰੇ ਆਦਿ ਦਾ ਮਾਸ ਖਾਣਾ ਇਨ੍ਹਾਂ ਦੇ ਭੋਜਨ ਦੀ ਵਿਸ਼ੇਸ਼ਤਾ ਸੀ ਜਿਸਨੂੰ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਸੁਆਦ ਲਈ ਜੀਵ ਹੱਤਿਆ ਦਾ ਵਿਰੋਧ ਕੀਤਾ।[70] ਮੱਧਕਾਲੀ ਸਮਾਜ ਵਿਚ ਮਾਸ ਖਾਣਾ ਕੇਵਲ ਇਸਲਾਮੀ ਲੋਕਾਂ ਵਿਚ ਹੀ ਨਹੀਂ ਸੀ ਸਗੋਂ ਹਿੰਦੂ ਲੋਕਾਂ ਵਿਚ ਵੀ ਸੀ। ਗੁਰੂ ਨਾਨਕ ਸਾਹਿਬ ਪੰਡਿਤ ਲੋਕਾਂ ਵਿਚ ਕੀਤੀ ਜਾਂਦੀ ਜਨੇਊ ਰਸਮ ਦੌਰਾਨ ਇਕੱਠੇ ਹੋਏ ਸਭ ਰਿਸ਼ਤੇਦਾਰਾਂ ਵਿਚ ਮਾਸ ਰਿੰਨ੍ਹ ਕੇ ਖਵਾਉਣ ਵੱਲ ਕੁੱਝ ਇਸ ਤਰ੍ਹਾਂ ਦਾ ਹੀ ਇਸ਼ਾਰਾ ਕਰਦੇ ਹਨ:

ਤਗੁ ਕਪਾਹਹੁ ਕਤੀਐ ਬਾਮ~ਣੁ ਵਟੇ ਆਇ॥
ਕੁਹਿ ਬਕਰਾ ਰਿੰਨਿ੍ ਖਾਇਆ ਸਭੁ ਕੋ ਆਖੈ ਪਾਇ॥

(ਆਸਾ, ਮਹਲਾ 1, ਪੰਨਾ-471)

ਸੋ ਭਾਵੇਂ ਮਾਸ ਖਾਣ ਜਾਂ ਜੀਵ-ਹੱਤਿਆ ਮੁਸਲਮਾਨਾਂ ਵਿਚ ਸੀ ਤੇ ਭਾਵੇਂ ਹਿੰਦੂਆਂ ਵਿਚ ਪਰ ਬਾਣੀਕਾਰਾਂ ਨੇ ਜੀਵ-ਹੱਤਿਆਂ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਅਨੁਸਾਰ ਜੇ ਜੀਵ ਮਾਰਨਾ ਧਰਮ ਹੈ ਤਾਂ ਫਿਰ ਅਧਰਮ ਕਿਸ ਨੂੰ ਆਖਿਆ ਜਾਵੇ? ਅਜਿਹੇ ਕਰਮ ਕਰਕੇ ਵੀ ਜੇ ਆਪਣੇ ਆਪ ਨੂੰ ਮੁਨੀਵਰ ਆਖਣਾ ਹੈ ਤਾਂ ਫਿਰ ਕਸਾਈ ਕਿਸ ਨੂੰ ਆਖੋਗੇ।[71] ਇਸ ਲਈ ਉਨ੍ਹਾਂ ਦਾ ਵਿਚਾਰ ਹੈ ਕਿ ਜੀਵ ਹੱਤਿਆ ਤੇ ਲੁੱਟ-ਖਸੁੱਟ ਦੇ ਭੋਜਨ ਦੀ ਬਜਾਏ ਤਾਂ ਲੂਣ ਦੀ ਬਣੀ ਸਾਦੀ ਖਿਚੜੀ ਹੀ ਚੰਗੀ

ਹੈ।[72] ਕਿਉਂਕਿ ਤੀਰਥ, ਵਰਤ ਆਦਿ ਨੇਮ ਕਰਕੇ ਭੰਗ, ਮੱਛਲੀ, ਸ਼ਰਾਬ ਆਦਿ ਖਾਣ-ਪੀਣ ਵਾਲਾ ਤਾਂ ਨਰਕਾਂ ਦਾ ਹੀ ਭਾਗੀ ਬਣਦਾ ਹੈ:

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਤਲਿ ਜਾਂਹਿ॥233॥

(ਸਲੋਕ, ਕਬੀਰ, ਪੰਨਾ-1377)

## ਵਿਭਿੰਨ ਫਿਰਕਿਆਂ ਦੇ ਸਿਧਾਂ, ਜੋਗੀਆਂ ਦਾ ਰਹਿਣ-ਸਹਿਣ

ਮੱਧਕਾਲੀ ਸਮਾਜ ਦੇ ਧਾਰਮਿਕ ਹਲਾਤ ਇਸ ਤਰ੍ਹਾਂ ਦੇ ਹੋ ਚੁੱਕੇ ਸਨ ਕਿ ਇਕੱਲੇ ਹਿੰਦੂ ਧਰਮ ਵਿਚ ਹੀ ਕਈ ਤਰ੍ਹਾਂ ਦੇ ਮਤ-ਮਤਾਂਤਰ, ਫਿਰਕੇ, ਸੰਪਰਦਾਵਾਂ ਨੇ ਆਪਣਾ ਵੱਖਰਾ ਰੂਪ ਅਖ਼ਤਿਆਰ ਕਰ ਲਿਆ ਸੀ।[73] ਇਨ੍ਹਾਂ ਮਤ-ਮਤਾਂਤਰਾ ਨੂੰ ਮੰਨਣ ਵਾਲੇ ਲੋਕ ਆਪਣੀ ਵੱਖਰੀ ਪਛਾਣ ਲਈ ਬਾਹਰੀ ਪਹਿਰਾਵੇ, ਰਹਿਣ-ਸਹਿਣ ਆਦਿ ਵਿਚ ਕਈ ਵੱਖਰੇ ਚਿੰਨ੍ਹ ਅਖ਼ਤਿਆਰ ਕਰ ਲੈਂਦੇ ਸਨ। ਉਨ੍ਹਾਂ ਦੁਆਰਾ ਕੀਤੇ ਜਾਂਦੇ ਧਰਮ-ਕਰਮ ਦਾ ਸਮਾਜ ਦੀ ਆਮ ਜਨਤਾ 'ਤੇ ਬਹੁਤ ਅਸਰ ਪੈਂਦਾ ਸੀ ਜਿਸ ਕਰਕੇ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਸਮਾਜ ਵਿਚ ਰੋਜ਼ਾਨਾ ਵਿਚਰਦੇ ਅਨੇਕਾਂ ਜੋਗੀਆਂ ਦੇ ਬਾਹਰੀ ਅਤੇ ਅੰਤਰੀਵੀ ਜਿਉਣ-ਢੰਗ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ।

ਬਾਣੀਕਾਰਾਂ ਨੇ ਅਜਿਹੇ ਵਿਭਿੰਨ ਫਿਰਕਿਆਂ ਦੀ ਰਹਿਣੀ-ਬਹਿਣੀ ਦਾ ਜ਼ਿਕਰ ਕਰਦੇ ਹੋਏ ਬੜੇ ਤਰਕਮਈ ਅੰਦਾਜ਼ ਵਿਚ ਆਪਣਾ ਪੱਖ ਰੱਖਿਆ ਜਿਸ ਤੋਂ ਪਤਾ ਚੱਲਦਾ ਹੈ ਕਿ ਉਸ ਸਮੇਂ ਕਈ ਜੋਗੀ ਤਾਂ ਆਪਣੇ ਸ਼ਰੀਰ ਤੇ ਕੋਈ ਕੱਪੜਾ ਹੀ ਨਹੀਂ ਸਨ ਪਹਿਨਦੇ ਅਤੇ ਜੰਗਲਾਂ ਵਿਚ ਨਗਨ ਰੂਪ 'ਚ ਹੀ ਫਿਰਦੇ ਰਹਿੰਦੇ ਸਨ। ਕਈ ਸ਼ੇਰ, ਮ੍ਰਿਗ ਜਾਂ ਪੱਤੇ ਆਦਿ ਲੱਕ ਦੁਆਲੇ ਲਪੇਟਿਆ ਕਰਦੇ ਸਨ।[74] ਕਈ ਸਿਧ, ਨਾਥ ਆਪਣੇ ਸਿਰ ਦੇ ਵਾਲ ਪੁੱਟ ਕੇ ਕੱਢਦੇ ਤੇ ਰੁੰਡ-ਮੁੰਡ ਹੋ ਕੇ ਰਹਿੰਦੇ ਸਨ ਅਤੇ ਮੋਨੀ ਸੁਆਹ ਵਿਚ ਵਾਲਾਂ ਨੂੰ ਮਲ ਕੇ ਲੰਮੀਆਂ ਲੰਮੀਆਂ ਜਟਾਂ ਰੱਖਦੇ ਸਨ:

ਜੋਗੀ ਜਤੀ ਤਪੀ ਸੰਨਿਆਸੀ ਬਹੁ ਤੀਰਥ ਭ੍ਰਮਨਾ॥
ਲੁੰਜਿਤ ਮੁੰਜਿਤ ਮੋਨਿ ਜਟਾਧਰ ਅੰਤਿ ਤਊ ਮਰਨਾ॥੧॥...

(ਆਸਾ, ਕਬੀਰ, ਪੰਨਾ-476-477)

ਜਗ੍ਹਾ ਜਗ੍ਹਾ ਭ੍ਰਮਣ ਕਰਨ ਵਾਲੇ ਇਹ ਨਾਥ ਜੋਗੀ ਆਪਣੀ ਵੱਖਰੀ ਪਛਾਣ ਲਈ ਕੁੱਝ ਹੋਰ ਵੀ ਬਾਹਰੀ ਚਿੰਨ੍ਹ ਅਖ਼ਤਿਆਰ ਕਰਦੇ ਸਨ। ਜਿਵੇਂ ਤਨ 'ਤੇ ਖੁਲ੍ਹੇ, ਲੰਮੇ, ਚੌੜੇ ਵਸਤਰ ਪਹਿਨ ਕੇ ਜੰਗਲਾਂ ਵਿਚ ਫਿਰਦੇ ਸਨ।[75] ਸਿਧ, ਨਾਥ ਤਾਂ ਆਪਣੇ ਕੋਲ ਇਕ ਬਟੂਆ ਭਾਵ ਥੈਲਾ ਜਿਸ ਵਿਚ ਉਹ ਸੁਆਹ ਰਖਦੇ ਸਨ, ਸੂਈ ਰਾਹੀਂ ਸਿਉਂਈਂ ਜਾਂਦੀ ਖਿੰਥਾ (ਗੋਦੜੀ), ਹਿਰਨ ਦੀ ਖੱਲ ਦੀ ਬਣੀ

ਮ੍ਰਿਗਛਾਲਾ (ਜੋ ਧਿਆਨ ਵਿਚ ਬੈਠਣ ਸਮੇਂ ਵਿਛਾਉਂਦੇ ਸਨ) ਅਤੇ ਆਪਣੇ ਦੁਆਲੇ ਇਕ ਧੂਣੀ ਬਾਲਦੇ ਸਨ ਤੇ ਉਸ ਧੂੰਣੇ ਦੇ ਆਲੇ ਦੁਆਲੇ ਖਿਲਰਨ ਵਾਲੀ ਸੁਆਹ ਨੂੰ ਇਕੱਠੀ ਕਰਨ ਲਈ ਇਕ ਫਉੜੀ ਰਖਿਆ ਕਰਦੇ ਸਨ ਅਤੇ ਬ੍ਰਹਮ ਦੇ ਧਿਆਨ ਵਿਚ ਬੈਠ ਕੇ ਲੰਮੀਆਂ ਲੰਮੀਆਂ ਸਮਾਧੀਆਂ ਲਾਉਂਦੇ ਸਨ।[76] ਜੋਗੀ ਲੋਕ ਕੰਨਾਂ ਵਿਚ ਮੁੰਦਰਾਂ ਤੇ ਹੱਥ ਵਿਚ ਦੋ ਤੂੰਬਿਆਂ ਵਾਲੀ ਵੀਣਾ, ਸਿੰਗੀ, ਕਿੰਗਰੀ ਆਦਿ ਵਜਾਉਣ ਵਾਲੇ ਸਾਜ਼ ਵੀ ਰੱਖਦੇ ਸਨ ਪਰੰਤੂ ਭਗਤ ਕਬੀਰ ਜੀ ਉਪਰੋਕਤ ਚਿੰਨ੍ਹਾਂ ਨੂੰ ਮਨੁੱਖੀ ਗੁਣਾਂ ਵਿਚ ਉਲਟਾਉਂਦੇ ਹੋਏ ਸਰੀਰ ਨੂੰ ਥੈਲਾ, ਹਿਰਦੇ ਵਿਚ ਹੀ ਭ੍ਰਮਣ ਕਰਨ, ਸ਼ਬਦ ਦੇ ਧਾਗੇ, ਧਿਆਨ ਦੀ ਸੂਈ, ਜੰਮਣ-ਮਰਨ ਮੇਟਣ ਵਾਲੀ ਗਿਆਨ ਦੀ ਖਿੰਥਾ, ਸਹੀ ਰਹਿਣੀ-ਬਹਿਣੀ ਨੂੰ ਮ੍ਰਿਗਛਾਲਾ, ਖੋਟੇ ਕਰਮਾਂ ਦੀ ਸੁਆਹ ਨੂੰ ਇੱਕਠਾ ਕਰਨ ਲਈ ਦਇਆ ਰੂਪ ਫਉੜੀ ਲੈ ਕੇ ਪ੍ਰਭੂ-ਪ੍ਰੇਮ ਨੂੰ ਅੰਤਰ-ਆਤਮੇ ਵਸਾ ਕੇ ਚਹੁੰਯੁਗੀ ਤਾੜੀ (ਲਿਵ) ਲਾਉਣ ਨੂੰ ਹੀ ਅਸਲ ਜੋਗ ਮੰਨਦੇ ਹਨ :

> ਸੁਰਤਿ ਸਿਮ੍ਰਿਤਿ ਦੁਇ ਕੰਨੀ ਮੁੰਦਾ ਪਰਮਿਤਿ ਬਾਹਰਿ ਖਿੰਥਾ॥ ...
> ਮਨੁ ਪਵਨੁ ਦੁਇ ਤੂੰਬਾ ਕਰੀਹੈ ਜੁਗ ਜੁਗ ਸਾਰਦ ਸਾਜੀ॥
> ਥਿਰੁ ਭਈ ਤੰਤੀ ਤੂਟਸਿ ਨਾਹੀ ਅਨਹਦ ਕਿੰਗੁਰੀ ਬਾਜੀ॥੩॥

(ਗਉੜੀ, ਕਬੀਰ, ਪੰਨਾ-334-335)

ਸੋ ਨਾਥਾਂ-ਜੋਗੀਆਂ ਤੋਂ ਇਲਾਵਾ ਭਗਤ ਬਾਣੀਕਾਰਾਂ ਨੇ ਮੁਸਲਮਾਨ ਸੂਫ਼ੀ ਫ਼ਕੀਰਾਂ ਦੇ ਰਹਿਣ-ਸਹਿਣ ਦਾ ਵੀ ਕੁੱਝ ਕੁ ਜ਼ਿਕਰ ਕੀਤਾ ਹੈ। ਫ਼ਰੀਦ ਜੀ ਤਾਂ ਖੁਦ ਇਕ ਵੱਡੇ, ਮਹਾਨ ਸੂਫ਼ੀ ਫ਼ਕੀਰ ਹੋਏ ਜਿਸ ਕਾਰਨ ਉਨ੍ਹਾਂ ਦੀ ਬਾਣੀ ਤੋਂ ਹੀ ਸਾਨੂੰ ਇਹ ਜਾਣਕਾਰੀ ਉਪਲਬੱਧ ਹੈ ਕਿ ਮੁਸਲਿਮ ਫ਼ਕੀਰ ਮੋਢੇ ਤੇ ਮੁੱਸਲਾ ਜੋ ਨਮਾਜ਼ ਪੜ੍ਹਨ ਵੇਲੇ ਵਿਛਾਉਂਦੇ ਸਨ ਅਤੇ ਗਲ ਵਿਚ ਸੂਫ਼, ਖਫਣੀ ਜਾਂ ਲੰਮਾ ਚੋਗਾ ਪਹਿਨਦੇ ਸਨ। ਇਨ੍ਹਾਂ ਸੂਫੀ ਫ਼ਕੀਰਾਂ ਵਿਚੋਂ ਕਈ ਸੂਫ਼ੀਆਂ ਵਾਲਾ ਭੇਸ ਤਾਂ ਵਟਾ ਲੈਂਦੇ ਸਨ ਪਰੰਤੂ ਦਿਲ ’ਚ ਖੋਟੇ ਵਿਚਾਰਾਂ ਦੀ ਕੈਂਚੀ ਤੇ ਮੂੰਹ (ਜ਼ੁਬਾਨ) ’ਚੋਂ ਮਿੱਠੇ ਬੋਲ ਬੋਲਦੇ ਸਨ।[77] ਐਸੇ ਲੋਕ ਕਾਲੇ ਰੰਗ ਦੇ ਕੱਪੜੇ ਪਹਿਨਦੇ ਹੋਏ ਆਪਣਾ ਪੂਰਾ ਭੇਸ ਵੀ ਕਾਲਾ ਕਰ ਲੈਂਦੇ ਸਨ ਜੋ ਮਨ ਤੋਂ ਗੁਨਾਹਾਂ ਨਾਲ ਭਰੇ ਹੁੰਦੇ ਸਨ ਪਰੰਤੂ ਬਾਹਰੋਂ ਉਨ੍ਹਾਂ ਦਾ ਫ਼ਕੀਰਾਂ ਵਾਲਾ ਭੇਸ ਦੇਖ ਕੇ ਸਭ ਲੋਕ ਉਨ੍ਹਾਂ ਨੂੰ ਦਰਵੇਸ਼ ਹੀ ਆਖਦੇ ਸਨ :

> ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ॥
> ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥੬੧॥

(ਸਲੋਕ, ਸ਼ੇਖ ਫ਼ਰੀਦ, ਪੰਨਾ-1381)

ਇਸ ਸਲੋਕ ਨੂੰ ਫ਼ਰੀਦ ਜੀ ਸਵੈ-ਸੰਬੋਧਨੀ ਸ਼ੈਲੀ ਰਾਹੀਂ, ਉਨ੍ਹਾਂ ਫ਼ਕੀਰਾਂ ਦੇ ਪਾਖੰਡ 'ਤੇ ਵਿਅੰਗ ਕਰਦੇ ਹਨ ਜੋ ਅੱਲਾਹ ਨਾਲ ਜੁੜੇ ਸਿੱਧੇ ਸਾਦੇ ਫ਼ਕੀਰਾਂ ਦੀ ਆੜ ਲੈ ਕੇ ਕੇਵਲ ਆਪਣੀ ਹੀ ਜੀਵਕਾ ਦਾ ਸਾਧਨ ਬਣਾ ਲੈਂਦੇ ਸਨ। ਜਦੋਂ ਕਿ ਅੱਲਾਹ ਦੇ ਪ੍ਰੇਮੀ ਫ਼ਕੀਰਾਂ ਕੋਲ ਤਾਂ ਇਕ ਕੰਬਲੀ ਹੁੰਦੀ ਸੀ ਜਿਸ ਨੂੰ ਵਕ਼ਤ ਪੈਣ 'ਤੇ ਸਾਰੇ ਤਨ ਤੇ ਓੜ ਲਿਆ ਕਰਦੇ ਸਨ ਜਿਵੇਂ ਫ਼ਰੀਦ ਜੀ ਮੀਂਹ ਪੈਣ ਦੀ ਹਾਲਤ ਵਿਚ ਆਪਣੇ ਮੁਰਸ਼ਦ (ਜਿੱਥੇ ਅੱਲਾਹ ਦੇ ਪਿਆਰ ਦਾ ਮੀਂਹ ਪੈਰ ਰਿਹਾ ਹੈ) ਨੂੰ ਮਿਲਣ ਜਾਣ ਲਈ ਕੰਬਲੀ ਦੇ ਭਿੱਜਣ ਦੀ ਵੀ ਪਰਵਾਹ ਛੱਡ ਦਿੰਦੇ ਹਨ :

ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥੨੫॥

(ਸਲੋਕ, ਸ਼ੇਖ ਫ਼ਰੀਦ, ਪੰਨਾ-1379)

ਅਜਿਹੇ ਸੰਤ, ਭਗਤ, ਫ਼ਕੀਰ ਭਾਵੇਂ ਕਿਸੇ ਵੀ ਧਰਮ ਦੇ ਅਨੁਯਾਈ ਹੁੰਦੇ ਸਨ ਪਰੰਤੂ ਅਸਲ ਤੱਤ ਗਿਆਨ ਦੀ ਪ੍ਰਾਪਤੀ ਸਦਕਾ ਇਨ੍ਹਾਂ ਵਿਚ ਧਰਮਾਂ ਦੀ ਕੱਟੜਤਾ ਨਹੀਂ ਸੀ ਹੁੰਦੀ, ਸਗੋਂ ਉਹ ਬ੍ਰਹਮ ਨੂੰ ਸਰਬ-ਵਿਆਪਕ ਜਾਣਦੇ ਹੋਏ ਉਸ ਦੀ ਕਣ ਕਣ 'ਚ ਮੌਜੂਦਗੀ ਨੂੰ ਅਨੁਭਵ ਕਰਦੇ ਸਨ। ਇਵੇਂ ਹੀ ਭਗਤ ਨਾਮਦੇਵ ਜੀ ਵੀ ਪ੍ਰਭੂ ਦੇ ਕਿਸੇ ਖ਼ਾਸ ਸਰੂਪ ਦੇ ਪੁਜਾਰੀ ਨਹੀਂ, ਸਗੋਂ ਉਹ ਇਕ ਮੁਸਲਿਮ ਫ਼ਕੀਰ 'ਅਬਦਾਲੀ' ਨੂੰ ਵੀ ਆਪਣਾ ਸੋਹਣੇ ਕੇਸਾਂ ਵਾਲੇ ਕ੍ਰਿਸ਼ਨ (ਹਰੀ) ਦੇ ਰੂਪ ਵਿਚ ਦੇਖਣ ਲੱਗ ਪੈਂਦੇ ਹਨ। "ਮੁਸਲਮਾਨ ਫ਼ਕੀਰਾਂ ਦੇ ਪੰਜ ਦਰਜੇ - ਗੌਂਸ, ਕੁਤਬ, ਵਲੀ, ਅਬਦਾਲ, ਕਲੰਦਰ ਮੰਨੇ ਗਏ ਹਨ।"[78] ਸੰਭਵ ਹੈ ਕਿ ਨਾਮਦੇਵ ਜੀ ਇਨ੍ਹਾਂ 'ਚੋ ਹੀ ਕਿਸੇ ਅਬਦਾਲੀ ਜਾਂ ਕਲੰਦਰ ਫ਼ਕੀਰ ਨੂੰ ਮਿਲੇ ਜਿਸ ਦੇ ਪਹਿਰਾਵੇ ਨੂੰ ਉਹ ਅਸੀਮ, ਨਿਰਾਕਾਰ ਬ੍ਰਹਮ ਦੇ ਸ੍ਰਿਸ਼ਟੀ-ਰੂਪ ਨਾਲ ਤੁਲਨਾਉਂਦੇ ਹਨ ਕਿਉਂਕਿ ਉਸ ਫ਼ਕੀਰ ਵਿਚੋਂ ਉਨ੍ਹਾਂ ਨੇ ਸ੍ਰਿਸ਼ਟੀ ਵਿਚ ਵਿਆਪਕ ਬ੍ਰਹਮ ਦੇ ਦਰਸ਼ਨ ਕੀਤੇ। ਇਹ 'ਅਬਦਾਲੀ' ਫ਼ਕੀਰ ਸਿਰ ਦੇ ਵਾਲ ਲਮਕਾ ਕੇ ਰੱਖਦੇ ਸਨ, ਸਿਰ 'ਤੇ ਟੋਪੀ, ਪੈਰਾਂ 'ਚ ਖੜਾਵਾਂ, ਤਨ 'ਤੇ ਲੰਮਾ ਚੋਗਾ, ਲੱਤਾਂ ਵਿਚ ਖੁਲ੍ਹਾ ਪਜਾਮਾ, ਹੱਥ ਵਿਚ ਸੋਟਾ ਤੇ ਥਾਲੀ ਰੱਖਦੇ ਸਨ। ਨਾਮਦੇਵ ਜੀ ਦੇ ਹਰੀ-ਦਰਸ਼ਨ ਦੀ ਖੁਸ਼ੀ ਦੇਖਣੀ ਹੀ ਬਣਦੀ ਹੈ ਜਦੋਂ ਉਹ ਫ਼ਕੀਰ ਰੂਪ ਵਿਚ ਅੱਲਾਹ ਲਈ ਆਪਣੇ ਸਰੀਰ ਨੂੰ ਮਸੀਤ, ਮਨ ਨੂੰ ਮੁਲਾਂ ਆਖਦੇ ਹਨ ਜਿਸ ਵਿਚ ਟਿਕ ਕੇ ਉਹ ਨਮਾਜ਼ ਪੜ੍ਹਦੇ ਹਨ:

ਆਉ ਕਲੰਦਰ ਕੇਸਵਾ॥ ਕਰਿ ਅਬਦਾਲੀ ਭੇਸਵਾ॥ਰਹਾਉ॥
ਜਿਨਿ ਆਕਾਸ ਕੁਲਹ ਸਿਰਿ ਕੀਨੀ ਕਉਸੈ ਸਪਤ ਪਯਾਲਾ॥
ਚਮਰ ਪੋਸ ਕਾ ਮੰਦਰੁ ਤੇਰਾ ਇਹ ਬਿਧਿ ਬਨੇ ਗੁਪਾਲਾ॥੧॥
ਛਪਨ ਕੋਟਿ ਕਾ ਪਾਹਨੁ ਤੇਰਾ ਸੋਲਹ ਸਹਸ ਇਜਾਰਾ॥

ਭਾਰ ਅਠਾਰਹ ਮੁਦਗਰੁ ਤੇਰਾ ਸਹਨਕ ਸਭ ਸੰਸਾਰਾ॥੨॥

ਦੇਹੀ ਮਹਜਿਦਿ ਮਨੁ ਮਉਲਾਨਾ ਸਹਜ ਨਿਵਾਜ ਗੁਜਾਰੈ॥

(ਭੈਰਉ, ਨਾਮਦੇਵ, ਪੰਨਾ-1167)

ਮੱਧਕਾਲੀ ਸਮਾਜ ਵਿਚ ਭ੍ਰਮਣ ਵਾਲੇ ਸਿਧਾਂ, ਜੋਗੀਆਂ ਦੇ ਜਿੱਥੇ ਧਾਰਮਿਕ ਵਿਸ਼ਵਾਸ, ਧਰਮ-ਕਰਮ ਤੇ ਸਿਧਾਂਤ ਵੱਖਰੇ ਸਨ ਉਥੇ ਉਨ੍ਹਾਂ ਦੇ ਰਹਿਣ-ਸਹਿਣ ਤੇ ਖਾਣ-ਪੀਣ ਵਿਚ ਵੀ ਵੱਖਰਤਾ ਪਾਈ ਜਾਂਦੀ ਸੀ। ਬਹੁਤੇ ਸਾਧੂਆਂ ਦੇ ਅਜਿਹੇ ਫਿਰਕੇ ਵੀ ਸਨ ਜੋ ਕਿਰਤ ਕਰਨ ਤੋਂ ਟਲਣ ਲਈ ਹੀ ਭੇਖਾਂ, ਪਾਖੰਡਾਂ ਭਰੇ ਜੀਵਨ ਨੂੰ ਅਪਣਾਉਂਦੇ ਤੇ ਨਾਲ-ਨਾਲ ਲੋਕਾਂ ਵਿਚ ਕਈ ਤਰ੍ਹਾਂ ਦੇ ਭਰਮਾਂ ਨੂੰ ਫੈਲਾਉਂਦੇ ਸਨ। ਕਈ ਨਾਥ, ਜੋਗੀ ਤੀਰਥ ਨਹਾਉਂਦੇ[79], ਕਈ ਕਈ ਦਿਨ, ਮਹੀਨੇ ਭੁੱਖੇ ਰਹਿਣ ਦਾ ਪਾਖੰਡ ਰਚਾਉਂਦੇ ਸਨ।[80] ਕਈ ਜੋਗੀਆਂ ਦੇ ਅਜਿਹੇ ਫਿਰਕੇ ਵੀ ਹੁੰਦੇ ਸਨ ਜੋ ਨਸ਼ਿਆਂ ਭਾਵ ਸ਼ਰਾਬ, ਭੰਗ ਆਦਿ ਦੀ ਵੀ ਵਰਤੋਂ ਕਰਦੇ ਸਨ। ਭਗਤ ਕਬੀਰ ਜੀ ਨੇ ਅਧਿਆਤਮਕ ਅਰਥਾਂ ਵਿਚ ਮਨ ਅਤੇ ਸਰੀਰ ਦੇ ਵਿਕਾਰਾਂ ਨੂੰ ਦੂਰ ਕਰ ਗਿਆਨ, ਧਿਆਨ, ਭਉ, ਸਹਿਜਤਾ ਆਦਿ ਗੁਣਾਂ ਨੂੰ ਧਾਰਨ ਕਰਕੇ ਮਿਲੇ ਆਨੰਦ, ਅੰਮ੍ਰਿਤ-ਰਸ ਦੀ ਪ੍ਰਾਪਤੀ ਲਈ ਜੋਗੀਆਂ ਦੁਆਰਾ ਕੱਢੀ ਜਾਂਦੀ ਸ਼ਰਾਬ ਅਤੇ ਸ਼ਰਾਬ ਪੀ ਕੇ ਸਮਾਧੀ ਲਾਉਣ ਆਦਿ ਦੇ ਪ੍ਰਤੀਕਾਂ ਦੀ ਵਰਤੋਂ ਵਿਸਥਾਰ ਵਿਚ ਕੀਤੀ ਹੈ ਅਤੇ ਨਾਮ-ਰਸ ਦੇ ਬਰਾਬਰ ਸਾਰੇ ਬਾਹਰੀ ਨਸ਼ਿਆਂ ਨੂੰ ਬੇਅਰਥ, ਤੁੱਛ ਦੱਸਿਆ ਹੈ।[81] ਇਵੇਂ ਹੀ ਕਬੀਰ ਜੀ ਇਕ ਹੋਰ ਸ਼ਬਦ ਵਿਚ ਜੋਗੀਆਂ ਵੱਲੋਂ ਮਹੂਏ ਦੀ ਸ਼ਰਾਬ ਕੱਢਣ ਦੇ ਪ੍ਰਤੀਕ ਵਿਚ ਪ੍ਰਭੂ-ਪ੍ਰੇਮ, ਨਾਮ-ਰਸ ਵਾਲੀ ਅਧਿਆਤਮਕ ਮਸਤੀ ਬਾਰੇ ਲਿਖਦੇ ਹਨ:

ਗੁੜੁ ਕਰਿ ਗਿਆਨੁ ਧਿਆਨੁ ਕਰਿ ਮਹੂਆ ਭਉ ਭਾਠੀ ਮਨ ਧਾਰਾ॥

ਸੁਖਮਨ ਨਾਰੀ ਸਹਜ ਸਮਾਨੀ ਪੀਵੈ ਪੀਵਨਹਾਰਾ॥੧॥

ਅਉਧੂ ਮੇਰਾ ਮਨੁ ਮਤਵਾਰਾ॥...

ਉਨਮਦ ਚਢਾ ਮਦਨ ਰਸੁ ਚਾਖਿਆ ਤ੍ਰਿਭਵਨ ਭਇਆ ਉਜਿਆਰਾ॥੧॥ਰਹਾਉ॥

(ਰਾਮਕਲੀ, ਕਬੀਰ, ਪੰਨਾ-969)

ਭਗਤ ਕਬੀਰ ਜੀ ਅਜਿਹੇ ਸਿਧਾਂ ਦੇ ਖਾਣ-ਪੀਣ, ਆਦਤਾਂ ਦੀ ਗੱਲ ਵੀ ਕਰਦੇ ਹਨ ਜਿਨ੍ਹਾਂ ਨੂੰ ਵਾਮ ਮਾਰਗੀਏ ਕਿਹਾ ਜਾਂਦਾ ਹੈ। ਆਮ ਕਰਕੇ ਵਾਮ ਮਾਰਗੀਆਂ ਦੇ ਪੰਥ ਵਿਚ ਪੰਜ ਮਕਾਰਾਂ – ਮਾਸ, ਮੱਛਲੀ, ਮਦਿਰਾ, ਮੈਥੁਨ ਤੇ ਮਹਾਂਸੁਖ ਮੰਨੇ ਜਾਂਦੇ ਹਨ। ਕਬੀਰ ਜੀ ਅਨੁਸਾਰ ਇਹ ਸਿਧ ਇਕ ਭਾਂਡੇ ਵਿਚ ਕੁੱਕੜ ਦੂਜੇ ਵਿਚ ਸ਼ਰਾਬ ਲੈ ਕੇ ਆਲੇ-ਦੁਆਲੇ ਘੇਰਾ ਬਣਾ ਕੇ ਬੈਠ ਜਾਂਦੇ ਸਨ ਅਤੇ ਵਿਚਕਾਰ ਨਿਰਲੱਜ ਮਾਇਆ ਰੂਪ ਇਸਤਰੀ ਨੂੰ ਬਿਠਾ ਲੈਂਦੇ ਸਨ। ਤਿੰਨੇ ਲੋਕਾਂ ਨੂੰ ਪਿਆਰੀ ਇਸ ਨਕਟੀ (ਨੱਕ ਕਟੀ) ਮਾਇਆ ਨੂੰ ਕੋਈ ਬਿਬੇਕੀ ਪੁਰਸ਼ ਹੀ ਕੱਟਦਾ ਹੈ:

ਇਕਤੁ ਪਤਰਿ ਭਰਿ ਉਰਕਟ ਕੁਰਕਟ ਇਕਤੁ ਪਤਰਿ ਭਰਿ ਪਾਨੀ॥
ਆਸਿ ਪਾਸਿ ਪੰਚ ਜੋਗੀਆ ਬੈਠੇ ਬੀਚਿ ਨਕਟ ਦੇ ਰਾਨੀ॥੧॥
ਨਕਟੀ ਕੋ ਠਨਗਨੁ ਬਾਡਾ ਡੂੰ॥ ਕਿਨਹਿ ਬਿਬੇਕੀ ਕਾਟੀ ਤੂੰ॥੧॥ਰਹਾਉ॥...

(ਆਸਾ, ਕਬੀਰ, ਪੰਨਾ-476)

ਭਗਤ ਬਾਣੀਕਾਰਾਂ ਨੇ ਅੰਨ ਅਤੇ ਪ੍ਰਭੂ-ਨਾਮ ਵਿਚਕਾਰ ਸੰਤੁਲਨ ਰੱਖਿਆ। ਭਾਵ ਮਨੁੱਖੀ ਲੋੜਾਂ ਏਨੀਆਂ ਕੁ ਹੋਣ ਜਿੰਨੀਆਂ ਨਾਲ ਇਸ ਸੰਸਾਰ ਸਾਗਰ ਵਿਚ ਡੁੱਬਣ ਦੀ ਬਜਾਏ ਨਿਰਲੇਪ ਰਹਿ ਕੇ ਅਸਲ ਤੱਤ ਵਿਚ ਸਮਾ ਜਾਣ ਦੀ ਅਵਸਥਾ ਪ੍ਰਾਪਤ ਹੋਵੇ।[82] ਇਸ ਲਈ ਭਗਤ ਬਾਣੀਕਾਰ ਆਮ ਲੋਕਾਂ ਨੂੰ ਸੱਚੇ ਸਾਧੂ ਦੀ ਸੰਗਤ ਵਿਚ ਜਾਣ ਦੀ ਪ੍ਰੇਰਨਾ ਦਿੰਦੇ ਹੋਏ ਸਾਕਤ ਦੀ ਸੰਗਤ ਤੋਂ ਬਚਣ ਲਈ ਆਖਦੇ ਹਨ। ਉਨ੍ਹਾਂ ਅਨੁਸਾਰ ਭਾਵੇਂ ਰੁੱਖੀ, ਜਵਾਂ ਦੇ ਛਿਲੜਾਂ ਦੇ ਆਟੇ ਦੀ ਰੋਟੀ ਹੀ ਖਾਣੀ ਪਵੇ, ਪਰ ਸਾਕਤ ਪੁਰਸ਼ ਦੀ ਸੰਗਤ ਕਦੇ ਨਹੀਂ ਕਰਨੀ ਚਾਹੀਦੀ।[83] ਇਸ ਤੋਂ ਪਤਾ ਚੱਲਦਾ ਹੈ ਕਿ ਸੰਤ ਭਗਤ ਬਹੁਤੇ ਸਵਾਦਾਂ ਵਾਲੇ ਭੋਜਨ ਦੀ ਥਾਂ ਰੁੱਖੀ-ਮਿੱਸੀ ਖਾ ਕੇ ਗੁਜ਼ਾਰਾ ਕਰਨ 'ਚ ਹੀ ਰੱਬ ਦਾ ਸ਼ੁਕਰਾਨਾ ਕਰਦੇ ਸਨ:

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥੨੯॥

(ਸਲੋਕ, ਸ਼ੇਖ ਫ਼ਰੀਦ, ਪੰਨਾ-1379)

**ਇਸਤਰੀ ਦਾ ਰਹਿਣ-ਸਹਿਣ** : ਪ੍ਰਾਚੀਨ ਸਮੇਂ ਤੋਂ ਹੀ ਰੰਗ-ਬਿਰੰਗੇ ਸੂਤੀ, ਰੇਸ਼ਮੀ ਕੱਪੜੇ, ਹਾਰ-ਸ਼ਿੰਗਾਰ ਅਤੇ ਗਹਿਣੇ ਆਦਿ ਪਹਿਨਣ ਦਾ ਸ਼ੌਕ ਵਧੇਰੇ ਕਰਕੇ ਇਸਤਰੀਆਂ ਵਿਚ ਰਿਹਾ ਹੈ ਭਾਵੇਂ ਕਿ ਪੁਰਸ਼ ਵੀ ਵਭਿੰਨ ਪਹਿਰਾਵੇ, ਗਹਿਣੇ ਆਦਿ ਪਹਿਨਣ ਤੋਂ ਅਛੋਹ ਨਹੀਂ ਸਨ ਪਰੰਤੂ ਇਸਤਰੀਆਂ ਦੁਆਰਾ ਆਪਣੇ ਆਪ ਨੂੰ ਸਜਾਉਣ ਸਵਾਰਨ, ਪਤੀ ਨੂੰ ਸੋਹਣਾ ਲੱਗਣ ਦੀ ਇੱਛਾ ਵਧੇਰੇ ਪਾਈ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਆਪੋ ਆਪਣੀਆਂ ਰਚਨਾਵਾਂ ਦੁਆਰਾ ਸਮਕਾਲੀ ਸਮਾਜ ਵਿਚ ਇਸਤਰੀਆਂ ਦੁਆਰਾ ਪਹਿਨੇ ਜਾਂਦੇ ਪਹਿਰਾਵੇ ਅਤੇ ਹਾਰ-ਸ਼ਿੰਗਾਰ ਵੱਲ ਸੰਕੇਤ ਕੀਤੇ ਹਨ ਜਿਨ੍ਹਾਂ ਨੂੰ ਅਧਿਆਤਮਕ ਪ੍ਰਸੰਗ ਵਿਚ ਹੀ ਪੇਸ਼ ਕੀਤਾ ਗਿਆ ਹੈ।

ਮੱਧਕਾਲੀ ਸਮਾਜ ਵਿਚ ਇਸਤਰੀਆਂ ਦੇ ਪਹਿਰਾਵੇ, ਗਹਿਣੇ ਪਹਿਨਣ ਤੇ ਹਾਰ-ਸ਼ਿੰਗਾਰ ਪਿੱਛੇ ਪਤੀ-ਪ੍ਰੇਮ, ਪਤੀ-ਮਿਲਣ ਤੇ ਪਤੀ ਨੂੰ ਪਿਆਰੀ, ਸੋਹਣੀ ਲੱਗਣ ਦੇ ਮੰਤਵ ਨੂੰ ਦੇਖਿਆ ਜਾ ਸਕਦਾ ਹੈ।[84] ਇਸਤਰੀਆਂ ਵਿਚ ਹਾਰ-ਸ਼ਿੰਗਾਰ, ਗਹਿਣੇ ਆਦਿ ਪਹਿਨਣ ਦਾ ਰਿਵਾਜ਼ ਵਧੇਰੇ ਕਰਕੇ ਵਿਆਹੀਆਂ ਹੋਈਆਂ ਇਸਤਰੀਆਂ ਵਿਚ ਹੀ ਹੁੰਦਾ ਸੀ। ਕੁਆਰੀਆਂ ਕੁੜੀਆਂ ਦੇ ਸਜਣ-ਸੰਵਰਨ ਨੂੰ ਬਹੁਤੀ ਤਰਜੀਹ ਨਹੀਂ ਸੀ ਦਿੱਤੀ ਜਾਂਦੀ:

ਕੁਆਰ ਕੰਨਿਆ ਜੈਸੇ ਕਰਤ ਸੀਗਾਰਾ॥ ਕਿਉ ਰਲੀਐ ਮਾਨੈ ਬਾਝੁ ਭਤਾਰਾ॥੩॥

ਕਾਗ ਉਡਾਵਤ ਭੁਜਾ ਪਿਰਾਨੀ॥ ਕਹਿ ਕਬੀਰ ਇਹ ਕਥਾ ਸਿਰਾਨੀ॥੪॥੨॥

(ਸੂਹੀ, ਕਬੀਰ, ਪੰਨਾ-792)

ਹਿੰਦੂ ਅਮੀਰ ਘਰਾਂ ਜਾਂ ਰਾਜ ਘਰਾਣਿਆਂ ਦੀਆਂ ਇਸਤਰੀਆਂ ਦੇ ਕੱਪੜੇ ਰੰਗ-ਬਿਰੰਗੇ ਚਮਕੀਲੇ ਰੇਸ਼ਮੀ ਹੁੰਦੇ ਸਨ। ਗਹਿਣੇ ਸੋਨੇ, ਚਾਂਦੀ, ਹੀਰੇ, ਜਵਾਹਰਾਂ, ਮੋਤੀ ਆਦਿ ਦੀ ਜੜਤ ਵਾਲੇ ਹੁੰਦੇ ਸਨ।[85] ਇਸਤਰੀਆਂ ਆਪਣੇ ਵਾਲਾਂ ਨੂੰ ਲਿਪ-ਪੋਚ ਕੇ ਪਟੀਆਂ ਬਣਾ ਕੇ ਮਾਂਗ ਵਿਚ ਸੰਧੂਰ ਪਾਉਂਦੀਆਂ ਸਨ :

ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥...

(ਆਸਾ, ਮਹਲਾ 1, ਪੰਨਾ-417)

ਆਪੋ ਆਪਣੀ ਵਿੱਤ ਅਨੁਸਾਰ ਚੰਗਾ ਪਹਿਰਾਵਾ ਪਹਿਨਣ ਦੀ ਇੱਛਾ, ਹਾਰ-ਸ਼ਿੰਗਾਰ ਦਾ ਰਿਵਾਜ਼ ਸਾਧਾਰਨ ਘਰਾਂ ਦੀਆਂ ਇਸਤਰੀਆਂ ਵਿਚ ਵੀ ਹੁੰਦਾ ਸੀ ਪਰੰਤੂ ਉਹ ਖ਼ਾਸ ਮੌਕਿਆਂ, ਵਿਆਹ, ਮੁਕਲਾਵੇ ਆਦਿ 'ਤੇ ਵਧੇਰੇ ਸਜਦੀਆਂ ਸੰਵਰਦੀਆਂ ਸਨ ਜਦੋਂ ਕਿ ਆਮ ਜੀਵਨ ਵਿਚ ਉਨ੍ਹਾਂ ਦਾ ਪਹਿਰਾਵਾ ਧੋਤੀ ਆਦਿ ਸਾਦਾ ਹੀ ਹੁੰਦਾ ਸੀ:

ਕਹੁ ਡਡੀਆ ਬਾਧੈ ਧਨ ਖੜੀ॥ ਪਾਹੂ ਘਰਿ ਆਏ ਮੁਕਲਾਊ ਆਏ॥੧॥ ਰਹਾਉ॥

(ਗਉੜੀ, ਕਬੀਰ ਜੀ, ਪੰਨਾ-333)

ਬਾਣੀ ਵਿਚ ਇਸਤਰੀਆਂ ਦੇ ਸੋਨੇ ਚਾਂਦੀ ਦੇ ਗਹਿਣਿਆਂ ਵਿਚ ਸੋਨੇ ਦੇ ਕੜੇ[86], ਕੰਨਾਂ ਲਈ ਸੋਨੇ ਦੇ ਕੁੰਡਲ[87], ਗਲ ਲਈ ਮੋਤੀਆਂ ਦੀ ਮਾਲਾ[88], ਹਾਰ[89], ਛਣ ਛਣ ਕਰਨ ਵਾਲੀਆਂ ਪੈਰਾਂ ਦੀਆਂ ਝਾਜਰਾਂ[90], ਪਿੰਡੇ ਨੂੰ ਸੁਗੰਧਿਤ ਕਰਨ ਲਈ ਚੋਆ, ਚੰਦਨ[91], ਕੁੰਕਮ (ਸੰਧੂਰ)[92], ਕਾਜਲ (ਸੁਰਮਾ)[93], ਮੂੰਹ ਦੇਖਣ ਲਈ ਸ਼ੀਸ਼ਾ ਜਾਂ ਦਰਪਨ[94], ਹੱਥਾਂ 'ਤੇ ਮਹਿੰਦੀ ਲਗਾਉਣ[95] ਆਦਿ ਬਾਰੇ ਜਾਣਕਾਰੀ ਮਿਲਦੀ ਹੈ। ਇਸ ਤੋਂ ਇਲਾਵਾ ਗੁਰੂ ਨਾਨਕ ਸਾਹਿਬ ਇਸਤਰੀ ਦੁਆਰਾ ਪਹਿਨੇ ਜਾਣ ਵਾਲੇ ਲਾਲ ਰੰਗ ਦੇ ਚੂੜੇ, ਚੂੜੀਆਂ ਤੇ ਵੰਗਾਂ ਦਾ ਵੀ ਜ਼ਿਕਰ ਕਰਦੇ ਹਨ:

ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ॥

ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ॥

ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ॥

ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ॥

(ਵਡਹੰਸ, ਮਹਲਾ 1, ਪੰਨਾ-557-558)

ਬਾਣੀ ਵਿਚ ਪਤੀ ਨੂੰ ਰੀਝਾਣ ਜਾਂ ਖੁਸ਼ ਕਰਨ ਲਈ ਇਸਤਰੀਆਂ ਵਿਚ ਸੋਲਾਂ ਸ਼ਿੰਗਾਰ ਕਰਨ ਦਾ ਜ਼ਿਕਰ ਵੀ ਮਿਲਦਾ ਹੈ। ਭਾਵੇਂ ਸੋਲਾਂ ਸ਼ਿੰਗਾਰ ਵਿਚ ਆਉਂਦੇ ਗਹਿਣੇ, ਸਜਣ-ਸੰਵਰਨ ਦੇ ਢੰਗ ਆਦਿ ਦਾ ਜ਼ਿਕਰ ਬਾਣੀ ਵਿਚ ਕਿਤੇ ਇਕ ਥਾਂ ਤਾਂ ਨਹੀਂ ਕੀਤਾ ਮਿਲਦਾ ਪਰੰਤੂ ਰਚਨਾ ਦੇ ਅਧਿਆਤਮਕ ਪ੍ਰਸੰਗ ਲਈ ਵਿਭਿੰਨ ਥਾਵਾਂ 'ਤੇ ਸੋਲਾਂ ਸ਼ਿੰਗਾਰ ਦੀਆਂ ਵਸਤਾਂ ਬਾਰੇ ਜਣਿਆ ਜਾ ਸਕਦਾ ਹੈ:

ਸਖੀ ਕਾਜਲ ਹਾਰ ਤੰਬੋਲ ਸਭੈ ਕਿਛੁ ਸਾਜਿਆ॥
ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ॥

(ਫੁਨਹੇ, ਮਹਲਾ 5, ਪੰਨਾ-1361)

ਇਸ ਤੋਂ ਇਲਾਵਾ ਬਾਣੀਕਾਰਾਂ ਨੇ ਮਨੁੱਖੀ ਸੁੰਦਰਤਾ ਵਿਚ ਵਾਧਾ ਕਰਦੇ 32 ਸ਼ੁਭ ਲੱਛਣਾ ਜਾਂ ਗੁਣਾਂ ਦਾ ਜ਼ਿਕਰ ਵੀ ਕੀਤਾ ਹੈ। ਗੁਰੂ ਅਰਜੁਨ ਸਾਹਿਬ ਨੇ ਇਨ੍ਹਾਂ 32 ਲੱਛਣਾਂ ਨੂੰ ਵਿਸ਼ੇਸ਼ ਇਸਤਰੀ ਨਾਲ ਜੋੜਿਆ ਹੈ।[96] ਜਦੋਂਕਿ ਨਾਮਦੇਵ ਜੀ ਇਸਤਰੀ-ਪੁਰਸ਼ ਦੋਵਾਂ ਵਿਚ ਇਨ੍ਹਾਂ ਗੁਣਾਂ ਦੇ ਹੋਣ ਦਾ ਜ਼ਿਕਰ ਕਰਦੇ ਹਨ :

ਪ੍ਰਣਵਤਿ ਨਾਮਦੇਉ ਨਾਕਹਿ ਬਿਨਾ॥ ਨਾ ਸੋਹੈ ਬਤੀਸ ਲਖਨਾ॥੩॥

(ਭੈਰਉ, ਨਾਮਦੇਵ, ਪੰਨਾ-1163)

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਬਾਣੀਕਾਰਾਂ ਨੇ ਇਸਤਰੀਆਂ ਵਿਚ ਕੀਤੇ ਜਾਂਦੇ ਹਾਰ-ਸ਼ਿੰਗਾਰ, ਗਹਿਣੇ ਆਦਿ ਦੀ ਬਜਾਏ ਸਿੱਧੇ-ਸਾਦੇ ਪਹਿਰਾਵੇ, ਪ੍ਰਭੂ-ਪਤੀ ਲਈ ਪਿਆਰ, ਹੁਕਮ, ਆਗਿਆ, ਸੇਵਾ, ਨਿਮਰਤਾ, ਸਹਿਣਸ਼ੀਲਤਾ, ਦਇਆ ਆਦਿ ਸ਼ੁਭ ਗੁਣਾਂ ਨੂੰ ਧਾਰਨ ਕਰਨਾ ਹੀ ਅਸਲ ਸ਼ਿੰਗਾਰ ਦੱਸਿਆ ਹੈ।ਉਨ੍ਹਾਂ ਅਨੁਸਾਰ ਇਹ ਮਨੁੱਖਾ ਜਨਮ ਆਪਣੇ ਆਪ ਵਿਚ ਹੀ ਹੀਰੇ, ਰਤਨ ਜਿਹਾ ਹੈ ਜਿਸ ਨੂੰ ਨਾਸ਼ਵਾਨ ਲਾਲਸਾਵਾਂ (ਜਿਨ੍ਹਾਂ ਦਾ ਰੱਬ ਦੀ ਦਰਗਾਹ ਵਿਚ ਕਉਡੀ ਮੁੱਲ ਵੀ ਨਹੀਂ ਪੈਂਦਾ) ਪਿੱਛੇ ਨਹੀਂ ਗੁਆਉਣਾ ਚਾਹੀਦਾ[97] ਕਿਉਂਕਿ ਹਰੀ ਨਾਮ, ਹਰੀ ਦੇ ਹੁਕਮ ਤੇ ਹਰੀ ਦੀ ਆਗਿਆ ਬਾਹਰਾ, ਮਨੁੱਖ ਹਰ ਤਰ੍ਹਾਂ ਨਾਲ ਸੰਪੂਰਨ, ਸੁਖੀ ਤੇ ਸੁੰਦਰ ਨਜ਼ਰ ਆਉਣ 'ਤੇ ਵੀ ਆਪਣੇ ਔਗੁਣਾਂ ਕਰਕੇ ਕੁੱਬਾ, ਕੋਝੇ ਰੂਪ ਵਾਲਾ ਭਾਵ ਬਦਸ਼ਕਲ ਨਜ਼ਰ ਆਉਂਦਾ ਹੈ:

ਕਹੁ ਕਬੀਰ ਜੈਸੇ ਸੁੰਦਰ ਸਰੂਪ॥
ਨਾਮ ਬਿਨਾ ਜੈਸੇ ਕੁਬਜ ਕੁਰੂਪ॥੩॥੨੫॥

(ਗਉੜੀ, ਕਬੀਰ, ਪੰਨਾ-328)

## ਖੇਡਾਂ ਅਤੇ ਮਨੋਰੰਜਨ ਦੇ ਸਾਧਨ

ਮਨੁੱਖ ਨੇ ਆਦਿ-ਕਾਲ ਦੌਰਾਨ ਜੋ ਕੁੱਝ ਸਿਰਜਿਆ ਆਪਣੀਆਂ ਲੋੜਾਂ ਅਤੇ ਦਿਲਚਸਪੀਆਂ ਅਨੁਸਾਰ ਸਿਰਜਿਆ। ਸਮਾਂ ਪੈਣ 'ਤੇ ਉਨ੍ਹਾਂ ਲੋੜਾਂ ਵਿਚ ਹੀ ਉਸਨੇ ਆਪਣੇ ਵਿਹਲੇ ਸਮੇਂ ਦੇ ਸ਼ੌਕ, ਮਨਪ੍ਰਚਾਵੇ ਲਈ ਨਵੀਨ ਸਾਧਨ ਜੁਟਾਏ ਜੋ ਅੱਗੋਂ ਵਿਭਿੰਨ ਖੇਡਾਂ ਦਾ ਰੂਪ ਧਾਰ ਗਏ। ਸ਼ਿਕਾਰ, ਨਾਚ-ਗਾਉਣਾ ਆਦਿ ਤਾਂ ਭਾਵੇ ਪੁਰਾਣੇ ਸਮੇਂ ਤੋਂ ਹੀ ਪ੍ਰਚਲਿਤ ਸੀ ਪਰੰਤੂ ਬਾਅਦ ਵਿਚ ਇਨ੍ਹਾਂ ਮਨਪ੍ਰਚਾਵਿਆਂ ਦੇ ਨਾਲ ਨਾਲ ਕਿਸ਼ਤੀ-ਦੌੜ, ਰਥ-ਦੌੜ, ਚਉਪੜ, ਸ਼ਤਰੰਜ, ਨਿਸ਼ਾਨੇਬਾਜੀ, ਜੂਆ, ਘੋੜ-ਸਵਾਰੀ ਆਦਿ ਖੇਡਾਂ ਮਨੁੱਖ ਦੇ ਮਨੋਰੰਜਨ ਦਾ ਵਿਸ਼ੇਸ਼ ਸਾਧਨ ਰਹੀਆਂ। ਖੇਡਣਾ ਕੇਵਲ ਮਨੁੱਖ ਦਾ ਵਿਹਲਾ ਵਕਤ ਲੰਘਾਉਣ ਜਾਂ ਮਨੋਰੰਜਨ ਦਾ ਸਾਧਨ ਹੀ ਨਹੀਂ, ਸਗੋਂ ਇਸ ਨਾਲ ਸਰੀਰ ਦੀ ਰਿਸ਼ਟਪੁਸ਼ਟਤਾ ਵੀ ਜੁੜੀ ਹੋਈ ਹੈ। ਖੇਡ ਵਿਚ ਜਿੱਤਣ ਤੋਂ ਬਾਅਦ ਮਨੁੱਖੀ-ਮਨ ਦਲੇਰੀ, ਹੌਂਸਲਾ, ਖੁਸ਼ੀ ਤੇ ਮਾਣ ਦੇ ਭਾਵਾਂ ਨਾਲ ਲਬਰੇਜ਼ ਹੋ ਜਾਂਦਾ ਹੈ।

ਮੱਧਕਾਲੀ ਸਮਾਜ ਤਕ ਪੁੱਜਦੇ ਪੁੱਜਦੇ ਖੇਡਾਂ ਦੇ ਸਰੂਪ ਵਿਚ ਕਾਫ਼ੀ ਤਬਦੀਲੀ ਆਈ। ਰਾਜਾ ਸ਼੍ਰੇਣੀ ਜਾਂ ਅਮੀਰ ਵਰਗ ਵਿਚ ਤਾਂ ਪਹਿਲਾਂ ਹੀ ਸ਼ਿਕਾਰ, ਚੌਗਾਨ, ਚੌਪੜ, ਘੋੜ ਸਵਾਰੀ, ਵੇਸ਼ਵਾਵਾਂ ਦੀਆਂ ਮਹਿਫਲਾਂ ਆਦਿ ਹਰਮਨ ਪਿਆਰੀਆਂ ਖੇਡਾਂ ਤੇ ਮਨਪ੍ਰਚਾਵੇ ਸਨ ਪਰੰਤੂ ਇਸ ਸਮੇਂ ਆਮ ਲੋਕ ਤਮਾਸ਼ੇ, ਨਾਟਕ, ਸਵਾਂਗ ਜਾਂ ਨਕਲਾਂ ਆਦਿ ਵਿਚ ਵਧੇਰੇ ਦਿਲਚਸਪੀ ਰੱਖਦੇ ਸਨ। ਭਗਤ ਬਾਣੀ ਵਿਚ ਖੇਡਾਂ ਅਤੇ ਮਨੋਰੰਜਨ ਦੇ ਸੰਕੇਤ ਵੀ ਅਧਿਆਤਮਕ ਪ੍ਰਸੰਗ ਵਿਚ ਹੀ ਪ੍ਰਾਪਤ ਹੁੰਦੇ ਹਨ ਜਿਨ੍ਹਾਂ ਤੋਂ ਇਹ ਪਤਾ ਲੱਗਦਾ ਹੈ ਕਿ ਉਸ ਸਮੇਂ ਜਿੱਥੇ ਕੁੱਝ ਖੇਡਾਂ ਜਾਂ ਮਨੋਰੰਜਨ ਮਨੁੱਖੀ ਜੀਵਨ ਲਈ ਸਕਾਰਾਤਮਕ ਭੂਮਿਕਾ ਨਿਭਾਉਂਦੇ ਸਨ ਉਥੇ ਲੋਕਾਂ ਨੇ ਕਈ ਨਕਾਰਾਤਮਕ ਖੇਡਾਂ ਤੇ ਮਨਪ੍ਰਚਾਵਿਆਂ ਨੂੰ ਵੀ ਜੀਵਨ ਦਾ ਖ਼ਾਸ ਅੰਗ ਬਣਾ ਲਿਆ ਸੀ। ਮੱਧਕਾਲੀ ਸਮਾਜ ਦੀਆਂ ਨਕਾਰੂ ਸਥਿਤੀਆਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਨਵੀਨ ਅਰਥਾਂ, ਢੰਗਾਂ ਵਿਚ ਢਾਲਿਆ ਹੈ ਜਿਸ ਅਨੁਸਾਰ ਉਨ੍ਹਾਂ ਇਕ ਦੁਰਾਚਾਰੀ, ਨਚਾਰ, ਬਾਜ਼ਾਰੀ, ਚੋਰ, ਠੱਗ ਨੂੰ ਵੀ ਆਪੋ ਆਪਣੇ ਪੇਸ਼ਿਆਂ ਨੂੰ ਨਵੀਨ ਅਰਥਾਂ ਵਿਚ ਢਾਲਣ ਅਤੇ ਨਵੀਨ ਦਿਸ਼ਾਵਾਂ ਵੱਲ ਜਾਣ ਦਾ ਰਾਹ ਦਿਖਾਇਆ ਹੈ:

ਕੂਟਨ ਸੋਇ ਜੁ ਮਨ ਕਉ ਕੂਟੈ॥ ਮਨ ਕੂਟੈ ਤਉ ਜਮ ਤੇ ਛੂਟੈ॥...
ਨਾਚਨੁ ਸੋਇ ਜੁ ਮਨ ਸਿਉ ਨਾਚੈ॥ ਝੂਠਿ ਨ ਪਤੀਐ ਪਰਚੈ ਸਾਚੈ॥...
ਬਜਾਰੀ ਸੋ ਜੁ ਬਜਾਰਹਿ ਸੋਧੈ॥ ਪਾਂਚ ਪਲੀਤਹ ਕਉ ਪਰਬੋਧੈ॥...
ਤਸਕਰੁ ਸੋਇ ਜਿ ਤਾਤਿ ਨ ਕਰੈ॥ ਇੰਦ੍ਰੀ ਕੈ ਜਤਨਿ ਨਾਮੁ ਉਚਰੈ॥

(ਗੋਂਡ, ਕਬੀਰ, ਪੰਨਾ-872-873)

**ਸ਼ਿਕਾਰ** : ਸ਼ਿਕਾਰ ਦੀ ਰੁਚੀ ਸੁਲਤਾਨ, ਬਾਦਸ਼ਾਹਾਂ ਤੇ ਅਮੀਰ ਸ਼੍ਰੇਣੀ ਦੇ ਲੋਕਾਂ ਵਿਚ ਆਪਣੇ ਮਾਣ, ਖੁਸ਼ੀ ਤੇ ਸੁਆਦ ਹਿੱਤ ਵਧੇਰੇ ਹੁੰਦੀ ਸੀ। ਜਦੋਂ ਕਿ ਆਮ ਲੋਕਾਂ ਵਿਚ ਮਨਪ੍ਰਚਾਵੇ ਤੇ ਆਹਾਰ ਦੇ ਤੌਰ ਤੇ ਜਾਨਵਰ ਹਿਰਨ, ਮੱਛੀ ਆਦਿ ਦਾ ਸ਼ਿਕਾਰ ਕਰਨ[98] ਦੇ ਨਾਲ ਨਾਲ ਹਾਥੀ, ਬਾਂਦਰ, ਤੋਤਾ ਆਦਿ ਨੂੰ ਫੜਕੇ ਆਪਣੀ ਕਮਾਈ ਦੇ ਸਾਧਨਾਂ ਲਈ ਵੀ ਵਰਤ ਲਿਆ ਜਾਂਦਾ ਸੀ। ਸ਼ਿਕਾਰ ਕਰਨ ਲਈ ਇਨ੍ਹਾਂ ਜਾਨਵਰਾਂ, ਪਸ਼ੂਆਂ ਦੀ ਪ੍ਰਮੁੱਖ ਕਮਜ਼ੋਰੀ ਨੂੰ ਧਿਆਨ ਵਿਚ ਰੱਖਦੇ ਹੋਏ ਜਿਵੇਂ ਹਿਰਨ ਦੀ ਕਮਜ਼ੋਰੀ ਘੰਡੇ ਹੇੜੇ ਦੀ ਆਵਾਜ਼ (ਨਾਦ ਵੱਲ ਖਿੱਚੇ ਜਾਣਾ), ਹਾਥੀ ਦੀ ਕਾਮ-ਵਾਸਨਾ, ਬਾਂਦਰ ਦੀ ਅਨਾਜ ਜਾਂ ਦਾਣੇ ਅਤੇ ਤੋਤੇ ਲਈ ਚੋਗਾ ਆਦਿ ਦਾ ਜਾਲ ਵਿਛਾਕੇ ਫੜਿਆ ਜਾਂਦਾ ਸੀ।[99] ਬਾਣੀਕਾਰਾਂ ਨੇ ਧਨ ਪਦਾਰਥ ਆਦਿ ਦੇ ਮੋਹ ਵਿਚ ਖਪਣ ਵਾਲੇ ਮਨੁੱਖ ਨੂੰ ਇਨ੍ਹਾਂ ਜਾਨਵਰਾਂ, ਪਸ਼ੂ, ਪੰਛੀਆਂ ਦੀ ਸੰਗਿਆ ਦਿੰਦੇ ਹੋਏ ਉਸਨੂੰ ਦੁਨਿਆਵੀਂ ਲੋੜਾਂ ਸੰਗ ਜੀਵਨ ਬਿਤਾਉਂਦੇ ਹੋਏ, ਨਿਰਲੇਪ ਰਹਿਣ ਦਾ ਉਪਦੇਸ਼ ਦਿੱਤਾ। ਉਨ੍ਹਾਂ ਦਾ ਵਿਚਾਰ ਹੈ ਕਿ ਜੇਕਰ ਮ੍ਰਿਗ (ਹਿਰਨ) ਨਾਦ ਕਰਕੇ, ਹਾਥੀ ਕਾਮ ਵਸ, ਮੀਨ (ਮੱਛੀ) ਪਾਣੀ ਕਰਕੇ, ਭ੍ਰਿੰਗ (ਭੌਰਾ) ਫੁੱਲ ਦੀ ਖੁਸ਼ਬੂ ਕਰਕੇ ਅਤੇ ਪਤੰਗਾ ਅੱਗ ਕਰਕੇ ਭਾਵ ਆਪਣੇ ਇਕ ਇਕ ਐਬ ਜਾਂ ਨਸ਼ੇ ਕਾਰਨ ਹੀ ਨਾਸ਼ ਹੋ ਜਾਂਦੇ ਹਨ, ਤਾਂ ਫਿਰ ਮਨੁੱਖ ਤਾਂ ਪੰਜੇ ਵਿਕਾਰਾਂ ਵਿਚ ਗ੍ਰਸਤ ਹੈ, ਫਿਰ ਉਸਦੇ ਬਚਣ ਦੀ ਕੀ ਆਸ ਹੈ?[100] ਇਨ੍ਹਾਂ ਪੰਜ ਵੈਰੀਆਂ ਦੇ ਵਸ ਪੈਣ ਤੋਂ ਬਚਣ ਅਤੇ ਨਿਰਲੇਪ ਰਹਿਣ ਦੀ ਆਸ ਗਿਆਨ-ਅੰਜੁਨ ਰੂਪੀ ਗਿਆਨ ਦੇਣ ਵਾਲੇ ਗੁਰੂ ਦੀ ਕਿਰਪਾ ਅਤੇ ਪ੍ਰਭੂ ਦੀ ਸ਼ਰਨ ਵਿਚ ਜਾਣ ਦੀ ਪ੍ਰੇਰਨਾ ਦਿੱਤੀ ਹੈ:

ਤੂ ਹੋਆ ਪੰਚ ਵਾਸਿ ਵੈਰੀ ਕੈ ਛੂਟਹਿ ਪਰੁ ਸਰਨਾਇਲੇ॥੩॥...

(ਗੋਂਡ, ਮਹਲਾ ੫, ਪੰਨਾ-862)

ਸੋ ਜਿੱਥੇ ਪਸ਼ੂ ਪੰਛੀਆਂ ਦੇ ਵਭਿੰਨ ਗੁਣਾਂ ਜਾਂ ਵਸਤੂਆਂ ਪ੍ਰਤੀ ਖਿੱਚ ਨੂੰ ਨਕਾਰਾਤਮਕ ਦ੍ਰਿਸ਼ਟੀ ਵਿਚ ਪੇਸ਼ ਕੀਤਾ ਗਿਆ ਹੈ ਉਥੇ ਇਨ੍ਹਾਂ ਨੂੰ ਸਕਾਰਾਤਮਕ ਜਾਂ ਸੰਤ, ਭਗਤ ਦੇ ਪ੍ਰਭੂ ਪ੍ਰੇਮ ਲਈ ਵੀ ਉਦਾਹਰਨ ਵਜੋਂ ਵਰਤਿਆ ਗਿਆ ਹੈ :

ਨਾਦ ਭ੍ਰਮੇ ਜੈਸੇ ਮਿਰਗਾਏ॥...
ਐਸੇ ਰਾਮ ਐਸੇ ਹੇਰਉ॥
ਜਿਉ ਮੀਨਾ ਹੇਰੈ ਪਸੂਆਰਾ॥...

(ਗੋਂਡ, ਨਾਮਦੇਵ, ਪੰਨਾ-873)

**ਚਉਪੜ (ਚੌਪੜ)** : ਭਾਈ ਕਾਨ੍ਹ ਸਿੰਘ ਨਾਭਾ ਨੇ ਚਉਪੜ (ਚਉਪੜਿ) ਦੇ ਅਰਥ "ਚਾਰ ਪਾਟ ਦਾ ਵਸਤ੍ਰ ਅਤੇ ਉਸ ਉੱਪਰ ਖੇਡਣ ਦੇ ਖੇਡ ਤੋਂ ਲਏ ਹਨ।[101] ਅੱਗੋਂ ਇਸ ਖੇਡ ਨੂੰ ਖੇਡਣ ਦੌਰਾਨ ਨਰਦ ਦੇ ਪੱਕੀ ਹੋ ਜਾਣ ਦੇ ਅਰਥਾਂ ਲਈ 'ਪੱਕੀ ਸਾਰੀ' ਦਾ ਭਾਵ ਦੱਸਿਆ ਹੈ ਕਿ "ਜੋ ਪੱਕ ਗਈ ਹੈ,

ਵਿਚਕਾਰੋਂ ਚੱਲਕੇ ਬਿਆਲੀ ਘਰ ਟੱਪਕੇ ਨਰਦ ਪੱਕੀ ਹੋਣੀ ਸ਼ੁਰੂ ਹੁੰਦੀ ਹੈ, ਜਦ ਬਾਹਰਲੇ ਨਾਕੇ ਤੋਂ ਅਉਂਦੀ ਹੈ ਤਾਂ ਪੱਕੀ ਕਹੀ ਜਾਂਦੀ ਹੈ, ਜੇ ਏਥੋਂ ਤੀਕ ਨਰਦ ਨਾ ਮਰੇ ਤਾਂ ਅੰਦਰ ਜਾ ਵੜਦੀ ਹੈ।[102] ਬਾਣੀਕਾਰਾਂ ਦੁਆਰਾ ਜ਼ਿਕਰਯੋਗ ਚਉਪੜ ਦੀ ਖੇਡ ਦੇ ਮਿਲਦੇ ਹਵਾਲਿਆਂ ਤੋਂ ਪਤਾ ਚੱਲਦਾ ਹੈ ਕਿ ਇਹ ਸ਼ਾਹੀ ਲੋਕਾਂ ਤੋਂ ਇਲਾਵਾ ਸਾਧਾਰਨ ਲੋਕਾਂ ਵਿਚ ਵੀ ਖੇਡੀ ਜਾਂਦੀ ਸੀ। ਬਾਣੀਕਾਰਾਂ ਨੇ ਇਸ ਖੇਡ ਨੂੰ ਸੁਚੱਜੇ ਰਹਿਣ-ਸਹਿਣ ਨਾਲ ਜੋੜ ਕੇ ਨਾਸ਼ਵਾਨ ਜਾਂ ਥੋੜ੍ਹ ਚਿਰੇ ਸਵਾਸਾਂ ਵਾਲੇ ਜੀਵਨ ਦੇ ਪਾਸੇ ਨੂੰ ਉਸਾਰੂ ਸੋਚ ਤੇ ਸਹੀ ਦਿਸ਼ਾ ਵੱਲ ਢਾਲਣ ਅਤੇ ਹਰੀ-ਸਿਮਰਨ ਦੀ ਪ੍ਰੇਰਨਾ ਦਿੱਤੀ ਹੈ।[103] ਗੁਰੂ ਅਰਜਨ ਸਾਹਿਬ ਅਧਿਆਤਮਕ ਪ੍ਰਸੰਗ ਵਿਚ ਇਸ ਖੇਡ ਦੇ ਖੇਡਣ-ਢੰਗ ਵੱਲ ਸੰਕੇਤ ਕਰਦੇ ਲਿਖਦੇ ਹਨ ਕਿ ਗੁਰਮੁਖਾਂ ਦੀ ਸੰਗਤਿ ਵਿਚ ਸਫ਼ਾ ਵਿਛਾ ਕੇ ਹਰੀ ਭਗਤਾਂ ਦੀ ਸੰਗਤ ਵਿਚ ਪਾਸਾ ਢਾਲੋ। ਆਪਣੇ ਉਸਾਰੂ ਕਰਤੱਵ ਨੂੰ ਚਉਪੜ ਸਾਜ ਕੇ ਸੱਚੇ ਹਰੀ ਦਾ ਸਿਮਰਨ ਤੇ ਸੱਚੇ ਆਚਰਨ ਨੂੰ ਨਰਦ ਬਣਾਵੋ ਅਤੇ ਇਸ ਤਰ੍ਹਾਂ ਆਪਣੇ ਜੀਵਨ ਦੇ ਵਿਕਾਰਾਂ 'ਤੇ ਜਿੱਤ ਪ੍ਰਾਪਤ ਕਰੋ:

> ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥੧॥
> ਇਨ੍ ਬਿਧਿ ਪਾਸਾ ਢਾਲਹੁ ਬੀਰ॥...
> ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ~ ਸਾਰੀ॥
> ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ॥੨॥

(ਬਸੰਤ, ਮਹਲਾ 5, ਪੰਨਾ-1158)

**ਬਾਜੀਗਰ ਦੀ ਖੇਡ** : ਮੱਧਕਾਲੀ ਸਮਾਜ ਵਿਚ ਬਾਜੀਗਰ ਦੀ ਖੇਡ ਆਮ ਲੋਕਾਂ ਦੇ ਮਨਪ੍ਰਚਾਵੇ ਦਾ ਪ੍ਰਮੁੱਖ ਸਾਧਨ ਸੀ। ਬਾਣੀਕਾਰਾਂ ਨੇ ਇਸ ਸਾਰੇ ਜਗਤ ਦੇ ਪਸਾਰੇ ਨੂੰ ਬਾਜੀ (ਖੇਲ, ਤਮਾਸ਼ੇ) ਅਤੇ ਇਸ ਜਗਤ ਦੀ ਰਚਨਾ ਕਰਨ ਵਾਲੇ ਨਿਰੰਕਾਰ ਨੂੰ ਬਾਜੀਗਰ ਦੀ ਸੰਗਿਆ ਦਿੱਤੀ ਹੈ।[104] ਜਿਵੇਂ ਇਕ ਬਾਜੀਗਰ, ਮਦਾਰੀ ਆਪਣੇ ਖੇਲ ਜਾਂ ਤਮਾਸ਼ੇ ਨੂੰ ਦਿਖਾਉਣ ਲਈ ਡੁਗਡੁਗੀ ਜਾਂ ਡੌਰੂ ਬਜਾ ਕੇ ਲੋਕਾਂ ਨੂੰ ਇਕੱਠੇ ਕਰਦਾ ਹੈ ਤੇ ਲੋਕ ਬੜੀ ਅਸਚਰਜਤਾ ਤੇ ਖੁਸ਼ੀ ਨਾਲ ਉਸਦੇ ਖੇਲ ਨੂੰ ਦੇਖਦੇ ਹਨ। ਜਦੋਂ ਉਹ ਖੇਲ ਨੂੰ ਸਮੇਟ ਲੈਂਦਾ ਹੈ ਤਾਂ ਖੇਡ ਦੇਖ ਕੇ ਲੋਕ ਆਪੋ ਆਪਣੇ ਘਰੀਂ ਚਲੇ ਜਾਂਦੇ ਹਨ ਤੇ ਬਾਜੀਗਰ ਆਪਣੇ ਰੰਗ ਤਮਾਸ਼ੇ ਦੇ ਅਨੰਦ ਨੂੰ ਇਕੱਲਾ ਹੀ ਮਾਣਦਾ ਰਹਿੰਦਾ ਹੈ। ਉਵੇਂ ਹੀ ਹਰੀ (ਬਾਜੀਗਰ) ਜਗਤ ਰੂਪ ਤਮਾਸ਼ੇ ਨੂੰ ਪਸਾਰਦਾ, ਸਮੇਟਦਾ ਤੇ ਫਿਰ ਇੱਕਲਾ ਹੀ ਇਸ ਅਵਸਥਾ ਨੂੰ ਮਾਣਦਾ ਹੈ ਭਾਵ ਅਨੰਦਿਤ ਰਹਿੰਦਾ ਹੈ:

> ਬਾਜੀਗਰ ਡੰਕ ਬਜਾਈ॥ ਸਭ ਖਲਕ ਤਮਾਸੇ ਆਈ॥
> ਬਾਜੀਗਰ ਸ੍ਵਾਂਗੁ ਸਕੇਲਾ॥ ਅਪਨੇ ਰੰਗ ਰਵੈ ਅਕੇਲਾ॥੨॥

(ਸੋਰਠਿ, ਕਬੀਰ, ਪੰਨਾ-655)

**ਗੁੱਡੀ ਉਡਾਉਣਾ** : ਗੁਡੀ (ਪਤੰਗ) ਕਾਗਜ਼ ਤੋਂ ਬਣਾਈ ਅਤੇ ਡੋਰ ਰਾਹੀਂ ਅਸਮਾਨ ਵਿਚ ਉੱਚੀ ਉਡਾਈ ਜਾਣ ਵਾਲੀ ਜਵਾਨ ਮੁੰਡਿਆਂ ਦੇ ਮਨਪ੍ਰਚਾਵੇ ਦੀ ਖੇਡ ਹੈ। ਇਸ ਖੇਡ ਵਿਚ ਕਈ ਕਈ ਮੁੰਡਿਆਂ ਦੁਆਰਾ ਇਕੱਠੇ ਹੋ ਕੇ ਇਕ ਦੂਜੇ ਤੋਂ ਜ਼ਿਆਦਾ ਉਚਾਈ 'ਤੇ ਪਤੰਗ ਉਡਾਉਣ ਅਤੇ ਇਕ ਦੂਸਰੇ ਦੀ ਪਤੰਗ ਨੂੰ ਕੱਟਣਾ ਸ਼ਾਮਿਲ ਹੈ। ਭਗਤ ਨਾਮਦੇਵ ਜੀ ਮੁੰਡਿਆਂ ਵਿਚ ਪ੍ਰਚਲਿਤ ਇਸ ਖੇਡ ਨੂੰ ਪ੍ਰਭੂ ਵਿਚ ਨਿਰੰਤਰ ਸੁਰਤ ਜੋੜੀ ਰੱਖਣ ਦੀ ਪ੍ਰੇਰਨਾ ਹਿੱਤ ਉਦਾਹਰਨ ਵਜੋਂ ਪੇਸ਼ ਕਰਦੇ ਹਨ ਕਿ ਜਿਵੇਂ ਇਕ ਮੁੰਡਾ ਕਾਗਜ਼ ਲਿਆਕੇ ਉਸਦੀ ਗੁੱਡੀ ਬਣਾਉਂਦਾ ਹੈ ਅਤੇ ਉਸ ਗੁੱਡੀ ਨੂੰ ਅਕਾਸ਼ ਵਿਚ ਉਡਾਉਂਦਾ ਹੈ। ਇਸ ਦੌਰਾਨ ਉਹ ਆਪਣੇ ਬਾਕੀ (ਪੰਜਾਂ) ਸਾਥੀਆਂ ਨਾਂਲ ਗੱਲਾਬਾਤਾਂ ਕਰਦਾ ਹੋਇਆ ਵੀ ਮਨ ਨੂੰ ਗੁੱਡੀ ਦੀ ਡੋਰ ਵਿਚ ਹੀ ਲਗਾਈ ਰੱਖਦਾ ਹੈ। ਇਸੇ ਤਰ੍ਹਾਂ ਹੀ ਭਗਤ-ਜਨ ਦੁਨੀਆਂ ਦੇ ਕਾਰ-ਵਿਹਾਰ ਕਰਦੇ ਹੋਏ ਵੀ ਆਪਣਾ ਮਨ ਹਮੇਸ਼ਾ ਪ੍ਰਭੂ ਦੇ ਚਰਨਾਂ ਨਾਲ ਜੋੜੀ ਰੱਖਦੇ ਹਨ :

ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ ਭਰਮੀਅਲੇ॥
ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ॥੧॥
ਮਨੁ ਰਾਮ ਨਾਮਾ ਬੇਧੀਅਲੇ॥

(ਰਾਮਕਲੀ, ਨਾਮਦੇਵ, ਪੰਨਾ-972)

**ਰਾਸਾਂ, ਨਟ, ਸਵਾਂਗ, ਗੀਤ-ਸੰਗੀਤ, ਢਾਡੀ ਆਦਿ ਮਨੋਰੰਜਨ** : ਰਾਸਾਂ ਜਿਨ੍ਹਾਂ ਵਿਚ "ਗੋਪੀਆਂ ਨਾਲ ਕ੍ਰਿਸ਼ਨ ਜੀ ਦੀ ਕੀਤੀ ਲੀਲਾ (ਰਾਸ) ਤੇ ਕੌਤਕਾਂ ਨੂੰ ਨਾਟਕੀ ਢੰਗ ਨਾਲ, ਰਾਸਧਾਰੀਆਂ (ਅਭਿਨੈ ਕਰਤਾ) ਦੁਆਰਾ ਰਾਸਮੰਡਲੀਆਂ ਵਿਚ ਪੇਸ਼ ਕੀਤਾ ਜਾਂਦਾ ਸੀ।"[105] ਮੱਧਕਾਲੀ ਸਮਾਜ ਵਿਚ ਰਾਸਾਂ ਪਾਉਣ ਦਾ ਆਮ ਰਿਵਾਜ਼ ਹੁੰਦਾ ਸੀ ਕਿਉਂਕਿ ਹਰ ਪਾਸੇ ਵੈਸ਼ਨਵ ਭਗਤੀ ਤੇ ਕ੍ਰਿਸ਼ਨ ਆਦਿ ਦੀ ਮੂਰਤੀ-ਪੂਜਾ ਵਾਲੀ ਭਗਤੀ ਪ੍ਰਚਲਿਤ ਸੀ। ਭਗਤ ਨਾਮਦੇਵ ਜੀ ਕਿਸੇ ਮੁਗਲ ਨੂੰ ਆਪਣੀ ਨਗਰੀ ਵਿਚ ਦੇਖ ਕੇ ਪ੍ਰਭੂ-ਰੂਪ ਜਾਣਦੇ ਹੋਏ ਖੁਸ਼ੀ ਮਹਿਸੂਸ ਕਰਦੇ ਹਨ ਅਤੇ ਉਸਨੂੰ ਹੀ ਦੁਆਰਕਾ ਨਗਰੀ ਵਿਚ ਰਾਸਾਂ ਪਾਉਣ ਵਾਲਾ ਕ੍ਰਿਸ਼ਨ-ਰੂਪ ਜਾਣਦੇ ਹਨ :

ਕੁਜਾ ਆਮਦ ਕੁਜਾ ਰਫਤੀ ਕੁਜਾ ਮੇ ਰਵੀ॥
ਦ੍ਵਾਰਿਕਾ ਨਗਰੀ ਰਾਸਿ ਬੁਗੋਈ॥੧॥

(ਤਿਲੰਗ, ਨਾਮਦੇਵ, ਪੰਨਾ-727)

ਰਾਸਾਂ ਪਾਉਣ ਵਿਚ ਕ੍ਰਿਸ਼ਨ-ਭਗਤੀ ਦੇ ਗੀਤ ਗਾਉਣਾ[106], ਸੰਖ, ਰਬਾਬ, ਜੋੜੀ, ਛੈਣੇ ਆਦਿ ਬਜਾਏ ਜਾਂਦੇ ਸਨ।[107] ਭਗਤ ਬਾਣੀ ਵਿਚ ਸ੍ਰੀ ਕ੍ਰਿਸ਼ਨ ਦੀ ਕੌਤਕਮਈ ਮਿੱਥਕ ਤਸਵੀਰ

ਵਿਚੋਂ ਕ੍ਰਿਸ਼ਨ ਦਾ ਗੋਪੀਆਂ ਨਾਲ ਖੇਲ, ਰਾਸ ਲੀਲਾਵਾਂ ਆਦਿ ਜੋ ਸੰਕੇਤ ਮਿਲਦੇ ਹਨ, ਜਿਸ ਨੂੰ ਨਾਮਦੇਵ ਜੀ ਨੇ ਸਰਬ-ਵਿਆਪਕ ਪ੍ਰਭੂ ਲਈ ਪ੍ਰਤੀਕ ਵਜੋਂ ਵਰਤਿਆ ਗਿਆ ਹੈ:

ਧਨਿ ਧਨਿ ਬਨ ਖੰਡ ਬਿੰਦ੍ਰਾਬਨਾ॥ ਜਹ ਖੇਲੈ ਸ੍ਰੀ ਨਾਰਾਇਨਾ॥੩॥
ਬੇਨੁ ਬਜਾਵੈ ਗੋਧਨੁ ਚਰੈ ਨਾਮੇ ਕਾ ਸੁਆਮੀ ਆਨਦ ਕਰੈ॥੪॥੧॥

(ਮਾਲੀ ਗਉੜਾ, ਨਾਮਦੇਵ, ਪੰਨਾ-988)

ਉੱਚੀ ਉੱਚੀ ਭਗਤੀ-ਗੀਤ ਗਾਉਣ, ਜੋੜੀ, ਤਾਲ ਵਜਾਉਣ ਦੇ ਨਾਲ ਨਾਲ ਰਾਸਾਂ ਪਾਉਣ ਵੇਲੇ ਖੂਬ ਨੱਚਿਆ-ਟੱਪਿਆ ਵੀ ਜਾਂਦਾ ਸੀ।[108] ਕ੍ਰਿਸ਼ਨ ਗੋਪੀਆਂ ਦੀਆਂ ਲੀਲਾਵਾਂ ਜਾਂ ਕੌਤਕਾਂ ਨੂੰ ਲੈ ਕੇ ਪਾਈਆਂ ਜਾਣ ਵਾਲੀਆਂ ਰਾਸਾਂ ਤੇ ਖੇਡੇ ਜਾਣ ਵਾਲੇ ਨਾਟਕ ਆਦਿ ਦੇ ਪ੍ਰਬੰਧ ਲਈ ਵਿਸ਼ੇਸ਼ ਤੌਰ 'ਤੇ ਰਾਸਮੰਡਲ ਤੇ ਨਾਟਸ਼ਾਲਾ ਦਾ ਜ਼ਿਕਰ ਗੁਰੂਆਂ ਦੀ ਬਾਣੀ ਵਿਚ ਮਿਲਦਾ ਹੈ।[109] ਜਦੋਂ ਕਿ ਭਗਤ ਸਾਹਿਬਾਨਾਂ ਦੇ ਤਤਕਾਲ ਵਿਚ ਰਾਸ ਲੀਲਾਵਾਂ ਨਟ ਆਦਿ ਖੇਡੇ ਜਾਣ ਦਾ ਵਿਧਾਨ ਬਹੁਤਾ ਕਰਕੇ ਮੰਦਰਾਂ ਵਿਚ ਜਾਂ ਫੇਰੀਆਂ ਦੇ ਤੌਰ 'ਤੇ ਹੀ ਹੁੰਦਾ ਸੀ। ਮੰਦਰਾਂ ਵਿਚ ਕ੍ਰਿਸ਼ਨ, ਰਾਮ ਆਦਿ ਦੀਆਂ ਮੂਰਤੀਆਂ ਅੱਗੇ ਦੀਵੇ ਆਦਿ ਸਮੱਗਰੀ ਲੈ ਕੇ ਆਰਤੀ ਗਾਉਣ, ਵਜਾਉਣ, ਨੱਚਣ-ਟੱਪਣ ਆਦਿ ਪੂਜਾ ਦਾ ਵਿਸ਼ੇਸ਼ ਢੰਗ ਸੀ ਜਿਸ ਬਾਰੇ ਭਗਤ ਸਾਹਿਬਾਨਾਂ ਦੀਆਂ ਹੇਠਲੀਆਂ ਸ਼ਬਦ-ਪੰਕਤੀਆਂ ਵਿਚ ਸੰਕੇਤ ਦੇਖੇ ਜਾ ਸਕਦੇ ਹਨ:

(ੳ) ਚਉਮੁਖ ਦੀਵਾ ਜੋਤਿ ਦੁਆਰ॥ ਪਲੂ ਅਨਤ ਮੂਲੁ ਬਿਚਕਾਰਿ॥...
ਪੰਚ ਸਬਦ ਨਿਰਮਾਇਲ ਬਾਜੇ॥ ਢੁਲਕੇ ਚਵਰ ਸੰਖ ਘਨ ਗਾਜੇ॥

(ਰਾਮਕਲੀ, ਬੇਣੀ, ਪੰਨਾ 974)

(ਅ) ਭਗਤ ਕਰਤ ਮੇਰੇ ਤਾਲ ਛਿਨਾਏ ਕਿਹ ਪਹਿ ਕਰਉ ਪੁਕਾਰਾ॥

(ਭੈਰਉ, ਨਾਮਦੇਵ, ਪੰਨਾ-1167)

(ੲ) ਬਾਤੀ ਸੂਕੀ ਤੇਲੁ ਨਿਖੂਟਾ॥ ਮੰਦਲੁ ਨ ਬਾਜੈ ਨਟੁ ਪੈ ਸੂਤਾ॥੧॥...

(ਆਸਾ, ਕਬੀਰ, ਪੰਨਾ-478)

(ਸ) ਆਪਹਿ ਗਾਵੈ ਆਪਹਿ ਨਾਚੈ ਆਪਿ ਬਜਾਵੈ ਤੂਰਾ॥

(ਸਾਰੰਗ, ਨਾਮਦੇਵ, ਪੰਨਾ-1252)

ਇਸ ਤਰ੍ਹਾਂ ਮੱਧਕਾਲੀ ਸਮਾਜ ਵਿਚ ਨਟ ਜਾਂ ਰਾਸਾਂ ਆਦਿ ਪਾਉਣਾ ਲੋਕਾਂ ਦੀਆਂ ਧਾਰਮਿਕ ਆਸਥਾਵਾਂ ਨਾਲ ਜੁੜਿਆ ਹੋਇਆ ਕਰਮ ਸੀ। ਬਾਣੀਕਾਰ ਅਜਿਹੇ ਦਿਖਾਵੇ ਦੇ ਕਰਮਾਂ ਦੀ ਬਜਾਏ ਮਨ, ਆਚਰਨ ਦੀ ਸ਼ੁੱਧਤਾ ਤੇ ਪੰਜ ਵਿਕਾਰਾਂ ਤੋਂ ਤੌਬਾ ਕਰਨ ਨੂੰ ਹੀ ਪਹਿਲ ਦਿੰਦੇ ਹੋਏ ਮਨ ਦੀ ਖੁਸ਼ੀ, ਬ੍ਰਹਮ-ਨਾਮ, ਸਿਮਰਨ ਤੇ ਪ੍ਰੇਮ ਦੀ ਰਸਿਕਤਾ ਵਿਚ ਵਿਸ਼ਵਾਸ ਨੂੰ ਹੀ ਦ੍ਰਿੜ ਕਰਦੇ ਹਨ।

ਭਗਤ ਬਾਣੀ ਵਿਚ 'ਢਾਢੀ' ਜੋ ਯੋਧਿਆਂ, ਸੂਰਮਿਆਂ ਦੀ ਵਾਰਾਂ ਆਦਿ ਗਾਉਣ ਵਾਲੇ ਹੁੰਦੇ ਸਨ ਬਾਰੇ ਬਹੁਤੀ ਤਾਂ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਕੇਵਲ ਭਗਤ ਨਾਮਦੇਵ ਜੀ ਦੇ ਇਕ ਸ਼ਬਦ ਵਿਚ ਪ੍ਰਭੂ ਦੀ ਸਿਫ਼ਤ ਕਰਨ ਵਾਲੇ ਰਿਖੀਆਂ ਨੂੰ ਢਾਢੀ ਲਿਖਿਆ ਹੋਇਆ ਮਿਲਦਾ ਹੈ।[110]

**ਜੂਆ:** 'ਜੂਆ' ਤੋਂ ਭਾਵ "ਸ਼ਰਤ ਲਗਾ ਕੇ ਖੇਡਿਆ ਹੋਇਆ ਖੇਲ ਅਤੇ ਜਿਸ ਵਿਚ ਧਨ ਨੂੰ ਹਾਰਨ ਅਥਵਾ ਜਿੱਤਣ ਦੀ ਬਾਜੀ ਸ਼ਾਮਿਲ ਹੈ।"[111] ਇਹ ਬੜੀ ਤੀਖਣ ਬੁੱਧੀ ਨਾਲ ਖੇਡੀ ਜਾਣ ਵਾਲੀ ਖੇਡ ਹੈ ਜਿਸ ਵਿਚ ਜੁਆਰੀ ਕਉਡਾਂ ਸੁੱਟ ਕੇ ਨਿਰੰਤਰ ਉਸ ਨੂੰ ਵਾਚਦਾ ਰਹਿੰਦਾ ਹੈ:

ਕਉਡਾ ਡਾਰਤ ਹਿਰੈ ਜੁਆਰੀ॥੩॥

ਜਹ ਜਹ ਦੇਖਉ ਤਹ ਤਹ ਰਾਮਾ॥ ਹਰਿ ਕੇ ਚਰਨ ਨਿਤ ਧਿਆਵੈ ਨਾਮਾ॥੪॥੨॥

(ਗੋਂਡ, ਨਾਮਦੇਵ, ਪੰਨਾ-873)

ਮੱਧਕਾਲੀ ਸਮਾਜ ਵਿਚ ਇਹ ਖੇਡ ਅਮੀਰ ਲੋਕਾਂ ਵਿਚ ਧਨ ਦੌਲਤ ਕਮਾਉਣ ਦੇ ਨਾਲ ਨਾਲ ਜਿੱਤ ਦੇ ਮਾਣ, ਹੰਕਾਰ ਲਈ ਖੇਡੀ ਜਾਂਦੀ ਸੀ ਜਦੋਂ ਕਿ ਆਮ ਲੋਕਾਂ ਵਿਚ ਘੱਟ ਮਿਹਨਤ ਕੀਤਿਆ ਤੇ ਘੱਟ ਸਮੇਂ ਵਿਚ ਵੱਧ ਕਮਾਈ ਜਾਣ ਵਾਲੀ ਦੌਲਤ ਦਾ ਸਾਧਨ ਸੀ ਪਰੰਤੂ ਸਾਧਾਰਨ ਲੋਕਾਂ ਲਈ ਜੂਏ ਵਿਚ ਹਾਰੇ ਧਨ ਦੀ ਪੂਰਤੀ ਕਰਨਾ ਬੜਾ ਔਖਾ ਹੁੰਦਾ ਸੀ ਜਿਸ ਕਾਰਨ ਉਹ ਲੋਕ ਕਈ ਵਾਰੀ ਆਰਥਿਕ ਮੰਦਹਾਲੀ ਦੇ ਸ਼ਿਕਾਰ ਹੋ ਜਾਂਦੇ ਸਨ। ਬਾਣੀਕਾਰਾਂ ਨੇ ਲੋਕਾਈ ਨੂੰ ਜਿੱਥੇ ਬੇਸ਼ੁਮਾਰ ਧਨ-ਪਦਾਰਥ ਇਕੱਠੇ ਕਰਨ ਦੀ ਹੋੜ ਤੋਂ ਵਰਜਿਆ ਹੈ ਉਥੇ ਇਕ 'ਜੁਆਰੀ' ਨੂੰ ਵੀ ਮਰਨ ਵੇਲੇ ਨਾਲ ਕੁੱਝ ਨਾ ਲੈ ਜਾਣ ਦੀ ਪ੍ਰੇਰਨਾ ਦਿੰਦੇ ਹੋਏ ਜੀਵਨ-ਬਸਰ ਲਈ ਸੁਕ੍ਰਿਤ ਕਰਨ ਦੀ ਹੀ ਪ੍ਰੇਰਨਾ ਦਿੱਤੀ ਹੈ :

ਕਹਿ ਕਬੀਰ ਕਿਛੁ ਗੁਨੁ ਬੀਚਾਰਿ॥

ਚਲੇ ਜੁਆਰੀ ਦੁਇ ਹਥ ਝਾਰਿ॥੪॥੨॥

(ਭੈਰਉ, ਕਬੀਰ, ਪੰਨਾ-1158)

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਮੱਧਕਾਲੀ ਲੋਕਾਂ ਦੇ ਖੇਡ, ਮਨਪ੍ਰਚਾਵੇ ਬਾਰੇ ਭਗਤ ਬਾਣੀ ਵਿਚ ਮਿਲਦੇ ਸੰਕੇਤਾਂ ਤੋਂ ਇਲਾਵਾ ਗੁਰੂਬਾਣੀ ਵਿਚ ਚੌਗਾਨ, ਕੁਸ਼ਤੀ, ਮੁਕਾਬਲੇ, ਘੋੜ-ਸਵਾਰੀ ਆਦਿ ਖੇਡਾਂ ਦੀ ਵੀ ਜਾਣਕਾਰੀ ਮਿਲਦੀ ਹੈ ਜਿਨ੍ਹਾਂ ਵਿਚੋਂ ਚੌਗਾਨ ਤੇ ਘੋੜ-ਸਵਾਰੀ ਅਮੀਰ ਵਰਗ ਦੀਆਂ ਖੇਡਾਂ ਸਨ ਜਦੋਂ ਕਿ ਕੁਸ਼ਤੀ ਸ਼ਰੀਰਕ ਪੱਖ ਤੋਂ ਰਿਸ਼ਟਪੁਸ਼ਟ ਮਰਦਾਂ ਦੁਆਰਾ ਖੇਡੀ ਜਾਂਦੀ ਖੇਡ ਸੀ। ਇਸ ਤਰ੍ਹਾਂ ਦੇ ਕੁਸ਼ਤੀ ਮੁਕਾਬਲੇ ਰਾਜਿਆਂ ਦੁਆਰਾ ਵੀ ਕਰਵਾਏ ਜਾਂਦੇ ਸਨ ਜਿਸ ਖੇਡ

ਵਿਚ ਤਕੜੇ ਪਹਿਲਵਾਨਾਂ ਵਿਚਕਾਰ ਘੋਲ ਕਰਵਾਏ ਜਾਂਦੇ ਸਨ ਅਤੇ ਜਿੱਤਣ ਵਾਲੇ ਪਹਿਲਵਾਨ ਨੂੰ ਬਾਦਸ਼ਾਹ ਵੱਲੋਂ  ਗਲ ਵਿਚ ਦੁਮਾਲੜ (ਸਿਰੋਪਾ) ਪਾ ਕੇ ਸਨਮਾਨਿਤ ਕੀਤਾ ਜਾਂਦਾ ਸੀ। ਜਿਸ ਨੂੰ ਗੁਰੂ ਅਰਜੁਨ ਦੇਵ ਜੀ ਅਧਿਆਤਮਕ ਅਰਥਾਂ ਵਿਚ ਪੰਜ ਵਿਕਾਰਾਂ 'ਤੇ ਜਿੱਤ ਪ੍ਰਾਪਤ ਕਰਕੇ ਗੁਰੂ ਤੋਂ ਸ਼ਾਬਾਸ਼ ਪ੍ਰਾਪਤ ਕਰਨ ਦੇ ਅਰਥਾਂ ਵਿਚ ਪੇਸ਼ ਕਰਦੇ ਹਨ :

> ਹਉ ਗੋਸਾਈ ਦਾ ਪਹਿਲਵਾਨੜਾ॥ ਮੈ ਗੁਰ ਮਿਲਿ ਉਚ ਦੁਮਾਲੜਾ॥
> ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ॥੧੭॥
> ਵਾਤ ਵਜਨਿ ਟੰਮਕ ਭੇਰੀਆ॥ ਮਲ ਲਥੇ ਲੈਦੇ ਫੇਰੀਆ॥
> ਨਿਹਤੇ ਪੰਜਿ ਜੁਆਨ ਮੈ ਗੁਰਿ ਥਾਪੀ ਦਿਤੀ ਕੰਡਿ ਜੀਉ॥੧੮॥

(ਸਿਰੀਰਾਗੁ, ਮਹਲਾ 5, ਪੰਨਾ-74)

## ਧਾਰਮਿਕ ਸੰਸਥਾਵਾਂ

ਧਰਮ ਹੀ ਸਮਾਜਕ ਸੰਗਠਨ ਦਾ ਮੁੱਢਲਾ ਸੋਮਾ ਹੈ ਅਤੇ ਧਰਮ ਨੇ ਹੀ ਮਨੁੱਖ ਨੂੰ ਆਗਿਆ ਪਾਲਣ ਅਤੇ ਅਨੁਸ਼ਾਸਨ ਆਦਿ ਜਿਹੇ ਗੁਣ ਸਿਖਾਏ। ਆਦਿਮ ਸਮਾਜਾਂ ਵਿਚ ਤਾਂ ਕੇਵਲ ਧਰਮ ਹੀ ਸਮਾਜਕ, ਸਭਿਆਚਾਰਕ ਨਿਰੰਤਰਨ ਦਾ ਪ੍ਰਮੁੱਖ ਸਾਧਨ ਸੀ। ਇਤਿਹਾਸਕ ਪੱਖ ਤੋਂ ਭਾਰਤ ਵਿਚ ਹਿੰਦੂ ਧਰਮ ਸਭ ਤੋਂ ਪ੍ਰਾਚੀਨ ਧਰਮ ਹੈ। ਹਿੰਦੂ ਧਰਮ ਵਿਚ ਵੇਦਾਂ ਤੋਂ ਲੈ ਕੇ ਉਪਨਿਸ਼ਦ, ਪੁਰਾਣ, ਸਿਮ੍ਰਤੀ, ਸ਼ਾਸਤਰ, ਆਦਿ ਧਾਰਮਿਕ ਗ੍ਰੰਥਾਂ ਦੀ ਰਚਨਾ ਹੋਈ ਜਿਨ੍ਹਾਂ ਗ੍ਰੰਥਾਂ ਦਾ ਮਨੁੱਖ ਦੇ ਅਧਿਆਤਮਕ ਤੇ ਵਿਹਾਰਕ ਜੀਵਨ 'ਤੇ ਪ੍ਰਭਾਵ ਨੂੰ ਵਿਸਥਾਰ ਸਹਿਤ ਤੀਸਰੇ ਅਧਿਆਇ ਵਿਚ ਅਧਿਐਨ ਕੀਤਾ ਗਿਆ ਹੈ। ਸੰਖੇਪ ਵਿਚ ਕਹਿਣਾ ਹੋਵੇ ਤਾਂ ਪ੍ਰਕਿਰਤਕ ਸ਼ਕਤੀਆਂ ਦੇ ਦੈਵੀਕਰਨ ਤੋਂ ਲੈ ਕੇ ਬਹੁਦੇਵਵਾਦੀ ਦੇਵੀ-ਦੇਵਤਿਆਂ ਦੇ ਸੰਕਲਪ, ਇਕੋ ਪਰਮ-ਸ਼ਕਤੀ ਦੀ ਸਿਰਜਣਾ, ਮੂਰਤੀ-ਪੂਜਾ, ਅਵਤਾਰ-ਪੂਜਾ, ਸਰਗੁਣ ਬ੍ਰਹਮ ਤੇ ਨਿਰਗੁਣ ਬ੍ਰਹਮ ਦਾ ਸੰਕਲਪ ਆਦਿ ਬਹੁਤ ਕੁੱਝ ਭਾਰਤੀ ਸਮਾਜ ਦੇ ਲੋਕਾਂ ਦੀਆਂ ਧਾਰਮਿਕ ਆਸਥਾਵਾਂ ਪ੍ਰਤੀ ਬਦਲਦੀ, ਵਿਗਸਦੀ ਮਾਨਸਿਕਤਾ ਦਾ ਸਿੱਟਾ ਹੈ ਜਿਸ ਵਿਚੋਂ ਭਗਤੀ ਧਾਰਾ ਦੇ ਵੱਖ ਵੱਖ ਪੜਾਵਾਂ ਅਧੀਨ ਆਉਂਦੇ ਸੰਤਾਂ, ਭਗਤਾਂ, ਫਕੀਰਾਂ ਦੀ ਇਕ ਅਜਿਹੀ ਸੰਤੁਲਨਮਈ ਮਾਨਸਿਕਤਾ ਉੱਭਰਦੀ ਹੈ ਜੋ ਇਕੋ ਇਕ ਨਿਰਅਕਾਰ, ਪ੍ਰਭੂ-ਨਾਮ ਵਿਚ ਵਿਸ਼ਵਾਸ ਤੇ ਸਰਬ-ਪ੍ਰਵਾਨਿਤ ਮਨੁੱਖੀ ਨੈਤਿਕ ਗੁਣਾਂ ਦੀ ਹਾਮੀ ਭਰਦੀ ਹੈ। ਇਸ ਧਾਰਾ ਨਾਲ ਸੰਬੰਧਿਤ ਸੰਤਾਂ, ਭਗਤਾਂ, ਫਕੀਰਾਂ ਨੇ ਸਮਾਜ ਦੇ ਸਕਾਰਾਤਮਕ ਤੇ ਨਕਾਰਾਤਮਕ ਹਲਾਤਾਂ ਤੇ ਕਾਬੂ ਪਾਉਣ ਲਈ ਲੋਕਾਂ ਨੂੰ ਧਰਮ ਪ੍ਰਤੀ ਨਵੀਨ ਦ੍ਰਿਸ਼ਟੀਕੋਣ ਅਪਣਾਉਣ ਲਈ ਅਗਰਸਰ ਕੀਤਾ।

ਧਾਰਮਿਕ ਪੱਖ ਤੋਂ ਮੱਧਕਾਲ ਦਾ ਭਾਰਤੀ ਸਮਾਜ 'ਹਿੰਦੂ ਧਰਮ' ਅਤੇ 'ਮੁਸਲਿਮ ਧਰਮ' ਵਿਚ ਵੰਡਿਆ ਜਾ ਚੁੱਕਾ ਸੀ। ਹਿੰਦੂ ਧਰਮ ਵਿਚ ਪਰੰਪਰਾ ਤੋਂ ਚੱਲੀਆਂ ਆ ਰਹੀਆਂ ਨਿਰਾਰਥਕ ਧਾਰਮਿਕ, ਸਮਾਜਕ ਰੂੜ੍ਹੀਆਂ ਜਿਉਂ ਦੀਆਂ ਤਿਉਂ ਚੱਲੀਆਂ ਆ ਰਹੀਆਂ ਸਨ। ਦੂਸਰੇ ਪਾਸੇ ਮੁਸਲਿਮ ਕਾਬਜ਼ ਜਮਾਤ ਵੱਲੋਂ ਹਿੰਦੂ ਜਨਤਾ ਨਾਲ ਕੀਤੇ ਜਾਂਦੇ ਧਾਰਮਿਕ ਵਿਤਕਰੇ, ਧਨ-ਦੌਲਤ ਦੀ ਲੁੱਟ-ਖਸੁੱਟ ਤੇ ਮਜਬੂਰਨ ਧਰਮ ਤਬਦੀਲੀ ਆਦਿ ਅਤਿਆਚਾਰਾਂ ਦੀ ਗਿਣਤੀ ਨਹੀਂ ਸੀ। ਹਿੰਦੂ ਧਰਮ ਵਿਚ ਨੀਵੀਆਂ ਸ਼੍ਰੇਣੀਆਂ ਦੇ ਲੋਕ ਘ੍ਰਿਣਾਯੋਗ ਪੱਧਰ 'ਤੇ ਪਹੁੰਚ ਚੁੱਕੀ ਜਾਤੀ-ਵੰਡ ਤੋਂ ਅੱਕ ਕੇ ਇਸਲਾਮ ਨੂੰ ਅਪਣਾ ਰਹੇ ਸਨ। ਓਧਰ ਬ੍ਰਾਹਮਣ ਲੋਕਾਂ ਨੇ ਨੀਵੀਆਂ ਜਾਤੀਆਂ ਦੇ ਲੋਕਾਂ ਪ੍ਰਤੀ ਭਿੱਟ ਤੇ ਲੁੱਟ ਦੋਵੇਂ ਢੰਗ ਅਪਣਾ ਰੱਖੇ ਸਨ। ਭਗਤ ਬਾਣੀ ਵਿਚ ਮੱਧਕਾਲੀ ਸਮਾਜ ਦੀ ਅਜਿਹੀ ਧਾਰਮਿਕ ਸਥਿਤੀ ਬਾਰੇ ਇਸ ਤਰ੍ਹਾਂ ਜਾਣਿਆ ਜਾ ਸਕਦਾ ਹੈ :

## ਹਿੰਦੂ ਧਰਮ ਵਿਚ ਪ੍ਰਚਲਿਤ ਕਰਮਕਾਂਡ

**ਬ੍ਰਾਹਮਣ ਜਾਂ ਪੰਡਿਤ ਲੋਕਾਂ ਦੇ ਧਰਮ-ਕਰਮ** : ਹਿੰਦੂ ਧਰਮ ਵਿਚ ਹੀ ਏਨੇ ਮਤ, ਫਿਰਕੇ, ਸੰਪਰਦਾਵਾਂ ਆਦਿ ਪੈਦਾ ਹੋ ਚੁੱਕੀਆਂ ਸਨ ਕਿ ਆਮ ਲੋਕਾਈ ਦੀ ਜੀਵਨ-ਦਸ਼ਾ ਤੇ ਦਿਸ਼ਾ ਦੋਵੇਂ ਚੌਰਾਹੇ ਵਿਚ ਭਟਕ ਰਹੀ ਸੀ ਅਤੇ ਹਿੰਦੂ ਧਰਮ ਦੀ ਵਾਗਡੋਰ ਸੰਭਾਲੀ ਬੈਠੇ ਬ੍ਰਾਹਮਣ ਲੋਕ ਜੋ ਆਖਦੇ, ਜੋ ਦਿਖਾਉਂਦੇ, ਜੋ ਕਰਦੇ, ਸਾਧਾਰਨ ਜਨਤਾ ਉਹ ਹੀ ਦੇਖਦੀ ਤੇ ਕਰਦੀ ਜਾ ਰਹੀ ਸੀ। ਅਜਿਹੇ ਹਲਾਤਾਂ ਵਿਚ ਵੀ ਕੇਵਲ ਉਹ ਭਗਤ ਜਨ ਹੀ ਜੀਵਨ ਦੀ ਔਖੀ ਘਾਟੀ ਨੂੰ ਸਹਿਜੇ ਹੀ ਪਾਰ ਕਰਦੇ ਸਨ ਜੋ ਪ੍ਰਭੂ-ਪ੍ਰੇਮ, ਪ੍ਰਭੂ-ਨਾਮ ਦੀ ਘਾਟੀ 'ਤੇ ਚੜ੍ਹ ਜਾਂਦੇ ਸਨ।[112] ਜਦੋਂ ਕਿ ਸਿਵਾਏ ਭਗਤ ਜਨਾਂ ਦੇ ਬ੍ਰਾਹਮਣ ਲੋਕ ਸਭ ਦੇ ਗੁਰੂ ਬਣ ਬੈਠੇ ਸਨ ਅਤੇ ਧਾਰਮਿਕ ਪੁਸਤਕਾਂ ਵਿਚ ਹੀ ਉਲਝਦੇ ਤੇ ਆਮ ਲੋਕਾਂ ਨੂੰ ਉਲਝਾਉਂਦੇ ਰਹਿੰਦੇ ਸਨ:

ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ॥
ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ॥237॥

(ਸਲੋਕ, ਕਬੀਰ, ਪੰਨਾ-1377)

ਹਿੰਦੂ ਧਰਮ ਦੇ ਗ੍ਰੰਥ ਵੇਦ ਆਦਿ ਦੀ ਰਚਨਾ ਸੰਸਕ੍ਰਿਤ ਭਾਸ਼ਾ ਵਿਚ ਹੋਣ ਕਾਰਨ ਆਮ ਲੋਕ ਇਨ੍ਹਾਂ ਗ੍ਰੰਥਾਂ ਨੂੰ ਪੜ੍ਹਨ, ਸਮਝਣ ਵਿਚ ਅਸਮਰਥ ਸਨ। ਲੋਕਾਂ ਦੀ ਇਸ ਅਸਮਰਥਾ ਦਾ ਲਾਭ ਬ੍ਰਾਹਮਣ ਲੋਕ ਹਰ ਪੱਖ ਤੋਂ ਉਠਾਉਂਦੇ ਸਨ। ਭਗਤ ਕਬੀਰ ਜੀ ਕਹਿੰਦੇ ਹਨ ਕਿ ਪੰਡਿਤ ਲੋਕ ਬਾਵਨ ਜਾਂ ਬਵੰਜਾ ਅੱਖਰਾਂ ਵਿਚ ਲਿਖੀਆਂ ਧਰਮ ਪੁਸਤਕਾਂ ਦੁਆਰਾ ਪ੍ਰਾਪਤ ਕੀਤੀ ਵਿੱਦਿਆ ਨੂੰ

ਧਨ, ਪਦਾਰਥ ਆਦਿ ਇਕੱਠਾ ਕਰਨ ਦਾ ਸਾਧਨ ਹੀ ਸਮਝਦੇ ਸਨ ਜਦੋਂ ਕਿ ਅਸਲ ਪੰਡਿਤ ਤਾਂ ਉਹ ਹੈ ਜੋ ਸਦਾ ਅੱਖਰਾਂ ਦੁਆਰਾ ਅਸਲ ਤੱਤ ਸਰੂਪ ਪ੍ਰਭੂ ਦੀ ਪ੍ਰਾਪਤੀ ਦੇ ਉੱਦਮ ਵਿਚ ਲੱਗਦਾ ਹੈ:

ਬਾਵਨ ਅਖਰ ਜੋਰੇ ਆਨਿ॥ ਸਕਿਆ ਨ ਅਖਰੁ ਏਕੁ ਪਛਾਨਿ॥...

ਪੰਡਿਤ ਲੋਗਹ ਕਉ ਬਿਉਹਾਰ॥ ਗਿਆਨਵੰਤ ਕਉ ਤਤੁ ਬੀਚਾਰ॥...

(ਗਉੜੀ, ਕਬੀਰ, ਪੰਨਾ-343)

ਬ੍ਰਾਹਮਣ ਲੋਕ ਆਪਣਾ ਬਾਹਰੀ ਸਾਫ਼-ਸੁਥਰਾ ਪਹਿਰਾਵਾ-ਧੋਤੀ (ਤੀਹਰੇ ਤੀਹਰੇ ਤਗ ਵਾਲੀਆਂ), ਹੱਥਾਂ ਵਿਚ ਲੋਟੇ, ਮੱਥੇ 'ਤੇ ਤਿਲਕ[113] ਆਦਿ ਰੱਖਦੇ ਹੋਏ ਬਾਹਰੀ ਸੁੱਚਮ ਦਾ ਏਨਾ ਖ਼ਿਆਲ ਰੱਖਦੇ ਸਨ ਕਿ ਮਿੱਟੀ ਖੋਦ ਕੇ, ਚੁਲ੍ਹੇ ਬਣਾਉਂਦੇ, ਚੌਂਕੇ ਨੂੰ ਗੋਹੇ ਨਾਲ ਲਿੱਪ ਕੇ, ਲੱਕੜੀ ਨੂੰ ਧੋ ਕੇ ਜਲਾਉਂਦੇ ਅਤੇ ਵਰਤਣਾਂ ਨੂੰ ਚੰਗੀ ਤਰ੍ਹਾਂ ਮਾਂਜ ਕੇ ਵਰਤਦੇ ਸਨ[114] ਪਰੰਤੂ ਭਗਤ ਸਾਹਿਬਾਨਾਂ ਨੇ ਇਨ੍ਹਾਂ ਸਾਰੇ ਭੇਖਾਂ, ਪਾਖੰਡਾਂ ਦਾ ਵਿਰੋਧ ਕੀਤਾ। ਕਬੀਰ ਜੀ ਆਖਦੇ ਹਨ ਕਿ ਅਜਿਹੇ ਬਾਹਰੀ ਦਿਖਾਵਿਆਂ ਨਾਲ ਰੱਬ ਰਾਜੀ ਨਹੀਂ ਹੁੰਦਾ। ਲੋਕਾਂ ਨੇ ਤਾਂ ਹਰੀ ਨੂੰ ਖਿਡਾਉਣਾ ਹੀ ਸਮਝ ਰੱਖਿਆ ਹੈ। ਜਦੋਂ ਕਿ ਅਜਿਹੇ ਪਾਖੰਡੀ ਲੋਕਾਂ ਨੂੰ ਸੰਤ ਨਹੀਂ, ਸਗੋਂ ਬਨਾਰਸ ਦੇ ਠੱਗ ਕਹਿਣਾ ਚਾਹੀਦਾ ਹੈ। ਕਿਉਂਕਿ ਇਸ ਸੰਸਾਰ ਵਿਚ ਕੀ ਸੁੱਚਾ ਤੇ ਕੀ ਜੂਠਾ ਸਗੋਂ ਮਨੁੱਖ ਦੁਆਰਾ ਕੀਤੇ ਜਾਂਦੇ ਸਾਰੇ ਕਰਮ ਹੀ ਜੂਠੇ ਹਨ :

ਜਿਹਬਾ ਜੂਠੀ ਬੋਲਤ ਜੂਠਾ ਕਰਨ ਨੇਤ੍ਰ ਸਭ ਜੂਠੇ ॥

ਇੰਦ੍ਰੀ ਕੀ ਜੂਠਿ ਉਤਰਸਿ ਨਾਹੀ ਬ੍ਰਹਮ ਅਗਨਿ ਕੇ ਲੂਠੇ॥੨॥...

ਗੋਬਰੁ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ॥

ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ॥੪॥੧॥੭॥

(ਬਸੰਤ, ਕਬੀਰ, ਪੰਨਾ-1195)

**ਮੂਰਤੀ-ਪੂਜਾ** : ਮੱਧਕਾਲ ਵਿਚ ਭਾਵੇਂ ਕਿ ਅਨੇਕ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਨੂੰ ਮੁੱਲ ਖ਼ਰੀਦ ਕੇ ਮੰਦਰਾਂ ਵਿਚ ਸਥਾਪਿਤ ਕੀਤਾ ਜਾਂਦਾ ਸੀ[115] ਪਰੰਤੂ ਭਗਤ ਰਵਿਦਾਸ ਜੀ ਨੇ ਦੁਆਦਸ਼ ਸਿਲਾ ਭਾਵ 12 ਕਿਸਮ ਦੇ ਪੱਥਰ ਦੇ ਦੇਵੀ-ਦੇਵਤਿਆਂ ਦੀ ਪੂਜਾ ਦਾ ਜ਼ਿਕਰ ਵੀ ਕੀਤਾ ਹੈ:

ਜੇ ਓਹੁ ਅਠਸਠਿ ਤੀਰਥ ਨ੍ਾਵੈ॥ ਜੇ ਓਹੁ ਦੁਆਦਸ ਸਿਲਾ ਪੂਜਾਵੈ॥

ਜੇ ਓਹ ਕੂਪ ਤਟਾ ਦੇਵਾਵੈ॥ ਕਰੈ ਨਿੰਦ ਸਭ ਬਿਰਥਾ ਜਾਵੈ॥੧॥

(ਗੋਂਡ, ਰਵਿਦਾਸ, ਪੰਨਾ-875)

ਰੱਬ ਦੇ ਆਕਾਰ ਜਾਂ ਸਥੂਲ ਰੂਪ ਨੂੰ ਦੇਖੇ ਬਿਨਾਂ ਆਮ ਲੋਕਾਂ ਦੇ ਅੰਤਰ ਆਤਮੇ ਵਿਚ ਪ੍ਰੇਮ ਤੇ ਪ੍ਰਾਪਤੀ ਦੀ ਤਾਂਘ ਨਹੀਂ ਸੀ ਉਪਜਦੀ ਪਰੰਤੂ ਸੰਤ, ਭਗਤ ਬਿਨਾ ਦਸਾਂ ਦੁਆਰੇ ਵਾਲੇ ਪ੍ਰਭੂ ਦੇ

ਗੁਣਾਂ ਦੀ ਬਜਾਏ ਪ੍ਰਭੂ-ਨਾਮ, ਸਿਮਰਨ ਨਾਲ ਹੀ ਮਨ ਦੀ ਅਡੋਲਤਾ, ਮਨ ਦੀ ਨਿਰਭੈਤਾ ਆਦਿ ਗਿਆਨ ਦੁਆਰਾ ਪ੍ਰਾਪਤ ਕਰ ਲੈਂਦੇ ਹਨ:

ਬਿਨੁ ਦੇਖੇ ਉਪਜੈ ਨਹੀ ਆਸਾ॥ ਜੋ ਦੀਸੈ ਸੋ ਹੋਇ ਬਿਨਾਸਾ॥...

ਸੋ ਮੁਨਿ ਮਨ ਕੀ ਦੁਬਿਧਾ ਖਾਇ॥ ਬਿਨੁ ਦੁਆਰੇ ਤ੍ਰੈ ਲੋਕ ਸਮਾਇ॥...

(ਭੈਰਉ, ਰਵਿਦਾਸ, ਪੰਨਾ-1167)

ਦੇਵੀ-ਦੇਵਤੇ ਤੇ ਅਵਤਾਰਾਂ ਆਦਿ ਦੀ ਪੂਜਾ ਲਈ ਇਸਤਰੀਆਂ ਦੁਆਰਾ ਕਈ ਤਰ੍ਹਾਂ ਦੇ ਰੁੱਖਾਂ ਦੇ ਪੱਤੇ, ਫੁੱਲਾਂ ਨੂੰ ਤੋੜਿਆ ਜਾਂਦਾ ਸੀ ਜਦੋਂ ਕਿ ਕਬੀਰ ਜੀ ਨਿਰਜੀਵ, ਬੇਜਾਨ ਪੱਥਰ ਲਈ ਜਾਨਦਾਰ ਪੱਤਿਆਂ ਨੂੰ ਤੋੜਨ ਦਾ ਵਿਰੋਧ ਕਰਦੇ ਹਨ।[116] ਉਹ ਮੂਰਤੀਆਂ ਨੂੰ ਇਸ਼ਨਾਨ ਕਰਾਉਣ, ਫੁੱਲਾਂ ਦੀ ਮਾਲਾ ਪਿਰੋਕੇ ਮੂਰਤੀ ਦੇ ਗਲੇ ਵਿਚ ਪਾਉਣ, ਖੀਰ[117] ਚਾਵਲ, ਦਾਲ, ਲਾਪਸੀ, ਪੰਜੀਰੀਂ[118] ਆਦਿ ਵਸਤਾਂ ਦਾ ਭੋਗ ਲਗਾਉਣ ਆਦਿ ਕਰਮਕਾਂਡ ਤੇ ਪਾਖੰਡਾਂ ਦਾ ਬੜੇ ਹੀ ਦਲੀਲਮਈ ਅੰਦਾਜ਼ 'ਚ ਵਿਰੋਧ ਕਰਦੇ ਹੋਏ ਬ੍ਰਹਮ ਦੀ ਸਰਬ-ਵਿਆਪਕਤਾ ਨੂੰ ਇਸ ਤਰ੍ਹਾਂ ਦਰਸਾਉਂਦੇ ਹਨ ਕਿ ਠਾਕੁਰ (ਮੂਰਤੀ) ਨੂੰ ਇਸ਼ਨਾਨ ਕਰਾਉਣ ਦਾ ਕੀ ਲਾਭ? ਜਦੋਂ ਕਿ ਬੀਠਲ ਤਾਂ ਪਹਿਲਾਂ ਹੀ ਪਾਣੀ ਵਿਚ ਵਸਦੇ ਬਿਆਲੀ ਲੱਖ ਜੀਵਾਂ ਦੇ ਰੂਪ ਵਿਚ ਇਸ਼ਨਾਨ ਕਰ ਰਿਹਾ। ਖਿੜੇ ਫੁੱਲਾਂ ਦੀ ਮਾਲਾ ਪਿਰੋਣ ਦਾ ਕੀ ਲਾਭ? ਜਦੋਂ ਕਿ ਬੀਠਲ ਨੇ ਤਾਂ ਪਹਿਲਾਂ ਹੀ ਭਵਰੇ ਦੇ ਰੂਪ ਵਿਚ ਫੁੱਲਾਂ ਦੀ ਖੁਸ਼ਬੂ ਨੂੰ ਮਾਣ ਲਿਆ ਹੈ। ਦੁੱਧ ਦੀ ਖੀਰ ਬਣਾ ਕੇ ਦੇਵਤੇ ਨੂੰ ਭੋਗ ਲਗਵਾਉਣ ਦਾ ਕੀ ਲਾਭ? ਜਦੋਂ ਕਿ ਬੀਠਲ ਤਾਂ ਪਹਿਲਾਂ ਹੀ ਬਛਰੇ ਦੇ ਰੂਪ ਵਿਚ ਗਾਂ ਦੇ ਥਣਾਂ ਦਾ ਦੁੱਧ ਪੀ ਚੁੱਕਿਆ ਹੈ। ਇਵੇਂ ਹੀ ਤਰ੍ਹਾਂ ਤਰ੍ਹਾਂ ਦੀਆਂ ਹੋਰ ਖਾਣ ਵਾਲੀਆਂ ਵਸਤਾਂ ਦਾ ਚੜ੍ਹਾਵਾ ਜੋ ਦੇਵਤੇ ਦੇ ਮੂੰਹ ਵਿਚ ਤਾਂ ਨਹੀਂ ਪੈਂਦਾ ਪਰੰਤੂ ਮੂਰਤੀ ਦੁਆਲੇ ਰਹਿਣ ਵਾਲਾ ਪੰਡਿਤ ਹੀ ਉਨ੍ਹਾਂ ਵਸਤਾਂ ਨੂੰ ਭੋਗਦਾ ਹੈ। ਭਾਵੇਂ ਇਹਨਾਂ ਸਾਰੇ ਭੇਖਾਂ ਤੋਂ ਮਾਲਣ ਤੇ ਸਾਰਾ ਜਗਤ ਤਾਂ ਅਣਜਾਣ ਰਹਿੰਦਾ ਹੈ ਪਰ ਪ੍ਰਭੂ ਦੇ ਸੰਤ, ਭਗਤ ਗਿਆਨ ਵਿਹੂਣੇ ਨਹੀਂ ਕਿਉਂਕਿ ਉਹ ਗੁਰੂ ਦੇ ਗਿਆਨ ਵਾਲੇ ਸਹੀ ਮਾਰਗ ਦੇ ਪਾਂਧੀ ਹੁੰਦੇ ਹਨ:

ਮਾਲਿਨਿ ਭੂਲੀ ਜਗੁ ਭੁਲਾਨਾ ਹਮ ਭੁਲਾਨੇ ਨਾਹਿ॥

ਕਹੁ ਕਬੀਰ ਹਮ ਰਾਮ ਰਾਖੇ ਕ੍ਰਿਪਾ ਹਰਿ ਰਾਇ॥੫॥੧॥੧੪॥

(ਆਸਾ, ਕਬੀਰ, ਪੰਨਾ-479)

ਮੰਦਰਾਂ ਵਿਚ ਦੇਵੀ-ਦੇਵਤਿਆਂ ਦੀਆਂ ਆਰਤੀਆਂ ਵਿਚ ਨੱਚਣਾ, ਗਾਉਣਾ, ਛੈਣੇ ਆਦਿ ਵੀ ਬਜਾਏ ਜਾਂਦੇ ਸਨ ਜਿਸ ਪੂਜਾ ਵਿਚ ਉੱਚੀ ਕੁਲ ਦੇ ਲੋਕਾਂ ਤੋਂ ਇਲਾਵਾ, ਨੀਵੀਆਂ ਜਾਤੀਆਂ ਦੇ ਲੋਕਾਂ ਨੂੰ ਸ਼ਾਮਿਲ ਨਹੀਂ ਸੀ ਹੋਣ ਦਿੱਤਾ ਜਾਂਦਾ। ਭਗਤ ਸਾਹਿਬਾਨਾਂ ਨੇ ਉਚ-ਨੀਚ ਦੀ ਇਸ ਭਾਵਨਾ ਵਾਲੇ ਲੋਕਾਂ ਦੇ ਵਿਹਾਰ ਨੂੰ ਆਪਣੀ ਰਚਨਾ ਰਾਹੀਂ ਬਿਆਨ ਕੀਤਾ। ਅਜਿਹੀ ਭਿੱਟ ਕਾਰਨ ਭਗਤ

ਨਾਮਦੇਵ ਜੀ ਨੂੰ ਮੰਦਰ ਵਿਚੋਂ ਜਾਣੋਂ ਰੋਕਿਆ ਗਿਆ ਅਤੇ ਉਨ੍ਹਾਂ ਦੇ ਹੱਥੋਂ ਛੈਣੇ ਖੋ ਲਏ ਜਾਣ ਦੀ ਜਾਣਕਾਰੀ ਮਿਲਦੀ ਹੈ:

(ੳ) ਭਗਤਿ ਕਰਤ ਮੇਰੇ ਤਾਲ ਛਿਨਾਏ ਕਿਹ ਪਹਿ ਕਰਉ ਪੁਕਾਰਾ॥...

(ਭੈਰਉ, ਨਾਮਦੇਵ, ਪੰਨਾ-1167)

(ਅ) ਹਸਤ ਖੇਲਤ ਤੇਰੇ ਦੇਹੁਰੇ ਆਇਆ॥...

ਭਗਤਿ ਕਰਤ ਨਾਮਾ ਪਕਰਿ ਉਠਾਇਆ॥....

(ਭੈਰਉ, ਨਾਮਦੇਵ, ਪੰਨਾ-1164)

ਜੀਵਨ ਦੇ ਅਜਿਹੇ ਤਜ਼ਰਬਿਆਂ ਚੋਂ ਹੀ ਤਰਕ ਪੈਦਾ ਹੁੰਦਾ ਹੈ ਜਿਸ ਤਰਕ ਨੂੰ ਆਧਾਰ ਬਣਾ ਕੇ ਭਗਤਾਂ ਨੇ ਪਾਖੰਡਾਂ, ਕਰਮਕਾਂਡਾਂ ਨਾਲ ਭਰੀ ਪੱਥਰ-ਪੂਜਾ ਦਾ ਖੰਡਨ ਕਰਦੇ ਹੋਏ ਆਪਣੇ ਪੱਖ ਪੇਸ਼ ਕੀਤੇ ਕਿ ਇਕ ਪੱਥਰ ਦੀ ਮੂਰਤੀ ਬਣਾ ਕੇ ਉਸਦੀ ਪੂਜਾ ਤੇ ਉਸਨੂੰ ਪ੍ਰੇਮ ਕੀਤਾ ਜਾਂਦਾ ਹੈ ਤੇ ਦੂਸਰੇ ਪੱਥਰ ਉਤੇ ਪੈਰ ਰੱਖਿਆ ਜਾਂਦਾ ਹੈ। ਨਾਮਦੇਵ ਜੀ ਆਖਦੇ ਹਨ ਕਿ ਜੇ ਮੂਰਤੀ ਠਾਕੁਰ ਹੈ ਤਾਂ ਅਨਘੜ੍ਹ ਪੱਥਰ ਨੂੰ ਵੀ ਠਾਕੁਰ ਮੰਨਣਾ ਚਾਹੀਦਾ ਹੈ।[119] ਜਦੋਂ ਕਿ ਸੱਚ ਤਾਂ ਇਹ ਹੈ ਕਿ ਪੱਥਰ ਨੂੰ ਪਰਮੇਸ਼ਰ ਜਾਣ ਕੇ ਪੂਜਾ ਕਰਨ ਵਾਲਾ ਸਾਰਾ ਸੰਸਾਰ ਅਤੇ ਇਸਦੇ ਆਸਰੇ ਰਹਿਣ ਵਾਲੇ ਲੋਕ ਡੁੱਬ ਜਾਂਦੇ ਹਨ।[120] ਕਿਉਂਕਿ ਪੱਥਰ ਦਾ ਦੇਵਤਾ ਨਾ ਕੁੱਝ ਬੋਲਦਾ ਤੇ ਨਾ ਕੁੱਝ ਦਿੰਦਾ ਹੈ। ਜਿਵੇਂ ਮਿਰਤਕ ਨੂੰ ਚੰਦਨ ਚੜਾਉਣ ਦਾ ਕੋਈ ਫਾਇਦਾ ਨਹੀਂ ਤੇ ਨਾ ਹੀ ਮਿਰਤਕ ਨੂੰ ਗੰਦਗੀ ਵਿਚ ਰੁਲਾਉਣ ਨਾਲ ਕੋਈ ਫ਼ਰਕ ਪੈਂਦਾ ਹੈ। ਇਵੇਂ ਹੀ ਪੱਥਰ ਦੀ ਪੂਜਾ ਬੇਅਰਥ ਤੇ ਫੋਕਟ ਕਰਮ ਬਣ ਕੇ ਰਹਿ ਜਾਂਦੀ ਹੈ:

ਨ ਪਾਥਰੁ ਬੋਲੈ ਨਾ ਕਿਛੁ ਦੇਇ॥ ਫੋਕਟ ਕਰਮ ਨਿਹਫਲ ਹੈ ਸੇਵ॥
ਜੇ ਮਿਰਤਕ ਕਉ ਚੰਦਨੁ ਚੜਾਵੈ॥ ਉਸ ਤੇ ਕਹਹੁ ਕਵਨ ਫਲ ਪਾਵੈ॥
ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ॥ ਤਾਂ ਮਿਰਤਕ ਕਾ ਕਿਆ ਘਟਿ ਜਾਈ॥੩॥...

(ਭੈਰਉ, ਮਹਲਾ 5, ਪੰਨਾ-1160)

ਬਾਣੀਕਾਰਾਂ ਨੇ ਮਿਥਹਾਸਕ ਕਥਾਵਾਂ ਜੋ ਲੋਕਾਂ ਵਿਚ ਆਮ ਹੀ ਪ੍ਰਚਲਿਤ ਸਨ ਨੂੰ ਲੈ ਕੇ ਵੀ ਦਲੀਲਾਂ ਸਹਿਤ ਆਪਣੇ ਖੰਡਨਮਈ ਪੱਖ ਨੂੰ ਪੇਸ਼ ਕੀਤਾ ਜਿਨ੍ਹਾਂ ਕਥਾਵਾਂ ਵਿਚ ਗਾਇਤ੍ਰੀ ਦੀ ਕਥਾ, ਮਹਾਦੇਉ (ਸਿਵ) ਦੁਆਰਾ ਮੋਦੀ-ਘਰ ਖਾਣਾ ਖਾ ਕੇ ਉਸਦੇ ਲੜਕੇ ਨੂੰ ਮਾਰਨ ਅਤੇ ਰਾਮ ਚੰਦਰ ਜਿਸਨੇ ਰਾਵਨ ਨਾਲ ਯੁੱਧ ਕੀਤਾ ਅਤੇ ਸ਼ੱਕ ਕਾਰਨ ਪਤਨੀ ਸੀਤਾ ਨੂੰ ਬਨਵਾਸ ਦੇ ਦਿੱਤਾ ਆਦਿ ਦੁਆਰਾ ਦੇਵੀ-ਦੇਵਤਿਆਂ ਤੇ ਅਵਤਾਰਾਂ ਤੋਂ ਉੱਪਰ ਸਰਬ-ਵਿਆਪਕ, ਸ੍ਰੇਸ਼ਟ ਪ੍ਰਭੂ ਦੀ ਸਾਧਨਾ, ਭਗਤੀ ਨੂੰ ਹੀ ਤਰਜੀਹ ਦਿੱਤੀ:

ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ॥ ਰਹਾਉ॥
ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ॥
ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ॥੧॥
ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ॥
ਮੋਦੀ ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ॥੨॥
ਪਾਂਡੇ ਤੁਮਰਾ ਰਾਮਚੰਦੁ ਸੋ ਪੀ ਆਵਤੁ ਦੇਖਿਆ ਥਾ॥
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ॥੩॥

(ਗੋਂਡ, ਨਾਮਦੇਵ, ਪੰਨਾ-874)

ਭਗਤ ਸਾਹਿਬਾਨਾਂ ਦਾ ਵਿਚਾਰ ਹੈ ਕਿ ਇਨ੍ਹਾਂ ਦੇਵੀ-ਦੇਵਤਿਆਂ ਨੂੰ ਪੂਜਣ ਵਾਲਿਆਂ ਨੂੰ ਫਲ ਵੀ ਉਹੋ ਜਿਹੇ ਹੀ ਪ੍ਰਾਪਤ ਹੁੰਦੇ ਹਨ। ਜਿਵੇਂ ਭੈਰਉ (ਸ਼ਿਵ) ਨੂੰ ਪੂਜਣ ਵਾਲਾ ਭੂਤ, ਸੀਤਲਾ ਨੂੰ ਪੂਜਣ ਵਾਲਾ ਖੋਤਾ, ਮਹਾਮਾਈ (ਪਾਰਬਤੀ) ਨੂੰ ਪੂਜਣ ਵਾਲਾ ਨਰ ਤੋਂ ਨਾਰ ਹੋ ਕੇ ਜਨਮ ਲੈਂਦਾ ਹੈ।[121] ਜਿਸ ਬਾਰੇ ਗੁਰੂ ਨਾਨਕ ਸਾਹਿਬ 'ਜੈਸਾ ਸੇਵਾਂ ਤੈਸੋ ਹੋਇ॥[122] ਦਾ ਵਿਚਾਰ ਦਿੰਦੇ ਹਨ।

ਸੋ ਬਾਣੀਕਾਰਾਂ ਨੇ ਉਸ ਸਮੇਂ ਦੇ ਸਮਾਜ ਵਿਚ ਪੰਡਿਤਾਂ ਦੁਆਰਾ ਫੈਲਾਏ ਧਾਰਮਿਕ ਕਰਮਕਾਂਡ ਅਤੇ ਲੋਕਾਂ ਵੱਲੋਂ ਜਿਉਂ ਦੇ ਤਿਉਂ ਨਿਭਾਏ ਜਾਂਦੇ ਧਰਮ-ਕਰਮ ਦਾ ਸਖ਼ਤ ਵਿਰੋਧ ਕੀਤਾ ਅਤੇ ਇਸ ਦੀ ਥਾਂਵੇ ਉਨ੍ਹਾਂ ਨੇ ਸਹਿਜ ਤੇ ਪ੍ਰੇਮਾ ਭਗਤੀ ਦਾ ਸੰਕਲਪ ਪੇਸ਼ ਕੀਤਾ ਜਿਸ ਵਿਚ ਮਨੁੱਖੀ ਮਨ ਨੂੰ ਮੰਦਰ, ਇਸ ਮੰਦਰ ਵਿਚ ਹੀ ਦੇਵਤੇ (ਪ੍ਰਭੂ ਦਾ ਵਾਸ ਮੰਨਕੇ) ਇਸ ਕਾਇਆ ਜਾਂ ਮਨ ਦੀ ਖੋਜ ਕਰਨ ਨੂੰ ਹੀ ਪਹਿਲ ਦਿੱਤੀ। ਉਨ੍ਹਾਂ ਅਨੁਸਾਰ ਕਿਤੇ ਬਾਹਰ ਭਟਕਣ ਦੀ ਲੋੜ ਨਹੀਂ ਕਿਉਂਕਿ ਜੋ ਕੁੱਝ ਸਾਰੇ ਬ੍ਰਹਿਮੰਡ ਵਿਚ ਪਸਰਿਆ ਹੈ ਉਸ ਦੀ ਪ੍ਰਾਪਤੀ ਮਨੁੱਖਾ-ਸਰੀਰ (ਪਿੰਡ) ਵਿਚੋਂ ਹੋ ਸਕਦੀ ਹੈ। ਜੋ ਇਸ ਖੋਜ-ਮਾਰਗ ਦਾ ਯਾਤਰੂ ਬਣਦਾ ਹੈ ਉਸਨੂੰ ਕੁਦਰਤ ਦੇ ਸਾਰੇ ਰਹੱਸਾਂ ਦੀ ਸੋਝੀ ਹੋ ਜਾਂਦੀ ਹੈ:

ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ॥
ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ॥੧॥.........
ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ॥੨॥੩॥

(ਧਨਾਸਰੀ, ਪੀਪਾ, ਪੰਨਾ-695)

ਭਗਤ ਸਾਹਿਬਾਨ ਕੇਵਲ ਪ੍ਰਭੂ-ਨਾਮ, ਸਿਮਰਨ ਨੂੰ ਹੀ ਆਰਤੀ ਵਿਚ ਵਰਤੀਆਂ ਜਾਣ ਵਾਲੀਆਂ ਵਸਤਾਂ ਦੀ ਸੰਗਿਆ ਦਿੰਦੇ ਹਨ।[123] ਪਾਰਬ੍ਰਹਮ ਦੇ ਸਰਬ-ਵਿਆਪਕ ਪਸਾਰੇ ਨੂੰ ਬਿਆਨ

ਕਰਦੇ ਹੋਏ ਉਹ ਪੂਰੀ ਕਾਇਨਾਤ ਵਿਚ ਸੂਰਜ, ਚੰਦ, ਬੱਦਲ, ਪਰਬਤ, ਦੇਵੀ-ਦੇਵਤੇ ਆਦਿ ਸਭ ਨੂੰ ਉਸ ਦੇ ਦਰ 'ਤੇ ਖੜੇ ਆਪੋ ਆਪਣਾ ਕਾਰਜ ਕਰਨ ਵਾਲੇ ਦਾਸ ਆਖਦੇ ਹਨ। ਆਮ ਮਨੁੱਖ ਪ੍ਰਭੂ ਨੂੰ ਇਨ੍ਹਾਂ ਸ਼ਕਤੀਆਂ ਦੇ ਘੇਰੇ ਵਿਚ ਹੀ ਬੰਨ੍ਹੀ ਰੱਖਦੇ ਹਨ ਜਦੋਂ ਕਿ ਉਹ ਅਸੀਮ, ਅਗੰਮ, ਅਗੋਚਰ ਪ੍ਰਭੂ ਇਨ੍ਹਾਂ ਸ਼ਕਤੀਆਂ ਅਧੀਨ ਨਹੀਂ ਸਗੋਂ ਇਹ ਸ਼ਕਤੀਆਂ ਉਸ ਦੇ ਅਧੀਨ ਖੜੀਆਂ ਹਨ:

ਕੋਟਿ ਚੰਦ੍ਰਮੇ ਕਰਹਿ ਚਰਾਕ॥ ਸੁਰ ਤੇਤੀਸਉ ਜੇਵਹਿ ਪਾਕ॥
ਨਵ ਗ੍ਰਹ ਕੋਟਿ ਠਾਢੇ ਦਰਬਾਰ॥ ਧਰਮ ਕੋਟਿ ਜਾ ਕੈ ਪ੍ਰਤਿਹਾਰ॥੨॥...
ਪਵਨ ਕੋਟਿ ਚਉਬਾਰੇ ਫਿਰਹਿ॥ ਬਾਸਕ ਕੋਟਿ ਸੇਜ ਬਿਸਥਰਹਿ॥
ਸਮੁੰਦ ਕੋਟਿ ਜਾ ਕੇ ਪਾਨੀਹਾਰ॥ ਰੋਮਾਵਲਿ ਕੋਟਿ ਅਠਾਰਹ ਭਾਰ॥੩॥
ਬਿਦਿਆ ਕੋਟਿ ਸਭੈ ਗੁਨ ਕਹੈ॥ ਤਊ ਪਾਰਬ੍ਰਹਮ ਕਾ ਅੰਤੁ ਨ ਲਹੈ॥੬॥

(ਭੈਰਉ, ਕਬੀਰ, ਪੰਨਾ-1162-1163)

**ਤੀਰਥ, ਵਰਤ, ਜੱਗ, ਬਲੀ, ਦਾਨ ਆਦਿ ਕਰਮ** : ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂ ਧਰਮ ਦੇ ਲੋਕਾਂ ਵਲੋਂ ਤੀਰਥਾਂ ਦਾ ਭ੍ਰਮਣ, ਵਰਤ ਰੱਖਣੇ, ਜੱਗ ਕਰਨੇ, ਪਸ਼ੂ-ਬਲੀ, ਦਾਨ ਦੇਣ ਆਦਿ ਧਾਰਮਿਕ ਕਰਮਕਾਂਡਾ ਦਾ ਵਧੇਰੇ ਜ਼ਿਕਰ ਹੋਣ ਤੋਂ ਪਤਾ ਲੱਗਦਾ ਹੈ ਕਿ ਮੱਧਕਾਲੀ ਸਮਾਜ ਵਿਚ ਇਨ੍ਹਾਂ ਕਾਰਜਾਂ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਜਾਂਦੀ ਸੀ। ਬਾਣੀਕਾਰਾਂ ਨੇ ਹਿੰਦੂਆਂ ਦੁਆਰਾ ਕੀਤੇ ਜਾਂਦੇ ਅਠਸਠਿ (68) ਤੀਰਥਾਂ ਦੇ ਇਸ਼ਨਾਨ ਆਦਿ ਦਾ ਥਾਂ ਥਾਂ ਜ਼ਿਕਰ ਕੀਤਾ ਹੈ। ਇਨ੍ਹਾਂ 68 ਤੀਰਥਾਂ ਵਿਚੋਂ ਕੁੱਝ ਕੁ ਤੀਰਥ-ਸਥਾਨਾਂ ਦੇ ਬਾਣੀ ਵਿਚ ਨਾਮ ਵੀ ਪ੍ਰਾਪਤ ਹੁੰਦੇ ਹਨ। ਜਿਵੇਂ ਕਾਸ਼ੀ, ਗਇਆ,[124], ਗੰਗਾ, ਗੋਦਾਵਰਿ, ਕੁੰਭਿ, ਕੇਦਾਰ, ਗੋਮਤੀ[125], ਬੇਣੀ-ਸੰਗਮ (ਤ੍ਰਿਵੇਣੀ) ਭਾਵ ਤਿੰਨ ਨਦੀਆਂ ਗੰਗਾ, ਜਮੁਨਾ, ਸਰਸਵਤੀ ਦਾ ਸੰਗਮ ਜਾਂ ਮਿਲਣ ਵਾਲਾ ਤੀਰਥ ਸਥਾਨ ਅਤੇ ਪ੍ਰਾਗ (ਉੜੀਸਾ ਪ੍ਰਾਂਤ ਦਾ ਜਗਨਨਾਥ ਤੀਰਥ) ਆਦਿ ਹਨ :

ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ॥੧॥...

(ਰਾਮਕਲੀ, ਬੇਣੀ, ਪੰਨਾ-974)

ਇਹ ਤੀਰਥ ਸਥਾਨ ਹਿੰਦੂਆਂ ਦੇ ਪ੍ਰਮੁੱਖ ਤੇ ਪ੍ਰਸਿੱਧ ਤੀਰਥ ਸਥਾਨਾਂ ਵਿਚੋਂ ਹਨ ਅਤੇ ਇਨ੍ਹਾਂ ਦਾ ਭ੍ਰਮਣ ਤੇ ਇਸ਼ਨਾਨ ਕਰਨਾ ਹਰ ਹਿੰਦੂ ਆਪਣਾ ਧਰਮ-ਕਰਮ ਸਮਝਦਾ ਹੈ ਪਰ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਮਨ ਦੀ ਸ਼ੁੱਧਤਾ ਅਤੇ ਪ੍ਰਭੂ-ਪ੍ਰੇਮ, ਨਾਮ-ਸਿਮਰਨ, ਗੁਰੂ ਦੀ ਸੇਵਾ, ਹੁਕਮ ਮੰਨਣ ਤੋਂ ਬਿਨਾਂ ਤੀਰਥ ਭ੍ਰਮਣ ਅਤੇ ਤੀਰਥ ਇਸ਼ਨਾਨ ਨੂੰ ਕੋਈ ਤਰਜੀਹ ਨਹੀਂ ਦਿੱਤੀ:

ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ॥
ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ॥੧॥

ਪੂਜਹੁ ਰਾਮੁ ਏਕੁ ਹੀ ਦੇਵਾ॥ ਸਾਚਾ ਨਾਵਣੁ ਗੁਰ ਕੀ ਸੇਵਾ॥੧॥ਰਹਾਉ॥
ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ॥
ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ॥੨॥

(ਆਸਾ, ਕਬੀਰ, ਪੰਨਾ-484-485)

ਭਗਤ ਬਾਣੀਕਾਰਾਂ ਅਨੁਸਾਰ ਮਨ ਦੀ ਮੈਲ ਤੇ ਕਉੜਾਪਣ, ਹਿਰਦੇ ਵਿਚ ਕਪਟ, ਧੋਖਾ ਰੱਖਣ, ਬੋਲਵਾਣੀ ਵਿਚ ਗਿਆਨੀ ਕਹਾਉਣ ਅਤੇ ਸਰੀਰ ਨੂੰ ਸੰਵਾਰ ਕੇ ਰੱਖਣ ਆਦਿ ਨਾਲ ਨਹੀਂ ਜਾਂਦਾ ਸਗੋਂ ਇਹ ਕਾਰਜ ਤਾਂ ਪਾਣੀ ਨੂੰ ਰਿੜਕਣ ਦੇ ਬਰਾਬਰ ਹੈ।[126] ਨਾਮਦੇਵ ਜੀ ਆਖਦੇ ਹਨ ਕਿ ਤੀਰਥਾਂ ਦੇ ਭ੍ਰਮਣ ਤੇ ਇਸ਼ਨਾਨ ਆਦਿ ਕਰਨਾ ਤਾਂ ਜਲ ਵਿਚ ਵਸਦੇ ਜੀਵ-ਜੰਤੂਆਂ ਨੂੰ ਤੰਗ ਕਰਨ ਦੇ ਬਰਾਬਰ ਹੈ।ਸੋ ਇਸ ਸਭ ਕੁਝ ਨੂੰ ਤਿਆਗ ਕੇ ਕੇਵਲ ਸਤਿਗੁਰੂ ਦੀ ਸ਼ਰਨ ਵਿਚ ਜਾ ਕੇ ਗੁਰੂ ਦੀ ਕ੍ਰਿਪਾ ਦੁਆਰਾ ਹਿਰਦੇ ਵਿਚ ਹੀ ਅਠਾਹਠ ਤੀਰਥਾਂ ਦਾ ਇਸ਼ਨਾਨ ਕਰਨਾ ਚਾਹੀਦਾ ਹੈ:

ਤੀਰਥ ਦੇਖਿ ਨ ਜਲ ਮਹਿ ਪੈਸਉ ਜੀਅ ਜੰਤ ਨ ਸਤਾਵਉਗੋ॥
ਅਠਸਠਿ ਤੀਰਥ ਗੁਰੂ ਦਿਖਾਏ ਘਟ ਹੀ ਭੀਤਰਿ ਨਾਉਗੋ॥੩॥...

(ਰਾਮਕਲੀ, ਨਾਮਦੇਵ, ਪੰਨਾ-973)

ਮੱਧਕਾਲੀ ਹਿੰਦੂ ਲੋਕਾਂ ਵਿਚ ਤੀਰਥ ਇਸ਼ਨਾਨ ਆਦਿ ਦੇ ਨਾਲ ਨਾਲ ਏਕਾਦਸੀ, ਚਉਬੀਸਾ ਦੇ ਵਰਤ ਅਤੇ ਮੁਸਲਮਾਨਾਂ ਵਿਚ ਰੋਜੇ (ਵਰਤ) ਰੱਖਣ ਦਾ ਵੀ ਜ਼ਿਕਰ ਹੈ।[127] ਹਿੰਦੂ ਔਰਤਾਂ ਵਿਚ ਅਹੋਈ ਆਦਿ ਦੇ ਵਰਤ ਵੀ ਰੱਖੇ ਜਾਂਦੇ ਸਨ।[128] ਇਨ੍ਹਾਂ ਵਰਤਾਂ ਨੂੰ ਰੱਖਣ ਵਿਚ ਅੰਨ ਬਿਲਕੁਲ ਨਹੀਂ ਸੀ ਖਾਧਾ ਜਾਂਦਾ ਜਿਸ ਨੂੰ ਬਾਣੀਕਾਰਾਂ ਨੇ ਫਜ਼ੂਲ, ਮਨਹੱਠ ਦੱਸਿਆ ਹੈ। ਕਬੀਰ ਜੀ ਪ੍ਰਭੂ ਨੂੰ 'ਭੂਖੇ ਭਗਤਿ ਨ ਕੀਜੈ॥ ਯਹ ਮਾਲਾ ਅਪਨੀ ਲੀਜੈ॥ ਆਖਕੇ ਸੰਬੋਧਿਤ ਹੁੰਦੇ ਹੋਏ ਅੰਨ ਦੀ ਮਹਿਮਾ ਗਾਉਂਦੇ ਹਨ ਅਤੇ ਅੰਨ ਤਿਆਗਣ ਵਾਲੇ ਨੂੰ ਪਾਖੰਡੀ ਆਖਦੇ ਹਨ ਜੋ ਚੋਰੀ ਛੁਪੇ ਪੂਰੀ ਪਿੰਨੀ ਹੀ ਖਾ ਜਾਂਦੇ ਹਨ:

ਧੰਨੁ ਗੁਪਾਲ ਧੰਨੁ ਗੁਰਦੇਵ॥ ਧੰਨੁ ਅਨਾਦਿ ਭੂਖੇ ਕਵਲੁ ਟਹਕੇਵ॥...
ਆਦਿ ਪੁਰਖ ਤੇ ਹੋਇ ਅਨਾਦਿ॥ ਜਪੀਐ ਨਾਮੁ ਅੰਨ ਕੈ ਸਾਦਿ॥੧॥ਰਹਾਉ॥

(ਗੋਂਡ, ਕਬੀਰ, ਪੰਨਾ-873)

ਮੱਧਕਾਲੀ ਹਿੰਦੂ ਸਮਾਜ ਵਿਚ ਉਪਰੋਕਤ ਕਰਮਕਾਂਡਾਂ ਤੋਂ ਇਲਾਵਾ ਜੱਗ, ਪਸ਼ੂ-ਬਲੀ ਅਤੇ ਧਨ, ਪਦਾਰਥ ਦਾਨ ਆਦਿ ਦਾ ਵੀ ਵਿਧਾਨ ਸੀ। ਅਸੁਮੇਧ ਜੱਗ ਜਿਸ ਵਿਚ ਘੋੜੇ ਦੀ ਕੁਰਬਾਨੀ ਤੋਂ ਇਲਾਵਾ ਪੱਥਰ ਦੇ ਦੇਵੀ-ਦੇਵਤਿਆਂ ਅੱਗੇ ਹੋਰ ਜੀਵਾਂ ਦੀ ਬਲੀ ਵੀ ਦਿੱਤੀ ਜਾਂਦੀ ਸੀ ਜਿਸਨੂੰ

ਕਬੀਰ ਜੀ ਦਲੀਲ ਸਹਿਤ ਨਿੰਦਦੇ ਹਨ ਕਿ ਜਿਉਂਦੇ ਜੀਵ ਨੂੰ ਨਿਰਜੀਵ (ਪੱਥਰ) ਲਈ ਬਲੀ ਦੇਣਾ ਅੰਤ ਸਮੇਂ ਬਹੁਤ ਭਾਰੀ ਪਵੇਗਾ :

ਮਾਟੀ ਕੇ ਕਰਿ ਦੇਵੀ ਦੇਵਾ ਤਿਸੁ ਆਗੈ ਜੀਉ ਦੇਹੀ॥
ਐਸੇ ਪਿਤਰ ਤੁਮਾਰੇ ਕਹੀਅਹਿ ਆਪਨ ਕਹਿਆ ਲੇਹੀ॥੨॥

(ਗਉੜੀ, ਕਬੀਰ, ਪੰਨਾ-332)

ਇਵੇਂ ਹੀ ਉਨ੍ਹਾਂ ਨੇ ਦਾਨ ਵਿਚ ਧਨ ਪਦਾਰਥ ਸੋਨਾ, ਚਾਂਦੀ, ਭੂਮੀ ਦਾਨ, ਪਸ਼ੂਆਂ ਵਿਚ ਘੋੜੇ, ਹਾਥੀ ਦਾਨ ਅਤੇ ਨਾਰੀ ਦਾਨ ਦਾ ਜ਼ਿਕਰ ਕੀਤਾ ਹੈ। ਜਿਨ੍ਹਾਂ ਦੀ ਬੇਅਰਥਤਾ ਨੂੰ ਭਾਗਤ ਸਾਹਿਬਾਨ ਇਹ ਕਹਿ ਕੇ ਨਕਾਰਦੇ ਹਨ ਕਿ ਜੇਕਰ ਆਪਣਾ ਆਤਮਾ ਹੀ ਨਿਰਮਲ ਨਾ ਕੀਤਾ, ਪੰਜ ਵਿਕਾਰਾਂ ਦਾ ਤਿਆਗ ਹੀ ਨਾ ਕੀਤਾ ਤਾਂ ਫਿਰ ਇਹ ਦਾਨ ਆਦਿ ਪੁੰਨ- ਕਰਮ ਹਰੀ-ਨਾਮ, ਸਿਮਰਨ ਦੇ ਬਰਾਬਰ ਕਿਵੇਂ ਪ੍ਰਵਾਨ ਹੋ ਸਕਦੇ ਹਨ :

ਅਸੁ ਦਾਨ ਗਜ ਦਾਨ ਸਿਹਜਾ ਨਾਰੀ ਭੂਮਿ ਦਾਨ ਐਸੋ ਦਾਨੁ ਨਿਤ ਨਿਤਹਿ ਕੀਜੈ॥
ਆਤਮ ਜਉ ਨਿਰਮਾਇਲੁ ਕੀਜੈ ਆਪ ਬਰਾਬਰਿ ਕੰਚਨੁ ਦੀਜੈ॥
ਰਾਮ ਨਾਮ ਸਰਿ ਤਊ ਨ ਪੂਜੈ॥੩॥

(ਰਾਮਕਲੀ, ਨਾਮਦੇਵ, ਪੰਨਾ-973)

**ਪਿਤਰੀ-ਕਰਮ:** ਹਿੰਦੂ ਲੋਕਾਂ ਦੁਆਰਾ ਪਿਤਰੀ-ਕਰਮ ਵਿਚ ਆਪਣੇ ਬਾਪ, ਦਾਦਾ, ਪੜਦਾਦਾ ਆਦਿ ਵਡੇਰਿਆਂ ਦੇ ਸ਼ਰਾਧ ਕਰਾਏ ਜਾਂਦੇ ਸਨ ਜਿਸ ਵਿਚ ਆਪਣੇ ਪਿਤਰਾਂ ਲਈ ਭੋਜਨ, ਵਸਤਰ ਆਦਿ ਪਦਾਰਥ ਦਾਨ ਕੀਤੇ ਜਾਂਦੇ ਸਨ। "ਹਿੰਦੂਮਤ ਵਿਚ ਸ਼੍ਰਾਧ ਦੇ ਚਾਰ ਭੇਦ ਹਨ (ੳ) ਨਿਤਯ ਸ਼੍ਰਾਧ, ਜੋ ਨਿੱਤ ਹੀ ਦੇਵਤਾ ਪਿਤਰਾਂ ਨੂੰ ਜਲ ਆਦਿ ਦੇਣਾ। (ਅ) ਪਾਰਵਣ, ਜੋ ਅਮਾਵਸ ਆਦਿ ਪਰਵਾਂ ਪੁਰ ਕਰਨਾ। (ੲ) ਕਯਾਹ ਜੋ ਮੋਏ ਹੋਏ ਪਿਤਰ ਦੇ ਦੇਹਾਂਤ ਵਾਲੇ ਦਿਨ ਕਰਨਾ। (ਸ) ਮਹਾਲਯ, ਜੋ ਅੱਸੂ ਦੇ ਪਹਿਲੇ ਪੱਖ ਵਿਚ ਕਰਨਾ।"[129] ਗੁਰਬਾਣੀ ਵਿਚ ਇਸ ਕਿਸਮ ਦੇ ਕਰਮ ਦਾ ਵਿਰੋਧ ਮਿਲਦਾ ਹੈ ਕਿਉਂਕਿ ਜਿਉਂਦੇ ਬਜ਼ੁਰਗਾਂ ਨੂੰ ਤਾਂ ਕੋਈ ਆਦਰ ਸਤਿਕਾਰ ਨਹੀਂ ਦਿੰਦਾ ਜਿਨ੍ਹਾਂ ਦੇ ਮਰਨ 'ਤੇ ਲੋਕ ਸ਼ਰਾਧ ਕਰਾਉਂਦੇ ਹਨ ਜਦੋਂ ਕਿ ਉਨ੍ਹਾਂ ਨਮਿਤ ਖਵਾਏ ਜਾਂਦੇ ਭੋਜਨ ਆਦਿ ਤਾਂ ਕਾਂ, ਕੁੱਤੇ ਹੀ ਖਾਂਦੇ ਹਨ। ਮਰੇ ਹੋਏ ਪਿਤਰ ਤਾਂ ਮਿੱਟੀ ਦੇ ਦੇਵੀ-ਦੇਵਤਿਆਂ ਵਰਗੇ ਹਨ ਜਿਨ੍ਹਾਂ ਅੱਗੇ ਜੀਵਾਂ ਦੀ ਬਲੀ ਦਿੱਤੀ ਜਾਦੀ ਪਰ ਉਹ ਆਪ ਕਹਿ ਕੇ ਕੁੱਝ ਮੰਗਣ ਜੋਗੇ ਨਹੀਂ। ਕਬੀਰ ਜੀ ਕਹਿੰਦੇ ਹਨ ਕਿ ਅਜਿਹੇ ਲੋਕ ਹਰੀ-ਨਾਮ ਦੀ ਗਤਿਮਤਿ ਨਾ ਜਾਣਦੇ ਹੋਏ ਲੋਕਾਚਾਰੀ ਰਸਮਾਂ ਦੇ ਭੈਅ ਵਿਚ ਹੀ ਪਏ ਰਹਿੰਦੇ ਹਨ :

ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ॥
ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ॥੧॥...
ਸਰਜੀਉ ਕਾਟਹਿ ਨਿਰਜੀਉ ਪੂਜਹਿ ਅੰਤ ਕਾਲ ਕਉ ਭਾਰੀ॥
ਰਾਮ ਨਾਮ ਕੀ ਗਤਿ ਨਹੀਂ ਜਾਨੀ ਭੈ ਡੂਬੇ ਸੰਸਾਰੀ॥੩॥

(ਗਉੜੀ, ਕਬੀਰ, ਪੰਨਾ-332)

**ਵੇਦ, ਸਿੰਮ੍ਰਿਤ, ਸ਼ਾਸਤਰ, ਪੁਰਾਣ ਆਦਿ ਦੇ ਪਾਠ-ਰਟਣ:** ਹਿੰਦੂ ਧਰਮ ਵਿਚ ਕਿਸੇ ਇਕ ਧਰਮ-ਗ੍ਰੰਥ ਨੂੰ ਨਹੀਂ, ਸਗੋਂ ਚਾਰੋਂ ਵੇਦ ਆਧਾਰਿਤ ਰਚਿਤ ਸਿੰਮ੍ਰਿਤੀਆਂ, ਸ਼ਾਸਤਰ, ਉਪਨਿਸ਼ਦ, ਪੁਰਾਣ, ਗੀਤਾ, ਮਹਾਂਭਾਰਤ ਆਦਿ ਗ੍ਰੰਥਾਂ 'ਤੇ ਵਿਸ਼ਵਾਸ ਤੇ ਸ਼ਰਧਾ ਰੱਖੀ ਜਾਂਦੀ ਹੈ ਜਿਨ੍ਹਾਂ ਵਿਚੋਂ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਮੱਧਕਾਲੀ ਸਮਾਜ ਵਿਚ ਵਧੇਰੇ ਸਿੰਮ੍ਰਤੀਆਂ, ਸਾਸ਼ਤਰ, ਪੁਰਾਨ ਆਦਿ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਗ੍ਰੰਥਾਂ ਨੂੰ ਬ੍ਰਾਹਮਣ, ਲੋਕ ਹੀ ਪੜ੍ਹਿਆ ਕਰਦੇ ਸਨ ਕਿਉਂਕਿ ਆਮ ਜਨਤਾ ਇਕ ਤਾਂ ਸੰਸਕ੍ਰਿਤ ਭਾਸ਼ਾ ਸਮਝਣ ਤੋਂ ਅਸਮਰਥ ਸੀ ਦੂਸਰਾ ਉਨ੍ਹਾਂ ਨੂੰ ਧਰਮ-ਕਰਮ ਆਪਣੇ ਹੱਥੀਂ ਕਰਨ ਦੀ ਬਜਾਏ, ਬ੍ਰਾਹਮਣਾਂ ਕੋਲੋਂ ਕਰਾਉਣ ਦਾ ਹੀ ਵਿਧਾਨ ਸੀ। ਇਨ੍ਹਾਂ ਪੰਡਿਤ ਲੋਕਾਂ ਨੇ ਵੇਦਾਂ, ਸਾਸ਼ਤ੍ਰਾਂ ਆਦਿ ਗ੍ਰੰਥਾਂ ਦੇ ਪਾਠ ਨੂੰ ਅਮਲੀ ਜੀਵਨ ਵਿਚ ਢਾਲਣ ਦੀ ਬਜਾਏ, ਰੋਜ਼ਮਰਾ ਤੇ ਬਾਹਰੀ ਜੀਵਨ ਦਾ ਹਿੱਸਾ ਬਣਾ ਲਿਆ ਸੀ ਜਿਸ ਕਰਮ ਨੂੰ ਉਹ ਬੜੇ ਹੰਕਾਰ ਵਸ ਨਿਭਾਉਂਦੇ ਸਨ।[130] ਇਨ੍ਹਾਂ ਗ੍ਰੰਥਾਂ ਨੂੰ ਪੜ੍ਹਨ ਵਾਲੇ ਤੇ ਸੁਣਨ ਵਾਲੇ ਆਪੋ ਆਪਣਾ ਧਾਰਮਿਕ ਕਰਮ ਨਿਭਾਉਣ ਤੋਂ ਇਲਾਵਾ ਆਪਣੇ ਜੀਵਨ ਵਿਚ ਸ਼ੁੱਭ ਗੁਣਾਂ ਨੂੰ ਨਹੀਂ ਢਾਲਦੇ ਸਨ। ਅਜਿਹੇ ਬਾਹਰੀ ਕਰਮਾਂ ਵਿਚ ਹੀ ਸਮਾਂ ਅਜਾਈਂ ਗੁਆ ਕੇ ਵੱਡੇ ਵੱਡੇ ਸਿਆਣੇ, ਗਿਆਨੀ ਕਹਾਉਣ ਵਾਲੇ ਅੰਤ ਨੂੰ ਨਿਰਾਸ਼ ਹੋ ਕੇ ਦੁਨੀਆਂ ਤੋਂ ਚਲੇ ਜਾਂਦੇ ਸਨ :

ਬੇਦ ਪੁਰਾਨ ਸਭੈ ਮਤ ਸੁਨਿ ਕੈ ਕਰੀ ਕਰਮ ਕੀ ਆਸਾ॥
ਕਾਲ ਗ੍ਰਸਤ ਸਭ ਲੋਗ ਸਿਆਨੇ ਉਠਿ ਪੰਡਿਤ ਪੈ ਚਲੇ ਨਿਰਾਸਾ॥੧॥

(ਸੋਰਠਿ, ਕਬੀਰ, ਪੰਨਾ-654)

ਭਗਤ ਕਬੀਰ ਜੀ ਵੇਦ ਅਧਾਰਿਤ ਰਚੇ ਸਿੰਮ੍ਰਤੀ ਗੰਥਾਂ ਨੂੰ ਵੇਦ ਦੀਆਂ ਪੁੱਤਰੀਆਂ ਆਖਦੇ ਹੋਏ ਇਨ੍ਹਾਂ ਵਿਚਲੇ ਵਰਨ-ਆਸ਼ਰਮ ਆਦਿ ਭ੍ਰਮਾਂ ਨੂੰ ਰੱਸੀਆਂ ਦੱਸਦੇ ਹਨ ਜਿਨ੍ਹਾਂ ਨੇ ਆਪਣੇ ਹੀ ਸ਼ਰਧਾਲੂਆਂ ਨੂੰ ਮੋਹ ਦੀਆਂ ਫਾਹੀਆਂ ਵਿਚ ਬੰਨ ਰੱਖਿਆ ਹੈ ਜੋ ਸਾਧਾਰਨ ਲੋਕਾਂ ਦੇ ਜੀਵਨ ਵਿਚ ਇਸ ਤਰ੍ਹਾਂ ਪ੍ਰਵੇਸ਼ ਕਰ ਲੈਂਦੀਆਂ ਹਨ ਕਿ ਨਾ ਇਨ੍ਹਾਂ ਸਿੰਮ੍ਰਤੀ ਰੂਪੀ ਰੱਸੀਆਂ ਨੂੰ ਕੋਈ ਕੱਟ ਸਕਦਾ ਹੈ ਤੇ ਨਾ ਇਹ ਟੁੱਟਦੀਆਂ ਹਨ ਅਤੇ ਸੱਪ ਦਾ ਰੂਪ ਧਾਰਕੇ ਸਾਰੇ ਜਗਤ ਨੂੰ ਖਾ ਰਹੀਆਂ ਹਨ, ਪਰ ਗੁਰੂ ਲੜ ਲੱਗੇ, ਰਾਮ-ਨਾਮ ਦੇ ਪੁਜਾਰੀ ਸੰਤ, ਭਗਤ ਹੀ ਇਨ੍ਹਾਂ ਤੋਂ ਨਿਰਲੇਪ ਰਹਿੰਦੇ ਹਨ :

ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ॥ ਸਾਂਕਲ ਜੇਵਰੀ ਲੈ ਹੈ ਆਈ॥੧॥...

ਕਟੀ ਨ ਕਟੈ ਤੂਟਿ ਨਹ ਜਾਈ॥ ਸਾ ਸਾਪਨਿ ਹੋਇ ਜਗ ਕਉ ਖਾਈ॥੨॥

(ਗਉੜੀ, ਕਬੀਰ, ਪੰਨਾ-329)

ਕਬੀਰ ਜੀ ਆਖਦੇ ਹਨ ਕਿ ਜੇਕਰ ਇਨ੍ਹਾਂ ਗ੍ਰੰਥਾਂ ਵਿਚਲੀ ਵਿਦਿਆ, ਗਿਆਨ ਨੂੰ ਮਾਇਆ ਕਾਰਨ ਹੀ ਵੇਚਣਾ ਹੈ[131], ਜੇਕਰ ਬੇਦ, ਕਤੇਬਾਂ ਨੂੰ ਪੜ੍ਹਕੇ ਵੀ ਦਿਲ ਵਿਚੋਂ ਫਿਕਰ, ਚਿੰਤਾਂ ਨਹੀਂ ਜਾਂਦੀ ਤਾਂ ਫਿਰ ਇਹ ਬੇਦ, ਕਤੇਬ ਅਸੱਤ ਹਨ।[132] ਪਰੰਤੂ ਅੱਗੋਂ ਉਹ ਸੱਚੀ ਗੱਲ ਇਹ ਦੱਸਦੇ ਹਨ ਕਿ ਧਾਰਮਿਕ ਪੁਸਤਕਾਂ (ਗ੍ਰੰਥ) ਭਾਵੇਂ ਕਿਸੇ ਵੀ ਧਰਮ ਦੇ ਹੋਣ ਝੂਠੇ, ਅਸੱਤਯ ਨਹੀਂ ਹੁੰਦੇ, ਸਗੋਂ ਝੂਠੇ ਤਾਂ ਉਨ੍ਹਾਂ ਨੂੰ ਵੀਚਾਰਨ ਵਾਲੇ ਹੁੰਦੇ ਹਨ ਜੋ ਆਪਣੇ ਮਤਲਬ ਲਈ ਉਨ੍ਹਾਂ ਪੁਸਤਕਾਂ ਨੂੰ ਉਲਟਾ-ਪਲਟਾ ਕੇ ਸੁਣਾਉਂਦੇ ਹਨ :

ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥

(ਪ੍ਰਭਾਤੀ, ਕਬੀਰ, ਪੰਨਾ-1350)

ਬਾਣੀਕਾਰਾਂ ਨੇ ਵੇਦ, ਸਿੰਮ੍ਰਿਤ, ਸਾਸ਼ਤਰਾਂ, ਪੁਰਾਨਾਂ ਤੋਂ ਇਲਾਵਾ ਗਾਇਤ੍ਰੀ ਮੰਤਰ, ਸੰਧਿਆ ਆਦਿ ਦੇ ਨਿਤਾਪ੍ਰਤੀ ਰਟਣ ਦੀ ਬਜਾਏ ਵਿਹਾਰਕ ਜੀਵਨ ਨੂੰ ਸਹੀ ਦਿਸ਼ਾ ਵੱਲ ਲਿਜਾਣ, ਗੁਰੂ ਦੀ ਸਿੱਖਿਆ ਅਤੇ ਪ੍ਰਭੂ-ਨਾਮ ਦੇ ਵੀਚਾਰ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਨੇ ਸਿੰਮ੍ਰਿਤ ਸ਼ਾਸਤਰਾਂ ਦਾ ਪਾਠ ਸੁਣਨ ਵਾਲਿਆਂ ਨੂੰ ਕੁੱਤੇ ਸਮਾਨ ਜਾਣਿਆ ਹੈ[133] ਕਿਉਂਕਿ ਪੰਡਿਤ ਨੂੰ ਨਿਰੋਲ ਬੇਦ, ਪੁਰਾਨਾਂ ਆਦਿ ਗ੍ਰੰਥਾਂ ਦੇ ਰਟਣ ਨਾਲ ਕੋਈ ਲਾਭ ਨਹੀਂ ਪਹੁੰਚਦਾ ਇਨ੍ਹਾਂ ਦਾ ਇਹ ਕਰਮ ਤਾਂ ਖੋਤੇ 'ਤੇ ਚੰਦਨ ਲੱਦਣ ਦੇ ਬਰਾਬਰ ਹੈ :

ਬੇਦ ਪੁਰਾਨ ਪੜੇ ਕਾ ਕਿਆ ਗੁਨ ਖਰ ਚੰਦਨ ਜਸ ਭਾਰਾ॥

(ਮਾਰੂ, ਕਬੀਰ, ਪੰਨਾ-1103)

**ਤਿਥਾਂ ਅਤੇ ਦਿਨਾਂ ਆਦਿ ਦੇ ਭਰਮ :** ਮਹੀਨੇ ਵਿਚ ਚੰਦ੍ਰਮਾ ਦੇ ਹਿਸਾਬ ਨਾਲ ਗਿਣੀਆਂ ਜਾਣ ਵਾਲੀਆਂ ਦੋਵੇਂ ਪੱਖਾਂ ਦੀਆਂ ਤਰੀਕਾਂ ਨੂੰ ਤਿਥ ਜਾਂ ਥਿੰਤੀ ਕਿਹਾ ਜਾਂਦਾ ਹੈ। ਕਬੀਰ ਜੀ ਆਪਣੀ 'ਥਿੰਤੀ' ਸਿਰਲੇਖ ਅਧੀਨ ਰਚੀ ਬਾਣੀ ਵਿਚ ਲੋਕਾਂ ਦੁਆਰਾ ਇਨ੍ਹਾਂ ਤਿਥਾਂ ਵਿਚ ਕੀਤੇ ਜਾਂਦੇ ਕਰਮਕਾਂਡਾਂ ਦੀ ਬਜਾਏ ਵਿਕਾਰਾਂ ਨੂੰ ਤਿਆਗ, ਸੰਸਾਰ ਦੀ ਨਿਰਲੇਪਤਾ, ਹਰੀ-ਨਾਮ, ਸਤਿਗੁਰੂ ਦੀ ਸੇਵਾ, ਸਤਿਸੰਗਤਿ ਆਦਿ ਜੀਵਨ ਦੇ ਸਹਿਜ, ਸਰਲ ਮਾਰਗ ਨੂੰ ਅਪਣਾਉਣ ਦੀ ਪ੍ਰੇਰਨਾ ਦਿੰਦੇ ਹਨ।[134] ਇਸ ਤੋਂ ਇਲਾਵਾ ਕਬੀਰ ਜੀ ਨੇ ਵਾਰ (ਸਤਵਾਰ) ਸਿਰਲੇਖ ਅਧੀਨ ਰਚੀ ਬਾਣੀ ਵਿਚ ਹਫਤੇ ਦੇ ਸੱਤ ਦਿਨਾਂ ਨੂੰ ਲੈ ਕੇ ਤਤਕਾਲ ਵਿਚ ਕੀਤੇ ਜਾਂਦੇ ਵਹਿਮ-ਭਰਮ ਦੀ ਬਜਾਏ ਹਫ਼ਤੇ ਦੇ ਸੱਤੇ ਦਿਨਾਂ ਵਿਚ ਪ੍ਰਭੂ-ਨਾਮ ਅਤੇ ਪ੍ਰਭੂ ਭਗਤੀ ਦੀ ਪੌੜੀ ਦਾ ਮਾਰਗ ਦੱਸਿਆ ਹੈ। ਆਦਿਤ (ਐਤਵਾਰ)

ਨੂੰ ਪ੍ਰਭੂ-ਭਗਤੀ ਦਾ ਆਰੰਭ, ਸੋਮਵਾਰ ਨੂੰ ਭਗਤੀ ਦਾ ਅੰਮ੍ਰਿਤ ਝਰਨਾ, ਮੰਗਲਵਾਰ ਨੂੰ ਸਿਮਰਨ ਦੁਆਰਾ ਬੁਰਾਈਆਂ ਨੂੰ ਰੋਕਣ ਲਈ ਆਪਣੇ ਆਲੇ-ਦੁਆਲੇ ਕਿਲ੍ਹਾ ਉਸਾਰ ਲੈਣਾ, ਬੁੱਧਵਾਰ ਨੂੰ ਪ੍ਰਭੂ ਦੀ ਯਾਦ ਵਿਚ ਲੀਨ ਤੇ ਹਿਰਦੇ ਵਿਚ ਪ੍ਰਭੂ ਦਾ ਪ੍ਰਕਾਸ਼ ਕਰਨਾ, ਬ੍ਰਿਹਸਪਤਿ ਨੂੰ ਮਾਇਆ ਬਿਖਿਆ ਨੂੰ ਰੋਹੜ ਦੇਣਾ, ਸ਼ੁਕਰਵਾਰ ਨੂੰ ਚੰਗੇ ਕਰਮਾਂ ਦੇ ਸਹਾਰੇ ਮਨ ਨੂੰ ਕਾਬੂ ਕਰਕੇ ਔਖੇ ਪ੍ਰਣ ਦੀ ਘਾਟੀ ਚੜ੍ਹਨਾ ਅਤੇ ਥਾਵਰ (ਸ਼ਨਿਚਰਵਾਰ) ਨੂੰ ਮਨ ਨੂੰ ਦਸਮ ਦੁਆਰ ਵਿਚ ਟਿਕਾ ਲੈਣਾ ਹੀ ਪ੍ਰਭੂ-ਭਗਤੀ ਦਾ ਮਨੋਰਥ ਹੈ।[135]

**ਕਾਸ਼ੀ, ਮਗਹਰ ਰਹਿਣ ਸਬੰਧੀ ਭਰਮ:** ਕਾਸ਼ੀ ਉੱਤਰ ਪ੍ਰਦੇਸ਼ ਵਿਚ ਹਿੰਦੂਆਂ ਦਾ ਪ੍ਰਮੁੱਖ ਨਗਰ, ਵਿਦਿਆ ਦੀ ਟਕਸਾਲ ਅਤੇ ਮਹਾਨ ਤੀਰਥ ਸਥਾਨ ਹੈ। "ਬਨਾਰਸ ਸ਼ਹਿਰ ਜੋ ਪੂਰਬ ਵਿਚ ਗੰਗਾਂ ਕਿਨਾਰੇ ਹੈ, ਬਰਣਾ ਤੇ ਅਸੀ ਦੋ ਛੋਟੀਆਂ ਨਦੀਆਂ ਦੇ ਵਿਚਕਾਰ ਹੋਣ ਤੇ ਬਾਣਾਰਸੀ ਯਾ ਬਨਾਰਸ ਕਹੀ ਜਾਂਦੀ ਹੈ।"[136] "ਹਿੰਦੁਸਤਾਨ ਵਿਚ ਕਾਸ਼ੀ ਦੀ ਮਹਿਮਾ ਚਿਰ ਕਾਲ ਤੋਂ ਹੈ ਹਰੇਕ ਮਤ ਦੇ ਹਿੰਦੂ ਨੇ ਇਸ ਦੀ ਸ਼ੋਭਾ ਵਧਾਉਣ ਦਾ ਯਤਨ ਕੀਤਾ ਹੇ। ਔਰੰਗਜੇਬ ਨੇ ਕਾਸ਼ੀ ਦਾ ਨਾਉਂ ਮੁਹੰਮਦਾਬਾਦ ਰੱਖਿਆ ਸੀ ਅਤੇ ਵਿਸ਼੍ਵੇਸ਼੍ਵਰ ਨਾਥ ਦਾ ਪ੍ਰਸਿੱਧ ਮੰਦਿਰ ਤੋੜ ਕੇ ਇਕ ਵੱਡੀ ਮਸੀਤ ਚਿਣਵਾਈ ਜੋ ਹੁਣ ਵੀ ਦੇਖੀ ਜਾਂਦੀ ਹੈ।"[137] "ਮਗਹਰ ਵੀ ਉੱਤਰ ਪ੍ਰਦੇਸ਼ ਦਾ ਹੀ ਇਕ ਵਿਸ਼ੇਸ਼ ਕਸਬਾ ਹੈ। ਜੋ ਗੰਗਾਂ ਤੋਂ ਪਾਰ ਅਤੇ ਅਯੋਧਿਆ ਤੋਂ ਪਚਾਸੀ ਮੀਲ ਪੂਰਵ ਹੈ ਹਿੰਦੂਆਂ ਦੇ ਨਿਸਚੇ, ਅਨੁਸਾਰ ਇਥੇ ਮਰਕੇ ਗਧਾਯੋਨਿ ਮਿਲਦੀ ਹੈ।"[138] ਕਾਸ਼ੀ ਨੂੰ ਸ਼ਿਵਪੁਰੀ ਵੀ ਆਖਿਆ ਜਾਂਦਾ ਹੈ। ਕਾਸ਼ੀ ਅਤੇ ਮਗਹਰ ਬਾਰੇ ਇਕ ਮਿੱਥ ਹੈ ਕਿ "ਸ਼ਿਵ ਜੀ ਨੇ ਕਾਸ਼ੀ ਵਸਾਈ ਤੇ ਵਰ ਦਿੱਤਾ ਕਿ ਏਥੇ ਮਰਨ ਵਾਲੇ ਦੀ ਸਦਗਤੀ ਹੋਵੇਗੀ। ਉਦੋਂ ਹੀ ਵਿਆਸ ਰਿਸ਼ੀ ਨੇ ਮਗਹਰ ਤਪ ਕਰਨਾ ਸ਼ੁਰੂ ਕੀਤਾ ਕਿ ਜੋ ਏਥੋਂ ਲੰਘ ਜਾਵੇ ਉਸਦੀ ਸਦਗਤੀ ਹੋ ਜਾਏ। ਸ਼ਿਵਜੀ ਨੇ ਆਪਣੇ ਪੁੱਤਰ ਗਣੇਸ਼ ਨੂੰ ਵਿਆਸ ਰਿਸ਼ੀ ਦੇ ਤਪ ਵਿਚ ਵਿਘਨ ਪਾਉਣ ਲਈ ਭੇਜਿਆ ਕਿ ਜੇ ਵਿਆਸ ਰਿਸ਼ੀ ਦਾ ਤਪ ਸੰਪੂਰਨ ਹੋ ਗਿਆ ਤਾਂ ਕਾਸ਼ੀ ਉਜੜ ਜਾਏਗੀ ਤੇ ਸਾਰੇ ਲੋਕ ਮਗਹਰ ਚਲੇ ਜਾਣਗੇ। ਗਣੇਸ਼ ਦੁਆਰਾ ਵਿਆਸ ਦੇ ਤਪ ਵਿਚ ਵਿਘਨ ਪਾਉਣ ਹਿੱਤ ਵਿਆਸ ਜੀ ਨੂੰ ਵਾਰ ਵਾਰ ਪੁੱਛਣਾ ਕਿ ਸੁਆਮੀ! ਤਪ ਕਿਉਂ ਕਰ ਰਹੇ ਹੋ? ਇਸ ਤੋਂ ਤੰਗ ਆ ਕੇ ਵਿਆਸ ਜੀ ਦੇ ਮੂੰਹੋ ਅੱਕ ਕੇ ਨਿਕਲ ਗਿਆ ਕਿ ਤਪ ਕਰਦਾ ਹਾਂ ਕਿ ਜੋ ਏਥੇ ਮਰੇ ਉਹ ਗਧਾ ਬਣੇ। ਗਣੇਸ਼ ਜੋ ਵਿਘਨ ਵਿਨਾਸਨ ਕਹੇ ਜਾਂਦੇ ਹਨ ਤੇ ਝੱਟ ਕਹਿ ਦਿੱਤਾ ਕਿ ਚੰਗਾ ਇਵੇਂ ਹੀ ਹੋਵੇਗਾ।"[139]

ਸੋ ਇਸ ਰਵਾਇਤ ਅਨੁਸਾਰ ਕਾਸ਼ੀ ਵਿਚ ਮਰਨ ਵਾਲਾ ਸਵਰਗ ਵਾਸੀ ਅਤੇ ਮਗਹਰ ਵਿਚ ਮਰਨ ਵਾਲਾ ਗਧੇ ਦੀ ਜੂਨੀ ਪਵੇਗਾ ਇਹ ਭਰਮ ਬਨਾਰਸ ਅਤੇ ਬਨਾਰਸ ਦੇ ਆਸ-ਪਾਸ ਰਹਿਣ

ਵਾਲੇ ਲੋਕਾਂ ਵਿਚ ਸੱਚਾ ਤੱਥ ਬਣ ਚੁੱਕਾ ਸੀ ਜਿਸ ਨੂੰ ਕਬੀਰ ਜੀ ਨਕਾਰਦੇ ਹਨ। ਕਿਉਂ ਜੋ ਉਹ ਆਪ ਕਾਸ਼ੀ (ਬਨਾਰਸ) ਦੇ ਰਹਿਣ ਵਾਲੇ ਸਨ ਜਿਸ ਕਰਕੇ ਲੋਕਾਂ ਵਿਚ ਫੈਲੇ ਇਸ ਭਰਮ ਦਾ ਖੰਡਨ ਕਰਨ ਲਈ ਉਹ ਆਪਣੇ ਅੰਤਲੇ ਦਿਨਾਂ 'ਚ ਮਗਹਰ ਜਾ ਵਸੇ :

ਸਗਲ ਜਨਮੁ ਸਿਵਪੁਰੀ ਗਵਾਇਆ॥ ਮਰਤੀ ਬਾਰ ਮਗਹਰਿ ਉਠਿ ਆਇਆ॥੨॥
ਬਹੁਤੁ ਬਰਸ ਤਪੁ ਕੀਆ ਕਾਸੀ॥ ਮਰਨੁ ਭਇਆ ਮਗਹਰ ਕੀ ਬਾਸੀ॥੩॥
ਕਾਸੀ ਮਗਹਰ ਸਮ ਬੀਚਾਰੀ॥ ਓਛੀ ਭਗਤਿ ਕੈਸੇ ਉਤਰਸਿ ਪਾਰੀ॥੪॥

(ਗਉੜੀ, ਕਬੀਰ, ਪੰਨਾ-326)

ਕਾਸ਼ੀ, ਮਗਹਰ ਦੇ ਇਸ ਭਰਮ ਦਾ ਕਬੀਰ ਜੀ ਕੋਰਾ ਖੰਡਨ ਹੀ ਨਹੀਂ ਕਰਦੇ ਸਗੋਂ ਅਜਿਹੇ ਫੋਕੇ ਭਰਮਾਂ ਨੂੰ ਤੋੜਨ ਲਈ ਠੋਸ ਦਲੀਲਾਂ ਦਿੰਦੇ ਹੋਏ ਆਖਦੇ ਹਨ ਕਿ ਜੇਕਰ ਮਨੁੱਖ ਦੇ ਕਰਮ ਹੀ ਸਾਕਤਾਂ ਵਾਲੇ ਹੋਣ ਤੇ ਜੇਕਰ ਉਹ ਮਨ ਦਾ ਹੀ ਪੱਥਰ ਵਰਗਾ ਕਠੋਰ ਹੋਵੇ ਤਾਂ ਉਹ ਕਾਸ਼ੀ ਹੋਵੇ ਜਾਂ ਮਗਹਰ ਨਰਕ ਜਾਣ ਤੋਂ ਕਿਵੇਂ ਬਚ ਸਕਦਾ ਹੈ :

ਮਨਰੁ ਕਠੋਰੁ ਮਰੈ ਬਾਨਾਰਸਿ ਨਰਕੁ ਨ ਬਾਂਚਿਆ ਜਾਈ॥
ਹਰਿ ਕਾ ਸੰਤੁ ਮਰੈ ਹਾੜੰਬੈ ਤ ਸਗਲੀ ਸੈਨ ਤਰਾਈ॥੩॥

(ਆਸਾ, ਕਬੀਰ, ਪੰਨਾ-484)

ਸੋ ਕਬੀਰ ਜੀ ਦੇ ਅਨੁਸਾਰ ਮਨ ਦੀ ਸ਼ੁੱਧਤਾ ਤੇ ਪ੍ਰਭੂ ਦੀ ਸਰਬ ਵਿਆਪਕਤਾ ਨੂੰ ਪ੍ਰਵਾਨ ਕਰਨ ਨਾਲ ਕਾਸ਼ੀ, ਮਗਹਰ ਦਾ ਫ਼ਰਕ ਨਹੀਂ ਰਹਿੰਦਾ। ਭਾਵੇਂ ਕਾਸ਼ੀ ਹੋਵੇ ਜਾਂ ਮਗਹਰ, ਆਖ਼ਿਰ ਨਿਬੇੜਾ ਤਾਂ ਮਨੁੱਖ ਦੇ ਸ਼ੁੱਭ, ਅਸ਼ੁੱਭ ਕਰਮਾਂ ਅਨੁਸਾਰ ਹੁੰਦਾ ਹੈ। ਸ਼ੁੱਧ ਜਾਂ ਅਸ਼ੁੱਧ ਤਾਂ ਮਨੁੱਖ ਦਾ ਹਿਰਦਾ ਹੁੰਦਾ ਹੈ, ਧਰਤੀ ਦਾ ਕੋਈ ਰਹਿਣ-ਵਸੇਰਾ ਨਹੀਂ :

ਕਿਆ ਕਾਸੀ ਕਿਆ ਊਖਰੁ ਮਗਹਰੁ ਰਾਮੁ ਰਿਦੈ ਜਉ ਹੋਈ॥੨॥੩॥

(ਧਨਾਸਰੀ, ਕਬੀਰ, ਪੰਨਾ-692)

ਇਸ ਲਈ ਸ਼ੁੱਧ ਮਨ ਤੇ ਪ੍ਰਭੂ-ਪ੍ਰੇਮ ਵਿਚ ਰਮਿਆ ਭਗਤ ਕਾਸ਼ੀ, ਮਗਹਰ ਦੋਵੇਂ ਥਾਵਾਂ ਤੇ ਸਰਬ-ਵਿਆਪਕ ਪ੍ਰਭੂ ਦੇ ਦਰਸ਼ਨ ਕਰਦਾ ਹੈ ਅਤੇ ਨਰਕ, ਸੁਰਗ ਵਸਣ ਵਾਲੀ ਧਾਰਨਾ ਨੂੰ ਨਿੰਦਦੇ ਹੋਏ ਆਪਣੇ ਸ਼ੁੱਭ ਕਰਮਾਂ ਵੱਲ ਧਿਆਨ ਦਿੰਦਾ ਹੈ :

ਪਹਿਲੇ ਦਰਸਨੁ ਮਗਹਰ ਪਾਇਓ ਫੁਨਿ ਕਾਸੀ ਬਸੇ ਆਈ॥੨॥
ਜੈਸਾ ਮਗਹਰੁ ਤੈਸੀ ਕਾਸੀ ਹਮ ਏਕੈ ਕਰਿ ਜਾਨੀ॥...

(ਰਾਮਕਲੀ, ਕਬੀਰ, ਪੰਨਾ-969)

## ਸਿੱਧਾਂ, ਜੋਗੀਆਂ ਦੇ ਵਿਭਿੰਨ ਫਿਰਕੇ

ਮੱਧਕਾਲੀ ਭਾਰਤ ਵਿਚ ਜਿੱਥੇ ਭਗਤੀ ਲਹਿਰ ਅਧਿਆਤਮਕ ਤੇ ਸਮਾਜਕ ਪੱਧਰ 'ਤੇ ਇਕ ਸਾਂਝੇ ਮਾਰਗ ਨੂੰ ਲੈ ਕੇ ਵਿਕਾਸ ਕਰ ਰਹੀ ਸੀ ਉਥੇ ਨਾਲੋਂ ਨਾਲ ਹਿੰਦੂ ਧਰਮ ਆਪਣੀਆਂ ਸੀਮਤ ਘੇਰੇਬੰਦੀਆਂ ਕਾਰਨ ਅਸੰਤੁਲਨ ਅਤੇ ਬਾਹਰੀ ਭੇਖਾਂ, ਪਾਖੰਡਾਂ ਕਾਰਨ ਦਿਨ-ਬ-ਦਿਨ ਬੇਸ਼ੁਮਾਰ ਸੰਪ੍ਰਦਾਵਾਂ, ਫਿਰਕਿਆਂ ਵਿਚ ਤਬਦੀਲ ਹੁੰਦਾ ਜਾ ਰਿਹਾ ਸੀ। ਹਿੰਦੂ ਧਰਮ ਵਿਚ ਵੇਦਾਂ ਤੋਂ ਲੈ ਕੇ ਸਮੇਂ ਸਮੇਂ ਬਹੁਤ ਸਾਰੇ ਗ੍ਰੰਥਾਂ ਦੀ ਰਚਨਾ ਹੋਈ ਜਿਨ੍ਹਾਂ ਗ੍ਰੰਥਾਂ ਦੇ ਅਰਥਾਂ ਨੂੰ ਹਰ ਮਤ, ਫਿਰਕੇ ਦੇ ਆਗੂਆਂ ਨੇ ਆਪਣੇ ਅਨੁਸਾਰ ਢਾਲਕੇ ਆਮ ਲੋਕਾਂ ਨੂੰ ਆਪੋ-ਆਪਣੀ ਤਰਫ਼ ਖਿੱਚਣ ਦੇ ਯਤਨ ਕੀਤੇ। ਹਿੰਦੂ ਧਰਮ ਵਿਚ ਵੱਖ-ਵੱਖ ਮਤਾਂ ਫਿਰਕਿਆਂ ਦੇ ਹੋਂਦ ਗ੍ਰਹਿਣ ਕਰਨ ਵਿਚ ਵੱਡੀ ਭੂਮਿਕਾ ਆਸ਼ਰਮ ਵਿਵਸਥਾ ਦੀ ਸੀ ਜਿਸ ਵਿਚੋਂ ਗ੍ਰਹਿਸਥ ਨੂੰ ਤਿਆਗ ਕੇ ਵਾਣਪ੍ਰਸਥ ਤੇ ਸੰਨਿਆਸੀ ਜੀਵਨ ਨੂੰ ਹੀ ਅਪਣਾਇਆ ਜਾਣ ਲੱਗਾ। ਵਾਣਪ੍ਰਸਥੀ ਤੇ ਸੰਨਿਆਸੀ ਬਣ ਚੁੱਕੇ ਲੋਕਾਂ ਨੇ ਪ੍ਰਭੂ-ਭਗਤੀ ਤੇ ਪ੍ਰਭੂ-ਪ੍ਰਾਪਤੀ ਦੇ ਮਾਰਗ ਅਤੇ ਜਿਉਣ ਢੰਗ ਨੂੰ ਸਮਾਜ ਦੇ ਆਮ ਲੋਕਾਂ ਨਾਲੋਂ ਕਈ ਤਰੀਕਿਆਂ, ਸਿਧਾਤਾਂ ਦੁਆਰਾ ਨਿਖੇੜ ਲਿਆ। ਇਨ੍ਹਾਂ ਸਿੱਧਾਂ, ਜੋਗੀਆਂ, ਸੰਨਿਆਸੀਆਂ ਦੇ ਕਈ ਫ਼ਿਰਕਿਆਂ ਦੇ ਨਾਮ ਅਤੇ ਉਨ੍ਹਾਂ ਦੁਆਰਾ ਕੀਤੇ ਜਾਂਦੇ ਭੇਖਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਵੀ ਦ੍ਰਿਸ਼ਟੀਗੋਚਰ ਕੀਤਾ ਹੈ ਜਿਨ੍ਹਾਂ ਵਿਚੋਂ ਜੋਗੀ, ਜੰਗਮ, ਜਪੀ, ਤਪੀ, ਸੰਨਿਆਸੀ, ਸਿੱਧ, ਉਦਾਸੀ, ਜਟਾਧਾਰੀ, ਕਾਪੜੀ, ਭੇਖਧਾਰੀ, ਅਵਧੂਤ, ਬੈਸਨੋ, ਜੋਗੀਸ੍ਵਰ, ਮੋਨੀ, ਰੁੰਡਿਤ, ਮੁੰਡਿਤ, ਇਕਸ਼ਬਦੀ, ਅਪਰਸ, ਸਾਕਤ, ਵਾਮ-ਮਾਰਗੀ ਆਦਿ ਵਿਸ਼ੇਸ਼ ਤੋਰ ਤੇ ਜ਼ਿਕਰਯੋਗ ਹਨ।

**ਜੋਗੀ** : 'ਯੋਗ' ਸ਼ਬਦ ਸੰਸਕ੍ਰਿਤ ਦੇ 'ਯਜ੍' ਧਾਤੂ ਤੋਂ ਬਣਿਆ ਹੈ ਅਤੇ ਇਹ ਕਈ ਅਰਥਾਂ ਵਿਚ ਵਰਤਿਆ ਜਾਂਦਾ ਹੈ। ਇਸ ਸ਼ਬਦ ਦਾ ਸਾਧਾਰਣ ਅਰਥ ਹੈ ਜੋੜਨਾ ਜਾਂ ਸੰਬੰਧ ਕਾਇਮ ਕਰਨਾ। ਫਲਸਰੂਪ ਦਰਸ਼ਨ ਵਿਚ ਆਤਮਾ ਪਰਮਾਤਮਾ ਦੇ ਮੇਲ ਨੂੰ 'ਯੋਗ' ਕਿਹਾ ਜਾਂਦਾ ਹੈ। ਇਸ ਤੋਂ ਛੁੱਟ ਆਤਮਾ ਅਤੇ ਪਰਮਾਤਮਾ ਵਿਚ ਮੇਲ ਕਰਾਉਣ ਦੀ ਸਾਧਨਾ-ਪ੍ਰਣਾਲੀ ਜਾਂ ਵਿਧੀ ਨੂੰ ਵੀ 'ਯੋਗ' ਦਾ ਨਾਂ ਦਿੱਤਾ ਜਾਂਦਾ ਹੈ।[140] ਇਸ ਪ੍ਰਣਾਲੀ ਨੂੰ ਅਪਣਾਉਣ ਵਾਲਿਆਂ ਨੂੰ ਜੋਗੀ ਕਿਹਾ ਜਾਂਦਾ ਹੈ। ਇਨ੍ਹਾਂ ਜੋਗੀਆਂ ਦਾ ਵੱਡਾ ਗੁਰੂ 'ਗੋਰਖ ਨਾਥ' ਨੂੰ ਮੰਨਿਆ ਜਾਂਦਾ ਹੈ ਜਿਸਦੀ ਜਾਣਕਾਰੀ ਕਬੀਰ ਜੀ ਦੇ ਸ਼ਬਦ ਤੋਂ ਭਲੀਭਾਂਤ ਹੋ ਜਾਂਦੀ ਹੈ :

ਜੋਗੀ ਗੋਰਖੁ ਗੋਰਖੁ ਕਰੈ॥ ਹਿੰਦੂ ਰਾਮ ਨਾਮੁ ਉਚਰੈ॥...

(ਭੈਰਉ, ਕਬੀਰ, ਪੰਨਾ-1160)

ਜੋਗੀਆਂ ਦੀ ਪਹਿਲੀ ਮੂਲ-ਪਛਾਣ ਉਨ੍ਹਾਂ ਦੁਆਰਾ ਧਾਰਨ ਕੀਤੇ ਬਾਹਰੀ ਚਿੰਨ੍ਹ-ਮੁੰਦਰਾਂ, ਖਿੰਥਾ, ਆਸੁਣ, ਸਿੰਗੀ, ਬਟੂਆ, ਤੂੰਬਾ, ਕਿੰਗਰੀ, ਡੰਡਾ, ਫਾਹੁੜੀ ਆਦਿ ਸਨ ਜਿਨ੍ਹਾਂ ਦੇ ਇਨ੍ਹਾਂ ਪਛਾਣ-ਚਿੰਨ੍ਹਾਂ ਦੀ ਥਾਂ ਬਾਣੀਕਾਰਾਂ ਨੇ ਸੁਰਤਿ, ਸਿਮਰਨ ਨੂੰ ਕੰਨਾਂ ਦੀਆਂ ਮੁੰਦਰਾਂ, ਪ੍ਰਭੂ-ਗਿਆਨ ਦੀ ਗੋਦੜੀ, ਮਨ ਦੀ ਗੁਫ਼ਾ ਵਿਚ ਆਸਣ ਲਾਉਣਾ, ਵਿਆਪਕ ਪ੍ਰਭੂ ਦਾ ਧਿਆਨ ਸਿੰਗੀ, ਸਾਰਾ ਜੱਗ ਸੁਆਹ ਪਾਉਣ ਵਾਲਾ ਬਟੂਆ, ਮਨ ਤੇ ਸਵਾਸ ਦੋਵੇਂ ਤੂੰਬਿਆਂ ਨੂੰ ਪ੍ਰਭੂ ਨਾਲ ਜੋੜਨਾ ਹੀ ਵੀਣਾ ਦੀ ਡੰਡੀ ਬਣਾਉਣਾ ਅਤੇ ਦੁਨੀਆਂ ਦੀਆਂ ਬਾਹਰੀ ਕਲਪਨਾਵਾਂ ਨੂੰ ਜੀਵਨ ਵਿਚ ਵੜਨ ਤੋਂ ਰੋਕਣਾ ਹੀ ਅਸਲ ਜੋਗ-ਪੰਥ ਦੇ ਪਾਂਧੀ ਹੋਣ ਦੀ ਪਛਾਣ ਦੱਸਿਆ ਹੈ :

ਸੁਰਤਿ ਸਿਮ੍ਰਿਤਿ ਦੁਇ ਕੰਨੀ ਮੁੰਦਾ ਪਰਮਿਤਿ ਬਾਹਰਿ ਖਿੰਥਾ॥
ਸੁੰਨ ਗੁਫਾ ਮਹਿ ਆਸਣੁ ਬੈਸਣੁ ਕਲਪ ਬਿਬਰਜਿਤ ਪੰਥਾ॥੧॥...
ਖੰਡ ਬ੍ਰਹਮੰਡ ਮਹਿ ਸਿੰਙੀ ਮੇਰਾ ਬਟੂਆ ਸਭੁ ਜਗੁ ਭਸਮਾਧਾਰੀ॥
ਤਾੜੀ ਲਾਗੀ ਤ੍ਰਿਪਲੁ ਪਲਟੀਐ ਛੂਟੈ ਹੋਇ ਪਸਾਰੀ॥੨॥
ਮਨੁ ਪਵਨੁ ਦੁਇ ਤੂੰਬਾ ਕਰੀ ਹੈ ਜੁਗ ਜੁਗ ਸਾਰਦ ਸਾਜੀ॥
ਥਿਰੁ ਭਈ ਤੰਤੀ ਤੂਟਸਿ ਨਾਹੀ ਅਨਹਦ ਕਿੰਗੁਰੀ ਬਾਜੀ॥੩॥
ਸੁਨਿ ਮਨ ਮਗਨ ਭਏ ਹੈ ਪੂਰੇ ਮਾਇਆ ਡੋਲ ਨ ਲਾਗੀ॥

(ਗਉੜੀ, ਕਬੀਰ, ਪੰਨਾ-334-335)

ਇਨ੍ਹਾਂ ਬਾਹਰੀ ਚਿੰਨ੍ਹਾਂ ਤੋਂ ਇਲਾਵਾ ਜੋਗੀ ਨਾਥ ਬ੍ਰਹਮ ਪ੍ਰਾਪਤੀ ਜਾਂ ਉਨਮਨਿ ਦੀ ਅਵਸਥਾ ਵਿਚ ਪਹੁੰਚਣ ਲਈ ਕਈ ਸਰੀਰਕ ਮੁਦ੍ਰਾਵਾਂ ਜਿਨ੍ਹਾਂ ਵਿਚ ਨਾੜੀ-ਸਾਧਨਾ, ਖਟ-ਕਰਮ, ਖਟ-ਚਕ੍ਰ ਆਦਿ ਦੁਆਰਾ ਹਠਯੋਗ ਕਰਿਆ ਕਰਦੇ ਸਨ। ਜੋਗੀਆਂ ਦੀ ਸਾਧਨਾ-ਪ੍ਰਣਾਲੀ ਤੇ ਸਿਧਾਂਤ ਅਨੁਸਾਰ ਮਹਾਂ-ਕੁੰਡਲਿਨੀ ਲਾਮੀ ਸ਼ਕਤੀ ਨੂੰ ਜਗਾਉਣ ਲਈ ਕਈ ਸਾਧਨਾਵਾਂ ਕੀਤੀਆਂ ਜਾਂਦੀਆਂ ਸਨ। ਇਨ੍ਹਾਂ ਸਾਧਨਾਵਾਂ ਵਿਚ ਖਟ-ਚਕ੍ਰ "ਜੋ ਮਨੁੱਖੀ ਸਰੀਰ ਦੀ ਰੀੜ੍ਹ ਦੀ ਹੱਡੀ ਤੋਂ ਲੈ ਕੇ ਦਿਮਾਗ ਤਕ ਜਿਵੇਂ ਪਹਿਲਾ 'ਮੂਲਾਧਾਰ', ਦੂਸਰਾ 'ਸ੍ਵਾਧਿਸ਼ਛਾਨ', ਤੀਸਰਾ 'ਮਣੀਪੂਰ' ਚੌਥਾ 'ਅਨਾਹਤ', ਪੰਜਵਾਂ 'ਵਿਸ਼ੁਧਾਖਯ', ਛੇਵਾਂ 'ਆਗਿਆ' ਚੱਕਰ ਹਨ।"[141] ਜਿਨ੍ਹਾਂ ਨੂੰ ਭਗਤ ਕਬੀਰ ਜੀ ਇਸ ਤਰ੍ਹਾਂ ਵਖਿਆਉਂਦੇ ਹਨ ਕਿ ਜਿਸ ਮਨੁੱਖ ਨੇ ਹਵਾ ਨੂੰ ਉਲਟਾ ਕੇ ਛੇ (ਖਟ) ਚੱਕਰ ਵਿੰਨ੍ਹ ਲਏ ਉਸ ਦੀ ਸੁਰਤੀ ਬ੍ਰਹਮ ਵਿਚ ਲੀਨ ਹੋ ਗਈ ਅਤੇ ਵੈਰਾਗੀ ਮਨ ਦਾ ਅਜਿਹੇ ਪਦ 'ਤੇ ਪਹੁੰਚ ਕੇ ਆਉਣਾ-ਜਾਣਾ, ਮੁੱਕ ਜਾਂਦਾ ਹੈ ਤੇ ਉਹ ਇਥ ਸਥਿਰ ਅਵਸਥਾ ਨੂੰ ਪਹੁੰਚਕੇ ਮਨ ਨੂੰ ਵਿਕਾਰਾਂ ਵੱਲੋਂ ਉਲਟਾ ਕੇ ਬ੍ਰਹਮ ਵਿਚ ਰਚਾ ਲੈਂਦਾ ਹੈ :

ਉਲਟਤ ਪਵਨ ਚਕ੍ਰ ਖਟੁ ਭੇਦੇ ਸੁਰਤਿ ਸੁੰਨ ਅਨਰਾਗੀ॥

ਆਵੈ ਨ ਜਾਇ ਮਰੈ ਨ ਜੀਵੈ ਤਾਸੁ ਖੋਜੁ ਬੈਰਾਗੀ॥੧॥

ਮੇਰੇ ਮਨ ਮਨ ਹੀ ਉਲਟਿ ਸਮਾਨਾ॥

ਗੁਰ ਪਰਸਾਦਿ ਅਕਲਿ ਭਈ ਅਵਰੈ ਨਾਤੁਰ ਥਾ ਬੇਗਾਨਾ॥੧॥ ਰਹਾਉ॥

(ਗਉੜੀ, ਕਬੀਰ, ਪੰਨਾ-333)

ਯੋਗ ਸਾਧਨਾ ਵਿਚ ਕੁੰਡਲਿਨੀ ਸ਼ਕਤੀ ਨੂੰ ਜਗਾਉਣ ਵਿਚ ਨਾੜੀ-ਸਾਧਨਾਵਾਂ ਵਿਚ ਪ੍ਰਾਣ-ਵਾਯੂ ਸੰਚਾਰ ਵਾਲੀਆਂ ਨਾੜੀਆਂ ਇੜਾ, ਪਿੰਗਲਾ ਅਤੇ ਸੁਖਮਨਾ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ। "ਜਿੰਨ੍ਹਾਂ ਦੇ ਕਈ ਨਾਮਾਤਰ ਜਿਵੇਂ ਸੂਰਜ, ਚੰਦ ਤੇ ਅਗਨੀ ਜਾਂ ਗੰਗਾ, ਯਮੁਨਾ ਅਤੇ ਸਰਸਵਤੀ ਆਦਿ ਹਨ।"[142]

ਭਗਤ ਜੈਦੇਵ ਇੜਾ ਨੂੰ ਚੰਦ ਸੁਰ, ਪਿੰਗਲਾ ਨੂੰ ਸੂਰਜ ਸੁਰ ਅਤੇ ਸੁਖਮਨਾ ਨੂੰ ਨਾਦ ਸੁਰ ਆਖਦੇ ਹਨ। ਉਨ੍ਹਾਂ ਅਨੁਸਾਰ ਖੱਬੀ ਸੁਰ ਇੜਾ ਵਿਚ ਪ੍ਰਾਣ ਚੜ੍ਹਾਏ ਵੀ ਗਏ, ਸੁਖਮਨਾ ਵਿਚ ਰੋਕੇ ਵੀ ਗਏ ਅਤੇ ਸੱਜੀ (ਪਿੰਗਲਾ) ਰਾਹੀਂ ਸੋਲਾਂ ਵਾਰੀ ਉਤਾਰੇ ਵੀ ਗਏ ਭਾਵ ਪ੍ਰਭੂ ਦੇ ਗੁਣ ਗਾਣ ਨਾਲ ਪ੍ਰਾਣਾਯਾਮ ਦੀ ਇਸ ਕਿਰਿਆ ਦੀ ਲੋੜ ਹੀ ਨਹੀਂ ਰਹੀ :

ਚੰਦ ਸਤ ਭੇਦਿਆ ਨਾਦ ਸਤ ਪੂਰਿਆ ਸੂਰ ਸਤ ਖੋੜਸਾ ਦਤੁ ਕੀਆ॥

ਅਬਲ ਬਲੁ ਤੋੜਿਆ ਅਚਲ ਚਲੁ ਥਪਿਆ ਅਘੜੁ ਘੜਿਆ ਤਹਾ ਅਪਿਉ ਪੀਆ॥੧॥

(ਮਾਰੂ, ਜੈਦੇਵ, ਪੰਨਾ-1106)

ਇਵੇਂ ਹੀ ਭਗਤ ਨਾਮਦੇਵ, ਭਗਤ ਬੇਣੀ ਜੀ ਇੜਾ, ਪਿੰਗਲਾ ਤੇ ਸੁਖਮਨਾ ਦੀ ਸਾਧਨਾ ਨੂੰ ਇਕੋ ਹੀ ਥਾਂ ਵਸਦੀਆਂ ਸਮਝਦੇ ਹਨ। ਪਵਨ ਵਰਗੇ ਚੰਚਲ ਮਨ ਨੂੰ ਕਾਬੂ ਵਿਚ ਰੱਖਕੇ ਪ੍ਰਭੂ-ਚਰਨਾਂ ਵਿਚ ਟਿਕਾਉਣਾ ਹੀ ਇੜਾ ਪਿੰਗਲਾ, ਸੁਖਮਨਾ ਦੀ ਸਾਧਨਾ ਹੈ[143] ਅਤੇ ਇਨ੍ਹਾਂ ਤਿੰਨ ਨਦੀਆਂ ਦੇ ਮਿਲਣ (ਤ੍ਰਿਬੇਣੀ-ਸੰਗਮ) ਵਾਲੀ ਇਕ ਥਾਂ ਤੇ ਹੀ ਮਨ ਇਸ਼ਨਾਨ ਕਰਦਾ ਹੈ :

ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ॥

ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ॥੧॥

(ਰਾਮਕਲੀ, ਬੇਣੀ, ਪੰਨਾ-974)

ਜੋਗ ਸਾਧਨਾ ਦੇ ਖਟ-ਕਰਮ ਵਿਚ ਨਿਉਲੀ-ਕਰਮ, ਖੇਚਰ, ਭੂਚਰ ਆਦਿ ਕ੍ਰਿਆਵਾਂ ਵੀ ਕੀਤੀਆਂ ਜਾਂਦੀਆਂ ਸਨ ਜਿਨ੍ਹਾਂ ਦੁਆਰਾ ਸਰੀਰਕ ਨਾੜੀਆਂ ਦਾ ਸ਼ੁੱਧੀਕਰਨ ਕੀਤਾ ਜਾਂਦਾ ਸੀ। ਨਿਉਲੀ-ਕਰਮ ਵਿਚ ਪੇਟ ਨੂੰ ਸੱਜੇ, ਖੱਬੇ ਘੁਮਾਇਆ ਜਾਂਦਾ ਸੀ ਜਿਸ ਕਿਰਿਆ ਦਾ ਬਾਣੀਕਾਰਾਂ ਨੇ ਰਾਮ-ਨਾਮ ਬਿਨਾਂ ਬੇਅਰਥ ਹੀ ਸਰੀਰ ਨੂੰ ਕਸ਼ਟ ਦੇਣਾ ਆਖਿਆ ਹੈ :

ਨਿਉਲੀ ਕਰਮ ਖਟ ਕਰਮ ਕਰੀਜੈ॥

ਰਾਮ ਨਾਮ ਬਿਨੁ ਬਿਰਥਾ ਸਾਸੁ ਲੀਜੈ॥੩॥

(ਰਾਮਕਲੀ, ਮਹਲਾ 1, ਪੰਨਾ-905)

ਇਵੇਂ ਹੀ ਖੇਚਰ ਮੁਦ੍ਰਾ ਰਾਹੀਂ "ਯੋਗੀ ਪਹਿਲਾਂ ਸਿੱਧਾ ਜੀਭ ਨੂੰ ਉਲਟ ਕੇ ਤਾਲੂ ਦੇ ਪਿੱਛੇ ਅਤੇ ਹਲਕ ਤੋਂ ਉਪਰ ਕਪਾਲ-ਖੁਡ ਵਿਚ ਦਾਖਲ ਕਰਦਾ ਹੈ ਅਤੇ ਧਿਆਨ ਨੂੰ ਭੌਰਾਂ ਵਿਚਕਾਰ ਨਜ਼ਰ ਟਿਕਾ ਕੇ ਜਾਂ ਕੇਂਦਰਿਤ ਕਰ ਕੇ 'ਭੂਚਰ' ਮੁਦ੍ਰਾ ਕਰਦਾ ਹੈ।"[144] ਇਸ ਬਾਰੇ ਨਾਮਦੇਵ ਜੀ ਦਰਸਾਉਂਦੇ ਹਨ ਕਿ ਬ੍ਰਹਮ-ਸ਼ਕਤੀ ਤੇ ਬ੍ਰਹਮ ਪ੍ਰਾਪਤੀ ਲਈ ਭਾਵੇਂ ਕੋਈ ਖੇਚਰ, ਭੂਚਰ ਪ੍ਰਾਣਾਯਮ ਦੀਆਂ ਕ੍ਰਿਆਵਾਂ ਪਿਆ ਕਰੇ ਤੇ ਭਾਵੇਂ ਕੋਈ ਤੁਲਸੀ ਮਾਲਾ ਆਦਿ ਪਹਿਨ ਲਵੇ ਪਰੰਤੂ ਬ੍ਰਹਮ-ਸੱਤਾ ਦਾ ਭੇਦ ਅਤੇ ਬ੍ਰਹਮ-ਪ੍ਰਾਪਤੀ ਦਾ ਭੇਦ ਤਾਂ ਸਤਿਗੁਰੂ ਦੀ ਕਿਰਪਾ ਦੁਆਰਾ ਹੀ ਪਾਇਆ ਜਾ ਸਕਦਾ ਹੈ :

ਖੇਚਰ ਭੂਚਰ ਤੁਲਸੀ ਮਾਲਾ ਗੁਰ ਪਰਸਾਦੀ ਪਾਇਆ॥

ਨਾਮ ਪ੍ਰਣਵੈ ਪਰਮ ਤਤੁ ਹੈ ਸਤਿਗੁਰ ਹੋਇ ਲਖਾਇਆ॥੩॥੩॥

(ਰਾਮਕਲੀ, ਨਾਮਦੇਵ, ਪੰਨਾ-973)

**ਇਕ ਸ਼ਬਦੀ :** 'ਇਕ ਸ਼ਬਦੀ' ਤੋਂ ਭਾਵ "ਇਕ ਵੇਰ 'ਅਲੱਖ' ਆਦਿਕ ਸ਼ਬਦ ਕਹਿਕੇ ਘਰਾਂ ਤੋਂ ਭਿਖਯਾ ਮੰਗਣ ਵਾਲਾ ਫ਼ਕੀਰ। ਇਕ ਸ਼ਬਦੀ ਕਿਸੇ ਦੇ ਘਰ ਅੱਗੇ ਅੰਨ ਆਦਿਕ ਪਦਾਰਥ ਲੈਣ ਲਈ ਨਹੀਂ ਠਹਿਰਦੇ ਅਤੇ ਦੂਜੀ ਵੇਰ ਆਵਾਜ਼ ਨਹੀਂ ਦਿੰਦੇ, "ਹਰੀ ਨਾਰਾਯਣ", "ਸ਼ਿਵ ਸ਼ਿਵ", "ਅਲੱਖ" ਆਦਿਕ ਬੋਲਦੇ ਘਰਾਂ ਅੱਗੋਂ ਗੁਜ਼ਰ ਜਾਂਦੇ ਹਨ।"[145] ਭਗਤ ਕਬੀਰ ਜੀ ਇਕ ਸ਼ਬਦੀਆਂ ਬਾਰੇ ਆਖਦੇ ਹਨ ਕਿ ਜੋਗੀ ਲੋਕ ਆਪਣੇ ਜੋਗਮਤ ਨੂੰ ਚੰਗਾ ਤੇ ਮਿੱਠਾ ਜਾਣਦੇ ਹਨ, ਸਿਰ ਮੁੰਨੇ ਸੰਨਿਆਸੀ ਤੇ ਇਕੋ ਸ਼ਬਦ 'ਅਲੱਖ-ਅਲੱਖ' ਜਾਂ 'ਅਲੱਖ ਨਿਰੰਜਨ' ਆਦਿ ਕਹਿਣ ਵਾਲੇ ਕੇਵਲ ਆਪਣੇ ਆਪ ਨੂੰ ਹੀ ਮੁਕਤੀ-ਪ੍ਰਾਪਤੀ ਤੇ ਬ੍ਰਹਮ-ਪ੍ਰਾਪਤੀ ਦੇ ਭੇਦ ਨੂੰ ਜਾਨਣ ਵਾਲੇ ਦੱਸਦੇ ਹਨ ਜਦੋਂ ਕਿ ਇਹ ਸਭ ਭਰਮਾਂ ਵਿਚ ਭੁੱਲੇ ਹੋਏ ਤੇ ਹਉਮੈ ਆਦਿ ਵਿਕਾਰਾਂ ਦੀ ਫਾਹੀ ਵਿਚ ਫਸੇ ਨਜ਼ਰੀਂ ਆਉਂਦੇ ਹਨ :

ਰੁੰਡਿਤ ਮੁੰਡਿਤ ਏਕੈ ਸਬਦੀ ਏਇ ਕਹਹਿ ਸਿਧਿ ਪਾਈ॥੧॥

ਹਰਿ ਬਿਨੁ ਭਰਮਿ ਭੁਲਾਨੇ ਅੰਧਾ॥

ਜਾ ਪਹਿ ਜਾਉ ਆਪੁ ਛੁਟਕਾਵਨਿ ਤੇ ਬਾਧੇ ਬਹੁ ਫੰਧਾ॥੧॥ ਰਹਾਉ॥

(ਗਉੜੀ, ਕਬੀਰ, ਪੰਨਾ-334)

**ਅਪਰਸ :** ਅਪਰਸ ਸ਼ਬਦ ਸੰਸਕ੍ਰਿਤ ਦੇ 'ਅਸਪਰਸ' ਦਾ ਤਦਭਵ ਰੂਪ ਹੈ। ਇਸ ਦਾ ਅਰਥ ਹੈ ਜਿਸ ਨੂੰ ਛੋਹਿਆ ਨਾ ਗਿਆ ਹੋਵੇ ਜਾਂ ਜੋ ਕਿਸੇ ਨੂੰ ਨਾ ਛੋਹੇ। ਹਿੰਦੂ ਸਾਧੂਆਂ ਵਿਚ ਇਕ ਅਜਿਹਾ ਵਰਗ ਵੀ ਹੈ ਜੋ ਕਿਸੇ ਨਾਲ ਛੋਂਹਦੇ ਨਹੀਂ, ਖਾਸ ਕਰ ਧਾਤਾਂ ਨੂੰ ਛੋਹਣ ਤੋਂ ਬਚਦੇ ਰਹਿੰਦੇ ਹਨ। ਸਾਧੂਆਂ ਤੋਂ ਇਲਾਵਾ ਗ੍ਰਿਹਸਥੀਆਂ ਵਿਚ ਵੀ ਇਹ ਬਿਰਤੀ ਵੇਖੀ ਗਈ ਹੈ।"[146] ਮੱਧਕਾਲੀ ਸਮਾਜ ਵਿਚ ਗ੍ਰਹਿਸਥੀਆਂ ਵਿਚੋਂ ਇਹ ਬਿਰਤੀ ਪੰਡਿਤ ਜਾਂ ਬ੍ਰਾਹਮਣ ਲੋਕਾਂ ਵਿਚ ਪਾਈ ਜਾਂਦੀ ਸੀ ਜੋ ਆਪਣੇ ਆਪ ਨੂੰ ਉੱਚਾ, ਸ੍ਰੇਸ਼ਟ ਤੇ ਬ੍ਰਹਮਵੇਤਾ ਜਾਣਦੇ ਹੋਏ ਆਮ ਜਾਂ ਨਿਮਨ ਸ਼੍ਰੇਣੀ ਦੇ ਲੋਕਾਂ ਦੇ ਪਰਛਾਵੇਂ ਤੋਂ ਵੀ ਦੂਰ ਰਹਿੰਦੇ ਸਨ ਪਰ ਜੱਗ, ਧਨ, ਪਦਾਰਥ ਆਦਿ ਦਾ ਦਾਨ ਲੈਣ ਲਈ ਉਹ ਕਿਸੇ ਉੱਚੇ, ਨੀਵੇਂ ਦੀ ਪ੍ਰਵਾਹ ਵੀ ਨਹੀਂ ਸਨ ਕਰਦੇ। ਗੁਰੂ ਅਰਜਨ ਸਾਹਿਬ ਸੱਚੇ ਅਪਰਸ ਦੀ ਵਿਆਖਿਆ ਇੰਝ ਕਰਦੇ ਹਨ ਕਿ ਮੁਖ ਤੋਂ ਝੂਠ ਨਾ ਬੋਲਣ ਵਾਲਾ, ਮਨ ਵਿਚ ਪ੍ਰਭੂ ਦੇ ਦਰਸ਼ਨ ਦੀ ਅਭਿਲਾਸ਼ਾ ਰੱਖਣ ਵਾਲਾ, ਅੱਖਾਂ ਨਾਲ ਪਰਾਈ ਇਸਤਰੀ ਨੂੰ ਨਾ ਤੱਕਣ ਵਾਲਾ ਅਤੇ ਮਨ ਦੀ ਵਾਸ਼ਨਾ, ਪੰਜ ਵਿਕਾਰਾਂ ਤੋਂ ਰਹਿਤ ਇੰਦ੍ਰੀਆਂ ਨੂੰ ਜਿੱਤਣ ਵਾਲੇ ਗੁਣਵਾਣ ਪੁਰਖ ਨੂੰ ਹੀ ਅਸਲ ਅਪਰਸ ਕਿਹਾ ਜਾ ਸਕਦਾ ਹੈ :

> ਮਿਥਿਆ ਨਾਹੀ ਰਸਨਾ ਪਰਸ॥ ਮਨ ਮਹਿ ਪ੍ਰੀਤਿ ਨਿਰੰਜਨ ਦਰਸ॥
> ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥ ਸਾਧ ਕੀ ਟਹਲ ਸੰਤਸੰਗਿ ਹੇਤ॥
> ਕਰਨ ਨ ਸੁਨੈ ਕਾਹੂ ਕੀ ਨਿੰਦਾ॥ ਸਭ ਤੇ ਜਾਨੈ ਆਪਸ ਕਉ ਮੰਦਾ॥...
> ਇੰਦ੍ਰੀ ਜਿਤ ਪੰਚ ਦੋਖ ਤੇ ਰਹਤ॥ ਨਾਨਕ ਕੋਟਿ ਮਧੇ ਕੋ ਐਸਾ ਅਪਰਸ॥੧॥

(ਗਉੜੀ, ਮਹਲਾ 5, ਪੰਨਾ-274)

**ਸਾਕਤ ਤੇ ਵਾਮ-ਮਾਰਗੀ :** ਭਗਤ ਕਬੀਰ ਜੀ ਵਾਮ-ਮਾਰਗੀ ਫਿਰਕੇ ਦੇ ਉਨ੍ਹਾਂ ਸਿਧਾਂ ਦਾ ਜ਼ਿਕਰ ਕਰਦੇ ਹਨ ਜੋ ਮਾਸ, ਸ਼ਰਾਬ, ਇਸਤਰੀ-ਭੋਗ ਆਦਿ ਨੂੰ ਹੀ ਆਪਣੇ ਜੋਗ ਦਾ ਹਿੱਸਾ ਮੰਨਦੇ ਸਨ। "ਅਸਲ ਵਿਚ ਵਾਮ-ਮਾਰਗ ਦਾ ਅਰਥ ਸ਼ਾਸਤ੍ਰਾਂ ਵਿਚ ਸ਼ਿਵ ਦੀ ਇਕ ਅਜੇਹੀ ਮੂਰਤਿ ਮੰਨੀ ਹੈ ਜਿਸ ਦਾ ਸੱਜਾ ਪਾਸਾ ਨਰ ਅਤੇ ਵਾਮ (ਖੱਬਾ) ਨਾਰੀ ਦਾ ਹੈ ਜੋ ਸੱਜੇ ਪਾਸੇ ਦੇ ਉਪਾਸ਼ਕ ਹਨ ਉਹ ਦਕਿਣ ਅਤੇ ਵਾਮ (ਖੱਬੇ) ਪਾਸੇ ਦੇ ਉਪਾਸ਼ਕ ਵਾਮਮਾਰਗੀ ਹਨ।"[147] ਵਾਮ-ਮਾਰਗ ਇਕ ਤਾਂਤ੍ਰਿਕ ਮਤ ਸੀ ਜਿਨ੍ਹਾਂ ਦੇ ਸਾਧਨਾ ਤੱਤ ਜਾਂ ਪੰਜ-ਮਕਾਰ-ਮਾਸ, ਮੱਛਲੀ, ਮਦਿਰਾ, ਮੈਥੁਨ ਤੇ ਮਹਾਂਸੁਖ ਦੱਸੇ ਜਾਂਦੇ ਹਨ। ਵਿਦਵਾਨਾਂ ਅਨੁਸਾਰ ਵਾਮ-ਮਾਰਗੀ ਸਿੱਧਾਂ ਨੇ ਇਹ ਤੱਤ ਅਧਿਆਤਮਕ ਸਾਧਨਾ ਲਈ ਪ੍ਰਤੀਕ ਰੂਪ ਵਿਚ ਵਰਤੇ ਸਨ "ਸਿੱਧਾਂ ਦੀ ਪ੍ਰਤੀਕਾਤਮਕ ਤੇ ਰਹੱਸਤਾਮਕ ਸ਼ੈਲੀ ਨੂੰ ਹਰੇਕ ਨਹੀਂ ਸਮਝ ਸਕਦਾ ਸੀ, ਇਸ ਲਈ ਆਮ ਜਨਤਾ ਨੇ ਮਾਸ, ਮੱਛਲੀ, ਮਦਿਰਾ, ਮੈਥੁਨ ਕਿਰਿਆ ਤੋਂ

ਲਿੰਗ-ਸੁਖ ਭੋਗ ਦੀ ਭਾਵਨਾ ਗ੍ਰਹਿਣ ਕਰ ਲਈ। ਨਤੀਜੇ ਵਜੋਂ ਸਮਾਜ ਵਿਚ ਅਸੰਜਮ ਅਨੈਤਿਕਤਾ ਤੇ ਅਸ਼ਲੀਲਤਾ ਦਾ ਪ੍ਰਸਾਰ ਹੋਣ ਲੱਗਾ। ਜਿਹੜੇ ਸੱਚੇ ਸਿੱਧ ਨਹੀਂ ਸਨ ਪਰ ਸਿੱਧ ਹੋਣ ਦਾ ਪਾਖੰਡ ਕਰਦੇ ਸਨ ਉਨ੍ਹਾਂ ਨੇ ਆਪਣੀਆਂ ਸਿੱਧੀਆਂ ਅਤੇ ਜੰਤਰ-ਮੰਤਰ ਦੇ ਚਮਤਕਾਰਾਂ ਦਾ ਡਰਾਵਾ ਦਿਖਾ ਕੇ ਜਨਤਾ ਨੂੰ ਆਪਣੇ ਸੁਆਰਥਾਂ ਦੇ ਮੱਕੜ-ਜਾਲ ਵਿਚ ਫਸਾ ਲਿਆ।"[148]

ਪੂਰਬ-ਮੱਧਕਾਲ ਵਿਚ ਇਨ੍ਹਾਂ ਸਿਧਾਂ ਦਾ ਰੂਪ ਕੁੱਝ ਵੀ ਰਿਹਾ ਹੋਵੇ ਪਰੰਤੂ ਮੱਧਕਾਲ ਦੇ ਸਮਾਜ ਵਿਚ ਆਮ ਘੁੰਮਦੇ ਫਿਰਦੇ ਸਿਧਾਂ, ਨਾਥਾਂ, ਜੋਗੀਆਂ ਦੇ ਫਿਰਕੇ ਆਪਣੇ ਮੂਲ ਸਿਧਾਂਤਾਂ, ਸਾਧਨਾਵਾਂ, ਵਿਚਾਰਾਂ ਤੋਂ ਟੁੱਟ ਚੁੱਕੇ ਸਨ। ਉਨ੍ਹਾਂ ਦੀਆਂ ਸਭ ਸਾਧਨਾਵਾਂ, ਯੋਗ-ਸਿਧਾਂਤ, ਪਛਾਣ-ਚਿੰਨ੍ਹ ਤੇ ਸੰਪੂਰਨ ਜੀਵਨ-ਸ਼ੈਲੀ ਭੇਖਾਂ ਪਾਖੰਡਾਂ ਦਾ ਹਿੱਸਾ ਬਣਕੇ ਰਹਿ ਗਈ ਸੀ। ਇਹੋ ਕਾਰਨ ਸੀ ਕਿ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਉਨ੍ਹਾਂ ਦੀ ਅਜਿਹੀ ਜੀਵਨ-ਸ਼ੈਲੀ ਦਾ ਵਿਰੋਧ ਕਰਦੇ ਹਨ। ਅਜਿਹੇ ਸ਼ਾਕਤ ਤੇ ਵਾਮ-ਮਾਰਗੀ ਸਿਧਾਂ ਦੇ ਪਾਖੰਡੀ, ਵਿਕਾਰੀ, ਵਿਲਾਸੀ ਜੀਵਨ ਵੱਲ ਸੰਕੇਤ ਕਰਦੇ ਹੋਏ ਕਬੀਰ ਜੀ ਆਖਦੇ ਹਨ ਕਿ ਇਹ ਸਿੱਧ ਇਕ ਭਾਂਡੇ ਵਿਚ ਕੁੱਕੜ, ਦੂਜੇ ਵਿਚ ਸ਼ਰਾਬ ਲੈ ਕੇ ਆਲੇ-ਦੁਆਲੇ ਘੇਰਾ ਬਣਾ ਕੇ ਬੈਠ ਜਾਂਦੇ ਅਤੇ ਵਿਚਕਾਰ ਨਿਰਲੱਜ ਇਸਤਰੀ (ਮਾਇਆ) ਨੂੰ ਬੈਠਾ ਲੈਂਦੇ ਸਨ। ਇਹ ਮਾਇਆ ਰੂਪ ਇਸਤਰੀ ਭਾਵੇਂ ਤਿੰਨਾਂ ਲੋਕਾਂ ਨੂੰ ਪਿਆਰੀ ਹੈ ਪਰੰਤੂ ਸੱਚੇ ਸੰਤ, ਭਗਤ ਇਸ ਨੂੰ ਨੱਕੋਂ, ਕੰਨੋ ਕੱਟ ਕੇ ਵਗ੍ਹਾ ਮਾਰਦੇ ਹਨ ਤੇ ਇਹ ਸੰਤਾਂ ਦੀ ਦਾਸੀ ਬਣ ਜਾਂਦੀ ਹੈ ਕਿਉਂਕਿ ਸੱਚੇ ਸੰਤ ਜਨ ਤਨ, ਮਨ ਤੋਂ ਬ੍ਰਹਮ ਹਰੀ ਦੇ ਲੜ ਲੱਗੇ ਰਹਿੰਦੇ ਹਨ ਜਿਸ ਕਰਕੇ ਉਹਨਾਂ ਦੇ ਨਿਕਟ ਨਾ ਕੋਈ ਬੁਰਾਈ ਆਉਂਦੀ ਹੈ ਤੇ ਨਾ ਉਹ ਕਿਸੇ ਬੁਰਾਈ ਨੂੰ ਨੇੜੇ ਆਉਣ ਦਿੰਦੇ ਨੇ :

ਇਕਤੁ ਪਤਰਿ ਭਰਿ ਉਰਕਟ ਕੁਰਕਟ ਇਕਤੁ ਪਤਰਿ ਭਰਿ ਪਾਨੀ॥
ਆਸਿ ਪਾਸਿ ਪੰਚ ਜੋਗੀਆ ਬੈਠੇ ਬੀਚਿ ਨਕਟ ਦੇ ਰਾਨੀ॥੧॥...
ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ॥
ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ॥੪॥੪॥

(ਆਸਾ, ਕਬੀਰ, ਪੰਨਾ-476)

**ਜੰਗਮ** : ਜੰਗਮ ਤੋਂ ਭਾਵ "ਤੁਰਨ ਫਿਰਨ ਵਾਲਾ, ਗਮਨ ਕਰਤਾ, ਜੋ ਇਕ ਥਾਂ ਨਾ ਟਿਕੇ। ਸ਼ੈਵ ਮਤ ਦਾ ਫਿਰਕਾ ਜੋ ਜੋਗੀਆਂ ਦੀ ਸ਼ਾਖ ਹੈ। ਜੰਗਮ ਸਿਰ ਪਰ ਸਰਪ ਦੀ ਸ਼ਕਲ ਦੀ ਰੱਸੀ ਅਤੇ ਧਾਤੂ ਦਾ ਚੰਦ੍ਰਮਾ ਪਹਿਨਦੇ ਹਨ, ਕੰਨਾਂ ਵਿਚ ਮੁੰਦਰਾਂ ਦੀ ਥਾਂ ਪਿੱਤਲ ਦੇ ਫੁੱਲ, ਮੋਰਪੰਖਾਂ ਨਾਲ ਸਜੇ ਹੋਏ ਧਾਰਨ ਕਰਦੇ ਹਨ। ਜੰਗਮ ਦੋ ਹਿੱਸਿਆਂ ਵਿਚ ਵੰਡੇ ਹੋਏ ਹਨ ਇਕ ਧਤਸਥਲ (ਵਿਰਕਤ) ਦੂਜੇ

ਗੁਰੂਸਥਲ (ਗ੍ਰਿਹਸਥੀ)।"[149] ਭਗਤ ਕਬੀਰ ਜੀ ਜੰਗਮ ਫਿਰਕੇ ਦੇ ਜੋਗੀਆਂ ਨੂੰ ਮੈਲੇ ਆਖਦੇ ਹਨ ਕਿਉਂਕਿ ਇਹ ਲੋਕ ਦਿਖਾਵੇ ਦੇ ਤੌਰ 'ਤੇ ਭਾਵੇਂ ਲੋਕਾਂ ਵਿਚ ਆਪਣੇ ਆਪ ਨੂੰ ਉੱਤਮ ਸ਼ਖਸੀਅਤ ਦੇ ਮਾਲਕ ਹੋਣ ਦਾ ਭ੍ਰਮ ਰੱਖਦੇ ਸਨ ਪਰੰਤੂ ਅੰਦਰੋਂ ਓਨੇ ਹੀ ਮਲੀਨ ਬੁੱਧੀ ਵਾਲੇ ਹੁੰਦੇ ਹਨ :

ਮੈਲੇ ਸਿਵ ਸੰਕਰਾ ਮਹੇਸ॥ ਮੈਲੇ ਸਿਧ ਸਾਧਿਕ ਅਰੁ ਭੇਖ॥੪॥
ਮੈਲੇ ਜੋਗੀ ਜੰਗਮ ਜਟਾ ਸਹੇਤਿ॥ ਮੈਲੀ ਕਾਇਆ ਹੰਸ ਸਮੇਤਿ॥੫॥
ਕਹਿ ਕਬੀਰ ਤੇ ਜਨ ਪਰਵਾਨ॥ ਨਿਰਮਲ ਤੇ ਜੋ ਰਾਮਹਿ ਜਾਨ॥੬॥੩॥

(ਭੈਰਉ, ਕਬੀਰ, ਪੰਨਾ-1158)

**ਕਾਪੜੀਏ :** ਕਾਪੜੀ "ਚੀਥੜੇਧਾਰੀ, ਟੱਲੀਆਂ ਦੀ ਗੋਦੜੀ ਅਥਵਾ ਚੋਲਾ ਪਹਿਰਨ ਵਾਲਾ। ਰਾਜਪੂਤਾਨੇ ਅਤੇ ਬਾਂਗਰ ਵਿਚ ਹਿੰਦੂ ਡੂਮ ਕਾਪੜੀਏ ਸੱਦੀਦੇ ਹਨ। ਪੰਜਾਬ ਵਿਚ ਇਕ ਬ੍ਰਾਹਮਣਾਂ ਤੋਂ ਪਤਿਤ ਹੋਈ ਜਾਤਿ ਜੋ ਡੂਨੇ ਪੱਤਲਾਂ ਬਣਾਕੇ ਗੁਜ਼ਾਰਾ ਕਰਦੀ ਅਤੇ ਮੰਦਰਾਂ ਵਿਚ ਝਾੜੂ ਦਿੰਦੀ ਹੈ।"[150] ਭਗਤ ਤ੍ਰਿਲੋਚਨ ਜੀ ਕਾਪੜੀ ਫਿਰਕੇ ਦੇ ਸਾਧੂ ਨੂੰ ਸੰਬੋਧਿਤ ਹੁੰਦੇ ਆਖਦੇ ਹਨ ਕਿ ਤੂੰ ਕਿਉਂ ਹੱਥ ਵਿਚ ਕਮੰਡਲ (ਲੋਟਾ) ਲੈ ਕੇ ਅਠਾਰਹ ਤੀਰਥਾਂ 'ਤੇ ਭਟਕਦਾ ਫਿਰਦਾ ਹੈਂ, ਜੇ ਮਨ ਵਿਚ ਪ੍ਰਭੂ-ਭਗਤੀ ਦਾ ਬੀਜ ਹੀ ਨਹੀਂ ਤਾਂ ਕੋਰੇ ਕਣਾਂ ਨੂੰ ਲਤੜਨ ਜਾਂ ਗਾਹ ਪਾਉਣ ਦਾ ਕੀ ਫਾਇਦਾ :

ਕਾਇ ਕਮੰਡਲੁ ਕਾਪੜੀਆ ਰੇ ਅਠਸਠਿ ਕਾਇ ਫਿਰਾਹੀ॥
ਬਦਤਿ ਤ੍ਰਿਲੋਚਨ ਸੁਨੁ ਰੇ ਪ੍ਰਾਨੀ ਕਣ ਬਿਨੁ ਗਾਹੁ ਕਿ ਪਾਹੀ॥੪॥੧॥

(ਗੂਜਰੀ, ਤ੍ਰਿਲੋਚਨ, ਪੰਨਾ-526)

**ਅਵਧੂਤ (ਅਉਧੂ):** "ਅਵਧੂਤ, ਅਵਧੂਨਨ ਕਰਨ ਵਾਲਾ। ਸੰਸਕ੍ਰਿਤ ਵਿਚ ਅਵਧੂਨਨ ਦਾ ਅਰਥ ਕੰਬਾਉਣਾ, ਝਾੜਨਾ-ਪਛਾੜਨਾ ਹੈ, ਜੋ ਵਿਕਾਰਾਂ ਨੂੰ ਝਾੜਕੇ ਪਰੇ ਸਿੱਟੇ, ਉਹ ਅਵਧੂਤ ਹੈ। ਜੋ ਵਿਰਕੂ ਮਿੱਟੀ ਸੁਆਹ ਵਿਚ ਰਾਤ ਨੂੰ ਲੇਟਦਾ ਹੈ ਅਤੇ ਸਵੇਰੇ ਉੱਠਕੇ ਸਰੀਰ ਤੋਂ ਗਰਦ ਝਾੜਕੇ ਚੱਲਦਾ ਹੈ ਉਹ ਵੀ ਅਵਧੂਤ ਸਦਾਉਂਦਾ ਹੈ।"[151] "ਕੁੱਝ ਵਿਦਵਾਨਾਂ ਨੇ 'ਅਵਧੂ' ਦੀ ਵਿਆਖਿਆ ਇਸ ਤਰ੍ਹਾਂ ਵੀ ਕੀਤੀ ਹੈ - ਵਧੂ ਜਾਂ ਕੇਨ ਹੋਇ ਸੋ ਅਵਧੂ ਕਹਾਵੈ। ਕਹਿਣ ਤੋਂ ਭਾਵ ਜੋ ਵਧੂ-ਵਾਲਾ, ਅਰਥਾਤ ਗ੍ਰਿਹਸਥੀ ਨਾ ਹੋਵੇ। ਇਹ ਸ਼ਬਦ ਅਸਲ ਵਿਚ ਤਾਂਤ੍ਰਿਕਾਂ, ਸਿੱਧਾਂ, ਨਾਥਾਂ ਦੀ ਟਕਸਾਲ ਦਾ ਸਿੱਕਾ ਹੈ। ਆਮ ਤੌਰ 'ਤੇ ਸੰਸਾਰਿਕ ਦੁਅੰਦਾਂ ਤੋਂ ਉੱਚੇ ਪਹੁੰਚੇ ਹੋਏ ਯੋਗੀਆਂ ਲਈ ਇਸ ਸ਼ਬਦ ਦੀ ਵਰਤੋਂ ਹੁੰਦੀ ਹੈ।"[152] ਪਰੰਤੂ ਮੱਧਕਾਲੀ ਸਮਾਜ ਵਿਚ ਇਨ੍ਹਾਂ ਸਿੱਧਾਂ ਦੇ ਪਛਾਣ-ਚਿੰਨ੍ਹ ਬੇਸ਼ੱਕ ਉਨ੍ਹਾਂ ਦੀ ਵੱਖਰਤਾ ਦਰਸਾਉਂਦੇ ਹੋਣ ਪਰੰਤੂ ਆਚਾਰ ਪੱਖੋਂ ਸਭ ਇਕੋ ਜਿਹੀ ਕਰਨੀ ਦੇ ਧਾਰਨੀ ਬਣ ਚੁੱਕੇ ਸਨ। ਇਸ ਲਈ ਬਾਣੀਕਾਰਾਂ ਨੇ ਹੋਰ ਫਿਰਕਿਆਂ ਦੇ ਜੋਗੀਆਂ, ਸਾਧਾਂ ਦੀ ਤਰ੍ਹਾਂ ਅਵਧੂਤ ਦੀ

ਕਹਿਣੀ-ਕਰਨੀ ਦੇ ਇਕ ਨਾ ਹੋਣ ਕਾਰਨ ਤਾੜਨਾ ਕੀਤੀ ਹੈ। ਕਬੀਰ ਜੀ ਕਿਸੇ ਮਨੁੱਖ, ਦੇਵਤਾ, ਜੋਗੀ, ਅਵਧੂਤ, ਗ੍ਰਿਹਸਥੀ, ਉਦਾਸੀ, ਤਪੱਸਵੀ, ਸੇਖੁ ਆਦਿ ਨੂੰ ਬ੍ਰਹਮ ਨਹੀਂ ਜਾਣਦੇ, ਸਗੋਂ ਉਨ੍ਹਾਂ ਨੇ ਸਭ ਮਨੁੱਖੀ-ਜੀਵਾਂ ਨੂੰ ਹਰੀ ਦੀ ਅੰਸ਼ ਮਾਤਰ ਹੀ ਦੱਸਿਆ ਹੈ ਜੋ ਨਿਰਾਕਾਰ, ਅਗੰਮ, ਅਗੋਚਰ ਹਰੀ ਸਾਰੀ ਸ੍ਰਿਸ਼ਟੀ ਵਿਚ ਵਿਆਪਕ ਹੈ :

ਨਾ ਇਹੁ ਮਾਨਸੁ ਨਾ ਇਹੁ ਦੇਉ॥ ਨਾ ਇਹੁ ਜਤੀ ਕਹਾਵੈ ਸੇਉ॥
ਨਾ ਇਹ ਜੋਗੀ ਨਾ ਅਵਧੂਤਾ॥ ਨਾ ਇਸੁ ਮਾਇ ਨ ਕਾਹੂ ਪੂਤਾ॥੧॥...

(ਗੋਂਡ, ਕਬੀਰ ਜੀ, ਪੰਨਾ-871)

ਸੋ ਉਪਰੋਕਤ ਜ਼ਿਕਰਯੋਗ ਫਿਰਕਿਆਂ ਤੋਂ ਇਲਾਵਾ ਬਾਣੀਕਾਰਾਂ ਨੇ ਕੁੱਝ ਹੋਰ ਫਿਰਕਿਆਂ ਵਿਚੋਂ ਜਤੀ- ਜਤ-ਸਤ ਰੱਖਣ ਵਾਲੇ, ਤਪੀ- ਤਪੱਸਿਆ ਕਰਨ ਵਾਲੇ, ਸੰਨਿਆਸੀ- ਗ੍ਰਹਿਸਥ ਤਿਆਗਣ ਵਾਲੇ, ਲੁੰਜਿਤ- ਸਿਰ ਦੇ ਵਾਲ ਪੁੱਟਕੇ ਜਾਂ ਉਖੇੜਨ ਵਾਲੇ, ਮੁੰਜਿਤ (ਮੂੰਡ ਮੁੰਡਾਏ) ਸਿਰ ਦੇ ਵਾਲ ਮਨਾਉਣ ਵਾਲੇ, ਮੋਨੀ- ਮੋਨ ਜਾਂ ਚੁੱਪ ਧਾਰਨ ਵਾਲੇ, ਜਟਾਧਾਰ ਲੰਮੀਆਂ ਲੰਮੀਆਂ ਜਟਾਂ ਰੱਖਣ ਵਾਲੇ[153] ਜੋਗੀਸ਼ਵਰ- ਸ਼ਿਵ ਨੂੰ ਸੁਆਮੀ ਮੰਨਣ ਵਾਲੇ[154], ਸਿਧ- ਰਿੱਧੀਆਂ-ਸਿਧੀਆਂ ਪ੍ਰਾਪਤ ਕਰਨ ਵਾਲੇ ਆਦਿ ਫਿਰਕਿਆਂ ਦਾ ਵਿਸ਼ੇਸ਼ ਜ਼ਿਕਰ ਕੀਤਾ ਮਿਲਦਾ ਹੈ :

ਸਾਧਕ ਸਿਧ ਸਗਲ ਮੁਨਿ ਹਾਰੇ॥
ਏਕ ਨਾਮ ਕਲਿਪ ਤਰ ਤਾਰੇ॥੧॥

(ਗਉੜੀ, ਕਬੀਰ ਜੀ, ਪੰਨਾ-330)

ਇਸ ਤਰ੍ਹਾਂ ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਮੱਧਕਾਲ ਵਿਚ ਸਮਾਜ ਦੇ ਲੋਕਾਂ ਉੱਤੇ ਸਭ ਤੋਂ ਵੱਧ ਪ੍ਰਭਾਵ ਨਾਥ-ਜੋਗੀਆਂ ਦਾ ਰਿਹਾ। ਭਾਵੇਂ ਕਿ ਇਨ੍ਹਾਂ ਵਿਭਿੰਨ ਫਿਰਕਿਆਂ ਦੇ ਸਿਧਾਂਤ, ਨਾਥਾਂ, ਜੋਗੀਆਂ ਦੀ ਪਛਾਣ ਆਮ ਲੋਕਾਂ ਵਿਚ ਇਕੋ ਕਿਸਮ ਦੇ ਭ੍ਰਮਣ ਵਾਲੇ ਜੋਗੀਆਂ ਦੇ ਤੌਰ ਤੇ ਹੀ ਸੀ ਪਰੰਤੂ ਬਾਣੀਕਾਰਾਂ ਨੇ ਇਨ੍ਹਾਂ ਫਿਰਕਿਆਂ ਦੀ ਵੱਖਰਤਾ ਸਿੱਧਾਂ, ਨਾਥਾਂ, ਜੋਗੀਆਂ ਦੁਆਰਾ ਨਿਰਧਾਰਤ ਕੁੱਝ ਬਾਹਰੀ ਚਿੰਨ੍ਹਾਂ, ਸਰੀਰਕ ਸਾਧਨਾਵਾਂ, ਸਿਧਾਤਾਂ ਅਤੇ ਕੁੱਝ ਵਿਸ਼ੇਸ਼ ਜਿਉਣ-ਢੰਗ ਵੱਲ ਸੰਕੇਤ ਕਰਦੇ ਹੋਏ ਦਰਸਾਈ ਹੈ ਪਰੰਤੂ ਆਚਰਣ ਪੱਖ ਤੋਂ ਸਭ ਵਿਕਾਰਾਂ ਵਿਚ ਡੁੱਬੇ ਹੋਏ, ਗ੍ਰਹਿਸਥੀਆਂ ਨਾਲੋਂ ਵੀ ਵੱਧ ਦੁਨਿਆਵੀਂ ਭੋਗਾਂ ਵਿਚ ਗ੍ਰਸਤ ਹੋ ਚੁੱਕੇ ਸਨ। ਅੰਤਰ ਕੇਵਲ ਏਨਾ ਸੀ ਕਿ ਆਮ ਲੋਕਾਂ ਨਾਲੋਂ ਦੂਰੀ ਬਣਾ ਕੇ ਰਹਿਣ ਵਾਲੇ ਇਹ ਸਿਧ, ਸਾਧਕ ਆਪਣੀਆਂ ਕਰਨੀਆਂ ’ਤੇ ਪਰਦਾ ਪਾ ਕੇ ਲੋਕਾਂ ਨੂੰ ਯੋਗ ਸਾਧਨਾਵਾਂ, ਜਾਦੂ, ਤੰਤਰ-ਮੰਤਰ, ਤੀਰਥ ਆਦਿ ਚੱਕਰਾਂ ਵਿਚ ਪਾਈ ਰੱਖਦੇ ਸਨ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਉਨ੍ਹਾਂ ਦੁਆਰਾ ਕੀਤੇ ਜਾਂਦੇ ਸਭ ਨਕਾਰਾਤਮਕ ਕਾਰਜਾਂ ਉਪਰੋਂ ਪਰਦਾ ਉਠਾਉਂਦੇ ਹੋਏ ਭੇਖਾਂ, ਪਾਖੰਡਾਂ ਭਰੇ ਜੀਵਨ ਦੀ ਬਜਾਏ ਸਹਿਜ, ਸਰਲ ਤੇ

ਸੱਚੇ ਜੀਵਨ-ਮਾਰਗ ਦੀ ਪ੍ਰੇਰਨਾ ਦਿੱਤੀ ਅਤੇ ਬੜੇ ਦਲੀਲ ਭਰਪੂਰ ਵਿਚਾਰਾਂ ਨਾਲ ਉਨ੍ਹਾਂ ਦੇ ਕਰਮਕਾਡਾਂ ਦਾ ਖੰਡਨ ਕੀਤਾ। ਕਬੀਰ ਜੀ ਆਖਦੇ ਹਨ ਕਿ ਜੇ ਨੰਗੇ ਹੋਣ ਨਾਲ ਹੀ ਜੋਗ ਮਿਲਦਾ ਹੈ ਤਾਂ ਫਿਰ ਜੰਗਲ ਵਿਚ ਰਹਿਣ ਵਾਲੇ ਮਿਰਗ ਆਦਿ ਸਭ ਮੁਕਤ ਕਿਉਂ ਨਹੀਂ ਹੋ ਜਾਂਦੇ? ਜੇ ਸਿਰ ਮੁਨਵਾਉਣ ਨਾਲ ਹੀ ਸਿਧੀਆਂ ਦੀ ਪ੍ਰਾਪਤੀ ਹੁੰਦੀ ਹੋਵੇ ਤਾਂ ਫਿਰ ਭੇਡ ਮੁਕਤ ਕਿਉਂ ਨਹੀਂ ਹੁੰਦੀ? ਜੇ ਬਿੰਦ ਨੂੰ ਰੱਖਕੇ ਹੀ ਤਰਿਆ ਜਾਂਦਾ ਹੋਵੇ ਤਾਂ ਖੁਸਰੇ ਨੂੰ ਪਰਮਗਤੀ ਕਿਉਂ ਨਹੀਂ ਪ੍ਰਾਪਤ ਹੁੰਦੀ? ਭਾਵ ਨੰਗੇ ਰਹਿਣ ਜਾਂ ਚੰਮ ਲਪੇਟਣ ਨਾਲ ਕੁੱਝ ਨਹੀਂ ਹੁੰਦਾ ਜਿੰਨਾ ਚਿਰ ਆਪਣੇ ਮਨ ਵਿਚ ਸਰਬ-ਵਿਆਪਕ ਹਰੀ ਨੂੰ ਨਹੀਂ ਸਿਮਰਿਆ ਜਾਂਦਾ :

> ਨਗਨ ਫਿਰਤ ਜੌ ਪਾਈਐ ਜੋਗੁ॥ ਬਨ ਕਾ ਮਿਰਗੁ ਮੁਕਤਿ ਸਭੁ ਹੋਗੁ॥੧॥...
> ਮੂਡ ਮੁੰਡਾਏ ਜੌ ਸਿਧਿ ਪਾਈ॥ ਮੁਕਤੀ ਭੇਡ ਨ ਗਈਆ ਕਾਈ॥੨॥
> ਬਿੰਦੁ ਰਾਖਿ ਜੌ ਤਰੀਐ ਭਾਈ॥ ਖੁਸਰੈ ਕਿਉ ਨ ਪਰਮਗਤਿ ਪਾਈ॥੩॥
> ਕਹੁ ਕਬੀਰ ਸੁਨਹੁ ਨਰ ਭਾਈ॥ ਰਾਮ ਨਾਮ ਬਿਨੁ ਕਿਨਿ ਗਤਿ ਪਾਈ॥੪॥੪॥

(ਗਉੜੀ, ਕਬੀਰ, ਪੰਨਾ-324)

ਇਸ ਤਰ੍ਹਾਂ ਇਕ ਪਾਸੇ ਹਿੰਦੂ ਧਰਮ ਵਿਚ ਪੈਦਾ ਹੋਏ ਵਿਭਿੰਨ ਮਤ-ਮਤਾਂਤਰ, ਸੰਪ੍ਰਦਾਵਾਂ, ਸਿਧਾਂ, ਜੋਗੀਆਂ ਦੇ ਫਿਰਕਿਆਂ ਆਦਿ ਵਿਚ ਸੁਆਰਥ ਹਿੱਤ ਪੈਦਾ ਹੋਏ ਭੇਖ, ਪਾਖੰਡ ਅਤੇ ਦੂਸਰੇ ਪਾਸੇ ਮੁਸਲਿਮ ਧਰਮ ਦੁਆਰਾ ਕੋਰੇ ਸ਼ਰੁਈ ਕਰਮ ਆਦਿ ਨਾਲ ਸਮਾਜ ਵਿਚ ਦਿਨ-ਬ-ਦਿਨ ਧਾਰਮਿਕ, ਨੈਤਿਕ ਪੱਖ ਤੋਂ ਨਿਘਾਰ ਆਉਂਦਾ ਜਾ ਰਿਹਾ ਸੀ। ਪਰ ਭਗਤਾਂ, ਗੁਰੂ ਸਾਹਿਬਾਨਾਂ ਨੇ ਆਪੋ ਆਪਣੇ ਸਮੇਂ ਦੇ ਅਜਿਹੇ ਹਲਾਤਾਂ ਵਿਚ ਵਿਚਰਦੇ ਹੋਏ ਭੇਖਾਂ ਭਰਿਆ ਜੀਵਨ ਬਿਤਾ ਰਹੇ ਸਿਧਾਂ, ਜੋਗੀਆਂ ਨਾਲ ਸੰਵਾਦ ਰਚਾਉਂਦੇ ਹੋਏ ਹਰ ਧਰਮ, ਹਰ ਸੰਪ੍ਰਦਾ ਦੇ ਆਗੂਆਂ ਨੂੰ ਦਲੀਲਾਂ ਸਹਿਤ ਸਹੀ ਤੇ ਸਰਲ ਮਾਰਗ ’ਤੇ ਚੱਲਣ ਲਈ ਪ੍ਰੇਰਿਆ ਤਾਂ ਕਿ ਉਨ੍ਹਾਂ ਜੋਗੀਆਂ ਨੂੰ ਮੰਨਣ ਵਾਲੀ ਆਮ ਜਨਤਾ ਦਾ ਜੀਵਨ ਵੀ ਅਜਿਹੀਆਂ ਉਲਝਣਾਂ ਤੋਂ ਮੁਕਤ ਹੋਵੇ।

## ਮੁਸਲਮਾਨੀ ਧਰਮ-ਕਰਮ

ਹਰ ਧਰਮ ਦੀਆਂ ਮੁੱਢਲੀਆਂ ਸਿੱਖਿਆਵਾਂ ਕੁੱਝ ਹੋਰ ਹੁੰਦੀਆਂ ਹਨ ਜੋ ਮਨੁੱਖ ਦੇ ਵਿਹਾਰਕ ਜੀਵਨ ਨਾਲ ਪੂਰਨ ਤੌਰ ਤੇ ਜੁੜੀਆਂ ਹੁੰਦੀਆਂ ਹਨ। ਇਹ ਸਿੱਖਿਆਵਾਂ ਜਿਨਾਂ ਗੁਰੂਆਂ, ਪੈਗੰਬਰਾਂ ’ਤੇ ਨਾਜ਼ਲ ਹੁੰਦੀਆਂ ਹਨ ਉਨ੍ਹਾਂ ਸਿੱਖਿਆਵਾਂ ਨੂੰ ਮਹਾਨ ਪੈਗੰਬਰਾਂ ਨੇ ਆਪਣੇ ਅਮਲੀ ਜੀਵਨ ਵਿਚ ਹੰਢਾਇਆ ਹੁੰਦਾ ਹੈ ਪਰੰਤੂ ਸਮੇਂ-ਸਮੇਂ ਇਨ੍ਹਾ ਨੂੰ ਮੰਨਣ ਵਾਲੇ ਪੈਰੋਕਾਰ ਸਿੱਖਿਆਵਾਂ ਦੀ ਵੀਚਾਰ ਨਾ ਕਰਕੇ, ਹੋਰ ਹੀ ਅਰਥਾਂ ਵਿਚ ਪ੍ਰਚਲਿਤ ਜਾਂ ਰੂੜ੍ਹ ਕਰ ਦਿੰਦੇ ਹਾਂ ਜੋ ਮਨੁੱਖ ਦੇ ਵਿਹਾਰਕ ਜੀਵਨ ਦੀ

ਬਜਾਏ ਨਿਰੋਲ ਰੋਜ਼ਮਰਾ ਦੇ ਕਰਮ ਵੱਧ ਬਣ ਜਾਂਦੇ ਹਨ। ਮੱਧਕਾਲੀ ਸਮਾਜ ਵਿਚ ਅਜਿਹੀ ਸਥਿਤੀ ਜਿੱਥੇ ਹਿੰਦੂ ਧਰਮ ਦੀ ਸੀ ਉਥੇ ਇਹੋ ਹਾਲਤ ਮੁਸਲਿਮ ਧਰਮ ਨੂੰ ਮੰਨਣ ਵਾਲੇ ਲੋਕਾਂ ਦੀ ਹੋ ਚੁੱਕੀ ਸੀ। ਮੁਸਲਿਮ ਧਰਮ ਦੇ ਲੋਕਾਂ ਵਿਚ ਅਜਿਹੀਆਂ ਪ੍ਰਵਿਰਤੀਆਂ ਦੇ ਪੈਦਾ ਹੋਣ ਦਾ ਇਕ ਕਾਰਨ ਉਨ੍ਹਾਂ ਦਾ ਭਾਰਤ ਵਿਚ ਸੱਤਾਧਾਰੀ ਧਿਰ ਵਜੋਂ ਕਾਬਜ਼ ਹੋਣਾ ਸੀ ਜਿਸ ਅਨੁਸਾਰ ਉਹ ਆਪਣੇ ਹੀ ਧਰਮ ਨੂੰ ਸ੍ਰੇਸ਼ਟ ਧਰਮ ਸਿੱਧ ਕਰਨ ਦੀ ਹੋੜ ਵਿਚ ਸਨ। ਭਾਰਤ ਵਿਚ ਮੁਸਲਿਮ ਹਕੂਮਤ ਦਾ ਜੋ ਜ਼ੋਰ, ਜਬਰ, ਲੁੱਟ-ਖਸੁੱਟ ਵਾਲਾ ਰੋਲ ਰਿਹਾ, ਜੇਕਰ ਉਸਨੂੰ ਪਾਕ ਗ੍ਰੰਥ 'ਕੁਰਾਨ ਸ਼ਰੀਫ' ਦੀਆਂ ਸਿੱਖਿਆਵਾਂ ਦੇ ਸਨਮੁਖ ਰੱਖ ਕੇ ਦੇਖਿਆ ਜਾਵੇ ਤਾਂ ਭਾਰਤ ਵਿਚ ਮੁਸਲਿਮ ਰਾਜਸੀ ਆਗੂਆਂ ਦਾ ਆਚਰਨ ਔਗੁਣਾਂ ਵਾਲਾ, ਅੱਲਹ ਨੂੰ ਨਾ ਮਨਜ਼ੂਰ ਦ੍ਰਿਸ਼ਟੀ ਵਾਲਾ ਹੀ ਜਾਪਦਾ ਹੈ। ਕੁਰਾਨ ਸ਼ਰੀਫ ਦੀ 31ਵੀਂ ਸੂਰਤ 'ਲੁਕਮਾਨ' ਵਿਚ ਲਿਖਿਆ ਹੈ ਕਿ "ਪੁੱਤਰ! ਨਮਾਜ਼ ਕਾਇਮ ਕਰ, ਨੇਕੀ ਦਾ ਹੁਕਮ ਦੇ, ਬੁਰਾਈ ਤੋਂ ਵਰਜਦਾ ਰਹਿ ਅਤੇ ਜੋ ਮੁਸੀਬਤ ਵੀ ਆ ਪਵੇ ਉਸ 'ਤੇ ਸਬਰ ਕਰ। ਇਹ ਉਹ ਗੱਲਾਂ ਹਨ ਜਿਹਨਾਂ ਦੀ ਵੱਡੀ ਤਾਕੀਦ ਕੀਤੀ ਗਈ ਹੈ ਅਤੇ ਲੋਕਾਂ ਨਾਲੋਂ ਮੂੰਹ ਫੇਰ ਕੇ ਗੱਲਾਂ ਨਾ ਕਰ, ਨਾ ਧਰਤੀ ਉਤੇ ਆਕੜ ਕੇ ਤੁਰ, ਅੱਲਾਹ ਕਿਸੇ ਹੰਕਾਰੀ ਤੇ ਸ਼ੇਖ਼ੀ-ਖੋਰੇ ਨੂੰ ਪਸੰਦ ਨਹੀਂ ਕਰਦਾ।..."[155]

ਭਗਤ ਬਾਣੀਕਾਰਾਂ ਨੇ ਭਾਰਤੀ ਸਮਾਜ ਵਿਚ ਵਿਚਰਦੇ ਮੁਸਲਿਮ ਲੋਕਾਂ ਦੁਆਰਾ ਕੀਤੇ ਜਾਂਦੇ ਧਾਰਮਿਕ ਕਰਮਾਂ ਨੂੰ ਓਨਾਂ ਚਿਰ ਸਾਰਥਕ ਨਹੀਂ ਸਮਝਿਆ ਜਿੰਨਾ ਚਿਰ ਕਿ ਉਹ ਮਨ ਦੀ ਨਿਰਮਲਤਾ, ਸ਼ੁਭ ਅਮਲਾਂ ਤੋਂ ਬਿਨਾਂ ਕੇਵਲ ਦੁਹਰਾਓ ਦੀ ਪ੍ਰਕ੍ਰਿਆ ਚੋਂ ਲੰਘਣ ਦੀ ਬਜਾਏ ਸਮਾਜ ਵਿਚ ਕੋਈ ਸਾਰਥਕ ਭੂਮਿਕਾ ਨਾ ਨਿਭਾਉਂਦੇ ਹੋਣ ਕਿਉਂਕਿ ਤਕੜੇ ਵੱਲੋਂ ਕਮਜ਼ੋਰ, ਗ਼ਰੀਬ ਲੋਕਾਂ 'ਤੇ ਜ਼ੋਰ ਜ਼ੁਲਮ ਕਰਨ ਦੀ ਅੱਲਾਹ ਕਦੇ ਇਜਾਜ਼ਤ ਨਹੀਂ ਦਿੰਦਾ :

ਹਮ ਮਸਕੀਨ ਖੁਦਾਈ ਬੰਦੇ ਤੁਮ ਰਾਜਸੁ ਮਨਿ ਭਾਵੈ॥
ਅਲਹ ਅਵਲਿ ਦੀਨ ਕੋ ਸਾਹਿਬੁ ਜੋਰੁ ਨਹੀ ਫੁਰਮਾਵੈ॥੧॥

(ਆਸਾ, ਕਬੀਰ, ਪੰਨਾ-480)

**ਨਮਾਜ਼ :** ਪੰਜ ਵਕਤ ਨਮਾਜ਼ ਪੜ੍ਹਨਾ ਮੁਸਲਿਮ ਧਰਮ ਦਾ ਜ਼ਰੂਰੀ ਅੰਗ ਮੰਨਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਨਾਮਜ਼ ਪੜ੍ਹਨ ਦਾ ਵਿਰੋਧ ਨਹੀਂ ਕੀਤਾ ਸਗੋਂ ਨਮਾਜ਼ ਪੜ੍ਹਨ ਦੇ ਨਾਲ-ਨਾਲ ਨਮਾਜ਼ ਦੇ ਸਾਰਥਕ ਅਰਥਾਂ ਨੂੰ ਅਮਲੀ ਜੀਵਨ ਵਿਚ ਢਾਲਣ ਦੀ ਤਾਕੀਦ ਕੀਤੀ ਹੈ ਅਤੇ ਫੋਕੀਆਂ ਨਮਾਜ਼ਾਂ ਪੜ੍ਹਨ ਵਾਲੇ, ਸ਼ੁਭ ਅਮਲਾਂ ਤੋਂ ਸੱਖਣੇ ਮੁਸਲਮਾਨ ਕਾਜੀ, ਮੁੱਲਾਂ ਨੂੰ ਪਾਖੰਡ ਕਰਨ ਦੀ ਬਜਾਏ, ਅੱਲਾਹ ਦੀ ਨਮਾਜ਼ ਅਦਾ ਕਰਨ ਦੇ ਸਹੀ ਅਰਥ ਸੁਝਾਉਂਦੇ ਹੋਏ ਆਖਿਆ ਹੈ

ਕਿ ਨਮਾਜ਼ ਉਹ ਹੈ ਜਿਸ ਨੂੰ ਪੜ੍ਹਕੇ ਨਿਆਂ ਦੀ ਵੀਚਾਰ ਕੀਤੀ ਜਾਵੇ, ਬੁੱਧ ਬਿਬੇਕ ਤੇ ਸੱਚੇ ਗਿਆਨ ਦਾ ਕਲਮਾ ਪੜ੍ਹਿਆ ਜਾਵੇ ਅਤੇ ਆਪਣੇ ਮਨ ਦੇ ਪੰਜ ਵਿਕਾਰਾਂ ਨੂੰ ਦੂਰ ਕਰਨ ਨੂੰ ਹੀ ਮੁੱਸਲਾ ਬਣਾ ਕੇ ਵਿਛਾਇਆ ਜਾਵੇ। ਸੋ ਸੱਚੇ ਧਰਮ ਦੇ ਸ਼ੁੱਭ ਕਰਮਾਂ ਦੀ ਪਛਾਣ ਕਰਕੇ ਸਰਬ-ਵਿਆਪੀ ਅੱਲਾਹ ਦੀ ਪਛਾਣ ਕਰਦੇ ਹੋਏ ਜੀਵਾਂ ਪ੍ਰਤੀ ਦਇਆ ਰੱਖਣੀ ਹੀ ਧਰਮ ਪਾਲਣ ਦਾ ਰਸਤਾ ਹੈ ਜਿਸ 'ਤੇ ਚੱਲਣ ਅਤੇ ਹੋਰਾਂ ਨੂੰ ਚਲਾਉਣ ਨਾਲ ਹੀ ਸਵਰਗ (ਭਿਸਤ) ਦੇ ਭਾਗੀਦਾਰ ਬਣਿਆ ਜਾ ਸਕਦਾ ਹੈ :

ਨਿਵਾਜ ਸੋਈ ਜੋ ਨਿਆਉ ਬਿਚਾਰੈ ਕਲਮਾ ਅਕਲਹਿ ਜਾਨੈ॥
ਪਾਚਹੁ ਮੁਸਿ ਮੁਸਲਾ ਬਿਛਾਵੈ ਤਬ ਤਉ ਦੀਨੁ ਪਛਾਨੈ॥੩॥
ਖਸਮੁ ਪਛਾਨਿ ਤਰਸ ਕਰਿ ਜੀਅ ਮਹਿ ਮਾਰਿ ਮਣੀ ਕਹਿ ਫੀਕੀ॥

(ਆਸਾ, ਕਬੀਰ, ਪੰਨਾ-480)

ਕਬੀਰ ਜੀ ਪੰਜੇ ਵਕਤ ਨਮਾਜ਼ ਅਦਾ ਕਰਨ ਵਾਲੇ ਕਾਜ਼ੀ ਮੁਲਾਂ ਨੂੰ ਆਪਣੇ ਮਨ ਦੀ ਇਕੋ ਇਕ ਮਸੀਤ ਤੇ ਦਸਮ ਦੁਆਰ ਤੋਂ ਬਾਂਗ ਦੇਣ ਦੀ ਪ੍ਰੇਰਨਾ ਦਿੰਦੇ[156] ਆਖਦੇ ਹਨ ਕਿ ਹੇ ਮੁਲਾਂ! ਮੁਨਾਰੇ ਚੜ੍ਹਕੇ ਕੀ ਉੱਚੀ ਉੱਚੀ ਬਾਗਾਂ ਦਿੰਦਾ ਹੈ, ਉਹ ਸਾਂਈ (ਅੱਲਾਹ) ਬਹਿਰਾ ਨਹੀਂ ਜਿਸ ਲਈ ਤੂੰ ਬਾਂਗ ਦਿੰਦਾ ਹੈ, ਉਹ ਤਾਂ ਤੇਰੇ ਅੰਦਰ ਹੀ ਬੈਠਾ ਹੈ :

ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ॥
ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ॥੧੮੪॥

(ਸਲੋਕ, ਕਬੀਰ, ਪੰਨਾ-1374)

ਕਬੀਰ ਜੀ ਮਨ ਨਾਲ ਲੜਨ ਵਾਲੇ, ਵਿਕਾਰਾਂ ਨੂੰ ਤਿਆਗ ਬ੍ਰਹਮ ਦੀ ਵੀਚਾਰ ਕਰਨ ਵਾਲੇ ਨੂੰ ਅਸਲ ਮੁਲਾਂ, ਕਾਜੀ ਆਖਦੇ ਹਨ ਕਿਉਂਕਿ ਜਦੋਂ ਦਿਲ ਨੂੰ ਹੀ ਨਾਪਾਕ ਕਰ ਲਿਆ ਤੇ ਪਾਕ ਹੋਣ ਦੀ ਸੋਝੀ ਨਹੀਂ ਪਾਈ,[157] ਦਿਲ ਵਿਚ ਕਪਟ ਰੱਖਕੇ ਕੀ ਉਜੂ ਕੀਤਾ, ਕੀ ਮਸੀਤ ਜਾ ਕੇ ਸਿਰ ਨਿਵਾਇਆ ਤੇ ਕੀ ਕਾਬੇ ਦਾ ਹੱਜ ਕੀਤਾ। ਅਜਿਹੇ ਕਰਮ ਕਰਕੇ ਤਾਂ ਮਨੁੱਖ ਭਿਸਤ (ਸਵਰਗ) ਦਾ ਵਾਸੀ ਹੋਣ ਤੋਂ ਖੁੰਝ ਜਾਂਦਾ ਹੈ ਤੇ ਉਸਦਾ ਮਨ ਦੋਜਕ ਨਾਲ ਹੀ ਪਰਚ ਜਾਂਦਾ ਹੈ :

ਕਿਆ ਉਜੂ ਪਾਕੁ ਕੀਆ ਮੁਹ ਧੋਇਆ ਕਿਆ ਮਸੀਤਿ ਸਿਰੁ ਲਾਇਆ॥
ਜਉ ਦਿਲ ਮਹਿ ਕਪਟੁ ਨਿਵਾਜ ਗੁਜਾਰਹੁ ਕਿਆ ਹਜ ਕਾਬੈ ਜਾਇਆ॥੩॥
ਤੂੰ ਨਾਪਾਕੁ ਪਾਕੁ ਨਹੀ ਸੂਝਿਆ ਤਿਸ ਕਾ ਮਰਮੁ ਨ ਜਾਨਿਆ॥
ਕਹਿ ਕਬੀਬ ਭਿਸਤਿ ਤੇ ਚੂਕਾ ਦੋਜਕ ਸਿਉ ਮਨੁ ਮਾਨਿਆ॥੪॥੪॥

(ਪ੍ਰਭਾਤੀ, ਕਬੀਰ, ਪੰਨਾ-1350)

ਇਸ ਤਰ੍ਹਾਂ ਕਬੀਰ ਜੀ ਕਾਜੀ ਨੂੰ ਸੰਬੋਧਿਤ ਹੁੰਦੇ ਆਖਦੇ ਹਨ ਕਿ ਤੂੰ ਪੜਦਾ-ਗੁਣਦਾ ਜਾਂ ਅਸਲ ਗਿਆਨ ਦੀ ਤਾਂ ਕੋਈ ਸੋਝੀ ਨਹੀਂ ਰੱਖਦਾ। ਜਦੋਂ ਕਿ ਕੁਰਾਨ ਅਨੁਸਾਰ ਅੱਲਾਹ ਨਾ ਪੁਰਖ ਹੈ ਨਾ ਨਾਰੀ ਹੈ, ਸਗੋਂ ਉਹ ਤਾਂ ਹਰ ਕਿਤੇ ਵਿਆਪਕ ਹਿੰਦੂਆਂ, ਤੁਰਕਾਂ ਵਿਚ ਵੀ ਸਮਾਨ ਰੂਪ ਵਿਚ ਵਸਦਾ ਹੈ :

ਕਾਜੀ ਸਾਹਿਬੁ ਏਕੁ ਤੋਹੀ ਮਹਿ ਤੇਰਾ ਸੋਚਿ ਬਿਚਾਰਿ ਨਾ ਦੇਖੈ॥...
ਸਾਚੁ ਕਤੇਬ ਬਖਾਨੈ ਅਲਹੁ ਨਾਰਿ ਪੁਰਖੁ ਨਹੀ ਕੋਈ॥...
ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ॥
ਹਿੰਦੂ ਤੁਰਕ ਦਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ॥੩॥੭॥੨੯॥

(ਆਸਾ, ਕਬੀਰ, ਪੰਨਾ-483)

ਇਸ ਲਈ ਏਧਰ-ਓਧਰ ਭਟਕਣ ਦੀ ਬਜਾਏ ਉਸਦੀ ਦਿਲ 'ਚ ਹੀ ਖੋਜ ਕਰਨੀ ਚਾਹੀਦੀ ਹੈ। ਐਵੇਂ ਆਪਸ ਵਿਚ ਜਾ ਇਕ ਦੂਸਰੇ ਦੀਆਂ ਧਾਰਮਿਕ ਪੁਸਤਕਾਂ ਵਿਚੋਂ ਵਾਦ-ਵਿਵਾਦੀ ਗੱਲਾਂ ਨੂੰ ਛਾਂਟ ਕੇ ਮਖੌਲ ਨਹੀਂ ਕਰਨੇ ਚਾਹੀਦੇ ਕਿਉਂਕਿ ਉਹ ਅੱਲਾਹ ਕਿਸੇ ਸੱਤਵੇਂ ਅਸਮਾਨ 'ਤੇ ਨਹੀਂ ਰਹਿੰਦਾ ਸਗੋਂ ਉਹ ਤਾਂ ਸਾਰੀ ਖ਼ਲਕਤ ਵਿਚ ਮੌਜੂਦ ਹੈ। ਜਿੱਥੇ ਕਬੀਰ ਜੀ ਮੁਸਲਮਾਨਾਂ ਨੂੰ ਸਾਰੀ ਖ਼ਲਕਤ ਨੂੰ ਇਕੋ ਅੱਲਾਹ ਦੀ ਸਿਰਜਨਾ ਕਹਿਕੇ ਪ੍ਰੇਰਨਾ ਦਿੰਦੇ ਹਨ ਉਥੇ ਉਹ ਹਿੰਦੂਆਂ ਦੁਆਰਾ ਅੱਲਾਹ ਨੂੰ ਕੇਵਲ ਕ੍ਰਿਸ਼ਨ ਮੂਰਤ ਵਿਚ ਦੇਖਣ ਦਾ ਵੀ ਵਿਰੋਧ ਕਰਦੇ ਹਨ :

ਦਰੋਗੁ ਪੜਿ ਪੜਿ ਖੁਸੀ ਹੋਇ ਬੇਖਬਰ ਬਾਦੁ ਬਕਾਹਿ॥
ਹਕ ਸਚੁ ਖਾਲਕੁ ਖਲਕ ਮਿਆਨੇ ਸਿਆਮ ਮੂਰਤਿ ਨਾਹਿ॥੨॥...

(ਤਿਲੰਗ, ਕਬੀਰ, ਪੰਨਾ-727)

**ਹੱਜ :** ਕਾਬੇ ਦੀ ਯਾਤਰਾ ਕਰਨਾ ਹਰ ਮੁਸਲਮਾਨ ਲਈ ਧਰਮ ਦਾ ਨਿਯਮ ਹੈ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਜਿਵੇਂ ਹਿੰਦੂਆਂ ਵਿਚ ਤੀਰਥ-ਯਾਤਰਾ ਨੂੰ ਤਰਜੀਹ ਨਹੀਂ ਦਿੱਤੀ, ਉਵੇਂ ਹੀ ਮੁਸਲਮਾਨਾਂ ਵਿਚ ਹੱਜ ਕਰਨ ਨੂੰ ਕੋਈ ਤਰਜੀਹ ਨਹੀਂ ਦਿੱਤੀ ਉਨ੍ਹਾਂ ਦਾ ਮੂਲ ਸੰਕਲਪ ਬ੍ਰਹਮ ਦੀ ਸਰਬ-ਵਿਆਪਕਤਾ ਦਾ ਹੈ ਜਿਸ ਬਾਬਤ ਕਬੀਰ ਜੀ ਆਖਦੇ ਹਨ ਕਿ ਇਕ ਵਾਰ ਮੈਂ ਹੱਜ ਕਰਨ ਕਾਬੇ ਜਾ ਰਿਹਾ ਸਾਂ ਕਿ ਖ਼ੁਦਾ ਰਸਤੇ ਵਿਚ ਹੀ ਮਿਲ ਗਿਆ ਤੇ ਆਖਣ ਲੱਗਾ ਕਿ ਤੈਨੂੰ ਕਿਸਨੇ ਆਖ ਦਿੱਤਾ ਕਿ ਮੈਂ ਏਥੇ ਰਹਿੰਦਾ ਹਾਂ? ਭਾਵ ਉਹ ਤਾਂ ਸਰਬ ਵਿਆਪਕ ਹੈ।[158] ਇੰਝ ਹੀ ਅਗਲੇ ਸਲੋਕ ਵਿਚ ਉਹ ਕਈ ਵਾਰ ਹੱਜ ਕਰਨ ਲਈ ਕਾਬੇ ਜਾਣ ਦਾ ਜ਼ਿਕਰ ਕਰਦੇ ਹੋਏ ਆਖਦੇ ਹਨ ਕਿ ਮੈਂ ਕਈ ਵਾਰ ਹੱਜ ਕਰਨ ਗਿਆ, ਪਰ ਪਤਾ ਨਹੀਂ ਮੇਰੇ ਤੋਂ ਕੀ ਗੁਨਾਹ ਹੋਇਆ ਕਿ ਮੇਰਾ ਮਾਲਕ ਮੇਰੇ ਨਾਲ ਮੂੰਹੋਂ ਨਾ ਬੋਲਿਆ। ਇਸ ਪਿੱਛੇ ਵੀ ਅੱਲਾਹ ਦੀ ਸਰਬ-ਵਿਆਪਕਤਾ ਦਾ ਹੀ ਸੰਦੇਸ਼ ਹੈ :

ਕਬੀਰ ਹਜ ਕਾਬੇ ਹੋਇ ਹੋਇ ਗਇਆ ਕੇਤੀ ਬਾਰ ਕਬੀਰ॥
ਸਾਂਈ ਮੁਝ ਮਹਿ ਕਿਆ ਖਤਾ ਮੁਖਹੁ ਨ ਬੋਲੈ ਪੀਰ॥੧੯੮॥

(ਸਲੋਕ, ਕਬੀਰ ਜੀ, ਪੰਨਾ-1375)

**ਸੁੰਨਤ :** "ਅਰਬੀ ਭਾਸ਼ਾ ਦੇ ਸ਼ਬਦ 'ਸੁੰਨਤ' ਦਾ ਅਰਥ ਹੈ ਮਰਯਾਦਾ। ਇਸਲਾਮ ਵਿਚ ਸੁੰਨਤ ਉਨ੍ਹਾਂ ਸਾਰੀਆਂ ਸਿਖਿਆਵਾਂ ਜਾਂ ਉਪਦੇਸ਼ਾਂ ਦੀ ਪਾਲਣਾ ਦਾ ਸੂਚਕ ਸ਼ਬਦ ਹੈ ਜਿਹੜੇ ਹਜ਼ਰਤ ਮੁਹੰਮਦ ਸਾਹਿਬ ਨੇ ਆਪਣੇ ਅਨੁਯਾਈਆਂ ਨੂੰ ਦਿੱਤੇ ਸਨ। ਇਸ ਤਰ੍ਹਾਂ ਹਜ਼ਰਤ ਮੁਹੰਮਦ ਸਾਹਿਬ ਵਲੋਂ ਚਲਾਈ ਆਚਰਣ-ਵਿਧੀ ਹੀ 'ਸੁੰਨਤ' ਹੈ। ਪਰ ਅਜ ਕੱਲ੍ਹ ਇਸ ਸ਼ਬਦ ਦੀ ਵਰਤੋਂ 'ਖ਼ਤਨਾ' ਲਈ ਰੂੜ੍ਹ ਹੋ ਚੁੱਕੀ ਹੈ। 'ਖ਼ਤਨਾ' ਵੀ ਇਸਲਾਮਿਕ ਮਰਯਾਦਾ ਵਿਚ ਸ਼ਾਮਲ ਹੈ। ਹਜ਼ਰਤ ਮੁਹੰਮਦ ਤੋਂ ਪਹਿਲਾਂ ਸਾਮੀ ਦੇਸ਼ਾਂ ਵਿਚ ਖ਼ਤਨਾ ਦੀ ਪ੍ਰਥਾ ਮੌਜੂਦ ਸੀ।"[159] ਪਰੰਤੂ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਇਸ ਮਰਯਾਦਾ ਦਾ ਵਿਰੋਧ ਕੀਤਾ। ਕਬੀਰ ਜੀ ਲਿਖਦੇ ਹਨ ਕਿ ਇਸਤਰੀ ਦੇ ਸਨੇਹ ਕਾਰਨ ਕੀਤੀ ਗਈ ਸੁੰਨਤ ਨੂੰ ਮੈਂ ਨਹੀਂ ਮੰਨਦਾ। ਜੇ ਸੁੰਨਤ ਕਰਨ ਨਾਲ ਬੰਦੇ ਵਿਚ ਕੁੱਝ ਅੰਤਰ ਆ ਜਾਂਦਾ ਹੈ ਜਾਂ ਸੱਚ-ਮੁੱਚ ਹੀ ਖ਼ੁਦਾ ਵੱਲੋਂ ਮੁਸਲਮਾਨ ਆਮ ਇਨਸਾਨਾਂ ਨਾਲੋਂ ਵੱਖਰੇ ਹੁੰਦੇ ਹਨ ਤਾਂ ਇਹ ਆਪੇ ਹੀ ਕੱਟ ਜਾਣੀ ਚਾਹੀਦੀ ਹੈ। ਫਿਰ ਦਲੀਲ ਦਿੰਦੇ ਹਨ ਕਿ ਜੇ ਪੁਰਸ਼ ਦੀ ਸੁੰਨਤ ਕੀਤਿਆਂ ਉਹ ਮੁਸਲਮਾਨ ਬਣ ਜਾਂਦਾ ਹੈ ਤਾਂ ਫਿਰ ਔਰਤ ਦਾ ਮੁਸਲਮਾਨ ਹੋਣ ਲਈ ਕੀ ਕੀਤਾ ਜਾਵੇ? ਇਸ ਲਈ ਅਰਧ ਸਰੀਰੀ (ਭਾਵ ਉਮਰ ਭਰ ਸਾਥ ਰਹਿਣ ਵਾਲੀ) ਔਰਤ ਤਾਂ ਛੱਡੀ ਨਹੀਂ ਜਾਂਦੀ, ਤਾਂ ਤੇ ਹਿੰਦੂ ਰਹਿਣਾ ਹੀ ਚੰਗਾ ਹੈ। ਸੋ ਕਬੀਰ ਜੀ ਫਰਮਾਉਂਦੇ ਹਨ ਕਿ ਹੇ ਕਾਜੀ! ਇਨ੍ਹਾਂ ਸ਼ਰ੍ਹਾ ਦੀਆਂ ਗੱਲਾਂ ਨੂੰ ਛੱਡ ਕੇ ਉਸ ਅੱਲਾਹ ਦੇ ਧਿਆਨ ਵਿਚ ਲੱਗਾ ਰਹਿ, ਐਵੇਂ ਕਿਉਂ ਵਾਦ-ਵਿਵਾਦ ਤੇ ਜ਼ੁਲਮ ਦੇ ਰਸਤੇ ਪਿਆ ਰਹਿੰਦਾ ਹੈ :

ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ॥
ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ ਕਟਿ ਜਾਈ॥੨॥
ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ॥
ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ॥੩॥

(ਆਸਾ, ਕਬੀਰ, ਪੰਨਾ-477)

ਇਸ ਮਰਯਾਦਾ ਬਾਬਤ ਪਹਿਲੇ ਗੁਰੂ ਨਾਨਕ ਸਾਹਿਬ ਦਇਆ, ਤਰਸ, ਮਿਹਰ ਦੀ ਮੁਸੀਤੁ, ਮਨ ਦੇ ਦ੍ਰਿੜ ਨਿਸ਼ਚੇ ਨੂੰ ਮੁਸੱਲਾ, ਨੇਕੀ ਦੀ ਕਮਾਈ ਨੂੰ ਕੁਰਾਨ ਬਣਾਉਂਦੇ ਹੋਏ ਸ਼ਰਮ ਤੇ ਲੱਜਾ ਨੂੰ ਸੁੰਨਤਿ, ਸੀਲ-ਸੰਜਮ ਦਾ ਰੋਜਾ, ਕਰਨੀ ਨੂੰ ਕਾਬਾ, ਸੱਚਾਈ ਨੂੰ ਪੀਰ ਬਣਾਕੇ ਸੱਚਾ ਮੁਸਲਮਾਨ ਬਣਨ ਦੀ ਤਾਕੀਦ ਕਰਦੇ ਹਨ :

ਮਿਹਰ ਮਸੀਤਿ ਸਿਦਕੁ ਮੁਸਲਾ ਹਕ ਹਲਾਲੁ ਕੁਰਾਣੁ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥੧॥

(ਮਾਝ, ਮਹਲਾ 1, ਪੰਨਾ-140-141)

**ਹਲਾਲ** : ਹਲਾਲ ਤੋਂ ਭਾਵ ਜੋ ਜਾਇਜ਼ ਹੋਵੇ। "ਧਰਮ ਦੀ ਮਰਿਯਾਦਾ ਅਨੁਸਾਰ ਵਰਤਣ ਲਈ ਸਵੀਕ੍ਰਿਤ ਵਸਤੂ 'ਹਲਾਲ' ਹੈ, ਜੋ ਸਵੀਕ੍ਰਿਤ ਨਹੀਂ, ਉਹ 'ਹਰਾਮ' ਹੈ।"[160] ਮੁਸਲਿਮ ਧਰਮ ਵਿਚ ਜਿਬਾਹ ਕੀਤੇ ਜੀਵ ਦੇ ਮਾਸ ਖਾਣ ਨੂੰ ਵੀ ਹਲਾਲ ਕਿਹਾ ਜਾਂਦਾ ਹੈ ਮੁਸਲਿਮ ਧਰਮ ਵਿਚ ਕੁਰਬਾਨੀ ਦਾ ਤਿਉਹਾਰ 'ਈਦੁਲਜੁਹਾ' ਮਨਾਇਆ ਜਾਂਦਾ ਹੈ ਜਿਸ ਨੂੰ 'ਬਕਰੀਦ' ਵੀ ਕਿਹਾ ਜਾਂਦਾ ਹੈ। ਇਸ ਵਿਚ ਗਊ, ਬਕਰੇ ਆਦਿ ਪਸ਼ੂ ਦੀ ਕੁਰਬਾਨੀ ਦਿੱਤੀ ਜਾਂਦੀ ਹੈ। ਜਿੱਥੇ ਭਗਤ ਰਵਿਦਾਸ ਜੀ ਕਬੀਰ ਜੀ ਦੀ ਕੁਲ ਵਿਚ ਕੀਤੀ ਜਾਂਦੀ ਇਸ ਰੀਤੀ ਨੂੰ ਉਨ੍ਹਾਂ ਦੁਆਰਾ ਤਿਆਗਣ ਦਾ ਜ਼ਿਕਰ ਕਰਦੇ ਹਨ।[161] ਉਥੇ ਖ਼ੁਦ ਕਬੀਰ ਜੀ ਆਪਣੀ ਬਾਣੀ ਵਿਚ ਸਪਸ਼ਟ ਸ਼ਬਦਾਂ ਵਿਚ ਇਸ ਦਾ ਵਿਰੋਧ ਕਰਦੇ ਹਨ। ਉਹ ਬਿਸਮਿੱਲਾ (ਮਿਸਮਿਲ) ਭਾਵ ਅੱਲਾਹ ਦੇ ਨਾਮ 'ਤੇ ਕੀਤੀ ਗਈ ਪਸ਼ੂ ਦੀ ਹੱਤਿਆ ਦੀ ਥਾਂ ਆਪਣੇ ਵਿਕਾਰਾਂ ਅਤੇ ਮਨ ਦੀ ਮੈਂ (ਹੰਕਾਰ) ਨੂੰ ਮਾਰਦੇ ਹੋਏ ਸ਼ਾਂਤੀ, ਸਬਰ ਵਾਲਾ ਹੋਣ ਨੂੰ ਤਰਜੀਹ ਦਿੰਦੇ[162] ਹਨ ਅਤੇ ਮੁਲਾਂ ਨੂੰ ਆਖਦੇ ਹਨ ਕਿ ਇਕ ਪਾਸੇ ਤਾਂ ਤੂੰ ਸਭ ਵਿਚ ਇਕ ਖ਼ੁਦਾ ਦੱਸਦਾ ਹੈਂ ਤੇ ਅੱਲਾਹ ਦੇ ਇਨਸਾਫ਼ ਦਾ ਪਾਠ ਪੜ੍ਹਾਉਂਦਾ ਹੈ ਪਰ ਤੂੰ ਆਪ ਮੁਰਗੀ ਲਿਆ ਕੇ ਮਾਰਦਾ ਹੈਂ। ਉਸ ਮਰੇ ਜੀਵ ਦੀ ਜੋਤ ਤਾਂ ਪ੍ਰਭੂ-ਜੋਤ ਵਿਚ ਮਿਲ ਗਈ ਫਿਰ ਤੂੰ ਹਲਾਲੁ ਕਿਸ ਨੂੰ ਕੀਤਾ।[163] ਕਬੀਰ ਜੀ ਅਨੁਸਾਰ ਇਸ ਮਾਸ ਦੀ ਰੋਟੀ ਖਾਣ ਬਦਲੇ ਆਪਣਾ ਗਲਾ ਕਟਾਉਣ ਨਾਲੋਂ ਤਾਂ ਦਾਲ, ਚਾਵਲ ਆਦਿ ਤੋਂ ਬਣਾਈ ਖਿਚੜੀ ਖਾਣਾ ਹੀ ਚੰਗਾ ਹੈ ਜਿਸ 'ਚ ਸੁਆਦ ਅਨੁਸਾਰ ਲੂਣ ਪਾਇਆ ਹੁੰਦਾ ਹੈ[164] ਪਰੰਤੂ ਹਲਾਲ ਦੇ ਨਾਂ ਤੇ ਜ਼ੋਰ, ਜ਼ੁਲਮ ਕਰਕੇ ਜੀਵ ਜਾਂ ਪਸ਼ੂਆਂ ਦੀ ਹੱਤਿਆ ਕਰਨ ਵਾਲਿਆਂ ਨੂੰ ਅੱਲਾਹ ਦੀ ਦਰਗਾਹ ਵਿਚ ਲੇਖੇ ਜ਼ਰੂਰ ਦੇਣੇ ਪੈਣਗੇ:

ਕਬੀਰ ਜੋਰੀ ਕੀਏ ਜੁਲਮੁ ਹੈ ਕਹਤਾ ਨਾਉ ਹਾਲਾਲੁ॥
ਦਫਤਰਿ ਲੇਖਾ ਮਾਂਗੀਐ ਤਬ ਹੋਇਗੋ ਕਉਨੁ ਹਵਾਲੁ॥੧੯੭॥

(ਸਲੋਕ, ਕਬੀਰ, ਪੰਨਾ-1374)

ਏਥੇ ਇਕ ਗੱਲ ਇਹ ਵੀ ਧਿਆਨ ਦੇਣ ਵਾਲੀ ਹੈ ਕਿ ਬਾਣੀਕਾਰਾਂ ਨੇ ਬਹੁਤਾ ਕਰਕੇ ਆਮ ਮੁਸਲਮਾਨ ਦੀ ਥਾਂ ਸੁਲਤਾਨ, ਬਾਦਸ਼ਾਹ ਜਾਂ ਕਾਜੀ, ਮੁਲਾਂ ਆਦਿ ਜਿਨ੍ਹਾਂ ਨੇ ਧਰਮ ਅਤੇ ਸੱਤਾ ਦੀ ਵਾਗਡੋਰ ਆਪਣੇ ਹੱਕਾਂ ਵਿਚ ਸੰਭਾਲੀ ਹੋਈ ਸੀ ਨੂੰ ਹੀ ਮੁਖਾਤਿਬ ਹੋ ਕੇ ਸੰਵਾਦ ਰਚਾਇਆ ਹੈ।

ਮੁਲਾਂ, ਕਾਜੀ ਜਿੱਥੇ ਆਮ ਮੁਸਲਮਾਨਾਂ ਦਾ ਸ਼ਰ੍ਹਾ ਅਨੁਸਾਰ ਨਿਆਂ ਅਤੇ ਝਗੜਿਆਂ ਦਾ ਨਿਪਟਾਰਾ ਕਰਦੇ ਸਨ ਉਥੇ ਸੁਲਤਾਨਾਂ, ਬਾਦਸ਼ਾਹਾਂ ਨਾਲ ਵੀ ਉਨ੍ਹਾਂ ਦੀ ਖ਼ੂਬ ਗੰਢਤੁਪ ਹੁੰਦੀ ਸੀ।

**ਫਰਿਸ਼ਤੇ :** ਜਿਵੇਂ ਹਿੰਦੂ ਧਰਮ ਵਿਚ ਤੇਤੀ ਕ੍ਰੋੜ ਦੇਵਤਿਆਂ ਦਾ ਸੰਕਲਪ ਮਿਲਦਾ ਹੈ ਉਵੇਂ ਇਸਲਾਮ ਧਰਮ ਵਿਚ ਅੱਲਾਹ ਦਾ ਪੈਗ਼ਾਮ ਪਹੁੰਚਾਉਣ ਵਾਲੇ ਪੈਗ਼ੰਬਰ ਅਤੇ ਅੱਲਾਹ ਦੇ ਨੂਰ ਤੋਂ ਪੈਦਾ ਹੋਏ ਫਰਿਸ਼ਤਿਆਂ ਆਦਿ ਵਿਚ ਵਿਸ਼ਵਾਸ ਕੀਤਾ ਜਾਂਦਾ ਹੈ। ਫਰਿਸ਼ਤਿਆਂ ਦੀ ਗਿਣਤੀ ਸਬੰਧੀ ਵਿਭਿੰਨ ਵਿਚਾਰ ਮਿਲਦੇ ਹਨ। ਕਬੀਰ ਜੀ ਸਰਬ-ਵਿਆਪਕ, ਸ਼ਕਤੀਸ਼ਾਲੀ ਪ੍ਰਭੂ ਦੀ ਵਡਿਆਈ ਦੀ ਤਸਵੀਰ ਉਲੀਕਦੇ ਹੋਏ ਜਿੱਥੇ ਇਸਲਾਮ ਅਨੁਸਾਰ ਖ਼ੁਦਾ ਦੇ ਸੱਤਰ ਸੌ ਫਰਿਸ਼ਤੇ (ਸਲਾਰ), ਸਵਾ ਲੱਖ ਪੈਗ਼ੰਬਰ, ਅਠਾਸੀ ਕ੍ਰੋੜ ਵਿਦਵਾਨ (ਸ਼ੇਖ, ਪੀਰ), ਛਪੰਜਾ ਕ੍ਰੋੜ ਮੁਸਾਹਿਬ (ਸੁਹਬਤ ਵਿਚ ਰਹਿਣ ਵਾਲਾ, ਸਾਥੀ ਤੇ ਪਾਰਖਦ) ਆਦਿ ਹੋਣ ਨੂੰ ਪ੍ਰਵਾਨਦੇ ਹਨ ਉਥੇ ਤੇਤੀ ਕ੍ਰੋੜ ਦੇਵਤਿਆਂ ਨੂੰ ਉਸ ਦੇ ਦਰ ਦੇ ਸੇਵਕ, ਚੌਰਾਸੀ ਲੱਖ ਜੂਨਾਂ ਦੇ ਜੀਵਾਂ ਦਾ ਖਾਨਾਬਦੋਸ਼ਾਂ ਵਾਗੂੰ ਭਟਕਣਾ ਅਤੇ ਇਸਲਾਮ ਧਰਮ ਅਨੁਸਾਰ ਬਾਬਾ ਆਦਮ ਦੁਆਰਾ ਵਰਜਿਤ ਫਲ ਖਾਣ ਦੇ ਅਪਰਾਧ ਕਾਰਨ ਉਸਨੂੰ ਭਿਸ਼ਤ (ਸਵਰਗ) ਤੋਂ ਸੁੱਟੇ ਜਾਣ ਦਾ ਵੀ ਜ਼ਿਕਰ ਕਰਦੇ ਹਨ। ਕਬੀਰ ਜੀ ਆਖਦੇ ਹਨ ਕਿ ਉਸ ਖ਼ੁਦਾ ਦੇ ਏਡੇ ਵੱਡੇ ਦਰਬਾਰ ਵਿਚ ਫਿਰ ਮੇਰੇ ਵਰਗੇ ਗ਼ਰੀਬ ਨੂੰ ਕੌਣ ਪੁੱਛੇਗਾ? ਉਸ ਅੱਲਾਹ ਦੀ ਮਜਲਿਸ (ਦਰਬਾਰ) ਭਾਵ ਉਹ ਅੱਲਾਹ ਜੇਕਰ ਬਹੁਤ ਦੂਰ (ਸੱਤਵੇਂ ਅਸਮਾਨ) ਤੇ ਰਹਿੰਦਾ ਹੈ। ਫਿਰ ਏਡੀ ਦੂਰ ਮੈਂ ਉਸਦੇ ਟਿਕਾਣੇ ਜਾਂ ਦਰਬਾਰ ਵਿਚ ਕਿਵੇਂ ਪਹੁੰਚਾਂਗਾ? ਕਬੀਰ ਜੀ ਖ਼ੁਦਾ ਦੀ ਇਸ ਅਸੀਮਤਾ ਨੂੰ ਹਿੰਦੂ ਤੇ ਮੁਸਲਿਮ ਧਰਮਾਂ ਵਿਚ ਪ੍ਰਵਾਨਿਤ ਵਿਸ਼ਵਾਸਾਂ ਅਨੁਸਾਰ ਪ੍ਰਗਟਾਉਂਦੇ ਹੋਏ ਰੱਬ ਦੀ ਇਸ ਵਿਸ਼ਾਲਤਾ ਸਾਹਮਣੇ ਆਪਣੇ ਆਪ ਨੂੰ ਤੁੱਛ, ਨਿਮਾਣਾ ਜਾਣਦੇ ਹਨ ਅਤੇ ਪ੍ਰਭੂ ਦੀ ਯਾਦ ਦੇ ਚਰਨਾਂ ਰੂਪੀ ਬਹਿਸ਼ਤ (ਸਵਰਗ), ਵਿਚ ਹੀ ਰਹਿਣ ਦੀ ਬੇਨਤੀ ਕਰਦੇ ਹਨ :

> ਸਤਰਿ ਸੈਇ ਸਲਾਰ ਹੈ ਜਾ ਕੇ॥ ਸਵਾ ਲਾਖੁ ਪੈਕਾਬਰ ਤਾ ਕੇ॥
> ਸੇਖ ਜੁ ਕਹੀਅਹਿ ਕੋਟਿ ਅਠਾਸੀ॥ ਛਪਨ ਕੋਟਿ ਜਾ ਕੇ ਖੇਲ ਖਾਸੀ॥੧॥...
> ਮੋ ਗਰੀਬ ਕੀ ਕੋ ਗੁਜਰਾਵੈ॥ ਮਜਲਸਿ ਦੂਰਿ ਮਹਲੁ ਕੋ ਪਾਵੈ॥੧॥ਰਹਾਉ॥
> ਬਾਬਾ ਆਦਮ ਕਉ ਕਿਛੁ ਨਦਰਿ ਦਿਖਾਈ॥ ਉਨਿ ਭੀ ਭਿਸਤਿ ਘਨੇਰੀ ਪਾਈ॥੨॥...
> ਅਪਨਾ ਕੀਆ ਪਾਵੈ ਸੋਈ॥੩॥ ਤੁਮ ਦਾਤੇ ਹਮ ਸਦਾ ਭਿਖਾਰੀ॥...
> ਦਾਸੁ ਕਬੀਰੁ ਤੇਰੀ ਪਨਹ ਸਮਾਨਾਂ॥ ਭਿਸਤੁ ਨਜੀਕਿ ਰਾਖੁ ਰਹਮਾਨਾ॥੪॥੭॥੧੫॥

(ਭੈਰਉ, ਕਬੀਰ, ਪੰਨਾ-1161)

ਇਸ ਤਰ੍ਹਾਂ ਭਗਤ ਬਾਣੀਕਾਰਾਂ ਨੇ ਜਿੱਥੇ ਮੰਦਰਾਂ ਵਿਚ ਮੂਰਤੀ-ਪੂਜਾ ਆਦਿ ਕਰਨ ਵਾਲੇ ਅੰਧਵਿਸ਼ਵਾਸੀ ਹਿੰਦੂਆਂ ਪ੍ਰਤੀ ਖੰਡਨਮਈ ਰਵੱਈਆ ਅਪਣਾਇਆ ਉਥੇ ਕੇਵਲ ਫੋਕੀਆਂ ਨਮਾਜ਼ਾ,

ਰੋਜੇ, ਹੱਜ਼ ਆਦਿ ਤਕ ਹੀ ਸੀਮਤ ਹੋ ਚੁੱਕੇ ਮੁਸਲਮਾਨਾਂ ਨੂੰ ਚੰਗੇਰੇ ਵਿਹਾਰਕ ਜੀਵਨ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਕਬੀਰ ਜੀ ਆਖਦੇ ਹਨ ਕਿ ਹੁਣ ਅਸੀਂ ਇਨ੍ਹਾਂ ਸਭ ਗੱਲਾਂ ਨੂੰ ਵਿਸਾਰ ਦਿੱਤਾ ਹੈ ਤੇ ਸਾਡਾ ਕਿਸੇ ਨਾਲ ਕੋਈ ਝਗੜਾ ਨਹੀਂ ਰਿਹਾ। ਅਸੀਂ ਹੁਣ ਪੰਡਿਤ ਦੇ ਦੱਸੇ ਰਸਤੇ ਅਤੇ ਮੁਲਾਂ ਦੇ ਸੁਝਾਏ ਤਰੀਕੇ ਸਭ ਛੱਡ ਦਿੱਤੇ ਹਨ ਅਤੇ ਦੋਵਾਂ ਦਾ ਕਿਹਾ, ਲਿਖਿਆ ਅਪਣਾਉਣ ਦੀ ਥਾਂ ਆਪਣਾ ਆਪਾ ਖੋਜ ਖੋਜ ਕੇ ਹੀ ਉਸ ਇਕੋ ਇਕ ਪ੍ਰਭੂ ਦੀ ਨੇੜਤਾ ਪਾ ਲਈ ਹੈ :

> ਹਮਰਾ ਝਗਰਾ ਰਹਾ ਨ ਕੋਊ॥ ਪੰਡਿਤ ਮੁਲਾਂ ਛਾਡੇ ਦੋਊ॥੧॥ਰਹਾਉ॥...
> ਪੰਡਿਤ ਮੁਲਾਂ ਜੋ ਲਿਖਿ ਦੀਆ॥ ਛਾਡਿ ਚਲੇ ਹਮ ਕਛੂ ਨ ਲੀਆ॥੩॥
> ਰਿਦੈ ਇਖਲਾਸੁ ਨਿਰਖਿ ਲੇ ਮੀਰਾ॥ ਆਪੁ ਖੋਜਿ ਖੋਜਿ ਮਿਲੇ ਕਬੀਰਾ॥੪॥

(ਭੈਰਉ, ਕਬੀਰ, ਪੰਨਾ-1158-1159)

ਭਗਤ ਸਾਹਿਬਾਨਾਂ ਨੇ ਅਜਿਹੇ ਦਿਖਾਵੇ ਦੇ ਧਰਮ-ਕਰਮ ਨਿਭਾਉਣ ਨਾਲੋਂ ਇਕ ਬੁੱਧੀਮਾਨ, ਗਿਆਨੀ ਪੁਰਸ਼ ਨੂੰ ਹੀ ਸਿਆਣਾ ਆਖਿਆ ਜੋ ਚੁੱਪਚਾਪ ਕਹੀਆਂ, ਕਹਾਈਆਂ ਗੱਲਾਂ, ਕਥਾ-ਕਹਾਣੀਆਂ ਤੇ ਵਿਸ਼ਵਾਸ ਕਰਨ ਦੀ ਬਜਾਏ ਪ੍ਰਭੂ ਦੇ ਸੱਚੇ ਮਾਰਗ ਦੀ ਵੀਚਾਰ ਕਰਦਾ ਹੈ :

> ਹਿੰਦੂ ਅੰਨ੍ਹਾ ਤੁਰਕੂ ਕਾਣਾ॥ ਦੁਹਾਂ ਤੇ ਗਿਆਨੀ ਸਿਆਣਾ॥
> ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ॥
> ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥੪॥੩॥੭॥

(ਗੋਂਡ, ਨਾਮਦੇਵ, ਪੰਨਾ-875)

ਇਸ ਤਰ੍ਹਾਂ ਭਗਤ ਬਾਣੀਕਾਰਾਂ ਨੇ ਸੱਚੇ ਗੁਰੂ ਦੇ ਲੜ ਲੱਗਣ, ਉਸਦੀ ਸ਼ਰਨ ਵਿਚ ਰਹਿਣ ਤੇ ਸਤਿਸੰਗਤ ਕਰਨ ਆਦਿ ਨੂੰ ਪ੍ਰਭੂ-ਪ੍ਰਾਪਤੀ ਤੇ ਪ੍ਰਭੂ-ਭਗਤੀ ਦੇ ਮਾਰਗ ਲਈ ਅਤਿ ਜ਼ਰੂਰੀ ਸਮਝਿਆ ਕਿਉਂਕਿ ਸਤਿਗੁਰੂ ਹੀ ਆਪਣੇ ਸੱਚੇ-ਸੁੱਚੇ ਗਿਆਨ ਨਾਲ, ਸ਼ਰਨ 'ਚ ਆਏ ਸੇਵਕ ਨੂੰ ਸ਼ਰਸਾਰ ਕਰਦਾ ਹੈ ਅਤੇ ਪ੍ਰਭੂ-ਪ੍ਰੇਮ, ਨਾਮ ਸਿਮਰਨ ਦੇ ਨਾਲ ਨਾਲ ਸਹਿਜ ਤੇ ਸਰਲ ਜੀਵਨ-ਜਾਚ ਦੀ ਸੋਝੀ ਕਰਾਉਂਦਾ ਹੈ:

> ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥
> ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ॥੩॥

(ਆਸਾ, ਸ਼ੇਖ ਫ਼ਰੀਦ, ਪੰਨਾ-488)

ਸੋ ਪ੍ਰਭੂ-ਪ੍ਰੇਮ, ਪ੍ਰਭੂ-ਨਾਮ ਦੀ ਇਸ ਅਵਸਥਾ ਵਿਚ ਟਿਕ ਕੇ ਹੀ ਅਨੇਕਤਾ ਵਿਚ ਏਕਤਾ ਦਾ ਅਨੁਭਵ ਹੁੰਦਾ ਹੈ। ਜਦੋਂ ਹਰੀ ਲੜ ਲੱਗੇ ਗੁਰਮੁਖ ਨੂੰ ਸਾਰੀ ਲੋਕਾਈ, ਸਾਰੀ ਸ੍ਰਿਸ਼ਟੀ ਇਕ ਨੂਰ

ਤੋਂ ਉਪਜੀ ਨਜ਼ਰ ਆਉਂਦੀ ਹੈ, ਜਦੋਂ ਚੰਗੇ ਮੰਦੇ ਦਾ ਭਾਵ ਮਿਟ ਜਾਂਦਾ ਹੈ ਤਾਂ ਉਸ ਨੂਰ ਵਿਚ ਖ਼ਲਕ ਤੇ ਖ਼ਲਕ ਵਿਚ ਖਾਲਿਕ ਸਮਾਇਆ ਦਿਖਾਈ ਦਿੰਦਾ ਹੈ :

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥੧॥
ਲੋਗਾ ਭਰਮਿ ਨ ਭੂਲਹੁ ਭਾਈ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥੧॥ ਰਹਾਉ॥

(ਪ੍ਰਭਾਤੀ, ਕਬੀਰ, ਪੰਨਾ-1349)

ਮਨ ਵਿਚ ਐਸੇ ਅਨੁਭਵ ਸਦਕਾ ਅਤੇ ਬਾਹਰੀ ਸੰਸਾਰ ਨੂੰ ਦੇਖਣ ਦੀ ਇਸ ਦ੍ਰਿਸ਼ਟੀ ਅਨੁਸਾਰ ਧਰਤੀ, ਅਕਾਸ਼ ਸਭ ਹਰੀ ਦਾ ਰੂਪ ਹੋ ਜਾਂਦਾ ਹੈ ਜਿਸ ਦੇ ਧਿਆਨ ਵਿਚ ਘਟਿ ਘਟਿ ਮਉਲਣ ਨਾਲ ਅੰਤਰ ਆਤਮਾ ਪ੍ਰਕਾਸ਼ ਮਈ ਹੋ ਜਾਂਦਾ ਹੈ। ਜੋਤ-ਸਰੂਪ ਪਰਮਾਤਮਾ ਅਨੇਕਾਂ ਸਰੂਪਾਂ ਵਿਚ ਮਉਲ ਰਿਹਾ, ਹਰ ਪਾਸੇ ਪ੍ਰਕਾਸ਼ ਕਰ ਰਿਹਾ ਦਿਖਾਈ ਦਿੰਦਾ ਹੈ। ਕਬੀਰ ਜੀ ਫਰਮਾਉਂਦੇ ਹਨ ਕਿ ਹਿੰਦੂ ਗ੍ਰੰਥ ਵਿਚ ਚਾਰੇ ਵੇਦ, ਸਿੰਮ੍ਰਿਤੀਆਂ ਆਦਿ ਅਤੇ ਮੁਸਲਮਾਨੀ ਧਰਮ ਗ੍ਰੰਥ ਬ੍ਰਹਮ ਦੀ ਇਸੇ ਜੋਤ ਨਾਲ ਹੀ ਵਜੂਦ ਵਿਚ ਆਏ ਹਨ :

ਮਉਲੀ ਧਰਤੀ ਮਉਲਿਆ ਅਕਾਸੁ॥ ਘਟਿ ਘਟਿ ਮਉਲਿਆ ਆਤਮ ਪ੍ਰਗਾਸੁ॥੧॥...
ਦੁਤੀਆ ਮਉਲੇ ਚਾਰਿ ਬੇਦ॥ ਸਿੰਮ੍ਰਿਤਿ ਮਉਲੀ ਸਿਉ ਕਤੇਬ॥੨॥

(ਬਸੰਤ, ਕਬੀਰ, ਪੰਨਾ-1193)

## ਆਰਥਿਕ ਸੰਸਥਾਵਾਂ

"ਅਰਥ ਸ਼ਬਦ ਤੋਂ ਭਾਵ ਵਸਤੂ ਜਾਂ ਪਦਾਰਥ ਤੋਂ ਹੈ। ਇਸ ਲਈ ਅਰਥ ਵਿਚ ਸਾਰੀਆਂ ਪਦਾਰਥਕ ਵਸਤਾਂ ਨੂੰ ਸ਼ਾਮਿਲ ਕਰਦੇ ਹਾਂ। ਇਨ੍ਹਾਂ ਵਸਤਾਂ ਦੀ ਸਹਾਇਤਾ ਨਾਲ ਵਿਅਕਤੀ ਆਪਣੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਕਰਦਾ ਹੈ। ਅਰਥ ਦਾ ਭਾਵ ਕੇਵਲ ਧਨ ਤੋਂ ਹੀ ਨਹੀਂ ਸਗੋਂ ਇਸ ਵਿਚ ਹੋਰ ਸਾਰੀਆਂ ਪਦਾਰਥਕ ਵਸਤਾਂ ਵੀ ਆ ਜਾਂਦੀਆਂ ਹਨ।"[165] ਸਮਾਜ ਦੀ ਆਰਥਿਕਤਾ ਦਾ ਸਿੱਧਾ ਸੰਬੰਧ ਸਮਾਜ ਦੀ ਪਦਾਰਥਕਤਾ ਨਾਲ ਹੈ ਜਿਸ ਵਿਚ ਧਨ, ਸੰਪਤੀ ਕਮਾਉਣ ਲਈ ਕੀਤੇ ਜਾਂਦੇ ਹਰ ਤਰ੍ਹਾਂ ਦੇ ਯਤਨ, ਕੋਸ਼ਿਸ਼ਾਂ, ਧਨ-ਖਰਚੀ ਅਤੇ ਲੋਕਾਂ ਦਾ ਆਪਸੀ ਅਦਾਨ-ਪ੍ਰਦਾਨ ਆਦਿ ਆ ਜਾਂਦਾ ਹੈ। ਹਰ ਦੇਸ਼ ਦੀਆਂ ਸਮਾਜਕ, ਧਾਰਮਿਕ, ਰਾਜਨੀਤਕ ਤੇ ਸਾਂਸਕ੍ਰਿਤਕ ਵਿਸ਼ੇਸ਼ਤਾਵਾਂ ਉਸਦੇ ਆਰਥਿਕ ਢਾਂਚੇ ਤੋਂ ਵਧੇਰੇ ਪ੍ਰਭਾਵਿਤ ਹੁੰਦੀਆਂ ਹਨ।

ਭਾਰਤ ਦੇ ਪ੍ਰਾਚੀਨ ਹਿੰਦੂ ਧਰਮ ਗ੍ਰੰਥਾਂ, ਸ਼ਾਸਤਰਾਂ ਵਿਚ ਮਨੁੱਖ ਦੇ ਚਾਰ ਪਰਮ ਲਕਸ਼ (ਪੁਰਸ਼ਾਰਥ) ਧਰਮ, ਅਰਥ, ਕਾਮ, ਮੋਕਸ਼ ਦੱਸੇ ਗਏ ਹਨ। "ਅਰਥ ਦੀ ਲੋੜ ਤੋਂ ਵਧੇਰੇ ਮਾਤਰਾ

ਉਪਰ ਜ਼ੋਰ ਦੇਣ ਨੂੰ ਤਾਂ ਧਰਮ ਦੇ ਵਿਰੁੱਧ ਮੰਨਿਆ ਗਿਆ ਹੈ ਪਰੰਤੂ ਇਸ ਦੀ ਲੋੜੀਂਦੀ ਮਾਤਰਾ ਧਰਮ ਦੇ ਨਿਯਮਾਂ ਅਨੁਸਾਰ ਉਚਿਤ ਮੰਨੀ ਗਈ ਹੈ। ਧਰਮ ਦਾ ਪੂਰਣ ਰੂਪ ਵਿਚ ਪਾਲਣ ਬਹੁਤ ਹੱਦ ਤੱਕ ਅਰਥ ਉੱਤੇ ਹੀ ਨਿਰਭਰ ਕਰਦਾ ਹੈ ਜਿਸ ਵਿਅਕਤੀ ਦੇ ਜੀਵਨ ਵਿਚ ਆਰਥਿਕ ਸਾਧਨਾਂ ਦੀ ਕਮੀ ਹੋਵੇ, ਉਹ ਆਪਣੇ ਫਰਜ਼ਾਂ ਨੂੰ ਸਹੀ ਢੰਗ ਨਾਲ ਨੇਪਰੇ ਨਹੀਂ ਚਾੜ੍ਹ ਸਕਦਾ।"[166]

ਭਗਤ ਬਾਣੀਕਾਰਾਂ ਨੇ ਵੀ ਆਰਥਿਕ ਸਾਧਨਾਂ ਅਤੇ ਜੀਵਨ ਦੀਆਂ ਲੋੜਾਂ ਦੀ ਘਾਟ ਨੂੰ ਮਨੁੱਖ ਦੇ ਬਾਕੀ ਉਦੇਸ਼ਾਂ ਵਿਚ ਰੁਕਾਵਟ ਮੰਨਿਆ। ਇਸੇ ਰੁਕਾਵਟ ਹਿੱਤ ਕਬੀਰ ਜੀ ਪ੍ਰਭੂ ਨੂੰ "ਭੁਖੇ ਭਗਤਿ ਨ ਕੀਜੈ॥ ਯਹ ਮਾਲਾ ਅਪਨੀ ਲੀਜੈ॥"[167] ਆਖਕੇ ਸੰਬੋਧਿਤ ਹੁੰਦੇ ਹਨ ਜਦੋਂ ਕਿ ਭਗਤ ਧੰਨਾ ਜੀ ਵੀ 'ਦਾਲਿ ਸੀਧਾ ਮਾਗਉ ਘੀਉ॥ ਹਮਰਾ ਖੁਸੀ ਕਰੈ ਨਿਤ ਜੀਉ॥[168] ਆਦਿ ਮੁੱਢਲੀਆਂ ਲੋੜਾਂ ਦੀ ਪੂਰੀ ਸੂਚੀ ਪ੍ਰਭੂ ਅੱਗੇ ਰੱਖ ਦਿੰਦੇ ਹਨ :

ਦਾਲਿ ਸੀਧਾ ਮਾਗਉ ਘੀਉ॥ ਹਮਰਾ ਖੁਸੀ ਕਰੈ ਨਿਤ ਜੀਉ॥
ਗਊ ਭੈਸ ਮਾਗਉ ਲਾਵੇਰੀ॥ ਇਕ ਤਾਜਿਨ ਤੁਰੀ ਚੰਗੇਰੀ॥
ਘਰ ਕੀ ਗੀਹਨਿ ਚੰਗੀ॥ ਜਨੁ ਧੰਨਾ ਲੇਵੈ ਮੰਗੀ॥੨॥੪॥

(ਧਨਾਸਰੀ, ਧੰਨਾ, ਪੰਨਾ-695)

ਆਰਥਿਕ ਖੁਸ਼ਹਾਲੀ ਲਈ ਬਾਣੀਕਾਰਾਂ ਦੀ ਅਜਿਹੀ ਕਾਮਨਾ ਇਕ ਵੱਡੀ ਉਦਾਹਰਨ ਹੈ ਕਿ ਮਨੁੱਖ ਲਈ ਧਰਮ, ਧਰਮ ਲਈ ਆਰਥਿਕ ਲੋੜਾਂ ਦੀ ਪੂਰਤੀ ਅਤੇ ਅਰਥ ਲਈ ਸੱਚੇ ਧਰਮ-ਕਰਮ ਦੀ ਸੂਝ ਹੋਣਾ ਅਤਿ ਲਾਜ਼ਮੀ ਹੈ ਤਾਂ ਹੀ ਉਹ ਆਪਣੀਆਂ ਇੱਛਾਵਾਂ ਦੀ ਸਹਿਜ ਪੂਰਤੀ ਕਰਦਾ ਹੋਇਆ ਪਰਮ ਲਕਸ਼ ਜਾਂ ਸਦੀਵੀਂ ਅਨੰਦ ਦੀ ਅਵਸਥਾ ਨੂੰ ਪ੍ਰਾਪਤ ਕਰ ਸਕਦਾ ਹੈ।

ਜੇਕਰ ਭਾਰਤੀ ਸਮਾਜ ਦੇ ਸੰਦਰਭ ਵਿਚ ਵੇਖਣਾ ਹੋਵੇ ਤਾਂ ਭਾਰਤੀ ਸਮਾਜ ਵਿਚ ਪਹਿਲਾਂ ਕਿੱਤੇ ਆਧਾਰਿਤ ਜਾਤਾਂ ਬਣੀਆਂ ਜਿਸਨੂੰ ਬਾਅਦ ਵਿਚ ਜਨਮਜਾਤ ਹੀ ਕਰ ਦਿੱਤਾ ਗਿਆ। ਮਨੁੱਖ ਦੇ ਕੰਮ ਕਰਨ ਦੇ ਪੱਕੇ ਖੇਤਰ ਨਿਰਧਾਰਿਤ ਕਰਕੇ ਲੋਕਾਂ ਦੀਆਂ ਹੋਰ ਕਾਰਜਾਂ ਵਿਚ ਰੁਚੀਆਂ ਨੂੰ ਅਣਦੇਖਿਆ ਕਰਿਆ ਜਾਣ ਲੱਗਾ। ਇਸ ਨਾਲ ਜਿਹੜੇ ਕਿੱਤੇ ਜਿਸ ਜਾਤ ਦੇ ਹਿੱਸੇ ਆਏ ਉਨ੍ਹਾਂ ਆਧਾਰਿਤ ਹੀ ਉਨ੍ਹਾਂ ਲੋਕਾਂ ਦੀ ਆਰਥਿਕ ਸਥਿਤੀ ਨਿਰਭਰ ਕਰਦੀ ਸੀ। ਖੱਤ੍ਰੀਆਂ ਨੇ ਰਾਜ-ਕਾਜ ਸੰਭਾਲ ਲਿਆ, ਬ੍ਰਾਹਮਣਾਂ ਨੇ ਧਾਰਮਿਕ ਕਾਰਜ ਆਪਣੇ ਜ਼ਿੰਮੇ ਲੈ ਲਏ ਜਿਸ ਕਾਰਨ ਉਹ ਸਮਾਜਕ ਪੱਧਰ ਅਤੇ ਆਰਥਿਕ ਤੌਰ ਤੇ ਮਜ਼ਬੂਤ ਹੁੰਦੇ ਗਏ। ਬਾਕੀ ਰਹਿ ਗਏ ਉਹ ਲੋਕ ਜੋ ਜਾਂ ਤਾਂ ਕਿਰਸਾਣੀ, ਵਪਾਰ, ਚਾਕਰੀ ਅਤੇ ਹੋਰ ਛੋਟੇ ਛੋਟੇ ਕਿੱਤੇ ਕਰਦੇ ਸਨ ਜਾਂ ਫਿਰ ਉਹ ਲੋਕ ਸਨ ਜੋ ਏਨੇ ਗ਼ਰੀਬ ਸਨ ਜਿਨ੍ਹਾਂ ਲਈ ਦੋ ਵਕਤ ਦੀ ਜੀਵਿਕਾ ਦਾ ਪ੍ਰਬੰਧ ਕਰਨਾ ਵੀ ਬੜਾ ਔਖਾ ਸੀ ਅਤੇ

ਇਹ ਲੋਕ ਘਰ ਘਰ ਮੰਗਣ, ਕੂੜਾ-ਕਰਕਟ ਫਰੋਲਣ ਲਈ ਮਜ਼ਬੂਰ, ਪਰਾਲੀ 'ਤੇ ਸੌਣ ਵਾਲੇ ਅਤੇ ਇਕ ਘੜੀ ਚਨੇ ਆਦਿ ਚਬਾਕੇ ਗੁਜ਼ਾਰਾ ਕਰਦੇ ਸਨ :

ਕਬਹੂ ਘਰ ਘਰ ਟੂਕ ਮਗਾਵੈ॥ ਕਬਹੂ ਕੂਰਨੁ ਚਨੇ ਬਿਨਾਵੈ॥੧॥...
ਕਬਹੂ ਤੁਰੇ ਤੁਰੰਗ ਨਚਾਵੈ॥ ਕਬਹੂ ਪਾਇ ਪਨਹੀਓ ਨ ਪਾਵੈ॥੨॥
ਕਬਹੂ ਖਾਟ ਸੁਪੇਦੀ ਸੁਵਾਵੈ॥ ਕਬਹੂ ਭੂਮਿ ਪੈਆਰੁ ਨ ਪਾਵੈ॥੩॥

(ਭੈਰਉ, ਨਾਮਦੇਵ, ਪੰਨਾ-1164)

ਭਗਤ ਬਾਣੀ ਵਿਚ ਕਿਰਤ ਕਰਨ ਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਬਾਣੀਕਾਰਾਂ ਅਨੁਸਾਰ ਇਹ ਵੀ ਠੀਕ ਨਹੀਂ ਕਿ ਕਮਾਉਣ ਦੀ ਹੋੜ ਏਨੀ ਵੱਧ ਹੋਵੇ ਕਿ ਬੰਦਾ ਉਸ ਵਿਚ ਹੀ ਖਚਿਤ ਹੋ ਜਾਵੇ, ਸਗੋਂ ਏਨਾ ਕੁ ਜਿਸ ਨਾਲ ਆਪਣੇ ਘਰ, ਪਰਿਵਾਰ ਦਾ ਗੁਜ਼ਾਰਾ ਚੰਗਾ ਹੋਵੇ। ਸੁਕ੍ਰਿਤ ਕਰਨ ਦੀ ਪ੍ਰੇਰਨਾ ਹਿੱਤ ਭਗਤ ਕਬੀਰ ਜੀ, ਭਗਤ ਤ੍ਰਿਲੋਚਨ ਤੇ ਨਾਮਦੇਵ ਜੀ ਵਿਚਕਾਰ ਹੋਈ ਆਪਸੀ ਗੋਸ਼ਟ ਨੂੰ ਪੇਸ਼ ਕਰਦੇ ਹਨ ਕਿ ਭਗਤ ਤ੍ਰਿਲੋਚਨ ਨੇ ਨਾਮਦੇਵ ਜੀ ਨੂੰ ਨਿਰੰਤਰ ਸਿਲਾਈ ਆਦਿ ਦਾ ਕੰਮ ਕਰਦੇ ਦੇਖਕੇ ਮਾਇਆ ਮੋਹ ਵੱਲੋਂ ਮਨ ਨੂੰ ਮੋੜ, ਸਿਮਰਨ ਵੱਲ ਲਗਾਉਣ ਲਈ ਆਖਿਆ ਤਾਂ ਨਾਮਦੇਵ ਜੀ ਇਸਦੇ ਉੱਤਰ ਵਿਚ ਹੱਥਾਂ ਨਾਲ ਕਿਰਤ-ਕਮਾਈ ਕਰਨ ਅਤੇ ਚਿੱਤ ਨੂੰ ਨਿਰੰਜਨ ਨਾਲ ਰੱਖਣ ਦਾ ਵਿਚਾਰ ਪ੍ਰਗਟਾਉਂਦੇ ਹਨ :

ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ॥
ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ॥੨੧੨॥
ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥੨੧੩॥

(ਸਲੋਕ, ਕਬੀਰ, ਪੰਨਾ-1375-1376)

ਭਗਤ ਬਾਣੀ ਵਿਚ ਮੱਧਕਾਲੀ ਸਮਾਜ ਦੇ ਅਮੀਰ, ਗ਼ਰੀਬ ਲੋਕਾਂ ਵੱਲੋਂ ਕੀਤੇ ਜਾਂਦੇ ਆਰਥਿਕ ਵਸੀਲਿਆਂ ਦੇ ਕੁੱਝ ਸੰਕੇਤ ਸਿੱਧੇ ਤੌਰ 'ਤੇ ਅਤੇ ਕੁੱਝ ਅਧਿਆਤਮਕ ਪ੍ਰਸੰਗ ਵਿਚ ਪ੍ਰਾਪਤ ਹੁੰਦੇ ਹਨ। ਮੱਧਕਾਲੀ ਅਮੀਰ ਵਰਗ ਵਧੇਰੇ ਕਰਕੇ ਕਿਸੇ ਨਾ ਕਿਸੇ ਤਰ੍ਹਾਂ ਰਾਜਾ ਸ਼੍ਰੇਣੀ ਨਾਲ ਹੀ ਜੁੜਿਆ ਹੋਇਆ ਸੀ ਜਿਨ੍ਹਾਂ ਵਿਚੋਂ ਨਾਇਬ, ਮਲਿਕ, ਵਜ਼ੀਰ, ਖਾਨ ਆਦਿ ਮੰਤਰੀਆਂ ਤੋਂ ਲੈ ਕੇ ਸਿਕਦਾਰ (ਚੌਧਰੀ, ਪ੍ਰਧਾਨ), ਚੋਬਦਾਰ, ਕੋਤਵਾਲ, ਮੁਨਸ਼ੀ, ਪਟਵਾਰੀ, ਸਿਪਾਹਸਲਾਰ ਅਤੇ ਦਰਬਾਨੀ ਆਦਿ ਤੱਕ ਸਭ ਐਸ਼ੋਆਰਾਮ ਵਾਲਾ ਜੀਵਨ ਗੁਜ਼ਾਰਦੇ ਸਨ। ਰਾਜਿਆਂ, ਬਾਦਸ਼ਾਹਾਂ ਦੇ ਇਹ ਅਹੁਦੇਦਾਰ ਕਈ ਰਿਆਸਤਾਂ, ਪਿੰਡਾਂ, ਜ਼ਮੀਨਾਂ ਅਤੇ ਰਾਜ ਦਰਬਾਰ ਦੇ ਸਾਰੇ ਪ੍ਰਸ਼ਾਸ਼ਨਿਕ ਪ੍ਰਬੰਧ ਅਧੀਨ ਆਉਂਦੇ ਵੱਖ-ਵੱਖ ਵਿਭਾਗਾਂ ਵਿਚ ਚੰਗੇ ਅਹੁਦਿਆਂ 'ਤੇ ਬਿਰਾਜਮਾਨ ਹੁੰਦੇ ਸਨ।

ਪਿੰਡਾਂ ਦੇ ਕਰਤਾ-ਧਰਤਾ ਵੱਡੇ ਵੱਡੇ ਜਗੀਰਦਾਰ (ਜਿਮੀਂਦਾਰ) ਹੋਇਆ ਕਰਦੇ ਸਨ ਜੋ ਪਿੰਡਾਂ ਵਿਚ ਜ਼ਮੀਨਾਂ ਵਿਚ ਕੰਮ ਕਰਨ ਵਾਲੇ ਕਿਰਸਾਨਾਂ ਦੀ ਕਮਾਈ ਦਾ ਸਾਰਾ ਹਿਸਾਬ-ਕਿਤਾਬ ਆਪਣੇ ਹੱਥ ਵਿਚ ਰੱਖਿਆ ਕਰਦੇ ਸਨ। ਅਕਸਰ ਕਿਸਾਨਾਂ ਨੂੰ ਉਨ੍ਹਾਂ ਦਾ ਬਣਦਾ ਹਿੱਸਾ ਵੀ ਨਹੀਂ ਸੀ ਦਿੱਤਾ ਜਾਂਦਾ, ਸਗੋਂ ਉਪਰੋਂ ਜਗੀਰਦਾਰਾਂ ਵੱਲੋਂ ਇਨ੍ਹਾਂ ਲੋਕਾਂ ਤੋਂ ਕਈ ਤਰ੍ਹਾਂ ਦੇ ਕਰ (ਵੱਢੀ) ਜਾਂ ਉਗਰਾਹੀ ਵੀ ਕੀਤੀ ਜਾਂਦੀ ਸੀ। ਜ਼ਿਮੀਂਦਾਰਾਂ ਕੋਲ ਇਕੋ ਵਖਤ ਦਸ ਦਸ ਮਣ ਅਨਾਜ ਅਤੇ ਬਹੁਤ ਸਾਰਾ ਧਨ ਹੋਇਆ ਕਰਦਾ ਸੀ ਜਿਸ ਕਰਕੇ ਇਹ ਪਿੰਡ ਵਿਚ ਆਪਣਾ ਬਹੁਤਾ ਰੋਹਬ ਬਣਾ ਕੇ ਰੱਖਦੇ ਸਨ[169] ਜੋ ਆਪਣੇ ਜੀਵਨ ਨੂੰ ਵਿਕਾਰਾਂ ਵਿਚ ਗ੍ਰਸਤ ਕਰਦੇ ਹੋਏ ਪ੍ਰਭੂ ਦੀ ਪ੍ਰੇਮਾ-ਭਗਤੀ ਨਾਲ ਕੋਈ ਲੈਣਾ-ਦੇਣਾ ਹੀ ਨਹੀਂ ਸੀ ਰੱਖਦੇ, ਸਗੋਂ ਉਹ ਤਾਂ ਆਪਣਾ ਪ੍ਰਮੁੱਖ ਕੰਮ ਕਚਹਿਰੀ ਲਾਉਣਾ ਜਾਂ ਹਕੂਮਤ ਕਰਨਾ ਹੀ ਸਮਝਦੇ ਸਨ ਅਤੇ ਸੋਨਾ, ਧਨ-ਪਦਾਰਥ ਤੇ ਸੁੰਦਰ ਨਾਰੀਆਂ ਵਿਚ ਮੋਹਿਤ ਹੋਣ-ਆਦਿ ਨੂੰ ਹੀ ਸੱਚ ਮੰਨਦੇ ਸਨ :

ਟੇਢੀ ਪਾਗ ਟੇਢੇ ਚਲੇ ਲਾਗੇ ਬੀਰੇ ਖਾਨ॥
ਭਾਉ ਭਗਤਿ ਸਿਉ ਕਾਜੁ ਨ ਕਛੂਐ ਮੇਰੋ ਕਾਮੁ ਦੀਵਾਨ॥੧॥
ਰਾਮੁ ਬਿਸਾਰਿਓ ਹੈ ਅਭਿਮਾਨਿ॥
ਕਨਿਕ ਕਾਮਨੀ ਮਹਾ ਸੁੰਦਰੀ ਪੇਖਿ ਪੇਖਿ ਸਚੁ ਮਾਨਿ॥੧॥ਰਹਾਉ॥

(ਕੇਦਾਰਾ, ਕਬੀਰ, ਪੰਨਾ-1124)

ਸੋ ਅਮੀਰ ਵਰਗ ਦੇ ਲੋਕਾਂ ਨੂੰ ਰਾਜੇ, ਵੱਡੇ-ਵੱਡੇ ਵਜ਼ੀਰਾਂ, ਮੰਤਰੀਆਂ ਦੇ ਹੁਕਮ ਅਨੁਸਾਰ ਗ਼ਲਤ ਫੈਸਲਿਆਂ 'ਤੇ ਵੀ ਕੋਈ ਇਤਰਾਜ਼ ਨਹੀਂ ਸੀ ਹੁੰਦਾ, ਸਗੋਂ ਆਪੋ-ਆਪਣੇ ਐਸ਼ ਭਰਪੂਰ ਜੀਵਨ ਅਤੇ ਸੁਆਰਥ ਹਿੱਤ ਰਾਜੇ ਨਾਲ ਜੁੜਿਆ ਸਾਰਾ ਸਿਸਟਮ ਹੀ ਸਮੇਂ ਦੀ ਸਰਕਾਰ ਦਾ ਹੀ ਪਾਣੀ ਭਰਦਾ ਸੀ :

ਜਿਸ ਹੀ ਕੀ ਸਿਰਕਾਰ ਹੈ ਤਿਸ ਹੀ ਕਾ ਸਭੁ ਕੋਇ॥

(ਸਿਰੀਰਾਗੁ, ਮਹਲਾ 3, ਪੰਨਾ-27)

ਜਿੱਥੋਂ ਤੱਕ ਵਿਚਾਰ ਹੈ ਮੱਧਕਾਲੀ ਸਮਾਜ ਦੇ ਆਮ ਲੋਕਾਂ ਦੇ ਆਰਥਿਕ ਵਸੀਲਿਆਂ ਦਾ ਤਾਂ, ਆਮ ਲੋਕ ਕੰਮ ਧੰਦੇ ਕਰਨ ਵਿਚ ਪੂਰੀ ਤਰ੍ਹਾਂ ਆਜ਼ਾਦ ਨਹੀਂ ਸਨ। ਉਹ ਆਪਣੇ ਸਮੇਂ, ਸਥਾਨ ਦੀ ਰਾਜਾ ਸ਼੍ਰੇਣੀ ਦੇ ਅਧੀਨ ਹੁੰਦੇ ਸਨ। ਹਰ ਰਾਜੇ ਦਾ ਪ੍ਰਸ਼ਾਸ਼ਨਿਕ ਪ੍ਰਬੰਧ ਭੂਗੋਲਿਕ ਹਾਲਤਾਂ ਤੋਂ ਇਲਾਵਾ ਰਾਜੇ ਦੇ ਆਪਣੇ ਸੁਭਾਅ, ਰੁਚੀਆਂ ਤੇ ਵਧੇਰੇ ਨਿਰਭਰ ਕਰਦਾ ਸੀ। ਇਸ ਲਈ ਸਾਧਾਰਨ ਲੋਕ ਧਾਰਮਿਕ ਅਤੇ ਆਰਥਿਕ ਪੱਖ ਤੋਂ ਅਮੀਰਾਂ, ਸੁਲਤਾਨਾਂ, ਚੌਧਰੀਆਂ, ਸਰਦਾਰਾਂ, ਜਗੀਰਦਾਰਾਂ ਦੇ ਮੁਹਥਾਜ ਸਨ ਜਿਸ ਕਾਰਨ ਉਹ ਵਧੇਰੇ ਕਰਕੇ ਥੁੜਾਂ, ਘਾਟਾਂ ਭਰਿਆ ਜੀਵਨ

ਜਿਉਣ ਲਈ ਮਜ਼ਬੂਰ ਸਨ। ਫਿਰ ਵੀ 'ਖੇਤੀ', 'ਵਪਾਰ', 'ਚਾਕਰੀ' ਅਤੇ ਹੋਰ ਛੋਟੇ ਵੱਡੇ ਫੁਟਕਲ ਧੰਦੇ ਉਨ੍ਹਾਂ ਦੀ ਜੀਵਿਕਾ ਦੇ ਪ੍ਰਮੁੱਖ ਸਾਧਨ ਸਨ। "ਭਾਵੇਂ ਕਿਸਾਨੀ ਜ਼ਿਆਦਾਤਰ ਲੋਕਾਂ ਦੀ ਜੀਵਿਕਾ ਸੀ ਪਰ ਦੇਸ਼ ਦੇ ਸ਼ਹਿਰੀ ਤੇ ਪੇਂਡੂ ਖੇਤਰਾਂ ਵਿਚ ਕੁਝ ਮਹੱਤਵਪੂਰਨ ਕਿੱਤੇ ਵੀ ਸਨ, ਉਹ ਸਨ, ਬੁਣਾਈ ਦਾ ਪੇਸ਼ਾ, ਜਿਸ ਵਿਚ ਸੂਤੀ, ਉੱਨੀ ਤੇ ਰੇਸ਼ਮੀ ਕਪੜਿਆਂ ਦਾ ਕਿੱਤਾ ਆ ਜਾਂਦਾ ਸੀ, ਰੰਗਣ ਦਾ ਕਿੱਤਾ ਤੇ ਸੂਤੀ ਕੱਪੜੇ ਤੇ ਨਕਸ਼ੇ ਦੀ ਛਾਪ, ਖੰਡ ਬਣਾਉਣ ਦਾ ਕਿੱਤਾ, ਧਾਤ ਦਾ ਕਾਰਜ, ਪੱਥਰ ਤੇ ਇੱਟ ਦਾ ਕਾਰਜ ਤੇ ਕਾਗਜ਼ ਦਾ ਪੇਸ਼ਾ, ਛੋਟੇ-ਛੋਟੇ ਕਿੱਤੇ ਸਨ -ਪਿਆਲੇ ਬਣਾਉਣਾ, ਜੁੱਤੀਆਂ ਬਣਾਉਣਾ, ਅਸਤਰ ਬਣਾਉਣਾ ਖ਼ਾਸ ਕਰ ਤੀਰ-ਕਮਾਨ, ਅਤਰ, ਸ਼ਰਾਬ ਅਤੇ ਸਪਿਰਟ ਆਦਿ।"[170] ਭਗਤ ਬਾਣੀ ਵਿਚ ਮੱਧਕਾਲੀ ਲੋਕਾਂ ਦੁਆਰਾ ਕੀਤੇ ਜਾਂਦੇ ਕੁੱਝ ਕੰਮ-ਧੰਦਿਆ ਤੇ ਕਮਾਈ ਦੇ ਸਾਧਨਾਂ ਬਾਰੇ ਅਧਿਐਨ ਹੇਠ ਲਿਖੇ ਅਨੁਸਾਰ ਹੈ :

## ਮੁੱਖ ਕਿੱਤੇ

**ਖੇਤੀ:** ਮੱਧਕਾਲੀ ਸਮਾਜ ਦੇ ਲੋਕਾਂ ਦਾ ਪ੍ਰਮੁੱਖ ਧੰਦਾ ਖੇਤੀਬਾੜੀ ਸੀ ਅਤੇ ਉਸ ਸਮੇਂ ਸਾਲ ਵਿਚ ਦੋ ਫਸਲਾਂ ਹਾੜੀ ਅਤੇ ਸਾਉਣੀ ਬੀਜੀਆਂ ਜਾਂਦੀਆਂ ਸਨ।[171] ਵਾਹੀਯੋਗ ਜ਼ਮੀਨ ਪਿੰਡ ਦੇ ਜ਼ਿਮੀਂਦਾਰ ਦੇ ਅਧੀਨ ਹੁੰਦੀ ਸੀ। ਜਗੀਰਦਾਰ ਜਾਂ ਜ਼ਿਮੀਂਦਾਰ ਉਹ ਹੁੰਦਾ ਸੀ ਜਿਸ ਨੂੰ ਰਾਜੇ ਵਲੋਂ ਕੁੱਝ ਇਕ ਪਿੰਡਾਂ ਦੀ ਮਾਲਕੀ ਤੇ ਖੇਤੀਬਾੜੀ ਯੋਗ ਜ਼ਮੀਨ ਦਾਨ ਕਰ ਦਿੱਤੀ ਜਾਂਦੀ ਸੀ। ਕਿਸਾਨ ਉਸ ਜ਼ਮੀਨ 'ਤੇ ਫਸਲ ਬੀਜਦੇ, ਸਿੰਜਦੇ ਤੇ ਇਕੱਠੀ ਕਰਦੇ ਸਨ ਪਰੰਤੂ ਮਿਹਨਤ ਮੁਸ਼ੱਕਤ ਕਰਨ ਵਾਲੇ ਕਿਸਾਨਾਂ ਨੂੰ ਉਨ੍ਹਾਂ ਦੀ ਕਮਾਈ ਦਾ ਬਹੁਤ ਘੱਟ ਮਿਹਨਤਾਨਾ ਦਿੱਤਾ ਜਾਂਦਾ ਸੀ। ਵਧੇਰੇ ਹਿੱਸਾ ਜ਼ਿਮੀਂਦਾਰ ਆਪਣੇ ਅਧਿਕਾਰ ਵਿਚ ਕਰ ਲੈਂਦੇ ਸਨ। ਇਸ ਮਾਲਕੀ ਤੇ ਮਨਮਰਜ਼ੀ ਕਾਰਨ ਜ਼ਿਮੀਂਦਾਰ ਕਿਸਾਨਾਂ ਦਾ ਬਣਦਾ ਹਿੱਸਾ ਵੀ ਨਾ ਦਿੰਦੇ ਤੇ ਉਪਰੋਂ ਉਨ੍ਹਾਂ ਤੋਂ ਧੱਕੇ ਨਾਲ ਕਈ ਤਰ੍ਹਾਂ ਦੇ ਟੈਕਸਾਂ (ਵੱਢੀ) ਦੀ ਉਗਰਾਹੀ ਵੀ ਕਰਿਆ ਕਰਦੇ ਸਨ :

> ਕਹਾ ਨਰ ਗਰਬਸਿ ਥੋਰੀ ਬਾਤ॥
> ਬਹੁਤ ਪ੍ਰਤਾਪੁ ਗਾਂਉ ਸਉ ਪਾਏ ਦੁਇ ਲਖ ਟਕਾ ਬਰਾਤ॥...
>
> (ਸਾਰੰਗ, ਕਬੀਰ, ਪੰਨਾ-1251)

ਚੌਧਰੀ, ਪਟਵਾਰੀ, ਮੁਨਸ਼ੀ (ਧਰਮਰਾਜ) ਮਾਮਲਾ ਉਗਰਾਹੀ ਜਾਂ ਕਈ ਤਰ੍ਹਾਂ ਦੇ ਟੈਕਸ ਆਦਿ ਲੈਣ ਵਾਲੇ ਨਿੱਤ ਦਿਨ ਜ਼ਮੀਨ ਵਿਚ ਕੰਮ ਕਰਨ ਵਾਲੇ ਕਿਸਾਨਾਂ (ਪੰਜ ਇੰਦ੍ਰੇ) ਕੋਲੋਂ ਲੈਣ-ਦੇਣ ਦਾ ਹਿਸਾਬ ਤੇ ਪੁੱਛ-ਪੜਤਾਲ ਕਰਕੇ ਤੰਗ, ਪਰੇਸ਼ਾਨ ਕਰਿਆ ਕਰਦੇ ਸਨ। ਕਈ ਵਾਰ ਤਾਂ ਇਸ ਸਭ ਤੋਂ ਕਿਸਾਨ ਲੋਕ ਏਨੇ ਤੰਗ ਆ ਜਾਂਦੇ ਕਿ ਉਹ ਅੱਕ ਕੇ ਪਿੰਡ ਤੋਂ ਹੀ ਭੱਜਣ ਲਈ ਮਜ਼ਬੂਰ ਹੋ

ਜਾਂਦੇ ਪਰ ਉਨ੍ਹਾਂ ਦੀ ਇਸ ਕੋਸ਼ਿਸ਼ ਨੂੰ ਵੀ ਸਫਲ ਨਾ ਹੋਣ ਦਿੱਤਾ ਜਾਂਦਾ। ਉਨ੍ਹਾਂ ਨੂੰ ਫੜਕੇ ਰਾਜੇ ਦੇ ਦਰਬਾਰ ਵਿਚ ਲਿਜਾਇਆ ਜਾਂਦਾ ਸੀ ਪਰ ਸਜ਼ਾ ਦੇ ਡਰ ਤੋਂ ਕਿਸਾਨ ਉਨ੍ਹਾਂ ਅੱਗੇ ਹਾਰ ਕੇ ਇਹ ਹੀ ਕਹਿ ਦਿੰਦੇ ਸਨ ਕਿ ਖੇਤ 'ਚ ਹੀ ਨਿਬੇੜਾ ਕਰ ਲਵੋ, ਜੋ ਲੈਣਾ ਹੈ ਲੈ ਲਵੋ, ਪਰ ਜਾਨ ਬਖਸ਼ ਦੇਵੋ। ਕਿਸਾਨਾਂ ਦੀ ਅਜਿਹੀ ਸਥਿਤੀ ਦੀ ਝਲਕ ਭਗਤ ਕਬੀਰ ਜੀ ਦੁਆਰਾ ਰਚਿਤ ਅਧਿਆਤਮਕ ਅਰਥਾਂ ਵਾਲੇ ਸ਼ਬਦ ਤੋਂ ਇਸ ਤਰ੍ਹਾਂ ਮਿਲਦੀ ਹੈ :

ਦੇਹੀ ਗਾਵਾ ਜੀਉ ਧਰ ਮਹਤਉ ਬਸਹਿ ਪੰਚ ਕਿਰਸਾਨਾ॥...
ਬਾਬਾ ਅਬ ਨ ਬਸਉ ਇਹ ਗਾਉ॥
ਘਰੀ ਘਰੀ ਕਾ ਲੇਖਾ ਮਾਗੈ ਕਾਇਥੁ ਚੇਤੂ ਨਾਉ॥੧॥ ਰਹਾਉ॥
ਧਰਮਰਾਇ ਜਬ ਲੇਖਾ ਮਾਗੈ ਬਾਕੀ ਨਿਕਸੀ ਭਾਰੀ॥
ਪੰਚ ਕ੍ਰਿਸਾਨਵਾ ਭਾਗਿ ਗਏ ਲੈ ਬਾਧਿਓ ਜੀਉ ਦਰਬਾਰੀ॥੨॥...

(ਮਾਰੂ, ਕਬੀਰ, ਪੰਨਾ-1104)

**ਫ਼ਸਲ ਦੀ ਬਿਜਾਈ:** ਫ਼ਸਲ ਦੀ ਬਿਜਾਈ ਤੇ ਜ਼ਮੀਨ ਵਹਾਈ ਲਈ ਹਲ[172], 'ਸੁਹਾਗਾ'[173] ਆਦਿ ਸੰਦਾਂ ਦਾ ਪ੍ਰਯੋਗ ਕੀਤਾ ਜਾਂਦਾ ਸੀ। ਭਗਤ ਬਾਣੀ ਵਿਚ ਵਧੀਆ ਤੇ ਜ਼ਿਆਦਾ ਝਾੜ ਦੀ ਪ੍ਰਾਪਤੀ ਲਈ ਖੇਤੀ ਕਰਨ ਲਈ ਅਪਣਾਏ ਜਾਂਦੇ ਕਈ ਢੰਗ ਵੀ ਦੱਸੇ ਗਏ ਹਨ। ਜਿਵੇਂ ਫ਼ਸਲ ਨੂੰ ਹਮੇਸ਼ਾ ਪੱਕੀ ਹੋਣ ਤੇ ਹੀ ਕੱਟਣਾ ਚਾਹੀਦਾ ਹੈ ਜੇਕਰ ਫ਼ਸਲ ਕੱਚੀ ਵੱਢੀ ਜਾਏ ਤਾਂ ਚੰਗਾ ਝਾੜ ਤੇ ਵੱਧ ਮੁਨਾਫ਼ਾ ਨਹੀਂ ਹੁੰਦਾ ਅਤੇ ਨਾ ਹੀ ਕੱਚੀ ਫ਼ਸਲ ਸਰੋਂ ਆਦਿ ਤੋਂ ਬਣਨ ਵਾਲੀਆਂ ਹੋਰ ਵਸਤਾਂ ਖਲ, ਤੇਲ ਆਦਿ ਬਣਾਏ ਜਾ ਸਕਦੇ ਹਨ :

ਕਬੀਰ ਜਉ ਤੁਹਿ ਸਾਧ ਪਿਰੰਮ ਕੀ ਪਾਕੇ ਸੇਤੀ ਖੇਲੁ॥
ਕਾਚੀ ਸਰਸਉਂ ਪੇਲਿ ਕੈ ਨ ਖਲਿ ਭਈ ਨ ਤੇਲੁ॥੨੪੦॥

(ਸਲੋਕ, ਕਬੀਰ, ਪੰਨਾ-1377)

ਭਗਤ ਕਬੀਰ ਜੀ ਫ਼ਸਲ ਪਕਾਉਣ ਨੂੰ ਅਧਿਆਤਮਕ ਅਰਥਾਂ ਵਿਚ ਸੱਚੇ ਗੁਰੂ ਅਤੇ ਕੱਚੇ ਗੁਰੂ ਦੀ ਪਛਾਣ ਅਤੇ ਉਸ ਤੋਂ ਪ੍ਰਾਪਤ ਹੋਣ ਵਾਲੇ ਸਹੀ ਗਿਆਨ ਦੇ ਪ੍ਰਸੰਗ ਵਿਚ ਵਰਤਦੇ ਹਨ। ਬੀਜੀ ਫ਼ਸਲ ਤੋਂ ਵੱਧ ਝਾੜ ਪ੍ਰਾਪਤ ਕਰਨ ਲਈ ਬੀਜ ਦਾ ਵਧੀਆ ਕਿਸਮ (ਚੰਗੇ ਕਰਮ) ਦਾ ਹੋਣਾ ਵੀ ਬਹੁਤ ਲਾਜ਼ਮੀ ਹੈ ਕਿਉਂਕਿ ਜਿਹੋ ਜਿਹਾ ਬੀਜ (ਕਰਮ) ਹੋਵੇਗਾ ਉਹੋ ਜਿਹੀ ਫ਼ਸਲ ਜਾਂ ਫਲ ਪ੍ਰਾਪਤੀ ਹੋਵੇਗੀ :

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥
ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥੨੩॥

(ਸਲੋਕ, ਸ਼ੇਖ ਫ਼ਰੀਦ, ਪੰਨਾ-1379)

ਮੌਸਮ ਦੇ ਹਿਸਾਬ ਨਾਲ ਬੀਜੀ ਗਈ ਫ਼ਸਲ ਸਮੇਂ ਸਮੇਂ ਧਿਆਨ ਵੀ ਮੰਗਦੀ ਹੈ ਕਿਉਂਕਿ ਜੇਕਰ ਫ਼ਸਲ ਇਕ ਵਾਰ ਸੜ ਜਾਵੇ (ਔਗੁਣਾਂ ਭਰੀ ਜੀਵਾਤਮਾ) ਤਾਂ ਦੁਬਾਰਾ ਹਰੀ ਨਹੀਂ ਹੁੰਦੀ, ਚਾਹੇ ਉਸਨੂੰ ਫਿਰ ਜਿੰਨਾ ਮਰਜ਼ੀ ਪਾਣੀ (ਸਤਿਸੰਗ) ਵਿਚ ਡੋਬ ਦੇਈਏ :

ਤਤੀ ਤੋਇ ਨ ਪਲਵੈ ਜੇ ਜਲਿ ਟੁਬੀ ਦੇਇ॥
ਫਰੀਦਾ ਜੋ ਡੋਹਾਗਣਿ ਰਬ ਦੀ ਝੂਰੇਦੀ ਝੂਰੇਇ॥੬੨॥

(ਸਲੋਕ, ਸ਼ੇਖ ਫ਼ਰੀਦ, ਪੰਨਾ-1381)

ਇਸ ਤਰ੍ਹਾਂ ਮੱਧਕਾਲ ਵਿਚ ਪ੍ਰਮੁੱਖ ਤੌਰ ਤੇ ਬੀਜੀਆਂ ਜਾਣ ਵਾਲੀਆਂ ਫਸਲਾਂ ਕਣਕ, ਸਰੋਂ, ਚਾਵਲ, ਗੰਨਾ, ਕਪਾਹ, ਚਨੇ, ਬਾਜ਼ਰਾ ਆਦਿ ਫਲ ਅਤੇ ਸਬਜ਼ੀਆਂ ਵੀ ਉਗਾਈਆਂ ਜਾਂਦੀਆਂ ਸਨ।

**ਵਣਜ ਅਤੇ ਵਿਆਜ:** ਮੱਧਕਾਲੀ ਭਾਰਤ ਦੇ ਅੰਦਰਲੇ ਵਪਾਰ ਦੇ ਨਾਲ ਨਾਲ "ਉਸਦਾ ਬਾਹਰਲੇ ਜਗਤ ਨਾਲ ਵਪਾਰਕ ਸੰਬੰਧ ਵੀ ਧਿਆਨ ਦੇਣ ਯੋਗ ਹੈ। ਸਮੁੰਦਰੀ ਮਾਰਗ ਤੋਂ ਉਸ ਦਾ ਵਪਾਰਕ ਸੰਬੰਧ ਯਰੂਪ ਦੇ ਦੂਰ ਦੇ ਖੇਤਰਾਂ, ਮਲਾਇਆ, ਜਜ਼ੀਰੇ ਤੇ ਚੀਨ ਤੇ ਸ਼ਾਂਤ ਮਹਾਂ ਸਾਗਰ ਦੇ ਹੋਰ ਦੇਸ਼ਾਂ ਨਾਲ ਸੀ। ਥਲ-ਮਾਰਗ ਤੋਂ ਉਸਦਾ ਸਬੰਧ ਮਧ ਏਸ਼ੀਆ, ਅਫ਼ਗਾਨਿਸਤਾਨ, ਈਰਾਨ, ਤਿਬਤ ਤੇ ਭੂਪਾਲ ਦੇ ਨਾਲ ਸੀ।"[174]

ਗੁਰੂ ਗ੍ਰੰਥ ਸਾਹਿਬ ਦੁਆਰਾ ਰਚਿਤ ਬਾਣੀ ਵਿਚ ਵਪਾਰ ਸਬੰਧੀ ਜਿੰਨੀ ਵੀ ਜਾਣਕਾਰੀ ਪ੍ਰਾਪਤ ਹੁੰਦੀ ਹੈ ਮੂਲ ਰੂਪ ਵਿਚ ਅਧਿਆਤਮਕ ਪ੍ਰਸੰਗ ਵਿਚ ਹੀ ਮਿਲਦੀ ਹੈ ਜਿਸ ਵਿਚ ਪ੍ਰਭੂ ਵੱਡਾ ਸ਼ਾਹੂਕਾਰ ਅਤੇ ਜੀਵ ਵਣਜ ਕਰਨ ਵਾਲੇ ਵਣਜਾਰੇ ਹਨ ਜਿਨ੍ਹਾਂ ਵਿਚ ਕਈ ਵਣਜਾਰੇ ਆਪਣੀ (ਸਵਾਸਾਂ ਰੂਪੀ) ਪੂੰਜੀ ਬੇਅਰਥ ਦੀ ਵਪਾਰ (ਭਾਵ ਵਿਕਾਰਾਂ) ਵਿਚ ਹੀ ਲਗਾ ਦਿੰਦੇ ਹਨ ਅਤੇ ਵਿਰਲੇ ਸਫ਼ਲ ਭਗਤ ਰੂਪੀ ਵਣਜਾਰੇ ਇਸ ਅਮੋਲਕ ਪੂੰਜੀ ਨੂੰ ਪ੍ਰਭੂ-ਨਾਮ ਵਿਚ ਲਗਾ ਕੇ ਬੇਸ਼ੁਮਾਰ ਲਾਭ ਪ੍ਰਾਪਤ ਕਰਦੇ ਹਨ :

ਹਉ ਬਨਜਾਰੋ ਰਾਮ ਕੋ ਸਹਜ ਕਰਉ ਬ੍ਯ਼ਾਪਾਰੁ॥
ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ॥੨॥

(ਗਉੜੀ, ਰਵਿਦਾਸ, ਪੰਨਾ-346)

ਵਪਾਰ ਵਿਚ ਪੂੰਜੀ ਲਗਾ ਕੇ ਖਰੀਦਿਆ ਮਾਲ ਇਕ ਥਾਂ ਤੋਂ ਦੂਜੀਆਂ ਥਾਵਾਂ 'ਤੇ ਮੁਨਾਫ਼ੇ ਲਈ ਵੇਚਿਆ ਜਾਂਦਾ ਸੀ। ਇਸ ਵਪਾਰ ਵਿਚ ਕਾਂਸੀ, ਤਾਂਬਾ, ਲਉਂਗ, ਸੁਪਾਰੀ ਦੇ ਨਾਲ-ਨਾਲ ਕੀਮਤੀ ਵਸਤਾਂ ਹੀਰੇ, ਜਵਾਹਰ ਆਦਿ ਦਾ ਵਪਾਰ ਵਿਸ਼ਵਾਸ ਵਾਲੇ ਲੋਕਾਂ ਅਤੇ ਬਹੁਤ ਘੱਟ ਲੋਕਾਂ

ਵਿਚ ਕੀਤਾ ਜਾਂਦਾ ਸੀ। ਵਧੇਰੇ ਕਰਕੇ ਇਸ ਦਾ ਵਪਾਰ ਵੱਡੇ ਵੱਡੇ ਸ਼ਾਹੂਕਾਰ ਜਾਂ ਮਾਲਿਕ ਹੀ ਕਰਿਆ ਕਰਦੇ ਸਨ ਜੋ ਆਪਸ ਵਿਚ ਹੀ ਖ਼ਰੀਦ-ਵੇਚਣ ਦਾ ਕੰਮ ਕਰਦੇ ਸਨ :

> ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ॥...
> ਹੀਰਾ ਹਾਥਿ ਚੜਿਆ ਨਿਰਮੋਲਕੁ ਛੂਟਿ ਗਈ ਸੰਸਾਰੀ॥੧॥ ਰਹਾਉ॥...
> ਆਪਹਿ ਰਤਨ ਜਵਾਹਰ ਮਾਨਿਕ ਆਪੈ ਹੈ ਪਾਸਾਰੀ॥
> ਆਪੈ ਦਹ ਦਿਸ ਆਪ ਚਲਾਵੈ ਨਿਹਚਲੁ ਹੈ ਬਿਆਪਾਰੀ॥੩॥

(ਕੇਦਾਰਾ, ਕਬੀਰ, ਪੰਨਾ-1123)

ਛੋਟੇ ਵਪਾਰੀ ਆਪਣਾ ਮਾਲ (ਛਟ ਜਾਂ ਪੂੰਜੀ) ਆਦਿ ਵਧੇਰੇ ਕਰਕੇ ਗੱਡਿਆਂ ਉੱਤੇ ਲੱਦ ਕੇ ਹੀ ਲਿਜਾਂਦੇ ਸਨ ਜਿਨ੍ਹਾਂ ਗੱਡਿਆਂ ਨਾਲ ਬਲਦ ਜੋੜੇ ਜਾਂਦੇ ਸਨ। ਲੰਮੇ ਪੈਂਡੇ ਤਹਿ ਕਰਨ ਲਈ ਵਪਾਰੀ ਲੋਕਾਂ ਨੂੰ ਬੜੀਆਂ ਉੱਚੀਆਂ ਤੇ ਔਖੀਆਂ ਘਾਟੀਆਂ ਪਾਰ ਕਰਕੇ ਜਾਣਾ ਪੈਂਦਾ ਸੀ। ਅਜਿਹੇ ਰਸਤਿਆਂ ਵਿਚ ਕਈ ਵਾਰੀ ਉਨ੍ਹਾਂ ਨੂੰ ਚੋਰਾਂ, ਠੱਗਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਅਤੇ ਰਸਤੇ ਵਿਚ ਮਸੂਲ (ਕਰ ਜਾਂ ਉਗਰਾਹੀ) ਲੈਣ ਵਾਲੇ ਮਸੂਲੀਏ ਵੀ ਝਗੜਾ ਕਰਦੇ ਸਨ। ਕਈ ਵਾਰ ਵਪਾਰੀ ਲੋਕ ਮਸੂਲਾਂ (ਕਾਮ, ਕ੍ਰੋਧ) ਦੇ ਝਗੜਿਆਂ ਤੇ ਚੋਰਾਂ ਦੇ ਅਚਾਨਕ ਕੀਤੇ ਹਮਲਿਆਂ ਤੋਂ ਡਰ ਕੇ, ਬੈਲ-ਗੱਡਿਆਂ ਵਿਚ ਲੱਦਿਆ-ਲਦਾਇਆ ਮਾਲ ਛੱਡਕੇ ਭੱਜ ਜਾਂਦੇ ਸਨ :

> (ੳ) ਪਾਪੁ ਪੁੰਨੁ ਦੁਇ ਬੈਲ ਬਿਸਾਹੇ ਪਵਨੁ ਪੂਜੀ ਪਰਗਾਸਿਓ॥
> ਤ੍ਰਿਸਨਾ ਗੂਣਿ ਭਰੀ ਘਟ ਭੀਤਰਿ ਇਨ ਬਿਧਿ ਟਾਂਡ ਬਿਸਾਹਿਓ॥੧॥...
> ਕਹਤੁ ਕਬੀਰੁ ਸੁਨਹੁ ਰੇ ਸੰਤਹੁ ਅਬ ਐਸੀ ਬਨਿ ਆਈ॥
> ਘਾਟੀ ਚਢਤ ਬੈਲੁ ਇਕੁ ਥਾਕਾ ਚਲੋ ਗੋਨਿ ਛਿਟਕਾਈ॥੩॥੫॥੪੯॥

(ਗਉੜੀ, ਕਬੀਰ, ਪੰਨਾ-333)

> (ਅ) ਹਉ ਬਨਜਾਰੋ ਰਾਮ ਕੋ ਸਹਜ ਕਰਉ ਬ੍ਯ੍ਯਾਪਾਰੁ॥
> ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ॥੨॥

(ਗਉੜੀ, ਰਵਿਦਾਸ, ਪੰਨਾ-345-346)

ਸ਼ਾਹੂਕਾਰ (ਨਾਇਕ) ਆਪਣੇ ਵੱਲੋਂ ਪੰਜ ਵਪਾਰੀ (ਗਿਆਨ ਇੰਦ੍ਰੇ) ਮੁਕੱਰਰ ਕਰ ਲੈਂਦਾ ਸੀ ਜੋ ਪੱਚੀ ਪੱਚੀ ਬਲਦਾਂ (ਪ੍ਰਕ੍ਰਿਤੀਆਂ) 'ਤੇ ਮਾਲ ਲੱਦ ਕੇ ਕਾਫ਼ਲਿਆਂ ਦੇ ਰੂਪ ਵਿਚ ਇਕੋ ਥਾਂ ਤੋਂ ਤੁਰਦੇ ਸਨ ਤੇ ਥੋੜ੍ਹੇ ਰਾਹ ਇਕੋ ਰਸਤੇ ਤੁਰਨ ਤੋਂ ਬਾਅਦ ਕਾਫ਼ਲੇ ਅਲੱਗ ਅਲੱਗ ਥਾਵਾਂ ਵੱਲ ਤੁਰ ਜਾਂਦੇ। ਉਨ੍ਹਾਂ ਗੱਡਿਆਂ 'ਤੇ ਚੁਆੜੀਆਂ (ਨੌ ਗੋਲਕਾਂ), ਦਸ ਗੋਨਿ ਭਾਵ ਛਟ (ਦਸ ਇੰਦ੍ਰੇ), ਬਹੱਤਰਿ (ਬਹੱਤਰ ਨਾੜੀਆਂ) ਛੱਟਾਂ ਨੂੰ ਸਿਉਣ ਵਾਲੇ ਸੇਬੇ ਨਾਲ ਸਾਰੇ ਮਾਲ ਨੂੰ ਸਿਉਂ ਕੇ ਲੱਦਿਆ ਜਾਂਦਾ

ਸੀ। ਅਸਲ ਵਿਚ ਵਿਭਿੰਨ ਕਿਸਮ ਦੇ ਮਾਲ ਦੇ ਵਪਾਰ ਵਿਚ ਘਾਟਾ ਹੀ ਪੈਂਦਾ ਸੀ ਜਿਸ ਵਿਚ ਵਪਾਰੀਆਂ ਦਾ ਮੂਲ ਤਾਂ ਘੱਟਦਾ ਨਹੀਂ ਤੇ ਬਿਆਜ ਵੱਧਦਾ ਰਹਿੰਦਾ ਸੀ, ਉਪਰੋਂ ਮਸੂਲੀਏ ਵੱਢੀ ਲੈਣ ਲਈ ਝਗੜਾ ਪਾਉਂਦੇ ਸਨ ਜਿਸ ਕਾਰਨ ਵਪਾਰੀਆਂ ਨੂੰ ਵਣਜ ਵਿਚੋਂ ਕੋਈ ਮੁਨਾਫ਼ਾ ਨਾ ਹੁੰਦਾ ਤੇ ਕਈ ਵਾਰੀ ਉਨ੍ਹਾਂ ਨੂੰ ਖਾਲੀ ਹੱਥ ਹੀ ਪਰਤਣਾ ਪੈਂਦਾ ਸੀ :

ਨਾਇਕੁ ਏਕੁ ਬਨਜਾਰੇ ਪਾਚ॥ ਬਰਧ ਪਚੀਸਕ ਸੰਗੁ ਕਾਚ॥
ਨਉ ਬਹੀਆਂ ਦਸ ਗੋਨਿ ਆਹਿ॥ ਕਸਨਿ ਬਹਤਰਿ ਲਾਗੀ ਤਾਹਿ॥੧॥
ਮੋਹਿ ਐਸੇ ਬਨਜ ਸਿਉ ਨਹੀਨ ਕਾਜੁ॥ ਜਿਹ ਘਟੈ ਮੂਲੁ ਨਿਤ ਬਢੈ ਬਿਆਜੁ॥ਰਹਾਉ॥...

(ਬਸੰਤ, ਕਬੀਰ, ਪੰਨਾ-1194-1195)

ਇਸੇ ਤਰ੍ਹਾਂ ਹੀ ਮਹਿੰਗੇ, ਕੀਮਤੀ ਪਦਾਰਥਾਂ ਵਿਚ ਰਤਨ, ਹੀਰੇ ਜਵਾਹਰ (ਪ੍ਰਭੂ ਨਾਮ) ਆਦਿ ਦਾ ਵਪਾਰ ਆਮ ਵਪਾਰੀ ਨਹੀਂ ਸੀ ਕਰਦੇ, ਵਿਰਲੇ (ਗਿਆਨੀ, ਗੁਰਮੁਖ ਭਗਤ) ਲੋਕ ਹੀ ਇਨ੍ਹਾਂ ਕੀਮਤੀ ਵਸਤਾਂ ਦਾ ਵਪਾਰ ਕਰਦੇ ਸਨ। ਜੋ ਬੜੀ ਹੀ ਨਿਰਖ-ਪਰਖ ਨਾਲ ਚੰਗਾ ਮੁੱਲ ਪਾਉਣ ਵਾਲੇ ਪਾਰਖੂ ਅੱਗੇ ਹੀ ਇਨ੍ਹਾਂ ਵਸਤਾਂ ਦੀ ਭਰੀ ਗੁਥਲੀ (ਹਰੀ-ਨਾਮ, ਗਿਆਨ) ਨੂੰ ਖੋਲਿਆ ਕਰਦੇ ਸਨ :

ਕਬੀਰ ਰਾਮ ਰਤਨੁ ਮੁਖੁ ਕੋਥਰੀ ਪਾਰਖ ਆਗੈ ਖੋਲਿ॥
ਕੋਇ ਆਇ ਮਿਲੈਗੋ ਗਾਹਕੀ ਲੇਹੋ ਮਹਗੇ ਮੋਲਿ॥੨੨੫॥

(ਸਲੋਕ, ਕਬੀਰ, ਪੰਨਾ-1376)

ਸ਼ਾਸਕ ਵਰਗ ਦੁਆਰਾ ਕਈ ਤਰ੍ਹਾਂ ਦੇ ਟੈਕਸ ਵੀ ਲਏ ਜਾਂਦੇ ਸਨ। ਜਿਵੇਂ "ਖਿਰਾਜ ਤੇ ਭੂਮੀਕਰ ਜੋ ਹਿੰਦੂ ਨਾਇਕਾਂ ਤੇ ਭੂਮੀ ਪਤੀਆਂ ਤੋਂ ਲਿਆ ਜਾਂਦਾ ਸੀ।... ਖਮਸ ਜਾਂ ਲੜਾਈ ਵਿਚ ਲੁੱਟੇ ਗਏ ਮਾਲ ਦਾ ਪੰਜਵਾਂ ਹਿੱਸਾ ਤੇ ਧਾਰਮਿਕ ਕਰਾਂ ਤੋਂ ਇਲਾਵਾ ਅਬਵਾਬ ਜਾਂ ਕਰ ਤੇ ਗ੍ਰਹਿਕਰ, ਚਰਾਗਾਹ ਕਰ, ਜਲ ਕਰ ਆਦਿ ਦੂਜੀ ਤਰ੍ਹਾਂ ਦੇ ਕਰ ਲੋਕਾਂ 'ਤੇ ਲਗਾਏ ਜਾਂਦੇ ਸਨ। ਵਪਾਰਕ ਕਰਾਂ ਤੋਂ ਵੀ ਰਾਜ ਦੀ ਕੁਝ ਆਮਦਨੀ ਸੀ। ਜਜ਼ੀਆ ਮੂਲ ਰੂਪ ਵਿਚ ਇਕ ਪ੍ਰਕਾਰ ਦਾ ਗ਼ੈਰ-ਮੁਸਲਮਾਨਾਂ ਉਪਰ ਲਗਾਏ ਜਾਣ ਵਾਲਾ ਕਰ ਸੀ...। ਕਰ ਨਕਦ ਤੇ ਅਨਾਜ ਦੋਵੇਂ ਰੂਪਾਂ ਵਿਚ ਦਿੱਤੇ ਜਾਂਦੇ ਸਨ।"[175] ਆਰਥਿਕ ਮੰਦਹਾਲੀ ਵਿਚ ਕਿਸਾਨ, ਛੋਟੇ ਵਪਾਰੀ ਤੇ ਹੋਰ ਕੰਮ ਧੰਦੇ ਕਰਨ ਵਾਲੇ ਲੋਕ ਵੱਡੇ ਸ਼ਾਹੂਕਾਰਾਂ, ਵਪਾਰੀਆਂ ਜਾਂ ਜਿਮੀਂਦਾਰਾਂ ਤੋਂ ਕਈ ਵਾਰੀ ਪੈਸਾ ਵਿਆਜ 'ਤੇ ਲੈ ਲੈਂਦੇ ਸਨ ਜਿਸ ਵਿਆਜ ਦੀ ਦਰ ਜ਼ਿਆਦਾ ਹੋਣ ਕਾਰਨ, ਵਿਆਜ ਵੱਧਦਾ ਰਹਿਣ ਕਰਕੇ ਕਰਜੇ ਹੇਠ ਆਏ ਛੋਟੇ ਵਪਾਰੀ ਲੋਕਾਂ ਦੀ ਆਪਣੇ ਕੰਮ ਤੋਂ ਹੀ ਤੌਬਾ ਹੋ ਜਾਂਦੀ ਸੀ :

ਮੋਹਿ ਐਸੇ ਬਨਜ ਸਿਉ ਨਹੀਨ ਕਾਜੁ॥
ਜਿਹ ਘਟੈ ਮੂਲੁ ਨਿਤ ਬਢੈ ਬਿਆਜੁ॥ ਰਹਾਉ॥

(ਬਸੰਤ, ਕਬੀਰ, ਪੰਨਾ-1195)

ਭਗਤ ਕਬੀਰ ਜੀ ਦੇ ਇਕ ਸਲੋਕ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਉਸ ਸਮੇਂ ਸ਼ਾਹੂਕਾਰ ਜਾਂ ਜਾਗੀਰਦਾਰ ਕਰਜ਼ਾ ਲੈਣ ਵਾਲੇ ਕਿਸਾਨ ਆਦਿ ਲੋਕਾਂ ਤੋਂ ਇਕ 'ਲਿਖਤ ਵੀ ਲੈਂਦੇ ਸਨ ਜਿਸ ਵਿਚ ਕਰਜ਼ੇ ਦੀ ਰਕਮ, ਕਰਜ਼ਾ ਲੈਣ ਤੇ ਮੋੜਨ ਦੇ ਸਮੇਂ ਆਦਿ ਬਾਰੇ ਲਿਖਾ ਲਿਆ ਜਾਂਦਾ ਸੀ। ਜੇਕਰ ਕਿਸਾਨ ਵੱਲੋਂ ਕਰਜ਼ਾ ਮੋੜ ਦਿੱਤਾ ਜਾਂਦਾ ਤਾਂ ਲਿਖਤ ਪਾੜ ਦਿੱਤੀ ਜਾਂਦੀ ਸੀ ਅਤੇ ਜੇ ਨਾ ਮੋੜਿਆ ਜਾਦਾ ਤਾਂ ਵਿਆਜ ਵੱਧਦਾ ਰਹਿੰਦਾ ਸੀ। ਬੰਦਾ ਸਾਰੀ ਉਮਰ ਵਿਆਜ ਮੋੜਦਾ ਮੋੜਦਾ ਮਰਨ ਕਿਨਾਰੇ ਪਹੁੰਚ ਜਾਂਦਾ ਪਰ ਲਿਖਤ ਜਿਉਂ ਦੀ ਤਿਉਂ ਪਈ ਰਹਿੰਦੀ ਸੀ। ਕਬੀਰ ਜੀ ਦੇ ਇਸ ਸਲੋਕ ਦੇ ਅਧਿਆਤਮਕ ਅਰਥ ਰਾਮ-ਨਾਮ ਦਾ ਲਾਹਾ ਨਾ ਖੱਟਣ, ਮਨੁੱਖਾ ਜਨਮ ਨੂੰ ਉਸਾਰੂ ਦਿਸ਼ਾ ਵੱਲ ਨਾ ਲਗਾਉਣ ਵਾਲੇ ਤੇ ਵਿਕਾਰਾਂ ਵਿਚ ਖਚਿਤ ਮਨੁੱਖ ਦੇ ਕੁਕਰਮਾਂ ਦਾ ਲੇਖਾ ਵੱਧਦਾ ਰਹਿਣ ਦੇ ਪ੍ਰਸੰਗ ਵਿਚ ਉਚਾਰਿਆ ਗਿਆ ਹੈ :

ਕਬੀਰ ਟਾਲੈ ਟੋਲੈ ਦਿਨੁ ਗਇਆ ਬਿਆਜੁ ਬਢੰਤਉ ਜਾਇ॥
ਨਾ ਹਰਿ ਭਜਿਓ ਨ ਖਤੁ ਫਟਿਓ ਕਾਲੁ ਪਹੂੰਚੋ ਆਇ॥੨੦੮॥

(ਸਲੋਕ, ਕਬੀਰ, ਪੰਨਾ-1375)

**ਚਕਿਤਸਾ:** ਮੱਧਕਾਲੀ ਸਮਾਜ ਵਿਚ ਲੋਕਾਂ ਦੀਆਂ ਸਰੀਰਕ ਬਿਮਾਰੀਆਂ ਦੀ ਦਵਾ-ਦਾਰੂ ਦਾ ਕੰਮ ਵੈਦ ਕਰਿਆ ਕਰਦੇ ਸਨ ਜੋ ਕਿ ਨਾੜੀ ਦੁਆਰਾ ਬਿਮਾਰੀ ਜਾਨਣ ਤੇ ਉਸਦੇ ਇਲਾਜ ਦੇ ਸਮਰੱਥ ਹੁੰਦਾ ਸੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਹ ਤਿੰਨ ਤਾਪਾਂ ਦੇ ਨਾਂ ਹਨ। (1) ਆਧਯਾਤਮਿਕ-ਦੇਹ ਦੇ ਰੋਗ ਅਤੇ ਕ੍ਰੋਧਾਦਿ ਮਨ ਦੇ ਵਿਕਾਰ, (2)-ਆਧਿਭੌਤਿਕ ਜੋ ਦੁੱਖ ਜੀਵਾਂ ਤੋਂ ਪ੍ਰਾਪਤ ਹੋਣ ਜੈਸੇ ਮੱਛਰ, ਸਰਪ ਸ਼ੇਰ ਆਦਿ ਤੋਂ, (3)-ਅਧਿਦੈਵਿਕ ਜੋ ਪ੍ਰਾਕ੍ਰਿਤ ਦੇਵਤਾ ਤੋਂ ਪ੍ਰਾਪਤ ਹੋਣ ਜੈਸੇ ਧੁੱਪ, ਪਾਲਾ, ਹਨ੍ਹੇਰੀ, ਗੋਲੇ ਆਦਿ।"[176] ਬਾਣੀਕਾਰਾਂ ਅਨੁਸਾਰ ਗੁਰੂ ਜੋ ਬ੍ਰਹਮ ਤੱਕ ਪੁੱਜਣ ਦੀ ਪੌੜੀ ਹੈ ਤਿੰਨੇ ਤਰ੍ਹਾਂ ਦੇ ਤਾਪਾਂ ਨੂੰ ਮਿਟਾਉਣ ਵਾਲਾ ਵੈਦ ਹੈ। ਇਸ ਲਈ ਪ੍ਰਭੂ-ਪ੍ਰੇਮ ਵਿਚ ਵੈਰਾਗੇ ਸੰਤ ਭਗਤ ਦੇ ਪ੍ਰੇਮ-ਰੋਗ ਦੀ ਥਹੁ ਉਸ ਵੈਦ ਨੂੰ ਨਹੀਂ ਮਿਲਦੀ ਜੋ ਨਾੜੀ ਦੁਆਰਾ ਰੋਗ ਦੱਸਦਾ ਹੈ, ਸਗੋਂ ਇਸ ਪੀੜ ਜਾਂ ਰੋਗ ਦਾ ਇਲਾਜ ਤਾਂ ਗੁਰੂ (ਵੈਦ) ਕੋਲ ਹੀ ਹੁੰਦਾ ਹੈ :

ਉਲਟਿ ਭਈ ਸੁਖ ਸਹਜਿ ਸਮਾਧਿ ਆਪੁ ਪਛਾਨੈ ਆਪੈ ਆਪ॥
ਰੋਗੁ ਨ ਬਿਆਪੈ ਤੀਨੌ ਤਾਪ॥੨॥

(ਗਉੜੀ, ਕਬੀਰ, ਪੰਨਾ-327)

ਇਸ ਤੋਂ ਇਲਾਵਾ ਲੋਕਾਂ ਵਿਚ ਕੋਹੜ ਦਾ ਰੋਗ ਫੈਲਣ ਦਾ ਜ਼ਿਕਰ ਵੀ ਮਿਲਦਾ ਹੈ ਜਿਸ ਰੋਗ ਕਾਰਨ ਰੋਗੀ ਦੇ ਜ਼ਖ਼ਮਾਂ ਤੋਂ ਰਿਸਦੇ ਖ਼ੂਨ ਆਦਿ ਨੂੰ ਚੂਸਣ ਲਈ ਜ਼ਖਮਾਂ 'ਤੇ ਜੋਕ ਨੂੰ ਲਾ ਦਿੱਤਾ ਜਾਂਦਾ ਸੀ ਜੋ ਕੁਸਟੀ ਜਾਂ ਕੋਹੜੀ ਦੇ ਜ਼ਖਮਾਂ ਤੋਂ ਗੰਦਾ ਲਹੂ ਪੀ ਕੇ ਉਥੇ ਹੀ ਮਰ ਜਾਂਦੀ ਸੀ :

ਸਿਆਮ ਸੁੰਦਰ ਤਜਿ ਆਨ ਜੁ ਚਾਹਤ ਜਿਉ ਕੁਸਟੀ ਤਨਿ ਜੋਕ॥

(ਸਾਰੰਗ, ਮਹਲਾ 5 ਸੂਰਦਾਸ, ਪੰਨਾ-1253)

ਵਡੇਰੀ ਉਮਰ ਵਿਚ ਬਿਰਧ ਮਨੁੱਖਾਂ ਦੇ ਸਿਰ ਪੀੜ, ਸਰੀਰ ਵਿਚ ਜਲਨ ਤੇ ਕਲੇਜੇ ਵਿਚ ਦਰਦ ਆਦਿ ਆਮ ਰਹਿੰਦੇ ਸਨ। ਇਹ ਦਰਦ ਅਜਿਹਾ ਹੁੰਦਾ ਸੀ ਜਿਸ ਦਾ ਇਲਾਜ ਵੈਦ ਕੋਲ ਵੀ ਨਹੀਂ ਸੀ ਹੁੰਦਾ। ਭਗਤ ਭੀਖਨ ਜੀ ਅਨੁਸਾਰ ਇਸ ਤਰ੍ਹਾਂ ਦੀ ਹਾਲਤ ਵਿਚ ਕੇਵਲ ਹਰੀ-ਨਾਮ ਹੀ ਦਵਾਈ ਬਣਦਾ ਹੈ :

ਮਾਥੇ ਪੀਰ ਸਰੀਰਿ ਜਲਨਿ ਹੈ ਕਰਕ ਕਰੇਜੇ ਮਾਹੀ॥
ਐਸੀ ਬੇਦਨ ਉਪਜਿ ਖਰੀ ਭਈ ਵਾ ਕਾ ਅਉਖਧੁ ਨਾਹੀ॥੨॥
ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ ਇਹੁ ਅਉਖਧੁ ਜਗਿ ਸਾਰਾ॥

(ਸੋਰਠਿ, ਭੀਖਨ, ਪੰਨਾ-659)

**ਕੱਪੜਾ ਬੁਣਨਾ:** ਭਗਤ ਕਬੀਰ ਜੀ ਜੁਲਾਹਾ ਜਾਤੀ ਨਾਲ ਸੰਬੰਧ ਰੱਖਦੇ ਸਨ ਜਿਸ ਕਰਕੇ ਕੱਪੜਾ ਬੁਣਨ ਦੀ ਸਾਰੀ ਪ੍ਰਕ੍ਰਿਆ ਨੂੰ ਉਨ੍ਹਾਂ ਨੇ ਮਨੁੱਖੀ ਸਰੀਰ ਦੇ ਪ੍ਰਸੰਗ ਵਿਚ ਬੜੀ ਬਰੀਕੀ ਨਾਲ ਚਿਤਰਿਆ ਹੈ। ਇਸ ਤਾਣੀ ਵਿਚ ਨੌਂ ਗੋਲਕਾਂ ਵਾਲਾ ਸਰੀਰ, ਦਸ ਇੰਦਰੇ, ਇਕੀ ਗਜ਼ (ਪੰਜ ਤੱਤ, ਪੰਜ ਵਿਸ਼ੇ, ਦਸ ਪ੍ਰਾਣ ਤੇ ਮਨ) ਦੀ ਇਕ ਤਾਣੀ ਤਣੀ ਗਈ ਹੈ। ਉਸ ਵਿਚ ਸੱਠ ਨਾੜੀਆਂ ਤਾਣੇ ਦਾ ਸੂਤ, ਸਰੀਰ ਦੇ ਨੌਂ ਜੋੜ, ਬਹੱਤਰ ਨਾੜੀਆ ਦਾ ਪੇਟਾ ਪਾਇਆ ਗਿਆ ਹੈ। ਇਸ ਤਾਣੀ ਵਿਚ ਹਰ ਰੋਜ਼ ਢਾਈ ਸੇਰ ਤਾਂ ਤੰਦ ਜੋੜਨ ਵਾਲਾ ਮਾਵਾ ਲੱਗਦਾ ਹੈ। ਇਹ ਤਾਣੀ ਗਜਾਂ ਨਾਲ ਮਿਣੀ ਨਹੀਂ ਜਾਂਦੀ, ਨਾ ਵੱਟੇ ਨਾਲ ਤੋਲੀ ਜਾਂਦੀ ਹੈ। ਜੇਕਰ ਇਸ ਨੂੰ ਸਮੇਂ ਸਿਰ ਮਾਵਾ (ਖ਼ੁਰਾਕ) ਨਾ ਮਿਲੇ ਤਾਂ ਇਹ ਮਾਲਕ (ਸਰੀਰ) ਰੌਲਾ ਪਾਉਂਦਾ ਹੈ। ਤ੍ਰਿਸ਼ਨਾ ਵਿਚ ਗ੍ਰਸਿਆ ਇਹ ਤਾਣੀ ਰੂਪ ਸਰੀਰ ਥੋੜ੍ਹੀ ਉਮਰ ਲਈ ਖਸਮ ਤੋਂ ਆਕੀ ਹੋ ਜਾਂਦਾ ਹੈ। ਤਾਣੀ (ਸਰੀਰ) ਦੇ ਕੁੰਡੇ ਛੁੱਟ ਜਾਂਦੇ ਹਨ, ਨਲੀਆਂ ਭਿਜੀਆਂ ਹੀ ਰਹਿ ਜਾਂਦੀਆਂ ਹਨ, ਸਰੀਰ ਰੂਪ ਜੁਲਾਹਾ ਰੁਸ ਜਾਂਦਾ ਹੈ। ਅਖੀਰ ਸੁਆਸਾਂ ਦੀ ਨਲੀ ਖਾਲੀ ਹੋ ਜਾਂਦੀ ਹੈ, ਸੁਆਸਾਂ ਦੀ ਤੰਦ ਨਿਕਲਦੀ ਨਹੀਂ ਤੇ ਇਹ ਸਰੀਰ ਰੂਪ ਤਾਣੀ ਲਪੇਟੀ ਨਹੀਂ ਜਾਂਦੀ ਭਾਵ ਉਲਝ ਕੇ ਖਿਲਰ ਜਾਂਦੀ ਹੈ।[177] ਕਬੀਰ ਜੀ ਪ੍ਰਭੂ ਦੇ ਸ੍ਰਿਸ਼ਟੀ ਰੂਪ ਵਿਚ ਸਿਮਰਨ ਰੂਪੀ ਤਾਣਾ, ਤਣਨ, ਬੁਣਨ ਵੱਲ ਇਸ ਤਰ੍ਹਾਂ ਸੰਕੇਤ ਕਰਦੇ ਹਨ :

ਕੋਰੀ ਕੋ ਕਾਹੂ ਮਰਮੁ ਨ ਜਾਨਾਂ॥ ਸਭੁ ਜਗੁ ਆਨਿ ਤਨਾਇਓ ਤਾਨਾਂ॥੧॥ਰਹਾਉ॥
ਜਬ ਤੁਮ ਸੁਨਿ ਲੇ ਬੇਦ ਪੁਰਾਨਾਂ॥ ਤਬ ਹਮ ਇਤਨਕੁ ਪਸਰਿਓ ਤਾਨਾਂ॥੧॥
ਧਰਨਿ ਅਕਾਸ ਕੀ ਕਰਗਹ ਬਨਾਈ॥ ਚੰਦੁ ਸੂਰਜੁ ਦੁਇ ਸਾਥਿ ਚਲਾਈ॥੨॥
ਪਾਈ ਜੋਰਿ ਬਾਤ ਇਕ ਕੀਨੀ ਤਹ ਤਾਂਤੀ ਮਨੁ ਮਾਨਾਂ॥
ਜੋਲਾਹੇ ਘਰੁ ਅਪਨਾ ਚੀਨ੍ਹਾਂ ਘਟ ਰਾਮੁ ਪਛਾਨਾਂ॥੩॥
ਕਹਤੁ ਕਬੀਰ ਕਾਰਗਹ ਤੋਰੀ॥ ਸੂਤੈ ਸੂਤ ਮਿਲਾਏ ਕੋਰੀ॥੪॥੩॥੩੬॥

(ਆਸਾ, ਕਬੀਰ, ਪੰਨਾ-484)

**ਕੱਪੜੇ ਸਿਲਾਈ ਦਾ ਕੰਮ:** ਭਗਤ ਨਾਮਦੇਵ ਜੀ ਛੀਂਬਾ ਜਾਤੀ 'ਚੋਂ ਹੋਏ। ਉਹ ਆਪਣਾ ਜੱਦੀ ਕਿੱਤਾ ਕੱਪੜੇ ਸਿਲਾਈ ਦਾ ਕੰਮ ਕਰਿਆ ਕਰਦੇ ਸਨ। ਇਸ ਕਾਰਨ ਹੀ ਉਨ੍ਹਾਂ ਦੀ ਬਾਣੀ ਵਿਚ ਵਧੇਰੇ ਕਰਕੇ ਕੱਪੜੇ ਸਿਲਾਈ ਅਤੇ ਰੰਗਾਈ ਆਦਿ ਨਾਲ ਸੰਬੰਧਿਤ ਪ੍ਰਤੀਕਾਂ ਨੂੰ ਦੇਖਿਆ ਜਾ ਸਕਦਾ ਹੈ ਜਿਨ੍ਹਾਂ ਦੇ ਮਾਧਿਅਮ ਰਾਹੀਂ ਵਿਕਾਰਾਂ ਵਾਲੇ ਜੀਵਨ ਨੂੰ ਮਨ ਰੂਪੀ ਗਜ ਅਤੇ ਜੀਭ ਰੂਪੀ ਕੈਂਚੀ ਨਾਲ (ਪ੍ਰਭੂ-ਨਾਮ ਦੇ ਸਿਮਰਨ ਨਾਲ) ਕੱਟਣ, ਮਨ ਨੂੰ ਪ੍ਰਭੂ-ਨਾਮ ਨਾਲ ਰੰਗਣਾ ਅਤੇ ਪ੍ਰਭੂ-ਪ੍ਰੇਮ ਦੀਆਂ ਸਿਉਣਾ ਮਾਰਨੀਆਂ ਆਦਿ ਉਦੇਸ਼ਾਂ ਨੂੰ ਪ੍ਰਗਟਾਇਆ ਗਿਆ ਹੈ। ਅਜਿਹਾ ਕਰਨ ਨਾਲ ਗੁਰੂ ਦੀ ਕਿਰਪਾ ਦੁਆਰਾ ਬ੍ਰਹਮ ਨਾਲ ਜੁੜੀ ਬਿਰਤੀ ਸੋਨੇ ਦੀ ਸੂਈ ਅਤੇ ਬ੍ਰਹਮ ਨਾਲ ਜੁੜੀ ਸੁਰਤਿ ਚਾਂਦੀ ਦਾ ਧਾਗਾ (ਸ਼ੁਧ-ਸੁਰਤੀ) ਬਣ ਜਾਂਦੀ ਹੈ ਤੇ ਪ੍ਰਭੂ-ਭਗਤ, ਗੁਰਮੁਖ ਗਿਆਨੀ ਇਹੋ ਜਿਹੀ ਕਮਾਈ ਤੋਂ ਬਿਨਾਂ ਘੜੀ ਮਾਤਰ ਵੀ ਦੂਰ ਨਹੀਂ ਹੋ ਸਕਦੇ :

ਮਨੁ ਮੇਰੋ ਗਜੁ ਜਿਹਬਾ ਮੇਰੀ ਕਾਤੀ॥
ਮਪਿ ਮਪਿ ਕਾਟਉ ਜਮ ਕੀ ਫਾਸੀ॥੧॥...
ਰਾਂਗਨਿ ਰਾਂਗਉ ਸੀਵਨਿ ਸੀਵਉ॥
ਰਾਮ ਨਾਮ ਬਿਨੁ ਘਰੀਅ ਨਾ ਜੀਵਉ॥੨॥...
ਸੁਇਨੇ ਕੀ ਸੂਈ ਰੁਪੇ ਕਾ ਧਾਗਾ॥
ਨਾਮੇ ਕਾ ਚਿਤੁ ਹਰਿ ਸਉ ਲਾਗਾ॥੪॥੩॥

(ਆਸਾ, ਨਾਮਦੇਵ, ਪੰਨਾ-485)

**ਮੋਏ ਪਸ਼ੂ ਢੋਣਾ ਤੇ ਜੁੱਤੀਆਂ ਬਨਾਉਣ ਦਾ ਕੰਮ:** ਭਗਤ ਰਵਿਦਾਸ ਜੀ ਮਰੇ ਪਸ਼ੂਆਂ ਨੂੰ ਢੋਣ ਤੇ ਜੁੱਤੀਆਂ ਗੰਢਣ ਦਾ ਕੰਮ ਕਰਦੇ ਸਨ। ਇਸ ਦੀ ਜਾਣਕਾਰੀ ਉਹ ਆਪਣੀ ਰਚਨਾ ਵਿਚ ਸਪਸ਼ਟ ਰੂਪ ਵਿਚ ਦਿੰਦੇ ਹਨ ਕਿ ਉਨ੍ਹਾਂ ਦੇ ਹੱਥ ਨਿੱਤ ਹੀ ਚੰਮ ਫੜਿਆ ਰਹਿੰਦਾ ਸੀ। ਇਹ ਕੋਈ ਬੁਰਾ ਕੰਮ ਤਾਂ ਨਹੀਂ ਸੀ। ਸੱਚੇ, ਸਰਬ-ਵਿਆਪਕ ਪਰਮਾਤਮਾ ਨੂੰ ਕਿਰਤ ਕਰਕੇ ਖਾਣ ਵਾਲੇ ਮਿਹਨਤੀ

ਇਨਸਾਨ ਭਾਉਂਦੇ ਹਨ। ਇਸ ਲਈ ਗੁਰੂ ਅਰਜਨ ਦੇਵ ਜੀ ਆਖਦੇ ਹਨ ਕਿ ਰਵਿਦਾਸ ਜੀ ਪ੍ਰਭੂ-ਭਗਤੀ ਨਾਲ ਤੇ ਪ੍ਰਭੂ ਦੀ ਸ਼ਰਨ ਵਿਚ ਸੰਸਾਰ-ਸਮੁੰਦਰ ਤੋਂ ਪਾਰ ਹੋ ਗਏ :

ਓਹ ਢੋਵੈ ਢੋਰ ਹਾਥਿ ਚਮੁ ਚਮਰੇ ਹਰਿ ਉਧਰਿਓ ਪਰਿਓ ਸਰਨਾ॥੩॥

(ਬਿਲਾਵਲ, ਮਹਲਾ 4, ਪੰਨਾ-799)

ਆਪਣੀ ਜਾਤ, ਕੁਲ ਤੇ ਕਿੱਤੇ ਬਾਰੇ ਦੱਸਦੇ ਹੋਇ ਰਵਿਦਾਸ ਜੀ ਆਖਦੇ ਹਨ ਕਿ ਸ਼ੁੱਧ ਆਚਰਨ ਸਹਿਤ ਕੀਤੇ ਕਰਮਾਂ ਕਾਰਨ, ਨੀਵੀਂ ਕੁਲ ਵਾਲੇ ਵੀ ਉੱਚੀਆਂ ਪਦਵੀਆਂ ਤੇ ਸਮਾਜ ਵਿਚ ਸਨਮਾਨਜਨਕ ਦ੍ਰਿਸ਼ਟੀ ਨਾਲ ਦੇਖੇ ਜਾਂਦੇ ਹਨ :

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥

ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥੩॥੧

(ਮਲਾਰ, ਰਵਿਦਾਸ, ਪੰਨਾ-1293)

ਭਗਤ ਰਵਿਦਾਸ ਜੀ ਜਿੱਥੇ ਆਪਣੀ ਕੁਲ ਵਿਚ ਮਰੇ ਪਸ਼ੂਆਂ ਨੂੰ ਢੋਣ, ਉਨ੍ਹਾਂ ਦੇ ਚੰਮ ਕੁੱਟਣ, ਵੱਢਣ ਆਦਿ ਵੱਲ ਸੰਕੇਤ ਕਰਦੇ ਹਨ ਉੱਥੇ ਜੁੱਤੀ ਨੂੰ ਗੰਢਣ ਵਿਚ ਕੰਮ ਆਉਣ ਵਾਲੇ ਸੰਦ ਜਿਵੇਂ 'ਆਰ' ਜਿਸ ਵਿਚ ਤੋਪਾ ਲਗਾਇਆ ਜਾਂਦਾ ਹੈ, 'ਰਾਂਬੀ' ਜਿਸ ਨਾਲ ਟਾਕੀ ਨੂੰ ਛਿੱਲ ਕੇ ਟੁੱਟੀ ਜਗ੍ਹਾ ਨੂੰ ਗੰਢਿਆ ਜਾਂਦਾ ਹੈ ਆਦਿ ਬਾਰੇ ਮਨੁੱਖੀ ਸਰੀਰ ਰੂਪੀ ਜੁੱਤੀ ਦੇ ਗੰਢਣ, ਗਢਾਉਣ ਦੇ ਪ੍ਰਸੰਗ ਰਾਹੀਂ ਵਿਅਕਤ ਕਰਦੇ ਹਨ। ਜਿਸ ਦੇ ਅਧਿਆਤਮਕ ਅਰਥ ਇਹ ਹਨ ਕਿ ਨਾ ਮੇਰੇ ਕੋਲ ਸੰਸਕਾਰਾਂ ਵਾਲੀ ਬ੍ਰਿਤੀ ਰੂਪੀ ਆਰ ਹੈ ਜਿਸ ਨਾਲ ਮੈਂ ਸਰੀਰ ਰੂਪੀ ਜੁੱਤੀ ਨੂੰ ਗੰਢ ਸਕਾਂ ਤੇ ਨਾ ਹੀ ਉਹ ਬੁੱਧੀ ਰੂਪੀ ਰਾਂਬੀ ਹੈ ਕਿ ਮੈਂ ਇਸ ਸਰੀਰ ਦੀ ਕਈ ਤਰੀਕਿਆਂ ਨਾਲ ਪਾਲਣਾ ਕਰਾਂ। ਜਦੋਂ ਕਿ ਬਾਕੀ ਸਾਰੇ ਜਗਤ ਦੇ ਲੋਕ ਇਸ ਸਰੀਰ ਰੂਪੀ ਜੁੱਤੀ ਨੂੰ ਕਈ ਢੰਗ, ਤਰੀਕਿਆਂ ਨਾਲ ਗੰਢ ਰਹੇ ਹਨ ਪਰੰਤੂ ਮੈਂ ਇਸ ਗੰਢਣ ਦੇ ਕੰਮ ਨੂੰ ਛੱਡ ਕੇ ਭਾਵ ਸਰੀਰ ਦੇ ਨਿਤ ਪ੍ਰਤੀ ਆਹਰ ਵਿਚ ਰਹਿਣ ਨੂੰ ਛੱਡਕੇ ਪ੍ਰਭੂ ਦੀ ਸ਼ਰਨ ਲੈ ਲਈ ਹੈ :

ਚਮਰਟਾ ਗਾਂਠਿ ਨ ਜਨਈ॥ ਲੋਗੁ ਗਠਾਵੈ ਪਨਹੀ॥੧॥ਰਹਾਉ॥

ਆਰ ਨਹੀ ਜਿਹ ਤੋਪਉ॥ ਨਹੀ ਰਾਂਬੀ ਠਾਉ ਰੋਪਉ॥੧॥

ਲੋਗੁ ਗੰਠਿ ਗੰਠਿ ਖਰਾ ਬਿਗੂਚਾ॥

ਹਉ ਬਿਨੁ ਗਾਂਠੇ ਜਾਇ ਪਹੂਚਾ॥੨॥

(ਸੋਰਠਿ, ਰਵਿਦਾਸ, ਪੰਨਾ-659)

**ਗਹਿਣੇ ਬਨਾਉਣਾ:** ਸੋਨੇ, ਚਾਂਦੀ, ਹੀਰੇ, ਮੋਤੀ ਆਦਿ (ਜਿਨ੍ਹਾਂ ਦੀ ਸਭ ਤੋਂ ਵੱਧ ਕੀਮਤ ਹੁੰਦੀ ਸੀ) ਦੀ ਪਰਖ ਅਤੇ ਉਨ੍ਹਾਂ ਤੋਂ ਗਹਿਣੇ ਬਣਾਉਣ ਦਾ ਕੰਮ ਵਿਰਲੇ (ਆਰਥਿਕ ਪੱਖ ਤੋਂ ਮਜ਼ਬੂਤ ਲੋਕ)

'ਸਰਾਫ਼' ਤੇ 'ਸੁਨਿਆਰ' ਕਰਿਆ ਕਰਦੇ ਸਨ। ਸਰਾਫ਼ ਤੋਂ ਭਾਵ "ਚਾਂਦੀ, ਸੋਨਾ ਪਰਖਣ, ਵੇਚਣ, ਖ਼੍ਰੀਦਣ ਵਾਲੇ ਸਿਆਣੇ ਤੋਂ ਹੈ।"[178] ਜਿੱਥੇ ਸਰਾਫ਼ ਸੋਨੇ, ਚਾਂਦੀ ਆਦਿ ਦੀ ਸ਼ੁੱਧਤਾ ਬਾਰੇ ਪਰਖ ਕਰਿਆ ਕਰਦਾ ਸੀ ਉਥੇ ਸੁਨਿਆਰ ਦਾ ਕੰਮ ਗਹਿਣੇ ਬਣਾਉਣਾ ਹੁੰਦਾ ਸੀ। ਸੁੰਦਰ ਤੇ ਵਧੇਰੇ ਨਮੂਨੇਦਾਰ ਗਹਿਣੇ ਬਣਾਉਣ ਦਾ ਕੰਮ ਕਰਨ ਵੇਲੇ ਸੁਨਿਆਰ ਬੜੀ ਨੀਝ ਤੇ ਬਰੀਕਬੀਨੀ ਤੋਂ ਕੰਮ ਲੈਂਦਾ ਸੀ :

ਮਨੁ ਰਾਮ ਨਾਮਾ ਬੇਧੀਅਲੇ॥ ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ॥੧॥ ਰਹਾਉ॥

(ਰਾਮਕਲੀ, ਨਾਮਦੇਵ, ਪੰਨਾ-972)

ਬਾਣੀ ਵਿਚ ਸਰਾਫ਼ ਤੇ ਸੁਨਿਆਰ ਦੀ ਸੰਗਿਆ ਅਧਿਆਤਮਕ ਮੰਜ਼ਿਲ ਦਾ ਮਾਰਗ ਦਰਸ਼ਨ ਕਰਨ ਵਾਲੇ 'ਗੁਰੂ' ਨੂੰ ਦਿੱਤੀ ਗਈ ਹੈ। ਹੀਰਾ (ਪ੍ਰਭੂ) ਹੈ, ਸੇਵਕ ਭਗਤ-ਜਨ ਹੀਰੇ ਦਾ ਜਉਹਰੀ ਹੈ ਜੋ ਹੀਰੇ ਰੂਪ ਪਰਮਾਤਮਾ ਨੂੰ ਖ਼ਰੀਦ ਕੇ ਜਾਂ ਉਸਦਾ ਮੁੱਲ ਪਾ ਕੇ ਆਪਣੇ ਹਿਰਦੇ ਦੀ ਹੱਟੀ ਵਿਚ ਸਜਾ ਲੈਂਦਾ ਹੈ। ਫਿਰ ਉਸ ਹੱਟੀ ਵਿਚ ਕਈ ਪਾਰਖੂ (ਸੰਤ ਜਨ) ਮਿਲਕੇ ਉਸਦੇ ਗੁਣਾਂ ਦੀ ਕਦਰ, ਸਰਾਹਨਾ ਕਰਦੇ ਹਨ ਅਤੇ ਆਪਸ ਵਿਚ (ਵਿਚਾਰ) ਵਟਾਂਦਰਾ ਕਰਦੇ ਹੋਏ ਗੁਣਾਂ ਦੀ ਖਾਣ ਵਾਲੇ ਸੁੰਦਰ ਹੀਰੇ (ਪ੍ਰਭੂ) ਦੇ ਗੁਣਾਂ ਦਾ (ਨਾਮ-ਸਿਮਰਨ ਦੁਆਰਾ) ਲੈਣ-ਦੇਣ ਕਰਦੇ ਹਨ :

ਕਬੀਰਾ ਹਰਿ ਹੀਰਾ ਜਨੁ ਜਉਹਰੀ ਲੇ ਕੈ ਮਾਂਡੈ ਹਾਟ॥
ਜਬ ਹੀ ਪਾਈਅਹਿ ਪਾਰਖੂ ਤਬ ਹੀਰਨ ਕੀ ਸਾਟ॥੧੬੨॥

(ਸਲੋਕ, ਕਬੀਰ, ਪੰਨਾ-1373)

ਇਸੇ ਤਰ੍ਹਾਂ ਹੀ ਹੋਰ ਧਾਤਾਂ ਜਿਵੇਂ ਲੋਹਾਂ ਆਦਿ ਨੂੰ ਪਿਘਲਾ ਕੇ ਲੁਹਾਰ ਦੁਆਰਾ ਕਈ ਤਰ੍ਹਾਂ ਦੇ ਸੰਦ ਆਦਿ ਬਣਾਉਣ ਵੱਲ ਵੀ ਕੁੱਝ ਸੰਕੇਤ ਪ੍ਰਾਪਤ ਹੁੰਦੇ ਹਨ :

(ੳ) ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ॥੫੨॥

(ਸਲੋਕ, ਮਹਲਾ 3, ਪੰਨਾ-1380)

**ਬੇੜਾ ਬਨਾਉਣ ਤੇ ਚਲਾਉਣ ਦਾ ਕੰਮ:** ਮੱਧਕਾਲੀ ਸਮਾਜ ਵਿਚ ਜਿੱਥੇ ਦੇਸ਼ ਦੀ ਆਵਾਜਾਈ ਦੇ ਸਾਧਨਾਂ ਵਿਚ ਥਲ ਯਾਤਰਾ ਲਈ ਹਾਥੀ, ਘੋੜੇ, ਊਠ, ਬੈਲ-ਗੱਡੀਆਂ ਆਦਿ ਹੋਇਆ ਕਰਦੇ ਸਨ ਉਥੇ ਜਲ-ਯਾਤਰਾ ਲਈ ਨੌਕਾ/ਬੇੜੀਆਂ, ਜਹਾਜ਼ ਆਦਿ ਹੁੰਦੇ ਸਨ। ਭਾਰਤ ਦੁਆਰਾ ਕੀਤਾ ਜਾਂਦਾ ਵਿਦੇਸ਼ੀ ਲੈਣ-ਦੇਣ (ਵਪਾਰ) ਵਧੇਰੇ ਦਰਿਆਵਾਂ, ਸਮੁੰਦਰੀ ਤੱਟਾਂ ਰਾਹੀਂ ਹੁੰਦਾ ਸੀ। "ਕੁੱਝ ਦਰਿਆ ਜਿਨ੍ਹਾਂ ਵਿਚ ਸਾਲ ਭਰ ਕਿਸ਼ਤੀਆਂ ਚਲਾਈਆਂ ਜਾ ਸਕਦੀਆਂ ਸਨ ਤੇ ਕੁੱਝ ਜਿਨ੍ਹਾਂ ਵਿਚ ਕੁੱਝ ਸਮੇਂ ਤੱਕ ਬੇੜੀਆਂ ਚਲਦੀਆ ਸਨ, ਜੋ ਭਾਰੀ ਮਾਲ ਦੀ ਆਵਾਜਾਈ ਲਈ ਉੱਤਮ ਸਾਧਨ ਸਨ।"[179]

ਬੇੜੇ ਆਦਿ ਚਲਾਉਣ ਵਾਲਿਆਂ ਲਈ ਸਮੇਂ ਸਿਰ ਬੇੜੇ ਤਿਆਰ ਕਰਨੇ ਬੜੇ ਜ਼ਰੂਰੀ ਹੁੰਦੇ ਸਨ। ਇਸ ਪ੍ਰਤੀ ਜੇਕਰ ਉਹ ਜ਼ਰਾ ਵੀ ਅਵੇਸਲੇ ਹੁੰਦੇ ਤਾਂ ਦਰਿਆ (ਸੰਸਾਰ-ਸਮੁੰਦਰ) ਤੋਂ ਪਾਰ ਜਾਣਾ ਬਹੁਤ ਮੁਸ਼ਕਿਲ ਹੋ ਜਾਂਦਾ ਸੀ :

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ॥੧॥

(ਸੂਹੀ, ਸ਼ੇਖ ਫ਼ਰੀਦ, ਪੰਨਾ-794)

ਬੇੜਾ ਚਲਾਉਣ ਵਾਲਿਆਂ ਨੂੰ ਅਕਸਰ ਬੇੜਾ ਦਰਿਆ ਜਾਂ ਸਮੁੰਦਰ ਵਿਚ ਠਿਲ੍ਹਣ ਤੋਂ ਪਹਿਲਾਂ ਮੌਸਮ ਦਾ ਵੀ ਧਿਆਨ ਰੱਖਣਾ ਪੈਂਦਾ ਸੀ ਕਿਉਂਕਿ ਕਈ ਵਾਰ ਸਮੁੰਦਰ (ਸੰਸਾਰ-ਸਮੁੰਦਰ) ਵਿਚ ਲਹਿਰਾਂ ਦਾ ਤੇਜ਼ ਅਤੇ ਉੱਚੀਆਂ ਉੱਠਣਾ (ਸਮਾਜ ਦੀ ਅਵਿਸਥਿਤ ਸਥਿਤੀ), ਝੱਖੜ (ਯੁੱਧ, ਹਮਲੇ, ਲੁੱਟ-ਖੋਹ) ਆਦਿ ਦੀ ਹਾਲਤ ਵਿਚ ਜੇਕਰ ਬੇੜਾ ਦਰਿਆ ਜਾਂ ਸਮੁੰਦਰ ਵਿਚ ਕਿਤੇ ਫਸ ਜਾਂਦਾ ਤਾਂ ਪ੍ਰਮਾਤਮਾ ਦੀ ਓਟ ਲਈ ਜਾਂਦੀ ਸੀ ਜਿਸ ਨੂੰ ਭਗਤ ਨਾਮਦੇਵ ਜੀ ਅਧਿਆਤਮਕ ਪ੍ਰਸੰਗ ਵਿਚ ਦ੍ਰਿਸ਼ਟੀਗੋਚਰ ਕਰਦੇ ਹਨ :

ਲੋਭ ਲਹਰਿ ਅਤਿ ਨੀਝਰ ਬਾਜੈ॥ ਕਾਇਆ ਡੂਬੈ ਕੇਸਵਾ॥੧॥
ਸੰਸਾਰੁ ਸਮੁੰਦੇ ਤਾਰਿ ਗੋਬਿੰਦੇ॥ ਤਾਰਿ ਲੈ ਬਾਪ ਬੀਠੁਲਾ॥੧॥ਰਹਾਉ॥
ਅਨਿਲ ਬੇੜਾ ਹਉ ਖੇਵਿ ਨ ਸਾਕਉ॥ਤੇਰਾ ਪਾਰੁ ਨ ਪਾਇਆ ਬੀਠੁਲਾ॥੨॥
ਹੋਹੁ ਦਇਆਲੁ ਸਤਿਗੁਰ ਮੇਲਿ ਤੂ ਮੋ ਕਉ॥
ਪਾਰਿ ਉਤਾਰੇ ਕੇਸਵਾ॥੩॥

(ਬਸੰਤ, ਨਾਮੇਦਵ, ਪੰਨਾ-1196)

ਬੇੜੇ ਚਲਾਉਣ ਵਾਲੇ ਨੂੰ ਆਪਣੇ ਬੇੜੇ ਦੇ ਸਹੀ ਸਲਾਮਤ ਹੋਣ ਵੱਲ ਜਾਂ ਉਸਦੀ ਟੁੱਟ-ਭੱਜ ਵੱਲ ਵੀ ਸਮੇਂ-ਸਮੇਂ ਧਿਆਨ ਰੱਖਣਾ ਪੈਂਦਾ ਸੀ ਕਿਉਂਕਿ ਟੁੱਟੇ, ਜਰਜਰੇ ਬੇੜੇ (ਸਰੀਰ) ਨੂੰ ਪਾਣੀ ਵਿਚ ਠੇਲ੍ਹਣ ਕਾਰਨ ਉਸ ਵਿਚ ਪਾਣੀ (ਵਿਕਾਰਾਂ ਦਾ) ਭਰ ਜਾਂਦਾ ਸੀ ਜਿਸ ਹਾਲਤ ਵਿਚ ਸਵਾਰ ਹੋਏ ਯਾਤਰੂ ਕਈ ਤਾਂ ਤੈਰਨਾਂ ਜਾਣਦੇ ਹੋਣ ਕਾਰਨ (ਮੁਕਤ ਆਤਮਾਵਾਂ) ਤਰ ਜਾਂਦੇ ਸਨ ਅਤੇ ਕਈ ਸਰੀਰ ਦੇ ਭਾਰੀ (ਪਾਪਾਂ ਨਾਲ ਲੱਦੇ) ਜੋ ਤੈਰਨ ਤੋਂ ਅਣਜਾਣ ਹੁੰਦੇ ਸਨ ਡੁੱਬ ਜਾਂਦੇ ਸਨ :

ਕਬੀਰ ਬੇੜਾ ਜਰਜਰਾ ਫੂਟੇ ਛੇਂਕ ਹਜਾਰ॥
ਹਰੂਏ ਹਰੂਏ ਤਿਰਿ ਗਏ ਡੂਬੇ ਜਿਨ ਸਿਰ ਭਾਰ॥੩੫॥

(ਸਲੋਕ, ਕਬੀਰ, ਪੰਨਾ-1366)

ਇਸ ਤਰ੍ਹਾਂ ਬੇੜੇ ਰਾਹੀਂ ਕੀਤੀ ਜਾਂਦੀ ਯਾਤਰਾ ਦੁਆਰਾ ਬਾਣੀਕਾਰਾਂ ਨੇ ਸੰਸਾਰ ਨੂੰ ਸਮੁੰਦਰ, ਸਰੀਰ ਨੂੰ ਬੇੜੇ ਦੇ ਅਰਥਾਂ ਵਿਚ ਲੈਂਦੇ ਹੋਏ ਵਿਕਾਰ ਰਹਿਤ ਜੀਵਨ ਜਿਉਣ, ਪ੍ਰਭੂ-ਨਾਮ, ਸਿਮਰਨ ਤੇ ਗੁਣਾਂ ਦੀ ਲਹਿਰ ਦਾ ਆਸਰਾ ਲੈ ਕੇ ਤਰਨ ਅਤੇ ਬੁਰੀ ਸੰਗਤ ਨੂੰ ਛੱਡਣ ਦੀ ਪ੍ਰੇਰਨਾ ਦਿੱਤੀ ਹੈ।[180] ਨਸੀਹਤ ਵੀ ਦਿੰਦੇ ਹਨ ਕਿ ਜਦੋਂ ਇਸ ਸੰਸਾਰ-ਸਮੁੰਦਰ (ਬੇੜੇ) ਵਿਚ ਠਿਲ੍ਹ ਹੀ ਪਏ ਤਾਂ ਨਾ ਤਾਂ ਬੇੜੇ ਦੇ ਚਾਲਕ ਨੂੰ ਹੀ ਅਤੇ ਨਾ ਹੀ ਬੇੜੇ 'ਤੇ ਸਵਾਰ ਅਮੀਰ, ਗ਼ਰੀਬ (ਸਮਾਜ ਵਿਚ ਸਾਰੇ ਲੋਕਾਂ) ਯਾਤਰੂਆਂ ਦਾ ਮਖੌਲ ਉਡਾਉਣਾ ਚਾਹੀਦਾ ਕਿਉਂਕਿ ਜਦੋਂ ਅਜੇ ਬੇੜਾ ਸਮੁੰਦਰ ਵਿਚਕਾਰ ਹੋਵੇ ਤਾਂ ਕੀ ਪਤਾ ਕਦੋਂ, ਕਿੱਥੇ ਕੀ ਹੋ ਜਾਵੇ।[181] ਪਰ ਲੰਮੀਆਂ ਲੰਮੀਆਂ, ਗਹਿਰੀਆਂ (ਦੁੱਖਾਂ ਦੀਆਂ) ਨਦੀਆਂ ਜੋ ਕਿਨਾਰਿਆਂ ਨੂੰ ਵੀ ਢਾਹੁਣ ਵਾਲੀਆਂ ਹੁੰਦੀਆਂ ਸਨ, ਚੰਗੇ ਮਲਾਹ (ਗੁਰੂ) ਅਜਿਹੀਆਂ ਕਿਨਾਰੇ ਢਾਹੁਣ ਵਾਲੀਆਂ ਨਦੀਆਂ ਵਿਚੋਂ ਵੀ ਬੇੜੇ ਨੂੰ ਪਾਰ ਲਾ ਦਿੰਦੇ ਸਨ :

ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ॥
ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ॥੯੬॥

(ਸਲੋਕ, ਸ਼ੇਖ ਫ਼ਰੀਦ, ਪੰਨਾ-1382)

ਸੋ ਉਪਰੋਕਤ ਕਿੱਤਿਆ ਤੋਂ ਇਲਾਵਾ ਭਗਤ ਬਾਣੀਕਾਰਾਂ ਦੀ ਬਾਣੀ ਵਿਚ ਕੁੱਝ ਹੋਰ ਕਿੱਤੇ ਜਿਵੇਂ ਘੁਮਿਆਰਾਂ ਦੁਆਰਾ ਮਿੱਟੀ ਦੇ ਭਾਂਡੇ ਬਣਾਉਣਾ, ਬਾਣੀਏ ਦੁਆਰਾ ਰੋਜ਼ਾਨਾ ਵਰਤੋਂ ਦੀਆਂ ਵਸਤਾਂ ਦੀ ਹੱਟੀ ਲਗਾਉਣਾ[182], ਜੋ ਪਿੰਡਾਂ ਵਿਚ ਇਕ ਅੱਧ ਅਤੇ ਸ਼ਹਿਰਾਂ ਵਿਚ ਹੱਟੀਆਂ ਦਾ ਬਾਜ਼ਾਰ ਲੱਗਦਾ ਸੀ ਜਿਨ੍ਹਾਂ ਤੋਂ ਕਈ ਤਰ੍ਹਾਂ ਦਾ ਸਮਾਨ ਮਿਲਦਾ ਸੀ :

ਬਜਾਰੀ ਸੋ ਜੁ ਬਜਾਰਹਿ ਸੋਧੈ॥ ਪਾਂਚ ਪਲੀਤਹ ਕਉ ਪਰਬੋਧੈ॥...

(ਗੋਂਡ, ਕਬੀਰ, ਪੰਨਾ-873)

ਸਮਾਜ ਵਿਚ ਤੇਲੀ ਦੇ ਕਿੱਤੇ ਦੀ ਵੀ ਖ਼ਾਸ ਮਹੱਤਤਾ ਸੀ ਕਿਉਂਕਿ ਤੇਲੀ ਸਰੋਂ ਦੀ ਘਾਣੀ ਕੱਢਕੇ ਤੇਲ, ਖ਼ਲ ਆਦਿ ਤਿਆਰ ਕਰਿਆ ਕਰਦੇ ਸਨ :

ਕਾਚੀ ਸਰਸਉਂ ਪੇਲਿ ਕੈ ਨਾ ਖਲਿ ਭਈ ਨ ਤੇਲੁ॥...॥੨੪੦॥

(ਸਲੋਕ, ਕਬੀਰ, ਪੰਨਾ-1377)

ਇਸ ਤੋਂ ਇਲਾਵਾ ਕਪਾਹ ਤੋਂ ਸੂਤ ਬਨਾਉਣ ਲਈ ਵੇਲਣੇ ਵਿਚ ਰੂੰ ਪਿੰਜਣ ਦਾ ਕੰਮ, ਤਿਲਾਂ ਤੋਂ ਤੇਲ ਕੱਢਣਾ, ਕਾਗਜ਼ ਬਣਾਉਣਾ ਤੇ ਕੋਲੇ ਆਦਿ ਦੇ ਕਿੱਤੇ ਵੀ ਆਮ ਲੋਕਾਂ ਦੀ ਕਮਾਈ ਦਾ ਸਾਧਨ ਸਨ :

ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਤਿਲਾਹ॥
ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ॥
ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ॥੪੯॥

(ਸਲੋਕ, ਸ਼ੇਖ ਫ਼ਰੀਦ, ਪੰਨਾ-1380)

ਬਾਣੀ ਵਿਚ ਮੱਛੀ ਫੜਨ[183] ਅਤੇ ਸ਼ਹਿਦ ਚੋਣ[184] ਆਦਿ ਬਾਰੇ ਵੀ ਜ਼ਿਕਰ ਕੀਤਾ ਮਿਲਦਾ ਹੈ ਜਿਸ ਤੋਂ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਮੱਛੀ, ਸ਼ਹਿਦ ਆਦਿ ਦੀ ਘਰੇਲੂ ਵਰਤੋਂ ਦੇ ਨਾਲ-ਨਾਲ ਕਮਾਈ ਲਈ ਵੇਚਣ ਦਾ ਕੰਮ ਵੀ ਹੁੰਦਾ ਹੋਵੇਗਾ।

ਆਮ ਲੋਕਾਂ ਵਿਚ ਘਰਾਂ ਦਾ ਕੰਮ ਭਾਵੇਂ ਆਪ ਹੀ ਕੀਤਾ ਜਾਂਦਾ ਸੀ ਪਰੰਤੂ ਅਮੀਰ ਲੋਕ ਖਾਣਾ ਬਣਾਉਣ, ਕੱਪੜੇ ਧੋਣ ਅਤੇ ਹੋਰ ਸੇਵਾ ਵਿਚ ਨੌਕਰ-ਚਾਕਰ ਰੱਖਦੇ ਸਨ। ਇਹ ਵੀ ਸਾਧਾਰਨ ਲੋਕਾਂ ਦਾ ਇਕ ਕਮਾਈ ਦਾ ਸਾਧਨ ਸੀ। ਇਸ ਤੋਂ ਇਲਾਵਾ ਤੋਤੇ ਨੂੰ ਫੜਕੇ ਜੋਤਿਸ਼ ਆਦਿ ਲਈ ਅਤੇ ਬਾਂਦਰ ਨੂੰ ਫੜਕੇ ਤਮਾਸ਼ੇ ਆਦਿ ਦਿਖਾਉਣ ਦੇ ਕੁੱਝ ਸਾਧਨਾ ਦੁਆਰਾ ਧਨ, ਪਦਾਰਥ ਕਮਾ ਲਿਆ ਜਾਂਦਾ ਸੀ। ਇਵੇਂ ਹੀ ਬਾਜੀਗਰ ਤਮਾਸ਼ੇ ਆਦਿ ਦਿਖਾ ਕੇ ਲੋਕਾਂ ਦਾ ਮਨੋਰੰਜਨ ਕਰਦੇ ਸਨ ਅਤੇ ਬਦਲੇ ਵਿਚ ਕੁੱਝ ਆਟਾ ਆਦਿ ਵਸਤਾਂ ਗੁਜ਼ਾਰੇ ਲਈ ਇਕੱਠੀਆਂ ਕਰ ਲੈਂਦੇ ਸਨ :

ਬਾਜੀਗਰ ਡੰਕ ਬਜਾਈ॥ ਸਭ ਖਲਕ ਤਮਾਸੇ ਆਈ॥
ਬਾਜੀਗਰ ਸ੍ਵਾਂਗੁ ਸਕੇਲਾ॥ ਅਪਨੇ ਰੰਗ ਰਵੈ ਅਕੇਲਾ॥੨॥...

(ਸੋਰਠਿ, ਕਬੀਰ, ਪੰਨਾ-655)

## ਘਰੇਲੂ ਕੰਮ-ਧੰਦੇ

ਭਗਤ ਬਾਣੀਕਾਰਾਂ ਨੇ ਘਰ ਵਿਚ ਕੀਤੇ ਜਾਣ ਵਾਲੇ ਰੋਜ਼ਮਰਾ ਦੇ ਉਨ੍ਹਾਂ ਕੰਮਾਂ ਦਾ ਜ਼ਿਕਰ ਕੀਤਾ ਹੈ ਜਿਹੜੇ ਕੰਮ ਵਧੇਰੇ ਕਰਕੇ ਇਸਤਰੀਆਂ ਕਰਦੀਆਂ ਸਨ ਜਿਵੇਂ ਦੁੱਧ ਰਿੜਕਨਾ ਜੋ ਬਾਣੀ ਵਿਚ ਅਧਿਆਤਮਕ ਅਰਥਾਂ ਵਿਚ ਹਰੀ ਨਾਮ-ਅੰਮ੍ਰਿਤ, ਪ੍ਰਭੂ ਰੂਪੀ ਮੱਖਣ ਆਦਿ ਦੇ ਪ੍ਰਸੰਗ ਨੂੰ ਬਿਆਨ ਕਰਨ ਦਾ ਸ੍ਰੇਸ਼ਟ ਮਾਧਿਅਮ ਰਿਹਾ ਹੈ। ਇਸ ਤੋਂ ਇਹ ਵੀ ਪਤਾ ਚੱਲਦਾ ਹੈ ਕਿ ਆਮ ਲੋਕ ਆਪਣੇ ਰੋਜ਼ਮਰਾ ਦੇ ਖਾਣ-ਪੀਣ ਵਾਲੇ ਪਦਾਰਥ ਘਿਉ, ਮੱਖਣ, ਲੱਸੀ ਆਦਿ ਘਰ ਵਿਚ ਰੱਖੀ ਗਊ, ਭੈਸ ਦੇ ਦੁੱਧ ਤੋਂ ਹੀ ਪ੍ਰਾਪਤ ਕਰਦੇ ਸਨ:

(ੳ) ਮੇਰੇ ਰਾਮ ਐਸਾ ਖੀਰੁ ਬਿਲੋਈਐ॥
ਗੁਰਮਤਿ ਮਨੂਆ ਅਸਥਿਰੁ ਰਾਖਹੁ ਇਨ ਬਿਧਿ ਅੰਮ੍ਰਿਤੁ ਪੀਓਈਐ॥੧॥ ਰਹਾਉ॥

(ਗਉੜੀ, ਕਬੀਰ, ਪੰਨਾ-332)

(ਅ) ਕਬੀਰ ਮਾਇਆ ਡੋਲਨੀ ਪਵਨੁ ਝਕੋਲਨਹਾਰੁ॥
ਸੰਤਹੁ ਮਾਖਨੁ ਖਾਇਆ ਛਾਛਿ ਪੀਐ ਸੰਸਾਰੁ॥੧੯॥

(ਸਲੋਕ, ਕਬੀਰ, ਪੰਨਾ-1365)

ਘਰਾਂ ਤੋਂ ਬਾਹਰ ਇਸਤਰੀਆਂ ਖੂਹਾਂ 'ਤੇ ਪਾਣੀ ਭਰਨ ਆਦਿ ਕੰਮਾਂ ਲਈ ਹੀ ਜਾਇਆ ਕਰਦੀਆਂ ਸਨ ਜੋ ਕਈ ਕਈ ਜਾਣੀਆਂ ਇਕੱਠੀਆਂ ਹਸੱਦੀਆਂ, ਗੱਲਾਂ ਬਾਤਾਂ ਕਰਦੀਆਂ ਜਾਂਦੀਆਂ

ਸਨ।[185] ਇਸ ਤੋਂ ਇਲਾਵਾ ਹੋਰ ਰੋਜ਼ਾਨਾ ਦੇ ਕੰਮਾਂ ਵਿਚ ਦੁੱਧ ਚੋਣਾ[186], ਆਟਾ ਪੀਹਣਾ[187], ਪਾਣੀ ਦੇ ਘਾਟ 'ਤੇ ਕੱਪੜੇ ਧੋਣਾ ਜੋ ਵਧੇਰੇ ਕਰਕੇ ਧੋਬੀ ਕਰਿਆ ਕਰਦੇ ਸਨ ਅਤੇ ਉਹ ਕੱਪੜਿਆਂ ਨੂੰ ਗੱਡਿਆਂ 'ਤੇ ਲੱਦ ਕੇ ਲਿਜਾਂਦੇ ਸਨ ਦਾ ਜ਼ਿਕਰ ਮਿਲਦਾ ਹੈ :

ਸਹਜਿ ਅਵਲਿ ਧੂੜਿ ਮਣੀ ਗਾਡੀ ਚਾਲਤੀ॥
ਪੀਛੈ ਤਿਨਕਾ ਲੈ ਕਰਿ ਹਾਂਕਤੀ॥੧॥ ਜੈਸੇ ਪਨਕਤ ਥ੍ਰੂਟਿਟਿ ਹਾਂਕਤੀ॥
ਸਰਿ ਧੋਵਨ ਚਾਲੀ ਲਾਡੁਲੀ॥੧॥ਰਹਾਉ॥ ਧੋਬੀ ਧੋਵੈ ਬਿਰਹ ਬਿਰਾਤਾ॥
ਹਰਿ ਚਰਨ ਮੇਰਾ ਮਨੁ ਰਾਤਾ॥੨॥

(ਬਸੰਤ, ਨਾਮਦੇਵ, ਪੰਨਾ-1196)

ਸਾਧਾਰਨ ਲੋਕਾਂ ਵਿਚ ਗਊ, ਭੈਸ ਆਦਿ ਪਸ਼ੂ ਚਰਾਉਣ ਜਾਣਾ ਵੀ ਰੋਜ਼ਾਨਾ ਦਾ ਕੀਤਾ ਜਾਣ ਵਾਲਾ ਇਕ ਕੰਮ ਸੀ :

ਮੰਦਰੁ ਏਕੁ ਦੁਆਰ ਦਸ ਜਾ ਕੇ ਗਊ ਚਰਾਵਨ ਛਾਡੀਅਲੇ॥
ਪਾਂਚ ਕੋਸ ਪਰ ਗਊ ਚਰਾਵਤ ਚੀਤੁ ਸੁ ਬਛਰਾ ਰਾਖੀਆਲੇ॥੩॥

(ਰਾਮਕਲੀ, ਨਾਮਦੇਵ, ਪੰਨਾ-972)

## ਅਸਮਾਜਿਕ ਪੇਸ਼ੇ

ਅਸਮਾਜਿਕ ਪੇਸ਼ਿਆਂ ਤੋਂ ਭਾਵ ਉਹ ਧੰਦੇ ਜਿਨ੍ਹਾਂ ਵਿਚ ਸਮਾਜ ਦਾ ਕੋਈ ਹਿੱਤ ਨਾ ਹੋ ਕੇ ਸਮਾਜ ਵਿਚ ਅਵਿਵਸਥਿਤ ਹਾਲਤ ਅਤੇ ਸਮਾਜ ਦੇ ਸਰੂਪ ਨੂੰ ਵਿਗਾੜਨ ਦੇ ਲੱਛਣ ਵਧੇਰੇ ਹੋਣ। ਅਜਿਹੇ ਅਸਮਾਜਿਕ ਢੰਗ ਤਰੀਕਿਆਂ ਨਾਲ ਕੁੱਝ ਕੁ ਲੋਕ ਤਾਂ ਧਨ ਆਦਿ ਕਮਾ ਕੇ ਚੰਗਾ ਜੀਵਨ ਬਿਤਾ ਲੈਂਦੇ ਸਨ ਪਰੰਤੂ ਬਾਕੀ ਸਮਾਜ ਲਈ ਉਹ ਇਕ ਵੱਡੀ ਸਮੱਸਿਆ ਬਣ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਅਜਿਹੇ ਗ਼ੈਰ ਸਮਾਜਕ ਧੰਦਿਆਂ ਦਾ ਵਿਰੋਧ ਕੀਤਾ।

ਰਿਸ਼ਵਤ ਆਦਿ ਲੈਣ-ਦੇਣ ਦੇ ਰੁਝਾਨ ਨੂੰ ਬਾਣੀ ਵਿਚੋਂ ਸੰਕੇਤ ਮਾਤਰ ਹੀ ਜਾਣਿਆ ਜਾ ਸਕਦਾ ਹੈ ਜਿਸ ਦਾ ਜ਼ਿਕਰ ਭਾਵੇਂ ਰਿਸ਼ਵਤ ਲੈਣ ਸਬੰਧੀ ਕਬੀਰ ਜੀ ਦੇ ਸ਼ਬਦ ਤੋਂ ਸੰਕੇਤ ਮਾਤਰ ਆਉਂਦਾ ਹੈ। ਇਸ ਸ਼ਬਦ ਵਿਚ ਭਗਤ ਕਬੀਰ ਜੀ ਨੇ ਮੌਤ ਰੂਪੀ ਜਮ (ਰਾਜੇ ਦੇ ਸਿਪਾਹੀ) ਅਤੇ ਬੰਦੇ ਦੁਆਰਾ ਮੌਤ ਲਈ ਕੀਤੇ ਜਾਂਦੇ ਟਾਲ-ਮਟੋਲੇ ਦੇ ਪ੍ਰਸੰਗ ਨੂੰ ਪੇਸ਼ ਕੀਤਾ ਹੈ। ਕਬੀਰ ਜੀ ਆਖਦੇ ਹਨ ਕਿ ਮੌਤ ਰੂਪੀ ਜਮ ਬੰਦੇ ਨੂੰ ਆਖਦਾ ਹੈ ਕਿ ਧਰਮਰਾਜ (ਮੁਨਸ਼ੀ) ਦੀ ਦਰਗਾਹ (ਦਰਬਾਰ) ਤੋਂ ਫੁਰਮਾਨ ਆ ਗਿਆ ਹੈ। ਸੋ ਤੂੰ ਇਸ ਹਲਾਤ ਵਿਚ ਹੀ ਮੇਰੇ ਨਾਲ ਚੱਲ, ਤੈਨੂੰ ਦੀਵਾਨ ਰਾਜੇ ਦੀ (ਰੱਬ ਦੀ) ਕਚਹਿਰੀ ਵਿਚ ਬੁਲਾਇਆ ਹੈ। ਅੱਗੋਂ ਬੰਦਾ ਆਖਦਾ ਹੈ ਕਿ ਮੇਰੀ ਤੁਹਾਡੇ ਅੱਗੇ ਬੇਨਤੀ ਹੈ ਕਿ ਪਿੰਡ ਵਿਚ ਅਜੇ ਮੇਰਾ ਕੁੱਝ ਲੈਣ-ਦੇਣ, ਉਗਰਾਹੀ ਆਦਿ ਦਾ ਨਿਬੇੜਾ ਬਾਕੀ ਰਹਿੰਦਾ ਹੈ।

ਮੈਨੂੰ ਕੁੱਝ ਹੋਰ ਸਮੇਂ ਦੀ ਮੁਹਲਤ ਦੇ ਦੇਵੋਂ ਮੈਂ ਇਸ ਦੇ ਬਦਲੇ ਕੁਝ ਤੁਹਾਡਾ ਰਸਤੇ ਦਾ ਖਰਚ ਵੀ ਸਾਰ ਦਿੰਦਾ ਹਾਂ ਤੇ ਸੁਬਹ ਦੀ ਨਮਾਜ਼ ਜਾ ਕੇ ਸਰਾਂ ਵਿਚ ਹੀ ਅਦਾ ਕਰ ਲਵਾਂਗਾ :

ਚਲੁ ਦਰਹਾਲੁ ਦੀਵਾਨਿ ਬੁਲਾਇਆ॥
ਹਰਿ ਫੁਰਮਾਨੁ ਦਰਗਹ ਕਾ ਆਇਆ॥੧॥ ਰਹਾਉ॥
ਕਰਉ ਅਰਦਾਸਿ ਗਾਵ ਕਿਛੁ ਬਾਕੀ॥ ਲੇਉ ਨਿਬੇਰਿ ਆਜੁ ਕੀ ਰਾਤੀ॥
ਕਿਛੁ ਭੀ ਖਰਚੁ ਤੁਮਾਰਾ ਸਾਰਉ॥ ਸੁਬਹ ਨਿਵਾਜ ਸਰਾਇ ਗੁਜਾਰਉ॥੨॥

(ਸੂਹੀ, ਕਬੀਰ, ਪੰਨਾ-792)

ਮੱਧਕਾਲੀ ਸਮਾਜ ਵਿਚ ਚੋਰੀ, ਠੱਗੀ ਦੁਆਰਾ ਵੀ ਰਾਹਾਂ ਵਿਚ ਆਉਂਦੇ-ਜਾਂਦੇ ਲੋਕਾਂ ਦਾ ਧਨ, ਪਦਾਰਥ ਆਦਿ ਲੁੱਟ ਲਿਆ ਜਾਂਦਾ ਸੀ। ਇਸ ਵਾਸਤੇ ਚੋਰੀ ਕਰਨ ਵਾਲੇ ਪੇਸ਼ਾਵਰ ਚੋਰ ਆਪਣੇ ਕੋਲ ਇਕ ਅਜਿਹੀ 'ਠਗਉਰੀ' ਬੂਟੀ ਰੱਖਦੇ ਸਨ ਜੋ ਬੂਟੀ ਸੁੰਘਾ ਕੇ ਰਾਹੀਆਂ ਨੂੰ ਬੇਹੋਸ਼ ਕਰ ਦਿੱਤਾ ਜਾਂਦਾ ਸੀ ਤੇ ਉਨ੍ਹਾਂ ਦਾ ਧਨ, ਮਾਲ ਆਦਿ ਲੁੱਟ ਲਿਆ ਜਾਂਦਾ ਸੀ। ਅਧਿਆਤਮਕ ਅਰਥਾਂ ਵਿਚ ਹਰੀ ਨੂੰ 'ਠੱਗ' ਕਿਹਾ ਗਿਆ ਹੈ ਜੋ ਆਪਣੇ ਭਗਤ ਨੂੰ ਪ੍ਰੇਮਮਈ ਠਗਉਰੀ ਬੂਟੀ ਨਾਲ ਆਪਣੇ ਵੱਲ ਖਿੱਚ ਲੈਂਦਾ ਹੈ :

ਹਰਿ ਠਗ ਜਗ ਕਉ ਠਗਉਰੀ ਲਾਈ॥
ਹਰਿ ਕੇ ਬਿਓਗ ਕੈਸੇ ਜੀਅਉ ਮੇਰਾ ਮਾਈ॥੧॥ ਰਹਾਉ॥

(ਗਉੜੀ, ਕਬੀਰ, ਪੰਨਾ-331)

ਕਬੀਰ ਜੀ ਚੋਰ ਦੀ ਚੋਰੀ ਵਾਲੀ ਮੁਹਾਰਤਾ ਨੂੰ ਉਲਟਾਕੇ ਉਸਾਰੂ ਕਾਰਜਾਂ ਵਿਚ ਲਗਾਉਣ ਲਈ ਪ੍ਰੇਰਦੇ ਹੋਏ ਆਖਦੇ ਹਨ ਕਿ ਚੋਰ ਉਹ ਹੈ ਜੋ ਈਰਖਾ ਨਹੀਂ ਰੱਖਦਾ ਅਤੇ ਆਪਣੀਆਂ ਇੰਦ੍ਰੀਆਂ ਨੂੰ ਵਸ ਵਿਚ ਕਰਕੇ ਪ੍ਰਮੇਸ਼ਰ ਦਾ ਨਾਮ ਸਿਮਰਦਾ ਹੈ :

ਤਸਕਰੁ ਸੋਇ ਜਿ ਤਾਤਿ ਨ ਕਰੈ॥ ਇੰਦ੍ਰੀ ਕੈ ਜਤਿਨ ਨਾਮ ਉਚਰੈ॥...

(ਗੋਂਡ, ਕਬੀਰ, ਪੰਨਾ-873)

ਚੋਰੀ ਠੱਗੀ ਤੋਂ ਇਲਾਵਾ ਜੂਆ ਖੇਡਣ[188], ਸ਼ਰਾਬ, ਕੱਢਣ, ਵੇਚਣ, ਪੀਣ ਆਦਿ ਜਿਹੇ ਗ਼ੈਰ ਸਮਾਜਕ ਧੰਦੇ ਵੀ ਕੀਤੇ ਜਾਂਦੇ ਸਨ। ਭਾਵੇਂ ਕਿ ਸ਼ਰਾਬ ਕੱਢਣ ਦੇ ਢੰਗ ਨੂੰ ਹਰੀ-ਨਾਮ ਰੂਪੀ ਮਹਾਂਰਸ ਤਿਆਰ ਕਰਨ ਦੇ ਪ੍ਰਸੰਗ ਲਈ ਅਧਿਆਮਕ ਤੌਰ ਤੇ ਵਰਤਿਆ ਗਿਆ ਹੈ ਪਰੰਤੂ ਬਾਣੀਕਾਰਾਂ ਨੇ ਨਸ਼ੇ ਦੇ ਤੌਰ ਤੇ ਸੇਵਨ ਕੀਤੀ ਜਾਂਦੀ ਸ਼ਰਾਬ ਅਤੇ ਨਾਮ-ਰਸ ਰੂਪ ਸ਼ਰਾਬ ਵਿਚਕਾਰ ਅੰਤਰ ਵੀ ਕਰ ਦਿੱਤਾ ਹੈ ਜਦੋਂ ਕਬੀਰ ਜੀ ਆਖਦੇ ਹਨ ਕਿ ਨਾਮ-ਰਸ ਰੂਪੀ ਸ਼ਰਾਬ ਦਾ ਸੇਵਨ

ਕਰਕੇ ਗਿਆਨ ਦਾ ਉਜਾਲਾ ਹੁੰਦਾ ਹੈ ਜਦੋਂ ਕਿ ਦੁਨਿਆਵੀਂ ਨਸ਼ੀਲੀ ਸ਼ਰਾਬ ਪੀਣ ਨਾਲ ਬੰਦੇ ਦੀ ਮੱਤ ਮਾਰੀ ਜਾਂਦੀ ਹੈ:

ਕਹਿ ਕਬੀਰ ਸਗਲੇ ਮਦ ਛੂਛੇ ਇਹੈ ਮਹਾ ਰਸੁ ਸਾਚੋ ਰੇ॥੪॥੧॥...
ਉਨਮਦ ਚਢਾ ਮਦਨ ਰਸੁ ਚਾਖਿਆ ਤ੍ਰਿਭਵਨ ਭਇਆ ਉਜਿਆਰਾ॥੧॥ਰਹਾਉ॥

(ਰਾਮਕਾਲੀ, ਕਬੀਰ, ਪੰਨਾ-969)

ਤਤਕਾਲੀ ਸਮਾਜ ਵਿਚ ਵੇਸ਼ਵਾ ਦੁਆਰਾ ਧਨ-ਪ੍ਰਾਪਤੀ ਲਈ ਕੀਤੇ ਜਾਂਦੇ ਧੰਦੇ ਦਾ ਬਾਣੀਕਾਰਾਂ ਨੇ ਵਿਰੋਧ ਕੀਤਾ ਜਿਨ੍ਹਾਂ ਰਚਨਾਵਾਂ ਵਿਚ ਉਨ੍ਹਾਂ ਨੇ ਇਸ ਪੇਸ਼ੇ ਬਾਰੇ ਸੰਕੇਤ ਕੀਤੇ ਹਨ ਉਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਬੇਸ਼ਵਾਵਾਂ ਪਰਾਏ ਮਰਦਾਂ ਨੂੰ ਆਪਣਾ ਤਨ ਵੇਚ ਕੇ ਧਨ ਕਮਾਉਣ ਦਾ ਧੰਦਾ ਕਰਦੀਆਂ ਸਨ। ਇਸ ਪੇਸ਼ੇ ਲਈ ਉਨ੍ਹਾਂ ਦੇ ਵੱਖਰੇ ਹੀ ਕੋਠੇ ਹੋਇਆ ਕਰਦੇ ਸਨ ਜਿਨ੍ਹਾਂ ਦੇ ਕਾਰਜ ਵਿਚ ਦਲਾਲ, ਵੇਸ਼ਵਾ-ਗਮਨ ਜਿਹੀਆਂ ਆਦਤਾਂ ਦੇ ਆਦੀ ਲੋਕਾਂ ਨੂੰ ਲੈ ਕੇ ਆਉਂਦੇ ਤੇ ਦੋਵਾਂ ਧਿਰਾਂ ਤੋਂ ਦਲਾਲੀ ਦਾ ਪੈਸਾ ਵਟੋਰਦੇ ਸਨ।

ਭਗਤ ਕਬੀਰ ਜੀ ਇਸ ਤਰ੍ਹਾਂ ਦੇ ਬਾਜ਼ਾਰੂ ਧੰਦੇ ਕਰਨ ਵਾਲੇ ਦਲਾਲ ਅਤੇ ਨਾਚ ਆਦਿ ਦਿਖਾਉਣ ਵਾਲਿਆਂ ਅੱਗੇ ਉਨ੍ਹਾਂ ਦੇ ਧੰਦਿਆਂ ਦੇ ਅਰਥਾਂ ਨੂੰ ਬਦਲ ਕੇ ਅੰਤ੍ਰੀਵੀ ਮਨ ਦੇ ਭਾਵਾਂ ਨਾਲ ਜੋੜਦੇ ਹਨ। ਕਬੀਰ ਜੀ ਆਖਦੇ ਹਨ ਕਿ 'ਕੂਟਨ' (ਠੱਗੀ ਕਰਨ ਵਾਲਾ ਦੱਲਾ) ਕੁੱਟਣ ਵਾਲਾ ਉਹ ਹੈ ਜੋ ਆਪਣੇ ਮਨ ਚੋਂ ਵਿਕਾਰਾਂ ਨੂੰ ਕੁੱਟਦਾ ਹੈ ਤੇ ਮਨ ਨੂੰ ਸ਼ੁੱਧ ਰੂਪ ਦਿੰਦਾ ਹੈ। ਨੱਚਣ ਵਾਲਾ ਉਹ ਹੈ ਜੋ ਅਸੱਤ ਨੂੰ ਤਿਆਗ ਸੱਤ ਬ੍ਰਹਮ ਨਾਲ ਇਕਮਿਕ ਹੋ ਆਨੰਦ ਸਰੂਪ ਰਹਿੰਦਾ ਹੈ ਅਤੇ ਬਾਜ਼ਾਰੂ ਉਹ ਹੈ ਜੋ ਆਪਣੇ ਸਰੀਰ ਰੂਪ ਬਾਜ਼ਾਰ ਵਿਚ ਲੱਗੇ ਮੰਦੇ ਵਿਕਾਰੀ ਭਾਵਾਂ ਨੂੰ ਪਰਾ ਸੁੱਟ, ਚੰਗੇ, ਸ਼ੁੱਧ ਤੇ ਸ਼ੁੱਭ ਗੁਣਾਂ ਦਾ ਬਾਜ਼ਾਰ ਲਾਉਂਦਾ ਹੈ:

ਕੂਟਨੁ ਸੋਇ ਜੁ ਮਨ ਕਉ ਕੂਟੈ॥ ਮਨ ਕੂਟੇ ਤਉ ਜਮ ਤੇ ਛੂਟੈ॥...
ਨਾਚਨੁ ਸੋਇ ਜੁ ਮਨ ਸਿਉ ਨਾਚੈ॥ ਝੂਠਿ ਨ ਪਤੀਐ ਪਰਚੈ ਸਾਚੈ॥...
ਬਜਾਰੀ ਸੋ ਜੁ ਬਜਾਰਹਿ ਸੋਧੈ॥ ਪਾਂਚ ਪਲੀਤਹ ਕਉ ਪਰਬੋਧੈ॥...

(ਗੋਂਡ, ਕਬੀਰ, ਪੰਨਾ-872-873)

## ਸਿੱਕੇ (ਮੁਦਰਾ)

ਮੱਧਕਾਲ ਵਿਚ ਅਮੀਰ ਸ਼੍ਰੇਣੀ ਅਤੇ ਗ਼ਰੀਬ ਸ਼੍ਰੇਣੀ ਦੀ ਆਰਥਿਕ ਸਥਿਤੀ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਸੀ। ਜਿੱਥੇ ਅਮੀਰ ਸ਼੍ਰੇਣੀ ਵਿਚ ਆਪਣੇ ਵਪਾਰਕ ਕਾਰਜਾਂ ਵਿਚ ਜਾਂ ਹੋਰ ਖਰਚ ਆਦਿ ਕਰਨ ਲਈ ਲੈਣ-ਦੇਣ ਸੋਨੇ, ਚਾਂਦੀ, ਹੀਰੇ, ਮੋਤੀਆਂ ਆਦਿ ਨਾਲ ਕੀਤਾ ਜਾਂਦਾ ਸੀ ਉਥੇ ਗ਼ਰੀਬ ਸ਼੍ਰੇਣੀ ਵਿਚ ਜੀਵਨ ਨਿਰਬਾਹ ਕਰਨ ਲਈ ਜੁਟਾਈਆਂ ਰੋਜ਼ਮਰਾ ਦੀਆਂ ਵਸਤਾਂ ਆਦਿ

ਦਾ ਹੀ ਵਟਾਂਦਰਾ ਵਧੇਰੇ ਹੁੰਦਾ ਸੀ। ਬਾਣੀ ਅਨੁਸਾਰ ਅਮੀਰਾਂ ਦੇ ਧਨ, ਮਾਲ ਵਿਚ ਸੋਨੇ, ਚਾਂਦੀ, ਤਾਂਬੇ ਦੀਆਂ ਧਾਤਾਂ, ਹੀਰੇ, ਮੋਤੀ, ਜਵਾਹਰ, ਧਨ-ਸੰਪਤੀ ਆਦਿ ਅਤੇ ਗ਼ਰੀਬ ਲੋਕਾਂ ਵਿਚ ਕਉਡੀ, ਦਾਮ, ਟਕੇ, ਅਧਦਾਮ ਆਦਿ ਸਿੱਕੇ ਹੀ ਹੁੰਦੇ ਸਨ। ਜਦੋਂ ਕਿ ਉਨ੍ਹਾਂ ਵਿਚਕਾਰ ਵਧੇਰੇ ਵਸਤ-ਵਟਾਂਦਰਾ ਹੀ ਹੁੰਦਾ ਸੀ :

ਸੁਇਨਾ ਰੁਪਾ ਮਾਟੀ ਦਾਮ॥ ਗੁਰ ਕਾ ਸਬਦੁ ਜਾਪਿ ਮਨ ਸੁਖਾ॥...

(ਰਾਮਕਲੀ, ਮਹਲਾ 5, ਪੰਨਾ-889)

ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥੧॥ ਰਹਾਉ॥...

(ਆਸਾ, ਮਹਲਾ 5, ਪੰਨਾ-487)

ਹੀਰੇ, ਮੋਤੀ, ਜਵਾਹਰਾਂ ਦੀ ਕੀਮਤ ਸੋਨੇ, ਚਾਂਦੀ ਆਦਿ ਤੋਂ ਵੀ ਕਿਤੇ ਵੱਧ ਹੁੰਦੀ ਸੀ। ਉਸ ਵਕਤ ਅਸਲ ਸਿੱਕੇ ਤੇ ਖੋਟੇ ਸਿੱਕਿਆਂ ਦੀ ਕੋਈ ਬਹੁਤੀ ਪ੍ਰਮਾਣਿਕ ਪਛਾਣ ਨਹੀਂ ਸੀ ਜਿਸ ਕਰਕੇ ਕਈ ਵਾਰੀ ਲੋਕ ਹੀਰੇ, ਜਵਾਹਰਾਂ (ਮਨੁੱਖ-ਜਨਮ) ਨੂੰ ਖੋਟੇ, ਕਉਡੀ ਆਦਿ ਦੇ ਬਦਲੇ (ਵਿਕਾਰਾਂ ਵਿਚ ਬੇਅਰਥ) ਹੀ ਗੁਆਹ ਦਿੰਦੇ ਸਨ :

ਹੀਰਾ ਲਾਲੁ ਅਮੋਲੁ ਜਨਮ ਹੈ ਕਉਡੀ ਬਦਲੈ ਹਾਰਿਓ ਰੇ॥੧॥ ਰਹਾਉ॥...

(ਗਉੜੀ, ਕਬੀਰ, ਪੰਨਾ-335)

ਗੁਰੂ ਨਾਨਕ ਸਾਹਿਬ ਖ਼ਰੇ ਖੋਟੇ (ਚੰਗੇ ਮੰਦੇ ਮਨੁੱਖ) ਦੀ ਪਛਾਣ ਜਾਂ ਪਰਖ ਕਰਨ ਵਾਲੇ ਪਾਰਖੂਆਂ (ਗੁਰੂ) ਵੱਲ ਇਸ਼ਾਰਾ ਕਰਦੇ ਹਨ ਜਿਸ ਤੋਂ ਪਤਾ ਲੱਗਦਾ ਹੈ ਕਿ ਸਮੇਂ ਸਮੇਂ ਮੁਦਰਾ ਦੇ ਅਸਲ ਨਕਲ ਦੀ ਪਛਾਣ ਵੀ ਕੀਤੀ ਜਾਣ ਲੱਗੀ ਸੀ।[189] ਪਰੰਤੂ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਪਦਾਰਥਕ ਮੋਹ-ਮਾਇਆ ਵਿਚ ਖਚਿਤ ਹੋਣ ਦਾ ਵਿਰੋਧ ਕੀਤਾ ਕਿਉਂਕਿ ਸਾਰੀ ਉਮਰ ਲੋਕ ਇਸ ਧਨ-ਸੰਪਤੀ ਨੂੰ ਇਕੱਠਾ ਕਰਦੇ ਹੋਏ ਜੀਵਨ ਬੇਅਰਥ ਹੀ ਗੁਆ ਦਿੰਦੇ ਹਨ ਜੋ ਧਨ ਮਰਨ ਤੋਂ ਬਾਅਦ ਬੰਦੇ ਦੇ ਨਾਲ ਨਹੀਂ ਜਾਂਦਾ :

ਕਬੀਰ ਕਉਡੀ ਕਉਡੀ ਜੋਰਿ ਕੈ ਜੋਰੇ ਲਾਖ ਕਰੋਰਿ॥
ਚਲਤੀ ਬਾਰ ਨ ਕਛੁ ਮਿਲਿਓ ਲਈ ਲੰਗੋਟੀ ਤੋਰਿ॥੧੪੪॥

(ਸਲੋਕ, ਕਬੀਰ, ਪੰਨਾ-1372)

ਬਾਣੀਕਾਰਾਂ ਅਨੁਸਾਰ ਕੀਮਤੀ ਸਮਝੀਆਂ ਜਾਂਦੀਆਂ ਵਸਤਾਂ ਸਰਬ ਵਿਆਪਕ ਕੀਮਤੀ ਹੀਰੇ ਰੂਪ ਪਰਮਾਤਮਾ ਦੇ ਨਾਮ ਦੇ ਤੁਲ ਨਹੀਂ। ਬ੍ਰਹਮ ਰੂਪੀ ਕੀਮਤੀ ਹੀਰੇ ਦੀ ਪ੍ਰਾਪਤੀ ਤਾਂ ਜੀਵ ਨੂੰ ਆਪਣਾ ਮਨ ਦਿਤਿਆਂ ਸੌਖਿਆਂ ਹੀ ਹੋ ਸਕਦੀ ਹੈ।

ਕੰਚਨ ਸਿਉ ਪਾਈਐ ਨਹੀ ਤੋਲਿ॥ ਮਨੁ ਦੇ ਰਾਮੁ ਲੀਆ ਹੈ ਮੋਲਿ॥੧॥

(ਗਉੜੀ, ਕਬੀਰ, ਪੰਨਾ-327)

ਸੋ ਗੁਰੂ ਗ੍ਰੰਥ ਸਾਹਿਬ ਵਿਚ ਬਹੁਤੇ ਧਨ ਦੀ ਹੋੜ ਦੀ ਬਜਾਏ ਸੱਚੀ-ਸੁੱਚੀ ਕਿਰਤ, ਕਿਰਸਾਣੀ, ਵਣਜ, ਚਾਕਰੀ ਕਰਨ ਦਾ ਉਪਦੇਸ਼ ਮਿਲਦਾ ਹੈ। ਬਾਣੀਕਾਰਾਂ ਨੇ ਹਰੀ-ਨਾਮ ਜਪਣਾ, ਕਿਰਤ ਕਰਨਾ ਤੇ ਵੰਡ ਛਕਣ ਦੇ ਵਿਚਾਰ ਪ੍ਰਗਟਾਉਂਦੇ ਹੋਏ ਅਮੀਰਾਂ ਨੂੰ ਆਪਣੀ ਅਮੀਰੀ ਦੇ ਹੰਕਾਰ ਤੋਂ ਅਤੇ ਗਰੀਬਾਂ ਨੂੰ ਹਿਰਖ ਕਰਨ ਦੀ ਬਜਾਏ ਸੁਕ੍ਰਿਤ ਕਰਨ ਦੀ ਪ੍ਰੇਰਨਾ ਦਿੱਤੀ ਹੈ[190] ਅਤੇ ਇਸ ਅਮੁੱਲੇ ਮਨੁੱਖਾਂ ਜਨਮ ਵਿਚ ਕੀਮਤੀ ਸਮੇਂ ਨੂੰ ਅਜਾਈਂ ਨਾ ਗੁਆ ਕੇ ਸਮੇਂ ਸਿਰ ਉਸਾਰੂ ਕਾਰਜਾਂ ਨੂੰ ਨਿਪਟਾਉਣ ਦੀ ਸੇਧ ਦਿੱਤੀ ਹੈ :

ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ॥
ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲੁ॥੧੩੮॥

(ਆਸਾ, ਕਬੀਰ, ਪੰਨਾ-1371)

ਬਾਣੀਕਾਰਾਂ ਨੇ ਵੇਹਲੇ ਬੈਠ ਕੇ ਜਾਂ ਮੰਗ ਕੇ ਖਾਣ ਦੀ ਬਜਾਏ ਮੁਖੋਂ ਰਾਮ-ਨਾਮ ਤੇ ਹੱਥਾਂ ਨਾਲ ਸੁਕ੍ਰਿਤ ਕਰਨ ਦਾ ਉਪਦੇਸ਼ ਦਿੱਤਾ। ਹਾਂ ਕਬੀਰ ਜੀ ਇਹ ਜ਼ਰੂਰ ਆਖਦੇ ਹਨ ਕਿ ਜੇਕਰ ਕਦੇ ਕੋਈ ਕਿਸੇ ਵਕਤ ਜੀਵਕਾ ਕਮਾਉਣ ਦਾ ਕੋਈ ਸਾਧਨ ਹੀ ਨਾ ਜੁਟਾ ਸਕੇ ਤਾਂ ਲੁੱਟ, ਠੱਗੀ, ਚੋਰੀ ਜਾਂ ਸਾਕਤ, ਨਾਮ ਵਿਹੂਣੇ ਮਨੁੱਖ ਦੀ ਰੋਟੀ ਖਾਣ ਨਾਲੋਂ ਤਾਂ ਕਿਸੇ ਵਕਤ ਰੋਟੀ ਮੰਗਕੇ ਖਾ ਲੈਣੀ ਹੀ ਚੰਗੀ ਹੈ ਜਿਸ ਵਿਚ ਕਿਸੇ ਦਾ ਕੋਈ ਹੱਕ ਤਾਂ ਨਹੀਂ ਮਾਰਿਆ ਹੁੰਦਾ।[191] ਇਵੇਂ ਹੀ ਪਰਾਈ ਤਾਕ ਰੱਖਣ ਦੀ ਥਾਂ ਫਰੀਦ ਜੀ ਰੁੱਖੀ ਮਿਸੀ ਖਾਣ ਨੂੰ ਤਰਜੀਹ ਦਿੰਦੇ ਆਖਦੇ ਹਨ :

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥੨੯॥

(ਸਲੋਕ, ਸ਼ੇਖ ਫ਼ਰੀਦ, ਪੰਨਾ-1379)

## ਰਾਜਨੀਤਕ ਸੰਸਥਾਵਾਂ

ਮੱਧਕਾਲੀ ਭਾਰਤ ਦੀ ਰਾਜਨੀਤਕ ਅਵਸਥਾ ਬਾਰੇ ਕੁੱਝ ਕਹਿਣ ਤੋਂ ਪਹਿਲਾਂ ਰਾਜਾ, ਰਾਜਨੀਤੀ ਆਦਿ ਸ਼ਬਦਾਂ ਦੇ ਮੂਲ ਅਰਥਾਂ ਤੋਂ ਜਾਣੂ ਹੋ ਜਾਣਾ ਵੀ ਲਾਜ਼ਮੀ ਹੈ। ਮਹਾਨਕੋਸ਼ ਵਿਚ 'ਰਾਜਾ' ਸ਼ਬਦ ਦੇ ਅਰਥ ਰੱਜਿਆ, ਤ੍ਰਿਪਤ, ਸੰਤੁਸ਼ਟ ਅਤੇ ਆਪਣੀ ਨੀਤਿ ਅਤੇ ਸ਼ੁਭ ਗੁਣਾਂ ਨਾਲ ਪ੍ਰਜਾ ਨੂੰ ਰੰਜਨ (ਪ੍ਰਸੰਨ) ਕਰਨ ਵਾਲੇ ਰਾਜੇ ਤੋਂ ਲਏ ਗਏ ਹਨ।[192] ਇਸੇ ਤਰ੍ਹਾਂ ਹੀ 'ਰਾਜਨੀਤੀ' ਤੋਂ ਭਾਵ ਰਾਜ ਦੀ ਉਹ ਰੀਤਿ ਅਤੇ ਵਿਦਿਆ ਜਿਸ ਨਾਲ ਰਾਜ ਦਾ ਪ੍ਰਬੰਧ ਉੱਤਮ ਢੰਗ ਨਾਲ ਚਲਾਇਆ ਜਾ ਸਕੇ।[193] ਚਾਣਕਯ ਦੀ ਪ੍ਰਸਿੱਧ ਪੁਸਤਕ 'ਚਾਣਕਯ ਨੀਤੀ' ਵਿਚ ਵੀ ਰਾਜੇ ਦੇ

ਕਲਿਆਣਕਾਰੀ ਤੇ ਸੰਤੋਖੀ[194] ਗੁਣਾਂ ਨੂੰ ਤਰਜੀਹ ਦਿੱਤੀ ਗਈ ਹੈ। ਚਾਣਕਯ ਅਨੁਸਾਰ "ਰਾਜਾ ਦੇ ਧਾਰਿਮਕ ਹੋਣ 'ਤੇ ਪਰਜਾ ਵੀ ਧਰਮ ਪਾਲਕ, ਰਾਜੇ ਦੇ ਪਾਪੀ ਹੋਣ 'ਤੇ ਪਰਜਾ ਵੀ ਪਾਪੀ, ਰਾਜਾ ਦੇ ਉਦਾਸੀਨ ਹੋਣ 'ਤੇ ਪਰਜਾ ਵੀ ਉਦਾਸੀਨ ਹੋ ਜਾਂਦੀ ਹੈ :

ਰਾਗ੍ਰਿਯ ਧਰਮਿਣਿ ਧਰ~ਮਿਸ਼~ਠਾਹ ਪਾਪੇ ਪਾਪਾਹ ਸਮੇ ਸਮਾਹ॥
ਰਾਜਾਨਮਨੁਵਰ~ਤੰਤੇ ਯਥਾ ਰਾਜਾ ਤਥਾ ਪਰਜਾਹ॥੭॥

(ਚਾਣਕਯ ਨੀਤੀ, ਸਲੋਕ 13.7, ਪੰਨਾ-157)

ਮੱਧਕਾਲੀ ਭਾਰਤੀ-ਸਮਾਜ ਦਾ ਢਾਂਚਾ ਰਾਜਾ ਸ਼੍ਰੇਣੀ ਦੁਆਰਾ ਘੜੇ ਸਮਾਜਕ, ਧਾਰਿਮਕ, ਆਰਥਿਕ ਤੇ ਰਾਜਨੀਤਕ ਪ੍ਰਣਾਲੀਆਂ ਤੇ ਵਧੇਰੇ ਉਸਰਿਆ ਹੁੰਦਾ ਸੀ ਜਿਸ ਵਿਚ ਆਮ ਜਨਤਾ ਦੀ ਸੁਤੰਤਰਤਾ ਬਹੁਤ ਘੱਟ ਹੁੰਦੀ ਸੀ। ਰਾਜਾ ਸ਼੍ਰੇਣੀ ਦੁਆਰਾ ਉਸਾਰੀ ਪ੍ਰਬੰਧ-ਪ੍ਰਣਾਲੀ ਦਾ ਕੋਈ ਨਿਸ਼ਚਿਤ ਰੂਪ ਨਹੀਂ ਸੀ ਹੁੰਦਾ, ਸਗੋਂ ਹਰ ਸੂਬੇ ਜਾਂ ਰਿਆਸਤ ਦਾ ਰਾਜਾ ਆਪਣੇ ਸੁਭਾਅ ਅਨੁਕੂਲ ਤੇ ਇਲਾਕਈ, ਭੂਗੋਲਿਕ ਸਥਿਤੀਆਂ ਅਨੁਸਾਰ ਨੀਤੀਆਂ ਘੜ ਲੈਂਦਾ ਸੀ ਜਿਨ੍ਹਾਂ ਨੂੰ ਆਮ ਲੋਕਾਂ ਲਈ ਬਿਨਾਂ ਸਹੀ, ਗਲਤ ਸੋਚਿਆਂ ਲਾਗੂ ਕਰ ਦਿੱਤਾ ਜਾਂਦਾ ਸੀ।

ਭਗਤ ਬਾਣੀਕਾਰਾਂ ਦਾ ਸਮਾਂ ਮੱਧਕਾਲ ਦਾ ਉਹ ਸਮਾਂ ਸੀ ਜਿਸਨੂੰ ਇਤਿਹਾਸਕ ਪੱਖ ਤੋਂ 'ਦਿੱਲੀ ਸਲਤਨਤ' ਅਤੇ 'ਮੁਗ਼ਲ ਸਾਮਰਾਜ' ਦਾ ਸਮਾਂ ਕਿਹਾ ਜਾਂਦਾ ਹੈ ਜਿਸ ਸਮੇਂ ਦੌਰਾਨ ਤੁਰਕੀ, ਗ਼ੁਲਾਮ, ਖ਼ਿਲਜੀ, ਤੁਗ਼ਲਕ, ਸਯਦ, ਲੋਧੀ ਵੰਸ਼ ਅਤੇ 'ਮੁਗਲ ਸਾਮਰਾਜ' ਦੇ ਮੁਸਲਮਾਨ ਬਾਦਸ਼ਾਹਾਂ ਦਾ ਲੰਮੇ ਸਮੇਂ ਤਕ ਰਾਜ ਰਿਹਾ। ਪਰੰਪਰਾ ਤੋਂ ਚੱਲੇ ਆ ਰਹੇ ਪ੍ਰਾਚੀਨ ਹਿੰਦੂ ਧਰਮ ਅਤੇ ਹਮਲਾਵਰ ਰੂਪ 'ਚ ਆਏ ਮੁਸਲਿਮ ਲੋਕ, ਦੋਵਾਂ ਦੀ ਕਸ਼ਮਕਸ਼ 'ਚ ਭਾਰਤੀ ਸਮਾਜ ਦੀ ਸਮਾਜਕ, ਆਰਥਿਕ, ਧਾਰਮਿਕ ਤੇ ਰਾਜਸੀ ਹਲਾਤਾਂ ਬਾਰੇ ਭਗਤ ਸਾਹਿਬਾਨਾਂ ਨੇ ਸੋਚਿਆ, ਸਮਝਿਆ ਅਤੇ ਇਕ ਨਵੀਨ ਸਰਬ ਸਾਂਝੇ, ਬਰਾਬਰੀ ਵਾਲੇ ਭਾਈਚਾਰੇ ਦੇ ਸੰਕਲਪ ਨੂੰ ਲੋਕਾਂ ਅੱਗੇ ਪੇਸ਼ ਕਰਨ ਦੇ ਕ੍ਰਾਂਤੀਕਾਰੀ ਯਤਨ ਆਰੰਭੇ। ਇਸ ਕਾਲ ਵਿਚ ਭਾਰਤ ਦੀ ਰਾਜਨੀਤਕ ਵਿਵਸਥਾ ਬਹੁਤੀ ਸੰਤੋਖਜਨਕ ਨਹੀਂ ਸੀ ਅਤੇ ਰਾਜ, ਰਾਜਾ ਤੇ ਰਾਜਨੀਤੀ ਦੇ ਅਰਥ ਹੀ ਕੁੱਝ ਹੋਰ ਹੋ ਗਏ ਸਨ। ਜੇਕਰ ਗੁਰੂ ਗ੍ਰੰਥ ਸਾਹਿਬ ਦੇ ਹਵਾਲੇ ਨਾਲ ਦੇਖਣਾ ਹੋਵੇ ਤਾਂ ਭਾਰਤ ਦੀ ਮੱਧਕਾਲੀਨ ਰਾਜਨੀਤਕ ਅਵਸਥਾ ਬਾਰੇ ਬਾਣੀਕਾਰਾਂ ਦੀ ਰਚਨਾ ਵਿਚ ਅਧਿਆਤਮਕ ਪ੍ਰਸੰਗ ਰਾਹੀਂ, ਕੁੱਝ ਸਿੱਧੇ ਤੌਰ ਤੇ, ਕੁੱਝ ਉਦਾਹਰਨਾਂ ਲਈ ਅਤੇ ਕੁੱਝ ਇਤਿਹਾਸਕ, ਮਿਥਿਹਾਸਕ ਹਵਾਲਿਆਂ ਅਨੁਸਾਰ ਜਾਣਕਾਰੀ ਪ੍ਰਾਪਤ ਹੁੰਦੀ ਹੈ।

### ਰਾਜਾ ਜਾਂ ਸੁਲਤਾਨ

ਮੱਧਕਾਲ ਵਿਚ ਰਾਜਾ ਪ੍ਰਸ਼ਾਸਨਿਕ-ਪ੍ਰਬੰਧ ਦਾ ਸਭ ਤੋਂ ਉੱਚਾ ਅਧਿਕਾਰੀ ਹੁੰਦਾ ਸੀ ਜੋ ਆਪਣੇ ਅਧੀਨ ਅਤੇ ਆਪਣੇ ਦੁਆਰਾ ਜਿੱਤੇ ਇਲਾਕੇ, ਰਿਆਸਤਾਂ ਦਾ ਕਰਤਾ-ਧਰਤਾ ਹੁੰਦਾ ਸੀ। ਭਾਵੇਂ ਕਿ ਉਸਦੇ ਇਸ ਸਾਰੇ ਪ੍ਰਬੰਧ ਲਈ ਮੰਤਰੀ-ਮੰਡਲ ਤੇ ਹੋਰ ਵਿਸ਼ੇਸ਼ ਅਧਿਕਾਰੀ ਵੀ ਹੁੰਦੇ ਸਨ ਪਰੰਤੂ ਬਾਦਸ਼ਾਹ ਹਰ ਤਰ੍ਹਾਂ ਦੇ ਫੈਸਲੇ ਲੈਣ, ਨੀਤੀਆਂ ਲਾਗੂ ਕਰਨ ਲਈ ਸੁਤੰਤਰ ਹੁੰਦਾ ਸੀ। ਇਸ ਸੁਤੰਤਰਤਾ ਕਾਰਨ ਹੀ ਉਸ ਸਮੇਂ ਦੀ ਰਾਜਾ ਸ਼੍ਰੇਣੀ ਵਿਚ ਕਈ ਪ੍ਰਕਾਰ ਦੀਆਂ ਬੁਰਾਈਆਂ, ਦੇਖਣ ਨੂੰ ਮਿਲਦੀਆਂ ਹਨ। ਇਤਿਹਾਸਕ ਦ੍ਰਿਸ਼ਟੀ ਤੋਂ ਮੱਧਕਾਲੀ ਇਤਿਹਾਸ ਵਿਚ ਰਾਜੇ ਜਾਂ ਸੁਲਤਾਨ ਦੀ ਚੋਣ ਦਾ ਕੋਈ ਨਿਸ਼ਚਿਤ ਢੰਗ ਜਾਂ ਨਿਯਮ ਨਹੀਂ ਸੀ ਹੁੰਦਾ। ਰਾਜਗੱਦੀ ਅਕਸਰ ਵਿਰਾਸਤੀ ਹੁੰਦੀ ਸੀ ਜਿਸ ਅਨੁਸਾਰ ਜਾਂ ਤਾਂ ਰਾਜਾ ਆਪ ਆਪਣੇ ਪੁੱਤਰ, ਪੋਤਰੇ ਨੂੰ ਉਤਰਾਧਿਕਾਰੀ ਥਾਪ ਦਿੰਦਾ ਸੀ। ਪੁੱਤਰ ਜਾਂ ਕੋਈ ਰਿਸ਼ਤੇਦਾਰ ਨਾ ਹੋਣ ਦੀ ਸੂਰਤ ਵਿਚ ਰਾਜ ਦੇ ਕਿਸੇ ਵਿਸ਼ੇਸ਼ ਯੋਗ ਅਧਿਕਾਰੀ ਨੂੰ ਗੱਦੀ ਸੌਂਪ ਦਿੱਤੀ ਜਾਂਦੀ ਸੀ ਪਰੰਤੂ ਵਧੇਰੇ ਕਰਕੇ ਰਾਜਗੱਦੀ ਹਾਸਿਲ ਕਰਨ ਲਈ ਰਾਜੇ ਦੇ ਆਪਣੇ ਖ਼ਾਨਦਾਨ, ਰਿਸ਼ਤੇਦਾਰ ਮੈਂਬਰਾਂ ਦੇ ਨਾਲ ਨਾਲ ਹੋਰ ਵਿਸ਼ੇਸ਼ ਅਧਿਕਾਰੀ ਵੀ ਹਮੇਸ਼ਾ ਤਾਕ 'ਚ ਰਹਿੰਦੇ ਸਨ। ਰਾਜਗੱਦੀ ਪ੍ਰਾਪਤ ਕਰਨ ਲਈ ਹੁੰਦੇ ਲੜਾਈ-ਝਗੜੇ ਅਤੇ ਕਤਲੋਗਾਰਤ ਦਾ ਸਾਰਾ ਮੱਧਕਾਲੀ ਇਤਿਹਾਸ ਗਵਾਹ ਹੈ ਜਿਸ ਤੋਂ ਪਤਾ ਚੱਲਦਾ ਹੈ ਕਿ ਪਿਉ, ਪੁੱਤਰ ਨੂੰ, ਪੁੱਤਰ, ਪਿਉ ਨੂੰ, ਭਰਾ, ਭਰਾ ਨੂੰ ਬੇਰਹਿਮੀ ਨਾਲ ਕਤਲ ਕਰ ਦਿੰਦਾ ਸੀ। ਕਾਰਨ ਉਹੀਓ ਸੀ ਕਿ ਰਾਜਾ ਆਪਣੇ-ਆਪ ਵਿਚ ਸੁਤੰਤਰ ਹੋਣ ਕਾਰਨ, ਮਨ-ਮਰਜ਼ੀ ਦਾ ਮਾਲਕ, ਹੁਕਮ ਚਲਾਉਂਦਾ, ਧਨ-ਦੌਲਤ, ਐਸ਼ ਵਾਲਾ ਤੇ ਵਿਲਾਸੀ ਜੀਵਨ ਜਿਉਂਦਾ ਸੀ :

ਰਾਜ ਭੋਗ ਅਰ ਛਤ੍ਰ ਸਿੰਘਾਸਨ ਬਹੁ ਸੁੰਦਰਿ ਰਮਨਾ॥
ਪਾਨ ਕਪੂਰ ਸੁਬਾਸਕ ਚੰਦਨ ਅੰਤਿ ਤਊ ਮਰਨਾ॥੩॥

(ਆਸਾ, ਕਬੀਰ, ਪੰਨਾ-476-477)

ਰਾਜਾ ਆਪਣੀਆਂ ਬੁਰੀਆਂ ਆਦਤਾਂ, ਇੱਛਾਵਾਂ ਕਾਰਨ ਆਮ ਲੋਕਾਂ ਦੇ ਦੁੱਖਾਂ, ਤਕਲੀਫਾਂ, ਲੋੜਾਂ, ਥੁੜ੍ਹਾਂ ਵੱਲ ਬਹੁਤਾ ਧਿਆਨ ਨਹੀਂ ਸੀ ਦਿੰਦਾ ਪਰੰਤੂ ਸਮੇਂ ਦੀ ਤਾਕਤ, ਜ਼ੋਰ-ਜ਼ਬਰ ਤੇ ਜ਼ੁਲਮਾਂ ਦੇ ਡਰ ਤੋਂ ਸਾਧਾਰਨ ਜਨਤਾ ਤੇ ਹੋਰ ਸਾਰੇ ਅਧਿਕਾਰੀ ਉਸਦਾ ਪਾਣੀ ਭਰਦੇ ਸਨ। ਜਿਹੋ ਜਿਹੀ ਰਾਜੇ ਦੀ ਸਰਕਾਰ ਹੁੰਦੀ ਸੀ, ਉਹੋ ਜਿਹੇ ਉਸਦੇ ਸਾਰੇ ਛੋਟੇ, ਵੱਡੇ ਅਧਿਕਾਰੀ ਹੁੰਦੇ ਸਨ ਜੋ ਰਾਜੇ ਦੇ ਹੁਕਮ ਦੀ ਤਾਮੀਲ ਕਰਦੇ ਸਨ।[195] ਪਰੰਤੂ ਬਾਣੀਕਾਰਾਂ ਨੇ ਰਾਜਿਆਂ ਦੇ ਕਰਮ, ਵਿਵਹਾਰ ਦੀ ਨਿੰਦਾ ਕਰਦੇ ਹੋਏ ਉਸਾਰੂ ਸਮਾਜਕ ਕਾਰਜਾਂ ਤੇ ਨਿਰਮਲ ਆਚਰਣ ਆਦਿ ਗੁਣਾਂ ਵਾਲੇ ਇਕ ਆਦਰਸ਼

ਰਾਜੇ ਦੀ ਸ਼ਖ਼ਸੀਅਤ ਨੂੰ ਉਘਾੜਿਆ ਹੈ।ਭਗਤ ਸਾਹਿਬਾਨ ਰਿਆਸਤਾਂ, ਸਾਮਰਾਜ ਆਦਿ ਵਧਾਉਣ ਵਾਲੇ ਰਾਜੇ ਨੂੰ ਗਿਆਨ ਤੇ ਵੈਰਾਗ ਦੇ ਤੀਰਾਂ ਨੂੰ ਧਾਰਨ ਕਰਨ, ਬਾਹਰੀ ਧਨ-ਦੌਲਤ, ਭੋਗ-ਵਿਲਾਸ ਆਦਿ ਵਿਕਾਰਾਂ ਵੱਲ ਦੌੜਦੇ ਮਨ ਨੂੰ ਆਪਣੇ ਅੰਦਰ ਟਿਕਾਉਣ ਦੀ ਪ੍ਰੇਰਨਾ ਦਿੰਦੇ ਹਨ ਧੋਖਾਧੜੀ, ਤਰ੍ਹਾਂ-ਤਰ੍ਹਾਂ ਦੇ ਐਬ ਜਾਂ ਨਸ਼ਿਆਂ ਵਿਚ ਵਿਅਸਤ ਫੌਜ ਪਾਲਣ ਦੀ ਥਾਂ ਸ਼ੁਭ ਗੁਣਾਂ ਵਾਲੀ ਫੌਜ ਨੂੰ ਤਿਆਰ ਕਰਨ ਵਾਲੇ ਰਾਜੇ ਦੇ ਸਿਰ ਹੀ ਛਤ੍ਰ ਝੁਲਾਉਣ ਯੋਗ ਸਮਝਦੇ ਹਨ :

ਸੋ ਸੁਰਤਾਨੁ ਜੁ ਦੁਇ ਸਰ ਤਾਨੈ॥ ਬਾਹਰਿ ਜਾਤਾ ਭੀਤਰਿ ਆਨੈ॥
ਗਗਨ ਮੰਡਲ ਮਹਿ ਲਸਕਰੁ ਕਰੈ॥ ਸੋ ਸੁਰਤਾਨੁ ਛਤ੍ਰ ਸਿਰਿ ਧਰੈ॥੩॥

(ਭੈਰਉ, ਕਬੀਰ ਜੀ, ਪੰਨਾ-1160)

ਗੁਰੂ ਅਮਰਦਾਸ ਜੀ ਅਖੌਤੀ ਰਾਜਿਆਂ ਨੂੰ ਰਾਜੇ ਮੰਨਣ ਦੀ ਥਾਂ ਸੱਚ-ਝੂਠ ਦਾ ਨਿਤਾਰਾ ਕਰਨ ਵਾਲੇ ਗੁਣੀ ਰਾਜੇ ਨੂੰ ਹੀ ਤਖ਼ਤ 'ਤੇ ਬੈਠਣ ਦੇ ਯੋਗ ਦੱਸਦੇ ਹੋਏ ਇਕ ਆਦਰਸ਼ ਰਾਜੇ ਦਾ ਸੰਕਲਪ ਪੇਸ਼ ਕਰਦੇ ਹਨ।[196] ਪੂਰੇ ਜਗਤ ਵਿਚ ਜਿੱਥੇ ਰਾਜੇ, ਮਹਾਰਾਜੇ ਹੀ ਸਭ ਤੋਂ ਉੱਚੀ, ਸ੍ਰੇਸ਼ਟ ਸ਼ਕਤੀ ਹੁੰਦੇ ਸਨ ਉਥੇ ਬਾਣੀਕਾਰਾਂ ਨੇ ਇਕ ਰੱਬ ਦੀ ਸ਼ਕਤੀ ਨੂੰ ਦੁਨੀਆਂ ਦੀ ਹਰ ਤਾਕਤ ਤੋਂ ਵੱਡੀ ਦੱਸਿਆ ਭਾਵ ਇਹ ਸਾਰਾ ਸੰਸਾਰ ਉਸਦੇ ਅਧੀਨ ਤੇ ਉਸਦੀ ਸਿਰਜਣਾ ਹੈ। ਭਗਤ ਨਾਮਦੇਵ ਜੀ ਨੇ ਰਾਜੇ ਦੇ ਮਹਿਲ ਵਿਚ ਹੋਣ ਵਾਲੇ ਸਭ ਤਰ੍ਹਾਂ ਦੇ ਸੁੱਖ-ਸਹੂਲਤਾਂ, ਪਦਾਰਥਾਂ, ਉੱਚ-ਅਧਿਕਾਰੀਆਂ, ਨੌਕਰਾਂ ਚਾਕਰਾਂ ਦੇ ਮਾਧਿਅਮ ਰਾਹੀਂ ਰਾਮ ਰਾਜੇ (ਪ੍ਰਭੂ) ਦੀ ਅਸੀਮਤਾ ਤੇ ਉੱਚਤਾ ਨੂੰ ਪ੍ਰਗਟਾਇਆ ਹੈ ਜਿਸਦੀ ਅਨਾਤਮ ਸ਼ਕਤੀ ਵਿਚ ਸਾਰੀ ਸ੍ਰਿਸ਼ਟੀ ਨੂੰ ਉਸ ਦੇ ਅਧੀਨ ਦੱਸਦੇ ਹੋਏ ਰਾਜਿਆਂ ਦੇ ਰਾਜੇ 'ਚਕ੍ਰਵਰਤੀ ਰਾਜਾ' ਦੀ ਸ਼ਕਤੀ ਨੂੰ ਪ੍ਰਗਟਾਇਆ ਹੈ :

ਪਾਪੁ ਪੁੰਨ ਜਾਂ ਚੈ ਡਾਂਗੀਆ ਦੁਆਰੈ ਚਿਤ੍ਰ ਗੁਪਤੁ ਲੇਖੀਆ॥
ਧਰਮ ਰਾਇ ਪਰੁਲੀ ਪ੍ਰਤਿਹਾਰੁ॥ ਸੋ ਐਸਾ ਰਾਜਾ ਸ੍ਰੀ ਗੋਪਾਲੁ॥੨॥
ਜਾਂ ਚੈ ਘਰਿ ਗਣ ਗੰਧਰਬ ਰਿਖੀ ਬਪੁੜੇ ਢਾਢੀਆ ਗਾਵੰਤ ਆਛੈ॥...
ਚਉਰ ਢੂਲ ਜਾਂ ਚੈ ਹੈ ਪਵਣੁ॥ ਚੇਰੀ ਸਕਤਿ ਜੀਤਿ ਲੇ ਭਵਣੁ॥
ਅੰਡ ਟੂਕ ਜਾ ਚੈ ਭਸਮਤ॥ ਸੁੋ ਐਸਾ ਰਾਜਾ ਤ੍ਰਿਭਵਣ ਪਤੀ॥੩॥

(ਮਲਾਰ, ਨਾਮਦੇਵ, ਪੰਨਾ-1292)

ਸੋ ਬਾਣੀ ਵਿਚ ਜਿੱਥੇ ਦੁਨਿਆਵੀਂ ਤੌਰ ਤੇ ਇਕ ਆਦਰਸ਼ ਰਾਜੇ ਦੀ ਤਸਵੀਰ ਨੂੰ ਪੇਸ਼ ਕੀਤਾ ਹੈ ਉਥੇ ਦੁਨਿਆਵੀਂ ਰਾਜਿਆਂ ਤੋਂ ਸ੍ਰੇਸ਼ਟ ਅਤੇ ਅਸੀਮ ਸ਼ਕਤੀ ਵਾਲੇ[197] ਨਿਰਅਕਾਰ ਤੇ ਸਰਬ-ਵਿਆਪਕ ਗੁਣਾਂ ਵਾਲੇ ਹਰੀ ਰਾਜੇ ਦੀ ਮਹਿਮਾ ਗਈ ਹੈ[198] ਕਿਉਂਕਿ ਚਾਰ ਦਿਨ ਰਹਿਣ ਵਾਲੇ

ਦੁਨਿਆਵੀਂ ਰਾਜੇ ਉਸ ਚਕ੍ਰਵਤੀ ਰਾਜੇ ਦੇ ਤੁਲ ਤਾਂ ਕੀ ਉਹ ਤਾਂ ਉਸਦੇ ਸਭ ਤੋਂ ਨੇੜਲੇ ਭਗਤ, ਸੰਤ (ਅਧਿਕਾਰੀ) ਦੇ ਬਰਾਬਰ ਵੀ ਨਹੀਂ ਹੋ ਸਕਦੇ :

ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ॥
ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇ ਜਗਿ ਓਇ॥੩॥੨॥

(ਬਿਲਾਵਲੁ, ਰਵਿਦਾਸ, ਪੰਨਾ-858)

## ਮੰਤਰੀ-ਮੰਡਲ ਤੇ ਹੋਰ ਅਧਿਕਾਰੀ

ਭਾਵੇਂ ਕਿ ਪੂਰੇ ਰਾਜ-ਪ੍ਰਬੰਧ ਵਿਚ ਵਿਸ਼ੇਸ਼ ਅਧਿਕਾਰ ਰਾਜੇ ਦੇ ਹੀ ਹੁੰਦੇ ਸਨ ਪਰੰਤੂ ਵਿਸ਼ਾਲ ਰਾਜ-ਪ੍ਰਬੰਧ ਨੂੰ ਚਲਾਉਣ ਲਈ ਵੱਖ-ਵੱਖ ਵਿਭਾਗਾਂ ਅਤੇ ਇਨ੍ਹਾਂ ਵਿਭਾਗਾਂ ਦੇ ਕੰਮਕਾਜ ਲਈ ਵੱਖੋ-ਵੱਖਰੇ ਮੰਤਰੀਆ ਤੇ ਹੋਰ ਛੋਟੇ-ਛੋਟੇ ਵੱਡੇ ਅਧਿਕਾਰੀਆਂ ਨੂੰ ਨਿਯੁਕਤ ਕੀਤਾ ਜਾਂਦਾ ਸੀ। "ਮੰਤਰੀਆਂ ਨੂੰ ਰਾਜ ਦੀਆਂ ਅੱਖਾਂ ਵੀ ਕਿਹਾ ਜਾਂਦਾ ਹੈ। ਅਸਲ ਵਿਚ ਪਰਜਾ ਅਤੇ ਰਾਜੇ ਦੇ ਵਿਚਾਲੇ ਮੰਤਰੀ-ਮੰਡਲ ਅਤੇ ਹੋਰ ਹੁਕਮਰਾਨ ਵਿਚੋਲੇ ਦਾ ਕੰਮ ਕਰਦੇ ਹਨ। ਇਨ੍ਹਾਂ ਦੀ ਹੁਸ਼ਿਆਰੀ ਇਸੇ ਵਿਚ ਹੈ ਕਿ ਇਹ ਪਰਜਾ ਨੂੰ ਢਾਰਸ ਦੇ ਸਕਣ ਅਤੇ ਰਾਜੇ ਨੂੰ ਵੀ ਸ਼ਾਸਨ-ਪ੍ਰਬੰਧ ਵੱਲੋਂ ਤਸੱਲੀ ਦੇ ਸਕਣ।"[199] ਪਰੰਤੂ ਮੱਧਕਾਲੀ ਸਮਾਜ ਵਿਚ ਜਿਹੋ-ਜਿਹੀ ਕਰੂਪ ਰਾਜਿਆਂ, ਬਾਦਸ਼ਾਹਾਂ ਦੀ ਤਸਵੀਰ ਹੋ ਚੁੱਕੀ ਸੀ ਉਹੋ ਜਿਹੇ ਲਾਲਚੀ ਉਸਦੇ ਵਜ਼ੀਰ, ਦੀਵਾਨ, ਸਿਕਦਾਰ (ਚੌਧਰੀ), ਡਾਂਡੀ (ਜ਼ਮੀਨ ਦੀ ਮਿਣਤੀ ਕਰਨ ਵਾਲੇ ਜਰੀਬਕਸ਼), ਮੁੰਸਫ (ਕੋਟਵਾਲ), ਪਟਵਾਰੀ ਆਦਿ ਹੋ ਚੁੱਕੇ ਸਨ ਜੋ ਰਾਜਿਆਂ ਨੂੰ ਤਾਂ ਬੇਸ਼ੱਕ ਖੁਸ਼ ਰੱਖਦੇ ਸਨ ਪਰ ਪਰਜਾ ਤੋਂ ਮਜਬੂਰਨ ਤਰ੍ਹਾਂ ਤਰ੍ਹਾਂ ਦੀਆਂ ਉਗਰਾਹੀਆਂ ਕਰਦੇ, ਜ਼ਮੀਨਾਂ ਦੀ ਮਿਣਤੀ ਕਰਨ ਵਿਚ ਤੇ ਹੋਰ ਹਰ ਤਰ੍ਹਾਂ ਦੇ ਕੰਮਾਂ ਵਿਚ ਪਰੇਸ਼ਾਨ ਕਰਦੇ ਸਨ :

ਹਰਿ ਕੇ ਲੋਗਾ ਮੋ ਕਉ ਨੀਤਿ ਡਸੈ ਪਟਵਾਰੀ॥...
ਨਉ ਡਾਡੀ ਦਸ ਮੁੰਨਫ ਧਾਵਹਿ ਰਈਅਤਿ ਬਸਨ ਨ ਦੇਹੀ॥
ਡੋਰੀ ਪੂਰੀ ਮਾਪਹਿ ਨਾਹੀ ਬਹੁ ਬਿਸਟਾਲਾ ਲੇਹੀ॥੨॥

(ਸੂਹੀ, ਕਬੀਰ, ਪੰਨਾ-793)

ਗੁਰੂ ਸਾਹਿਬਾਨ ਨੇ ਪੰਚਾਇਤ ਪ੍ਰਣਾਲੀ ਨੂੰ ਵੀ ਕਾਫ਼ੀ ਮਹੱਤਵ ਦਿੱਤਾ ਹੈ। ਡਾ. ਮਨਮੋਹਨ ਸਹਿਗਲ ਦਾ ਵਿਚਾਰ ਹੈ ਕਿ, "ਰਾਜਵਾੜਾਸ਼ਾਹੀ ਯੁੱਗ ਵਿਚ ਵੀ ਗੁਰੂ ਗ੍ਰੰਥ ਸਾਹਿਬ ਦੇ ਚਿੰਤਨ ਵਿਚ ਪੰਚਾਇਤੀ ਰਾਜ ਦੇ ਦ੍ਰਿਸ਼ਟੀਕੋਣ ਦੀ ਪੁਰਾਣੀ ਭਾਰਤੀ ਪ੍ਰਣਾਲੀ ਨੂੰ ਮਹੱਤਵ ਦਿੱਤਾ ਗਿਆ ਹੈ। ਪੁਰਾਣੇ ਸਮਿਆਂ ਵਿਚ ਰਾਜ ਗੱਦੀ ਤੇ ਬਿਠਾਉਣ ਸਮੇਂ ਰਾਜ-ਪ੍ਰੋਹਤ ਰਾਜੇ ਨੂੰ ਰਾਜ-ਦੰਡ ਸਪੁਰਦ ਕਰਨ ਤੋਂ ਪਹਿਲਾਂ ਉਸ ਦੰਡ ਨਾਲ ਰਾਜੇ ਦੇ ਪਿੱਠ ਦੇ ਹਿੱਸੇ ਨੂੰ ਛੂੰਹਦਾ ਸੀ ਜਿਸਦਾ ਸਾਫ਼ ਤੌਰ ਤੇ

ਮਤਲਬ ਇਹ ਹੁੰਦਾ ਸੀ ਕਿ ਰਾਜ-ਦੰਡ ਜਨਤਾ ਦੀ ਅਮਾਨਤ ਹੈ, ਜੇਕਰ ਅਯੋਗ ਉਪਾਵਾਂ ਨਾਲ ਰਾਜ ਚਲਾਇਆ ਗਿਆ ਤਾਂ ਜਨਤਾ ਦਾ ਦੰਡ ਰਾਜੇ ਦੀ ਪਿੱਠ ਤੇ ਵੀ ਵਰਤਿਆ ਜਾ ਸਕਦਾ ਹੈ। ਇਹੀ ਭਾਵ ਕਾਲ-ਕ੍ਰਮ ਅਨੁਸਾਰ ਪੰਚਾਇਤੀ ਅਧਿਕਾਰਾਂ ਨੂੰ ਸਾਕਾਰ ਰੂਪ ਦੇ ਸਕਿਆ ਹੋਵੇਗਾ, ਸਾਡੀ ਅਜਿਹੀ ਧਾਰਨਾ ਹੈ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਇਸ ਭਾਵ ਤੋਂ ਪ੍ਰਭਾਵਤ ਹੋਏ ਲਗਦੇ ਹਨ।"[200]

ਗੁਰੂ ਨਾਨਕ ਸਾਹਿਬ ਪੰਚਾਂ ਦੀ ਪ੍ਰਵਾਨਤਾ, ਪ੍ਰਧਾਨਤਾ ਤੇ ਪੰਚਾਂ ਦੇ ਰਾਜ-ਦਰਬਾਰ ਵਿਚ ਮਾਨ-ਸੰਮਾਨ ਮਿਲਣ ਵੱਲ ਇਸ ਤਰ੍ਹਾਂ ਸੰਕੇਤ ਕਰਦੇ ਹਨ :

ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ॥
ਪੰਚੇ ਸੋਹਹਿ ਦਰਿ ਰਾਜਾਨੁ॥ ਪੰਚਾ ਕਾ ਗੁਰੁ ਏਕ ਧਿਆਨੁ॥...

(ਜਪੁਜੀ, ਮਹਲਾ 1, ਪੰਨਾ-3)

ਬਾਣੀ ਵਿਚ ਰਾਜ ਮੰਤਰੀ ਤੇ ਅਧਿਕਾਰੀਆਂ ਵਿਚੋਂ ਵਜ਼ੀਰ, ਦੀਵਾਨ, ਨੈਬ (ਨਾਇਬ), ਸਲਾਰ, ਸਿਕਦਾਰ, ਆਮਿਲ, ਚਉਧਰੀ, ਪਟਵਾਰੀ, ਕੋਤਵਾਲ, ਮੁੰਸਫ, ਪੰਚ, ਕਾਜੀ ਮੁੱਲਾਂ ਆਦਿ ਤੋਂ ਇਲਾਵਾ ਖਾਨ, ਮਲਿਕ, ਅਮੀਰ, ਉਮਰਾ, ਸ਼ੇਖ, ਮਸਾਇਖ ਅਤੇ ਸਾਦਿਕ ਆਦਿ ਅਹੁਦੇਦਾਰ ਲੋਕਾਂ ਦਾ ਜ਼ਿਕਰ ਮਿਲਦਾ ਹੈ। ਰਾਜੇ ਦੇ ਖੂਬਸੂਰਤ ਰਾਜ-ਮਹਿਲਾਂ ਵਿਚ ਚਾਰੇ ਪਾਸੇ ਕਨਾਤਾਂ ਦਾ ਤਣੇ ਹੋਣਾ, ਤਸਵੀਰ ਘਰ (ਚਿਤ੍ਰਸਾਲਾ), ਮਹਿਲਾਂ ਦੀ ਸ਼ਾਨੋ-ਸ਼ੌਕਤ, ਗਾਉਣ-ਵਜਾਉਣ ਵਾਲੇ ਢਾਢੀ, ਚੌਰ ਬਰਦਾਰ (ਚੌਰ ਝੁਲਾਉਣ ਵਾਲੇ), ਮਹਿਲਾਂ ਵਿਚ ਵਿਸ਼ਾਲ ਰਸੋਈਆਂ, ਆਰਾਮ ਕਰਨ ਲਈ ਵੱਡੇ ਵੱਡੇ ਪਲੰਗ, ਲਮਕਦੀਆਂ ਤਣੀਆਂ ਵਾਲੀਆਂ ਸੇਜਾਂ, ਅਣਗਿਣਤ ਪਾਣੀ ਭਰਨ ਵਾਲੇ ਨੌਕਰ-ਚਾਕਰ, ਬਰਤਣ ਬਨਾਉਣ ਵਾਲੇ ਆਦਿ ਤੋਂ ਇਲਾਵਾ ਰਾਜ-ਮਹਿਲਾਂ ਦੀ ਰਖਵਾਲੀ ਲਈ ਦਰਬਾਰਾਂ 'ਤੇ ਤਾਇਨਾਤ ਡਾਂਗੀ (ਚੋਬਦਾਰ), ਦਰਬਾਨੀ, ਪਲ ਪਲ ਦੀ ਖ਼ਬਰ ਲੈਣ ਤੇ ਲੇਖਾ ਲਿਖਣ ਵਾਲੇ ਮੁਨਸ਼ੀ, ਲੋਕਾਂ ਤੇ ਰੋਹਬ ਨਾਲ ਹਾਲਾ (ਕਰ) ਉਗਰਾਹੁਣ ਵਾਲੇ ਕੋਟਵਾਲ ਆਦਿ ਰਾਜ ਦਰਬਾਰਾਂ ਵਿਚ ਖਿਡੌਣੇ ਬਰਾਬਰ ਹੁੰਦੇ ਸਨ।[201] ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਖਿਦਮਤਗਾਰ, ਸੋਨੇ, ਚਾਂਦੀ ਤੇ ਰੁਪਿਆਂ ਨਾਲ ਭਰੇ ਖ਼ਜਾਨੇ, ਪਾਤਸ਼ਾਹ ਨੂੰ ਮਿਲਦੀਆਂ ਸਲਾਮਾਂ ਅਤੇ ਹਥਿਆਰ ਬੰਦ ਸਿਪਾਹੀ, ਢੋਲ ਨਗਾਰੇ ਆਦਿ ਰਾਜੇ ਦੇ ਅਸੀਮ ਅਧਿਕਾਰਾਂ ਦਾ ਵਰਨਣ ਮੰਤਰੀਆ ਤੇ ਹੋਰ ਅਧਿਕਾਰੀਆਂ ਬਾਰੇ ਗੁਰਬਾਣੀ ਦੀਆਂ ਅਨੇਕਾਂ ਸ਼ਬਦ-ਪੰਕਤੀਆ ਵਿਚ ਕੀਤਾ ਗਿਆ ਹੈ ਜਿਨ੍ਹਾਂ ਨੂੰ ਇਸ ਅਧਿਆਇ ਵਿਚ ਢੁਕਵੇਂ ਸੰਕਲਪ, ਪ੍ਰਸੰਗ ਅਨੁਸਾਰ ਵਾਰ-ਵਾਰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ।

## ਨਿਆਂ-ਪ੍ਰਬੰਧ

"ਇਸਲਾਮੀ-ਰਾਜ ਦੇ ਸਮੇਂ ਨਿਆਂ ਵਿਭਾਗ ਦੀ ਗਣਨਾ ਰਾਜ ਦੇ ਪ੍ਰਮੁੱਖ ਵਿਭਾਗਾਂ ਵਿਚ ਕੀਤੀ ਜਾਂਦੀ ਸੀ। ਇਸ ਦਾ ਮੁਖੀ ਇਸਲਾਮੀ-ਸ਼ਰਾ ਤੋਂ ਜਾਣੂੰ ਤੇ ਧਾਰਮਿਕ ਰਹੁ-ਰੀਤਾਂ ਦਾ ਪਾਬੰਦ ਵਿਅਕਤੀ ਹੀ ਹੋ ਸਕਦਾ ਸੀ। ਨਿਆਂ ਕਰਨ ਸਮੇਂ ਉਸ ਕੋਲੋਂ ਆਸ ਰੱਖੀ ਜਾਂਦੀ ਸੀ ਕਿ ਉਹ ਨਿਰਪੱਖ ਹੋ ਕੇ ਆਪਣਾ ਫੈਸਲਾ ਦੇਵੇਗਾ। ਗੁਰਬਾਣੀ ਵਿਚ ਉਪਲਬਧ ਹਵਾਲੇ ਅਤੇ ਪੱਛਮੀ ਦੇਸ਼ਾਂ ਤੋਂ ਆਏ ਯਾਤਰੂਆਂ ਦੇ ਸਫਰਨਾਮੇ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਸਭ ਤੋਂ ਵੱਧ ਰਿਸ਼ਵਤ ਅਤੇ ਬੇਇਮਾਨੀ ਇਸੇ ਵਿਭਾਗ ਵਿਚ ਪ੍ਰਚਲਿਤ ਸੀ।"[202]

ਮੱਧਕਾਲੀ ਸਮਾਜ ਵਿਚ ਰਾਜੇ ਅਤੇ ਰਾਜ ਅਧਿਕਾਰੀਆਂ ਵਲੋਂ ਬਿਨਾਂ ਕਸੂਰ ਤੋਂ ਹੀ ਬੇਰਹਿਮੀ ਨਾਲ ਆਮ ਲੋਕਾਂ ਨੂੰ ਦੰਡ ਦਿੱਤੇ ਜਾਂਦੇ ਸਨ ਜਿਨ੍ਹਾਂ ਦਾ ਕਾਰਨ ਲੋਕਾਂ ਨੂੰ ਮੁਸਲਿਮ ਧਰਮ ਅਖ਼ਤਿਆਰ ਕਰਨ ਲਈ ਮਜਬੂਰ ਕਰਨਾ, ਨਾਜਾਇਜ਼ ਢੰਗਾ ਨਾਲ ਲੋਕਾਂ ਦੇ ਮਿਹਨਤਾਨੇ ਨੂੰ ਦੱਬ ਕੇ ਤਰ੍ਹਾਂ ਤਰ੍ਹਾਂ ਦੇ ਕਰ (ਟੈਕਸ) ਲਗਾ ਕੇ ਧਨ-ਦੌਲਤ ਹਥਿਆਉਣਾ ਹੁੰਦਾ ਸੀ। ਗ਼ੈਰ ਇਸਲਾਮੀ ਲੋਕਾਂ ਤੋਂ ਕਈ ਤਰੀਕਿਆਂ ਰਾਹੀਂ ਚੌਧਰੀ, ਪਟਵਾਰੀ, ਡਾਂਡੀ, ਮੁੰਸਫ ਆਦਿ ਦੁਆਰਾ ਆਮ ਲੋਕਾਂ ਦੇ ਕੰਮਾਂ-ਧੰਦਿਆਂ ਵਿਚ ਵਿਉਪਾਰ, ਕਿਰਸਾਨੀ ਤੋਂ ਬਣਦੀ ਕਮਾਈ ਜਾਂ ਹਿੱਸੇ ਨੂੰ ਵੀ ਖਿੱਚ ਲਿਆ ਜਾਂਦਾ ਸੀ।[203] ਇਸ ਲਈ ਗੁਰੂ ਨਾਨਕ ਸਾਹਿਬ ਰਾਜਿਆਂ ਨੂੰ ਖ਼ੂਨ ਪੀਣੇ ਸ਼ੇਰ ਅਤੇ ਉਸਦੇ ਅਹਿਲਕਾਰਾ ਨੂੰ ਰਾਜੇ ਦੀਆਂ ਨੌਦਰਾਂ ਆਖਦੇ ਹਨ ਜੋ ਆਮ ਲੋਕਾਂ ਨੂੰ ਹਰ ਵੇਲੇ ਤੰਗ ਕਰਦੇ (ਨੌਦਰਾਂ ਮਾਰਦੇ) ਤੇ ਰਾਜੇ (ਸ਼ੇਰ) ਦੀਆਂ ਮਾਰੀਆਂ ਨੌਦਰਾਂ ਦੁਆਰਾ ਲੋਕਾਂ ਦਾ ਖ਼ੂਨ ਪੀਂਦੇ ਸਨ ਪਰ ਗੁਰੂ ਸਾਹਿਬ ਆਖਦੇ ਹਨ ਕਿ ਜੇਕਰ ਏਥੇ ਇਹ ਲੋਕਾਂ ਨਾਲ ਨਿਆਂ ਨਹੀਂ ਕਰਦੇ ਤਾਂ ਜਦੋਂ ਇਨ੍ਹਾਂ ਦੀ ਕਰਣੀ ਦੀ ਪਰਖ ਹੋਵੇਗੀ ਤਾਂ ਇਹ ਬੇਇਤਬਾਰੇ, ਨੱਕ ਵੱਢੇ ਸਾਬਿਤ ਹੋਣਗੇ :

ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ॥
ਚਾਕਰ ਨਹਦਾ ਪਾਇਨ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥
ਜਿਥੈ ਜੀਆਂ ਹੋਸੀ ਸਾਰ॥ ਨੰਕੀ ਵੰਢੀ ਲਾਇਤਬਾਰ॥੨॥

(ਮਲਾਰ, ਮਹਲਾ 1, ਪੰਨਾ-1288)

ਇਹ ਹੀ ਨਹੀਂ ਰਾਜਸੀ ਦੰਡ ਨੀਤੀਆਂ ਵਿਚ ਇਸਲਾਮੀ ਧਰਮ ਦੇ ਠੇਕੇਦਾਰ ਕਾਜ਼ੀ, ਮੁਲਾਂ ਧਰਮ ਦੇ ਆਧਾਰ ਤੇ ਲੋਕਾਂ ਨੂੰ ਦੰਡ ਦੇਣ ਦੀ ਕਸਰ ਬਾਕੀ ਨਹੀਂ ਸਨ ਛੱਡਦੇ। ਗੁਰੂ ਗ੍ਰੰਥ ਸਾਹਿਬ ਵਿਚ ਥਾਂ-ਥਾਂ ਇਨ੍ਹਾਂ ਦੇ ਮੈਲੇ ਕਿਰਦਾਰਾਂ ਨੂੰ ਉਘਾੜਿਆ ਗਿਆ ਹੈ। ਕਾਜ਼ੀ ਅਕਸਰ ਰਿਸ਼ਵਤ ਲੈ ਕੇ

ਝੂਠ ਨੂੰ ਸੱਚ, ਸੱਚ ਨੂੰ ਝੂਠ ਬਣਾ ਕੇ ਆਪਣਾ ਫ਼ੈਸਲਾ ਦਿੰਦੇ ਸਨ। ਫ਼ੈਸਲੇ ਵਿਰੁੱਧ ਕਿੰਤੂ ਪਰੰਤੂ ਹੋਣ ’ਤੇ ਉਹ ਕੁਰਾਨ, ਹਦੀਸ ਆਦਿ ਗ੍ਰੰਥਾਂ ਦਾ ਹਵਾਲਾ ਦੇ ਦਿੰਦੇ ਸਨ :

ਕਾਜੀ ਹੋਇ ਕੈ ਬਹੈ ਨਿਆਇ॥ ਫੇਰੇ ਤਸਬੀ ਕਰੇ ਖੁਦਾਇ॥
ਵਢੀ ਲੈ ਕੈ ਹਕੁ ਗਵਾਏ॥ ਜੇ ਕੋ ਪੁਛੈ ਤਾ ਪੜਿ ਸੁਣਾਏ॥

(ਰਾਮਕਲੀ, ਮਹਲਾ 3, ਪੰਨਾ-951)

ਕਾਜ਼ੀ, ਮੁਲਾਂ ਦੁਆਰਾ ਤੈਅ ਕੀਤੀਆਂ ਸਜ਼ਾਵਾਂ ਦਾ ਸਾਹਮਣਾ ਖ਼ੁਦ ਬਾਣੀਕਾਰਾਂ ਨੇ ਕੀਤਾ ਜਿਸਦੇ ਕੁੱਝ ਸੰਕੇਤ ਭਗਤ ਕਬੀਰ, ਭਗਤ ਨਾਮਦੇਵ ਜੀ ਦੀ ਬਾਣੀ ਅਤੇ ਗੁਰੂ ਸਾਹਿਬਾਨਾਂ ਦੇ ਜੀਵਨ ਦੇ ਨਾਲ-ਨਾਲ ਪੂਰੇ ਸਿੱਖ ਇਤਿਹਾਸ ਵਿਚੋਂ ਮਿਲਦੇ ਹਨ। ਭਗਤ ਕਬੀਰ ਜੀ ਲਿਖਦੇ ਹਨ ਕਿ ਕਾਜੀ ਦੇ ਹੁਕਮ ’ਤੇ ਉਨ੍ਹਾਂ ਨੂੰ ਬਾਹਾਂ ਤੋਂ ਬੰਨ੍ਹਕੇ ਸਰੀਰ ਦੀ ਪੋਟਲੀ ਬੰਨ੍ਹਕੇ ਹਾਥੀ ਅੱਗੇ ਸੁੱਟਿਆ ਗਿਆ ਤੇ ਹੁਕਮ ਦੇ ਪਾਬੰਦ ਮਹਾਵਤ ਨੂੰ ਵਾਰ-ਵਾਰ ਕਬੀਰ ਜੀ ’ਤੇ ਹਾਥੀ ਚੜਾਉਣ ਲਈ ਹੁਕਮ ਦਿੱਤਾ ਗਿਆ ਜਦੋਂ ਕਿ ਹਾਥੀ ਕਬੀਰ ਜੀ ’ਤੇ ਹਮਲਾ ਕਰਨ ਦੀ ਬਜਾਏ, ਇਉਂ ਜਾਪਦਾ ਸੀ ਜਿਵੇਂ ਨਮਸਕਾਰ ਕਰਦਾ ਹੋਵੇ ਪਰ ਹਾਥੀ ਦੀ ਐਸੀ ਦਸ਼ਾ ਤੋਂ ਵੀ ਕਾਜ਼ੀ ਨੇ ਕੁੱਝ ਨਾ ਜਾਣਿਆ ਕਿ ਕਬੀਰ ਨੇ ਸਾਰੇ ਜਗਤ ਦੇ ਸਰਵਉੱਚ ਰਾਜੇ (ਪ੍ਰਭੂ) ਗੋਬਿੰਦ ਦੀ ਸ਼ਰਨ ਲਈ ਹੈ:

ਭੁਜਾ ਬਾਂਧਿ ਭਿਲਾ ਕਰਿ ਡਾਰਿਓ॥...
ਹਸਤਿ ਭਾਗਿ ਕੈ ਚੀਸਾ ਮਾਰੈ॥ ਇਆ ਮੂਰਤਿ ਕੈ ਹਉ ਬਲਿਹਾਰੈ॥੧॥...
ਹਸਤਿ ਨ ਤੋਰੈ ਧਰੈ ਧਿਆਨੁ॥ ਵਾ ਕੈ ਰਿਦੈ ਬਸੈ ਭਗਵਾਨੁ॥੨॥...

(ਗੋਂਡ, ਕਬੀਰ, ਪੰਨਾ-870-871)

ਇਸੇ ਤਰ੍ਹਾਂ ਹੀ ਭਗਤ ਨਾਮਦੇਵ ਜੀ ਨੂੰ ਬਾਦਸ਼ਾਹ ਵਲੋਂ ਮਰੀ ਹੋਈ ਗਊ ਜਿਉਂਦੀ ਕਰਨ ਲਈ ਹੁਕਮ ਦਿੱਤਾ ਗਿਆ ਪਰ ਜਦੋਂ ਉਹ ਇਨਕਾਰ ਕਰਦੇ ਹਨ ਤਾਂ ਉਨ੍ਹਾਂ ਨੂੰ ਵੀ ਹਾਥੀ ਅੱਗੇ ਸੁੱਟਿਆ ਜਾਂਦਾ ਹੈ :

ਬਿਸਮਿਲਿ ਗਊ ਦੇਹੁ ਜੀਵਾਇ॥ ਨਾਤਰੁ ਗਰਦਨਿ ਮਾਰਉ ਠਾਂਇ॥੨॥
ਬਾਦਿਸਾਹ ਐਸੀ ਕਿਉ ਹੋਇ॥ ਬਿਸਮਿਲ ਕੀਆ ਨ ਜੀਵੈ ਕੋਇ॥੩॥...
ਬਾਦਿਸਾਹੁ ਚੜ੍ਹਿਓ ਅਹੰਕਾਰਿ॥ ਗਜ ਹਸਤੀ ਦੀਨੋ ਚਮਕਾਰਿ॥੫॥

(ਭੈਰਉ, ਨਾਮਦੇਵ, ਪੰਨਾ-1165-1166)

ਸੋ ਆਪਣੇ ਸਮਕਾਲ ਵਿਚ ਐਸੇ ਦੰਡ ਵਿਧਾਨ ਦੀ ਨਿੰਦਿਆ ਕਰਦੇ ਗੁਰੂ ਅੰਗਦ ਦੇਵ ਜੀ ਵੀ ਆਖਦੇ ਹਨ ਕਿ ਏਥੇ ਮਹਾਂ ਕੰਗਾਲ ਦਾ ਨਾਮ ਤਾਂ ਪਾਤਸ਼ਾਹ ਹੈ ਜੋ ਕਿਸੇ ਨੂੰ ਦੇਣਾ ਨਹੀਂ, ਸਗੋਂ ਲੈਣਾ ਜਾਂ ਖੋਹਣਾ ਹੀ ਜਾਣਦਾ ਹੈ, ਮੂਰਖ ਬੰਦੇ ਦਾ ਨਾਮ ਪੰਡਿਤ ਹੈ ਜੋ ਅਸਲ ਗਿਆਨ ਤੋਂ ਬਹੁਤ

ਦੂਰ ਹੁੰਦਾ ਹੈ। ਅੰਨ੍ਹੇ ਦਾ ਨਾਮ ਪਾਰਖੂ ਹੈ ਜੋ ਏਧਰ ਓਧਰ ਦੀਆਂ ਉਲਟੀਆਂ ਗੱਲਾਂ ਕਰਦਾ ਰਹਿੰਦਾ ਹੈ। ਸ਼ਰਾਰਤੀ ਅਨਸਰਾਂ ਦਾ ਨਾਂ ਚੌਧਰੀ ਹੈ ਮੱਧਯੁੱਗ ਦੀ ਅਜਿਹੀ ਨਿਆਂ ਨੀਤੀ ਜਾਂ ਪ੍ਰਬੰਧ ਬਾਰੇ ਗੁਰੂ ਅੰਗਦ ਦੇਵ ਇਸ ਤਰ੍ਹਾਂ ਫ਼ਰਮਾਉਂਦੇ ਹਨ:

> ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ॥
> ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥
> ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥
> ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ॥੧॥

(ਮਲਾਰ, ਮਹਲਾ 2, ਪੰਨਾ-1288)

ਇਸ ਤਰ੍ਹਾਂ ਜਿੱਥੇ ਜਗਤ ਵਿਚ ਹਰ ਪਾਸੇ ਰਾਜੇ ਦਾ ਸਿੱਕਾ ਚੱਲਦਾ ਸੀ ਉੱਥੇ ਗੁਰੂਆਂ, ਸੰਤਾਂ ਭਗਤਾਂ ਨੇ ਰਾਜੇ ਦੀ ਸ਼ਕਤੀ ਤੇ ਰਾਜੇ ਦੇ ਨਿਆਂ ਤੋਂ ਉੱਪਰ ਪਤਾਸ਼ਾਹਾਂ ਦੇ ਪਾਤਸ਼ਾਹ ਹਰੀ ਨੂੰ ਦੀਨਾਂ ਦੀ ਰੱਖਿਆ ਕਰਨ ਵਾਲਾ ਤੇ ਚੰਗੇ ਮਾੜੇ ਦਾ ਸਹੀ ਪਾਰਖੂ ਤੇ ਨਿਆਂ ਕਰਨ ਵਾਲਾ ਜਾਣਿਆ ਹੈ।

## ਫੌਜ ਅਤੇ ਕਿਲ੍ਹੇ

ਸੁਲਤਾਨਾਂ, ਬਾਦਸ਼ਾਹਾਂ ਦੁਆਰਾ ਵੱਧ ਤੋਂ ਵੱਧ ਇਲਾਕੇ, ਰਿਆਸਤਾਂ ਨੂੰ ਜਿੱਤਣ ਲਈ, ਵਿਰੋਧੀ ਰਾਜਿਆਂ ਦੇ ਕਿਲ੍ਹਿਆਂ, ਰਿਆਸਤਾਂ ਉੱਤੇ ਅਣਗਿਣਤ ਹਮਲੇ ਕੀਤੇ ਜਾਂਦੇ ਅਤੇ ਖੁਲ੍ਹੇ ਮੈਦਾਨਾਂ ਵਿਚ ਯੁੱਧ ਲੜੇ ਜਾਂਦੇ ਸਨ। ਯੁੱਧ ਲੜਨ ਲਈ ਹਜ਼ਾਰਾਂ, ਲੱਖਾਂ ਦੀ ਗਿਣਤੀ ਵਿਚ ਫੌਜ ਅਤੇ ਚੰਗੇ ਅਸਤ੍ਰਾਂ, ਸ਼ਾਸਤਰਾਂ ਦੀ ਲੋੜ ਪੈਂਦੀ ਸੀ। ਚਾਣਕਯ ਲਿਖਦਾ ਹੈ ਕਿ "ਰਾਜਾ ਲੋਕ ਆਪਣੇ ਕੋਲ ਕੁਲੀਨ ਲੋਕਾਂ ਦਾ ਸੰਗ੍ਰਹਿ ਇਸ ਲਈ ਰੱਖਦੇ ਸਨ ਕਿ ਉਹ ਉੱਨਤੀ ਅਤੇ ਅਵਨਤੀ ਸਮੇਂ ਖੁਸ਼ਹਾਲੀ ਅਤੇ ਵਿਪਤਾ ਸਮੇਂ ਜਿੱਤ ਅਤੇ ਹਾਰ ਸਮੇਂ ਕਿਸੇ ਵੀ ਅਵਸਥਾ ਵਿਚ (ਰਾਜੇ) ਦਾ ਸਾਥ ਨਹੀਂ ਛੱਡਦੇ।"[204] ਮੱਧਕਾਲ ਵਿਚ ਬੇਸ਼ੱਕ ਰਾਜਾ ਦੀ ਸ਼ਕਤੀ ਅਤੇ ਉਸਦੇ ਅਧਿਕਾਰ ਸ੍ਰੇਸ਼ਠ ਸਨ ਪਰੰਤੂ ਅਕਸਰ ਰਾਜ-ਘਰਾਣਿਆਂ ਦੇ ਮੈਂਬਰਾਂ ਤੇ ਰਾਜ-ਦਰਬਾਰਾਂ ਦੇ ਮੋਢੀ ਅਧਿਕਾਰੀ ਆਦਿ ਰਾਜਗੱਦੀ ਦੀ ਪ੍ਰਾਪਤੀ ਲਈ ਵਿਰੋਧੀ ਧਿਰ ਨਾਲ ਗੰਢਤੁਪ ਕਰਨ ਤੇ ਹਮਲਾ ਕਰਨ ਲਈ ਤਾਕ 'ਚ ਹੀ ਰਹਿੰਦੇ ਸਨ। ਭਾਵੇਂ ਫੌਜ ਜਾਂ ਸੈਨਾ ਦੇ ਮੁੱਖ ਕਾਰਜ ਆਪਣੇ ਸਾਮਰਾਜ ਦੀ ਅੰਦਰੂਨੀ ਸੁਰੱਖਿਆ ਕਰਨਾ, ਸ਼ਾਂਤੀ ਕਾਇਮ ਰੱਖਣਾ, ਬਾਹਰੀ ਤੇ ਗੁਆਂਢੀ ਹਮਲਾਵਰਾਂ ਦੇ ਹਮਲਿਆਂ ਦਾ ਮੁਕਾਬਲਾ ਕਰਨਾ ਤੇ ਉਨ੍ਹਾਂ ਨੂੰ ਜਿੱਤਣਾ ਆਦਿ ਸਨ ਪਰੰਤੂ ਮੱਧਕਾਲ ਵਿਚ ਧਨ-ਦੌਲਤ ਲੁੱਟਣਾ, ਰਿਆਸਤਾਂ ਤੇ ਕਿਲ੍ਹੇ ਆਦਿ ਹਥਿਆਉਣ ਵਿਚ ਰਾਜੇ ਆਪਣੇ ਵਧੇਰੇ ਸਮਾਂ ਲਗਾਉਂਦੇ ਸਨ।

ਰਾਜਿਆਂ ਦੁਆਰਾ ਕਿਲ੍ਹਿਆਂ ਦੀ ਉਸਾਰੀ ਇਸ ਤਰ੍ਹਾਂ ਕਰਾਈ ਜਾਂਦੀ ਸੀ ਕਿ ਕਿਸੇ ਕਿਲ੍ਹੇ ਨੂੰ ਜਿੱਤਣ ਲਈ ਵਿਰੋਧੀ ਧਿਰ ਦੇ ਰਾਜਾ ਨੂੰ ਪੂਰੀ ਸੋਚ-ਵਿਚਾਰ ਤੋਂ ਬਾਅਦ ਹੀ ਹਮਲਾ ਕਰਨਾ ਪੈਂਦਾ ਸੀ। ਉਨ੍ਹਾਂ ਕਿਲ੍ਹਿਆ ਨੂੰ ਦੋਹਰੀਆਂ, ਮੋਟੀਆਂ ਕੰਧਾਂ ਨਾਲ ਅਤੇ ਉਨ੍ਹਾਂ ਦੁਆਲੇ ਸੁਰੱਖਿਆ ਲਈ ਤੀਹਰੀਆਂ ਤੀਹਰੀਆਂ ਪਾਣੀ ਦੀਆਂ ਖਾਈਆਂ ਬਣਾਈਆਂ ਜਾਂਦੀਆਂ ਸਨ। ਖਾਈ ਤੋਂ ਪਾਰ ਇਕ ਉੱਚੀ ਵੱਟ (ਆਡੀ) ਵੀ ਬਣਾਈ ਜਾਂਦੀ ਸੀ ਜਿਸ ਦਾ ਸਹਾਰਾ ਲੈ ਕੇ ਫੌਜਾਂ ਲੜਦੀਆਂ ਸਨ।[205] ਬਾਣੀਕਾਰਾਂ ਨੇ ਮੌਤ ਦੀ ਅਟੱਲਤਾ ਤੇ ਖ਼ਾਲੀ ਹੱਥ ਦੁਨੀਆ ਤੋਂ ਚਲੇ ਜਾਣ ਦੇ ਪ੍ਰਸੰਗ ਵਿਚ ਇਤਿਹਾਸਕ, ਮਿਥਿਹਾਸਕ ਰਾਜਿਆਂ ਵਿਚ ਕੌਰਵ, ਪਾਂਡਵ ਅਤੇ ਖ਼ਾਸ ਕਰ ਰਾਵਣ ਦੀ ਸੋਨੇ ਦੀ ਲੰਕਾ ਅਤੇ ਕਿਲ੍ਹਿਆਂ ਦੀ ਉਸਾਰੀ ਆਦਿ ਬਾਰੇ ਵਾਰ ਵਾਰ ਉਦਾਹਰਨ ਦੇ ਤੌਰ 'ਤੇ ਪੇਸ਼ ਕੀਤਾ ਹੈ :

ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ॥
ਬਾਰਹ ਜੋਜਨ ਛਤ੍ਰ ਚਲੈ ਥਾ ਦੇਹੀ ਗਿਰਝਨ ਖਾਈ॥੨॥
ਸਰਬ ਸੋੁਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ॥
ਕਹਾ ਭਇਓ ਦਰਿ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ॥੩॥

(ਧਨਾਸਰੀ, ਨਾਮਦੇਵ, ਪੰਨਾ-692-693)

## ਯੁੱਧ ਦਾ ਵਰਨਣ

ਭਗਤ ਬਾਣੀ ਵਿਚੋਂ ਭਗਤ ਕਬੀਰ ਜੀ ਦੁਆਰਾ ਅਧਿਆਤਮਕ ਅਰਥਾਂ ਵਿਚ ਰਚਿਤ ਬਾਣੀ ਵਿਚ ਮੱਧਕਾਲੀਨ ਰਾਜਿਆਂ ਦੁਆਰਾ ਲੜੀਆਂ ਜਾਣ ਵਾਲੀਆਂ ਲੜਾਈਆਂ ਵੱਲ ਸੰਕੇਤ ਕੀਤੇ ਮਿਲਦੇ ਹਨ। ਜਿਵੇਂ ਮਨੁੱਖੀ-ਮਨ ਦੇ ਸਰੀਰ ਰੂਪੀ ਕਿਲ੍ਹੇ ਵਿਚ ਆਤਮਕ ਯੁੱਧ ਕਰਨ ਅਤੇ ਉਸ ਸਰੀਰ (ਕਿਲ੍ਹੇ) ਵਿਚ ਬੈਠੇ ਵਿਕਾਰਾਂ ਭਰੇ ਬਾਗੀ ਰਾਜਾ (ਮਨ) ਨੂੰ ਕਾਬੂ ਕਰਨ ਆਦਿ ਦਾ ਵਰਨਣ ਕਰਦੇ ਹਨ ਜਿਸ ਤੋਂ ਉਸ ਕਾਲ ਵਿਚ ਦੁਨਿਆਵੀ ਸੁਲਤਾਨਾਂ ਦੁਆਰਾ ਕਿਲ੍ਹੇ ਆਦਿ ਫਤਹਿ ਕਰਨ ਲਈ ਲੜੇ ਜਾਣ ਵਾਲੇ ਯੁੱਧ ਦੀ ਸਾਫ਼ ਤਸਵੀਰ ਨੂੰ ਦੇਖਿਆ ਜਾ ਸਕਦਾ ਹੈ। ਰਾਜਿਆਂ ਦੁਆਰਾ ਕਿਲ੍ਹਿਆਂ ਦੀ ਉਸਾਰੀ ਹਿੱਤ ਦੋਹਰੀਆਂ ਦੋਹਰੀਆਂ, ਮੋਟੀਆਂ, ਪੱਕੀਆਂ ਕੰਧਾਂ, ਉਨ੍ਹਾਂ ਦੁਆਲੇ ਸੁਰੱਖਿਆ ਲਈ ਤੀਹਰੀਆਂ ਪਾਣੀ ਦੀਆਂ ਖਾਈਆਂ ਅਤੇ ਖਾਈ ਤੋਂ ਪਾਰ ਇਕ ਉੱਚੀ ਵੱਟ (ਆਡੀ) ਬਣਾਈ ਜਾਂਦੀ ਸੀ ਜਿਸ ਦਾ ਸਹਾਰਾ ਲੈ ਕੇ ਫੌਜਾਂ ਲੜਦੀਆ ਸਨ। ਕਿਲ੍ਹੇ ਦੇ ਦੋ ਦਰਵਾਜ਼ੇ ਬਣਾਏ ਜਾਂਦੇ ਸਨ। ਹਿਫਾਜ਼ਤ ਲਈ ਦਰਵਾਜ਼ਿਆਂ 'ਤੇ ਚੌਕੰਨੇ ਖੜ੍ਹੇ ਦਲੇਰ ਫੌਜੀ ਤੇ ਕਿਵਾੜੀ, ਪਹਿਰੇਦਾਰ ਅਤੇ ਹੋਰ ਕ੍ਰੋਧਵਾਨ ਤੇ ਲੜਾਕੇ ਪ੍ਰਧਾਨ ਚੌਧਰੀ ਆਦਿ ਤਾਇਨਾਤ ਰਹਿੰਦੇ ਸਨ। ਰਾਜਾ ਆਪਣੇ ਬਚਾ ਲਈ ਸੰਜੋਅ (ਸਨਾਹ ਭਾਵ ਲੋਹੇ ਦੀ ਜਾਲੀ ਦੀ ਪੁਸ਼ਾਕ) ਪਹਿਨਕੇ ਸਿਰ 'ਤੇ ਟੋਪ ਅਤੇ ਤੀਰ, ਕਮਾਨ ਆਦਿ ਕੱਸਕੇ ਕਿਲ੍ਹੇ ਵਿਚ ਆਜ਼ਾਦ (ਬਾਗੀ) ਹੋ ਕੇ ਬੈਠਦਾ ਸੀ। ਰਾਜੇ ਦੇ ਇਸ ਤਰ੍ਹਾਂ ਦੇ ਪੁਖਤਾ

ਸੁਰੱਖਿਆ-ਪ੍ਰਬੰਧ ਕਾਰਨ ਵਿਰੋਧੀ ਰਾਜਾ ਸੋਚਣ ਲਈ ਮਜਬੂਰ ਹੋ ਜਾਂਦਾ ਸੀ ਕਿ ਆਖ਼ਿਰ ਕਿਲ੍ਹਾ ਕਿੰਝ ਫਤਹਿ ਕੀਤਾ ਜਾਵੇ? ਸੋਚ-ਵਿਚਾਰ ਤੋਂ ਬਾਅਦ ਉਹ ਉਸ ਰਾਜੇ ਤੋਂ ਵੀ ਵੱਧ ਤਕੜੇ ਪ੍ਰਬੰਧਾਂ ਨਾਲ ਮੈਦਾਨ 'ਚ ਉੱਤਰਦਾ ਜਿਸ ਵਿਚ ਜਦ ਉਹ ਬੜੀ ਚੁਸਤੀ-ਫੁਰਤੀ ਨਾਲ ਬੰਦੂਕਾਂ ਜਾਂ ਤੋਪਾਂ ਨੂੰ ਚਲਾਉਣ ਲਈ ਪਲੀਤੇ ਛੁਹਾ ਕੇ ਚਲਾਉਂਦਾ ਤਾਂ ਉਹ ਸੌਖਿਆਂ ਹੀ ਕਿਲ੍ਹੇ ਨੂੰ ਫਤਹਿ ਕਰਨ ਵਿਚ ਕਾਮਯਾਬ ਹੋ ਜਾਂਦਾ ਸੀ। ਇਸ ਯੁੱਧ ਦੌਰਾਨ ਉਸਦੀ ਫੌਜ ਗਿਣਤੀ ਵਿਚ ਭਾਵੇਂ ਘੱਟ ਹੁੰਦੀ ਪਰ ਆਪਣੇ ਕੁੱਝ ਕੁ ਲੜਨ ਵਾਲੇ ਬਹਾਦਰ ਸੂਰਮਿਆਂ ਸਦਕਾ ਕਿਲ੍ਹੇ ਦੇ ਦਰਵਾਜ਼ੇ ਭੰਨ ਦਿੱਤੇ ਜਾਂਦੇ ਅਤੇ ਕਿਲ੍ਹੇ ਅੰਦਰ ਬੈਠੇ ਰਾਜੇ ਨੂੰ ਬੰਦੀ ਬਣਾ ਲਿਆ ਜਾਂਦਾ ਸੀ। ਫਤਹਿ ਪ੍ਰਾਪਤ ਕਰਨ ਵਾਲਾ ਰਾਜਾ, ਕਿਲ੍ਹੇ ਉੱਪਰ ਚੜ੍ਹਕੇ ਆਪਣੀ ਜਿੱਤ ਅਤੇ ਸਦਾ ਕਾਇਮ ਰਹਿਣ ਵਾਲੀ ਬਾਦਸ਼ਾਹੀ ਦਾ ਐਲਾਨ ਕਰਦਾ ਸੀ :

ਕਿਉ ਲੀਜੈ ਗਢੁ ਬੰਕਾ ਭਾਈ॥ ਦੋਵਰ ਕੋਟ ਅਰੁ ਤੇਵਰ ਖਾਈ॥੧॥ਰਹਾਉ॥
ਪਾਂਚ ਪਚੀਸ ਮੋਰ ਮਦ ਮਤਸਰ ਆਡੀ ਪਰਬਲ ਮਾਇਆ॥
ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ॥
ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਤਹ ਮਨੁ ਮਾਵਾਸੀ ਰਾਜਾ॥੨॥...
ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ॥
ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ॥੫॥...
ਦਾਸੁ ਕਮੀਰੁ ਚੜਿਓ ਗੜ ਊਪਰਿ ਰਾਜੁ ਲੀਓ ਅਬਿਨਾਸੀ॥੬॥੯॥੧੭॥

(ਭੈਰਉ, ਕਬੀਰ, ਪੰਨਾ-1161-1162)

ਯੁੱਧ ਦੇ ਐਲਾਨ ਲਈ ਧੌਂਸੇ (ਘੜਿਆਲ) ਉੱਤੇ ਜ਼ੋਰ ਜ਼ੋਰ ਨਾਲ ਸੱਟਾਂ ਮਾਰੀਆਂ ਜਾਂਦੀਆਂ ਸਨ ਭਾਵ ਧੌਂਸੇ ਬਜਾਏ ਜਾਂਦੇ ਸਨ। ਸੂਰਮੇ, ਬਹਾਦਰ ਯੋਧੇ ਲੜ-ਮਰਨ, ਜੂਝਣ ਦੇ ਮੌਕੇ ਨੂੰ ਸੰਭਾਲਦੇ ਹੋਏ ਮੈਦਾਨ-ਏ-ਜੰਗ ਮੱਲ ਲੈਂਦੇ ਸਨ ਜੋ ਆਪਣਾ ਪੁਰਜਾ ਪੁਰਜਾ ਤਾਂ ਕਟਵਾ ਲੈਂਦੇ ਸਨ ਪਰ ਕਦੇ ਮੈਦਾਨ ਛੱਡ ਕੇ ਨਹੀਂ ਸੀ ਭੱਜਦੇ। ਕਬੀਰ ਜੀ ਅਜਿਹੇ ਯੋਧੇ, ਸੂਰਬੀਰ ਦੀ ਸੂਰਬਰਤਾ ਦਾ ਵਰਨਣ ਜਗਤ ਵਿਚ ਬੁਰਾਈ ਅਤੇ ਗ਼ਰੀਬਾਂ ਦੇ ਹੱਕਾਂ ਲਈ ਲੜਨ ਵਾਲੇ ਸੂਰਮੇ ਦੇ ਰੂਪ ਵਿਚ ਕਰਦੇ ਹਨ :

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥੧॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥੨॥੨॥

(ਮਾਰੂ, ਕਬੀਰ, ਪੰਨਾ-1105)

ਅਜਿਹੇ ਸੂਰਬੀਰ ਯੋਧੇ ਦੁਆਰਾ ਕੀਤੇ ਇਕ ਵਾਰ ਨਾਲ ਹੀ ਦੁਸ਼ਮਣ (ਮਨ ਦੇ ਵਿਕਾਰਾਂ) ਨੂੰ ਮਾਰਨ ਨਾਲ ਬਾਕੀ ਦੁਸ਼ਮਣ ਮੈਦਾਨ (ਸਰੀਰ ਨੂੰ) ਛੱਡਕੇ ਭੱਜ ਜਾਂਦੇ ਸਨ। ਬਾਣੀਕਾਰਾਂ ਨੇ ਈਨ ਨਾ ਮੰਨਣ ਵਾਲੇ ਅਜਿਹੇ ਦ੍ਰਿੜ ਅਤੇ ਰਣਭੂਮੀ ਵਿਚ ਦੁਸ਼ਮਣਾਂ (ਵਿਕਾਰਾਂ) ਨਾਲ ਨਿਰੰਤਰ ਯੁੱਧ ਕਰਨ ਵਾਲੇ ਵਫ਼ਾਦਾਰ ਤੇ ਸੂਰਬੀਰ ਯੋਧੇ ਦਾ ਜਨਮ ਹੀ ਧੰਨਤਾ ਵਾਲਾ ਮੰਨਿਆ ਹੈ :

ਣਾਣਾ ਰਣਿ ਰੂਤਉ ਨਰ ਨੇਹੀ ਕਰੈ॥ ਨਾ ਨਿਵੈ ਨਾ ਫੁਨਿ ਸੰਚਰੈ॥

ਧੰਨਿ ਜਨਮੁ ਤਾਹੀ ਕੋ ਗਣੈ॥ ਮਾਰੈ ਏਕਹਿ ਤਜਿ ਜਾਇ ਘਣੈ॥੨੧॥

(ਗਉੜੀ, ਕਬੀਰ, ਪੰਨਾ-341)

ਇਸ ਤਰ੍ਹਾਂ ਭਗਤ ਬਾਣੀ ਵਿਚ ਕੀਤੇ ਮਨੁੱਖੀ-ਸਰੀਰ ਦੇ ਆਤਮਕ ਯੁੱਧ ਦੇ ਵਰਨਣ ਦੁਆਰਾ ਪਤਾ ਚੱਲਦਾ ਹੈ ਕਿ ਉਸ ਵਕਤ ਰਾਜੇ ਆਪਣੀ ਸੁਰੱਖਿਆ ਅਤੇ ਯੁੱਧ ਲਈ ਚੰਗੀ ਫੌਜ, ਹਥਿਆਰ ਆਦਿ ਰੱਖਦੇ ਸਨ ਅਤੇ ਫੌਜ ਵਿਚ ਕੁੱਝ ਬਹਾਦਰ ਸੂਰਮੇ ਤਾਂ ਅਜਿਹੇ ਹੁੰਦੇ ਸਨ ਜੋ ਆਪਣੀ ਤਾਕਤ ਅਤੇ ਸੂਝ ਬੂਝ ਸਦਕਾ ਯੁੱਧ ਮੈਦਾਨਾਂ ਅਤੇ ਕਿਲ੍ਹਿਆਂ ਨੂੰ ਸੌਖੇ ਹੀ ਫਤਹਿ ਕਰਨ ਵਿਚ ਕਾਮਯਾਬ ਹੋ ਜਾਂਦੇ ਸਨ। ਐਸੇ ਬੀਰ ਯੋਧਿਆਂ ਦੀਆਂ ਵਾਰਤਾਵਾਂ ਸੁਣ ਸੁਣ ਕੇ ਹੀ ਭਗਤ ਸਾਹਿਬਾਨਾਂ ਨੇ ਸਰੀਰ ਦੇ ਵਿਕਾਰਾਂ ਨੂੰ ਦੂਰ ਕਰਨ, ਮਨ ਰੂਪ ਰਾਜੇ ਨੂੰ ਜਿੱਤਣ ਅਤੇ ਦੀਨਾਂ ਹੇਤ ਲੜ੍ਹਨ ਵਾਲੇ ਨੂੰ ਅਸਲ ਸੱਚਾ ਸੂਰਮਾ ਅਤੇ ਧੰਨਤਾ ਵਾਲਾ ਜਨਮ ਪਾਉਣ ਵਾਲਾ ਆਖਕੇ ਵਡਿਆਇਆ ਹੈ।

### ਆਦਰਸ਼ ਰਾਜ ਦਾ ਸੰਕਲਪ

ਤਲਵਾਰ ਦੇ ਜ਼ੋਰ 'ਤੇ ਰਾਜਗੱਦੀ ਹਾਸਿਲ ਕਰਨ, ਕਿਲ੍ਹੇ, ਰਿਆਸਤਾਂ ਜਿੱਤਣ, ਪਰਜਾ ਪ੍ਰਤੀ ਗ਼ੈਰ ਜ਼ਿੰਮੇਵਾਰਾਨਾ ਰਵੱਈਆ, ਰਿਸ਼ਵਤ, ਲੁੱਟ-ਖੋਹ, ਅਨਿਆਂ ਆਦਿ ਅਸਹਿ ਜ਼ੁਲਮ ਮੱਧਕਾਲੀ ਰਾਜਾ ਸ਼੍ਰੇਣੀ ਦਾ ਪਹਿਲਾ ਉਦੇਸ਼ ਬਣ ਚੁੱਕਿਆ ਸੀ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਮੱਧਕਾਲੀ ਰਾਜਨੀਤਕ ਹਾਲਤ ਦੀ ਅਜਿਹੀ ਗਿਰਾਵਟ ਨੂੰ ਦੇਖਦੇ ਹੋਏ ਆਦਰਸ਼ ਰਾਜੇ ਅਤੇ ਇਕ ਆਦਰਸ਼ ਰਾਜ ਦੇ ਸੰਕਲਪ ਨੂੰ ਪੇਸ਼ ਕੀਤਾ। ਉਨ੍ਹਾਂ ਨੇ ਸੱਚ ਪਛਾਨਣ ਵਾਲੇ ਰਾਜੇ ਨੂੰ ਤਖ਼ਤ ਦੇ ਲਾਇਕ ਦੱਸਦੇ ਹੋਏ ਪਹਿਲਾਂ ਮਨ ਦੇ ਵਿਕਾਰਾਂ ਨਾਲ ਯੁੱਧ ਕਰਨ ਤੇ ਬਾਅਦ ਵਿਚ ਦੀਨਾਂ, ਗ਼ਰੀਬਾਂ ਦੇ ਹੱਕਾਂ ਲਈ ਲੜ੍ਹਨ ਵਾਲੇ ਸੱਚੇ ਸੂਰਮੇ ਨੂੰ ਅਸਲ (ਸੱਚਾ) ਰਾਜਾ ਹੋਣ ਦਾ ਖ਼ਿਤਾਬ ਦਿੱਤਾ ਅਤੇ ਸਮਾਜ ਵਿਚ ਇਕ ਅਜਿਹੇ ਆਦਰਸ਼ ਰਾਜ ਦਾ ਸੰਕਲਪ ਪੇਸ਼ ਕੀਤਾ ਜੋ ਬੇਗ਼ਮ, ਦੁੱਖ, ਚਿੰਤਾਵਾਂ ਤੋਂ ਮੁਕਤ ਹੋਵੇ। ਜਿੱਥੇ ਨਾ ਕੋਈ ਖਿਰਾਜ (ਕਰ), ਨਾ ਕੋਈ ਅਜਿਹਾ ਮਾਲ ਹੋਵੇ ਜਿਸ 'ਤੇ ਮਸੂਲ ਜਾਂ ਟੈਕਸ ਲਗਾਇਆ ਜਾ ਸਕਦਾ ਹੋਵੇ। ਅਜਿਹੇ ਸ਼ਹਿਰ ਜਾਂ ਨਗਰ ਵਿਚ ਨਾ ਕੋਈ ਡਰ, ਨਾ ਗ਼ਲਤੀਆਂ

ਕਰਨ ਵਾਲੀ ਬੁੱਧੀ ਵਾਲੇ ਲੋਕ ਅਤੇ ਨਾ ਕਿਸੇ ਕਿਸਮ ਦਾ ਕੋਈ ਘਾਟਾ ਹੋਵੇ। ਰਵਿਦਾਸ ਜੀ ਅਨੁਸਾਰ ਅਜਿਹੀ ਸੋਹਣੀ ਨਗਰੀ ਵਿਚ ਨਾ ਕੋਈ ਉੱਚਾ ਤੇ ਨਾ ਕੋਈ ਨੀਵਾਂ ਹੋਵੇ ਜਿੱਥੇ ਸਭ ਬੌਧਿਕ ਸੂਝ-ਬੂਝ ਵਾਲੇ ਰੱਜੇ-ਪੁੱਜੇ ਗਿਆਨੀ ਪੁਰਸ਼ ਵਸਦੇ ਹੋਣ। ਉਥੇ ਕਿਸੇ ਨੂੰ ਕੋਈ ਰੋਕ-ਟੋਕ ਕਰਨ ਵਾਲਾ ਵੀ ਨਾ ਹੋਵੇ, ਸਗੋਂ ਉਸ ਮਹਿਲ (ਨਗਰੀ) ਵਿਚ ਸਭ ਬਰਾਬਰ ਘੁੰਮ-ਫਿਰ ਸਕਦੇ ਹੋਣ। ਅਜਿਹੇ ਉੱਘੇ, ਖ਼ੈਰ, ਸੁੱਖ ਵਾਲੇ ਨਗਰ ਵਿਚ ਹੀ ਸਭ ਦੀ ਸਦਾ ਪਾਤਸ਼ਾਹੀ ਬਣੀ ਰਹਿੰਦੀ ਹੈ। ਲਾਲਸਾਵਾਂ ਤੋਂ ਮੁਕਤੀ ਪਾਉਣ ਵਾਲਾ ਹੀ ਐਸੀ ਸੱਚੀ ਤੇ ਉੱਘੀ ਨਗਰੀ ਦਾ ਵਾਸੀ ਹੁੰਦਾ ਹੈ :

ਬੇਗਮ ਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥੧॥...
ਕਾਇਮੁ ਕਾਇਮੁ ਸਦਾ ਪਾਤਿਸਾਹੀ॥ ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥ ਊਹਾਂ ਗਨੀ ਬਸਹਿ ਮਾਮੂਰ॥੨॥...
ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤੁ ਹਮਾਰਾ॥੩॥੨॥...

(ਗਉੜੀ, ਰਵਿਦਾਸ, ਪੰਨਾ-345)

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਭਗਤ ਬਾਣੀ ਵਿਚਦੁਨੀਆਵੀ ਸ਼ਾਨੋ-ਸ਼ੌਕਤ ਤੇ ਰਾਜਾਸ਼ਾਹੀ ਆਦਿ ਨੂੰ ਥੋੜ੍ਹਚਿਰੀ ਤੇ ਨਾਸ਼ਵਾਨ ਦੱਸਿਆ ਹੈ ਜਦੋਂ ਕਿ ਇਸ ਤੋਂ ਕਿਤੇ ਅਸੀਮ, ਸਰਬ-ਵਿਆਪਕ ਹਰੀ ਰਾਜੇ ਦੀ ਸ਼ਕਤੀ ਨੂੰ ਗਿਣਿਆ, ਮਿਣਿਆ ਹੀ ਨਹੀਂ ਜਾ ਸਕਦਾ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਸਭ ਤੋਂ ਵੱਡਾ ਅਧਿਕਾਰੀ ਹਰੀ ਰਾਜੇ ਨੂੰ ਦੱਸਿਆ ਹੈ। ਸੋ ਭਗਤ ਬਾਣੀਕਾਰ ਦੁਨਿਆਵੀ ਰਾਜੇ, ਅਧਿਕਾਰੀਆਂ ਦੇ ਕੁਕਰਮਾਂ ਦਾ ਵਿਰੋਧ ਕਰਦੇ ਹੋਏ ਹਲੇਮੀ-ਰਾਜ, ਰਾਮ-ਰਾਜ ਦੇ ਮਹੱਤਵ ਤੇ ਉਦੇਸ਼ ਨੂੰ ਦ੍ਰਿੜਤਾ ਸਹਿਤ ਲਾਗੂ ਕਰਨ ਦਾ ਪੱਖ ਰੱਖਦੇ ਹਨ।

## ਹਵਾਲੇ ਅਤੇ ਟਿੱਪਣੀਆਂ

1 ਪ੍ਰੋ. ਸ਼ੇਰ ਸਿੰਘ, **ਗੁਰਮਤਿ ਦਰਸ਼ਨ,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2010, ਪੰਨਾ-315-316.

2 ਡਾ. ਮਨਮੋਹਨ ਸਹਿਗਲ, **ਗੁਰੂ ਗ੍ਰੰਥ ਸਾਹਿਬ : ਇਕ ਸਭਿਆਚਾਰਕ ਸਰਵੇਖਣ,** ਭਾਸ਼ਾ ਵਿਭਾਗ, ਪੰਜਾਬ, 1987, ਪੰਨਾ-407.

3 ਹਜ਼ਾਰੀ ਪ੍ਰਸਾਦ ਦਿਵੇਦੀ, **ਕਬੀਰ,** ਡਾ. ਕਰਤਾਰ ਸਿੰਘ ਸੂਰੀ (ਅਨੁ.), ਭਾਸ਼ਾ ਵਿਭਾਗ, ਪੰਜਾਬ, 1971 [ਭੂਮਿਕਾ], ਪੰਨਾ-2.

4 ਉੱਧਰਿਤ, ਡਾ. ਮਨਮੋਹਨ ਸਿੰਘ, **ਗੁਰੂ ਗ੍ਰੰਥ ਸਾਹਿਬ: ਇਕ ਸਭਿਆਚਾਰਕ ਸਰਵੇਖਣ,** ਪੰਨਾ-591-592.

5 ਸਵਾਮੀ ਕਿਸ਼ੋਰੀ ਦਾਸ ਕ੍ਰਿਸ਼ਨ ਦਾਸ, **ਸ੍ਰੀਮਦ ਭਗਵਤ ਗੀਤਾ**, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2003, ਪੰਨਾ-16-17

6 ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ ॥
ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰੁ ॥੨॥

(ਸਲੋਕ, ਕਬੀਰ, ਪੰਨਾ-1364)

7 ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ ਅਜਹੁ ਬੰਨਾਰਸੀ ਆਸ ਪਾਸਾ ॥
ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ ਤਿਨ ਤਨੈ ਰਵਿਦਾਸ ਦਾਸਾਨ ਦਾਸਾ ॥੩॥੨॥

(ਮਲਾਰ, ਰਵਿਦਾਸ, ਪੰਨਾ-1293)

8 ਹਸਤ ਖੇਲਤ ਤੇਰੇ ਦੇਹੁਰੇ ਆਇਆ ॥
ਭਗਤਿ ਕਰਤ ਨਾਮਾ ਪਕਰਿ ਉਠਾਇਆ ॥੧॥
ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥ ...

(ਭੈਰਉ, ਨਾਮਦੇਵ, ਪੰਨਾ-1164)

9 ਕਹਾ ਕਰਉ ਜਾਤੀ ਕਹ ਕਰਉ ਪਾਤੀ ॥
ਰਾਮ ਕੋ ਨਾਮੁ ਜਪਉ ਦਿਨ ਰਾਤੀ ॥੧॥ ਰਹਾਉ ॥

(ਆਸਾ, ਨਾਮਦੇਵ, ਪੰਨਾ-485)

10 ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥

(ਪ੍ਰਭਾਤੀ, ਕਬੀਰ, ਪੰਨਾ-1349)

11 ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ॥
ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ॥੩੯॥
(ਸਲੋਕ, ਕਬੀਰ, ਪੰਨਾ-1366)

12 ਰਾਮਧਾਰੀ ਸਿੰਘ ਦਿਨਕਰ, **ਸਭਿਆਚਾਰ ਦੇ ਚਾਰ ਅਧਿਆਇ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992, ਪੰਨਾ-193.

13 ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ॥
ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ॥੧॥
(ਬਿਲਾਵਲੁ, ਕਬੀਰ, ਪੰਨਾ-855)

14 ਕਬੀਰ ਜਗੁ ਕਾਜਲ ਕੀ ਕੋਠਰੀ ਅੰਧ ਪਰੇ ਤਿਸ ਮਾਹਿ॥
ਹਉ ਬਲਿਹਾਰੀ ਤਿਨ ਕਉ ਪੈਸਿ ਜੁ ਨੀਕਸਿ ਜਾਹਿ॥੨੬॥
(ਸਲੋਕ, ਕਬੀਰ, ਪੰਨਾ-1365)

15 ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ॥
ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ॥੭੯॥
(ਸਲੋਕ, ਸ਼ੇਖ ਫ਼ਰੀਦ, ਪੰਨਾ-1382)

16 ਐਸ. ਐਸ. ਅਮੋਲ, **ਭਾਰਤੀ ਸਮਾਜਕ ਸੰਸਥਾਵਾਂ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਿਤੀਹੀਣ, ਪੰਨਾ-97.

17 ਆਸਾ, ਕਬੀਰ, ਪੰਨਾ-483.

18 ਆਸਾ, ਕਬੀਰ, ਪੰਨਾ-484.

19 ਆਸਾ, ਕਬੀਰ, ਪੰਨਾ-484.

20 ਦੁਖ ਸੁਖ ਕਰਿ ਕੈ ਕੁਟੰਬੁ ਜੀਵਾਇਆ॥
ਮਰਤੀ ਬਾਰ ਇਕਸਰ ਦੁਖੁ ਪਾਇਆ॥੨॥ (ਸੂਹੀ, ਕਬੀਰ, ਪੰਨਾ-792)

21 ਹਰਿ ਬਿਨੁ ਕਉਨੁ ਸਹਾਈ ਮਨ ਕਾ॥ ਹਿਤੁ ਲਾਗੋ ਸਭ ਫਨ ਕਾ॥੧॥ਰਹਾਉ॥
ਮਾਤ ਪਿਤਾ ਭਾਈ ਸੁਤ ਬਨਿਤਾ॥... (ਸਾਰੰਗ, ਕਬੀਰ, ਪੰਨਾ-1253)

22 ਡਾ. ਜੀ.ਐਸ. ਭਟਨਾਗਰ, ਡਾ. ਬਲਦੇਵ ਸਿੰਘ ਰਹਿਲ, **ਭਾਰਤੀ ਸਮਾਜ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ-34.

23 ਸਾਹਾ ਗਣਹਿ ਨ ਕਰਹਿ ਬੀਚਾਰੁ॥
ਸਾਹੇ ਊਪਰਿ ਏਕੰਕਾਰੁ॥... (ਰਾਮਕਲੀ, ਮਹਲਾ ੧, ਪੰਨਾ-904)

24 m¼jr] Mk¡- /fjsUnjd`ekj flag] **czã.k&xzUFkksa esa izfrfcfEcr lekt ,ao laLd`fr]** isueSu ifCfy'kIZ] fnYyh] 1990] i`- 109

25 **ਸ੍ਰੀ ਮਦ ਭਗਵਤ ਪੁਰਾਨ**, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2004, ਪੰਨਾ-8.

26 ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ॥
ਰਾਮ ਬਡੇ ਮੈ ਤਨਕ ਲਹੁਰੀਆ॥੧॥ ਰਹਾਉ॥ (ਆਸਾ, ਕਬੀਰ, ਪੰਨਾ-483)

27 ਉੱਧਿਰਤ, ਹਰਬੰਸ ਸਿੰਘ ਚਾਵਲਾ, **ਗੁਰੂ ਗ੍ਰੰਥ ਬਾਣੀ ਵਿਚ ਸਮਕਾਲੀ ਸਮਾਜਕ ਚਿੱਤਰ,** ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ, ਨਵੀਂ ਦਿੱਲੀ, 1990, ਪੰਨਾ-273.

28 ਸਿੰਘ ਸਾਹਿਬ ਗਿ. ਮਨੀ ਸਿੰਘ, **ਸਿਧਾਂਤਕ ਸਟੀਕ ਸ੍ਰੀ ਗੁਰੂ ਗ੍ਰੰਥ ਸਾਹਿਬ,** (ਅੱਠਵੀਂ ਸੈਂਚੀ), ਗੁਰਬਾਣੀ ਸਟੱਡੀ ਸੁਸਾਇਟੀ, ਕੈਨੇਡਾ, 1994, ਪੰਨਾ-493.

29 ਪੇਈਅੜੈ ਸਹੁ ਸੇਵਿ ਤੂੰ ਸਾਹੁਰੜੈ ਸੁਖਿ ਵਸੁ॥...
ਸਭਨਾ ਸਾਹੁਰੈ ਵੰਞਣਾ ਸਭਿ ਮੁਕਲਾਵਣਹਾਰ॥
ਨਾਨਕ ਧੰਨੁ ਸੋਹਾਗਣੀ ਜਿਨ ਸਹ ਨਾਲਿ ਪਿਆਰੁ॥੪॥੨੩॥੯੩॥
(ਸਿਰੀਰਾਗ, ਮਹਲਾ 5, ਪੰਨਾ-50-51)

30 ਹੋਰਿ ਮਨਮੁਖ ਦਾਜੁ ਜਿ ਰਾਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ॥...
(ਸਿਰੀਰਾਗੁ, ਮਹਲਾ 4, ਪੰਨਾ-79)

31 ਜਿਉ ਜਨਨੀ ਗਰਭੁ ਪਾਲਤੀ ਸੁਤ ਕੀ ਕਰਿ ਆਸਾ॥
ਵਡਾ ਹੋਇ ਧਨੁ ਖਾਟਿ ਦੇਇ ਕਰਿ ਭੋਗ ਬਿਲਾਸਾ॥
(ਗਉੜੀ, ਮਹਲਾ 4, ਪੰਨਾ-165)

32 ਜਨਨੀ ਜਾਨਤ ਸੁਤੁ ਬਡਾ ਹੋਤੁ ਹੈ ਇਤਨਾ ਕੁ ਨ ਜਾਨੈ ਕਿ ਦਿਨ ਦਿਨ ਅਵਧ ਘਟਤੁ ਹੈ॥
ਮੋਰ ਮੋਰ ਕਰਿ ਅਧਿਕ ਲਾਡੁ ਧਰਿ ਪੇਖਤ ਹੀ ਜਮਰਾਉ ਹਸੈ॥੧॥
(ਸਿਰੀਰਾਗੁ, ਕਬੀਰ, ਪੰਨਾ-91-92)

33 ਬੂਡਾ ਬੰਸੁ ਕਬੀਰ ਕਾ ਉਪਜਿਓ ਪੂਤੁ ਕਮਾਲੁ॥
ਹਰਿ ਕਾ ਸਿਮਰਨੁ ਛਾਡਿ ਕੈ ਘਰਿ ਲੇ ਆਯਾ ਮਾਲੁ॥੧੧੫॥
(ਸਲੋਕ, ਕਬੀਰ, ਪੰਨਾ-1370)

34 ਕਬੀਰ ਸੋਈ ਕੁਲ ਭਲੀ ਜਾ ਕੁਲ ਹਰਿ ਕੋ ਦਾਸੁ॥

ਜਿਹ ਕੁਲ ਦਾਸੁ ਨ ਊਪਜੈ ਸੋ ਕੁਲ ਢਾਕੁ ਪਲਾਸੁ॥੧੧੧॥

(ਸਲੋਕ, ਕਬੀਰ, ਪੰਨਾ-1370)

35 ਖਸਮੁ ਮਰੈ ਤਉ ਨਾਰਿ ਨ ਰੋਵੈ॥ ਉਸੁ ਰਖਵਾਰਾ ਅਉਰੋ ਹੋਵੈ॥...
ਏਕ ਸੁਹਾਗਨਿ ਜਗਤ ਪਿਆਰੀ॥ ਸਗਲੇ ਜੀਅ ਜੰਤ ਕੀ ਨਾਰੀ॥੧॥ਰਹਾਉ॥

(ਗੋਂਡ, ਕਬੀਰ, ਪੰਨਾ-871-872)

36 ਖਸਮ ਦੁਹਾਗਨਿ ਤਜਿ ਅਉਹੇਰੀ॥... (ਗੋਂਡ, ਕਬੀਰ, ਪੰਨਾ-872)

37 ਸਾਹੁਰੈ ਢੋਈ ਨ ਲਹੈ ਪੇਈਐ ਨਾਹੀ ਥਾਉ॥
ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ॥੩੧॥ (ਸਲੋਕ, ਸ਼ੇਖ ਫ਼ਰੀਦ, ਪੰਨਾ 1379)

38 ਘਰ ਕੀ ਨਾਰਿ ਤਿਆਗੈ ਅੰਧਾ॥
ਪਰ ਨਾਰੀ ਸਿਉ ਘਾਲੈ ਧੰਧਾ॥ (ਭੈਰਉ, ਨਾਮਦੇਵ, ਪੰਨਾ-1165)

39 ਜਿਉ ਬੇਸ੍ਵਾ ਕੇ ਪਰੈ ਅਖਾਰਾ॥ ਕਾਪਰੁ ਪਹਿਰਿ ਕਰਹਿ ਸੀਗਾਰਾ॥
ਪੂਰੇ ਤਾਲ ਨਿਹਾਲੇ ਸਾਸ॥ ਵਾ ਕੇ ਗਲੇ ਜਮ ਕਾ ਹੈ ਫਾਸ॥੩॥

(ਭੈਰਉ, ਨਾਮਦੇਵ, ਪੰਨਾ-1165)

40 ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼,** ਭਾਸ਼ਾ ਵਿਭਾਗ, ਪੰਜਾਬ, 1999, ਪੰਨਾ-223.

41 ਡਾ. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵਕੋਸ਼** (ਭਾਗ ਪਹਿਲਾ) ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ-219.

42 ਕਹਿ ਕਬੀਰ ਮਦਨ ਕੇ ਮਾਤੇ ਹਿਰਦੈ ਦੇਖੁ ਬੀਚਾਰੀ॥
ਤੁਮ ਘਰਿ ਲਾਖ ਕੋਟਿ ਅਸ੍ਵ ਹਸਤੀ ਹਮ ਘਰਿ ਏਕ ਮੁਰਾਰੀ॥੪॥੧॥

(ਗਉੜੀ, ਕਬੀਰ, ਪੰਨਾ-336)

43 ਮੰਦਰਿ ਸੋਵਹਿ ਪਟੰਬਰ ਤਾਨਿ॥ ਸੇਜ ਸੁਖਾਲੀ ਬਿਗਸੈ ਜੀਉ॥
ਸੋ ਸਿਮਰਨੁ ਤੂ ਅਨਦਿਨੁ ਪੀਉ॥੫॥ (ਰਾਮਕਲੀ, ਕਬੀਰ, ਪੰਨਾ-971)

44 ਜਿਹ ਸਿਰਿ ਰਚਿ ਰਚਿ ਬਾਧਤ ਪਾਗ॥
ਸੋ ਸਿਰੁ ਚੁੰਚ ਸਵਾਰਹਿ ਕਾਗ॥੧॥ (ਗਉੜੀ, ਕਬੀਰ, ਪੰਨਾ-330)

45 ਟੇਡੀ ਪਾਗ ਟੇਢੇ ਚਲੇ ਲਾਗੇ ਬੀਰੇ ਖਾਨ॥
ਭਾਉ ਭਗਤਿ ਸਿਉ ਕਾਜੁ ਨ ਕਛੂਐ ਮੇਰੋ ਕਾਮੁ ਦੀਵਾਨ॥੧॥...
ਕਨਿਕ ਕਾਮਨੀ ਮਹਾ ਸੁੰਦਰੀ ਪੇਖਿ ਪੇਖਿ ਸਚੁ ਮਾਨਿ॥੧॥ਰਹਾਉ॥

(ਕੇਦਾਰਾ, ਕਬੀਰ, ਪੰਨਾ-1124)

46 ਕਬੀਰ ਕੰਚਨ ਕੇ ਕੁੰਡਲ ਬਨੇ ਊਪਰਿ ਲਾਲ ਜੜਾਉ॥
ਦੀਸਹਿ ਦਾਧੇ ਕਾਨ ਜਿਉ ਜਿਨ੍ ਮਨਿ ਨਾਹੀ ਨਾਉ॥੪॥

(ਆਸਾ ਕਬੀਰ, ਪੰਨਾ-1364)

47 ਊਚੇ ਮੰਦਰ ਸਾਲ ਰਸੋਈ॥
ਏਕ ਘਰੀ ਫੁਨਿ ਰਹਨੁ ਨ ਹੋਈ॥੧॥... (ਸੂਹੀ, ਰਵਿਦਾਸ, ਪੰਨਾ-794)

48 ਕਬਹੂ ਖੀਰਿ ਖਾਡ ਘੀਉ ਨ ਭਾਵੈ॥
ਕਬਹੂ ਘਰ ਘਰ ਟੂਕ ਮਗਾਵੈ॥ (ਭੈਰਉ, ਨਾਮਦੇਵ, ਪੰਨਾ-1164)

49 ਕਬਹੂ ਖੀਰਿ ਖਾਡ ਘੀਉ ਨ ਭਾਵੈ॥...

(ਭੈਰਉ, ਨਾਮਦੇਵ, ਪੰਨਾ-1164)

50 ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ॥
ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ॥੧੮੮॥

(ਸਲੋਕ, ਕਬੀਰ, ਪੰਨਾ-1374)

51 ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥੨੭॥

(ਸਲੋਕ, ਸ਼ੇਖ ਫ਼ਰੀਦ, ਪੰਨਾ-1379)

52 ਨੀਂਬੁ ਭਇਓ ਆਂਬੁ ਆਂਬੁ ਭਇਓ ਨੀਂਬਾ ਕੇਲਾ ਪਾਕਾ ਝਾਰਿ॥
ਨਾਲੀਏਰ ਫਲੁ ਸੇਬਰਿ ਪਾਕਾ ਮੂਰਖ ਮੁਗਧ ਗਵਾਰ॥੧॥

(ਰਾਮਕਲੀ, ਕਬੀਰ, ਪੰਨਾ-972)

53 ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ॥
ਉਹ ਝੂਲੇ ਉਹ ਚੀਰੀਐ ਸਾਕਤ ਸੰਗੁ ਨ ਹੇਰਿ॥੮੮॥

(ਸਲੋਕ, ਕਬੀਰ, ਪੰਨਾ-1369)

54 ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥
ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥੨੩॥

(ਸਲੋਕ, ਸ਼ੇਖ ਫ਼ਰੀਦ, ਪੰਨਾ-1379)

55 ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨਿ੍॥
ਜੋ ਜੋ ਵੰਞੈਂ ਡੀਹੜਾ ਸੋ ਉਮਰ ਹਥ ਪਵੰਨਿ॥੮੯॥

(ਸਲੋਕ, ਸ਼ੇਖ ਫ਼ਰੀਦ, ਪੰਨਾ-1382)

56 ਕਬੀਰ ਮੁਕਤਿ ਦੁਆਰਾ ਸੰਕੁਰਾ ਰਾਈ ਦਸਏਂ ਭਾਇ॥...

(ਸਲੋਕ, ਕਬੀਰ, ਪੰਨਾ-1367)

57 ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ॥
ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨਿ॥੧੭॥

(ਸਲੋਕ, ਕਬੀਰ, ਪੰਨਾ-1365)

58 ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ॥
ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ॥੩੩॥

(ਸਲੋਕ, ਸ਼ੇਖ ਫ਼ਰੀਦ, ਪੰਨਾਂ-1379)

59 ਕਬੀਰ ਜਉ ਤੁਹਿ ਸਾਧ ਪਿਰੰਮ ਕੀ ਪਾਕੇ ਸੇਤੀ ਖੇਲੁ॥
ਕਾਚੀ ਸਰਸਉਂ ਪੇਲਿ ਕੈ ਨਾ ਖਲਿ ਭਈ ਨ ਤੇਲੁ॥੨੪੦॥

(ਸਲੋਕ, ਕਬੀਰ, ਪੰਨਾ-1377)

60 ਲਉਕੀ ਅਠਸਠਿ ਤੀਰਥ ਨ੍ਹਾਈ॥ ਕਉਰਾਪਨੁ ਤਊ ਨ ਜਾਈ॥੨॥

(ਸੋਰਠਿ, ਕਬੀਰ, ਪੰਨਾ-656)

61 ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥
ਫਰੀਦਾ ਦੇਖਿ ਪਰਾਈ ਚੋਪੜੀ ਨ ਤਰਸਾਏ ਜੀਉ॥੨੯॥

(ਸਲੋਕ, ਸ਼ੇਖ ਫ਼ਰੀਦ, ਪੰਨਾ-1379)

62 ਕਬੀਰ ਰਸ ਕੋ ਗਾਂਡੋ ਚਸੂਈਐ ਗੁਨ ਕਉ ਮਰੀਐ ਰੋਇ॥
ਅਵਗੁਨੀਆਰੇ ਮਾਨਸੈ ਭਲੋ ਨ ਕਹਿਹੈ ਕੋਇ॥੭੨॥

(ਸਲੋਕ, ਕਬੀਰ, ਪੰਨਾ-1368)

63 ਕਬੀਰ ਮਾਇਆ ਡੋਲਨੀ ਪਵਨੁ ਝਕੋਲਨਹਾਰੁ॥
ਸੰਤਹੁ ਮਾਖਨੁ ਖਾਇਆ ਛਾਛਿ ਪੀਐ ਸੰਸਾਰੁ॥੧੯॥

(ਸਲੋਕ, ਕਬੀਰ, ਪੰਨਾ-1365)

64 ਅਲਉਤੀ ਕਾ ਜੈਸੇ ਭਇਆ ਬਰੇਡਾ ਜਿਨਿ ਪੀਆ ਤਿਨਿ ਜਾਨਿਆ॥੨॥...

(ਗਉੜੀ, ਕਬੀਰ, ਪੰਨਾ-333)

65 ਜੈਸੀ ਭੂਖੈ ਪ੍ਰੀਤਿ ਅਨਾਜ॥... (ਭੈਰਉ, ਨਾਮਦੇਵ, ਪੰਨਾ-1164)

66 ਕਾਹੂ ਗਰੀ ਗੋਦਰੀ ਨਾਹੀ ਕਾਹੂ ਖਾਨ ਪਰਾਰਾ॥੧॥ (ਆਸਾ, ਕਬੀਰ, ਪੰਨਾ-479)

67 ਕਬਹੂ ਖੀਰਿ ਖਾਡ ਘੀਉ ਨ ਭਾਵੈ॥ ਕਬਹੂ ਘਰ ਘਰ ਟੂਕ ਮਗਾਵੈ॥

ਕਬਹੂ ਕੂਰਨੁ ਚਨੇ ਬਿਨਾਵੈ॥੧॥ (ਭੈਰਉ, ਨਾਮਦੇਵ, ਪੰਨਾ–1164)

68 ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ॥
ਬਸੁਧਾ ਖੋਦਿ ਕਰਹਿ ਦੁਇ ਚੂਲ੍ਹੇ ਸਾਰੇ ਮਾਣਸ ਖਾਣਹਿ॥੨॥... (ਆਸਾ, ਕਬੀਰ, ਪੰਨਾ–476)

69 ਆਪਨ ਊਚ ਨੀਚ ਘਰਿ ਭੋਜਨੁ ਹਠੇ ਕਰਮ ਕਰਿ ਉਦਰੁ ਭਰਹਿ॥
ਚਉਦਸ ਅਮਾਵਸ ਰਚਿ ਰਚਿ ਮਾਂਗਹਿ ਕਰ ਦੀਪਕੁ ਲੈ ਕੂਪਿ ਪਰਹਿ॥੨॥

(ਰਾਮਕਲੀ,ਕਬੀਰ, ਪੰਨਾ–970)

70 ਰੋਜਾ ਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ॥
ਆਪਾ ਦੇਖਿ ਅਵਰ ਨਹੀ ਦੇਖੈ ਕਾਹੇ ਕਉ ਝਖ ਮਾਰੈ॥੧॥

(ਆਸਾ, ਕਬੀਰ, ਪੰਨਾ–483)

71 ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਰਹੁ ਕਤ ਭਾਈ॥
ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਰਹੁ ਕਸਾਈ॥੨॥

(ਮਾਰੂ, ਕਬੀਰ, ਪੰਨਾ–1103)

72 ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ॥
ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ॥੧੮੮॥

(ਸਲੋਕ, ਕਬੀਰ, ਪੰਨਾ–1374)

73 ਜੋਗੀ ਜਤੀ ਤਪੀ ਸੰਨਿਆਸੀ ਬਹੁ ਤੀਰਥ ਭ੍ਰਮਨਾ॥
ਲੁੰਜਿਤ ਮੁੰਜਿਤ ਮੋਨਿ ਜਟਾਧਰ ਅੰਤਿ ਤਊ ਮਰਨਾ॥੧॥

(ਆਸਾ, ਕਬੀਰ, ਪੰਨਾ–476)

74 ਨਗਨ ਫਿਰਤ ਜੌ ਪਾਈਐ ਜੋਗੁ॥ ਬਨ ਕਾ ਮਿਰਗੁ ਮੁਕਤਿ ਸਭੁ ਹੋਗੁ॥੧॥
ਕਿਆ ਨਾਗੇ ਕਿਆ ਬਾਧੇ ਚਾਮ॥ ਜਬ ਨਹੀ ਚੀਨਸਿ ਆਤਮਰਾਮ॥੧॥ਰਹਾਉ॥

(ਗਉੜੀ, ਕਬੀਰ, ਪੰਨਾ–324)

75 ਬਿਪਲ ਬਸਤ੍ਰ ਕੇਤੇ ਪਹਿਰੇ ਕਿਆ ਬਨ ਮਧੇ ਬਾਸਾ॥...

(ਗਉੜੀ, ਕਬੀਰ, ਪੰਨਾ–338)

76 ਬਟੂਆ ਏਕੁ ਬਹਤਰਿ ਆਧਾਰੀ ਏਕੋ ਜਿਸਹਿ ਦੁਆਰਾ॥
ਨਵੈ ਖੰਡ ਪ੍ਰਿਥਮੀ ਮਾਗੈ ਸੋ ਜੋਗੀ ਜਗਿ ਸਾਰਾ॥੧॥...
ਖਿੰਥਾ ਗਿਆਨ ਧਿਆਨ ਕਰਿ ਸੂਈ ਸਬਦੁ ਤਾਗਾ ਮਥਿ ਘਾਲੈ॥
ਪੰਚ ਤਤੁ ਕੀ ਕਰਿ ਮਿਰਗਾਣੀ ਗੁਰ ਕੈ ਮਾਰਗਿ ਚਾਲੈ॥੨॥...

(ਆਸਾ, ਕਬੀਰ, ਪੰਨਾ–477)

77 ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ॥
ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ॥੫੦॥

(ਸਲੋਕ, ਸ਼ੇਖ ਫ਼ਰੀਦ, ਪੰਨਾ-1380)

78 ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼,** ਪੰਨਾ-69.

79 ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ॥

(ਆਸਾ, ਕਬੀਰ, ਪੰਨਾ-484)

80 ਛੋਡਹਿ ਅੰਨੁ ਕਰਹਿ ਪਾਖੰਡ॥ ਨਾ ਸੋਹਾਗਨਿ ਨਾ ਓਹਿ ਰੰਡ॥...

(ਗੋਂਡ, ਕਬੀਰ, ਪੰਨਾ-873)

81 ਕਾਇਆ ਕਲਾਲਨਿ ਲਾਹਨਿ ਮੇਲਉ ਗੁਰ ਕਾ ਸਬਦੁ ਗੁੜੁ ਕੀਨ ਰੇ॥
ਤ੍ਰਿਸਨਾ ਕਾਮੁ ਕ੍ਰੋਧੁ ਮਦ ਮਤਸਰ ਕਾਟਿ ਕਾਟਿ ਕਸੁ ਦੀਨੁ ਰੇ॥੧॥...
ਭਵਨ ਚਤੁਰ ਦਸ ਭਾਠੀ ਕੀਨ੍ਹੀ ਬ੍ਰਹਮ ਅਗਨਿ ਤਨਿ ਜਾਰੀ ਰੇ॥
ਮੁਦ੍ਰਾ ਮਦਕ ਸਹਜ ਧੁਨਿ ਲਾਗੀ ਸੁਖਮਨ ਪੋਚਨਹਾਰੀ ਰੇ॥੨॥

(ਰਾਮਕਲੀ, ਕਬੀਰ, ਪੰਨਾ-968-969)

82 ਜਪੀਐ ਨਾਮੁ ਅੰਨ ਕੈ ਸਾਦਿ॥੧॥ ਰਹਾਉ॥
ਜਪੀਐ ਨਾਮੁ ਜਪੀਐ ਅੰਨੁ॥ ਅੰਭੈ ਕੈ ਸੰਗਿ ਨੀਕਾ ਵੰਨੁ॥

(ਗੋਂਡ, ਕਬੀਰ, ਪੰਨਾ-873)

83 ਕਬੀਰ ਸਾਧੂ ਕੀ ਸੰਗਤਿ ਰਹਉ ਜਉ ਕੀ ਭੂਸੀ ਖਾਉ॥
ਹੋਨਹਾਰੁ ਸੋ ਹੋਇਹੈ ਸਾਕਤ ਸੰਗਿ ਨਾ ਜਾਉ॥੯੯॥

(ਸਲੋਕ, ਕਬੀਰ, ਪੰਨਾ-1369)

84 ਕੀਓ ਸਿੰਗਾਰੁ ਮਿਲਣ ਕੇ ਤਾਈ॥
ਹਰਿ ਨ ਮਿਲੇ ਜਗਜੀਵਨ ਗੁਸਾਈ॥੧॥ (ਆਸਾ, ਕਬੀਰ, ਪੰਨਾ-483)

85 ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ॥
ਲਾਲ ਨਿਹਾਲੀ ਫੂਲ ਗੁਲਾਲਾ॥ ਬਿਨੁ ਜਗਦੀਸ ਕਹਾ ਸੁਖੁ ਭਾਲਾ॥੨॥

(ਗਉੜੀ, ਮਹਲਾ ੧, ਪੰਨਾ-225)

86 ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥
ਕਨਕ ਕਟਿਕ ਜਲ ਤਰੰਗ ਜੈਸਾ॥੧॥ (ਸਿਰੀਰਾਗ, ਰਵਿਦਾਸ, ਪੰਨਾ-93)

87 ਕਬੀਰ ਕੰਚਨ ਕੇ ਕੁੰਡਲ ਬਨੇ ਊਪਰਿ ਲਾਲ ਜੜਾਉ॥...

(ਸਲੋਕ, ਕਬੀਰ, ਪੰਨਾ-1364)

88 ਕਾਹੂ ਮਹਿ ਮੋਤੀ ਮੁਕਤਾਹਲ ਕਾਹੂ ਬਿਆਧਿ ਲਗਾਈ॥...

(ਆਸਾ, ਕਬੀਰ, ਪੰਨਾ-479)

89 ਸੋਹਾਗਨਿ ਗਲਿ ਸੋਹੈ ਹਾਰੁ॥... (ਗੋਂਡ, ਕਬੀਰ, ਪੰਨਾ-871)

90 ਸੋਹਾਗਨਿ ਹੈ ਅਤਿ ਸੁੰਦਰੀ॥ ਪਗ ਨੇਵਰ ਛਨਕ ਛਨਹਰੀ॥...

(ਗੋਂਡ, ਕਬੀਰ, ਪੰਨਾ-872)

91 ਚੋਆ ਚੰਦਨੁ ਮਰਦਨ ਅੰਗਾ॥ ਸੋ ਤਨੁ ਜਲੈ ਕਾਠ ਕੈ ਸੰਗਾ॥੩॥

(ਗਉੜੀ, ਕਬੀਰ, ਪੰਨਾ-325)

92 ਘਸਿ ਕੁੰਕਮ ਚੰਦਨੁ ਗਾਰਿਆ॥... (ਸੋਰਠਿ, ਕਬੀਰ, ਪੰਨਾ-655)

93 ਫਰੀਦਾ ਜਿਨ੍ ਲੋਇਣ ਜਗੁ ਮੋਹਿਆ ਸੀ ਲੋਇਣ ਮੈ ਡਿਠੁ॥
ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ॥੧੪॥

(ਸਲੋਕ, ਸ਼ੇਖ ਫਰੀਦ, ਪੰਨਾ-1378)

94 ਐਸੋ ਰਾਮ ਰਾਇ ਅੰਤਰਜਾਮੀ॥
ਜੈਸੇ ਦਰਪਨ ਮਾਹਿ ਬਦਨ ਪਰਵਾਨੀ॥੧॥ ਰਹਾਉ॥ (ਕਾਨੜਾ, ਨਾਮਦੇਵ, ਪੰਨਾ-1318)

95 ਕਬੀਰ ਮਹਿਦੀ ਕਰਿ ਘਾਲਿਆ ਆਪੁ ਪੀਸਾਇ ਪੀਸਾਇ॥
ਤੈ ਸਹ ਬਾਤ ਨ ਪੂਛੀਐ ਕਬਹੁ ਨ ਲਾਈ ਪਾਇ॥੬੫॥

(ਸਲੋਕ, ਕਬੀਰ, ਪੰਨਾ-1367)

96 ਬਤੀਹ ਸੁਲਖਣੀ ਸਚੁ ਸੰਤਤਿ ਪੂਤ॥ ਆਗਿਆਕਾਰੀ ਸੁਘੜ ਸਰੂਪ॥
ਇਛ ਪੂਰੇ ਮਨ ਕੰਤ ਸੁਆਮੀ॥ (ਆਸਾ, ਮਹਲਾ ੫, ਪੰਨਾ-371)

97 ਹੀਰਾ ਲਾਲੁ ਅਮੋਲੁ ਜਨਮ ਹੈ ਕਉਡੀ ਬਦਲੈ ਹਾਰਿਓ ਰੇ॥੧॥ ਰਹਾਉ॥

(ਗਉੜੀ, ਕਬੀਰ, ਪੰਨਾ-335)

98 ਨਾਦ ਭ੍ਰਮੇ ਜੈਸੇ ਮਿਰਗਾਏ॥ ਐਸੇ ਰਾਮਾ ਐਸੇ ਹੇਰਉ॥...
ਜਿਉ ਮੀਨਾ ਹੇਰੈ ਪਸੂਆਰਾ॥ (ਗੋਂਡ, ਨਾਮਦੇਵ, ਪੰਨਾ-873)

99 ਕਾਮ ਸੁਆਇ ਗਜ ਬਸਿ ਪਰੇ ਮਨ ਬਉਰਾ ਰੇ ਅੰਕੁਸੁ ਸਹਿਓ ਸੀਸ॥੧॥...
ਮਰਕਟ ਮੁਸਟੀ ਅਨਾਜ ਕੀ ਮਨ ਬਉਰਾ ਰੇ ਲੀਨੀ ਹਾਥੁ ਪਸਾਰਿ॥
ਛੂਟਨ ਕੋ ਸਹਸਾ ਪਰਿਆ ਮਨ ਬਉਰਾ ਰੇ ਨਾਚਿਓ ਘਰ ਘਰ ਬਾਰਿ॥੨॥
ਜਿਉ ਨਲਨੀ ਸੂਅਟਾ ਗਹਿਓ ਮਨ ਬਉਰਾ ਰੇ ਮਾਯਾ ਇਹੁ ਬਿਉਹਾਰ॥...

(ਗਉੜੀ, ਕਬੀਰ, ਪੰਨਾ-335)

100 ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥

ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥੧॥

(ਆਸਾ, ਰਵਿਦਾਸ, ਪੰਨਾ-486)

101 ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼,** ਪੰਨਾ-450.

102 ਉਹੀ, ਪੰਨਾ-730.

103 ਹੁਕਮੈ ਬੂਝੈ ਚਉਪੜਿ ਖੇਲੈ ਮਨੁ ਜਿਣਿ ਢਾਲੇ ਪਾਸਾ॥੩॥...

(ਸੂਹੀ, ਕਬੀਰ, ਪੰਨਾ-793)

104 ਕਹਿ ਰਵਿਦਾਸ ਬਾਜੀ ਜਗੁ ਭਾਈ॥
ਬਾਜੀਗਰ ਸਉ ਮੋਹਿ ਪ੍ਰੀਤਿ ਬਨਿ ਆਈ॥੩॥੬॥

(ਆਸਾ, ਰਵਿਦਾਸ, ਪੰਨਾ-487)

105 ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼**, ਪੰਨਾ-1026

106 ਵਾਹੁ ਵਾਹੁ ਕਿਆ ਖੂਬੁ ਗਾਵਤਾ ਹੈ॥
ਹਰਿ ਕਾ ਨਾਮੁ ਮੇਰੈ ਮਨਿ ਭਾਵਤਾ ਹੈ॥੧॥ (ਆਸਾ, ਕਬੀਰ, ਪੰਨਾ-478)

107 ਫੀਲੁ ਰਬਾਬੀ ਬਲਦੁ ਪਖਾਵਜ ਕਊਆ ਤਾਲ ਬਜਾਵੈ॥
ਪਹਿਰਿ ਚੋਲਨਾ ਗਦਹਾ ਨਾਚੈ ਭੈਸਾ ਭਗਤਿ ਕਰਾਵੈ॥੧॥ਰਹਾਉ॥

(ਆਸਾ, ਕਬੀਰ, ਪੰਨਾ-477)

108 ਨਾਚਨੁ ਸੋਇ ਜੁ ਮਨ ਸਿਉ ਨਾਚੈ॥ ਝੂਠ ਨ ਪਤੀਐ ਪਰਚੈ ਸਾਚੈ॥
ਇਸੁ ਮਨ ਆਗੇ ਪੂਰੈ ਤਾਲ॥ ਇਸੁ ਨਾਚਨ ਕੇ ਮਨ ਰਖਵਾਲ॥੨॥

(ਗੋਂਡ, ਕਬੀਰ, ਪੰਨਾ-872)

109 ਧੋਤੀ ਊਜਲ ਤਿਲਕੁ ਗਲਿ ਮਾਲਾ॥
ਅੰਤਰਿ ਕ੍ਰੋਧੁ ਪੜਹਿ ਨਾਟ ਸਾਲਾ॥ (ਬਿਲਾਵਲੁ, ਮਾਲਾ ੧, ਪੰਨਾ-832)

110 ਜਾਂ ਚੈ ਘਰਿ ਗਣ ਗੰਧਰਬ ਰਿਖੀ ਬਪੁੜੇ, ਢਾਢੀਆ ਗਾਵੰਤ ਆਛੈ॥
ਸਰਬ ਸਾਸਤ੍ਰ ਬਹੁ ਰੂਪੀਆ ਅਨਗਰੂਆ ਆਖਾੜਾ ਮੰਡਲੀਕ ਬੋਲ ਬੋਲਹਿ ਕਾਛੇ॥

(ਮਲਾਰ, ਨਾਮਦੇਵ, ਪੰਨਾ-1292)

111 ਕਉਡਾ ਡਾਰਤ ਹਿਰੈ ਜੁਆਰੀ॥
ਜਹ ਜਹ ਦੇਖਉ ਤਹ ਤਹ ਰਾਮਾ॥... (ਗੋਂਡ, ਨਾਮਦੇਵ, ਪੰਨਾ-873)

112 ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ॥
ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ॥੧੬੫॥

(ਸਲੋਕ, ਕਬੀਰ, ਪੰਨਾ-1373)

113 ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ॥
ਗਲੀ ਜਿਨ੍ਹਾ ਜਪਮਾਲੀਆ ਲੋਟੈ ਹਥਿ ਨਿਬਗ॥... (ਆਸਾ, ਕਬੀਰ, ਪੰਨਾ-475)

114 ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ॥
ਬਸੁਧਾ ਖੋਦਿ ਕਰਹਿ ਦੁਇ ਚੂਲੇ ਸਾਰੇ ਮਾਣਸ ਖਾਵਹਿ॥...
(ਆਸਾ, ਕਬੀਰ, ਪੰਨਾ-476)

115 ਕਬੀਰ ਠਾਕੁਰੁ ਪੂਜਹਿ ਮੋਲਿ ਲੇ ਮਨਹਠਿ ਤੀਰਥ ਜਾਹਿ॥
ਦੇਖਾ ਦੇਖੀ ਸ੍ਵਾਂਗੁ ਧਰਿ ਭੂਲੇ ਭਟਕਾ ਖਾਹਿ॥੧੩੫॥
(ਸਲੋਕ, ਕਬੀਰ, ਪੰਨਾ-1371)

116 ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ॥
ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ॥੧॥
(ਆਸਾ, ਕਬੀਰ, ਪੰਨਾ-479)

117 ਆਨੀਲੇ ਦੂਧੁ ਰੀਧਾਈਲੇ ਖੀਰੰ ਠਾਕੁਰ ਕਉ ਨੈਵੇਦੁ ਕਰਉ॥
ਪਹਿਲੇ ਦੂਧੁ ਬਿਟਾਰਿਓ ਬਛਰੈ ਬੀਠਲੁ ਭੈਲਾ ਕਾਇ ਕਰਉ॥੩॥
(ਆਸਾ, ਨਾਮਦੇਵ, ਪੰਨਾ-485)

118 ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ॥
ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ॥੪॥
(ਆਸਾ, ਕਬੀਰ, ਪੰਨਾ-479)

119 ਏਕੈ ਪਾਥਰ ਕੀਜੈ ਭਾਉ॥ ਦੂਜੈ ਪਾਥਰ ਧਰੀਐ ਪਾਉ॥
ਜੇ ਓਹੁ ਦੇਉ ਤ ਓਹੁ ਭੀ ਦੇਵਾ॥
ਕਹਿ ਨਾਮਦੇਉ ਹਮ ਹਰਿ ਕੀ ਸੇਵਾ॥੪॥੧॥
(ਗੂਜਰੀ, ਨਾਮਦੇਵ, ਪੰਨਾ-525)

120 ਕਬੀਰ ਪਾਹਨੁ ਪਰਮੇਸੁਰੁ ਕੀਆ ਪੂਜੈ ਸਭੁ ਸੰਸਾਰੁ॥
ਇਸ ਭਰਵਾਸੇ ਜੋ ਰਹੇ ਬੂਡੇ ਕਾਲੀ ਧਾਰ॥੧੩੬
(ਸਲੋਕ, ਕਬੀਰ, ਪੰਨਾ-1371)

121 ਭੈਰਉ ਭੂਤ ਸੀਤਲਾ ਧਾਵੈ॥ ਖਰ ਬਾਹਨੁ ਉਹੁ ਛਾਰੁ ਉਡਾਵੈ॥੧॥...
ਸਿਵ ਸਿਵ ਕਰਤੇ ਜੋ ਨਰੁ ਧਿਆਵੈ॥ ਬਰਦ ਚਢੇ ਡਉਰੂ ਢਮਕਾਵੈ॥੨॥
ਮਹਾ ਮਾਈ ਕੀ ਪੂਜਾ ਕਰੈ॥ ਨਰ ਸੈ ਨਾਰਿ ਹੋਇ ਅਉਤਰੈ॥੩॥
(ਗੋਂਡ, ਨਾਮਦੇਵ, ਪੰਨਾ-874)

122 ਗਉੜੀ, ਮਹਲਾ 1, ਪੰਨਾ-223.

123 ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ॥
ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ॥੧॥

(ਧਨਾਸਰੀ, ਰਵਿਦਾਸ, ਪੰਨਾ-694)

124 ਗਇਆ ਪਿੰਡੁ ਭਰਤਾ॥ ਬਨਾਰਸਿ ਅਸਿ ਬਸਤਾ॥...

(ਗੋਂਡ, ਨਾਮਦੇਵ, ਪੰਨਾ-873)

125 ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨ੍ਹਾਈਐ ਗੋਮਤੀ ਸਹਸ ਗਊ ਦਾਨੁ ਕੀਜੈ॥

(ਰਾਮਕਲੀ, ਨਾਮਦੇਵ, ਪੰਨਾ-973)

126 ਰਿਦੈ ਕਪਟੁ ਮੁਖ ਗਿਆਨੀ॥ ਝੂਠੇ ਕਹਾ ਬਿਲੋਵਸਿ ਪਾਨੀ॥੧॥
ਕਾਂਇਆ ਮਾਂਜਸਿ ਕਉਨ ਗੁਨਾਂ॥ ਜਉ ਘਰ ਭੀਤਰਿ ਹੈ ਮਲਨਾਂ॥੧॥ਰਹਾਉ॥

(ਸੋਰਠਿ, ਕਬੀਰ, ਪੰਨਾ-656)

127 ਬ੍ਰਹਮਣ ਗਿਆਸ ਕਰਹਿ ਚਉਬੀਸਾ ਕਾਜੀ ਮਹ ਰਮਜਾਨਾ॥...

(ਪ੍ਰਭਾਤੀ, ਕਬੀਰ, ਪੰਨਾ-1349)

128 ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਅਹੋਈ ਰਾਖੈ ਨਾਰਿ॥
ਗਦਹੀ ਹੋਇ ਕੈ ਅਉਤਰੈ ਭਾਰੁ ਸਹੈ ਮਨ ਚਾਰਿ॥੧੦੮॥

(ਸਲੋਕ, ਕਬੀਰ, ਪੰਨਾ-1370)

129 ਭਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼,** ਪੰਨਾ-169.

130 ਕਿਆ ਪੜੀਐ ਕਿਆ ਗੁਨੀਐ॥ ਕਿਆ ਬੇਦ ਪੁਰਾਨਾਂ ਸੁਨੀਐ॥
ਪੜੇ ਸੁਨੇ ਕਿਆ ਹੋਈ॥ ਜਉ ਸਹਜ ਨ ਮਿਲਿਓ ਸੋਈ॥੧॥

(ਸੋਰਠਿ, ਕਬੀਰ, ਪੰਨਾ-655)

131 ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ॥੩॥...

(ਮਾਰੂ, ਕਬੀਰ, ਪੰਨਾ-1103)

132 ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ॥...

(ਤਿਲੰਗ, ਕਬੀਰ, ਪੰਨਾ-727)

133 ਕਹਾ ਸੁਆਨ ਕਉ ਸਿਮ੍ਰਿਤਿ ਸੁਨਾਏ ਕਹਾ ਸਾਕਤ ਪਹਿ ਹਰਿ ਗੁਨ ਗਾਏ॥੧॥
ਰਾਮ ਰਾਮ ਰਾਮ ਰਮੇ ਰਮਿ ਰਹੀਐ॥...

(ਆਸਾ, ਕਬੀਰ, ਪੰਨਾ-481)

134 ਗਉੜੀ, ਕਬੀਰ, ਪੰਨਾ-343.

135 ਗਉੜੀ, ਕਬੀਰ, ਪੰਨਾ-344.

136 ਭਾਈ ਵੀਰ ਸਿੰਘ, **ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003, ਪੰਨਾ-151.

137 ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼,** ਪੰਨਾ-314.

138 ਉਹੀ, ਪੰਨਾ-940.

139 ਸਿੰਘ ਸਾਹਿਬ ਗਿ. ਮਨੀ ਸਿੰਘ, **ਸਿਧਾਂਤਕ ਸਟੀਕ : ਸ੍ਰੀ ਗੁਰੂ ਗ੍ਰੰਥ ਸਾਹਿਬ (ਦੂਜੀ ਸੈਂਚੀ),** ਗੁਰਬਾਣੀ ਸਟੱਡੀ (ਸੁਸਾਇਟੀ), ਕੈਨੇਡਾ, 1990, ਪੰਨਾ-690-691.

140 ਡਾ. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵਕੋਸ਼** (ਭਾਗ ਦੂਜਾ), ਪੰਨਾ-407.

141 ਹਜ਼ਾਰੀ ਪ੍ਰਸਾਦ ਦਿਵੇਦੀ, **ਕਬੀਰ,** ਪੰਨਾ-45-46.

142 ਡਾ. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵਕੋਸ਼** (ਭਾਗ ਪਹਿਲਾ), ਪੰਨਾ-274.

143 ਇੜਾ ਪਿੰਗੁਲਾ ਅਉਰੁ ਸੁਖਮਨਾ ਪਉਨੈ ਬੰਧਿ ਰਹਾਉਗੋ॥
ਚੰਦੁ ਸੂਰਜੁ ਦੁਇ ਸਮ ਕਰਿ ਰਾਖਉ ਬ੍ਰਹਮ ਜੋਤਿ ਮਿਲਿ ਜਾਉਗੋ॥੨॥

(ਰਾਮਕਲੀ, ਨਾਮਦੇਵ, ਪੰਨਾ-973)

144 ਡਾ. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵਕੋਸ਼** (ਭਾਗ ਪਹਿਲਾ), ਪੰਨਾ-370.

145 ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼,** ਪੰਨਾ-120.

146 ਡਾ. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵਕਸ਼** (ਭਾਗ ਪਹਿਲਾ), ਪੰਨਾ-41.

147 ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼,** ਪੰਨਾ-1091.

148 ਡਾ. ਭਗਤ ਸਿੰਘ ਵੇਦੀ, **ਮੱਧਕਾਲੀਨ ਭਗਤੀ ਕਾਵਿ ਦੀ ਭੂਮਿਕਾ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990, ਪੰਨਾ-112.

149 ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼,** ਪੰਨਾ-538.

150 ਉਹੀ, ਪੰਨਾ-319.

151 ਉਹੀ, ਪੰਨਾ-24.

152 ਡਾ. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵਕੋਸ਼** (ਭਾਗ ਪਹਿਲਾ), ਪੰਨਾ-13-14.

153 ਜੋਗੀ ਜਤੀ ਤਪੀ ਸੰਨਿਆਸੀ ਬਹੁ ਤੀਰਥ ਭ੍ਰਮਨਾ॥
ਲੁੰਜਿਤ ਮੁੰਜਿਤ ਮੋਨਿ ਜਟਾਧਰ ਅੰਤਿ ਤਊ ਮਰਨਾ॥੧॥

(ਆਸਾ, ਕਬੀਰ, ਪੰਨਾ-476)

154 ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ॥

ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ॥੩॥੧॥

(ਗਉੜੀ, ਰਵਿਦਾਸ, ਪੰਨਾ-346)

155 ਸੱਯਦ ਅਬੁਲ ਆਲਾ ਮੌਦੂਦੀ, **ਕੁਰਆਨ ਮਜੀਦ**, ਰਮਜ਼ਾਨ ਸਈਦ (ਅਨੁ.) ਪੰਜਾਬੀ ਇਸਲਾਮਿਕ ਪਬਲਕੇਸ਼ਨਜ਼, ਮਾਲੇਰਕੋਟਲਾ, 1998, ਸੂਰਤ-ਲੁਕਮਾਨ, ਆਇਤ 16-19, ਪੰਨਾ-710.

156 ਕਹੁ ਰੇ ਮੁਲਾਂ ਬਾਂਗ ਨਿਵਾਜ॥ ਏਕ ਮਸੀਤਿ ਦਸੈ ਦਰਵਾਜ॥੧॥ ਰਹਾਉ॥

(ਭੈਰਉ, ਕਬੀਰ, ਪੰਨਾ-1158)

157 ਸੋ ਮੁਲਾਂ ਜੋ ਮਨ ਸਿਉ ਲਰੈ॥...
ਕਾਜੀ ਸੋ ਜੁ ਕਾਇਆ ਬੀਚਾਰੈ॥
ਕਾਇਆ ਕੀ ਅਗਨਿ ਬ੍ਰਹਮੁ ਪਰਜਾਰੈ॥
ਸੁਪਨੈ ਬਿੰਦੁ ਨ ਦੇਈ ਝਰਨਾ॥ ਤਿਸੁ ਕਾਜੀ ਕਉ ਜਰਾ ਨ ਮਰਨਾ॥੨॥

(ਭੈਰਉ, ਕਬੀਰ, ਪੰਨਾ-1159-1160)

158 ਕਬੀਰ ਹਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ॥
ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨ੍ਹਿ ਫੁਰਮਾਈ ਗਾਇ॥੧੯੭॥

(ਸਲੋਕ, ਕਬੀਰ, ਪੰਨਾ-1375)

159 ਡਾ. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵਕੋਸ਼** (ਭਾਗ ਪਹਿਲਾ), ਪੰਨਾ-214.

160 ਉਹੀ, ਪੰਨਾ-285.

161 ਜਾ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ ਮਾਨੀਅਹਿ ਸੇਖ ਸਹੀਦ ਪੀਰਾ॥
ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ ਤਿਹੂ ਰੇ ਲੋਕ ਪਰਸਿਧ ਕਬੀਰਾ॥੨॥

(ਮਲਾਰ, ਰਵਿਦਾਸ, ਪੰਨਾ-1293)

162 ਮਿਸਿਮਿਲਿ ਤਾਮਸੁ ਭਰਮੁ ਕਦੂਰੀ॥ ਭਾਖਿ ਲੇ ਪੰਚੈ ਹੋਇ ਸਬੂਰੀ॥੨॥

(ਭੈਰਉ, ਕਬੀਰ, ਪੰਨਾ-1158)

163 ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ॥੧॥
ਮੁਲਾਂ ਕਹਹੁ ਨਿਆਉ ਖੁਦਾਈ॥...
ਪਕਰਿ ਜੀਉ ਆਨਿਆ ਦੇਹ ਬਿਨਾਸੀ ਮਾਟੀ ਕਉ ਬਿਸਮਿਲ ਕੀਆ॥
ਜੋਤਿ ਸਰੂਪ ਅਨਾਹਤ ਲਾਗੀ ਕਹੁ ਹਲਾਲੁ ਕਿਆ ਕੀਆ॥੨॥

(ਪ੍ਰਭਾਤੀ, ਕਬੀਰ, ਪੰਨਾ-1350)

164 ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ॥
ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ॥੧੯੮॥

(ਸਲੋਕ, ਕਬੀਰ, ਪੰਨਾ-1374)

165 ਡਾ. ਜੀ.ਐਸ. ਭਟਨਾਗਰ, ਡਾ. ਬਲਦੇਵ ਸਿੰਘ ਰਹਿਲ, **ਭਾਰਤੀ ਸਮਾਜ,** ਪੰਨਾ-24.

166 ਉਹੀ, ਪੰਨਾ-25.

167 ਸੋਰਠਿ, ਕਬੀਰ, ਪੰਨਾ-656.

168 ਧਨਾਸਰੀ, ਧੰਨਾ, ਪੰਨਾ-695

169 ਕਹਾ ਨਰ ਗਰਬਸਿ ਥੋਰੀ ਬਾਤ॥
ਮਨ ਦਸ ਨਾਜੁ ਟਕਾ ਚਾਰਿ ਗਾਂਠੀ ਐਂਡੌ ਟੇਢੌ ਜਾਤੁ॥੧॥ਰਹਾਉ॥
ਬਹੁਤੁ ਪ੍ਰਤਾਪੁ ਗਾਂਉ ਸਉ ਪਾਏ ਦੁਇ ਲਖ ਟਕਾ ਬਰਾਤ॥
ਦਿਵਸ ਚਾਰਿ ਕੀ ਕਰਹੁ ਸਾਹਿਬੀ ਜੈਸੇ ਬਨ ਹਰ ਪਾਤ॥੧॥

(ਸਾਰੰਗ, ਕਬੀਰ, ਪੰਨਾ-1251)

170 ਆਰ.ਸੀ. ਮਜ਼ੂਮਦਾਰ, ਐਚ.ਸੀ. ਰੇਅ ਚੌਧਰੀ, ਕੇ. ਕੇ. ਦੱਤ, **ਭਾਰਤ ਦਾ ਬ੍ਰਿਹਤ ਇਤਿਹਾਸ** (ਭਾਗ-ਦੂਜਾ), ਪ੍ਰਿੰ. ਸਤਿਬੀਰ ਸਿੰਘ (ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986, ਪੰਨਾ-116.

171 ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ॥...

(ਮਲਾਰ, ਮਹਲਾ 1, ਪੰਨਾ-1286)

172 ਜੈਸੇ ਹਲ ਹਰ ਬਿਨਾ ਜਿਮੀ ਨਹੀਂ ਬੋਈਐ॥...

(ਗੋਂਡ,ਮਹਲਾ ੧, ਪੰਨਾ-872)

173 ਨਾਮੁ ਬੀਜ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥...

(ਸੋਰਠਿ, ਮਹਲਾ ੧, ਪੰਨਾ-595)

174 ਆਰ.ਸੀ. ਮਜੂਮਦਾਰ, ਐਚ.ਸੀ. ਰੇਅ ਚੌਧਰੀ, ਕੇ. ਕੇ. ਦੱਤ, **ਭਾਰਤ ਦਾ ਬ੍ਰਿਹਤ ਇਤਿਹਾਸ,** (ਭਾਗ ਦੂਜਾ), ਪੰਨਾ-116.

175 ਉਹੀ, ਪੰਨਾ-112.

176 ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼,** ਪੰਨਾ-590.

177 ਗਜ ਨਵ ਗਜ ਦਸ ਗਜ ਇਕੀਸ ਪੁਰੀਆ ਏਕ ਤਨਾਈ॥
ਸਾਠ ਸੂਤ ਨਵ ਖੰਡ ਬਹਤਰਿ ਪਾਟੁ ਲਗੋ ਅਧਿਕਾਈ॥੧॥...
ਗਜੀ ਨ ਮਿਨੀਐ ਤੋਲਿ ਨ ਤੁਲੀਐ ਪਾਚਨੁ ਸੇਰ ਅਢਾਈ॥...

(ਗਉੜੀ, ਕਬੀਰ, ਪੰਨਾ-335)

178 ਭਾਈ ਵੀਰ ਸਿੰਘ, **ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,** ਪੰਨਾ-124.

179 ਆਰ.ਸੀ. ਮਜੂਮਦਾਰ, ਐਚ.ਸੀ. ਰੇਅ ਚੌਧਰੀ, ਕੇ. ਕੇ. ਦੱਤ, **ਭਾਰਤ ਦਾ ਬ੍ਰਿਹਤ ਇਤਿਹਾਸ,** (ਭਾਗ ਦੂਜਾ), ਪੰਨਾ-279.

180 ਕਬੀਰ ਡੂਬਾ ਥਾ ਪੈ ਉਬਰਿਓ ਗੁਨ ਕੀ ਲਹਰਿ ਝਬਕਿ॥
ਜਬ ਦੇਖਿਓ ਬੇੜਾ ਜਰਜਰਾ ਤਬ ਉਤਰਿ ਪਰਿਓ ਹਉ ਫਰਕਿ॥੬੭॥

(ਸਲੋਕ, ਕਬੀਰ, ਪੰਨਾ-1368)

181 ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ॥
ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ॥੩੯॥

(ਸਲੋਕ, ਕਬੀਰ, ਪੰਨਾ-1366)

182 ਕੁੰਭਾਰ ਕੇ ਘਰ ਹਾਂਡੀ ਅਛੈ ਰਾਜਾ ਕੇ ਘਰ ਸਾਂਡੀ ਗੋ॥...
ਬਾਣੀਏ ਕੇ ਘਰ ਹੀਂਗੁ ਆਛੈ ਭੈਸਰ ਮਾਥੈ ਸੀਂਗੁ ਗੋ॥...

(ਟੋਡੀ, ਨਾਮਦੇਵ, ਪੰਨਾ-718)

183 ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ॥
ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ॥੨॥

(ਸੋਰਠਿ, ਰਵਿਦਾਸ, ਪੰਨਾ-658)

184 ਜਿਉ ਮਧੁ ਮਾਖੀ ਸੰਚੈ ਅਪਾਰ॥ ਮਧੁ ਲੀਨੋ ਮੁਖਿ ਦੀਨੀ ਛਾਰੁ॥

(ਸਾਰੰਗ, ਨਾਮਦੇਵ, ਪੰਨਾ-1252)

185 ਆਨੀਲੇ ਕੁੰਭੁ ਭਰਾਈਲੇ ਊਦਕ ਰਾਜ ਕੁਆਰਿ ਪੁਰੰਦਰੀਏ॥
ਹਸਤ ਬਿਨੋਦ ਬੀਚਾਰ ਕਰਤੀ ਹੈ ਚੀਤੁ ਸੁ ਗਾਗਰਿ ਰਾਖੀਅਲੇ॥੨॥

(ਰਾਮਕਲੀ, ਨਾਮਦੇਵ, ਪੰਨਾ-972)

186 ਗਊ ਬਾਛ ਕਉ ਸੰਚੈ ਖੀਰੁ॥ ਗਲਾ ਬਾਂਧਿ ਦੁਹਿ ਲੇਇ ਅਹੀਰੁ॥ ...

(ਸਾਰੰਗ, ਨਾਮਦੇਵ, ਪੰਨਾ-1252)

187 ਚਾਕੀ ਚਾਟਹਿ ਚੂਨੁ ਖਾਹਿ॥ ਚਾਕੀ ਕਾ ਚੀਥਰਾ ਕਹਾਂ ਲੈ ਜਾਹਿ॥੨॥

(ਬਸੰਤ, ਕਬੀਰ, ਪੰਨਾ-1196)

188 ਜਿਉ ਬਿਖਈ ਹੇਰੈ ਪਰ ਨਾਰੀ॥ ਕਉਡਾ ਡਾਰਤ ਹਿਰੈ ਜੁਆਰੀ॥੩॥...

(ਗੋਂਡ, ਨਾਮਦੇਵ, ਪੰਨਾ-873)

189 ਖੋਟੇ ਕਾ ਮੁਲੁ ਏਕੁ ਦੁਗਾਣਾ॥ ਜੇ ਸਾਥਿ ਰਖੀਐ ਦੀਜੈ ਰਲਾਇ॥

ਜਾ ਪਰਖੀਐ ਖੋਟਾ ਹੋਇ ਜਾਇ॥੨॥... (ਧਨਾਸਰੀ, ਮਹਲਾ ੧, ਪੰਨਾ-662)

190 ਕਾਹੂ ਗਰੀ ਗੋਦਰੀ ਨਾਹੀ ਕਾਹੂ ਖਾਨ ਪਰਾਰਾ॥੧॥
ਅਹਿਰਖ ਵਾਦੁ ਨ ਕੀਜੈ ਰੇ ਮਨ॥
ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ॥੧॥ ਰਹਾਉ॥

(ਆਸਾ, ਕਬੀਰ, ਪੰਨਾ-479)

191 ਊਚ ਭਵਨ ਕਨਕਾਮਨੀ ਸਿਖਰਿ ਧਜਾ ਫਹਰਾਇ॥
ਤਾ ਤੇ ਭਲੀ ਮਧੂਕਰੀ ਸੰਤਸੰਗਿ ਗੁਨ ਗਾਇ॥੧੫੦॥

(ਸਲੋਕ, ਕਬੀਰ, ਪੰਨਾ-1372)

192 ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼,** ਪੰਨਾ-1029.

193 ਉਹੀ, ਪੰਨਾ-1029.

194 ਡਾ. ਅਮਰ ਕੋਮਲ (ਸੰਪਾ.), **ਚਾਣਕਯ ਨੀਤੀ**, ਸੰਗਮ ਪਬਲੀਕੇਸ਼ਨਜ਼, ਸਮਾਣਾ, 2012, ਸਲੋਕ 8.17, 8.18, ਪੰਨਾ-105-106.

195 ਜਿਸ ਹੀ ਕੀ ਸਿਰਕਾਰ ਹੈ ਤਿਸ ਹੀ ਕਾ ਸਭੁ ਕੋਇ॥
ਗੁਰਮੁਖਿ ਕਾਰ ਕਮਾਵਣੀ ਸਚੁ ਘਟਿ ਪਰਗਟੁ ਹੋਇ॥

(ਸਿਰੀਰਾਗੁ, ਮਹਲਾ ੩, ਪੰਨਾ-27)

196 ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥
ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ॥
ਏਹਿ ਭੂਪਤਿ ਰਾਜੇ ਨ ਆਖੀਅਹਿ ਦੂਜੈ ਭਾਇ ਦੁਖੁ ਹੋਈ॥...

(ਮਾਰੂ, ਮਹਲਾ ੩, ਪੰਨਾ-1088)

197 ਹਮ ਮਸਕੀਨ ਖੁਦਾਈ ਬੰਦੇ ਤੁਮ ਰਾਜਸੁ ਮਨਿ ਭਾਵੈ॥
ਅਲਹ ਅਵਲਿ ਦੀਨ ਕੋ ਸਾਹਿਬੁ ਜੋਰੁ ਨਹੀ ਫੁਰਮਾਵੈ॥੧॥
ਕਾਜੀ ਬੋਲਿਆ ਬਨਿ ਨਹੀਂ ਆਵੈ॥੧॥ ਰਹਾਉ॥

(ਆਸਾ, ਕਬੀਰ, ਪੰਨਾ-480)

198 ਕੋਊ ਹਰਿ ਸਮਾਨਿ ਨਹੀ ਰਾਜਾ॥
ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥੧॥ ਰਹਾਉ॥

(ਬਿਲਾਵਲੁ, ਕਬੀਰ, ਪੰਨਾ-856)

199 ਡਾ. ਮਨਮੋਹਨ ਸਹਿਗਲ, **ਗੁਰੂ ਗ੍ਰੰਥ ਸਾਹਿਬ : ਇਕ ਸਭਿਆਚਾਰਕ ਸਰਵੇਖਣ,** ਪੰਨਾ-751-752.

200 ਉਹੀ, ਪੰਨਾ-754.

201 ਮਲਾਰ, ਨਾਮਦੇਵ, ਪੰਨਾ-1292.

202 ਹਰਬੰਸ ਸਿੰਘ ਚਾਵਲਾ, **ਗੁਰੂ ਗ੍ਰੰਥ ਬਾਣੀ ਵਿਚ ਸਮਕਾਲੀ ਸਮਾਜਕ ਚਿੱਤਰ,** ਪੰਨਾ-20.

203 ਏਕੁ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ॥
ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ॥...

(ਸੂਹੀ, ਕਬੀਰ, ਪੰਨਾ-793)

204 ਡਾ. ਅਮਰ ਕੋਮਲ (ਸੰਪਾ.),**ਚਾਣਕਯ ਨੀਤੀ**, ਸਲੋਕ, 3.5, ਪੰਨਾ-35.

205 ਭੈਰਉ, ਕਬੀਰ, ਪੰਨਾ-1161-1162.

# ਅਧਿਆਇ ਪੰਜਵਾਂ

# ਭਗਤ ਬਾਣੀ ਵਿਚ ਸਭਿਆਚਾਰ ਦਾ ਸਰੂਪ

ਮਨੁੱਖੀ ਜਿਉਣ-ਢੰਗ ਨੂੰ ਸਭਿਆਚਾਰ ਦਾ ਨਾਂ ਦਿੱਤਾ ਜਾਂਦਾ ਹੈ। ਸਮਾਜਕ ਸਬੰਧਾਂ ਦਾ ਵਿਕਾਸ, ਸੰਚਾਲਨ ਅਤੇ ਨਿਰਦੇਸ਼ਨ ਸਭਿਆਚਾਰਕ ਕੀਮਤਾਂ ਅਤੇ ਨਿਯਮਾਂ ਦੁਆਰਾ ਹੁੰਦਾ ਹੈ। ਸਭਿਆਚਾਰਕ ਕੀਮਤਾਂ, ਆਦਰਸ਼ਾਂ, ਨਿਯਮਾਂ ਆਦਿ ਨੂੰ ਸਮਝੇ ਬਿਨਾਂ ਅਸੀਂ ਸਮਾਜ ਜਾਂ ਸਮਾਜਕ ਸਬੰਧਾਂ ਨੂੰ ਨਹੀਂ ਸਮਝ ਸਕਦੇ। ਇਸ ਲਈ ਨੈਤਿਕ, ਅਧਿਆਤਮਕ ਅਤੇ ਬੌਧਿਕ ਉੱਨਤੀ ਦਾ ਨਾਂ ਹੀ ਸਭਿਆਚਾਰ ਹੈ। ਡਾ. ਮਨਮੋਹਨ ਸਹਿਗਲ ਨੇ ਸਭਿਆਚਾਰਕ ਕੀਮਤਾਂ ਨੂੰ ਦੋ ਪੱਖਾਂ ਆਂਤਰਿਕ ਕੀਮਤਾਂ ਅਤੇ ਬਾਹਰੀ ਕੀਮਤਾਂ ਵਿਚ ਵੰਡਿਆ ਹੈ।ਆਂਤਰਿਕ ਕੀਮਤਾਂ ਵਿਚ ਚਿੰਤਨ (ਦਰਸ਼ਨ) ਗਿਆਨ-ਵਿਗਿਆਨ, ਨੀਤੀ, ਸੰਸਕਾਰ, ਕਰਤੱਵ, ਅਧਿਆਤਮ, ਮਾਨਸਕ ਸੰਤੁਲਨ, ਸਾਹਿਤ, ਕੋਮਲ ਕਲਾਵਾਂ, ਕਰਮਯੋਗ, ਭਗਤੀਯੋਗ ਨੂੰ ਰੱਖਿਆ ਹੈ। ਜਦਕਿ ਬਾਹਰੀ ਕੀਮਤਾਂ ਵਿਚ ਸਮਾਜਕ ਪਰੰਪਰਾਵਾਂ ਪੁਰਬ, ਰੂੜ੍ਹੀਆਂ, ਪੁਰਾਣਕ ਕਥਾਵਾਂ, ਜੀਵਨ-ਵਿਹਾਰ, ਪਰਿਵਾਰ, ਵਿਆਹ, ਇਸਤਰੀ ਦੀ ਸਮਾਜਕ ਹਾਲਤ, ਵਰਣ-ਆਸ਼ਰਮ ਭੇਦ, ਜਾਤਾਂ ਦੇ ਕਿੱਤੇ ਆਦਿ ਨੂੰ ਸੰਸਕ੍ਰਿਤੀ ਦੀਆਂ ਪਰੰਪਰਾਗਤ ਕੀਮਤਾਂ ਭਾਵ ਬਾਹਰਲੀਆਂ ਕੀਮਤਾਂ ਦਾ ਨਾਂ ਦਿੱਤਾ ਹੈ।"[1] ਸਭਿਆਚਾਰ ਦਾ ਸਿੱਧਾ ਸੰਬੰਧ ਮਨੁੱਖੀ ਜੀਵਨ ਦੀਆਂ ਕਦਰਾਂ-ਕੀਮਤਾਂ ਨਾਲ ਹੈ ਚਾਹੇ ਉਹ ਕੀਮਤਾਂ ਵਿਅਕਤੀਗਤ, ਸਮਾਜਕ ਜਾਂ ਅਧਿਆਤਮਕ ਹੋਣ। ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਨੀਤੀ-ਸ਼ਾਸਤਰ ਦੇ ਚੌਖਟੇ ਅਧੀਨ ਵਿਚਾਰਿਆ ਜਾਂਦਾ ਹੈ। ਇਨ੍ਹਾਂ ਲਈ ਸਦਾਚਾਰਕ ਕੀਮਤਾਂ, ਨੈਤਿਕ ਕੀਮਤਾਂ, ਕਦਰਾਂ-ਕੀਮਤਾਂ ਆਦਿ ਨਾਵਾਂ ਦੀ ਵਰਤੋਂ ਕੀਤੀ ਜਾਂਦੀ ਹੈ। ਜਿਨ੍ਹਾਂ ਦੇ ਮੂਲ ਅਰਥਾਂ ਨੂੰ ਜਾਣ ਲੈਣਾ ਵੀ ਜ਼ਰੂਰੀ ਹੈ।

'ਸਦਾਚਾਰ' ਤੋਂ ਭਾਵ ਸਦ+ਆਚਾਰ, ਚੰਗਾ ਆਚਰਨ, ਉੱਤਮ ਬਿਰਤੀ ਤੋਂ ਹੈ। 'ਨੈਤਿਕਤਾ', ਨੀਤੀ-ਸ਼ਾਸਤਰ, ਸਦਾਚਾਰ ਆਦਿ ਸ਼ਬਦ ਇਕ-ਦੂਜੇ ਦੇ ਪਰਿਆਇ ਵਜੋਂ ਵਰਤੇ ਜਾਣ ਦੀ ਪਰੰਪਰਾ ਹੈ। "ਨੈਤਿਕਤਾ ਸ਼ਬਦ ਸੰਸਕ੍ਰਿਤ ਦੇ ਸ਼ਬਦ 'ਨੀਤੀ' ਦਾ ਵਿਕਸਤ ਰੂਪ ਹੈ ਜੋ 'ਨੀ' ਧਾਤੂ ਤੋਂ ਉਪਜਿਆ ਹੈ ਜਿਸਦੇ ਅਰਥ ਹਨ : ਲੈ ਜਾਣਾ ਜਾਂ ਅਗਵਾਈ ਕਰਨਾ। ਜੋ ਜੀਵਨ ਵਿਚ ਮਨੁੱਖ ਦੀ ਅਗਵਾਈ ਕਰੇ, ਉਸਨੂੰ ਕਿਸੇ ਆਦਰਸ਼ ਪ੍ਰਾਪਤੀ ਵੱਲ ਲੈ ਜਾਵੇ, ਉਹ ਨੈਤਿਕਤਾ ਅਖਵਾਉਂਦੀ ਹੈ।"[2] "ਗ੍ਰੀਕ (ਯੂਨਾਨੀ) ਲੋਕ ਆਪਣੀਆਂ ਰਸਮਾਂ, ਵਿਚਾਰਾਂ ਅਤੇ ਕੋਡਾਂ ਦੇ ਸਮੂਹ ਨੂੰ ਐਥੋਸ (ethos) ਕਹਿੰਦੇ ਹਨ, ਜਿਸ ਅਨੁਸਾਰ ਇਕ ਕਬੀਲੇ ਜਾਂ ਸਮੂਹ ਨੂੰ ਦੂਸਰੇ ਸਮੂਹਾਂ ਨਾਲੋਂ ਭਿੰਨ ਕੀਤਾ ਜਾਂਦਾ ਸੀ। 'ਐਥਿਕਸ' (ਨੈਤਿਕ ਨਿਯਮ) ਇਸੇ ਸ਼ਬਦ 'ਐਥਾਸ' ਵਿਚੋਂ ਆਇਆ ਹੈ, ਜਿਸਦਾ ਮੂਲ-ਅਰਥ 'ਠੀਕ' ਜਾਂ 'ਸ਼ੁਭ' ਕਰਮਾਂ ਦਾ ਮਿਆਰ ਸੀ। ਰੋਮਨ ਲੋਕਾਂ ਨੇ ਇਸ ਤਰ੍ਹਾਂ 'ਮੋਰੇਜ਼' (Mores) ਸ਼ਬਦ ਸਮਾਜਕ ਭਲਾਈ ਤੇ ਰਸਮ ਰਿਵਾਜ਼ਾਂ ਵਾਸਤੇ ਪ੍ਰਚਲਿਤ ਕੀਤਾ ਹੋਇਆ

ਸੀ ਅਤੇ 'ਮੋਰੇਜ਼' ਵਿਚ ਸਭਿਆਚਾਰਕ ਅਤੇ ਧਾਰਮਿਕ ਤੱਤ ਵੀ ਸ਼ਾਮਿਲ ਸਨ ਤੇ ਇਸੇ ਲਈ ਇਹ ਸੰਕਲਪ ਲੋਕ-ਜੀਵਨ ਵਿਚ ਡੂੰਘੀ ਤਰ੍ਹਾਂ ਰਚਿਆ ਹੋਇਆ ਸੀ।"[3]

ਕੀਮਤਾਂ ਜਾਂ ਮੁੱਲ (Values) ਮਨੁੱਖੀ ਜੀਵਨ ਵਿਚ ਵਿਅਕਤੀਗਤ, ਸਮਾਜਕ ਤੇ ਅਧਿਆਤਮਕ ਤੌਰ 'ਤੇ ਉਹ ਸੱਚਾਈਆਂ ਹਨ ਜੋ ਆਪਣੇ ਆਪ ਵਿਚ ਕੀਮਤੀ (ਮੁੱਲਵਾਨ) ਹੁੰਦੀਆਂ ਹਨ ਜਿਨ੍ਹਾਂ ਨੂੰ ਅਪਣਾ ਕੇ ਜੀਵਨ ਦੇ ਪਰਮ-ਲਕਸ਼ ਤਕ ਪਹੁੰਚਿਆ ਜਾ ਸਕਦਾ ਹੈ। ਇਹ ਉਹ ਟੀਚਾ ਹੈ ਜੋ ਮਨੁੱਖ ਨੂੰ ਸਹੀ ਨੈਤਿਕ ਮਨੁੱਖ ਬਣਾਉਂਦਾ ਹੋਇਆ ਸਮਾਜ ਦਾ ਇਕ ਚੰਗਾ ਨਾਗਰਿਕ ਬਣਨ ਵਿਚ ਸਹਾਇਕ ਹੁੰਦਾ ਹੈ ਅਤੇ ਅੱਗੋਂ ਚੰਗੇਰੇ ਨਾਗਰਿਕ ਹੀ ਸਮਾਜ ਵਿਚ ਉਸਾਰੂ ਸਮਾਜਕ, ਸਭਿਆਚਾਰਕ ਕੀਮਤਾਂ ਵਿਕਸਤ ਕਰਦੇ ਹਨ। ਮਨੁੱਖੀ-ਜੀਵਨ ਦੀਆਂ ਸਮਾਜਕ, ਆਰਥਿਕ, ਧਾਰਮਿਕ, ਰਾਜਨੀਤਕ ਵਿਕਸਤ ਬਾਹਰੀ ਕੀਮਤਾਂ ਦਾ ਕਾਰਨ ਉਸਦਾ ਵਿਕਸਤ ਮਨੋ-ਜਗਤ ਹੈ। ਨੈਤਿਕਤਾ ਮਨੁੱਖ ਦੀ ਹੋਂਦ ਤੇ ਪਛਾਣ ਦਾ ਵਿਲੱਖਣ ਗੁਣ ਹੈ। ਹੋਰ ਜੀਵਾਂ ਜਾਂ ਪਸ਼ੂਆਂ ਵਿਚ ਸਮਾਜਕ ਸੰਗਠਨ ਜਿਵੇਂ ਸਹਿਯੋਗ, ਸਮੂਹਕ ਚੇਤਨਾ, ਕਿਰਤ-ਵੰਡ, ਪਰਸਪਰ ਸੰਚਾਰ ਆਦਿ ਮੁੱਢਲੇ ਲੱਛਣ ਤਾਂ ਭਾਵੇਂ ਪਾਏ ਜਾਂਦੇ ਹਨ ਪਰੰਤੂ ਉਨ੍ਹਾਂ ਦੇ ਇਹ ਸਮਾਜਕ ਲੱਛਣ ਮਨੁੱਖ ਦੀ ਭਾਸ਼ਾ, ਬੌਧਿਕ ਸਮਰੱਥਾ ਤੇ ਨੈਤਿਕ ਗੁਣਾਂ ਦੇ ਬਰਾਬਰ ਨਹੀਂ ਅੱਪੜ ਸਕਦੇ। "ਪਰ ਜੇਕਰ ਮਨੁੱਖ ਪੂਰਨ ਰੂਪ ਵਿਚ 'ਸਮਾਜਿਕ' ਹੁੰਦਾ, ਤਾਂ ਉਸਨੂੰ ਸਮਾਜ ਵਿਚ ਆਪਣਾ ਵਤੀਰਾ ਠੀਕ ਰੱਖਣ ਲਈ ਕਿਸੇ ਨੈਤਿਕ ਨਿਯਮ ਦੀ ਲੋੜ ਨਾ ਹੁੰਦੀ। ਉਸ ਵਿਚ ਸਮਾਜਕ ਅੰਸ਼ ਮੌਜੂਦ ਹੈ; ਪਰ ਨਾਲ ਹੀ ਵਿਅਕਤੀਗਤ ਭਾਵਨਾ ਵੀ ਪ੍ਰਬਲ ਹੈ। ਇਸ ਸੰਭਾਵੀ ਤੇ ਅਧੂਰੇ ਸਮਾਜਕ ਪ੍ਰਾਣੀ ਨੂੰ ਆਪਣਾ ਸਾਰਿਆਂ ਨਾਲ ਸੁਖਾਵਾਂ ਸੰਬੰਧ ਸਥਾਪਿਤ ਕਰਨ ਹਿਤ ਧਰਮ ਅਤੇ ਸਦਾਚਾਰ ਲਗਾਤਾਰ ਅਗਵਾਈ ਦੇਂਦੇ ਰਹੇ ਹਨ।"[4]

ਧਰਮ ਤੋਂ ਬਿਨਾਂ ਨੀਤੀ ਦੀ ਆਪਣੀ ਇਕ ਵੱਖਰੀ ਹੋਂਦ ਹੈ ਪਰੰਤੂ ਨੀਤੀ ਵਿਹੂਣੇ ਧਰਮ ਦੀ ਸਮਾਜ ਵਿਚ ਕੋਈ ਸਾਰਥਕਤਾ ਨਹੀਂ। ਇਸ ਲਈ ਦੋਵਾਂ ਦੇ ਸਾਂਝੇ ਉਦੇਸ਼ ਕਾਰਨ ਭਾਰਤੀ ਸਮਾਜ ਵਿਚ ਨੈਤਿਕ ਕੀਮਤਾਂ ਅਤੇ ਧਰਮ ਆਪਸ ਵਿਚ ਵਧੇਰੇ ਕਰਕੇ ਰਲਗੱਡ ਹੀ ਰਹੇ ਹਨ ਜਾਂ ਇਹ ਕਹਿ ਲਿਆ ਜਾਵੇ ਕਿ ਭਾਰਤੀ ਮਾਨਸਿਕਤਾ ਲਈ ਨੈਤਿਕ ਕੀਮਤਾਂ, ਆਦਰਸ਼ਾਂ ਨੂੰ ਅਮਲ ਵਿਚ ਲਿਆਉਣ ਲਈ ਧਰਮ ਇਕ ਯੋਗ ਜਾਂ ਪ੍ਰਮੁੱਖ ਮਾਧਿਅਮ ਰਿਹਾ ਹੈ ਜਾਂ ਇਹ ਕਹਿ ਲਿਆ ਜਾਵੇ ਕਿ ਵਿਅਕਤੀਗਤ, ਸਮਾਜਕ ਅਤੇ ਅਧਿਆਤਮਕ ਕੀਮਤਾਂ ਹੀ ਭਾਰਤੀ ਧਰਮਾਂ ਦੀ ਉਸਾਰੀ ਦਾ ਆਧਾਰ ਤੇ ਮਾਧਿਅਮ ਹਨ ਜਾਂ ਇਹ ਕਹਿ ਲਿਆ ਜਾਵੇ ਕਿ ਪਰਮ-ਸ਼ਕਤੀ ਦੀ ਤਲਾਸ਼ ਤੇ ਪ੍ਰਾਪਤੀ ਦੇ ਨਾਲ-ਨਾਲ ਮਨੁੱਖ ਦਾ ਸਦਾਚਾਰਕ ਜੀਵਨ ਹੀ ਭਾਰਤੀ ਧਰਮਾਂ ਦਾ ਸਰੂਪ ਰਿਹਾ ਹੈ ਪਰੰਤੂ ਜਦੋਂ ਨੈਤਿਕ ਕੀਮਤਾਂ ਦਾ ਸੰਬੰਧ ਵਿਹਾਰਕ ਤੇ ਸੱਚੇ ਅਧਿਆਤਮਕ ਜੀਵਨ ਨਾਲੋਂ ਟੁੱਟ ਜਾਵੇ ਤਾਂ ਇਹ ਨਿਰੋਲ ਰੂੜੀਆਂ ਤੇ ਸੰਸਕਾਰ ਬਣਕੇ ਰਹਿ ਜਾਂਦੀਆ ਹਨ। ਪ੍ਰਾਚੀਨ ਹਿੰਦੂ ਧਰਮ ਦੇ ਵੈਦਿਕ,

ਉਪਨਿਸ਼ਦ, ਪੁਰਾਣਿਕ ਆਦਿ ਕਾਲ ਵਿਚ ਪੈਦਾ ਹੋਣ ਵਾਲੇ ਮਤ-ਮਤਾਂਤਰਾਂ ਦੀਆਂ ਵਿਅਕਤੀਗਤ, ਸਮਾਜਕ, ਅਧਿਆਤਮਕ ਕੀਮਤਾਂ ਆਪਣੇ ਸਰਬ-ਵਿਆਪਕ ਤੇ ਸਾਰਥਕ ਅਰਥਾਂ ਤੋਂ ਟੁੱਟ ਕੇ ਭੇਖਾਂ, ਕਰਮਕਾਂਡਾ ਤੇ ਰੂੜੀਆਂ ਵਿਚ ਤਬਦੀਲ ਹੋ ਗਈਆਂ ਜਿਸ ਦੀ ਸਾਫ ਤਸਵੀਰ ਨੂੰ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਵਿਚ ਦੇਖਿਆ ਜਾ ਸਕਦਾ ਹੈ ਪਰੰਤੂ ਹਥਲੇ ਆਧਿਆਇ ਦਾ ਖੇਤਰ ਕੇਵਲ ਭਗਤ ਬਾਣੀ ਤੱਕ ਹੀ ਮਹਿਦੂਦ ਹੈ।

## ਸਭਿਆਚਾਰਕ ਪ੍ਰਤੀਮਾਨ ਤੇ ਕਦਰਾਂ-ਕੀਮਤਾਂ

ਭਗਤ ਬਾਣੀ ਵਿਚ ਜਿੱਥੇ ਪ੍ਰਭੂ ਲਈ ਅਥਾਹ ਪ੍ਰੇਮ, ਨਾਮ, ਸਿਮਰਨ, ਹੁਕਮ, ਆਗਿਆਪਾਲਨ, ਸਤਸੰਗਤ ਅਤੇ ਗੁਰੂ ਦੀ ਕ੍ਰਿਪਾ-ਦ੍ਰਿਸ਼ਟੀ ਨੂੰ ਵਾਰ ਵਾਰ ਪ੍ਰਗਟ ਕੀਤਾ ਹੈ ਉਥੇ ਵਿਅਕਤੀਗਤ ਪੱਧਰ ’ਤੇ ਮਨੁੱਖ ਦੁਆਰਾ ਪਹਿਲਾਂ ਆਪਣੇ ਮਨ ਨੂੰ ਸਾਧਣਾ, ਸ਼ੁਭ ਗੁਣਾਂ ਨੂੰ ਪਾਲਣ ਦੀ ਤਾਕੀਦ ਕੀਤੀ ਗਈ ਹੈ। ਨੈਤਿਕ ਦ੍ਰਿਸ਼ਟੀ ਤੋਂ ਦੇਖਿਆਂ ਆਭਾਸ ਹੁੰਦਾ ਹੈ ਕਿ ਬਾਣੀਕਾਰਾਂ ਨੇ ਨੈਤਿਕ ਕਦਰਾਂ-ਕੀਮਤਾਂ ਤੋਂ ਬਾਹਰ ਤਾਂ ਮਾਨੋ ਕੁੱਝ ਵੀ ਨਹੀਂ ਕਿਹਾ। ਉਹ ਆਖਦੇ ਹਨ ਕਿ ਜਿਹੜੇ ਕੰਮ ਕਰਨ ਵਿਚ ਕੋਈ ਗੁਣ ਹੀ ਨਹੀਂ ਭਾਵ ਜੋ ਕੰਮ ਕੀਤਿਆਂ ਕੁੱਝ ਸੰਵਰਦਾ ਹੀ ਨਹੀਂ, ਸਗੋਂ ਵਿਕਾਰ ਪੈਦਾ ਹੁੰਦੇ ਹਨ ਤਾਂ ਉਨ੍ਹਾਂ ਕੰਮਾਂ ਨੂੰ ਆਪਣੇ ਜੀਵਨ ਵਿਚੋਂ ਦੂਰ ਕਰ ਦੇਣਾ ਚਾਹੀਦਾ ਹੈ ਬੁਰੇ ਕਰਮ ਕਰਕੇ ਰੱਬੀ-ਦਰਬਾਰ ਵਿਚ ਸ਼ਰਮਿੰਦਾ ਹੋਣ ਨਾਲੋਂ ਤਾਂ ਚੰਗਾ ਹੈ ਕਿ ਬੇਅਰਥ ਔਗੁਣਾਂ ਨੂੰ ਹੀ ਤਿਆਗ ਦਿੱਤਾ ਜਾਵੇ।[5] ਸੰਸਰ ਵਿਚ ਕੀਤੇ ਸ਼ੁਭ ਅਮਲਾਂ ਨਾਲ ਹੀ ਦਰਗਾਹ ਵਿਚ ਨਿਬੇੜਾ ਹੋਣਾ ਹੈ,[6] ਕਿਉਂਕਿ ਇਸ ਸੰਸਾਰ-ਸਮੁੰਦਰ ਵਿਚ ਠਿੱਲ੍ਹੇ ਬੇੜੇ (ਸਰੀਰ) ’ਚ ਲੱਖਾਂ ਵਿਕਾਰ ਹਨ। ਇਸ ਲਈ ਪ੍ਰਭੂ-ਪ੍ਰੇਮ ਤੇ ਗੁਣਾਂ ਦੀਆਂ ਲਹਿਰਾਂ ਦੇ ਸਹਾਰੇ ਇਸ ਟੁੱਟੇ (ਵਿਕਾਰਮਈ) ਬੇੜੇ ਤੋਂ ਤੁਰੰਤ ਉੱਤਰ ਜਾਣਾ ਹੀ ਚੰਗਾ ਹੈ :

ਕਬੀਰ ਡੂਬਾ ਥਾ ਪੈ ਉਬਰਿਓ ਗੁਨ ਕੀ ਲਹਿਰ ਝਬਕਿ॥
ਜਬ ਦੇਖਿਓ ਬੇੜਾ ਜਰਜਰਾ ਤਬ ਉਤਰਿ ਪਰਿਓ ਹਉ ਫਰਕਿ॥੬੭॥

(ਸਲੋਕ, ਕਬੀਰ, ਪੰਨਾ-1368)

ਬਾਣੀਕਾਰਾਂ ਅਨੁਸਾਰ ਭਾਵੇਂ ਆਪਣੇ ਅੰਦਰ ਗੁਣਾਂ ਨੂੰ ਪਾਲਣ ਲਈ ਬਹੁਤ ਤਕਲੀਫਾਂ ਝੱਲਣੀਆਂ ਪੈਂਦੀਆਂ ਹਨ, ਦੁੱਖਾਂ-ਕਸ਼ਟਾਂ ’ਚ ਰੋਣਾ-ਕੁਰਲਾਉਣਾ ਪੈਂਦਾ ਹੈ ਜਿਵੇਂ ਇਕ ਗੰਨੇ ਨੂੰ ਮਿੱਠਾ ਰਸ ਰੱਖਣ ਦੇ ਆਪਣੇ ਚੰਗੇ ਗੁਣ ਕਾਰਨ ਤਕਲੀਫਾਂ ਝੱਲਣੀਆਂ ਪੈਂਦੀਆਂ ਹਨ ਪਰ ਇਹ ਵੀ ਇਕ ਸੱਚਾਈ ਹੈ ਕਿ ਗੁਣਾਂ ਤੋਂ ਸੱਖਣੇ ਔਗੁਣਹਾਰੇ ਮਨੁੱਖ ਨੂੰ ਕੋਈ ਵੀ ਚੰਗਾ ਨਹੀਂ ਕਹਿੰਦਾ। ਇਸ ਲਈ ਸਮਾਜ ਵਿਚ ਚੰਗਾ ਜੀਵਨ ਜਿਉਣ ’ਤੇ ਚੰਗਾ ਹੋ ਕੇ ਵਿਚਰਨ ਲਈ ਸ਼ੁਭ ਗੁਣਾਂ ਨੂੰ ਧਾਰਨ ਕਰਨਾ ਅਤਿ ਲਾਜ਼ਮੀ ਹੈ :

ਕਬੀਰ ਰਸ ਕੋ ਗਾਂਡੋ ਚੂਸੀਐ ਗੁਨ ਕਉ ਮਾਰੀਐ ਰੋਇ॥
ਅਵਗੁਨੀਆਰੇ ਮਾਨਸੈ ਭਲੋ ਨ ਕਹਿਹੈ ਕੋਇ॥੭੨॥

(ਸਲੋਕ, ਕਬੀਰ, ਪੰਨਾ-1368)

## ਵਿਅਕਤੀਗਤ ਅਤੇ ਸਮਾਜਕ ਨੈਤਿਕ ਗੁਣ

ਇਕ ਸਦਾਚਾਰੀ ਮਨੁੱਖ ਹੀ ਚੰਗਾ ਪਰਿਵਾਰ ਪਾਲਣ ਕਰਨ ਵਾਲਾ, ਮਹੁੱਲੇ, ਪਿੰਡ, ਸ਼ਹਿਰ ਦਾ ਇਕ ਚੰਗਾ ਵਾਸੀ, ਸਕੂਲ ਦਾ ਇਕ ਚੰਗਾ ਵਿਦਿਆਰਥੀ, ਜਿਲ੍ਹੇ, ਸਟੇਟ, ਦੇਸ਼ ਦਾ ਇਕ ਚੰਗਾ ਨਾਗਰਿਕ ਹੋ ਸਕਦਾ ਹੈ। ਜਿੱਥੇ ਸਦਾਚਾਰ ਦਾ ਸੰਬੰਧ ਮਨੁੱਖ ਦੇ ਨਿਜੀ ਆਪੇ (ਅੰਤ੍ਰੀਵ) ਦੇ ਵਿਕਾਸ ਨਾਲ ਹੁੰਦਾ ਹੈ ਉਥੇ ਪੂਰੇ ਸਮਾਜ ਨਾਲ ਵੀ ਹੁੰਦਾ ਹੈ। ਭਗਤ ਬਾਣੀਕਾਰਾਂ ਨੇ ਵਿਅਕਤੀਗਤ ਪੱਧਰ ’ਤੇ ਉਨ੍ਹਾਂ ਸਦਾਚਾਰਕ ਗੁਣਾਂ ਨੂੰ ਧਾਰਨ ਕਰਨ ਦੀ ਪ੍ਰੇਰਨਾ ਦਿੱਤੀ ਹੈ। ਜੋ ਗੁਣ ਹਰ ਮਨੁੱਖ ਦੇ ਨਿੱਜ ਤੋਂ ਲੈ ਕੇ ਸਮੂਹ ਨੂੰ ਪ੍ਰਭਾਵਿਤ ਕਰਨ ਦੀ ਤਾਕਤ ਰੱਖਦੇ ਹਨ। ਇਸ ਲਈ ਭਗਤ ਬਾਣੀ ਵਿਚੋਂ ਵਿਅਕਤੀਗਤ ਅਤੇ ਸਮਾਜਕ ਨੈਤਿਕ ਕੀਮਤਾਂ ਨੂੰ ਇਕ ਦੂਸਰੇ ਤੋਂ ਨਿਖੇੜ ਕੇ ਦੇਖਣ ਦੀ ਬਜਾਏ ਸਮਤਲ ਧਰਾਤਲ ’ਤੇ ਰੱਖ ਕੇ ਵਿਚਾਰਨਾ ਵਧੇਰੇ ਸਾਰਥਕ ਹੈ।

**ਨੇਕੀ, ਨਿਮਰਤਾ, ਖਿਮਾ, ਸਬਰ-ਸੰਤੋਖ ਆਦਿ ਗੁਣ :** ਦਇਆ ਭਾਵ ਰੱਖਣ ਵਾਲੇ, ਦੀਨ, ਦੁਖੀਆਂ ਦੀ ਸਹਾਇਤਾ ਕਰਨ ਵਾਲੇ, ਦਾਨ, ਸੇਵਾ ਆਦਿ ਦਾਨਾਈ ਸੁਭਾਅ ਵਾਲੇ ਮਨੁੱਖ ਨੂੰ ਨੇਕ-ਜਨ ਕਿਹਾ ਜਾਂਦਾ ਹੈ। ਭਗਤ ਬਾਣੀਕਾਰਾਂ ਨੇ ਭੁਖਿਆਂ ਨੂੰ ਦਾਨ ਦੇਣਾ, ਸਭ ਤਰ੍ਹਾਂ ਦੇ ਜੀਵਾਂ ਪ੍ਰਤੀ ਦਇਆ ਭਾਵ ਰੱਖਣ ਦਾ ਉਪਦੇਸ਼ ਦਿੱਤਾ ਅਤੇ ਸਦਾਚਾਰਕ ਗੁਣਾਂ ਤੋਂ ਸੱਖਣੇ ਨਿਰੋਲ ਧਾਰਮਿਕ ਗ੍ਰੰਥ ਪੜ੍ਹਨ ਵਾਲੇ ਮਨੁੱਖਾਂ ਨੂੰ ਥਾਂ ਥਾਂ ਫਿਟਕਾਰ ਪਾਈ ਤੇ ਕੋਸਿਆ ਹੈ।[7] ਪਰਾਏ ਦਰਦ ਨੂੰ ਸਮਝਣਾ ਕਿਸੇ ਨੂੰ ਫਿੱਕਾ ਨਾ ਬੋਲਣਾ[8] ਬੁਰੇ ਦਾ ਵੀ ਭਲਾ ਕਰਨ[9] ਤੇ ਨਿਮਰ ਰਹਿਣ[10] ਆਦਿ ਗੁਣਾਂ ਨੂੰ ਧਾਰਨ ਕਰਨ ਨਾਲ ਜਿੱਥੇ ਮਨੁੱਖ ਆਤਮਕ ਅਤੇ ਦੇਹੀ ਰੋਗਾਂ ਤੋਂ ਸਦਾ ਲਈ ਮੁਕਤ ਹੋ ਜਾਂਦਾ ਹੈ ਉੱਥੇ ਨਿਮਰਤਾ ਵਾਲੇ ਗੁਣਾਂ, ਮਿਠਾਸ ਭਰੇ ਬੋਲਾਂ ਵਾਲੇ ਮੰਤਰਾਂ ਨਾਲ ਪ੍ਰਭੂ-ਪ੍ਰਤੀਮ ਦਾ ਪਿਆਰਾ ਤੇ ਨੇੜਲਾ ਭਗਤ ਸਦਾਉਂਦੇ ਹੋਏ ਉਸਦਾ ਹੀ ਰੂਪ ਹੋ ਜਾਂਦਾ ਹੈ:

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥੧੨੭॥

(ਸਲੋਕ, ਸ਼ੇਖ਼ ਫ਼ਰੀਦ, ਪੰਨਾ-1384)

ਮਤ (ਸੂਝ) ਹੁੰਦੇ ਹੋਏ ਵੀ ਅਣਜਾਣ ਰਹਿਣ ਵਾਲਾ, ਬਲਸ਼ਾਲੀ ਹੁੰਦੇ ਹੋਏ ਵੀ ਨਿਤਾਣਾ, ਆਪਣੇ ਕੋਲ ਕੁੱਝ ਨਾ ਹੁੰਦੇ ਹੋਏ ਵੀ (ਭਾਵ ਥੋੜ੍ਹਾ ਹੁੰਦੇ ਹੋਏ ਵੀ) ਵੰਡਕੇ ਖਾਣ ਵਾਲਾ ਜਨ ਹੀ

ਪ੍ਰਭੂ-ਪ੍ਰੀਤਮ ਦਾ ਅਸਲ ਭਗਤ ਹੋ ਸਕਦਾ ਹੈ ਅਤੇ ਐਸੇ ਭਲੇ ਪੁਰਸ਼ ਨੂੰ ਹੀ ਭਗਤ ਕਹਾਉਣ ਦਾ ਹੱਕ ਹੈ :

ਮਤਿ ਹੋਦੀ ਹੋਇ ਇਆਣਾ॥ ਤਾਣ ਹੋਦੇ ਹੋਇ ਨਿਤਾਣਾ॥
ਅਣਹੋਦੇ ਆਪੁ ਵੰਡਾਏ॥ ਕੋ ਐਸਾ ਭਗਤੁ ਸਦਾਏ॥੧੨੮॥

(ਸਲੋਕ, ਸ਼ੇਖ਼ ਫ਼ਰੀਦ, ਪੰਨਾ-1384)

ਬਾਣੀਕਾਰਾਂ ਨੇ ਪ੍ਰਭੂ ਨਾਲ ਜੁੜਨ ਦੀਆਂ ਮੁੱਢਲੀਆਂ ਸ਼ਰਤਾਂ ਬਾਰੇ ਦੱਸਦੇ ਹੋਏ ਮਨੁੱਖ ਦੇ ਗੁਣਾਂ ਨੂੰ ਧਾਰਨ ਕਰਨ, ਨਾ ਕਰਨ ਤੋਂ ਉਪਜਦੇ ਹਾਲਾਤਾਂ ਤੋਂ ਵੀ ਖ਼ੂਬ ਜਾਣੂ ਕਰਾਇਆ ਹੈ। ਜਦੋਂ ਕਬੀਰ ਜੀ ਆਖਦੇ ਹਨ ਜਿੱਥੇ ਅਸਲ, ਸੱਚਾ ਗਿਆਨ ਹੋਵੇ ਉਥੇ ਹੀ ਧਰਮ ਹੁੰਦਾ ਹੈ, ਜਿੱਥੇ ਝੂਠ ਹੋਵੇ ਉਥੇ ਪਾਪ ਫੈਲਦਾ ਹੈ, ਜਿੱਥੇ ਲੋਭ ਹੋਵੇ ਉਥੇ ਕਾਲ ਹਾਵੀ ਹੁੰਦਾ ਹੈ ਅਤੇ ਜਿਸ ਵਿਅਕਤੀ ਵਿਚ ਖਿਮਾ ਕਰਨ ਦਾ ਗੁਣ ਹੋਵੇ ਉਥੇ ਪ੍ਰਭੂ ਆਪ ਹਾਜ਼ਰ ਰਹਿੰਦਾ ਹੈ :

ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ॥
ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ॥

(ਸਲੋਕ, ਕਬੀਰ, ਪੰਨਾ-1372)

**ਸਾਦਾ ਜੀਵਨ ਜਿਉਣ ਅਤੇ ਸੁਕ੍ਰਿਤ ਕਰਨ ਦੀ ਪ੍ਰੇਰਨਾ :** ਭਗਤ ਬਾਣੀਕਾਰਾਂ ਨੇ ਇਕ ਚੰਗਾ ਜੀਵਨ ਜਿਉਣ ਲਈ ਜੀਵਨ ਦੀਆਂ ਮੁੱਢਲੀਆਂ ਲੋੜਾਂ, ਥੁੜ੍ਹਾਂ ਨੂੰ ਪੂਰੀਆਂ ਕਰਨ ਤੋਂ ਇਨਕਾਰ ਨਹੀਂ ਕੀਤਾ, ਸਗੋਂ ਉਹ ਖ਼ੁਦ ਰੋਜ਼ਾਨਾ ਵਰਤੋਂ ਦੀਆਂ ਵਸਤਾਂ ਲੂਣ, ਘਿਉ, ਦਾਲ, ਆਟਾ, ਗਊ, ਮੰਜੀ, ਬਿਸਤਰਾ ਆਦਿ ਦੇ ਨਾਲ-ਨਾਲ ਇਕ ਚੰਗੀ ਜੀਵਨ-ਸਾਥਣ ਦੀ ਮੰਗ ਵੀ ਪ੍ਰਭੂ ਅੱਗੇ ਰੱਖਦੇ ਹਨ ਪਰੰਤੂ ਲੋੜੋਂ ਵੱਧ ਧਨ, ਪਦਾਰਥ ਨੂੰ ਇਕੱਠਾ ਕਰਨ, ਬਿਨਾਂ ਕਿਰਤ ਕੀਤਿਆਂ ਲੋਕਾਂ ਦਾ ਖ਼ੂਨ ਪੀ ਕੇ ਐਸ਼ੋ-ਆਰਾਮ ਵਾਲਾ ਜੀਵਨ ਗੁਜ਼ਾਰਨ, ਪੇਟ ਭਰਕੇ ਭੋਜਨ ਕਰਨ ਅਤੇ ਸੁਆਦ ਹਿੱਤ ਕੀਤੀ ਜੀਵ-ਹੱਤਿਆ ਆਦਿ ਦਾ ਸਖ਼ਤ ਵਿਰੋਧ ਕਰਦੇ ਹੋਏ[11] ਸਾਦੀ, ਰੁੱਖੀ ਸੁੱਖੀ ਰੋਟੀ ਖਾਣ ਅਤੇ ਠੰਢਾ ਪਾਣੀ ਪੀਣ ਦਾ ਉਪਦੇਸ਼ ਦਿੰਦੇ ਹਨ :

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥੨੯॥

(ਸਲੋਕ, ਕਬੀਰ, ਪੰਨਾ-1379)

ਬਾਣੀਕਾਰਾਂ ਅਨੁਸਾਰ ਸਦਾ ਲੋੜਾਂ, ਥੁੜ੍ਹਾਂ ਦੀ ਚਿੰਤਾ ਵਿਚ ਹੀ ਨਹੀਂ ਪਏ ਰਹਿਣਾ ਚਾਹੀਦਾ ਕਿਉਂਕਿ ਪ੍ਰਭੂ ਸਭ ਦੀ ਸੰਭਾਲ ਕਰਨ ਵਾਲਾ ਹੈ, ਉਸ ਨੂੰ ਸਭ ਦੀ ਚਿੰਤਾ ਹੈ, ਉਹ ਸੁੱਕੀ ਲੱਕੜੀ ਵਿੱਚ, ਜਲ ਵਿਚ ਜੀਵ-ਜੰਤੂ ਪੈਦਾ ਕਰਕੇ ਉਥੇ ਵੀ ਰੋਜ਼ੀ ਪਹੁੰਚਾਉਂਦਾ ਹੈ :

ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ॥

ਜਲ ਮਹਿ ਜੰਤ ਉਪਾਇਅਨੁ ਤਿਨ ਭਿ ਰੋਜੀ ਦੇਇ॥

(ਰਾਮਕਲੀ, ਮਹਲਾ 2, ਪੰਨਾ-955)

ਇਸ ਲਈ ਚਿੰਤਾ ਕਰਨ ਦੀ ਬਜਾਏ ਮਨੁੱਖ ਨੂੰ ਹਮੇਸ਼ਾ ਉੱਦਮ ਵਿਚ ਲੱਗੇ ਰਹਿਣਾ ਚਾਹੀਦਾ ਹੈ।ਸਾਰੇ ਬਾਹਰੀ ਕਰਮਕਾਂਡਾਂ, ਭੇਖਾਂ ਦੀ ਥਾਂ ਮੂੰਹ ਨਾਲ ਪਰਮਾਤਮਾ ਦਾ ਨਾਂ ਸਿਮਰਦੇ ਹੋਏ ਚਿੱਤ ਨਿਰੰਜਨ ਨਾਲ ਰੱਖਦੇ ਹੋਏ ਹੱਥਾਂ ਨਾਲ ਕਿਰਤ ਕਰਨੀ ਚਾਹੀਦੀ ਹੈ :

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਾਲਿ॥

ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥੨੧੩॥

(ਸਲੋਕ, ਕਬੀਰ, ਪੰਨਾ-1376)

ਕਬੀਰ ਜੀ ਆਖਦੇ ਹਨ ਕਿ ਕਿਸੇ ਦੇ ਘਰ ਕੀ ਹੈ? ਵੱਧ ਹੈ ਜਾਂ ਘੱਟ ਹੈ? ਇਸ ਵਾਦ-ਵਿਵਾਦ, ਗਿਲੇ-ਸ਼ਿਕਵਿਆਂ ਵਿਚ ਪੈਣ ਦੀ ਬਜਾਏ ਸੁਕ੍ਰਿਤ ਕਰਕੇ ਹਾਸਿਲ ਕਰਨ ਦਾ ਉੱਦਮ ਹੀ ਕਰਨਾ ਚਾਹੀਦਾ ਹੈ :

ਅਹਿਰਖ ਵਾਦੁ ਨ ਕੀਜੈ ਰੇ ਮਨ॥

ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ॥੧॥ਰਹਾਉ॥

(ਆਸਾ, ਕਬੀਰ, ਪੰਨਾ-479)

**ਸ਼ੁਭ ਅਵਸਰ ਜਾਂ ਮੌਕਾ ਸੰਭਾਲਣਾ :** ਭਗਤ ਬਾਣੀਕਾਰਾਂ ਨੇ ਮਨੁੱਖਾ-ਜਨਮ ਨੂੰ ਅਨਮੋਲ ਦੱਸਿਆ ਹੈ। ਮਨੁੱਖ ਜਨਮ ਇਕ ਉਹ ਅਵਸਰ ਜਾਂ ਮੌਕਾ ਹੈ ਜਦੋਂ ਮਨੁੱਖ ਆਪਣੇ ਜੀਵਨ ਨੂੰ ਆਪਣੀ ਸੋਚ, ਵੀਚਾਰ ਵਾਲੀ ਬੁੱਧੀ, ਗਿਆਨ ਸਦਕਾ ਸਾਰਥਕ ਪਾਸੇ ਲਗਾ ਸਕਦਾ ਹੈ।[12] ਉਨ੍ਹਾਂ ਅਨੁਸਾਰ ਮਨੁੱਖਾ-ਦੇਹੀ ਨੂੰ ਦੇਵਤੇ ਵੀ ਤਰਸਦੇ ਹਨ[13] ਪਰੰਤੂ ਮਨੁੱਖ ਆਪਣੇ ਅਸਲ ਜੀਵਨ-ਉਦੇਸ਼ ਬਾਰੇ ਕਦੇ ਵੀਚਾਰ ਹੀ ਨਹੀਂ ਕਰਦਾ ਤੇ ਹੀਰੇ ਵਰਗਾ ਅਨਮੋਲ ਜਨਮ ਕਉਡੀ (ਖੋਟੇ ਸਿੱਕੇ ਭਾਵ ਬੇਅਰਥ ਕਾਰਜਾਂ ਵਿੱਚ) ਬਦਲੇ ਗੁਆ ਦਿੰਦਾ ਹੈ। ਜਿਵੇਂ ਫਲ ਪੱਕ ਕੇ ਧਰਤੀ 'ਤੇ ਗਿਰਦਾ ਤੇ ਮੁੜ ਡਾਲੀ (ਟਾਹਣੀ) ਨਾਲ ਨਹੀਂ ਲੱਗਦਾ, ਇਵੇਂ ਹੀ ਇਹ ਮਾਨਸ ਜਨਮ ਵੀ ਵਾਰ-ਵਾਰ ਨਹੀਂ ਮਿਲਦਾ :

ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥

ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥੩੦॥

(ਸਲੋਕ, ਕਬੀਰ, ਪੰਨਾ-1366)

ਇਸ ਲਈ ਕਬੀਰ ਜੀ ਆਖਦੇ ਹਨ ਕਿ ਜਿਹੜਾ ਕੰਮ ਤੂੰ (ਭਵਿੱਖ ਵਿੱਚ) ਕੱਲ੍ਹ ਕਰਨਾ ਹੈ, ਉਹ ਅੱਜ (ਹੁਣੇ) ਹੀ ਕਰ ਲੈ ਅਤੇ ਜੋ ਕੰਮ ਹੁਣ ਕਰਨਾ ਹੈ ਉਹ ਤੁਰੰਤ ਹੀ ਕਰ ਲੈ ਕਿਉਂਕਿ ਜਦੋਂ ਸਿਰ 'ਤੇ ਕਾਲ ਆ ਕੇ ਖੜ ਜਾਵੇ ਤਾਂ ਫਿਰ ਕੁੱਝ ਹੱਥ ਨਹੀਂ ਆਉਂਦਾ :

ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ॥
ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲੁ॥੧੩੮॥

(ਸਲੋਕ, ਕਬੀਰ, ਪੰਨਾ-1371)

**ਔਖੇ ਮਾਰਗ ਪਾਰ ਕਰਨਾ :** ਭਗਤ ਬਾਣੀਕਾਰ ਮਨੁੱਖ ਨੂੰ ਜੀਵਨ ਦੇ ਸੱਚਾਈ ਵਾਲੇ ਔਖੇ ਮਾਰਗ ਪਾਰ ਕਰਨ ਦੀ ਹਿੰਮਤ ਰੱਖਣ ਦੀ ਪ੍ਰੇਰਨਾ ਦਿੰਦੇ ਹਨ। ਉਨ੍ਹਾਂ ਅਨੁਸਾਰ ਵਿਕਾਰਾਂ ਵੱਲ ਭੱਜਦੇ ਮਨ ਨੂੰ ਰੋਕਣ ਅਤੇ ਵਿਕਾਰਾਂ ਦੀ ਦੁਹਾਈ ਪਾਉਂਦੇ ਤਨ, ਮਨ ਦੀ ਆਵਾਜ਼ ਸੁਣਨ ਦੀ ਬਜਾਏ ਕੰਨਾ ਵਿਚ ਬੁੱਜੇ ਦੇ ਲੈਣੇ ਚਾਹੀਦੇ ਹਨ ਭਾਵ ਤਨ, ਮਨ ਦੀਆਂ ਗ਼ਲਤ, ਵਿਕਾਰੀ ਪ੍ਰਵਿਰਤੀਆਂ ਪਿੱਛੇ ਨਹੀਂ ਦੌੜਨਾ ਚਾਹੀਦਾ ਚਾਹੇ ਜਿੰਨਾ ਮਰਜ਼ੀ ਤਰ੍ਹਾਂ ਤਰ੍ਹਾਂ ਦੀਆਂ ਕਾਮਨਾਵਾਂ, ਇੱਛਾਵਾਂ ਖਿੱਚ ਪਾਉਂਦੀਆਂ ਰਹਿਣ :

ਫਰੀਦਾ ਇਹੁ ਤਨੁ ਭਉਕਣਾ ਨਿਤ ਨਿਤ ਦੁਖੀਐ ਕਉਣੁ॥
ਕੰਨੀ ਬੁਜੇ ਦੇ ਰਹਾਂ ਕਿਤੀ ਵਗੈ ਪਉਣੁ॥੯੮॥

(ਸਲੋਕ, ਸ਼ੇਖ਼ ਫ਼ਰੀਦ, ਪੰਨਾ-1382)

ਇਵੇਂ ਹੀ ਉਹ ਮਨੁੱਖ ਨੂੰ ਜੀਵਨ ਦੀਆਂ ਕਠਿਨਾਈਆਂ ਨਾਲ ਨਜਿੱਠਣ ਦੀ ਪ੍ਰੇਰਨਾ ਦਿੰਦੇ ਹਨ ਕਿ ਬਾਹਰੀ ਦੁੱਖ, ਦਰਦ ਆਦਿ ਸਮੱਸਿਆਵਾਂ ਕਿਸੇ ਇਕ ਇਨਸਾਨ ਦੀ ਜ਼ਿੰਦਗੀ ਵਿਚ ਨਹੀਂ ਆਉਂਦੀਆਂ, ਸਗੋਂ ਹਰ ਇਨਸਾਨ ਅਤੇ ਹਰ ਘਰ ਵਿਚ ਵਿਭਿੰਨ ਦੁੱਖਾਂ, ਕਸ਼ਟਾਂ ਦੀ ਅੱਗ ਬਰਾਬਰ ਬਲ ਰਹੀ ਹੁੰਦੀ ਹੈ।[14] ਪਰੰਤੂ ਜੋ ਅਜਿਹੇ ਕਸ਼ਟਮਈ ਜੀਵਨ ਨੂੰ ਸਹਿਜ ਰੱਖਦਾ ਹੋਇਆ ਸੱਚਾਈ ਦੇ ਔਖੇ, ਖੰਡੇ ਨਾਲੋਂ ਵੀ ਤਿੱਖੇ ਮਾਰਗ 'ਤੇ ਚੱਲਦਾ ਹੈ, ਉਹ ਆਪਣੇ ਜੀਵਨ ਦੀ ਉਸ ਮੰਜ਼ਿਲ, ਅਵਸਥਾ ਜਾਂ ਨਗਰੀ ਦਾ ਵਾਸੀ ਬਣਦਾ ਹੈ ਜਿੱਥੇ ਪੁੱਜਕੇ ਦੁੱਖ-ਸੁੱਖ, ਮਾਨ-ਅਪਮਾਨ ਦੋਵੇਂ ਬਰਾਬਰ ਹੋ ਜਾਂਦੇ ਹਨ ਅਤੇ ਉਸਦਾ ਮਨ ਚੌਥੀ ਅਵਸਥਾ ਵਿਚ ਟਿਕ ਜਾਂਦਾ ਹੈ :

ਵਾਟ ਹਮਾਰੀ ਖਰੀ ਉਡੀਣੀ॥ ਖੰਨਿਅਹੁ ਤਿਖੀ ਬਹੁਤੁ ਪਿਈਣੀ॥
ਉਸੁ ਊਪਰਿ ਹੈ ਮਾਰਗੁ ਮੇਰਾ॥ ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ॥੪॥੧॥

(ਸੂਹੀ, ਸ਼ੇਖ਼ ਫ਼ਰੀਦ, ਪੰਨਾ-794)

**ਸੱਚੇ ਮਾਰਗ 'ਤੇ ਬੇਪ੍ਰਵਾਹ ਹੋ ਕੇ ਚੱਲਣਾ :** ਭਗਤ ਸਾਹਿਬਾਨਾਂ ਨੇ ਭਗਤੀ ਮਾਰਗ 'ਤੇ ਚੱਲੇ ਸੱਚੇ ਭਗਤਾਂ, ਸੰਤਾਂ ਬਾਰੇ ਆਮ ਲੋਕਾਂ ਦੁਆਰਾ ਕੀਤੀਆਂ ਜਾਂਦੀਆ ਤਰ੍ਹਾਂ ਤਰ੍ਹਾਂ ਦੀਆਂ ਕਿਆਸਕਾਰੀਆਂ ਵੱਲੋਂ ਵੀ ਬੇਪ੍ਰਵਾਹ ਹੋ ਕੇ ਚੱਲਣ ਦੀ ਪ੍ਰੇਰਨਾ ਦਿੱਤੀ ਹੈ। ਉਨਾਂ ਅਨੁਸਾਰ ਪ੍ਰਵਾਹ ਹਮੇਸ਼ਾ ਸੱਚਾ

ਗਿਆਨ ਦੇਣ ਤੇ ਸੱਚ ਦਾ ਮਾਰਗ ਦਿਖਾਉਣ ਵਾਲੇ ਦੀ ਕਰਨੀ ਚਾਹੀਦੀ ਹੈ। ਜੋ ਚੰਗੇ ਮਾੜੇ ਦਾ ਫਰਕ ਹੀ ਨਾ ਜਾਣਦੇ ਹੋਣ, ਉਨ੍ਹਾਂ ਦੇ ਬੁਰਾ ਭਲਾ ਕਹਿਣ ਦੀ ਕਾਹਦੀ ਪ੍ਰਵਾਹ? ਭਗਤ ਕਬੀਰ ਜੀ ਸੱਚ ਦੀ ਖੋਜ, ਬ੍ਰਹਮ ਦੇ ਨਾਮ ਸਿਮਰਨ ਅਤੇ ਭਗਤੀ-ਪ੍ਰੇਮ ਵਿਚ ਅਭੇਦ ਹੋਏ ਆਖਦੇ ਹਨ ਕਿ ਜੇਕਰ ਲੋਕਾਂ ਨੂੰ ਮੈਂ ਮੰਦਾ ਲੱਗਦਾ ਹਾਂ ਤਾਂ ਮੇਰੇ ਨਾਲ ਕੋਈ ਸਾਂਝ ਨਾ ਰੱਖੇ, ਜੇ ਇਹ ਲੱਗਦਾ ਹੈ ਕਿ ਮੈਂ ਬੇਪਤ ਹਾਂ ਜਿਸਨੇ ਆਪਣੀ ਪਤ ਖੋ ਲਈ ਹੈ ਤਾਂ ਮੇਰੇ ਪਿੱਛੇ ਕੋਈ ਨਾ ਲੱਗੇ। ਅਸਲ ਇੱਜ਼ਤ, ਬੇਇਜ਼ੱਤੀ ਦਾ ਪਤਾ ਤਾਂ ਉਦੋਂ ਲੱਗੇਗਾ ਜਦੋਂ ਪ੍ਰਭੂ ਦੀ ਹਜ਼ੂਰੀ ਵਿਚ ਸੱਚ, ਝੂਠ ਦਾ ਨਿਤਾਰਾ ਹੋਵੇਗਾ।[15] ਅੱਗੇ ਕਬੀਰ ਜੀ ਫਿਰ ਆਖਦੇ ਹਨ ਕਿ ਚਲੋ ਇਹ ਹੀ ਠੀਕ ਹੈ ਕਿ ਮੈਂ ਬਉਰਾ (ਕਮਲਾ) ਹਾਂ। ਸਾਰੀ ਖਲਕ ਸਿਆਣੀ ਹੈ, ਜੇ ਮੈਂ ਬਿਗੜ ਗਿਆ ਹਾਂ ਤਾਂ ਮੇਰੇ ਪਿੱਛੇ ਲੱਗ ਕੇ ਕੋਈ ਹੋਰ ਨਾ ਬਿਗੜੇ। ਸੱਚ ਤਾਂ ਇਹ ਹੈ ਕਿ ਆਪਣੇ ਆਪ ਨੂੰ ਪਛਾਣ ਕੇ ਹੀ ਸੱਚੇ ਪ੍ਰਭੂ ਨੂੰ ਜਾਣਿਆ ਜਾ ਸਕਦਾ ਹੈ। ਜੇਕਰ ਪ੍ਰਭੂ ਦੇ ਪ੍ਰੇਮਮਈ ਰੰਗ ਵਿਚ ਹੁਣ (ਇਸ ਮਨੁੱਖਾ ਜਨਮ ਵਿੱਚ) ਨਾ ਮਸਤ ਹੋਏ ਤਾਂ ਫਿਰ ਕਦ ਉਸਦੇ, ਰੰਗ (ਮਸਤੀ) ਵਿਚ ਰੰਗਿਆ ਜਾਣਾ ਹੈ :

ਮੇਰੇ ਬਾਬਾ ਮੈ ਬਉਰਾ ਸਭ ਖਲਕ ਸੈਆਨੀ ਮੈ ਬਉਰਾ॥...
ਮੇਰੇ ਭਰਮਿ ਭੂਲਉ ਮਤਿ ਕੋਈ॥੩॥ ਸੋ ਬਉਰਾ ਜੋ ਆਪੁ ਨ ਪਛਾਨੈ॥
ਆਪੁ ਪਛਾਨੈ ਤ ਏਕੈ ਜਾਨੈ॥੪॥ਅਬਹਿ ਨ ਮਾਤਾ ਸੁ ਕਬਹੁ ਨ ਮਾਤਾ॥
ਕਹਿ ਕਬੀਰ ਰਾਮੈ ਰੰਗਿ ਰਾਤਾ॥੫॥੨॥

(ਬਿਲਾਵਲੁ, ਕਬੀਰ, ਪੰਨਾ-855)

ਇਸ ਤਰ੍ਹਾਂ ਭਾਵੇਂ ਖ਼ੁਦ ਭਗਤ ਸਾਹਿਬਾਨਾਂ ਨੇ ਭਗਤੀ ਦੇ ਇਸ ਮਾਰਗ 'ਤੇ ਸਮਾਜਕ ਤੌਰ 'ਤੇ ਬਹੁਤ ਕੁੱਝ ਸੁਣਿਆ ਪਰ ਉਹ ਆਪਣੇ ਆਪ ਦੀ ਅਤੇ ਅਸਲ ਤੱਤ ਦੀ ਪਛਾਣ ਕਰ ਚੁੱਕੇ ਸਨ। ਇਸ ਲਈ ਉਨ੍ਹਾਂ ਨੇ ਬੇਪ੍ਰਵਾਹ ਹੋ ਕੇ ਸੱਚੇ ਮਾਰਗ 'ਤੇ ਚਲਣ ਨੂੰ ਹੀ ਤਰਜੀਹ ਦਿੱਤੀ। ਸੱਚ ਦਾ ਮਾਰਗ ਇਕ ਅਜਿਹਾ ਮਾਰਗ ਹੈ ਜਿਸ 'ਤੇ ਚੱਲਣ ਵਾਲੇ ਭਾਵੇਂ ਲੱਖਾਂ ਕਸ਼ਟਾਂ ਦਾ ਸਾਹਮਣਾ ਕਰਦੇ ਹਨ ਪਰ ਉਨ੍ਹਾਂ ਦਾ ਇਕ ਸਿੱਦਕ ਹੀ ਸਾਰੀ ਲੋਕਾਈ ਨੂੰ ਅਸਲ ਤੱਤ ਦੀ ਪਛਾਣ ਕਰਨ ਦੇ ਸਮਰੱਥ ਬਣਾਉਂਦਾ ਹੈ ਅਤੇ ਇਕ ਦਿਨ ਸੱਚ ਦੇ ਮਾਰਗ 'ਤੇ ਚੱਲਣ ਵਾਲਿਆਂ ਦੀ ਸਾਰਾ ਜਹਾਨ ਉਸਤਤਿ ਕਰਦਾ ਹੈ। ਸੋ ਐਸੇ ਸੱਚੇ ਮਾਰਗ ਦੇ ਪਾਂਧੀਆਂ ਨੂੰ ਸਹਿਜੇ ਹੀ ਅਠਾਹਰ ਤੀਰਥਾਂ ਦਾ ਇਸ਼ਨਾਨ, ਸਾਰੇ ਪੁੰਨ, ਜੀਵਾਂ ਪ੍ਰਤੀ ਦਇਆ ਆਦਿ ਗੁਣਾਂ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਰੱਬ ਦੀ ਦਰਗਾਹ ਵਿਚ ਉਨ੍ਹਾਂ ਦੇ ਸੱਚੇ ਕਰਮ ਪ੍ਰਵਾਨ ਹੋ ਜਾਂਦੇ ਹਨ :

ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥
ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥... (ਮਾਝ, ਮਹਲਾ 5, ਪੰਨਾ-136)

**ਆਪੇ ਦੀ ਪੜਚੋਲ ਕਰਨੀ :** ਭਗਤ ਬਾਣੀਕਾਰਾਂ ਅਨੁਸਾਰ ਆਪਣੇ ਆਪ ਨੂੰ ਕਿਸੇ ਵੀ ਅਵਸਥਾ, ਪੱਧਰ ਉੱਤੇ ਕਦੇ ਪੂਰਨ ਗਿਆਨੀ, ਸਰਬਕਲਾ ਸਮਰੱਥਾ ਨਹੀਂ ਸਮਝਣਾ ਚਾਹੀਦਾ, ਸਗੋਂ ਹਰ ਵਕਤ, ਹਰ ਅਵਸਥਾ ਤੇ ਹਰ ਉੱਚੇ ਤੋਂ ਉੱਚੇ ਅਧਿਆਤਮਕ ਪੱਧਰ 'ਤੇ ਵੀ ਪੜਚੋਲਦੇ ਰਹਿਣਾ ਚਾਹੀਦਾ ਹੈ। ਆਪਣੇ ਆਪ ਨੂੰ ਨਿਮਾਣੇ ਔਗੁਣਹਾਰੇ ਜਾਣ ਕੇ ਪ੍ਰਭੂ ਅੱਗੇ ਇਹ ਹੀ ਬੇਨਤੀ ਕਰਨੀ ਚਾਹੀਦੀ ਹੈ[16] ਕਿ ਸਭ ਤੋਂ ਬੁਰਾ ਮੈਂ ਹੀ ਹਾਂ, ਮੈਨੂੰ ਛੱਡਕੇ ਸਾਰੇ ਭਲੇ ਪੁਰਸ਼ ਹਨ। ਕਬੀਰ ਜੀ ਆਖਦੇ ਹਨ ਕਿ ਜਿਸ ਨੇ ਅਜਿਹਾ ਕਰਕੇ ਸਮਝ ਲਿਆ, ਉਹ ਹੀ ਮੇਰਾ ਮਿੱਤਰ ਹੈ :

ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥
ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥੭॥

(ਸਲੋਕ, ਕਬੀਰ, ਪੰਨਾ-1364)

ਇਸੇ ਤਰ੍ਹਾਂ ਹੀ ਫ਼ਰੀਦ ਜੀ ਦੂਸਰਿਆਂ ਦੀਆਂ ਬੁਰਾਈਆਂ ਦੀ ਗਿਣਤੀ ਕਰਨ ਨਾਲੋਂ ਪਹਿਲਾਂ ਆਪਣੇ ਮਨ ਦੀ ਪੜਚੋਲ ਕਰਨ ਦੀ ਤਾਕੀਦ ਕਰਦੇ ਹਨ:

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾ ਕਰਿ ਦੇਖੁ॥੬॥

(ਸਲੋਕ, ਸ਼ੇਖ਼ ਫ਼ਰੀਦ, ਪੰਨਾ-1378)

**ਸਤਿਸੰਗਤ ਕਰਨੀ ਅਤੇ ਕੁਸੰਗਤ ਦਾ ਤਿਆਗ :** ਭਗਤ ਬਾਣੀਕਾਰ ਸੱਚੇ ਪੁਰਸ਼ਾਂ ਦੀ ਸੰਗਤ ਕਰਨ ਦੀ ਪ੍ਰੇਰਨਾ ਦਿੰਦੇ ਹੋਏ ਕੁਸੰਗਤ ਕਰਨ ਤੋਂ ਗੁਰੇਜ਼ ਕਰਨ ਲਈ ਆਖਦੇ ਹਨ। ਉਨ੍ਹਾਂ ਅਨੁਸਾਰ ਜਿਵੇਂ ਕਾਲੇ ਭਾਂਡੇ ਨੂੰ ਲੱਖ ਬਚਾਕੇ ਛੋਹੀਏ ਪਰ ਕਿਤੇ ਨਾ ਕਿਤੇ ਕੁੱਛ ਕਾਲਾ ਦਾਗ ਲੱਗ ਹੀ ਜਾਂਦਾ ਹੈ, ਇਵੇਂ ਹੀ ਸਾਕਤ ਦੀ ਸੰਗਤ ਆਪਣਾ ਕੁੱਝ ਨਾ ਕੁੱਝ ਪ੍ਰਭਾਵ ਜ਼ਰੂਰ ਛੱਡਦੀ ਹੈ। ਇਸ ਲਈ ਸਾਕਤ ਦੀ ਸੰਗਤ ਕਰਨ ਦੀ ਬਜਾਏ ਉਸਨੂੰ ਦੇਖਕੇ ਦੂਰੋਂ ਹੀ ਭੱਜ ਜਾਣਾ ਚਾਹੀਦਾ ਹੈ[17] ਕਿਉਂਕਿ ਮਨੁੱਖੀ ਮਨ ਪੰਛੀ ਦੀ ਤਰ੍ਹਾਂ ਹੈ। ਇਹ ਪੰਛੀ (ਮਨ) ਉਡ-ਉਡ (ਸੰਕਲਪਾਂ, ਵਿਕਲਪਾਂ ਦੀਆਂ ਉਡਾਰੀਆਂ ਲਾਉਂਦਾ) ਦਸਾਂ ਦਿਸ਼ਾਵਾਂ ਵਿਚ ਭਾਉਂਦਾ ਰਹਿੰਦਾ ਹੈ। ਇਸ ਮਨ-ਪੰਛੀ ਨੂੰ ਜਿੱਥੇ ਜੇਹੀ ਸੰਗਤ ਮਿਲਦੀ ਹੈ, ਉਥੇ ਉਸ ਸੰਗਤ ਵਰਗਾ ਹੀ ਫਲ ਖਾਂਦਾ ਹੈ :

ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ॥
ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥੮੬॥

(ਸਲੋਕ, ਕਬੀਰ, ਪੰਨਾ-1369)

ਬਾਣੀਕਾਰਾਂ ਨੇ ਸੱਚੇ ਸਾਧ, ਸੰਤਾਂ, ਗੁਰੂਆਂ ਦੀ ਸੰਗਤ ਵਿਚ ਪ੍ਰਭੂ-ਪ੍ਰੇਮ ਰੂਪੀ ਅੰਮ੍ਰਿਤ ਰਸ ਪੀਣ ਨੂੰ ਤਰਜੀਹ ਦਿੱਤੀ ਹੈ ਕਿਉਂਕਿ ਅਜਿਹੇ ਮਹਾਂਪੁਰਸ਼ਾਂ ਦੀ ਸੰਗਤ ਵਿਚ ਰਾਮ-ਨਾਮ ਦਾ ਜਾਪ ਕਰਨ ਵਾਲਾ ਗੁਰਮੁੱਖ ਰਾਮ ਦਾ ਹੀ ਰੂਪ ਹੋ ਜਾਂਦਾ ਹੈ :

ਪਾਰਸ ਕੈ ਸੰਗਿ ਤਾਂਬਾ ਬਿਗਰਿਓ॥ ਸੋ ਤਾਂਬਾ ਕੰਚਨੁ ਹੋਇ ਨਿਬਰਿਓ॥੩॥
ਸੰਤਨ ਸੰਗਿ ਕਬੀਰਾ ਬਿਗਰਿਓ॥ ਸੋ ਕਬੀਰੁ ਰਾਮੈ ਹੋਇ ਨਿਬਰਿਓ॥੪॥੫॥

(ਭੈਰਉ, ਕਬੀਰ, ਪੰਨਾ-1158)

ਕਬੀਰ ਜੀ ਅਨੁਸਾਰ ਸੱਚੇ ਗਿਆਨ ਦੀ ਸੋਝੀ ਉਸਨੂੰ ਹੀ ਪ੍ਰਾਪਤ ਹੁੰਦੀ ਹੈ ਜੋ ਆਪਣੇ ਮਨ ਵਿਚੋਂ ਸਾਰੇ ਭਰਮ, ਹਉਮੈ, ਵਡਿਆਈ ਨੂੰ ਦੂਰ ਕਰਕੇ ਬੈਠਦਾ ਹੈ। ਵਰਨਾ ਜਿਵੇਂ ਆਪਣੀ ਉਚਾਈ ਦੇ ਮਾਣ ਵਿਚ ਰਹਿਣ ਵਾਲਾ ਬਾਂਸ ਚੰਦਨ ਦੇ ਨੇੜੇ ਰਹਿਕੇ ਵੀ ਉਸਦੀ ਸੁਗੰਧੀ ਤੋਂ ਸੱਖਣਾ ਰਹਿ ਜਾਂਦਾ ਹੈ। ਇਹੋ ਹਾਲ ਹੀ ਸੰਗਤ ਵਿਚ ਬੈਠੇ ਵਿਕਾਰੀ ਮਨੁੱਖ ਦਾ ਹੁੰਦਾ ਹੈ :

ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ॥
ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ॥੧੨॥

(ਸਲੋਕ, ਕਬੀਰ, ਪੰਨਾ-1365)

**ਸਮਾਨਤਾ ਵਾਲੀ ਦ੍ਰਿਸ਼ਟੀ ਤੇ ਵਿਹਾਰ :** ਭਗਤ ਬਾਣੀਕਾਰਾਂ ਅਨੁਸਾਰ ਭਾਵੇਂ ਜਾਤ-ਪਾਤ ਜਾਂ ਸਮਾਜਕ ਤੌਰ 'ਤੇ ਲੋਕਾਂ ਨਾਲ ਭੇਦ-ਭਾਵ ਦਾ ਵਿਚਾਰ ਹੋਵੇ, ਭਾਵੇਂ ਉਸਤਤਿ, ਨਿੰਦਾ, ਮਾਨ, ਅਪਮਾਨ ਦੀ ਵੀਚਾਰ ਹੋਵੇ ਅਤੇ ਭਾਵੇਂ ਵਿਭਿੰਨ ਧਰਮਾਂ, ਧਾਰਮਿਕ ਗ੍ਰੰਥਾਂ ਬਾਰੇ ਵਿਚਾਰ ਹੋਵੇ, ਸਭ ਲਈ ਬਰਾਬਰੀ, ਸਮ-ਦ੍ਰਿਸ਼ਟੀ ਅਤੇ ਸਭ ਲੋਕਾਂ ਨਾਲ ਇਕੋ ਤਰ੍ਹਾਂ ਦਾ ਵਿਹਾਰ ਕਰਨਾ ਇਕ ਉੱਤਮ ਗੁਣ ਹੈ। ਭਗਤ ਬਾਣੀਕਾਰ ਰਾਜਨੀਤਕ ਤੌਰ 'ਤੇ ਸਮਾਜ ਵਿਚ ਅਜਿਹੇ ਪ੍ਰਸਾਸ਼ਨਿਕ-ਪ੍ਰਬੰਧ ਦੀ ਇੱਛਾ ਰੱਖਦੇ ਹਨ ਜਿੱਥੇ ਮਨੁੱਖ ਦੀ ਸਦਾ ਕਾਇਮ ਰਹਿਣ ਵਾਲੀ ਪਾਤਸ਼ਾਹੀ ਹੋਵੇ ਅਤੇ ਜਿੱਥੇ ਕਿਸੇ ਦਾ ਕੋਈ ਦੂਜਾ, ਤੀਜਾ ਭਾਵ ਮਨੁੱਖਾਂ ਦੇ ਵੱਡੇ-ਛੋਟੇ ਦਰਜੇ ਨਾ ਹੋਣ ਅਤੇ ਐਸੇ ਸ਼ਹਿਰ ਦੇ ਸਭ ਵਾਸੀ ਇਕੋ ਜਿਹਾ ਬਰਾਬਰੀ ਵਾਲਾ ਜੀਵਨ ਜਿਉਣ :

ਕਾਇਮੁ ਦਾਇਮੁ ਸਦਾ ਪਾਤਿਸਾਹੀ॥
ਦੋਮ ਨ ਸੇਮ ਏਕ ਸੋ ਆਹੀ॥...

(ਗਉੜੀ, ਰਵਿਦਾਸ, ਪੰਨਾ-345)

ਬਾਣੀਕਾਰਾਂ ਨੇ ਊਚ-ਨੀਚਤਾ ਦੇ ਭੇਦਭਾਵ ਨੂੰ ਜਨਮ ਜਾਤ ਨਾਲ ਨਹੀਂ ਜੋੜਿਆ, ਸਗੋਂ ਮਨੁੱਖ ਦੇ ਚੰਗੇ-ਮਾੜੇ ਕਰਮਾਂ ਨਾਲ ਜੋੜਦੇ ਹੋਏ ਉਦਾਹਰਨਾਂ ਪੇਸ਼ ਕਰਦੇ ਹਨ ਕਿ ਜਿਵੇਂ ਗੰਗਾਂ ਦੇ ਜਲ ਨਾਲ ਬਣਾਈ ਸ਼ਰਾਬ ਨੂੰ ਸੰਤ-ਜਨ ਨਹੀਂ ਪੀਂਦੇ, ਪਰ ਉਹੀ ਸ਼ਰਾਬ ਜਾਂ ਕੋਈ ਹੋਰ ਗੰਦਾ ਪਾਣੀ

ਗੰਗਾ ਵਿਚ ਮਿਲ ਜਾਵੇ ਤਾਂ ਵੱਖ ਨਹੀਂ ਰਹਿੰਦਾ, ਗੰਗਾ ਦਾ ਰੂਪ ਹੋ ਜਾਂਦਾ ਹੈ। ਜਿਵੇਂ ਅਪਵਿੱਤਰ ਮੰਨੇ ਜਾਂਦੇ ਤਾੜੀ ਦੇ ਬਿਰਛ ਤੋਂ ਬਣੇ ਕਾਗਜ਼ਾਂ ਉੱਤੇ ਜਦੋਂ ਪ੍ਰਭੂ ਦਾ ਨਾਮ ਉਕਰਿਆ ਜਾਂਦਾ ਹੈ ਤਾਂ ਲੋਕ ਉਨ੍ਹਾਂ ਕਾਗਜ਼ਾ ਦੀ ਪੂਜਾ ਕਰਦੇ ਹਨ, ਨਮਸਕਾਰਾਂ ਕਰਦੇ ਹਨ। ਇਵੇਂ ਹੀ ਪ੍ਰਭੂ ਦੀ ਭਗਤੀ ਕਰਨ ਵਾਲਾ ਨੀਵੀਂ ਜਾਤ ਦਾ ਭਗਤ ਆਪਣੇ ਪ੍ਰਭੂ-ਪ੍ਰੇਮ ਤੇ ਉੱਚੇ-ਸੁੱਚੇ ਕਰਮਾਂ ਸਦਕਾ ਪ੍ਰਭੂ ਵਿਚ ਹੀ ਅਭੇਦ ਹੋ ਜਾਂਦਾ ਹੈ :

ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ॥
ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ॥੧॥
ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ॥
ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ॥੨॥

(ਮਲਾਰ, ਰਵਿਦਾਸ, ਪੰਨਾ-1293)

ਧਾਰਮਿਕ ਦ੍ਰਿਸ਼ਟੀ ਤੋਂ ਭਗਤ ਬਾਣੀ ਵਿਚ ਸਾਰੇ ਧਰਮਾਂ ਤੇ ਧਾਰਮਿਕ ਗ੍ਰੰਥਾਂ ਦੀ ਵੀਚਾਰ ਕਰਨ ਨੂੰ ਪ੍ਰਵਾਨ ਕਰਦੇ ਹੋਏ ਅਨੇਕਤਾ ਵਿਚ ਏਕਤਾ ਦਾ ਸੰਦੇਸ਼ ਦਿੱਤਾ ਗਿਆ ਹੈ। ਬਾਣੀਕਾਰਾਂ ਅਨੁਸਾਰ ਵਿਭਿੰਨ ਧਰਮਾਂ ਦੇ ਗ੍ਰੰਥ ਕਦੇ ਝੂਠੇ ਨਹੀਂ ਹੁੰਦੇ, ਸਗੋਂ ਉਨ੍ਹਾਂ ਗ੍ਰੰਥਾਂ ਦੀ ਵੀਚਾਰ ਨਾ ਕਰਨ ਵਾਲੇ ਹੀ ਝੂਠੇ ਹੁੰਦੇ ਹਨ :

ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥

(ਪ੍ਰਭਾਤੀ, ਕਬੀਰ, ਪੰਨਾ-1350)

ਭਾਵੇਂ ਹਰੀ ਨੂੰ ਪਾਉਣ ਦੇ ਮਾਰਗ (ਧਰਮ) ਵੱਖਰੇ ਹੋਣ, ਪਰੰਤੂ ਭਗਤ ਸਾਹਿਬਾਨਾਂ ਨੇ ਲੋਕਾਂ ਅੱਗੇ ਇਕ ਨਿਰਗੁਣ, ਅਗਮ, ਅਗੋਚਰ, ਅਲੱਖ ਹਰੀ ਦਾ ਸੰਕਲਪ ਪੇਸ਼ ਕੀਤਾ। ਉਹ ਹਰੀ ਜਿੱਥੇ ਨਿਰਅਕਾਰ ਹੈ ਉਥੇ ਸਾਰੀ ਸ੍ਰਿਸ਼ਟੀ ਉਸਦਾ ਰੂਪ ਹੈ, ਉਹ ਸ੍ਰਿਸ਼ਟੀ ਵਿਚ ਨਿਵਾਸ ਕਰਦਾ ਹੋਇਆ ਸਭ ਤਰ੍ਹਾਂ ਦੇ ਜੀਵਾਂ ਵਿਚ ਨਿਵਾਸ ਕਰਦਾ ਹੈ। ਇਸੇ ਵਿਚਾਰ ਅਧੀਨ ਭਗਤ ਬਾਣੀਕਾਰਾਂ ਨੇ ਸਾਰੀ ਮਨੁੱਖਤਾ ਵਿਚ ਏਕਤਾ, ਪ੍ਰੇਮ-ਭਾਵ ਪੈਦਾ ਕਰਨ ਤੇ ਊਚ-ਨੀਚਤਾ ਦੇ ਭੇਦਭਾਵ ਨੂੰ ਮਿਟਾਉਣ ਦੇ ਪੁਰਜ਼ੋਰ ਯਤਨ ਕੀਤੇ :

ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥੧॥

(ਪ੍ਰਭਾਤੀ, ਕਬੀਰ, ਪੰਨਾ-1349)

ਬਾਣੀਕਾਰਾਂ ਅਨੁਸਾਰ ਸਮੁੱਚੀ ਮਾਨਵਤਾ ਪ੍ਰਤੀ ਇਹ ਸਮਾਨਤਾ ਵਾਲਾ ਵਿਹਾਰ ਕਰਨ ਦਾ ਗੁਣ ਤਾਂ ਹੀ ਪੈਦਾ ਹੁੰਦਾ ਹੈ ਜਦੋਂ ਮਨੁੱਖ ਸਰਬ-ਵਿਆਪਕ ਪ੍ਰਭੂ ਦੀ ਪਛਾਣ ਕਰ ਲੈਂਦਾ ਹੈ ਜਿਸ ਗੁਣ ਨਾਲ ਵੈਰੀ, ਮਿੱਤਰ ਬਣ ਜਾਂਦੇ ਹਨ ਅਤੇ ਮਨੁੱਖ ਸਾਕਤਾਂ ਵਾਲੇ ਕਰਮ ਛੱਡਕੇ ਗੁਰਮੁਖ ਬਣ ਜਾਂਦਾ ਹੈ :

ਬੈਰੀ ਉਲਟਿ ਭਏ ਹੈ ਮੀਤਾ॥ ਸਾਕਤ ਉਲਟਿ ਸੁਜਨ ਭਏ ਚੀਤਾ॥...

ਕਹੁ ਕਬੀਰ ਸੁਖਿ ਸਹਜਿ ਸਮਾਵਉ॥ਆਪਿ ਨ ਡਰਉ ਨ ਅਵਰ ਡਰਾਵਉ॥੩॥੧੭॥

(ਗਉੜੀ, ਕਬੀਰ, ਪੰਨਾ-326-327)

**ਅਟੁੱਟ ਤੇ ਸੱਚਾ ਸਬੰਧ:** ਭਗਤ ਬਾਣੀ ਵਿਚ ਭਾਵੇਂ ਸੰਸਾਰਿਕ ਰਿਸ਼ਤਿਆਂ ਤੋਂ ਉੱਪਰ ਸੱਚਾ ਤੇ ਅਟੁੱਟ ਰਿਸ਼ਤਾ ਮਨੁੱਖ ਦਾ ਪ੍ਰਭੂ ਨਾਲ ਸਿਰਜਿਆ ਗਿਆ ਹੈ ਅਤੇ ਇਸ ਸੰਬੰਧ ਦੇ ਬਰਾਬਰ ਸਭ ਰਿਸ਼ਤੇ-ਨਾਤੇ ਸੁਅਰਥੀ, ਬਿਨਸਨਹਾਰ ਦੱਸੇ ਗਏ ਹਨ ਪਰੰਤੂ ਇਸਦੇ ਨਾਲ ਹੀ ਉਨ੍ਹਾਂ ਨੇ ਗ੍ਰਹਿਸਥ ਤਿਆਗ ਦਾ ਸੰਦੇਸ਼ ਨਹੀਂ, ਸਗੋਂ ਗ੍ਰਹਿਸਥ ਧਾਰਨ ਦਾ ਸੰਦੇਸ਼ ਦਿੱਤਾ। ਭਗਤ ਬਾਣੀਕਾਰਾਂ ਦੁਆਰਾ ਅਧਿਆਤਮਕ ਅਰਥਾਂ ਵਿਚ ਆਤਮਾ ਤੇ ਪਰਮਾਤਮਾ ਦੇ ਸਦੀਵੀ ਸੰਬੰਧ ਨੂੰ ਪ੍ਰਗਟ ਕਰਨ ਦੇ ਨਾਲ-ਨਾਲ ਸਮਾਜਕ ਰਿਸ਼ਤਿਆਂ ਦੇ ਖਰੇ, ਖੋਟੇ ਦੀ ਪਛਾਣ ਤੇ ਰਿਸ਼ਤਿਆਂ ਨੂੰ ਨਿਭਾਉਣ ਦੀ ਵੀ ਪ੍ਰੇਰਨਾ ਮਿਲਦੀ ਹੈ। ਉਹ ਕਈ ਵਾਰ ਤਾਂ ਨਿਰੋਲ ਆਤਮਾ ਤੇ ਪਰਮਾਤਮਾ ਦੇ ਸਦੀਵੀ ਜੋੜ (ਮੇਲ) ਦੀ ਗੱਲ ਕਰਦੇ ਹਨ ਅਤੇ ਕਈ ਵਾਰ ਨਿਰੋਲ ਦੁਨਿਆਵੀ ਚੰਗੇ, ਮਾੜੇ ਸੱਜਣ (ਮਿੱਤਰਾਂ), ਪਤੀ-ਪਤਨੀ, ਮਾਂ-ਪੁੱਤਰ, ਪਿਉ-ਪੁੱਤਰ ਆਦਿ ਦੇ ਸੰਬੰਧਾਂ ਵਿਚਲੀ ਪਕਿਆਈ ਨੂੰ ਦ੍ਰਿੜ ਕਰਦੇ ਹਨ ਅਤੇ ਕਈ ਵਾਰੀ ਉਨ੍ਹਾਂ ਦੇ ਇਕੋ ਸ਼ਬਦ ਜਾਂ ਪੰਕਤੀਆਂ ਤੋਂ ਅਧਿਆਤਮਕ ਤੇ ਸਮਾਜਕ ਦੋਵੇਂ ਤਰ੍ਹਾਂ ਦੇ ਅਰਥਾਂ ਨੂੰ ਦੇਖਿਆ ਜਾ ਸਕਦਾ ਹੈ। ਅਧਿਆਤਮਕ ਤੇ ਸਮਾਜਕ ਧਰਾਤਲ 'ਤੇ ਵਿਚਰਦੇ ਫ਼ਰੀਦ ਜੀ ਆਖਦੇ ਹਨ ਕਿ ਜਿੱਥੇ ਕਿਸੇ ਦੇ ਮਨ ਅੰਦਰ (ਰੱਬ ਦੀ ਬੰਦਗੀ ਕਰਦਿਆਂ ਇਵਜ਼ਾਨੇ ਵਜੋਂ) ਕੋਈ ਲਾਲਚ ਹੈ ਤਾਂ ਉਸ ਦਾ ਸੱਜਣ, ਮਿੱਤਰ (ਰੱਬ) ਨਾਲ ਪਿਆਰ ਕਾਹਦਾ? ਜਦੋਂ ਕਿ ਲਾਲਚ ਹਿੱਤ ਕੀਤਾ ਗਿਆ ਮੋਹ ਝੂਠਾ ਹੁੰਦਾ ਹੈ ਜੋ ਗਰਜ਼ ਪੂਰੀ ਨਾ ਹੋਣ 'ਤੇ ਜਲਦੀ ਹੀ ਟੁੱਟ ਜਾਂਦਾ ਹੈ।[18] ਇਵੇਂ ਹੀ ਉਹ ਘਰ ਆਏ ਸੱਜਣਾਂ, ਸੰਬੰਧੀਆਂ ਤੋਂ ਮੂੰਹ ਫੇਰਨ ਅਤੇ ਕੁੱਝ ਲੁਕਾ ਕੇ ਰੱਖਣ ਦੀ ਬਜਾਏ ਮਹਿਮਾਨ ਦੀ ਸੇਵਾ ਕਰਨ ਦੀ ਪ੍ਰੇਰਨਾ ਦਿੰਦੇ ਹਨ :

ਫਰੀਜਾ ਜੇ ਮੈ ਹੋਦਾ ਵਾਰਿਆ ਮਿਤਾ ਆਇੜਿਆਂ॥

ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ॥੨੨॥

(ਸਲੋਕ, ਸ਼ੇਖ਼ ਫ਼ਰੀਦ, ਪੰਨਾ-1379)

ਉਨ੍ਹਾਂ ਅਨੁਸਾਰ ਗੱਲਾਂ ਨਾਲ ਪਤਿਆਉਣ ਵਾਲੇ ਤਾਂ ਵੀਹ ਮਿੱਤਰ ਮਿਲ ਜਾਂਦੇ ਹਨ ਪਰ ਖੋਜ (ਭਾਲ) ਕੀਤਿਆਂ, ਸੱਚਾ ਮਿੱਤਰ ਇਕ ਵੀ ਨਹੀਂ ਲੱਭਦਾ। ਫਰੀਦ ਜੀ ਫਰਮਾਉਂਦੇ ਹਨ ਕਿ ਸੱਚੇ ਸੰਬੰਧੀ, ਮਿੱਤਰ, ਸਤਿਸੰਗੀ ਬਿਨਾਂ ਤਾਂ ਮੈਂ ਧੁਖ਼ਦੀ ਸਿਲ੍ਹੀ (ਸੁੱਕੇ ਗੋਹੇ ਦਾ ਚੂਰਾ) ਵਾਂਗ ਹਾਂ ਜੋ ਅੰਦਰ ਹੀ ਅੰਦਰ ਦੁਖੀ ਰਹਿੰਦੀ ਹੈ :

ਫਰੀਦਾ ਗਲੀ ਸੁ ਸਜਣ ਵੀਹ ਇਕੁ ਢੂੰਢੇਦੀ ਨ ਲਹਾਂ॥

ਧੁਖਾਂ ਜਿਉ ਮਾਂਲੀਹ ਕਾਰਣਿ ਤਿੰਨ੍ਹਾਂ ਮਾ ਪਿਰੀ॥੮੭॥

(ਸਲੋਕ, ਸ਼ੇਖ਼ ਫ਼ਰੀਦ, ਪੰਨਾ-1382)

ਇਵੇਂ ਹੀ ਗੁਰੂ ਰਾਮਦਾਸ ਪੁੱਤਰ ਦੁਆਰਾ ਪਿਤਾ ਨਾਲ ਝਗੜਾ ਕਰਨ ਨੂੰ ਪਾਪ ਆਖਦੇ ਹੋਏ ਸਮਾਜ ਵਿਚ ਮਾਤਾ-ਪਿਤਾ ਦੇ ਸਤਿਕਾਰ ਦਾ ਪੱਖ ਪੂਰਦੇ ਲਿਖਦੇ ਹਨ :

ਕਾਹੇ ਪੂਤ ਝਗਰਤ ਹਉ ਸੰਗਿ ਬਾਪ॥

ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥੧॥ ਰਹਾਉ॥

(ਸਾਰੰਗ, ਮਹਲਾ 4, ਪੰਨਾ-1200)

ਗੁਰੂ ਅਮਰਦਾਸ ਪਤੀ ਪਤਨੀ ਦੇ ਰਿਸ਼ਤੇ ਵਿਚਲੀ ਪਕਿਆਈ ਬਾਰੇ ਲਿਖਦੇ ਹਨ ਕਿ ਇਕੱਠੇ ਬੈਠਣ ਵਾਲੇ ਪਤੀ-ਪਤਨੀ ਹੀ ਸੱਚੇ ਰਿਸ਼ਤੇ ਵਿਚ ਨਹੀਂ ਬੰਨ੍ਹੇ ਹੁੰਦੇ, ਸਗੋਂ ਜੋ ਦੋ ਸਰੀਰ ਹੁੰਦੇ ਹੋਏ ਆਤਮਾ ਤੋਂ ਇਕ ਜੋਤ ਹੁੰਦੇ ਹਨ, ਅਸਲ ਪਤੀ-ਪਤਨੀ ਤਾਂ ਉਨ੍ਹਾਂ ਨੂੰ ਹੀ ਆਖਿਆ ਜਾ ਸਕਦਾ ਹੈ :

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥

ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥੩॥

(ਸੂਹੀ, ਮਹਲਾ 3, ਪੰਨਾ-788)

ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦਾ ਵਿਚਾਰ ਹੈ ਕਿ ਸੰਬੰਧ ਭਾਵੇਂ ਆਤਮਾ ਤੇ ਪਰਮਾਤਮਾ ਦਾ ਹੋਵੇ, ਗੁਰੂ ਤੇ ਚੇਲੇ ਦਾ ਹੋਵੇ ਜਾਂ ਫਿਰ ਸੰਸਾਰਕ ਹੋਵੇ, ਆਪਣੇ ਪਿਆਰੇ ਲਈ ਦਿਲਾਂ ਵਿਚ ਸੱਚੀ ਮੁਹੱਬਤ ਪਾਲਣ ਵਾਲੇ ਹੀ ਕਹਿਣੀ ਤੇ ਕਰਨੀ ਵਿਚ ਦ੍ਰਿੜ ਤੇ ਸੱਚੇ ਮੰਨੇ ਜਾ ਸਕਦੇ ਹਨ ਪਰੰਤੂ ਜੋ ਮਨ ਵਿਚ ਤਾਂ ਕੁੱਝ ਹੋਰ ਰੱਖਦੇ ਹਨ ਤੇ ਜ਼ੁਬਾਨ ’ਤੇ ਕੁੱਝ ਹੋਰ ਹੋਣ, ਉਹ ਕਹਿਣੀ ਤੇ ਕਰਨੀ ਵਿਚ ਕੱਚੇ ਹੁੰਦੇ ਹਨ :

ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ॥

ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥੧॥

(ਆਸਾ, ਸ਼ੇਖ਼ ਫ਼ਰੀਦ, ਪੰਨਾ-488)

**ਜੀਵਾਂ ਅਤੇ ਬਨਸਪਤੀ ਪ੍ਰਤੀ ਦਇਆ ਭਾਵ :** ਭਗਤ ਬਾਣੀਕਾਰ ਮਨੁੱਖੀ-ਪ੍ਰੇਮ ਤੋਂ ਇਲਾਵਾ ਮਨੁੱਖਾਂ ਨੂੰ ਆਪਣੇ ਆਲੇ-ਦੁਆਲੇ ਦੇ ਜੀਵਾਂ, ਪਸ਼ੂਆਂ, ਪੰਛੀਆਂ ਤੇ ਬਨਸਪਤੀ ਆਦਿ ਪ੍ਰਤੀ ਵੀ ਦਇਆ ਭਾਵਨਾ ਰੱਖਣ ਦੀ ਪ੍ਰੇਰਨਾ ਦਿੰਦੇ ਹਨ।[19] ਉਹ ਧਰਮ-ਕਰਮ ਦੀ ਆੜ ਵਿਚ ਜੀਵਾਂ ਨੂੰ ਮਾਰਨ ਦਾ

ਸਖ਼ਤ ਵਿਰੋਧ ਕਰਦੇ ਹਨ। ਉਹ ਮਨੁੱਖ ਦੀਆਂ ਹਿੰਸਕ ਪ੍ਰਵਿਰਤੀਆਂ ਬਾਰੇ ਲਿਖਦੇ ਹੋਏ ਆਖਦੇ ਹਨ :

ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ॥
ਪਰਮਾਨੰਦ ਸਾਧਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ॥੩॥੧॥੬॥

(ਸਾਰੰਗ, ਪਰਮਾਨੰਦ, ਪੰਨਾ-1253)

ਕਬੀਰ ਜੀ ਸਾਕਤ ਮਨੁੱਖ ਦੀ ਕਰਨੀ 'ਤੇ ਵਿਅੰਗ ਕਰਦੇ ਹੋਏ ਪਸ਼ੂਆਂ ਵਿਚ ਪਾਏ ਜਾਂਦੇ ਕੁਦਰਤੀ ਸਕਾਰਾਤਮਿਕ ਪੱਖਾਂ ਨੂੰ ਦ੍ਰਿਸ਼ਟੀਗੋਚਰ ਕਰਦੇ ਹਨ ਕਿ ਸਾਕਤ ਮਨੁੱਖ ਨਾਲੋਂ ਤਾਂ ਸੂਰ ਹੀ ਚੰਗਾ ਹੈ ਜੋ ਸਾਰੇ ਪਿੰਡ ਦਾ ਗੰਦ-ਮੰਦ ਖਾ ਕੇ ਪਿੰਡ ਨੂੰ ਸਾਫ਼ ਰੱਖਦਾ ਹੈ :

ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ॥
ਉਹੁ ਸਾਕਤੁ ਬਪੁਰਾ ਮਰਿ ਗਇਆ ਕੋਇ ਨ ਲੈਹੈ ਨਾਉ॥੧੪੩॥

(ਸਲੋਕ, ਕਬੀਰ, ਪੰਨਾ-1372)

ਭਗਤ ਬਾਣੀ ਵਿਚ ਪਸ਼ੂ-ਪੰਛੀਆਂ ਪ੍ਰਤੀ ਦਇਆ ਭਾਵ ਪਾਲਣ ਦੇ ਨਾਲ-ਨਾਲ ਬਨਸਪਤੀ ਪ੍ਰਤੀ ਵੀ ਦਇਆ ਭਾਵ ਰੱਖਣ ਦੀ ਪ੍ਰੇਰਨਾ ਮਿਲਦੀ ਹੈ। ਹਿੰਦੂ ਧਰਮ ਵਿਚ ਮੂਰਤੀ ਪੂਜਾ ਲਈ ਕੀਤੇ ਜਾਂਦੇ ਧਾਰਮਿਕ ਕਰਮਕਾਂਡਾਂ ਅਧੀਨ ਨਿਰਜਿੰਦ (ਪੱਥਰ ਦੇ) ਦੇਵਤੇ ਦੀ ਪੂਜਾ ਲਈ ਚੜ੍ਹਾਏ ਜਾਣ ਵਾਲੇ ਫੁੱਲ, ਬੂਟੇ, ਪੱਤਿਆਂ ਵਿਚ ਜਾਨ ਦੱਸਦੇ ਹੋਏ, ਅਜਿਹੀ ਪੂਜਾ ਨੂੰ ਬੇਅਰਥ ਦੱਸਿਆ ਗਿਆ ਹੈ :

ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ॥
ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ॥੧॥

(ਆਸਾ, ਕਬੀਰ, ਪੰਨਾ-479)

ਉਪਰੋਕਤ ਵਿਚਾਰ ਅਧੀਨ ਆਲੇ-ਦੁਆਲੇ ਦੇ ਹਰੇ ਭਰੇ ਜੰਗਲ, ਬਿਰਖਾਂ ਨੂੰ ਕੱਟਣ ਵਾਲੇ ਲੁਹਾਰ ਨੂੰ ਸੰਬੋਧਿਤ ਹੁੰਦੇ ਫ਼ਰੀਦ ਜੀ ਆਖਦੇ ਹਨ :

ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ॥
ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ॥੪੩॥

(ਸਲੋਕ, ਸ਼ੇਖ਼ ਫ਼ਰੀਦ, ਪੰਨਾ-1380)

ਇਸ ਸਲੋਕ ਦੇ ਅਧਿਆਤਮਕ ਅਰਥ ਇਹ ਹਨ ਕਿ ਸੰਸਾਰ ਰੂਪੀ ਜੰਗਲ ਵਿਚ ਕੋਈ ਆਪਣਾ ਜੀਵਨ ਉਧਾਰ ਦੇ ਕੰਮਾਂ ਵਿਚ ਲਗਾਉਂਦਾ ਹੈ ਤੇ ਕੋਈ ਪਦਾਰਥਾਂ ਨੂੰ ਇਕੱਠੇ ਕਰਨ ਵਿਚ ਪਰੰਤੂ ਬਾਹਰੀ ਵਾਤਾਵਰਨਕ ਦ੍ਰਿਸ਼ਟੀ ਨੂੰ ਕੇਂਦਰ ਵਿਚ ਰੱਖਦਿਆਂ ਕਿਹਾ ਜਾ ਸਕਦਾ ਹੈ ਕਿ ਫ਼ਰੀਦ

ਜੀ ਲੋਹਾਰ ਨੂੰ ਆਖਦੇ ਹਨ ਕਿ ਐ ਲੋਹਾਰ! ਤੂੰ ਮੋਢੇ 'ਤੇ ਕੁਹਾੜਾ ਰੱਖ, ਸਿਰ 'ਤੇ ਪਾਣੀ ਦਾ ਘੜਾ ਰੱਖ ਜੰਗਲ ਵਿਚ ਬਿਰਖ ਕੱਟਣ, ਵੱਢਣ ਨੂੰ ਫਿਰਦਾ ਹੋਇਆ, ਅੰਗਿਆਰ (ਕੋਲੇ) ਲੱਭ ਰਿਹਾ ਹੈਂ ਪਰ ਮੈਂ ਉਸੇ ਜੰਗਲ ਵਿਚ ਆਪਣੇ ਸਹੁ (ਪ੍ਰੀਤਮ) ਦੀ ਪ੍ਰਾਪਤੀ ਲਈ ਆਇਆ ਹਾਂ ਭਾਵ ਮੈਨੂੰ ਸਾਰੀ ਕੁਦਰਤ ਵਿਚ ਉਸੇ ਪ੍ਰਭੂ-ਪ੍ਰੀਤਮ ਦੀ ਹੋਂਦ ਦਾ ਆਭਾਸ ਹੁੰਦਾ ਹੈ। ਜਦੋਂਕਿ ਤੈਨੂੰ ਆਪਣੇ ਸੁਆਰਥ ਲਈ ਲੱਕੜੀ ਕੱਟਣ, ਜਾਲਣ ਤੇ ਕੋਲਾ ਬਣਾਉਣ ਤੋਂ ਉਪਰ ਇਨ੍ਹਾਂ ਬਿਰਖਾਂ (ਬਨਸਪਤੀ) ਵਿਚੋਂ ਕੁੱਝ ਨਹੀਂ ਦਿਖਾਈ ਦਿੰਦਾ ਤੇ ਨਾ ਕੁੱਝ ਅਨੁਭਵ ਹੁੰਦਾ ਹੈ।

ਕੁਦਰਤ ਦੇ ਜੀਵ-ਜੰਤੂਆਂ ਵਿਚ ਬ੍ਰਹਮ ਦੀ ਇਕ-ਮਿਕਤਾ ਨੂੰ ਦਿੜਾਉਂਦੇ ਭਗਤ ਨਾਮਦੇਵ ਜੀ ਲਿਖਦੇ ਹਨ ਕਿ ਇਹ ਸੋਚਕੇ ਮੈਂ ਪ੍ਰਭੂ ਦੀ ਕਰਮਕਾਂਡੀ ਭਗਤੀ ਕਰਨ ਤੋਂ ਪਿੱਛੇ ਹਟ ਗਿਆ ਕਿ ਸਮੁੰਦਰ ਦੇ ਬਿਆਲੀ ਲੱਖ ਜੀਵਾਂ ਵਿਚ ਉਹ (ਪ੍ਰਭੂ) ਇਸ਼ਨਾਨ ਕਰ ਰਿਹਾ ਹੈ, ਭਵਰੇ ਦੇ ਰੂਪ ਵਿਚ ਫੁੱਲਾਂ ਦੀ ਖੁਸ਼ਬੂ ਲੈ ਰਿਹਾ ਹੈ, ਬਛਰੇ ਦੇ ਰੂਪ ਵਿਚ ਪਹਿਲਾਂ ਹੀ ਗਾਂ ਦਾ ਦੁੱਧ (ਖੀਰ) ਪੀ ਲੈਂਦਾ ਹੈ। ਸਾਰੇ ਸੰਸਾਰ ਵਿਚ ਏਧਰ, ਓਧਰ ਹਰ ਥਾਂ ਉਹ ਬ੍ਰਹਮ ਨਿਵਾਸ ਕਰ ਰਿਹਾ ਹੈ ਤਾਂ ਫਿਰ ਕੁਦਰਤੀ ਵਾਤਾਵਰਨ ਨਾਲ ਛੇੜ-ਛਾੜ ਕਰਨ ਦੀ ਕੀ ਲੋੜ ਹੈ :

ਈਭੈ ਬੀਠਲੁ ਉਭੈ ਬੀਠਲੁ ਬੀਠਲੁ ਬਿਨੁ ਸੰਸਾਰੁ ਨਹੀ॥
ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ॥੪॥੨॥

(ਆਸਾ, ਨਾਮਦੇਵ, ਪੰਨਾ-458)

**ਮੌਤ ਦੀ ਅਟੱਲਤਾ :** ਇਹ ਇਕ ਵਿਆਪਕ ਸੱਚਾਈ ਹੈ ਕਿ ਪੈਦਾ ਹੋਏ ਹਰ ਜੀਵ ਨੇ ਇਕ ਨ ਇਕ ਦਿਨ ਖ਼ਤਮ ਹੋਣਾ ਹੈ। ਇਹ ਸੰਸਾਰਿਕ ਜੀਵਨ ਥੋੜ੍ਹ ਚਿਰਾ ਤੇ ਨਾਸ਼ਵਾਨ ਹੈ ਪਰੰਤੂ ਮਨੁੱਖ ਅਕਸਰ ਇਸ ਸੱਚਾਈ ਨੂੰ ਭੁਲਾ ਛੱਡਦਾ ਹੈ। ਉਹ ਸੰਸਾਰ ਦੀ ਮੋਹ-ਮਾਇਆ ਵਿਚ ਗ੍ਰਸਤ ਹੁੰਦਾ ਹੋਇਆ ਆਪਣੇ ਅੰਦਰ ਕਈ ਤਰ੍ਹਾਂ ਦੇ ਔਗੁਣ ਪਾਲ ਲੈਂਦਾ ਹੈ ਜੋ ਔਗੁਣ ਜਾਂ ਵਿਕਾਰ ਉਸਦੇ ਆਪੇ ਲਈ ਹੀ ਨਹੀਂ, ਸਗੋਂ ਹੋਰਾਂ ਲਈ ਵੀ ਹਾਨੀਕਾਰਕ ਸਿਧ ਹੁੰਦੇ ਹਨ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਬਾਣੀ ਵਿਚ ਮੌਤ ਦੀ ਇਸੇ ਵਿਆਪਕ ਸੱਚਾਈ ਨੂੰ ਚੇਤੇ ਰੱਖਣ ਅਤੇ ਜੀਵਨ ਨੂੰ ਕਿਸੇ ਸਾਰਥਿਕ ਪਾਸੇ ਲਗਾਉਣ ਦਾ ਉਪਦੇਸ਼ ਦਿੱਤਾ। ਉਨ੍ਹਾਂ ਅਨੁਸਾਰ ਮਨੁੱਖ ਆਪਣੇ ਪਰਿਵਾਰ, ਸਕੇ-ਸਬੰਧੀਆਂ ਨਾਲ ਏਨਾ ਮੋਹ ਪਾ ਲੈਂਦਾ ਹੈ ਕਿ ਬਾਵਜੂਦ ਇਸਦੇ ਕਿ ਇਸ ਸੰਸਾਰ ਵਿਚ ਕਿਸੇ ਨੇ ਵੀ ਨਹੀਂ ਰਹਿਣਾ, ਫਿਰ ਵੀ ਕਿਸੇ ਆਪਣੇ ਦੀ ਮੌਤ 'ਤੇ ਰੋਂਦਾ-ਕੁਰਲਾਉਂਦਾ ਹੈ :

ਅਵਰ ਮੂਏ ਕਿਆ ਸੋਗੁ ਕਰੀਜੈ॥ ਤਉ ਕੀਜੈ ਜਉ ਆਪਨ ਜੀਜੈ॥੧॥
ਮੈ ਨ ਮਰਉ ਮਰਿਬੋ ਸੰਸਾਰਾ॥ਅਬ ਮੋਹਿ ਮਿਲਿਓ ਹੈ ਜੀਆਵਨਹਾਰਾ॥੧॥ਰਹਾਉ॥

(ਗਉੜੀ, ਕਬੀਰ, ਪੰਨਾ-325)

ਰਵਿਦਾਸ ਜੀ ਜੀਵਨ ਦੀ ਇਸ ਸੱਚਾਈ ਨੂੰ ਵੀ ਦ੍ਰਿਸ਼ਟੀਗੋਚਰ ਕਰਦੇ ਹਨ ਕਿ ਮਨੁੱਖ ਦਾ ਮਨੁੱਖ ਨਾਲ ਮੋਹ ਜਿਉਂਦੇ ਜੀਅ ਹੀ ਹੁੰਦਾ ਹੈ ਜਦੋਂ ਕਿ ਮਨੁੱਖ ਦੇ ਮਰਨ ਤੋਂ ਬਾਅਦ ਸਕੇ ਸਬੰਧੀ ਵੈਰਾਗ ਤਾਂ ਕਰਦੇ ਹਨ ਪਰ ਮੁਰਦਾ ਹੋਏ ਸਰੀਰ ਨੂੰ ਘਰ ਤੋਂ ਛੇਤੀ ਬਾਹਰ ਕੱਢਣ ਲਈ ਉਤਾਵਲੇ ਹੋ ਜਾਂਦੇ ਹਨ ਤੇ ਮਰਨ ਵਾਲੇ ਦੀ ਆਪਣੀ ਪਤਨੀ ਹੀ ਉਸਦੇ ਮੁਰਦਾ ਸਰੀਰ ਤੋਂ ਡਰਦੀ ਹੋਈ ਭੂਤ ਭੂਤ ਆਖਕੇ ਦੂਰ ਭੱਜਦੀ ਹੈ :

ਭਾਈ ਬੰਧ ਕੁਟੰਬ ਸਹੇਰਾ॥ ਓਇ ਭੀ ਲਾਗੇ ਕਾਢੁ ਸਵੇਰਾ॥੨॥

ਘਰ ਕੀ ਨਾਰਿ ਉਰਹਿ ਤਨ ਲਾਗੀ॥ ਉਹ ਤਉ ਭੂਤੁ ਭੂਤੁ ਕਰਿ ਭਾਗੀ॥੩॥

(ਸੂਹੀ, ਰਵਿਦਾਸ, ਪੰਨਾ-794)

ਜਦੋਂ ਕਿ ਅਸਲ ਸੱਚ ਮਨੁੱਖ ਅੱਗੇ ਸਦਾ ਇਸ ਰੂਪ ਵਿਚ ਸਾਖਸ਼ਾਤ ਰਹਿੰਦਾ ਹੈ ਕਿ ਉਸ ਤੋਂ ਪਹਿਲਾਂ ਉਸਨੂੰ ਜਨਮ ਦੇਣ ਵਾਲੇ ਉਸਦੇ ਮਾਪੇ ਵੀ ਚਲੇ ਗਏ ਹਨ ਪਰ ਮਨੁੱਖ ਫਿਰ ਵੀ ਇਹ ਨਹੀਂ ਸਮਝਦਾ ਕਿ ਮੈਂ ਵੀ ਚਲੇ ਜਾਣਾ ਹੈ :

ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ॥

ਤੈ ਪਾਸਹੁ ਓਇ ਲਦਿ ਗਏ ਤੂੰ ਅਜੇ ਨ ਪਤੀਣੋਹਿ॥੭੩॥

(ਸਲੋਕ, ਸ਼ੇਖ਼ ਫ਼ਰੀਦ, ਪੰਨਾ-1381)

ਫਰੀਦ ਜੀ ਫਰਮਾਉਂਦੇ ਹਨ ਕਿ ਮਨੁੱਖ ਦਾ ਅਸਲ ਘਰ ਤਾਂ ਗੋਰ (ਕਬਰ) ਹੈ। ਜਿੰਨਾ ਚਿਰ ਮਨੁੱਖ ਜਿਉਂਦਾ ਹੈ ਬੇਘਰਾ ਹੀ ਹੁੰਦਾ ਹੈ। ਇਸ ਲਈ ਗੋਰ ਬੇਘਰੇ ਮਨੁੱਖਾਂ ਨੂੰ ਅਸਲ ਘਰ ਬੁਲਾਉਂਦੀ ਰਹਿੰਦੀ ਹੈ ਕਿਉਂਕਿ ਉਨ੍ਹਾਂ ਨੇ ਇਕ ਨ ਇਕ ਦਿਨ ਜ਼ਰੂਰ ਏਥੇ (ਕਬਰ ਵਿੱਚ) ਹੀ ਆਉਣਾ ਹੈ ਤਾਂ ਫਿਰ ਇਸ ਮੌਤ ਤੋਂ ਡਰਨਾ ਕਾਹਦਾ :

ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ॥

ਸਰਪਰ ਮੈਥੈ ਆਵਣਾ ਮਰਣਹੁ ਨਾ ਡਰਿਆਹੁ॥੯੩॥

(ਸਲੋਕ, ਸ਼ੇਖ਼ ਫ਼ਰੀਦ ਜੀ, ਪੰਨਾ-1382)

ਭਗਤ ਸਾਹਿਬਾਨ ਆਖਦੇ ਹਨ ਕਿ ਜੀਵਨ ਦੀ ਨਾਸ਼ਵਾਨਤਾ ਨੂੰ ਹਰ ਵਕਤ ਯਾਦ ਰੱਖਣਾ ਚਾਹੀਦਾ ਹੈ ਅਤੇ ਇਸ ਕੀਮਤੀ ਮਨੁੱਖਾ ਜਨਮ ਨੂੰ ਮੋਹ ਮਾਇਆ, ਵਿਕਾਰਾਂ ਤੋਂ ਰਹਿਤ ਸਾਰਥਿਕ ਕਾਰਜਾਂ ਵਿਚ ਲਗਾਉਣਾ ਚਾਹੀਦਾ ਹੈ।[20] ਕਬੀਰ ਜੀ ਸੰਸਾਰ ਵਿਚ ਕੋਠੇ, ਮੰਡਪ ਤੇ ਵੱਡੀਆਂ, ਵੱਡੀਆਂ, ਵੱਧ-ਵੱਧ ਕੇ ਥਾਵਾਂ ਰੋਕਣ ਵਾਲੇ ਮਨੁੱਖਾਂ ਨੂੰ ਆਖਦੇ ਹਨ ਕਿ ਮਹਿਲ ਮਾੜੀਆਂ ਨਾਲ ਪ੍ਰੇਮ ਪਾਉਣ ਵਾਲੇ ਤੇ ਉਨ੍ਹਾਂ ਨੂੰ ਸੰਵਾਰ ਸੰਵਾਰ ਕੇ ਰੱਖਣ ਵਾਲੇ ਚਾਰ ਦਿਨ ਦੇ ਪ੍ਰਾਹੁਣੇ ਹਨ ਜਦੋਂ ਕਿ ਅੰਤ ਨੂੰ ਤਾਂ ਸਾਢੇ ਤਿੰਨ ਹੱਥ ਜਾਂ ਵੱਧ ਤੋਂ ਵੱਧ ਪੌਣੇ ਚਾਰ ਹੱਥ ਕਬਰ ਹੀ ਉਨ੍ਹਾਂ ਦੇ ਹਿੱਸੇ ਆਉਣੀ ਹੈ :

ਕਬੀਰ ਕੋਠੇ ਮੰਡਪ ਹੇਤੁ ਕਰਿ ਕਾਹੇ ਮਰਹੁ ਸਵਾਰਿ॥

ਕਾਰਜੁ ਸਾਢੇ ਤੀਨਿ ਹਥ ਘਨੀ ਤ ਪਉਨੇ ਚਾਰਿ॥੨੧੮॥

(ਸਲੋਕ, ਕਬੀਰ, ਪੰਨਾ-1376)

ਸੋ ਬਾਣੀਕਾਰਾਂ ਦਾ ਵਿਚਾਰ ਹੈ ਕਿ ਦਿਲਾਂ ਵਿਚ ਲੋਭ ਪਾਲਣ ਵਾਲੇ ਲੋਕ ਹੀ ਮਰਨ ਤੋਂ ਡਰਦੇ ਹਨ ਜਦੋਂ ਕਿ ਜੇਕਰ ਸੰਸਾਰ ਤੋਂ ਨਿਰਲੇਪਤਾ ਦੇ ਗੁਣ ਧਾਰਨ ਕਰਕੇ ਵਿਕਾਰਾਂ ਨੂੰ ਤਿਆਗ ਦਿੱਤਾ ਜਾਵੇ ਤਾਂ ਮਨੁੱਖ ਨੂੰ ਜਿਉਂਦੇ ਜੀਅ ਮੁਕਤੀ ਪ੍ਰਾਪਤ ਹੁੰਦੀ ਹੈ ਅਤੇ ਮਨੁੱਖ ਦੇ ਅਜਿਹੇ ਮਰਨ ਤੇ ਹੀ ਪੂਰਨ ਪਰਮਾਨੰਦ ਦੀ ਪ੍ਰਾਪਤੀ ਹੁੰਦੀ ਹੈ :

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥

ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥੨੨॥

(ਸਲੋਕ, ਕਬੀਰ, ਪੰਨਾ-1365)

ਇਸ ਤਰ੍ਹਾਂ ਭਗਤ ਬਾਣੀਕਾਰਾਂ ਅਨੁਸਾਰ ਜਿਹੜਾ ਦਿਨ ਆਉਂਦਾ ਹੈ ਉਹ ਲੰਘ ਜਾਂਦਾ ਹੈ। ਇਸ ਸੰਸਾਰ ਤੋਂ ਇਕ ਦਿਨ ਸਭ ਨੇ ਚਲੇ ਜਾਣਾ ਹੈ, ਕੁੱਝ ਵੀ ਸਥਿਰ ਨਹੀਂ ਰਹਿਣਾ। ਇਸ ਲਈ ਮਨੁੱਖ ਨੂੰ ਆਪਣਾ ਜੀਵਨ ਬੇਸਮਝੀ ਵਿਚ ਨਹੀਂ ਗੁਜ਼ਾਰਨਾ ਚਾਹੀਦਾ, ਸਗੋਂ ਜਾਗ੍ਰਿਤ ਮਨ ਨਾਲ ਪ੍ਰਭੂ ਦੀ ਬੰਦਗੀ ਤੇ ਪ੍ਰਭੂ ਦੇ ਸੁਝਾਏ ਸੱਚੇ ਮਾਰਗ 'ਤੇ ਚੱਲਕੇ ਜੀਵਨ ਸਫ਼ਲ ਬਣਾਉਣਾ ਚਾਹੀਦਾ ਹੈ :

ਜੋ ਦਿਨ ਆਵਹਿ ਸੋ ਦਿਨ ਜਾਹੀ॥ ਕਰਨਾ ਕੂਚੁ ਰਹਨੁ ਥਿਰੁ ਨਾਹੀ॥...

ਕਿਆ ਤੂ ਸੋਇਆ ਜਾਗੁ ਇਆਨਾ॥ ਤੈ ਜੀਵਨੁ ਜਗਿ ਸਚੁ ਕਰਿ ਜਾਨਾ॥੧॥ ਰਹਾਉ॥

(ਸੂਹੀ, ਰਵਿਦਾਸ, ਪੰਨਾ-793-794)

## ਅਧਿਆਤਮਕ ਨੈਤਿਕ ਕੀਮਤਾਂ

ਅਧਿਆਤਮਕ ਨੈਤਿਕ ਕੀਮਤਾਂ ਤੋਂ ਭਾਵ ਉਨ੍ਹਾਂ ਨੈਤਿਕ ਗੁਣਾਂ ਤੋਂ ਹੈ ਜਿਨ੍ਹਾਂ ਨੂੰ ਮਨੁੱਖ ਬ੍ਰਹਮ ਨਾਲ ਸੰਬੰਧ ਜੋੜਨ ਲਈ ਆਪਣੇ ਆਤਮਕ (ਆਤਮ) ਜੀਵਨ ਵਿਚ ਢਾਲਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ 'ਅਧਿਆਤਮ' ਸ਼ਬਦ ਨੂੰ ਦੋ ਅਰਥਾਂ ਵਿਚ ਵਰਤਿਆ ਗਿਆ ਹੈ। ਇਕ ਕੇਵਲ ਤੇ ਕੇਵਲ ਮਨੁੱਖ ਦੇ ਆਪਣੇ ਸੁਆਰਥ ਲਈ ਕੀਤੇ ਆਤਮ ਸਾਧਨ ਦੇ ਅਰਥਾਂ ਵਿਚ ਵਰਤਿਆ ਹੈ ਜੋ ਨਕਾਰਾਤਮਿਕ ਸਥਿਤੀ ਪ੍ਰਗਟ ਕਰਦਾ ਹੈ। ਇਨ੍ਹਾਂ ਅਰਥਾਂ ਵਿਚ ਅਧਿਆਤਮ ਸ਼ਬਦ ਦੀ ਵਰਤੋਂ ਕਾਇਆ ਸਾਧਣ ਲਈ ਕੀਤੇ ਜਾਂਦੇ ਜਪ, ਤਪ, ਹੱਠ ਆਦਿ ਸਰੀਰਕ ਕਿਰਿਆਵਾਂ ਕਰਨ ਵਾਲੇ ਉਨ੍ਹਾਂ ਯੋਗ ਅਭਿਆਸੀਆਂ ਲਈ ਕੀਤੀ ਹੈ ਜੋ ਕੇਵਲ ਆਪਣੇ ਆਤਮਕ ਜੀਵਨ ਦੀ ਸ਼ੁੱਧੀ ਤੇ ਲਾਭ ਹੀ ਚਾਹੁੰਦੇ ਸਨ। ਉਹ ਅਭਿਆਸੀ ਸਰੀਰ ਨੂੰ ਨਿਰੋਗੀ ਰੱਖਣ ਲਈ ਤੇ ਪਰਮ ਲਕਸ਼ ਤਕ ਪਹੁੰਚਣ

ਲਈ ਕੀਤੀਆਂ ਜਾਂਦੀਆਂ ਹੱਠ ਸਾਧਨਾਵਾਂ ਨੂੰ ਧਾਰਨ ਕਰਕੇ ਮਨ ਅੰਦਰ ਹਉਮੈ ਆਦਿ ਦੇ ਵਿਕਾਰਾਂ ਨੂੰ ਦੂਰ ਨਹੀਂ ਸਨ ਕਰਦੇ ਜਿਸ ਕਾਰਨ ਉਨ੍ਹਾਂ ਦੇ ਹੱਠ-ਕਰਮ ਨਿਰਾਰਥ ਹੀ ਜਾਂਦੇ ਸਨ। ਇਸ ਲਈ ਗੁਰੂ ਸਾਹਿਬ ਆਖਦੇ ਹਨ ਕਿ ਐਸਾ ਅਧਿਆਤਮ ਕਰਮ ਕਰਨ ਵਾਲਾ ਕਦੇ ਰਾਮ-ਨਾਮ ਨੂੰ ਪ੍ਰਾਪਤ ਨਹੀਂ ਕਰ ਸਕਦਾ :

ਕਾਂਇਆ ਸਾਧੈ ਉਰਧ ਤਪੁ ਕਰੈ ਵਿਚਹੁ ਹਉਮੈ ਨ ਜਾਇ॥
ਅਧਿਆਤਮ ਕਰਮ ਜੇ ਕਰੇ ਨਾਮੁ ਨ ਕਬ ਹੀ ਪਾਇ॥

(ਸਿਰੀਰਾਗੁ, ਮਹਲਾ 3, ਪੰਨਾ-33)

ਦੂਸਰੇ ਅਰਥਾਂ ਵਿਚ ਜੋਗੀਆਂ ਨੂੰ ਬਾਹਰੀ ਹੱਠ ਆਦਿ ਕਿਰਿਆਵਾਂ ਕਰਨ ਦੀ ਬਜਾਏ ਸੱਚੇ ਅਧਿਆਤਮ ਕਰਮ ਕਰਨ ਲਈ ਪ੍ਰੇਰਿਆ ਹੈ। ਮਨ ਦੇ ਵਿਕਾਰਾਂ ਨੂੰ ਮਾਰਨ ਦੇ ਨਾਲ-ਨਾਲ ਹਰੀ ਕੀਰਤਨ ਦੁਆਰਾ ਇਕ ਸ਼ਬਦ ਨਾਮ ਦੀ ਭਿਖਿਆ ਮੰਗਣਾ, ਆਪਣੀ ਉੱਚੀ ਸੁਰਤ ਨੂੰ ਜਗਾਉਣਾ, ਪੰਜੇ ਵਿਕਾਰਾਂ ਨੂੰ ਮਾਰਨ ਦੀ ਜੁਗਤ ਬਣਾਉਣਾ, ਪ੍ਰਮੇਸ਼ਰ ਦੇ ਭੈ ਵਿਚ ਰਹਿ ਕੇ ਬਾਹਰ ਜਾਣ ਦੀ ਬਜਾਏ ਪ੍ਰਭੂ ਦੇ ਚਰਨਾਂ 'ਚ ਸੁਰਤ ਜੋੜਨਾ ਹੀ ਗੁਰਮਤਿ ਦੇ ਜੋਗੀ ਦੀ ਅਸਲ ਤੇ ਸੱਚੀ ਅਧਿਆਤਮ ਅਵਸਥਾ ਹੈ।[21] ਪ੍ਰਭੂ ਦੀ ਰਜ਼ਾ ਤੇ ਨਾਮ-ਰਸ ਵਿਚ ਗੜੂੰਦ ਰਹਿਣ ਵਾਲਾ ਸੇਵਕ ਜਾਂ ਭਗਤ ਦਿਨੇ ਰਾਤੀਂ ਉਹੀ ਕਰਮ ਕਰਦਾ ਹੈ ਜੋ ਅਧਿਆਤਮ ਕਰਮ ਉਸ ਦੀ ਜਿੰਦ ਨੂੰ ਪਰਮੇਸ਼ਰ ਨਾਲ ਜੋੜੀ ਰੱਖਦੇ ਹਨ ਤੇ ਐਸੇ ਕਰਮ ਕਰਨ ਨਾਲ ਉਹ ਪਰਮਾਤਮਾ ਦੀ ਪਵਿੱਤਰ ਜੋਤ ਨੂੰ ਹਰ ਥਾਂ ਵਿਆਪਕ ਪਛਾਣਦਾ ਹੈ :

ਅਧਿਆਤਮ ਕਰਮ ਕਰੇ ਦਿਨੁ ਰਾਤੀ॥
ਨਿਰਮਲ ਜੋਤਿ ਨਿਰੰਤਰਿ ਜਾਤੀ॥ (ਮਾਰੂ, ਮਹਲਾ 1, ਪੰਨਾ-1039)

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਭਾਵੇਂ ਤਤਕਾਲ ਵਿਚ ਅਧਿਆਤਮਕ ਕਰਮ, ਕੀਮਤਾਂ ਦਾ ਸੰਬੰਧ ਆਤਮ (ਮਨ) ਨਾਲੋਂ ਟੁੱਟ ਕੇ ਵਿਭਿੰਨ ਜੋਗੀਆਂ, ਪੰਡਿਤਾਂ ਆਦਿ ਲੋਕਾਂ ਲਈ ਸੁਆਰਥ ਹਿੱਤ ਕੀਤੇ ਕਰਮਾਂ ਜਾਂ ਕੀਮਤਾਂ ਨਾਲ ਜੁੜ ਚੁੱਕਿਆ ਸੀ ਪਰੰਤੂ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਅਧਿਆਤਮਕ ਕੀਮਤਾਂ ਨੂੰ ਨਵੀਨ ਅਰਥ ਪ੍ਰਧਾਨ ਕੀਤੇ ਜਿਨ੍ਹਾਂ ਦੁਆਰਾ ਮਨੁੱਖ ਆਪਣੇ ਮਨ ਦੇ ਵਿਕਾਰਾਂ ਤੋਂ ਨਿਜਾਤ ਪਾਉਂਦਾ ਹੋਇਆ ਸਰਬ ਵਿਆਪਕ ਪਰਮਾਤਮਾ ਦੀ ਨਿਰੰਤਰ ਜਗ ਰਹੀ ਜੋਤੀ ਨਾਲ ਆਪਣੀ ਸੁਰਤ ਜੋੜਦਾ ਹੈ। ਇਹ ਜੋਤ ਉਸਨੂੰ ਸਾਰੇ ਸੰਸਾਰ ਵਿਚ ਜਗਦੀ ਦਿਖਾਈ ਦੇਣ ਕਾਰਨ ਉਸਨੂੰ ਸਾਰਾ ਜਗਤ ਪ੍ਰਭੂ ਦਾ ਹੀ ਰੂਪ ਦਿਸਦਾ ਹੈ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਲੋਕਾਂ ਨੂੰ ਨਿਰਅਕਾਰ ਬ੍ਰਹਮ ਦੀ ਪ੍ਰੇਮਾ-ਭਗਤੀ, ਪ੍ਰਭੂ ਦੀ ਕਿਰਪਾ, ਹੁਕਮ ਵਿਚ

ਰਹਿਣ, ਸੱਚੇ ਗੁਰੂ ਦੀ ਸ਼ਰਨ ਤੇ ਸੇਵਾ ਵਿਚ ਰਹਿੰਦੇ ਹੋਏ ਅਭੇਦਤਾ ਦੀ ਅਵਸਥਾ ਨੂੰ ਪ੍ਰਾਪਤ ਹੋਣ ਦਾ ਉਪਦੇਸ਼ ਦਿੱਤਾ। ਇਹੋ ਹੀ ਮਨੁੱਖ ਦੁਆਰਾ ਪਰਮਾਤਮਾ ਦੀ ਪ੍ਰਾਪਤੀ ਲਈ ਆਤਮਕ ਜੀਵਨ ਵਿਚ ਧਾਰਨ ਕੀਤੇ ਵਿਸ਼ੇਸ਼ ਗੁਣ ਹਨ ਜਿਨ੍ਹਾਂ ਅਧਿਆਤਮਕ ਕੀਮਤਾਂ ਦੁਆਰਾ ਉਹ ਐਸੀ ਅਵਸਥਾ ਵਿਚ ਟਿਕਦਾ ਹੈ ਜਿਨ੍ਹਾਂ ਅਵਸਥਾ ਬਾਰੇ ਇਸ ਤਰ੍ਹਾਂ ਜਾਣਿਆ ਜਾ ਸਕਦਾ ਹੈ:

**ਪ੍ਰਭੂ-ਪ੍ਰੇਮ (ਪ੍ਰੇਮਾ-ਭਗਤੀ)** : ਸੱਚਾ ਭਗਤ, ਪ੍ਰਭੂ ਦੇ ਅਨੰਦ ਰੂਪ ਗੁਣਾਂ ਦੀ ਬਿਹਬਲਤਾ ਵਿਚ ਪਰਮੇਸ਼ਰ ਨੂੰ ਅਪਾਰ, ਅਗਮ, ਬੇਅੰਤ ਸਰੂਪ ਜਾਣਕੇ ਪਛਾਨਣ ਵਾਲਿਆਂ (ਭਗਤ ਜਨਾਂ) ਦੇ ਚਰਨ ਚੁੰਮਣ ਤੱਕ ਜਾਂਦਾ ਹੈ :

ਪਰਵਦਗਾਰ ਅਪਾਰ ਅਗਮ ਬੇਅੰਤ ਤੂ॥
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ॥੩॥

(ਆਸਾ, ਸ਼ੇਖ਼ ਫ਼ਰੀਦ, ਪੰਨਾ-488)

ਬਾਣੀਕਾਰਾਂ ਨੇ ਪ੍ਰਭੂ ਦੀ ਪ੍ਰੇਮਾ-ਭਗਤੀ ਨੂੰ ਚਿੰਤਾਮਣਿ ਦੀ ਸੰਗਿਆ ਦਿੱਤੀ ਜਿਸ ਤੋਂ ਮਨਇੱਛਤ ਫਲ ਪ੍ਰਾਪਤ ਹੁੰਦੇ ਹਨ।[22] ਇਸ ਪ੍ਰੇਮਾ-ਭਗਤੀ ਵਿਚ ਉਹ ਕਿਸੇ ਕਿਸਮ ਦੀ ਰੁਕਾਵਟ ਨਹੀਂ ਚਾਹੁੰਦੇ। ਉਹ ਪ੍ਰਭੂ ਵਿਚ ਸੁਰਤ ਟਿਕਾਉਣ ਤੇ ਭਗਤੀ-ਰਸ ਦੀ ਪ੍ਰਾਪਤੀ ਲਈ ਉਸ ਥਾਂ ਨੂੰ ਹੀ ਪਸੰਦ ਕਰਦੇ ਹਨ ਜਿੱਥੇ ਰਾਮ-ਭਗਤ ਵਸਦੇ ਹੋਣ ਜਦੋਂ ਕਿ ਸੰਤ ਜਨਾਂ ਨੂੰ ਰਾਮ ਸਨੇਹੀਆਂ ਤੋਂ ਬਿਨਾਂ ਤਾਂ ਇਕ ਘੁੱਗ ਵਸਦਾ ਸ਼ਹਿਰ ਵੀ ਜਮਪੁਰੀ ਭਾਸਦਾ ਹੈ :

ਕਬੀਰ ਪਾਟਨ ਤੇ ਊਜਰੁ ਭਲਾ ਰਾਮ ਭਗਤ ਜਿਹ ਠਾਇ॥
ਰਾਮ ਸਨੇਹੀ ਬਾਹਰਾ ਜਮ ਪੁਰੁ ਮੇਰੇ ਭਾਂਇ॥੧੫੧॥

(ਸਲੋਕ, ਕਬੀਰ, ਪੰਨਾ-1372)

ਬਾਣੀਕਾਰਾਂ ਨੇ ਪ੍ਰਭੂ ਦੀ ਸੁਆਰਥ ਹਿਤ ਭਗਤੀ ਕਰਨ ਦੀ ਬਜਾਏ, ਹਰ ਰੋਜ਼, ਹਰ ਵਕਤ ਪ੍ਰਭੂ ਦੇ ਸਿਮਰਨ ਨੂੰ ਤਰਜੀਹ ਦਿੱਤੀ ਹੈ ਜਿਸ ਸਿਮਰਨ ਨਾਲ ਮਨੁੱਖ ਨੂੰ ਅਮਰਾਪੁਰੀ (ਸਵਰਗ) ਵਿਚ ਥਾਂ ਮਿਲਦੀ ਹੈ ਤੇ ਪਰਮਾਤਮਾ ਭਗਤ ਨੂੰ ਸ਼ੁਭ ਗੁਣਾਂ ਦੀ ਦਾਤ ਬਖਸ਼ਦਾ ਹੈ :

ਕਬੀਰ ਕਾਮ ਪਰੇ ਹਰਿ ਸਿਮਰੀਐ ਐਸਾ ਸਿਮਰਹੁ ਨਿਤ॥
ਅਮਰਾ ਪੁਰ ਬਾਸਾ ਕਰਹੁ ਹਰਿ ਗਇਆ ਬਹੋਰੈ ਬਿਤ॥੧੬੩॥

(ਸਲੋਕ, ਕਬੀਰ, ਪੰਨਾ-1372)

ਪ੍ਰਭੂ ਦੇ ਅਜਿਹੇ ਦਇਆਲੂ, ਕ੍ਰਿਪਾਲੂ ਗੁਣਾਂ ਦੁਆਰਾ ਮੋਹੇ ਭਗਤ ਨੂੰ ਜਗਤ ਵਿਚ ਉਸ ਜਿਹਾ ਕੋਈ ਹੋਰ ਨਜ਼ਰ ਨਹੀਂ ਆਉਂਦਾ ਜਿਸ ਕਰਕੇ ਉਹ ਹਮੇਸ਼ਾਂ ਆਪਣੇ ਹਰੀ ਸੱਜਣ ਨਾਲ ਹੀ ਪ੍ਰੇਮਮਈ ਪੀਡੀ (ਪੱਕੀ) ਗੰਢ ਪਾਉਣਾ ਲੋਚਦਾ ਹੈ ਜੋ ਗੰਢ ਨਾ ਕਦੇ ਟੁੱਟੇ ਤੇ ਨਾ ਕਦੇ ਖੁਲ੍ਹੇ :

ਜੇ ਜਾਣਾ ਲੜੁ ਛਿਜਣਾ ਪੀਡੀ ਪਾਈਂ ਗੰਢਿ॥

ਤੈ ਜੇਵਡੁ ਮੈ ਨਾਹਿ ਕੋ ਸਭੁ ਜਗੁ ਡਿਠਾ ਹੰਢਿ॥੫॥

(ਸਲੋਕ, ਸ਼ੇਖ਼ ਫ਼ਰੀਦ, ਪੰਨਾ-1378)

ਪ੍ਰਭੂ ਨੂੰ ਮਿਲਣ ਦੀ ਸਿਕ ਵਿਚ ਹੀ ਫ਼ਰੀਦ ਜੀ ਹੇਠਲੇ ਸਲੋਕ ਨੂੰ ਪਰਮਾਤਮਾ ਦੁਆਰਾ ਅਖਵਾਉਂਦੇ ਹਨ ਜਿਸ ਵਿਚ ਪਰਮਾਤਮਾ ਬੰਦੇ ਨੂੰ ਆਖਦਾ ਹੈ ਕਿ ਜੇਕਰ ਤੂੰ ਆਪਣੇ ਆਪ ਨੂੰ ਠੀਕ ਕਰ ਲਵੇਂ, ਸ਼ੁਧਮਨ ਕਰ ਲਵੇਂ ਤਾਂ ਤੂੰ ਮੈਨੂੰ ਮਿਲ ਸਕਦਾ ਹੈਂ ਅਤੇ ਮੈਨੂੰ ਮਿਲਣ ਨਾਲ ਤੈਨੂੰ ਆਤਮਕ ਸੁਖ ਹੋਵੇਗਾ। ਹੇ ਫ਼ਰੀਦ! ਜੇਕਰ ਤੂੰ ਮੇਰਾ (ਰੱਬ) ਦਾ ਹੋ ਜਾਵੇਂ ਤਾਂ ਫਿਰ ਸਾਰਾ ਸੰਸਾਰ ਹੀ ਤੇਰਾ ਬਣ ਜਾਵੇਗਾ :

ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ॥
ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥੯੫॥

(ਸਲੋਕ, ਸ਼ੇਖ਼ ਫ਼ਰੀਦ, ਪੰਨਾ-1382)

**ਗੁਰੂ ਦੀ ਸੇਵਾ :** ਪ੍ਰਭੂ-ਪ੍ਰੇਮ, ਪ੍ਰਭੂ-ਗਿਆਨ ਤੇ ਪ੍ਰਭੂ-ਮਿਲਾਪ ਦਾ ਮਾਰਗ ਸੁਝਾਉਣ ਵਾਲੇ ਸਤਿਗੁਰੂ ਨਾਲ ਭਗਤ-ਜਨ ਦਾ ਓਨਾ ਹੀ ਪਿਆਰ ਹੁੰਦਾ ਹੈ ਜਿਨ੍ਹਾਂ ਕਿ ਉਹ ਆਪਣੇ ਪ੍ਰਭੂ-ਪ੍ਰੀਤਮ ਨਾਲ ਰੱਖਦਾ ਹੈ। ਜਦੋਂ ਭਗਤ ਸੱਚੇ ਸੰਤ, ਸਤਿਗੁਰੂ ਦੀ ਸੰਗਤ ਕਰਕੇ ਸਤਿਗੁਰੂ ਦੇ ਮੁਖੋਂ ਪ੍ਰਭੂ ਦੀ ਕਥਾ ਤੇ ਗਿਆਨ ਦਾ ਵਿਖਿਆਨ ਸੁਣਦਾ ਹੈ ਤਾਂ ਉਸਨੂੰ ਸਤਿਗੁਰੂ ਤੇ ਪਰਮਾਤਮਾ ਵਿਚ ਅਭੇਦਤਾ ਨਜ਼ਰੀਂ ਆਉਣ ਲੱਗ ਪੈਂਦੀ ਹੈ :

ਸੰਤ ਤੁਝੀ ਤਨੁ ਸੰਗਤਿ ਪ੍ਰਾਨ॥ ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ॥੧॥...
ਰਵਿਦਾਸੁ ਭਵੈ ਜੋ ਜਾਣੈ ਸੋ ਜਾਣੁ॥
ਸੰਤ ਅਨੰਤਹਿ ਅੰਤਰੁ ਨਾਹੀ॥੪॥੨॥

(ਆਸਾ, ਰਵਿਦਾਸ, ਪੰਨਾ-486)

ਪ੍ਰਭੂ-ਪ੍ਰੇਮ ਵਿਚ ਰਮਿਆ ਭਗਤ ਭੈਅ ਹਰਨ ਵਾਲੇ ਪ੍ਰਭੂ ਤੋਂ ਵਿਕਾਰਾਂ ਤੇ ਅਨੇਕਾਂ ਬਿਪਤਾਵਾਂ ਤੋਂ ਬਚਾਉਣ ਵਾਲੇ ਗੁਰੂ ਦੀ ਸੇਵਾ ਦਾ ਬਲ ਮੰਗਦਾ ਹੋਇਆ ਹੋਰਾਂ ਨੂੰ ਵੀ ਧਰਮ ਦੇ ਅਸਲ ਤੱਤਾਂ ਦਾ ਨਿਚੋੜ ਕਰਦੇ ਹੋਏ ਝੂਠ ਤੋਂ ਪਰਹੇਜ਼ ਕਰਨ, ਸੱਚ ਬੋਲਣ, ਗੁਰੂ ਦੇ ਦੱਸੇ ਸੱਚ ਦੇ ਮਾਰਗ 'ਤੇ ਚੱਲਣ ਦਾ ਉਪਦੇਸ਼ ਦਿੰਦਾ ਹੈ :

ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥
ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ॥੩॥

(ਆਸਾ, ਸ਼ੇਖ਼ ਫ਼ਰੀਦ ਪੰਨਾ-488)

ਸੋ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਪ੍ਰਭੂ ਦੇ ਮਿਲਾਪ ਲਈ ਸੱਚੇ ਗੁਰੂ ਨੂੰ ਧਾਰਨ ਕਰਨ ਦੀ ਤਾਕੀਦ ਕੀਤੀ ਹੈ। ਉਨ੍ਹਾਂ ਅਨੁਸਾਰ ਜੇਕਰ ਸਤਿਗੁਰੂ ਮਿਲ ਜਾਵੇ ਤਾਂ ਪ੍ਰਭੂ ਮਿਲ ਪੈਂਦਾ ਹੈ। ਜੇਕਰ ਗੁਰੂ ਮਿਲ ਜਾਵੇ ਤਾਂ ਸਾਰੇ ਦੁੱਖਾਂ, ਕਸ਼ਟਾਂ ਤੇ ਚਿੰਤਾਵਾ ਤੋਂ ਮੁਕਤੀ ਪ੍ਰਾਪਤ ਹੁੰਦੀ ਹੈ। ਗੁਰੂ ਦੇ ਮਿਲਾਪ ਨਾਲ ਹੀ ਭਗਤ ਦੀ ਬਾਣੀ ਅੰਮ੍ਰਿਤਮਈ ਤੇ ਅਕਥ ਦੀ ਕਥਾ ਕਰਨ ਯੋਗ ਹੋ ਜਾਂਦੀ ਹੈ। ਸਤਿਗੁਰੂ ਦੇ ਮੇਲ ਨਾਲ ਹੀ ਇਸ ਸੰਸਾਰ-ਸਮੁੰਦਰ ਨੂੰ ਸੌਖਿਆਂ ਪਾਰ ਕੀਤਾ ਜਾ ਸਕਦਾ ਹੈ। ਇਸ ਲਈ ਵਾਹਿਗੁਰੂ ਦੀ ਸੇਵਾ ਹੀ ਸਦਾ ਥਿਰ ਰਹਿਣ ਵਾਲੀ ਹੈ ਤੇ ਸਤਿਗੁਰੂ ਦੀ ਸੇਵਾ ਤੋਂ ਬਿਨਾਂ ਹੋਰ ਦੇਵੀ-ਦੇਵਤਿਆਂ ਦੀ ਪੂਜਾ ਕਰਨਾ ਝੂਠ, ਵਿਅਰਥ ਤੇ ਫਜ਼ੂਲ ਹੈ :

ਜਉ ਗੁਰਦੇਉ ਤ ਮਿਲੈ ਮੁਰਾਰਿ॥...
ਸਤਿ ਸਤਿ ਸਤਿ ਸਤਿ ਸਤਿ ਗੁਰਦੇਵ॥
ਝੂਠੁ ਝੂਠੁ ਝੂਠੁ ਝੂਠੁ ਆਨ ਸਭ ਸੇਵ॥੧॥ ਰਹਾਉ॥
ਬਿਨੁ ਗੁਰਦੇਉ ਅਵਰ ਨਹੀ ਜਾਈ॥
ਨਾਮਦੇਉ ਗੁਰ ਕੀ ਸਰਵਾਈ॥੯॥੧॥੨॥੧੧॥

(ਭੈਰਉ, ਨਾਮਦੇਵ, ਪੰਨਾ-1166-1167)

**ਹੁਕਮ, ਕਿਰਪਾ ਤੇ ਸਮਰਪਣ ਦੀ ਭਾਵਨਾ :** ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਪ੍ਰਭੂ ਦੇ ਹੁਕਮ, ਉਸਦੀ ਰਜ਼ਾ ਵਿਚ ਰਹਿਣ ਦੀ ਪ੍ਰੇਰਨਾ ਦਿੱਤੀ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਮਨੁੱਖ ਦੇ ਹੱਥ ਵਿਚ ਕੁੱਝ ਨਹੀਂ। ਜਦੋਂ ਤਕ ਪਰਮਾਤਮਾ ਦਾ ਹੁਕਮ, ਕ੍ਰਿਪਾ ਨਾ ਹੋਵੇ, ਮਨੁੱਖ ਦੁਆਰਾ ਕੀਤੇ ਸਾਰੇ ਯਤਨ ਬੇਅਰਥ ਹਨ :

ਕਬੀਰ ਕਾਰਨੁ ਬਪੁਰਾ ਕਿਆ ਕਰੈ ਜਉ ਰਾਮੁ ਨ ਕਰੈ ਸਹਾਇ॥
ਜਿਹ ਜਿਹ ਡਾਲੀ ਪਗੁ ਧਰਉ ਸੋਈ ਮੁਰਿ ਮੁਰਿ ਜਾਇ॥੯੭॥

(ਸਲੋਕ, ਕਬੀਰ, ਪੰਨਾ-1369)

ਇਸ ਲਈ ਮਨੁੱਖ ਨੂੰ ਗੁਰੂ ਦੇ ਗਿਆਨ ਦੁਆਰਾ ਸਰਬ ਵਿਆਪਕ ਪ੍ਰਮਾਤਮਾ ਦੇ ਨੇੜੇ ਹੁੰਦੇ ਹੋਏ ਉਸ ਦੁਆਰਾ ਦਿੱਤੇ ਸਭ ਸੰਸਾਰਿਕ ਸੁੱਖ-ਸਹੂਲਤਾਂ ਨੂੰ ਉਸ ਨੂੰ (ਪ੍ਰਭੂ ਨੂੰ) ਹੀ ਸੌਂਪ ਦੇਣ ਦੀ ਭਾਵਨਾ ਹਿੱਤ ਹਰਖ, ਸੋਗ ਤੋਂ ਮੁਕਤ ਹੋ ਜਾਣਾ ਚਾਹੀਦਾ ਹੈ :

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥੨੦੩॥

(ਸਲੋਕ, ਕਬੀਰ, ਪੰਨਾ-1375)

**ਧੁਰ ਦਰਗਾਹ ਵਿਚ ਲੇਖਾ-ਜੋਖਾ ਹੋਣਾ :** ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਅਨੁਸਾਰ ਮਨੁੱਖ ਦੁਆਰਾ ਕੀਤੇ ਚੰਗੇ, ਮਾੜੇ ਕਰਮਾਂ ਦਾ ਫਲ ਜਿੱਥੇ ਮਨੁੱਖ ਇਸ ਲੌਕਿਕ ਜੀਵਨ ਵਿਚ ਭੁਗਤਦਾ ਹੈ ਉਥੇ ਉਸਨੂੰ ਆਪਣੇ ਕੀਤੇ ਕਰਮਾਂ ਦਾ ਲੇਖਾ-ਜੋਖਾ ਰੱਬੀ-ਦਰਬਾਰ ਵਿਚ ਧਰਮਰਾਜ ਅੱਗੇ ਵੀ ਦੇਣਾ ਪੈਂਦਾ ਹੈ।

ਜਦੋਂ ਮਨੁੱਖ ਦੀ ਮੌਤ ਦਾ ਸਮਾਂ ਨੇੜੇ ਆਉਂਦਾ ਹੈ ਤਾਂ ਧਰਮਰਾਜ ਦੇ ਘੱਲੇ ਦੂਤ (ਜਮਦੂਤ) ਉਸਨੂੰ ਲੈਣ ਆਉਂਦੇ ਹਨ ਅਤੇ ਮਨੁੱਖ ਮੌਤ ਰੂਪੀ ਜਮਦੂਤਾਂ ਦੇ ਸਿਰਹਾਨੇ ਖੜੇ ਹੋਣ ਦੇ ਬਾਵਜੂਦ ਵੀ ਸੰਸਾਰ ਤੋਂ ਤੁਰ ਜਾਣ ਲਈ ਆਨਾ-ਕਾਨੀ ਕਰਦਾ ਹੈ ਤੇ ਸੰਸਾਰ ਵਿਚ ਰਹਿ ਗਏ ਕੰਮਾਂ ਨੂੰ ਪੂਰਾ ਕਰਨ ਦਾ ਅਵਸਰ ਮੰਗਦਾ ਹੈ।[23] ਜਦੋਂ ਕਿ ਅਮਲ ਕਰਨ ਦਾ ਵਕਤ ਤਾਂ ਮਨੁੱਖ ਅਜਾਈਂ ਗੁਆ ਦਿੰਦਾ ਹੈ। ਭਗਤ ਸਾਹਿਬਾਨ ਮਨੁੱਖ ਨੂੰ ਇਸ ਸੰਸਾਰ ਵਿਚ ਚੰਗੇ ਅਮਲ ਕਰਨ ਦੀ ਪ੍ਰੇਰਨਾ ਦਿੰਦੇ ਹਨ ਕਿਉਂਕਿ ਚੰਗੇ ਮਨੁੱਖੀ ਕਰਮ ਹੀ ਰੱਬੀ ਦਰਗਾਹ ਵਿਚ ਉਸਦੇ ਕੰਮ ਆਉਂਦੇ ਹਨ।[24] ਜਦੋਂ ਕਿ ਮੰਦੇ ਅਮਲ ਕਰਨ ਵਾਲਿਆਂ ਨੂੰ ਕਪਾਹ, ਤਿਲਾਂ, ਕਮਾਦ, ਕਾਗਜ਼ ਤੇ ਕੋਲੇ ਆਦਿ ਵਾਂਗ ਬਹੁਤ ਸਾਰੀਆਂ ਔਖੀਆਂ ਪ੍ਰਕਿਰਿਆਵਾਂ ਚੋਂ ਲੰਘਣਾ ਪੈਂਦਾ ਹੈ :

ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ॥
ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ॥
ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ॥੪੯॥

(ਸਲੋਕ, ਸ਼ੇਖ਼ ਫ਼ਰੀਦ, ਪੰਨਾ-1380)

ਇਸ ਲਈ ਭਗਤ ਬਾਣੀਕਾਰਾਂ ਦਾ ਵਿਚਾਰ ਹੈ ਕਿ ਸੰਸਾਰਿਕ ਜੀਵਾਂ ਪ੍ਰਤੀ ਦਇਆ ਭਾਵ ਰੱਖਣਾ ਚਾਹੀਦਾ ਹੈ ਕਿਉਂਕਿ ਜ਼ੋਰ-ਜਬਰ ਕਰਨਾ ਜ਼ੁਲਮ ਹੈ ਜਿਸਦਾ ਜਵਾਬ ਖ਼ੁਦਾ ਜ਼ਰੂਰ ਲਵੇਗਾ। ਜਦੋਂ ਉਸ ਰੱਬ ਦੇ ਦਫ਼ਤਰ (ਦਰਗਾਹ) ਵਿਚ ਲੇਖਾ ਨਿਕਲੇਗਾ, ਗੁਨਾਹ ਸਾਬਿਤ ਹੋਣਗੇ ਤਾ ਮਨੁੱਖ ਨੂੰ ਮੂੰਹ ਹੀ ਮੂੰਹ ਖਾਣੀਆਂ ਪੈਣਗੀਆਂ :

ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ॥
ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ॥੨੦੦॥

(ਸਲੋਕ, ਕਬੀਰ, ਪੰਨਾ-1375)

ਜਦੋਂ ਮਨੁੱਖ ਆਪਣਾ ਸ਼ੁੱਧ ਹਿਰਦਾ ਰੱਖਦਾ ਹੋਇਆ ਅਨਮੋਲ ਮਨੁੱਖਾ ਜਨਮ ਨੂੰ ਚੰਗੇ, ਸ਼ੁਭ ਅਮਲਾਂ ਦੇ ਲੇਖੇ ਲਗਾਉਂਦਾ ਹੈ ਤਾਂ ਰੱਬੀ ਦਰਗਾਹ ਵਿਚ ਲੇਖਾ ਦੇਣਾ ਸੌਖਾ ਹੋ ਜਾਂਦਾ ਹੈ ਅਤੇ ਸੱਚੇ ਪ੍ਰਭੂ ਦੇ ਦਰਬਾਰ ਵਿਚ ਉਸਦਾ ਕੋਈ ਪੱਲਾ ਨਹੀਂ ਫੜਦਾ ਭਾਵ ਉਸਨੂੰ ਕੋਈ ਪੁੱਛ-ਗਿੱਛ ਤੇ ਰੋਕ-ਟੋਕ ਨਹੀਂ ਹੁੰਦੀ :

ਕਬੀਰ ਲੇਖਾ ਦੇਨਾ ਸੁਹੇਲਾ ਜਉ ਦਿਲ ਸੂਚੀ ਹੋਇ॥
ਉਸੁ ਸਾਚੇ ਦੀਬਾਨ ਮਹਿ ਪਲਾ ਨ ਪਕਰੈ ਕੋਇ॥੨੦੧॥

(ਸਲੋਕ, ਕਬੀਰ, ਪੰਨਾ-1375)

ਬਾਣੀਕਾਰਾਂ ਦੁਆਰਾ ਸਿਰਜੇ ਰੱਬੀ-ਦੀਵਾਨ ਜਾਂ ਕਚਹਿਰੀ ਦੇ ਇਸ ਸੰਕਲਪ ਪਿੱਛੇ ਇਕ ਕਾਰਨ ਮੱਧਕਾਲੀ ਸਮਾਜ ਦੀ ਭ੍ਰਿਸ਼ਟ ਹੋ ਚੁੱਕੀ ਰਾਜਨੀਤਕ ਵਿਵਸਥਾ ਤੇ ਪ੍ਰਸ਼ਾਸ਼ਨਿਕ-ਪ੍ਰਬੰਧ ਹੈ। ਜਦੋਂ ਸਮਾਜ ਵਿਚ ਬੁਰੇ ਅਮਲ ਕਰਦੇ ਲੋਕ ਖ਼ੁਦ ਰਾਜੇ ਅਤੇ ਰਾਜੇ ਦੇ ਅਧਿਕਾਰੀ ਹੁੰਦੇ ਸਨ ਤਾਂ ਸਮਾਜ ਵਿਚ ਚੰਗੇ, ਮਾੜੇ ਕਰਮ ਦੀ ਪਰਖ ਨੂੰ ਕੌਣ ਪੁੱਛਦਾ ਹੋਵੇਗਾ। ਇਸਦਾ ਫਾਇਦਾ ਸਭ ਤੋਂ ਵੱਧ ਜ਼ੋਰ-ਜ਼ੁਲਮ ਕਰਨ ਵਾਲੇ ਲੋਕ ਉਠਾਉਂਦੇ ਸਨ ਜੋ ਆਮ ਲੋਕਾਂ ਦਾ ਖ਼ੂਨ ਚੂਸਦੇ ਸਨ ਪਰੰਤੂ ਰਾਜਿਆਂ ਦੇ ਦਰਬਾਰ ਵਿਚ ਉਨ੍ਹਾਂ ਦੀ ਕੋਈ ਪੁੱਛ ਨਹੀਂ ਸੀ ਹੁੰਦੀ ਜਿਸ ਕਾਰਨ ਰੱਬ (ਖ਼ੁਦਾ) ਦੇ ਸੱਚੇ ਦਰਬਾਰ ਦੇ ਸੰਕਲਪ ਨੂੰ ਘੜ ਕੇ ਮਨੁੱਖ ਦਾ ਇਹ ਭਰਮ ਦੂਰ ਕਰਵਾਇਆ ਗਿਆ ਕਿ ਜੇਕਰ ਤੂੰ ਇਹ ਸਮਝਦਾ ਹੈਂ ਕਿ ਤੂੰ ਮੰਦੇ ਅਮਲ ਕਰਕੇ ਸੌਖਿਆਂ ਹੀ ਪਾਰ ਲੰਘ ਜਾਵੇਂਗਾ ਤਾਂ ਇਹ ਤੇਰਾ ਭੁਲੇਖਾ ਹੈ ਜਦਕਿ ਅੱਗੇ ਸਭ ਤੋਂ ਉੱਚੀ ਅਦਾਲਤ ਵਿਚ ਲੇਖਾ-ਜੋਖਾ ਹੋਣਾ ਅਜੇ ਬਾਕੀ ਹੈ ਜਿੱਥੇ ਅਣਗਿਣਤ ਦੋਸ਼ਾਂ ਨਾਲ ਭਰੇ ਮਨੁੱਖ ਦਾ ਕੀ ਹਾਲ ਹੋਵੇਗਾ, ਇਸਦਾ ਅੰਦਾਜ਼ਾ ਇਸ ਸੰਸਾਰ ਵਿਚ ਪਹਿਰ ਪਹਿਰ ਮਾਰ ਸਹਾਰਨ ਵਾਲੇ ਬੇਕਸੂਰ ਘੜਿਆਲ, ਕਪਾਹ (ਜੋ ਬੇਲਣੇ ਵਿਚ ਪਿੰਜੀ ਜਾਂਦੀ ਹੈ), ਤਿਲ (ਜਿਨ੍ਹਾਂ ਨੂੰ ਕੋਹਲੂ ਵਿਚ ਪੀੜ ਕੇ ਤੇਲ ਕੱਢਿਆ ਜਾਂਦਾ ਹੈ), ਕਮਾਦ (ਗੰਨੇ ਨੂੰ ਪੀੜ ਕੇ ਰਸ ਕੱਢਿਆ ਤੇ ਗੁੜ ਬਣਾਇਆ ਜਾਂਦਾ ਹੈ), ਕਾਗਜ਼ (ਮੂੰਗਲਿਆਂ ਨਾਲ ਕੁਟਿਆ ਜਾਂਦਾ ਹੈ), ਕੁੰਨੇ (ਮਿੱਟੀ ਦੀ ਤੌੜੀ ਨੂੰ ਅੱਗ ਤੇ ਰੱਖਕੇ ਪਕਾਇਆ ਜਾਂਦਾ ਹੈ), ਕੋਲੇ (ਲੱਕੜਾਂ ਨੂੰ ਜਾਲ ਕੇ ਫਿਰ ਭੱਠੀ ਵਿਚ ਜਾਲਣ ਲਈ ਤਿਆਰ ਕੀਤਾ ਜਾਂਦਾ ਹੈ) ਆਦਿ ਤੋਂ ਲਗਾਇਆ ਜਾ ਸਕਦਾ ਹੈ।ਇਸੇ ਸੰਕਲਪ ਅਧੀਨ ਬਾਣੀਕਾਰਾਂ ਨੇ ਹਰੀ ਰਾਜੇ ਦੇ ਸਮਾਨ ਕਿਸੇ ਸੰਸਾਰੀ ਰਾਜੇ ਨੂੰ ਕੋਈ ਤਰਜੀਹ ਨਹੀਂ ਦਿੱਤੀ ਕਿਉਂਕਿ ਇਹ ਦੁਨੀਆਂ ਦੇ ਸਾਰੇ ਰਾਜੇ ਤਾਂ ਚਾਰ ਦਿਨਾਂ ਦੇ ਝੂਠੇ ਦਿਖਾਵੇ ਹਿੱਤ ਕਰਮ ਕਰਨ ਵਾਲੇ ਹਨ ਜਦੋਂ ਕਿ ਹਰੀ ਰਾਜੇ ਦੇ ਸੇਵਕ (ਭਗਤ) ਉੱਤੇ ਕਿਸੇ ਦਾ ਹੱਥ ਚੁਕਣਾ ਤਾਂ ਦੂਰ, ਉਸਦੇ ਸਾਹਮਣੇ ਕੋਈ ਸ਼ਬਦ ਵੀ ਨਹੀਂ ਬੋਲ ਸਕਦਾ :

ਕੋਊ ਹਰਿ ਸਮਾਨਿ ਨਹੀ ਰਾਜਾ॥
ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥੧॥ਰਹਾਉ॥
ਹਾਥੁ ਪਸਾਰਿ ਸਕੈ ਕੋ ਜਨ ਕਉ ਬੋਲਿ ਸਕੈ ਨ ਅੰਦਾਜਾ॥੧॥

(ਬਿਲਾਵਲ, ਕਬੀਰ, ਪੰਨਾ-856)

ਇਸ ਤਰ੍ਹਾਂ ਭਗਤ ਬਾਣੀਕਾਰ ਸੰਸਾਰੀ ਮੋਹ ਮਾਇਆ ਵਿਚ ਗਲਤਾਨ ਹੋਣ ਵਾਲੇ ਮਨੁੱਖਾਂ ਨੂੰ ਵਾਰ-ਵਾਰ ਫਿਟਕਾਰ ਪਾਉਂਦੇ ਹੋਏ[25] ਪਿਛੇ ਭੋਗੇ ਭੋਗਾਂ ਨੂੰ ਭੁਲਾਉਣ (ਜੋ ਤੁਛ ਗੁੜ ਖਾਣ ਦੇ ਬਾਰਬਰ ਹਨ) ਤੇ ਅੱਗੇ ਤੋਂ ਨੇਕ ਕਰਮ ਕਰਨ ਦੀ ਚੇਤਾਵਨੀ ਦਿੰਦੇ ਹਨ :

ਕਬੀਰ ਇਹ ਚੇਤਾਵਨੀ ਮਤ ਸਹਸਾ ਰਹਿ ਜਾਇ॥

ਪਾਛੈ ਭੋਗ ਜੁ ਭੋਗਵੇ ਤਿਨ ਕੋ ਗੁੜੁ ਲੈ ਖਾਹਿ॥੪੪॥ (ਸਲੋਕ, ਕਬੀਰ, ਪੰਨਾ-1366)

## ਅਨੈਤਿਕ ਲੱਛਣ

ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਮਨੁੱਖਤਾ ਨੂੰ ਇਕ ਸਦਾਚਾਰਕ ਜੀਵਨ ਜਿਉਣ ਦੀ ਜਾਂਚ ਦਿੱਤੀ। ਇਸ ਦੀ ਲੋੜ ਇਸ ਲਈ ਸੀ ਕਿ ਤਤਕਾਲੀ ਸਮਾਜ ਦੇ ਲੋਕਾਂ ਵਿਚ ਬਹੁਤ ਸਾਰੀਆਂ ਬੁਰਾਈਆਂ ਨੇ ਘਰ ਕਰ ਲਿਆ ਸੀ ਜਿਸ ਕਾਰਨ ਵਿਅਕਤੀਗਤ ਆਚਰਨ ਤੋਂ ਲੈ ਕੇ ਪੂਰੇ ਸਮਾਜ ਦੀ ਦਸ਼ਾ ਤੇ ਦਿਸ਼ਾ ਵਿਚ ਵਿਗਾੜ ਆ ਚੁੱਕਾ ਸੀ। ਵਾਸਤਵ ਵਿਚ ਸਮਾਜ ਵਿਚ ਚੰਗਿਆਈ ਦੇ ਨਾਲ-ਨਾਲ ਬੁਰਾਈਆਂ ਵੀ ਚੱਲਦੀਆਂ ਰਹਿੰਦੀਆਂ ਹਨ ਪਰੰਤੂ ਜਦੋਂ ਸਮਾਜ ਵਿਚ ਚੰਗਿਆਈ ਦੀ ਥਾਂ ਅਨੈਤਿਕਤਾ ਲੈ ਲਵੇ ਤਾਂ ਸਮਾਜ, ਸਮਾਜ ਨਹੀਂ ਰਹਿੰਦਾ, ਜੰਗਲ ਹੋ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਪਰੰਪਰਾ ਤੋਂ ਚੱਲੀਆਂ ਆ ਰਹੀਆਂ ਕੁੱਝ ਕੀਮਤਾਂ ਵਿਚ ਤਬਦੀਲੀ ਕਰਕੇ ਨਵੀਨ ਅਰਥ ਪ੍ਰਦਾਨ ਕੀਤੇ ਅਤੇ ਕੁੱਝ ਨੂੰ ਮੂਲੋਂ ਹੀ ਰੱਦ ਕੀਤਾ ਅਤੇ ਮਨੁੱਖਤਾ ਨੂੰ ਅਜਿਹੇ ਔਗੁਣਾਂ ਤੋਂ ਵਰਜਿਆ ਜਿਨ੍ਹਾਂ ਔਗੁਣਾਂ ਦਾ ਸਿੱਧਾ ਪ੍ਰਭਾਵ ਸਾਰੀ ਲੋਕਾਈ ’ਤੇ ਪੈ ਰਿਹਾ ਸੀ। ਉਨ੍ਹਾਂ ਅਨੈਤਿਕ ਲੱਛਣਾਂ ਨੂੰ ਭਗਤ ਬਾਣੀ ਵਿਚੋਂ ਇੰਝ ਪਛਾਣਿਆ ਜਾ ਸਕਦਾ ਹੈ।

**ਪੰਜ ਵਿਕਾਰ :** ਭਗਤ ਬਾਣੀ ਵਿਚ ਮਨੁੱਖੀ-ਮਨ ਦੇ ਪੰਜ ਵਿਕਾਰਾਂ-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਤਿਆਗਣ ’ਤੇ ਜ਼ੋਰ ਦਿੱਤਾ ਗਿਆ ਹੈ ਕਿਉਂਕਿ ਇਨ੍ਹਾਂ ਪੰਜੇ ਵਿਕਾਰਾਂ ਦੇ ਨਸ਼ੇ ਵਿਚ ਮਨੁੱਖ ਆਪਣਾ ਹੀ ਨਹੀਂ, ਸਗੋਂ ਪੂਰੇ ਸਮਾਜ ਦੇ ਸਰੂਪ ਨੂੰ ਵਿਗਾੜਦਾ ਹੈ। ਜਦੋਂ ਕਿ ਸਮਾਜ ਵਿਚ ਕੋਈ ਵਿਰਲਾ ਹੀ ਐਸਾ ਜਨ ਹੁੰਦਾ ਹੈ ਜੋ ਇਨ੍ਹਾਂ ਵਿਕਾਰਾਂ ਤੋਂ ਦੂਰ ਰਾਮ-ਨਾਮ ਵਿਚ ਲੀਨ ਹੁੰਦਾ ਹੈ :

ਤੇਰਾ ਜਨੁ ਏਕੁ ਆਧੁ ਕੋਈ॥

ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨ੍ਹੈ ਸੋਈ॥੧॥ ਰਹਾਉ॥

(ਕੇਦਾਰਾ, ਕਬੀਰ, ਪੰਨਾ-1123)

ਬਾਣੀਕਾਰਾਂ ਅਨੁਸਾਰ ਜੇਕਰ ਮਨੁੱਖ ਇਨ੍ਹਾਂ ਪੰਜ ਵਿਕਾਰਾਂ ਨੂੰ ਨਹੀਂ ਤਿਆਗਦਾ ਤਾਂ ਉਸ ਦੁਆਰਾ ਕੀਤੇ ਹੋਰ ਸਾਰੇ ਧਰਮ-ਕਰਮ ਨੇਫਲ (ਬੇਅਰਥ) ਹੋ ਜਾਂਦੇ ਹਨ। ਇਸ ਲਈ ਇਨ੍ਹਾਂ ਵਿਕਾਰਾਂ ਨੂੰ ਤਿਆਗਣਾਂ ਹੀ ਇਕ ਸੱਚਾ ਨੈਤਿਕ ਜੀਵਨ ਮਾਰਗ ਮੰਨਿਆ ਗਿਆ ਹੈ :

ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ॥

ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ॥੧॥

(ਸਾਰੰਗ, ਪਰਮਾਨੰਦ, ਪੰਨਾ-1253)

ਪੰਜ ਵਿਕਾਰਾਂ ਵਿਚੋਂ ਭਗਤ ਬਾਣੀ ਵਿਚ ਭਾਵੇਂ ਸਭ ਨੂੰ ਤਿਆਗਣ ਯੋਗ ਮੰਨਿਆ ਗਿਆ ਹੈ ਪਰੰਤੂ ਮਨੁੱਖੀ-ਮਨ ਵਿਚ ਪੈਦਾ ਹੋਏ ਹੰਕਾਰ ਨੂੰ ਬਾਣੀਕਾਰਾਂ ਨੇ ਮਨੁੱਖ ਲਈ ਸਭ ਤੋਂ ਵੱਧ ਹਾਨੀਕਾਰਕ ਆਖਿਆ ਹੈ ਕਿਉਂਕਿ ਹੰਕਾਰ ਵਿਚ ਮਨੁੱਖ ਨੂੰ ਆਪਣਾ ਆਪਾ ਹੀ ਚੰਗਾ ਲੱਗਦਾ ਹੈ। ਦੂਸਰਿਆਂ ਨੂੰ ਇਹ ਤੁੱਛ ਜਾਣਦਾ ਹੈ। ਇਸ ਹੰਕਾਰ ਵਸ ਉਸਨੂੰ ਚੰਗੇ-ਮਾੜੇ ਦੀ ਕੋਈ ਸੁਧਬੁੱਧ ਨਹੀਂ ਰਹਿੰਦੀ ਅਤੇ ਉਹ ਜੇਕਰ ਅਮੀਰ ਹੈ ਤਾਂ ਆਪਣੀ ਅਮੀਰੀ ਦੇ ਹੰਕਾਰ ਵਿਚ ਗ਼ਰੀਬਾਂ ਦਾ ਮਾਖੌਲ ਉਡਾਉਂਦਾ ਤੇ ਉਨ੍ਹਾਂ ਨੂੰ ਤੰਗ ਕਰਦਾ ਹੈ।[26] ਜੇਕਰ ਕੋਈ ਸੋਹਣੀ, ਸੁਰੰਗ ਦੇਹੀ ਵਾਲਾ ਹੈ ਤਾਂ ਇਸ ਦੇਹੀ ਦਾ ਹੀ ਹੰਕਾਰ ਕਰਦਾ ਰਹਿੰਦਾ ਹੈ ਜਦੋਂਕਿ ਇਸ ਦੇਹੀ ਨੂੰ ਮਨੁੱਖ ਨੇ ਇਉਂ ਛੱਡ ਜਾਣਾ ਹੈ ਜਿਵੇਂ ਸੱਪ ਕੁੰਜ ਛੱਡ ਜਾਂਦਾ ਹੈ :

ਕਬੀਰ ਗਰਬੁ ਨ ਕੀਜੀਐ ਦੇਹੀ ਦੇਖਿ ਸੁਰੰਗ॥
ਆਜੁ ਕਾਲ੍ਹਿ ਤਜਿ ਜਾਹੁਗੇ ਜਿਉ ਕਾਂਚੁਰੀ ਭਯੰਗ॥੪੦॥

(ਸਲੋਕ, ਕਬੀਰ, ਪੰਨਾ-1366)

ਹੰਕਾਰ, ਮਨੁੱਖ ਦਾ ਇਕ ਐਸਾ ਔਗੁਣ ਹੈ ਜਿਸਦੇ ਮਨ ਵਿਚ ਹੋਣ ਕਾਰਨ ਪ੍ਰਮਾਤਮਾ ਦਾ ਨਾਮ, ਪ੍ਰਭੂ ਦਾ ਵਾਸਾ ਮਨ ਵਿਚ ਨਹੀਂ ਰਹਿੰਦਾ :

ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ॥

(ਗਉੜੀ, ਕਬੀਰ, ਪੰਨਾ-339)

ਸੋ ਧਨ-ਦੌਲਤ ਦੀ ਵਡਿਆਈ ਅਤੇ ਜੁਆਨੀ ਦਾ ਹੰਕਾਰ ਕਰਨ ਵਾਲੇ ਪਰਮਾਤਮਾ ਦੀ ਬਖਸ਼ਿਸ਼ ਤੋਂ ਖਾਲੀ ਹੀ ਚਲੇ ਜਾਂਦੇ ਹਨ ਜਿਸ ਤਰ੍ਹਾਂ ਮੀਂਹ ਪੈਣ ਨਾਲ ਉੱਚੇ ਟਿੱਬੇ ਸੁੱਕੇ ਹੀ ਰਹਿ ਜਾਂਦੇ ਹਨ:

ਫਰੀਦਾ ਗਰਬੁ ਜਿਨ੍ਹਾ ਵਡਿਆਈਆ ਧਨਿ ਜੋਬਨਿ ਆਗਾਹ॥
ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ॥੧੦੫॥ (ਸਲੋਕ, ਸ਼ੇਖ਼ ਫਰੀਦ, ਪੰਨਾ-1383)

ਇਸ ਲਈ ਕਬੀਰ ਜੀ ਆਖਦੇ ਹਨ ਕਿ ਜਦੋਂ ਤੱਕ ਮਨੁੱਖ ਵਿਚ ਮੈਂ, ਮੇਰੀ ਦਾ ਮਾਣ-ਹੰਕਾਰ ਰਹਿੰਦਾ ਹੈ ਉਦੋਂ ਤੱਕ ਭਾਵੇਂ ਲੱਖ ਯਤਨ ਕਰ ਲਵੇ, ਉਸਦਾ ਕੋਈ ਕੰਮ ਨਹੀਂ ਸੰਵਰਦਾ ਤੇ ਜਦੋਂ ਉਸ ਵਿਚ ਮੈਂ, ਮੇਰੀ ਵਾਲੀ ਹਉਮੈ ਮਿਟ ਜਾਵੇ ਤਾਂ ਉਹ ਪ੍ਰਭੂ ਦੀ ਕਿਰਪਾਲਤਾ ਦਾ ਭਾਗੀਦਾਰ ਹੁੰਦਾ ਹੈ ਅਤੇ ਫਿਰ ਪ੍ਰਭੂ ਉਸਦੇ ਸਾਰੇ ਕਾਜ ਸੰਵਾਰਦਾ ਹੈ :

ਜਬ ਲਗੁ ਮੇਰੀ ਮੇਰੀ ਕਰੈ॥ ਤਬ ਲਗੁ ਕਾਜੁ ਏਕੁ ਨਹੀ ਸਰੈ॥
ਜਬ ਮੇਰੀ ਮੇਰੀ ਮਿਟਿ ਜਾਇ॥ ਤਬ ਪ੍ਰਭ ਕਾਜੁ ਸਵਾਰਹਿ ਆਇ॥੧॥

(ਭੈਰਉ, ਕਬੀਰ, ਪੰਨਾ-1160-1161)

**ਮੋਹ-ਮਾਇਆ** : ਮਾਇਆ ਤੋਂ ਭਾਵ ਕੇਵਲ ਧਨ-ਦੌਲਤ ਤੋਂ ਨਹੀਂ, ਸਗੋਂ ਮਾਇਆ ਅਧੀਨ ਸਾਰੇ ਧਨ, ਪਦਾਰਥ, ਪਰਿਵਾਰ, ਇਸਤਰੀ-ਮੋਹ ਆਦਿ ਨੂੰ ਲਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਤਤਕਾਲੀ ਸਮਾਜ ਦੇ ਲੋਕਾਂ ਦੇ ਇਸ ਮਾਇਆ-ਮੋਹ ਵਿਚ ਹੱਦੋਂ ਵੱਧ ਗ੍ਰਸਤ ਹੋਣ ਨੂੰ ਤਰਜੀਹ ਨਹੀਂ ਦਿੱਤੀ। ਉਹ ਆਖਦੇ ਹਨ ਕਿ ਬਹੁਤਾ ਕਰਕੇ ਮਨੁੱਖ ਧਨ-ਸੰਪਤੀ, ਕੁਟੰਬ, ਪਰਾਈ ਇਸਤਰੀ ਰੂਪੀ ਮਾਇਆ ਦੇ ਭਰਮ ਵਿਚ ਇਸ ਤਰ੍ਹਾਂ ਭੁਲਿਆ ਹੋਇਆ ਹੈ ਕਿ ਧਨ-ਸੰਪਤੀ ਦੀ ਲਾਲਸਾ ਹਿੱਤ ਉਹ ਆਪਣੇ ਸਬੰਧੀ ਦੀ ਮੌਤ 'ਤੇ ਵੀ ਆਪਣੇ ਹਿੱਸੇ ਆਉਂਦੀ ਮਾਇਆ ਦਾ ਹਿਸਾਬ ਕਰਦਾ ਹੈ ਤੇ ਸ੍ਰੇਸ਼ਟ ਮਨੁੱਖਾ ਜਨਮ ਨੂੰ ਬੇਅਰਥ ਹੀ ਗੁਆਉਂਦਾ ਹੈ :

ਤਰਣੁ ਤੇਜੁ ਪਰ ਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਣਿਆ॥
ਉਨਮਤ ਕਾਮਿ ਮਹਾ ਬਿਖੁ ਭੂਲੈ ਪਾਪੁ ਪੁੰਨੁ ਨ ਪਛਾਨਿਆ॥
ਸੁਤ ਸੰਪਤਿ ਦੇਖਿ ਇਹੁ ਮਨੁ ਗਰਬਿਆ ਰਾਮੁ ਰਿਦੈ ਤੇ ਖੋਇਆ॥
ਅਵਰ ਮਰਦ ਮਾਇਆ ਮਨੁ ਤੋਲੇ ਤਉ ਭਗ ਮੁਖਿ ਜਨਮੁ ਵਿਗੋਇਆ॥੩॥

(ਸਿਰੀਰਾਗੁ, ਬੇਣੀ, ਪੰਨਾ-93)

ਬਾਣੀਕਾਰਾਂ ਨੇ ਇਸ ਮਾਇਆ ਨੂੰ ਸੱਪਣੀ ਕਿਹਾ ਜੋ ਵੱਡੇ ਵੱਡੇ ਸੁਰ, ਨਰ, ਦੇਵਤਿਆਂ ਨੂੰ ਵੀ ਛਲ ਲੈਂਦੀ ਹੈ ਪਰੰਤੂ ਸੱਚ (ਪਰਮਾਤਮਾ) ਨੂੰ ਪਛਾਨਣ ਵਾਲੇ ਮਨੁੱਖ ਇਸ ਸਰਪਨੀ ਮਾਇਆ ਨੂੰ ਖਾ ਲੈਂਦੇ ਹਨ ਭਾਵ ਮਾਇਆ ਦਾ ਪ੍ਰਭਾਵ ਭਗਤ ਜਨ ਖ਼ਤਮ ਕਰ ਦਿੰਦੇ ਹਨ :

ਸਰਪਨੀ ਤੇ ਊਪਰਿ ਨਹੀ ਬਲੀਆ॥ ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥੧॥...
ਸ੍ਰਪਨੀ ਸ੍ਰਪਨੀ ਕਿਆ ਕਰਹੁ ਭਾਈ॥
ਜਿਨਿ ਸਾਚੁ ਪਛਾਨਿਆ ਤਿਨਿ ਸ੍ਰਪਨੀ ਖਾਈ॥੨॥

(ਆਸਾ, ਕਬੀਰ, ਪੰਨਾ-480)

ਕਬੀਰ ਜੀ ਆਖਦੇ ਹਨ ਕਿ ਮਾਇਆ ਇਕ ਦੁੱਧ ਰਿੜਕਨ ਵਾਲੀ ਮੱਟੀ ਹੈ ਅਤੇ ਹਵਾ (ਸਮਾਜ ਵਿਚ ਤਰ੍ਹਾਂ ਤਰ੍ਹਾਂ ਦੀਆਂ ਇਛਾਵਾਂ, ਕਾਮਨਾਵਾਂ ਦੀ ਹਵਾ) ਉਸਨੂੰ ਰਿੜਕਣ ਵਾਲੀ ਹੈ। ਇਸ ਮਾਇਆ ਤੋਂ ਨਿਰਲੇਪ ਰਹਿ ਕੇ ਸੰਤ ਜਨ ਤਾਂ ਸ਼ੁਭ ਗੁਣ ਰੂਪੀ ਮੱਖਣ ਖਾਂਦੇ ਹਨ ਜਦੋਂ ਕਿ ਸਾਰਾ ਸੰਸਾਰ ਮੰਦ ਵਾਸ਼ਨਾਵਾਂ ਰੂਪੀ ਲੱਸੀ ਨੂੰ ਪੀਂਦਾ ਹੈ।[27] ਇਸ ਤਰ੍ਹਾਂ ਮਾਇਆ ਮਨੁੱਖ ਨੂੰ ਅਨੇਕ ਤਰ੍ਹਾਂ ਦੇ ਭੇਸ ਵਟਾ ਵਟਾ ਕੇ ਆਪਣੇ ਵੱਲ ਖਿੱਚਦੀ ਹੈ ਪਰ ਜੋ ਲੋਕ ਸਤਿਗੁਰੂ ਨਾਲ ਜੁੜੇ ਹੁੰਦੇ ਹਨ ਉਨ੍ਹਾਂ ਨੂੰ ਮਾਇਆ ਨਮਸਕਾਰ ਕਰਕੇ ਚਲੀ ਜਾਂਦੀ ਹੈ ਭਾਵ ਗੁਰੂ ਦੇ ਪਿਆਰਿਆਂ ਨੂੰ ਮਾਇਆ ਆਪਣੇ ਅਨੁਸਾਰ ਨਹੀਂ, ਸਗੋਂ ਖੁਦ ਉਨ੍ਹਾਂ ਅਨੁਸਾਰ ਚੱਲਦੀ ਹੈ :

ਕਬੀਰ ਆਈ ਮੁਝਹਿ ਪਹਿ ਅਨਿਕ ਕਰੇ ਕਰਿ ਭੇਸ॥
ਹਮ ਰਾਖੇ ਗੁਰ ਆਪਨੇ ਉਨਿ ਕੀਨੋ ਆਦੇਸੁ॥੮॥

(ਸਲੋਕ, ਕਬੀਰ, ਪੰਨਾ-1364)

**ਉਸਤਤਿ/ਨਿੰਦਾ :** ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਝੂਠ ਦੇ ਆਧਾਰ 'ਤੇ ਕੀਤੀ ਗਈ ਉਸਤਤਿ (ਖੁਸ਼ਾਮਦ) ਤੇ ਨਿੰਦਾ (ਚੁਗਲੀ) ਦੋਵਾਂ ਨੂੰ ਮਨੁੱਖ ਦੇ ਬੜੇ ਹੀ ਨਿੰਦਣੀ ਔਗੁਣਾਂ ਵਿਚ ਗਿਣਿਆ ਹੈ। ਕਬੀਰ ਜੀ ਆਪਣੇ ਇਕ ਸ਼ਬਦ ਵਿਚ ਨਿੰਦਕ ਦੀ ਸਰਾਹਨਾ ਕਰਦੇ ਹੋਏ ਵਿਅੰਗ ਕੱਸਦੇ ਹਨ। ਉਹ ਸਰਾਹਨਾ ਅਧੀਨ ਕਹਿੰਦੇ ਹਨ ਕਿ ਇਹ ਠੀਕ ਹੈ ਕਿ ਨਿੰਦਕ ਕਿਸੇ ਦੀਆਂ ਖਾਮੀਆਂ ਨੂੰ ਭੰਡਦਾ ਹੈ ਪਰ ਵਿਅੰਗ ਅਧੀਨ ਆਖਦੇ ਹਨ ਕਿ ਉਹ ਦੂਸਰੇ ਦੀਆਂ ਖਾਮੀਆਂ ਨੂੰ ਦੱਸਕੇ ਆਪਣੀਆਂ ਖਾਮੀਆਂ ਨੂੰ ਵਿਚਾਰਦਾ ਹੀ ਨਹੀਂ ਜਿਸ ਕਾਰਨ ਊਹ ਦੂਸਰੇ ਨੂੰ ਤਾਂ ਤਾਰ ਦਿੰਦਾ ਹੈ ਪਰ ਖ਼ੁਦ ਅਜਿਹੇ ਔਗੁਣਾਂ ਕਾਰਨ ਡੁੱਬ ਜਾਂਦਾ ਹੈ :

ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ॥... ਨਿੰਦਾ ਬਾਪ ਨਿੰਦਾ ਮਹਤਾਰੀ॥੧॥ਰਹਾਉ॥
ਰਿਦੈ ਸੁਧ ਜਉ ਨਿੰਦਾ ਹੋਇ॥ ਹਮਰੇ ਕਪਰੇ ਨਿੰਦਕੁ ਧੋਇ॥੧॥...
ਜਨ ਕਬੀਰ ਕਉ ਨਿੰਦਾ ਸਾਰੁ॥
ਨਿੰਦਕੁ ਡੂਬਾ ਹਮ ਉਤਰੇ ਪਾਰਿ॥੩॥੨੦॥੭੧॥

(ਗਉੜੀ, ਕਬੀਰ, ਪੰਨਾ-339)

ਕਬੀਰ ਜੀ ਆਖਦੇ ਹਨ ਕਿ ਮਨੁੱਖ ਆਪਣੇ ਮਾੜੇ ਕਰਮਾਂ ਤੋਂ ਨਹੀਂ ਡਰਦਾ, ਅੱਗੇ ਬੜਾ ਔਖਾ ਰਸਤਾ ਹੈ। ਪਹਿਲਾਂ ਆਪਣੇ ਔਗੁਣਾਂ ਦਾ ਭਾਰ ਹੀ ਏਨਾ ਹੈ ਕਿ ਪਰਾਈ ਨਿੰਦਿਆ ਦਾ ਭਾਰ ਹੋਰ ਸਿਰ 'ਤੇ ਚੁੱਕ ਲੈਂਦਾ ਹੈ ਜਦਕਿ ਏਨਾ ਭਾਰ ਲੈ ਕੇ ਔਖੀ ਘਾਟੀ ਚੜ੍ਹਨਾ ਬੜਾ ਔਖਾ ਹੈ :

ਕਬੀਰ ਭਾਰ ਪਰਾਈ ਸਿਰਿ ਚਰੈ ਚਲਿਓ ਚਾਹੈ ਬਾਟ॥
ਅਪਨੇ ਭਾਰਹਿ ਨਾ ਡਰੈ ਆਗੈ ਅਉਘਟ ਘਾਟ॥੯੯॥

(ਸਲੋਕ, ਕਬੀਰ, ਪੰਨਾ-1369)

ਇਸ ਤਰ੍ਹਾਂ ਭਗਤ ਬਾਣੀਕਾਰਾਂ ਦਾ ਵਿਚਾਰ ਹੈ ਕਿ ਅਠਾਰਾਂ ਤੀਰਥਾਂ ਦਾ ਇਸ਼ਨਾਨ ਕਰਨ ਵਾਲਾ, ਬਾਰਾ ਸ਼ਿਵ ਲਿੰਗਾਂ ਦੀ ਪੂਜਾ ਕਰਨ ਵਾਲਾ, ਸੇਵਾ ਹਿੱਤ ਖੂਹ, ਤਲਾਬ ਲਗਵਾਉਣ ਵਾਲਾ, ਜੇਕਰ ਨਿੰਦਾ ਕਰਦਾ ਹੈ ਤਾਂ ਉਸ ਦਾ ਸਭ ਕੀਤਾ ਕਰਮ ਧਰਮ ਵਿਅਰਥ ਹੀ ਜਾਂਦਾ ਹੈ। ਇਵੇਂ ਹੀ ਸਾਧੂ ਪੁਰਸ਼ ਦੀ ਨਿੰਦਿਆ ਕਰਨ ਵਾਲਾ ਮਨੁੱਖ ਇਸ ਸੰਸਾਰ-ਸਮੁੰਦਰ ਵਿਚੋਂ ਤਰਨ ਦੀ ਬਜਾਏ ਨਰਕ ਦਾ ਵਾਸੀ ਹੀ ਹੋਵੇਗਾ :

ਜੇ ਓਹੁ ਅਠਸਠਿ ਤੀਰਥ ਨ੍ਾਵੈ॥ ਜੇ ਓਹੁ ਦੁਆਦਸ ਸਿਲਾ ਪੂਜਾਵੈ॥
ਜੇ ਓਹੁ ਕੂਪ ਤਟਾ ਦੇਵਾਵੈ॥ ਕਰੈ ਨਿੰਦ ਸਭ ਬਿਰਥਾ ਜਾਵੈ॥੧॥

ਸਾਧ ਕਾ ਨਿੰਦਕੁ ਕੈਸੇ ਤਰੈ॥ ਸਰਪਰ ਜਾਨਹੁ ਨਰਕ ਹੀ ਪਰੈ॥੧॥ਰਹਾਉ॥

(ਗੋਂਡ, ਰਵਿਦਾਸ, ਪੰਨਾ-875)

ਭਗਤ ਕਬੀਰ ਜੀ ਆਖਦੇ ਹਨ ਕਿ ਜਿਸ ਮਨੁੱਖ ਨੇ ਉਸਤਤਿ (ਵਡਿਆਈ) ਤੇ ਨਿੰਦਾ ਦੋਵਾਂ ਵਲੋਂ ਆਪਣੇ ਮਨ ਨੂੰ ਰੋਕਿਆ ਹੋਇਆ ਹੈ ਤੇ ਜਿਹੜਾ ਆਦਰ ਨਿਰਾਦਰ, ਲੋਹੇ, ਸੋਨੇ ਨੂੰ ਇਕ ਸਮਾਨ ਕਰਕੇ ਜਾਣਦਾ ਹੈ ਉਹ ਪਰਮਾਤਮਾ ਦਾ ਹੀ ਰੂਪ ਹੋ ਜਾਂਦਾ ਹੈ :

ਉਸਤਿਤ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ॥
ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ॥੧॥

(ਕੇਦਾਰਾ, ਕਬੀਰ, ਪੰਨਾ-1123)

ਅਜਿਹਾ ਹੀ ਵਿਚਾਰ ਨਾਮਦੇਵ ਜੀ ਪ੍ਰਗਟਾਉਂਦੇ ਹਨ ਕਿ ਤਨ, ਮਨ ਤੋਂ ਪ੍ਰਭੂ ਰੰਗ ਵਿਚ ਰੰਗੇ ਭਗਤਾਂ ਨੂੰ ਨਿੰਦਾ ਦੀ ਕੋਈ ਪ੍ਰਵਾਹ ਨਹੀਂ ਹੁੰਦੀ। ਚਾਹੇ ਕੋਈ ਉਸਦੀ ਵਡਿਆਈ ਕਰੇ ਤੇ ਚਾਹੇ ਕੋਈ ਨਿੰਦਾ ਕਰੇ :

ਉਸਤਤਿ ਨਿੰਦਾ ਕਰੈ ਨਰੁ ਕੋਈ॥
ਨਾਮੇ ਸ੍ਰੀਰੰਗੁ ਭੇਟਲ ਸੋਈ॥੪॥੪॥

(ਭੈਰਉ, ਨਾਮਦੇਵ, ਪੰਨਾ-1164)

**ਐਸ਼ੋਆਰਾਮ ਵਾਲਾ ਜੀਵਨ ਅਤੇ ਆਚਰਨਹੀਣਤਾ** : ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਆਪਣੇ ਸਮਕਾਲੀ ਸਮੇਂ ਵਿਚ ਜਿੱਥੇ ਅਮੀਰ ਲੋਕਾਂ ਦੁਆਰਾ ਧਨ, ਦੌਲਤ ਤੇ ਐਸ਼ੋ ਆਰਾਮ ਵਿਚ ਜਿਉਂਏ ਜਾਂਦੇ ਜੀਵਨ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ ਉਥੇ ਲੋਕਾਂ ਦੇ ਮੈਲੇ ਹੋ ਚੁੱਕੇ ਆਚਰਨ ਤੋਂ ਵੀ ਪਰਦਾ ਹਟਾਇਆ ਹੈ। ਉੱਚੇ-ਉੱਚੇ ਮਹਿਲਾਂ ਵਿੱਚ, ਚੰਗਾ ਖਾਣ-ਪੀਣ, ਪਹਿਨਣ ਤੇ ਪਰਾਈਆਂ ਇਸਤਰੀਆਂ ਨੂੰ ਭੋਗਣਾ ਤਾਂ ਜਿਵੇਂ ਰਾਜੇ, ਸੁਲਤਾਨਾਂ, ਅਮੀਰਾਂ ਦੀ ਸ਼ਾਨ ਸੀ :

ਊਚ ਭਵਨ ਕਨਕਾਮਨੀ ਸਿਖਰਿ ਧਜਾ ਫਹਰਾਇ॥
ਤਾ ਤੇ ਭਲੀ ਮਧੂਕਰੀ ਸੰਤਸੰਗਿ ਗੁਨ ਗਾਇ॥੧੫੦॥

(ਸਲੋਕ, ਕਬੀਰ, ਪੰਨਾ-1372)

ਐਸੇ ਲੋਕ ਗੱਲਾਂ ਵਿਚ ਤਾਂ ਬਹੁਤ ਚੰਗੇ ਬਣਨ ਦੀ ਕੋਸ਼ਿਸ਼ ਕਰਦੇ ਸਨ ਪਰ ਉਨ੍ਹਾਂ ਦੇ ਮਨ ਮੈਲੇ ਤੇ ਆਚਰਨ ਬੁਰੇ ਹੁੰਦੇ ਸਨ :

ਗਲੀ ਅਸੀ ਚੰਗੀਆ ਆਚਾਰੀ ਬੁਰੀਆਹ॥
ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹਿ॥...

(ਸਿਰੀਰਾਗੁ, ਮਹਲਾ 1, ਪੰਨਾ-85)

ਇਸ ਲਈ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਮਨੁੱਖ ਨੂੰ ਮੈਲਾ ਆਚਰਨ ਤਿਆਗਣ ਦੀ ਪ੍ਰੇਰਨਾ ਅਧੀਨ ਆਖਦੇ ਹਨ ਕਿ ਲੋਭ ਆਦਿਕ ਵਿਕਾਰ, ਬੇਗਾਨੇ ਘਰ ਵੱਲ ਬੁਰੀ ਨਜ਼ਰ ਰੱਖਣ ਅਤੇ ਮਰਯਾਦਾ ਤੋਂ ਉਲਟ ਕਰਮ ਆਦਿ ਹਰ ਤਰ੍ਹਾਂ ਦੇ ਖੋਟੇ ਕਰਮ ਤੇ ਖੋਟੀ ਬੁੱਧੀ ਨੂੰ ਤਿਆਗ ਕੇ ਉਸ ਚਕ੍ਰਧਾਰੀ, ਰਾਜਿਆਂ ਦੇ ਰਾਜੇ, ਸਭ ਕੁੱਝ ਜਾਨਣ ਵਾਲੇ ਦੀ ਸ਼ਰਨ ਵਿਚ ਆਉਣਾ ਚਾਹੀਦਾ ਹੈ :

ਲੋਭਾਦਿ ਦ੍ਰਿਸਟਿ ਪਰ ਗ੍ਰਿਹੰ ਜਦਿਬਿਧਿ ਆਚਰਣੰ॥
ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰਧਰ ਸਰਣੰ॥੩॥

(ਗੂਜਰੀ, ਜੈਦੇਵ, ਪੰਨਾ-526)

**ਭੇਦਭਾਵ, ਝੂਠ, ਠੱਗੀ ਆਦਿ ਔਗੁਣ :** ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਜਿੱਥੇ ਮਨੁੱਖ ਦੁਆਰਾ ਦੂਸਰੇ ਮਨੁੱਖ ਨਾਲ ਜਾਤੀ, ਧਰਮ, ਨਸਲ ਜਾਂ ਪਦਵੀ ਕਾਰਨ ਕੀਤੇ ਜਾਂਦੇ ਵਿਤਕਰੇ ਨੂੰ ਸਮਾਜ ਦੀ ਏਕਤਾ ਲਈ ਇਕ ਵੱਡਾ ਔਗੁਣ ਦੱਸਿਆ ਉਥੇ ਕੇਵਲ ਆਪਣੇ ਹੀ ਲਾਭ ਲਈ ਕੀਤੀ ਜਾਂਦੀ ਚੋਰੀ, ਠੱਗੀ, ਝੂਠ, ਪਾਪ ਆਦਿ ਸਮਾਜਕ ਬੁਰਾਈਆਂ ਦਾ ਵੀ ਸਖ਼ਤ ਵਿਰੋਧ ਕੀਤਾ। ਇਨ੍ਹਾਂ ਬੁਰਾਈਆਂ ਦੇ ਆਧਾਰ 'ਤੇ ਹੀ ਉਹ ਪਾਪੀ ਦਾ ਘਰ ਅਗਨੀ ਵਿਚ ਦੱਸਦੇ ਹਨ ਕਿਉਂਕਿ ਉਹ ਹਰ ਵਕਤ ਪਾਪਾਂ ਦੀ ਅੱਗ ਵਿਚ ਜਲਦਾ ਰਹਿੰਦਾ ਹੈ ਜੋ ਅੱਗ ਕਦੇ ਨਹੀਂ ਬੁਝਦੀ। ਅਜਿਹਾ ਪਾਪੀ ਮਨੁੱਖ ਹਰੀ ਦੀ ਭਗਤੀ ਵਾਲਾ ਮਾਰਗ ਛੱਡ ਕੇ ਗ਼ਲਤ ਰਸਤੇ ਚੱਲਦਾ ਹੈ:

ਪਾਪੀ ਕਾ ਘਰੁ ਅਗਨੇ ਮਾਹਿ॥ ਜਲਤ ਰਹੈ ਮਿਟਵੈ ਕਬ ਨਾਹਿ॥੧॥ ਰਹਾਉ॥
ਹਰਿ ਕੀ ਭਗਤਿ ਨ ਦੇਖੈ ਜਾਇ॥ ਮਾਰਗੁ ਛੋਡਿ ਅਮਾਰਿਗ ਪਾਇ॥

(ਭੈਰਉ, ਨਾਮਦੇਵ, ਪੰਨਾ-1165)

ਇਸ ਲਈ ਕਬੀਰ ਜੀ ਆਖਦੇ ਹਨ ਕਿ ਉਸ ਮਨੁੱਖ (ਪ੍ਰਾਣੀ) ਦੇ ਤੀਰਥ, ਬਰਤ ਆਦਿ ਕੀਤੇ ਨੇਮ ਸਭ ਨਰਕ ਵਿਚ ਜਾ ਪੈਂਦੇ ਹਨ ਜੋ ਭੰਗ, ਮਛਲੀ, ਸ਼ਰਾਬ ਪਾਨ ਆਦਿ ਐਬ ਰੱਖਦਾ ਹੈ।[28] ਜਦੋਂ ਕਿ ਮਨ ਤੇ ਤਨ ਗੁਰੂ ਦੀ ਸਿੱਖਿਆ ਦੁਆਰਾ ਪਰਮਾਤਮਾ ਨੂੰ ਅਰਪਨ ਕਰਨ ਵਾਲਾ ਗੁਰਮੁੱਖ ਇਨ੍ਹਾਂ ਔਗੁਣਾਂ ਪ੍ਰਤੀ ਸਦਾ ਸੁਚੇਤ ਰਹਿੰਦਾ ਹੈ, ਉਹ ਕਦੀ ਝੂਠ ਨਹੀਂ ਬੋਲਦਾ ਅਤੇ ਆਪਣੀਆਂ ਪੰਜੇ ਇੰਦ੍ਰੀਆਂ ਨੂੰ ਆਪਣੇ ਵਸ ਵਿਚ ਰੱਖਦਾ ਹੈ :

ਜਾਗਤੁ ਰਹੈ ਨ ਅਲੀਆ ਭਾਖੈ॥ ਪਾਚਉ ਇੰਦ੍ਰੀ ਬਸਿ ਕਰਿ ਰਾਖੈ॥
ਗੁਰ ਕੀ ਸਾਖੀ ਰਾਖੈ ਚੀਤਿ॥
ਮਨੁ ਤਨੁ ਅਰਪੈ ਕ੍ਰਿਸਨ ਪਰੀਤਿ॥੬॥

(ਰਾਮਕਲੀ, ਬੇਣੀ, ਪੰਨਾ-974)

## ਮਿਥ ਦੀ ਪੇਸ਼ਕਾਰੀ ਤੇ ਰੂਪਾਂਤਰਨ

'ਮਿਥ' (Myth) ਅੰਗਰੇਜ਼ੀ ਭਾਸ਼ਾ ਦਾ ਸ਼ਬਦ ਹੈ। ਇਸਦੇ ਕਈ ਅਰਥ ਪ੍ਰਚਲਿਤ ਹਨ, ਜਿਵੇਂ ਗਲਪ ਜਾਂ ਮਨਘੜਤ ਬਿਰਤਾਂਤ (fiction) : 'ਕਲਪਿਤ ਕਹਾਣੀ' ਅਤੇ 'ਛਾਇਆ' (Illussion) ਆਦਿ। ਮਿਥ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਨਿਆਇ-ਰਹਿਤ ਵਸਤੂ ਅਤੇ ਇਤਿਹਾਸਕ ਪੱਖ ਤੋਂ ਤੱਥ-ਰਹਿਤ ਰੂਪ ਵਿਚ ਵੀ ਪੇਸ਼ ਕੀਤਾ ਜਾਂਦਾ ਹੈ।[29]

ਡਾ. ਕੁਲਵੰਤ ਸਿੰਘ ਨੇ ਵਰਨਰ, ਜੀ.ਐਸ. ਕਿਰਕ, ਮਰਸੀਆ ਏਲੀਆਦੇ ਤੇ ਰੇਨੇ ਵੈਲਕ ਆਦਿ ਪ੍ਰਸਿੱਧ ਵਿਦਵਾਨਾਂ ਦੇ ਹਵਾਲਿਆਂ ਅਨੁਸਾਰ 'ਮਿਥ' ਸ਼ਬਦ ਦੇ ਕ੍ਰਮਕ ਵਿਕਾਸ ਸੰਖੇਪ ਵਿਚ ਇਸ ਤਰ੍ਹਾਂ ਉਲੀਕਿਆ ਹੈ ਕਿ "ਅੰਗਰੇਜ਼ੀ ਸ਼ਬਦ 'ਮਿਥ' (Myth) ਦੇ ਸਮਾਨਾਂਤਰ ਯੂਨਾਨੀ ਭਾਸ਼ਾ ਵਿਚ 'ਮਾਇਥਾਸ' ਸ਼ਬਦ ਹੈ। ਇਸ ਸ਼ਬਦ ਦਾ ਪ੍ਰਯੋਗ ਉਚਾਰ (utterance) ਦੇ ਅਰਥਾਂ ਵਿਚ ਕੀਤਾ ਜਾਂਦਾ ਸੀ ਜਿਸ ਦਾ ਭਾਵ ਕਹਾਣੀ ਰੂਪ ਵਿਚ ਕਹੀ ਗਈ ਕੋਈ ਗੱਲ ਤੋਂ ਸੀ।" "ਸਮੇਂ ਦੇ ਬੀਤਣ ਨਾਲ ਇਸ ਸ਼ਬਦ ਨੂੰ ਧਾਰਮਿਕ ਅਤੇ ਪਰਿਭੌਤਿਕ ਕੀਮਤਾਂ ਤੋਂ ਸਖਣਾ 'ਲੋਗੋਸ' ਸ਼ਬਦ ਦੇ ਵਿਪਰੀਤ, ਇਤਿਹਾਸਕ ਕੀਮਤਾਂ ਤੋਂ ਖਾਲੀ, ਵਾਸਤਵਿਕਤਾ-ਰਹਿਤ ਸਮਝਿਆ ਜਾਣ ਲੱਗਾ।" "ਪਲੈਟੋ ਦੇ ਸਮੇਂ ਤਕ 'ਮਿਥ' ਤੋਂ ਭਾਵ ਉਸ ਪਰੰਪਰਾਗਤ ਕਹਾਣੀ ਤੋਂ ਲਿਆ ਜਾਣ ਲੱਗਾ ਜੋ ਦੇਵਤਿਆਂ ਅਤੇ ਨਾਇਕਾਂ ਨਾਲ ਸਬੰਧਿਤ ਹੋਵੇ। ਜਰਮਨ ਵਿਦਵਾਨ ਵੀਕੋ (Giambattista Vico 1670-1744) ਨੇ 'ਮਿਥ' ਨੂੰ ਨਵਾਂ ਮੋੜ ਦਿੰਦੇ ਹੋਏ, 'ਕਵਿਤਾ ਵਰਗਾ ਸਤਿ' ਆਖਿਆ।" ਇਸ ਅਵਸਥਾ ਤੱਕ ਪਹੁੰਚਿਆ 'ਮਿਥ' ਦਾ ਭਾਵ ਅਰਥ-ਭਰਪੂਰ ਧਾਰਨਾ ਵੱਲ ਵਧਿਆ ਅਤੇ ਉਨੀਵੀਂ, ਵੀਹਵੀਂ ਸਦੀ ਦੇ ਆਰੰਭ ਵਿਚ ਕੁੱਝ ਵਿਦਵਾਨਾਂ ਵੱਲੋਂ 'ਮਿਥ' ਦੇ ਅਰਥ 'ਪਵਿੱਤਰ ਕਹਾਣੀ', 'ਸੱਚੀ ਕਹਾਣੀ' ਅਤੇ 'ਪਰੰਪਰਾਗਤ ਕਹਾਣੀ' ਆਦਿ ਕੀਤੇ ਗਏ।"[30]

ਮੈਕਸ ਮੂਲਰ ਨੇ ਮਿਥ ਨੂੰ ਵਰਨ ਕਾਵਿਮਈ ਨਾਮ ਆਖਿਆ ਜਿਨ੍ਹਾਂ ਨਾਵਾਂ ਨੇ ਹੌਲੀ-ਹੌਲੀ ਸਵਰਗਿਕ ਵਿਅਕਤਿਤਵ ਧਾਰਨ ਕਰ ਲਿਆ। ਮੈਕਸ ਮੂਲਰ ਦਾ ਕਥਨ ਹੈ ਕਿ ਭਾਸ਼ਾ ਜਦ ਆਪਣੀ ਸੰਯੋਗ ਸ਼ਕਤੀ ਜਾਂ ਅਸਮਰੱਥਾ ਦੇ ਕਾਰਨ ਇਕ ਸਥਾਨ 'ਤੇ ਦੂਸਰੇ ਸ਼ਬਦ ਗ੍ਰਹਿਣ ਕਰਦੀ ਹੈ ਨਾਲ ਹੀ ਅਰਥਪਰਕ ਪਰਿਵਰਤਨ ਵੀ ਹੋ ਜਾਂਦਾ ਹੈ ਤਾਂ ਮਿਥ ਦਾ ਜਨਮ ਹੁੰਦਾ ਹੈ।[31]

ਹਿੰਦੀ ਵਿਦਵਾਨ ਡਾ. ਨਾਗੇਂਦਰ ਨੇ ਮੈਕਸ ਮੂਲਰ ਦੇ ਇਸ ਕਥਨ ਨੂੰ ਸਪਸ਼ਟ ਕਰਦੇ ਹੋਏ "ਮਿਥ ਨੂੰ ਕਾਲਪਨਿਕ ਸ਼ਕਤੀ ਦੁਆਰਾ ਭਾਸ਼ਾ ਦੀ ਸ਼ਬਦ ਸ਼ਕਤੀ ਅਭਿਧਾ ਦਾ ਵਿਸਥਾਪਨ ਦੱਸਿਆ ਹੈ।"[32] ਜਦੋਂ ਕਿ ਜੋਗਿੰਦਰ ਸਿੰਘ ਕੈਰੋਂ ਨੇ ਮਿਥ ਨੂੰ ਖੁਲ੍ਹੇ ਤੌਰ 'ਤੇ ਹੀ ਅਭਿਧਾ ਸ਼ਕਤੀ ਦੇ ਵਿਸਥਾਪਨ ਭਾਵ 'ਲਖਣਾ' ਸ਼ਕਤੀ ਰਾਹੀਂ ਅਣਬੁੱਝੇ ਵਰਤਾਰਿਆਂ ਨੂੰ ਸਮਝਣ ਦਾ ਵਿਚਾਰ ਦਿੱਤਾ।[33]

ਡਾ. ਹਰਿਭਜਨ ਸਿੰਘ ਅਨੁਸਾਰ, "ਮਨੁੱਖ ਦੀ ਮੁੱਢਲੀ ਸਿਰਜਣਾ ਮਿਥ ਹੈ। 'ਮਿਥ' ਨਾ ਨਿਰੋਲ ਗੱਪ ਹੈ ਨਾ ਸੁਧਾ ਝੂਠ। ਇਹ ਵਾਸਤਵਿਕਤਾ ਦੀ ਨਕਲ ਵੀ ਨਹੀਂ। ਮਿਥਾਂ ਵਾਸਤਵਿਕਤਾ ਦਾ ਰੂਪਾਂਤਰਣ ਹਨ। ਮਿਥਾਂ ਦਾ ਸਿਰਜਣਹਾਰ ਆਦਿਮ ਮਨੁੱਖ ਅਗਿਆਨੀ ਨਹੀਂ, ਸੁਭਾਵਕ ਤੌਰ ਤੇ 'ਕਾਵਿ-ਸਿਆਣਪ' ਦਾ ਧਾਰਣੀ ਹੈ। ਆਪਣੇ ਆਲੇ-ਦੁਆਲੇ ਪ੍ਰਤੀ ਉਹਦੀ ਅਨੁਕਿਰਿਆ ਕਾਵਿਮਈ ਹੈ, ਉਹ ਵਾਸਤਵਿਕਤਾ ਨੂੰ ਰੂਪਕ, ਪ੍ਰਤੀਕ, ਮਿਥ ਆਦਿ ਦੀ ਪਰਾਵਾਸਤਵਿਕਤਾ ਵਿਚ ਢਾਲ ਦੇਂਦਾ ਹੈ। ਇਹ ਸਾਰੀ ਪਾਰਸਿਰਜਣਾ ਜਾਂ ਕਾਵਿ-ਸਿਰਜਣਾ ਦੀਆਂ ਜੜ੍ਹਾਂ ਵਸਤੂ ਅਤੇ ਵਸਤੂ-ਅਨੁਭਵ ਵਿਚ ਹੀ ਹਨ ਤੇ ਉਸ ਦੀ ਵਾਸਤਵਿਕਤਾ ਉਸ ਵਿਚ ਹੂ-ਬ-ਹੂ ਪ੍ਰਤਿਬਿੰਬਤ ਨਹੀਂ ਹੁੰਦੀ। ਕਾਵਿ ਸਿਰਜਣਾ ਵਸਤੂ ਦਾ ਮਾਨਵੀ ਰੂਪਾਂਤਰਣ ਹੈ।"[34]

ਡਾ. ਕੁਲਵੰਤ ਸਿੰਘ ਨੇ ਮਿਥ-ਕਥਾ ਨੂੰ ਇਕ ਅਜਿਹੀ ਪਰੰਪਰਾਗਤ ਕਹਾਣੀ ਪ੍ਰਵਾਨ ਕੀਤਾ ਹੈ ਜਿਸ ਵਿਚ ਪਵਿੱਤਰਤਾ, ਦੈਵੀਅਤਾ, ਆਦਰਸ਼ਕਤਾ, ਵਿਸ਼ਵਾਸ ਅਤੇ ਸਮਾਜਕ ਪ੍ਰਕਾਰਜਾਤਮਕਤਾ ਦੇ ਗੁਣ ਸਮੋਏ ਹੋਏ ਹੁੰਦੇ ਹਨ।[35]

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਆਦਿ ਮਨੁੱਖ ਆਪਣੇ ਜੀਵਨ ਦੇ ਹਰ ਖੇਤਰ ਵਿਚ ਪ੍ਰਾਕ੍ਰਿਤਕ ਜਾਂ ਕੁਦਰਤੀ ਸਰੋਤਾਂ 'ਤੇ ਵਧੇਰੇ ਨਿਰਭਰ ਰਿਹਾ ਹੈ। ਪੈਦਾਵਾਰੀ ਸਾਧਨਾਂ ਵਿਚ ਫਸਲ ਬੀਜਣ ਤੋਂ ਲੈ ਕੇ ਸਿੰਜਣ, ਕੱਟਣ ਤੱਕ ਉਹ ਥਾਂ ਥਾਂ ਕੁਦਰਤੀ ਸ਼ਕਤੀਆਂ ਨੂੰ ਪੂਜਦਾ, ਉਨ੍ਹਾਂ ਪ੍ਰਤੀ ਸ਼ਰਧਾ ਤੇ ਭੈਅ ਰੱਖਦਾ ਸੀ। ਉਸ ਅਨੁਸਾਰ ਖੁਸ਼ਹਾਲ ਜੀਵਨ ਕੁਦਰਤੀ ਸ਼ਕਤੀਆਂ ਦੀ ਨੇਹਮਤ ਦਾ ਹੀ ਫਲ ਹੈ। ਸੋ ਇਹੋ ਉਸਦੀ ਜੀਵਨ-ਸਥਿਤੀ ਦਾ ਆਧਾਰ ਸੀ। ਕੀ ਰਿਸ਼ਤੇ, ਨਾਤੇ, ਵਿਆਹ-ਪਰੰਪਰਾ, ਰੀਤਾਂ-ਰਸਮਾਂ, ਸੰਸਕਾਰ, ਆਦਰਸ਼ ਆਦਿ ਸਭ ਤਰ੍ਹਾਂ ਦੀਆਂ ਸਥਿਤੀਆਂ ਵਿਚ ਦੈਵੀ ਸ਼ਕਤੀਆਂ ਨੂੰ ਪੈਰ-ਪੈਰ 'ਤੇ ਪੂਜਿਆ ਜਾਂਦਾ, ਯਾਦ ਕੀਤਾ ਜਾਂਦਾ ਅਤੇ ਯੱਗ, ਬਲੀ, ਦਾਨ, ਤੀਰਥ, ਇਸ਼ਨਾਨ ਆਦਿ ਕਰਮਾਂ ਨੂੰ ਨਿਭਾਇਆ ਜਾਂਦਾ ਸੀ। ਆਦਿ ਮਨੁੱਖ ਦੀ ਅਜਿਹੀ ਜੀਵਨ-ਸਥਿਤੀ ਅਨੁਸਾਰ ਹੀ ਉਸਦੀ ਮਨੋ-ਸਥਿਤੀ ਢਲੀ ਹੋਣ ਕਾਰਨ ਉਸਨੇ ਪ੍ਰਾਕਿਰਤਕ ਸ੍ਰੋਤਾਂ, ਯਥਾਰਥਕ ਜੀਵਨ ਅਤੇ ਪੂਰੇ ਬ੍ਰਹਿਮੰਡੀ ਪਸਾਰੇ ਦਾ ਦੈਵੀਕਰਨ, ਮਾਨਵੀਕਰਨ ਤੇ ਸਮਾਜੀਕਰਨ ਕਰਦੇ ਹੋਏ ਮਿਥਾਂ ਦੀ ਸਿਰਜਣਾ ਕੀਤੀ। ਇਸ ਤਰ੍ਹਾਂ ਮਿਥ ਦੀ ਉਤਪਤੀ ਦਾ ਆਧਾਰ ਜਿੱਥੇ ਆਦਿ-ਮਾਨਵ ਦੀ ਬੁੱਧੀ ਦੀ ਪਕੜ ਤੋਂ ਦੂਰ ਅਣਸੁਲਝੇ, ਰਹੱਸਮਈ ਪ੍ਰਾਕ੍ਰਿਤਕ ਬ੍ਰਹਿਮੰਡੀ ਭੌਤਿਕ ਵਰਤਾਰੇ ਹਨ ਉਥੇ ਇਸ ਦਾ ਆਧਾਰ ਇਤਿਹਾਸਕ ਘਟਨਾਵਾਂ ਵੀ ਹੁੰਦੀਆਂ ਹਨ, ਉਹ ਇਤਿਹਾਸਕ ਘਟਨਾਵਾਂ ਜੋ ਸਮੇਂ ਸਮੇਂ ਕਲਪਨਾ ਅਤੇ ਸ਼ਰਧਾ ਦੀਆਂ ਪਰਤਾਂ ਵਿਚ ਵਾਸਤਵਿਕਤਾ ਤੇ ਅਵਾਸਵਿਕਤਾ ਦੇ ਝਉਲਿਆਂ ਵਿਚ ਮੱਧਮ ਪੈ ਜਾਂਦੀਆਂ ਹਨ। ਇਤਿਹਾਸ ਦੀਆਂ ਵਲਗਣਾਂ ਨੂੰ

ਉਲੰਘ ਕੇ ਕਾਲ-ਮੁਕਤ ਰੂਪ ਵਿਚ ਵਿਚਰਨਾ ਮਿਥ ਦਾ ਵਿਸ਼ੇਸ਼ ਸੁਭਾਅ ਹੈ। ਸੋ ਸਾਰੇ ਬ੍ਰਹਿਮੰਡੀ ਪਸਾਰੇ ਨੂੰ ਜਾਨਣ, ਸਮਝਣ, ਸਮਝਾਉਣ ਅਤੇ ਮੂਲ ਸੱਚ ਤਕ ਪਹੁੰਚਣ ਦੀ ਤਾਂਘ ਕਾਰਨ ਉਪਜੀ ਮਿੱਥ ਵਿਚੋਂ ਹੀ ਹੌਲੀ-ਹੌਲੀ ਧਰਮ ਆਪਣਾ ਵੱਖਰਾ ਰੂਪ ਅਖ਼ਤਿਆਰ ਕਰ ਲੈਂਦਾ ਹੈ। ਧਰਮ ਮਿਥ ਵਿਚ ਇਕ ਵਿਸ਼ੇਸ਼ ਤੱਤ ਵਜੋਂ ਸ਼ਾਮਿਲ ਹੁੰਦਾ ਹੈ ਜਿਸ ਅਨੁਸਾਰ ਮਿਥਾਂ ਵਿਚ ਪਵਿੱਤਰਤਾ, ਦੈਵੀਅਤਾ, ਸ਼ਰਧਾ, ਵਿਸ਼ਵਾਸ ਤੇ ਆਦਰਸ਼ ਦੇ ਗੁਣ ਹਮੇਸ਼ਾ ਬਣੇ ਰਹਿੰਦੇ ਹਨ। ਕੈਜ਼ਰਰ ਅਨੁਸਾਰ "ਮਾਨਵ-ਸੰਸਕ੍ਰਿਤੀ ਦੇ ਵਿਕਾਸ ਵਿਚ ਕੋਈ ਐਸਾ ਨਿਸ਼ਚਿਤ ਬਿੰਦੂ ਨਹੀਂ ਜਿੱਥੇ ਮਿਥ-ਕਥਾ ਦਾ ਅੰਤ ਅਤੇ ਧਰਮ ਦਾ ਆਰੰਭ ਹੁੰਦਾ ਹੋਵੇ। ਧਰਮ ਦੇ ਸਮੁੱਚੇ ਇਤਿਹਾਸ ਵਿਚ ਇਹ ਅਨਿਖੜ ਰੂਪ ਵਿਚ ਮਿਥਕ-ਤੱਤਾਂ ਨਾਲ ਸੰਬੰਧਿਤ ਤੇ ਰਚਿਆ ਮਿਚਿਆ ਰਿਹਾ ਹੈ। ਦੂਜੇ ਪਾਸੇ ਮਿਥ-ਕਥਾ ਆਪਣੇ ਮੁੱਢਲੇ ਤੇ ਅਧੂਰੇ ਰੂਪ ਵਿਚ ਵੀ ਕੁੱਝ ਐਸੇ ਮੋਟਿਫਾਂ ਨੂੰ ਲਈ ਬੈਠੀ ਹੈ ਜਿਨ੍ਹਾਂ ਵਿਚੋਂ ਪਿੱਛੋਂ ਜਾ ਕੇ ਧਰਮ ਦੇ ਪ੍ਰਮੁੱਖ ਤੇ ਨਵੀਨ ਆਦਰਸ਼ ਨੇ ਜਨਮ ਲਿਆ। ਮਿਥ-ਕਥਾ ਆਪਣੇ ਆਰੰਭਕ ਰੂਪ ਵਿਚ ਹੀ ਸੰਭਾਵਿਤ-ਧਰਮ ਰਹੀ ਹੈ।"[36]

ਭਾਰਤ ਵਿਚ ਮਿਥ ਦੇ ਰੂਪ ਵਿਚ ਪੁਰਾਣਿਕ ਗ੍ਰੰਥਾਂ ਨੂੰ ਲਿਆ ਜਾਂਦਾ ਹੈ। ਹਿੰਦੂ ਧਰਮ ਦੁਨੀਆਂ ਦੇ ਪ੍ਰਾਚੀਨ ਧਰਮਾਂ ਵਿਚੋਂ ਇਕ ਮੰਨਿਆ ਜਾਂਦਾ ਹੈ। ਹਿੰਦੂ ਧਰਮ ਦਾ ਮਿਥਿਹਾਸ ਨਾਲ ਏਨਾ ਗੂੜ੍ਹਾ ਸੰਬੰਧ ਹੈ ਕਿ ਇਨ੍ਹਾਂ ਦੋਵਾਂ ਨੂੰ ਵੱਖੋ-ਵੱਖਰਾ ਕਰਕੇ ਦੇਖਣਾ ਬਹੁਤ ਕਠਿਨ ਕਾਰਜ ਹੈ। ਚਾਰ ਵੇਦ ਗ੍ਰੰਥਾਂ ਤੋਂ ਲੈ ਕੇ ਉਪਨਿਸ਼ਦ, ਪੁਰਾਣ, ਗੀਤਾ, ਮਹਾਂਭਾਰਤ, ਰਮਾਇਣ ਆਦਿ ਹਿੰਦੂ ਧਰਮ ਦੇ ਪੂਜਨੀਯ ਗ੍ਰੰਥ ਮੰਨੇ ਜਾਂਦੇ ਹਨ।"ਵੇਦਾਂ ਤੋਂ ਮਿਥ-ਕਥਾਵਾਂ ਦੇ ਲਿਖਤੀ ਰੂਪ ਆਰੰਭ ਹੋ ਜਾਂਦੇ ਹਨ। ਬ੍ਰਹਮਣ ਗ੍ਰੰਥਾਂ ਵਿਚ ਇਨ੍ਹਾਂ ਦਾ ਵਿਸਤ੍ਰਿਤ ਉਲੇਖ ਮਿਲਦਾ ਹੈ। ਪੁਰਾਣਾਂ ਵਿਚ ਮਿੱਥ-ਕਥਾਵਾਂ ਨੂੰ ਸਭ ਤੋਂ ਵੱਧ ਮਹਾਨਤਾ ਪ੍ਰਾਪਤ ਹੈ।"[37]

ਗੁਰੂ ਗ੍ਰੰਥ ਸਾਹਿਬ ਵਿਚ ਸੰਗ੍ਰਹਿ ਬਾਣੀ ਵਿਚ ਵਿਸ਼ੇਸ਼ ਕਰਕੇ ਪੁਰਾਣਿਕ ਗ੍ਰੰਥਾਂ ਦੀਆਂ ਕਹਾਣੀਆਂ, ਪਾਤਰਾਂ, ਵਿਸ਼ਿਆਂ ਨੂੰ ਆਧਾਰ ਬਣਾਇਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਰਚਿਤ ਬਾਣੀ ਦਾ ਸਮਾਂ ਮੱਧਕਾਲ ਦਾ ਉਹ ਸਮਾਂ ਸੀ ਜਦੋਂ ਭਾਰਤੀ ਲੋਕ-ਜੀਵਨ ਪ੍ਰਾਚੀਨ ਹਿੰਦੂ ਪੁਰਾਣਿਕ ਗ੍ਰੰਥਾਂ ਦੇ ਪ੍ਰਭਾਵ ਦੇ ਨਾਲ ਨਾਲ ਇਸਲਾਮੀ ਧਰਮ ਦਾ ਪ੍ਰਭਾਵ ਵੀ ਕਬੂਲ ਰਿਹਾ ਸੀ। ਇਸ ਗ੍ਰੰਥ ਵਿਚ ਭਾਰਤੀ ਤੇ ਇਸਲਾਮੀ ਪਰੰਪਰਾਵਾਂ ਵਿਚੋਂ ਮਿਥਕ-ਕਥਾਵਾਂ ਨੂੰ ਚੁਣਕੇ ਆਪਣੇ ਉਦੇਸ਼ ਦੀ ਸਿੱਧੀ ਲਈ ਵਰਤਿਆ ਗਿਆ ਹੈ, ਪਰੰਤੂ ਵਧੇਰੇ ਪ੍ਰਯੋਗ ਪੌਰਾਣਿਕ ਗ੍ਰੰਥਾਂ ਵਿਚ ਸ਼ਾਮਿਲ ਮਿਥ-ਕਥਾਵਾਂ ਦਾ ਹੀ ਕੀਤਾ ਗਿਆ ਹੈ। ਸਮਕਾਲ ਵਿਚ ਮਿਥ-ਕਥਾਵਾਂ ਪ੍ਰਤੀ ਦ੍ਰਿੜ ਲੋਕ-ਵਿਸ਼ਵਾਸ ਕਾਰਨ ਬਾਣੀਕਾਰਾਂ ਨੇ ਪੁਰਾਣਿਕ ਮਿਥਾਂ ਨੂੰ ਮਾਧਿਅਮ ਵਜੋਂ ਵਰਤ ਕੇ ਅਧਿਆਤਮਕ ਅਨੁਭਵ ਅਤੇ

ਸਮਾਜਕ, ਸਭਿਆਚਾਰਕ ਸੁਧਾਰ ਲਈ ਆਪਣੇ ਵਿਚਾਰਾਂ, ਉਪਦੇਸ਼ਾਂ ਨੂੰ ਆਮ ਲੋਕਾਈ ਤਕ ਪਹੁੰਚਾਉਣ ਦੇ ਯਤਨ ਕੀਤੇ। ਉਨ੍ਹਾਂ ਨੇ ਜਿੱਥੇ ਮਿਥਕ-ਕਥਾਵਾਂ ਦੇ ਜ਼ਰੀਏ ਤੁਲਨਾਤਮਕ ਵਿਧੀ ਅਨੁਸਾਰ ਈਸ਼ਵਰ ਦੇ ਸੀਮਤ ਹੋ ਚੁੱਕੇ ਘੇਰੇ ਨੂੰ ਵਿਸ਼ਾਲ ਦ੍ਰਿਸ਼ਟੀ ਅਪਣਾਉਣ ਦੀ ਪ੍ਰੇਰਨਾ ਦਿੱਤੀ ਉਥੇ ਨੈਤਿਕ ਤੌਰ ਤੇ ਰੂੜ੍ਹ ਹੋ ਚੁੱਕੀਆਂ ਮਨੌਤਾਂ ਦਾ ਵਿਰੋਧ ਕਰਦੇ ਹੋਏ ਪ੍ਰਭੂ-ਪ੍ਰੇਮ, ਪ੍ਰਭੂ-ਭਗਤੀ, ਨੇਕੀ ਤੇ ਬਦੀ ਆਦਿ ਸੰਕਲਪਾਂ ਨੂੰ ਉਭਾਰਦੀਆਂ ਕਥਾਵਾਂ ਨੂੰ ਲੋਕਾਈ ਸਾਹਮਣੇ ਮਿਸਾਲ ਦੇ ਤੌਰ 'ਤੇ ਪੇਸ਼ ਕੀਤਾ। ਇਸ ਬਾਰੇ ਪ੍ਰੋ. ਸ਼ੇਰ ਸਿੰਘ ਦਾ ਵਿਚਾਰ ਹੈ ਕਿ "ਗੁਰੂ ਸਾਹਿਬ ਨੇ ਪੌਰਾਣਿਕ ਸਾਖੀਆਂ ਨੂੰ ਕਿਸੇ ਖ਼ਾਸ ਸਿਧਾਂਤ ਦੀ ਪੁਸ਼ਟੀ ਲਈ ਬਤੌਰ ਉਦਾਹਰਣ ਦੇ ਭੀ ਵਰਤਿਆ ਹੈ। ਗੁਰੂ ਸਾਹਿਬ ਜਿਸ ਥਾਂ ਜਾਂ ਜਿਸ ਧਰਮ ਦੇ ਬੰਦੇ ਨੂੰ ਉਪਦੇਸ਼ ਦਿੰਦੇ ਹਨ, ਉਸਨੂੰ ਉਸਦੇ ਖਿਆਲਾਂ ਅਨੁਸਾਰ ਉਸ ਦੇ ਅਨੁਕੂਲ ਪ੍ਰਮਾਣ ਦੇ ਕੇ ਅਸਲੀ ਸੱਚ ਨੂੰ ਦ੍ਰਿੜਾਂਦੇ ਸਨ। ਸਿੱਖਿਆ ਆਪਣੀ ਦੇਣੀ ਪਰ ਸਪੱਸ਼ਟਤਾ ਤੇ ਪਕਿਆਈ ਵਾਸਤੇ ਉਸੇ ਆਦਮੀ ਦੇ ਨਿਸ਼ਚਿਆ ਦੇ ਪਦਾਰਥਾਂ ਨੂੰ ਵਰਤਣਾ।"[38] ਇਸੇ ਆਧਾਰ 'ਤੇ ਪੁਰਾਣਿਕ ਕਥਾਵਾਂ ਪ੍ਰਤੀ ਭਗਤ ਬਾਣੀ ਦੇ ਸੰਪੂਰਨ ਦ੍ਰਿਸ਼ਟੀਕੋਣ ਨੂੰ ਇਸ ਤਰ੍ਹਾਂ ਦ੍ਰਿਸ਼ਟੀਗੋਚਰ ਕੀਤਾ ਜਾ ਸਕਦਾ ਹੈ:

## ਧਾਰਮਿਕ ਗ੍ਰੰਥਾਂ ਪ੍ਰਤੀ ਦ੍ਰਿਸ਼ਟੀਕੋਣ

ਭਗਤ ਬਾਣੀਕਾਰਾਂ ਨੇ ਧਾਰਮਿਕ ਗ੍ਰੰਥਾਂ ਪ੍ਰਤੀ ਆਪਣਾ ਦ੍ਰਿਸ਼ਟੀਕੋਣ ਸਰਬ ਲੋਕਾਈ ਦੀ ਬੁੱਧੀ ਦੇ ਪੱਧਰ ਅਨੁਸਾਰ ਰੱਖਿਆ ਹੈ। ਉਨ੍ਹਾਂ ਦਾ ਧਾਰਮਿਕ ਗ੍ਰੰਥਾਂ ਪ੍ਰਤੀ ਵਿਰੋਧ ਨਹੀਂ, ਸਗੋਂ ਗ੍ਰੰਥਾਂ ਨੂੰ ਪੜ੍ਹਨ, ਸੁਣਨ, ਸਮਝਣ, ਵਿਖਿਆਉਣ ਤੇ ਅਮਲੀ ਜੀਵਨ ਵਿਚ ਢਾਲਣ ਵਾਲਿਆਂ ਪ੍ਰਤੀ ਵਿਰੋਧ ਵਧੇਰੇ ਸਪਸ਼ਟ ਦੇਖਿਆ ਜਾ ਸਕਦਾ ਹੈ :

ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥...

(ਪ੍ਰਭਾਤੀ, ਕਬੀਰ, ਪੰਨਾ-1350)

ਭਗਤ ਬਾਣੀ ਵਿਚ ਵੇਦ ਪੁਰਾਣ ਆਦਿ ਧਰਮ ਗ੍ਰੰਥਾਂ ਨੂੰ ਲੈ ਕੇ ਤਿੰਨ ਪੱਖ ਦ੍ਰਿਸ਼ਟੀਗੋਚਰ ਹੁੰਦੇ ਹਨ। ਹਾਂ ਪੱਖੀ ਦ੍ਰਿਸ਼ਟੀ ਅਨੁਸਾਰ ਆਮ ਲੋਕਾਂ ਲਈ ਗ੍ਰੰਥਾਂ ਦਾ ਪੜ੍ਹਨਾ ਜ਼ਰੂਰੀ ਦੱਸਿਆ ਹੈ ਕਿਉਂਕਿ ਉਨਾਂ ਅਨੁਸਾਰ ਮਨੁੱਖੀ-ਮਨ ਬੜਾ ਚੰਚਲ ਹੈ। ਇਸ ਨੂੰ ਕਾਬੂ ਕਰਨ ਵਿਚ ਵੱਡੇ-ਵੱਡੇ ਰਿਸ਼ੀ-ਮੁਨੀ ਵੀ ਤ੍ਰਾਣ ਲਗਾਉਂਦੇ ਰਹੇ ਹਨ। ਮੂੜ-ਮਨ ਨੂੰ ਆਪਣੇ ਸੁਭਾਅ ਤੋਂ ਮੋੜ ਕੇ ਪ੍ਰਭੂ-ਪ੍ਰੇਮ ਅਤੇ ਸਹੀ ਰਸਤੇ ਪਾਉਣ ਲਈ ਵੇਦ, ਕਤੇਬਾਂ ਦਾ ਮੁੱਢਲੇ ਤੌਰ 'ਤੇ ਕੁੱਛ ਗਿਆਨ ਹਾਸਿਲ ਕਰਨਾ ਜੀਵਨ ਦੇ ਸਹੀ ਮਾਰਗ ਦੀ ਸੋਝੀ ਲਈ ਮੁੱਢਲੀ ਪੌੜੀ ਹੈ ਜਿਸ ਪੌੜੀ ਦੇ ਜ਼ਰੀਏ ਜਵੀਨ ਦੇ ਸਹੀ ਮਾਰਗ ਦੀ ਸੋਝੀ ਪ੍ਰਾਪਤ ਹੋ ਸਕਦੀ ਹੈ :

ਤੁਰਕ ਤਰੀਕਤਿ ਜਾਨੀਐ ਹਿੰਦੂ ਬੇਦ ਪੁਰਾਨ॥

ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ॥੫॥

(ਗਉੜੀ, ਕਬੀਰ, ਪੰਨਾ-340)

ਪਰ ਵੇਦ ਆਦਿ ਗ੍ਰੰਥਾਂ ਤੋਂ ਕੁੱਝ ਗਿਆਨ ਹਾਸਿਲ ਕਰਨ ਦੀ ਸ਼ਰਤ ਇਹ ਹੈ ਕਿ ਇਨ੍ਹਾਂ ਵਿਚ ਲਿਖੇ ਉਪਦੇਸ਼ਾਂ ਨੂੰ ਦੁੱਧ ਦੀ ਤਰ੍ਹਾਂ ਰਿੜਕਨਾ ਪੈਣਾ ਹੈ ਜਿਸ ਨੂੰ ਜੇਕਰ ਸਤਸੰਗਤ ਵਿਚ ਰਿੜਕਿਆ ਜਾਵੇ ਤਾਂ ਪੂਰਾ ਮੱਖਣ ਰੂਪ ਪ੍ਰਭੂ ਤਾਂ ਭਾਵੇਂ ਨਾ ਪ੍ਰਾਪਤ ਹੋਵੇ ਪਰ ਲੱਸੀ ਰੂਪ ਅਨੰਦ-ਪ੍ਰਾਪਤੀ ਦੇ ਨਾਲ-ਨਾਲ ਕੁੱਝ ਇਕ ਪਲ ਪੂਰਨ ਅਨੰਦ ਦੇ ਵੀ ਹਾਸਿਲ ਤਾਂ ਜ਼ਰੂਰ ਹੀ ਹੋ ਸਕਦੇ ਹਨ :

ਜਾ ਕੇ ਨਿਗਮ ਦੂਧ ਕੇ ਠਾਟਾ॥ ਸਮੁੰਦੁ ਬਿਲੋਵਨ ਕਉ ਮਾਟਾ॥

ਤਾ ਕੀ ਹੋਹੁ ਬਿਲੋਵਨਹਾਰੀ॥ ਕਿਉ ਮੇਟੈਗੋ ਛਾਛਿ ਤੁਹਾਰੀ॥੧॥

(ਸੋਰਠਿ, ਕਬੀਰ, ਪੰਨਾ-655)

ਧਾਰਮਿਕ ਗ੍ਰੰਥਾਂ ਪ੍ਰਤੀ ਬਾਣੀਕਾਰਾਂ ਦਾ ਦੂਸਰਾ ਦ੍ਰਿਸ਼ਟੀਕੋਣ ਖੰਡਨਾਤਮਕ ਸੁਰ ਵਾਲਾ ਹੈ। ਇਹ ਵਿਰੋਧੀ ਸੁਰ ਵੇਦ, ਪੁਰਾਨ, ਕਤੇਬਾਂ ਆਦਿ ਧਰਮ ਗ੍ਰੰਥਾਂ ਸਬੰਧੀ ਨਹੀਂ, ਸਗੋਂ ਉਨ੍ਹਾਂ ਗ੍ਰੰਥਾਂ ਨੂੰ ਪੜ੍ਹਨ ਵਾਲੇ ਖੋਜੀ ਬਿਰਤੀ ਵਾਲੇ ਕਹਿੰਦੇ-ਕਹਾਉਂਦੇ ਗਿਆਨੀ ਪੁਰਸ਼ਾਂ ਪ੍ਰਤੀ ਵਧੇਰੇ ਉੱਭਰਦੀ ਹੈ।[39] ਕਿਉਂਕਿ ਉਹ ਧਰਮ ਗ੍ਰੰਥਾਂ ਦੇ ਅਸਲ ਤੱਤ ਨੂੰ ਨਹੀਂ ਖੋਜਦੇ, ਸਗੋਂ ਉਨ੍ਹਾਂ ਗ੍ਰੰਥਾਂ ਵਿਚ ਦੱਸੇ ਕਰਮਾਂ ਅਕਰਮਾਂ ਨੂੰ ਬਾਹਰੀ ਤੌਰ ’ਤੇ ਨਿਭਾਉਂਦੇ ਰਹਿੰਦੇ ਹਨ ਜਿਸ ਨਾਲ ਮਨ ਦਾ ਅਭਿਮਾਨ ਨਹੀਂ ਜਾਂਦਾ :

ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ॥

ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ॥੩॥

(ਗਉੜੀ, ਰਵਿਦਾਸ, ਪੰਨਾ-346)

ਇਨ੍ਹਾਂ ਢੰਗਾਂ ਦੁਆਰਾ ਵੇਦ ਆਦਿ ਗ੍ਰੰਥ ਪੜ੍ਹ ਪੜ੍ਹ ਕੇ ਵੱਡੇ-ਵੱਡੇ ਰਿਸ਼ੀਆਂ, ਮੁਨੀਆਂ ਨੇ ਆਪਣਾ ਜਨਮ ਗਵਾ ਲਿਆ ਪਰ ਉਹ ਅਸਲ ਤੱਤ ਨੂੰ ਨਹੀਂ ਤਲਾਸ਼ ਸਕੇ।[40] ਇਸ ਲਈ ਭਗਤ ਸਾਹਿਬਾਨ ਨਿਰੋਲ ਧਾਰਮਿਕ ਗ੍ਰੰਥਾਂ ਨੂੰ ਪੜ੍ਹਨ, ਸੁਣਨ ਨੂੰ ਤਰਜੀਹ ਨਹੀਂ ਦਿੰਦੇ।[41] ਉਨ੍ਹਾਂ ਅਨੁਸਾਰ ਸਾਕਤ, ਮੂਰਖ ਲੋਕਾਂ ਨੂੰ ਸਿਮ੍ਰਿਤ, ਸ਼ਾਸਤ੍ਰ ਸੁਣਾਉਣ ਦਾ ਕੋਈ ਨਤੀਜਾ ਨਹੀਂ ਨਿਕਲਦਾ[42] ਸਗੋਂ ਇਹ ਕਰਮ ਤਾਂ ਗਧੇ ਉੱਪਰ ਚੰਦਨ ਲੱਦਣ ਦੇ ਬਰਾਬਰ ਹੈ :

ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ॥...

(ਮਾਰੂ, ਕਬੀਰ, ਪੰਨਾ-1103)

ਸੋ ਉਪਰੋਕਤ ਕੁੱਝ ਨੁਕਤਿਆਂ ਤੋਂ ਇਹ ਵੀ ਸਿੱਧ ਨਹੀਂ ਕਰ ਲੈਣਾ ਚਾਹੀਦਾ ਕਿ ਵੇਦਾਂ, ਕਤੇਬਾਂ ਆਦਿ ਗ੍ਰੰਥਾਂ ਵਿਚ ਅਸਲੀਅਤ ਤੋਂ ਵੱਧ ਵਧਾ-ਚੜ੍ਹਾਕੇ ਲਿਖੀਆਂ ਬਨਾਵਟੀ ਜਾਂ ਚਮਤਕਾਰੀ ਘਟਨਾਵਾਂ ਜਾਂ ਗੱਲਾਂ ਨੂੰ ਬਾਣੀਕਾਰਾਂ ਨੇ ਪ੍ਰਵਾਨ ਕੀਤਾ ਹੈ, ਸਗੋਂ ਅਜਿਹੀਆਂ ਗੱਲਾਂ ਦਾ ਉਹ ਖੰਡਨ ਵੀ ਕਰਦੇ ਹਨ ਜਿਨ੍ਹਾਂ ਨਾਲ ਸਾਧਾਰਨ ਮਨੁੱਖ ਦੇ ਦਿਲ ਦੇ ਸੰਸੇ, ਫ਼ਿਕਰ, ਭਰਮ ਦੂਰ ਨਹੀਂ ਹੁੰਦੇ :

ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ॥

(ਤਿਲੰਗ, ਕਬੀਰ, ਪੰਨਾ-727)

ਇਸ ਲਈ ਉਹ ਇਨ੍ਹਾਂ ਗ੍ਰੰਥਾਂ ਨੂੰ ਪੜ੍ਹਨ, ਸੁਣਨ ਤੇ ਵੀਚਾਰਨ ਵਾਲਿਆਂ ਨੂੰ ਖ਼ਬਰਦਾਰ ਕਰਦੇ ਹਨ ਕਿਉਂਕਿ ਜਿਨ੍ਹਾਂ ਨੂੰ ਉਹ ਮੁਕਤੀ-ਗ੍ਰੰਥ ਮੰਨਦੇ ਹਨ, ਉਨ੍ਹਾਂ ਦੇ ਹੁੰਦੇ ਉਹ ਜਮਾਂ ਦੀ ਫਾਹੀ ਵਿਚ ਪੈ ਰਹੇ ਹਨ :

ਦੁਨੀਆ ਹੁਸੀਆਰ ਬੇਦਾਰ ਜਾਗਤ ਮੁਸੀਅਤ ਹਉ ਰੇ ਭਾਈ॥
ਨਿਗਮ ਹੁਸੀਆਰ ਪਹਰੂਆ ਦੇਖ ਜਮੁ ਲੈ ਜਾਈ॥੧॥ ਰਹਾਉ॥

(ਰਾਮਕਲੀ, ਕਬੀਰ, ਪੰਨਾ-972)

ਤੀਸਰੇ ਪੱਖ ਵਿਚ ਭਗਤ ਸਾਹਿਬਾਨਾਂ ਨੇ ਧਰਮ ਗ੍ਰੰਥਾਂ ਦੀ ਲੋੜ ਨੂੰ ਉਨ੍ਹਾਂ ਲੋਕਾਂ, ਪ੍ਰਭੂ-ਪ੍ਰੇਮੀ, ਸੰਤਾਂ, ਭਗਤਾਂ ਲਈ ਨਕਾਰ ਦਿੱਤਾ ਹੈ ਜੋ ਅਧਿਆਤਮਕ ਮੰਡਲਾਂ ਵਿਚ ਵਿਚਰਦੇ ਹੋਏ ਉਸ ਅਬਿਨਾਸ਼ੀ ਪ੍ਰਭੂ ਨਾਲ ਜੁੜਕੇ ਅਨਹਦ ਨਾਦ ਦੀ ਬੇਨੁ (ਬੰਸਰੀ) ਵਜਾਉਂਦੇ ਹਨ :

ਬੇਦ ਪੁਰਾਨ ਸਾਸਤ੍ਰ ਆਨੰਤਾ ਗੀਤ ਕਬਿਤ ਨ ਗਾਵਉਗੋ॥
ਅਖੰਡ ਮੰਡਲ ਨਿਰੰਕਾਰ ਮਹਿ ਅਨਹਦ ਬੇਨੁ ਬਜਾਵਉਗੋ॥੧॥

(ਰਾਮਕਲੀ, ਨਾਮਦੇਵ, ਪੰਨਾ-972)

ਇਸ ਅਨਹਦ ਨਾਦ ਦੀ ਧੁਨ ਵਿਚ ਹੀ ਉਹ ਆਖਦੇ ਹਨ ਕਿ ਬੇਦ, ਪੁਰਾਨ ਸਭ ਖੋਜਕੇ, ਪੜ੍ਹਕੇ ਦੇਖ ਲਏ ਪਰ ਹੁਣ ਲੱਗਦਾ ਹੈ ਕਿ ਇਨ੍ਹਾਂ ਗ੍ਰੰਥਾਂ ਵੱਲ ਤਾਂ ਜਾਈਏ ਜੇ ਉਹ ਅਲੱਖ, ਸਰਬ ਵਿਆਪਕ ਪ੍ਰਭੂ ਏਥੇ ਭਾਵ ਹਿਰਦੇ ਵਿਚ ਨਾ ਹੋਵੇ :

ਬੇਦ ਪੁਰਾਨ ਸਭ ਦੇਖੇ ਜੋਇ॥
ਊਹਾਂ ਤਉ ਜਾਈਐ ਜਉ ਈਹਾਂ ਨ ਹੋਇ॥੨॥

(ਬਸੰਤ, ਰਾਮਾਨੰਦ, ਪੰਨਾ-1195)

ਇਸ ਤਰ੍ਹਾਂ ਭਗਤ ਬਾਣੀਕਾਰਾਂ ਨੇ ਵੇਦ, ਕਤੇਬ ਆਦਿ ਗ੍ਰੰਥਾਂ ਨੂੰ ਪੜ੍ਹਨ, ਸੁਣਨ ਤੇ ਅਮਲੀ ਜੀਵਨ ਵਿਚ ਢਾਲਣ ਲਈ ਲੋਕਾਈ ਦੇ ਬੁੱਧੀ ਪੱਧਰ ਨੂੰ ਧਿਆਨ ਵਿਚ ਰੱਖਦੇ ਹੋਏ ਖੰਡਨਾਤਮਕ ਜਾਂ ਮੰਡਨਾਤਮਕ ਵਿਚਾਰ ਪੇਸ਼ ਕੀਤੇ ਹਨ ਜਿਨ੍ਹਾਂ ਨੂੰ ਅਪਨਾਉਣ ਜਾਂ ਤਿਆਗਣ ਪਿੱਛੇ ਤਰਕ ਸੀ। ਇਸ

ਦ੍ਰਿਸ਼ਟੀ ਅਨੁਸਾਰ ਹੀ ਕਬੀਰ ਜੀ ਬ੍ਰਹਮਵੇਤਾ, ਗੁਰੂ ਅਖਵਾਉਣ ਵਾਲਿਆਂ ਨੂੰ ਲਾਹਨਤਾਂ ਪਾਉਂਦੇ ਸਖ਼ਤ ਸ਼ਬਦਾਂ ਵਿਚ ਆਖਦੇ ਹਨ ਕਿ ਅਜਿਹੇ ਗੁਰੂ ਦੀ ਮਾਤਾ ਦਾ ਸਿਰ ਮੁੰਨ ਦੇਣਾ ਚਾਹੀਦਾ ਹੈ ਜੋ ਗੁਰੂ ਕਹਾਉਂਦੇ ਹੋਏ ਖ਼ੁਦ ਤਾਂ ਵੇਦਾਂ ਵਿਚੋਂ ਮੁਕਤੀ ਰਸਤਾ ਤਲਾਸ਼ ਨਹੀਂ ਸਕਿਆ ਅਤੇ ਉਨ੍ਹਾਂ ਗ੍ਰੰਥਾਂ ਦੇ ਕਰਮਾਂ ਵਿਚ ਡੁੱਬਾ ਹੋਇਆ ਆਪਣੇ ਨਾਲ ਹੋਰ ਪਿੱਛੇ ਲੱਗੂ ਚੇਲਿਆਂ ਨੂੰ ਵੀ ਡੋਬ ਲੈਂਦਾ ਹੈ :

ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ॥

ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ॥੧੦੪॥

(ਸਲੋਕ, ਕਬੀਰ, ਪੰਨਾ-1370)

ਇਸ ਤਰ੍ਹਾਂ ਬਾਣੀਕਾਰਾਂ ਅਨੁਸਾਰ ਮਨੁੱਖ ਨੇ ਵੇਦ, ਪੁਰਾਣ ਆਦਿ ਗ੍ਰੰਥਾਂ ਨੂੰ ਪੜ੍ਹਕੇ, ਸੁਣਕੇ ਵੀ ਕੀ ਹਾਸਿਲ ਕਰ ਲਿਆ? ਜਦੋਂ ਕਿ ਕੋਈ ਚੰਗਾ ਸਮਾਜਕ ਕਾਰਜ ਤਾਂ ਕੀਤਾ ਨਹੀਂ ਅਤੇ ਨਾ ਹੀ ਮਨ ਵਿਚ ਇਨ੍ਹਾਂ ਗ੍ਰੰਥਾਂ ਨੂੰ ਪੜ੍ਹ, ਸੁਣਕੇ ਸਦਾ ਕਾਇਮ ਰਹਿਣ ਵਾਲੀ ਭਗਤੀ ਪੈਦਾ ਹੋਈ ਤੇ ਨਾ ਹੀ ਕਦੇ ਕਿਸੇ ਭੁੱਖੇ, ਗ਼ਰੀਬ ਨੂੰ ਕੋਈ ਦਾਨ ਕੀਤਾ :

ਤੈ ਨਰ ਕਿਆ ਪੁਰਾਨੁ ਸੁਨਿ ਕੀਨਾ॥

ਅਨਪਾਵਨੀ ਭਗਤਿ ਨਹੀ ਉਪਜੀ ਭੂਖੇ ਦਾਨੁ ਨ ਦੀਨਾ॥੨॥ ਰਹਾਉ॥

(ਸਾਰੰਗ, ਪਰਮਾਨੰਦ, ਪੰਨਾ-1253)

## ਬ੍ਰਹਮ ਦੇ ਪਰਿਆਇਵਾਚੀ ਪੁਰਾਣਿਕ ਨਾਮ

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਪੁਰਾਣਿਕ ਨਾਮ ਬ੍ਰਹਮ ਦੇ ਪਰਿਆਇਵਾਚੀ ਨਾਮ ਲਈ ਵਰਤੇ ਗਏ ਹਨ ਜੋ ਪ੍ਰਭੂ ਦੇ ਗੁਣਵਾਚੀ ਨਾਵਾਂ ਦੇ ਰੂਪ ਵਿਚ ਰੂੜ੍ਹ ਹੋ ਚੁੱਕੇ ਹਨ। ਉਨ੍ਹਾਂ ਸਾਰੇ ਨਾਵਾਂ ਦੇ ਅਰਥ ਪੁਰਾਣਿਕ ਕਥਾਵਾਂ ਨਾਲ ਜੁੜੇ ਹੋਣ ਦੇ ਬਾਵਜੂਦ ਗੁਰਬਾਣੀ ਵਿਚ ਨਿਰਗੁਣ ਪ੍ਰਭੂ ਲਈ ਵਰਤੇ ਗਏ ਹਨ। ਭਗਤ ਬਾਣੀ ਵਿਚ ਪ੍ਰਭੂ ਦੇ ਗੁਣਵਾਚਕ ਨਾਮ-ਅੰਤਰਜਾਮੀ, ਸੁਆਮੀ, ਸਿਰਜਨਹਾਰ, ਪਰਮਾਨੰਦ, ਨਿਰੰਜਨ, ਪਾਰਬ੍ਰਹਮ, ਭਗਵਾਨ, ਭੂਪਤਿ, ਬਾਜੀਗਰ, ਮਨੋਹਰ, ਦੀਨਾਨਾਥ, ਮੀਰਾ, ਪਰਵਦਗਾਰ, ਕਰੀਮ, ਰਹੀਮ, ਦਾਨਾ, ਬੀਨਾ, ਗਨੀ, ਖਾਲਕ ਅੱਲਹ, ਖੁਦਾਇ ਆਦਿ ਹਨ।

ਮਿੱਥਕ ਦੇਵਤਿਆਂ ਅਤੇ ਅਵਤਾਰੀ ਨਾਮ- ਰਮਈਆ, ਬੀਠਲ, ਨਾਰਾਇਣਾ, ਰਾਜਾ ਰਾਮ, ਸਾਰਿੰਗਪਾਨੀ, ਮਾਧਉ, ਚਤੁਰਭੁਜ, ਰਘੁਰਾਇਆ, ਬਨਵਾਰੀ, ਮਧੁਸੂਦਨ, ਧਰਣੀਧਰ, ਮੁਰਾਰਿ, ਬਿਸਨ (ਵਿਸਨ), ਦੇਵਾ, ਗੁਸਈਆ, ਮਾਧਵ, ਪੀਤੰਬਰਪੀਰ, ਗੋਪਾਲ, ਰਾਮਰਾਇ, ਮਨੋਹਰ, ਚਕ੍ਰਧਰ, ਰਘੁਪਤਿ, ਰਘੁਨਾਥ, ਮੁਕੰਦ, ਪੁਰਖੋਤਮੋ, ਦਮੋਦਰ, ਪਵਨਪਤਿ, ਕ੍ਰਿਸ਼ਨ, ਕਮਲਾਪਤਿ, ਕੇਸਵ, ਮੀਰਾ, ਜਾਦਿਮ, ਲਖਿਮੀਬਰ, ਪਦਮ ਕਵਲਾਸ ਆਦਿ ਵਰਤੇ ਗਏ ਹਨ।

ਸੋ ਭਾਵੇਂ ਇਨ੍ਹਾਂ ਨਾਵਾਂ ਦਾ ਸਬੰਧ ਪੁਰਾਣਿਕ ਅਵਤਾਰੀ ਰੂਪਾਂ ਤੋਂ ਨਿਖੇੜਿਆ ਨਹੀਂ ਜਾ ਸਕਦਾ ਪਰੰਤੂ ਗੁਰਮਤਿ ਦੇ ਪ੍ਰਸੰਗ ਅਨੁਸਾਰ ਇਹ ਕੇਵਲ ਬ੍ਰਹਮ ਦੀ ਵਿਆਪਕਤਾ, ਉਸਦੇ ਗੁਣ, ਕਰਮ ਤੇ ਉਪਦੇਸ਼ਾਂ ਨੂੰ ਦ੍ਰਿੜਾਉਣ ਲਈ ਵਰਤੇ ਗਏ ਹਨ। ਜਦੋਂ ਕਿ ਵਿਆਪਕ ਬ੍ਰਹਮ ਦਾ ਅਸਲ ਨਾਮ 'ਸਤਿਨਾਮ' ਆਖਿਆ ਗਿਆ ਹੈ :

ਕਿਰਤਨ ਨਾਮ ਕਥੇ ਤੇਰੇ ਜਿਹਬਾ॥
ਸਤਿ ਨਾਮੁ ਤੇਰਾ ਪਰਾ ਪੂਰਬਲਾ॥

(ਮਾਰੂ, ਮਹਲਾ 5, ਪੰਨਾ-1083)

## ਪੁਰਾਣਿਕ ਦੇਵੀ-ਦੇਵਤਿਆਂ ਪ੍ਰਤੀ ਦ੍ਰਿਸ਼ਟੀਕੋਣ

ਭਗਤ ਬਾਣੀਕਾਰਾਂ ਨੇ ਦੇਵੀ-ਦੇਵਤਿਆਂ ਤੇ ਅਵਤਾਰਾਂ ਦੀ ਪੂਜਾ ਕਰਨ ਦਾ ਵਿਰੋਧ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਿਰਗੁਣ ਬ੍ਰਹਮ ਦਾ ਨਿਰੂਪਣ ਕਰਦੀ ਹੈ। ਬਾਣੀਕਾਰਾਂ ਨੇ ਦੇਵੀ-ਦੇਵਤਿਆਂ ਨੂੰ ਕੋਈ ਮਹੱਤਵ ਨਹੀਂ ਦਿੱਤਾ। ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਨੂੰ ਪਰਮ-ਸੱਤਾ ਮੰਨਣ ਤੋਂ ਇਨਕਾਰ ਕਰਦੇ ਹੋਏ ਅਨੇਕ ਥਾਵਾਂ 'ਤੇ ਉਨ੍ਹਾਂ ਨੂੰ ਮਾਇਆ ਦੇ ਪ੍ਰਭਾਵ ਥੱਲੇ ਹਉਮੈ ਅਧੀਨ ਵਿਚਰਦੇ ਦੱਸਿਆ ਗਿਆ ਹੈ :

ਸਰਪਨੀ ਤੇ ਊਪਰਿ ਨਹੀ ਬਲੀਆ॥
ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥੧॥

(ਆਸਾ, ਕਬੀਰ, ਪੰਨਾ-480)

ਭਗਤ ਬਾਣੀਕਾਰ ਇਨ੍ਹਾਂ ਵਿਚਾਰਾਂ ਨੂੰ ਦ੍ਰਿੜ ਕਰਦੇ ਹੋਏ ਲਿਖਦੇ ਹਨ ਕਿ ਇਹ ਦੇਵੀ-ਦੇਵਤੇ, ਰਿਸ਼ੀ, ਮੁਨੀ, ਗਣ, ਗੰਧਰਬ ਆਦਿ ਸਭ ਉਸ ਅਲਖੁ, ਅਗਮ, ਵਿਆਪਕ ਪ੍ਰਭੂ ਦੇ ਦਰ 'ਤੇ ਹੁਕਮ ਮੰਨਣ ਵਾਲੇ ਹਨ ਜਦੋਂ ਕਿ ਉਸ ਮਾਲਕ ਦੀ ਹਸਤੀ ਨੂੰ ਜਾਣਿਆ ਨਹੀਂ ਜਾ ਸਕਦਾ :

ਕੋਟਿ ਸੂਰ ਜਾ ਕੈ ਪਰਗਾਸ॥ ਕੋਟਿ ਮਹਾਦੇਵ ਅਰੁ ਕਬਿਲਾਸ॥
ਦੁਰਗਾ ਕੋਟਿ ਜਾ ਕੈ ਮਰਦਨੁ ਕਰੈ॥ ਬ੍ਰਹਮਾ ਕੋਟਿ ਬੇਦ ਉਚਰੈ॥੧॥...
ਗੰਧ੍ਰਬ ਕੋਟਿ ਕਰਹਿ ਜੈਕਾਰ॥...
ਸਹਸ ਕੋਟਿ ਬਹੁ ਕਹਤ ਪੁਰਾਨ॥...

(ਭੈਰਉ, ਕਬੀਰ, ਪੰਨਾ-1162-1163)

ਭਗਤ ਬਾਣੀ ਵਿਚ ਅਵਤਾਰੀ ਰਾਮ ਤੇ ਪ੍ਰਭੂ ਰਾਮ-ਰਾਮ ਕਹਿਣ ਵਿਚ ਅੰਤਰ ਦੱਸਿਆ ਗਿਆ ਹੈ ਕਿ ਇਕ ਉਹ ਰਾਮ ਹੈ ਜੋ (ਦਸਰਥ ਦਾ ਪੁੱਤਰ) ਕੌਤਕ ਕਰਨ ਵਾਲਾ ਸਰੀਰਕ ਜਾਮੇ ਵਿਚ ਆਇਆ ਹੈ ਜਦੋਂ ਕਿ ਦੂਜਾ ਰਾਮ ਉਹ (ਬ੍ਰਹਮ) ਹੈ ਜੋ ਸਰਬ ਵਿਆਪਕ, ਅਲਖ, ਨਿਰੰਜਨ, ਅਜੂੰਨੀ ਹੈ ਜਿਸ ਨੂੰ ਸਾਰੇ ਸਿਮਰਦੇ ਹਨ:

ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ॥
ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ॥੧੯੦॥

(ਸਲੋਕ, ਕਬੀਰ, ਪੰਨਾ-1374)

ਬਾਣੀਕਾਰਾਂ ਨੇ ਤ੍ਰਿਸ਼ਨਾ ਤੇ ਮੋਹ ਮਾਇਆ ਦੀ ਅੱਗ ਵਿਚ ਸੜਨ ਵਾਲੇ ਦੇਵੀ ਦੇਵਤੇ, ਰਿਸ਼ੀ-ਮੁਨੀ ਆਦਿ ਦੀ ਪੂਜਾ ਦੀ ਬਜਾਏ ਉਸ ਨਿਰਗੁਣ ਬ੍ਰਹਮ ਦੇ ਨਾਮ-ਸਿਮਰਨ 'ਤੇ ਜ਼ੋਰ ਦਿੱਤਾ ਹੈ ਜਿਸ ਦੇ ਹੱਥ ਵਿਚ ਸਭ ਕੁੱਝ ਹੈ। ਉਨ੍ਹਾਂ ਅਨੁਸਾਰ ਖਾਲਕੁ (ਪ੍ਰਭੂ) ਸਾਰੀ ਖ਼ਲਕ ਵਿਚ ਹੀ ਰੂਪਮਾਨ ਹੈ ਨਾ ਕਿ ਕੇਵਲ ਸਿਆਮ (ਕ੍ਰਿਸ਼ਨ) ਮੂਰਤ ਵਿਚ ਹੀ :

ਹਕੁ ਸਚੁ ਖਾਲਕੁ ਖਲਕ ਮਿਆਨੇ ਸਿਆਮ ਮੂਰਤਿ ਨਾਹਿ॥

(ਤਿਲੰਗ, ਕਬੀਰ, ਪੰਨਾ-727)

**ਦੇਵੀਆਂ** : ਵੈਦਿਕ ਪਰੰਪਰਾ ਵਿਚ ਪਾਕ੍ਰਿਤੀ ਦੇ ਹਰ ਅੰਗ ਵਿਚ ਅਲੌਕਿਕ ਸ਼ਕਤੀਆਂ ਦਾ ਸਮਾਵੇਸ਼ ਕਰਕੇ ਉਨ੍ਹਾਂ ਨੂੰ ਦੇਵੀ-ਦੇਵਤਿਆਂ ਦੇ ਰੂਪ ਵਿਚ ਪੂਜਿਆ ਜਾਂਦਾ ਰਿਹਾ ਹੈ। "ਧਰਤੀ ਤੇ ਰਹਿਣ ਵਾਲੇ, ਅਸਮਾਨ ਤੇ ਰਹਿਣ ਵਾਲੇ ਅਤੇ ਸੁਰਗ ਲੋਕ। ਅਗਨੀ, ਵਾਯੂ ਅਤੇ ਸੂਰਜ ਕ੍ਰਮਵਾਰ ਇਨ੍ਹਾਂ ਤਿੰਨਾਂ ਕੋਟੀਆਂ ਦੀ ਪ੍ਰਤੀਨਿਧਤਾ ਕਰਦੇ ਹਨ। ਵੇਦਾਂ ਵਿਚ ਇਨ੍ਹਾਂ ਤਿੰਨਾਂ ਦੇਵਤਿਆਂ ਦੇ ਆਧਾਰ ਤੇ ਤੇਤੀ ਅਤੇ ਬਾਅਦ ਵਿਚ ਤੇਤੀ ਕਰੋੜ ਦੇਵਤਿਆਂ ਦੀ ਕਲਪਨਾ ਕੀਤੀ ਗਈ।"[43]

ਜਿਸ ਪ੍ਰਕਾਰ ਹਿੰਦੂ ਗ੍ਰੰਥਾਂ ਵਿਚ ਦੇਵਤਿਆਂ ਦੀ ਗਿਣਤੀ ਬਹੁਤ ਮਿਲਦੀ ਹੈ ਉਸੇ ਪ੍ਰਕਾਰ ਦੇਵੀਆਂ ਵੀ ਅਕਸਰ ਦੇਵਤਿਆਂ ਦੀਆਂ ਪਤਨੀਆਂ ਦੇ ਰੂਪ ਵਿਚ ਅਤੇ ਕਈ ਸੁਤੰਤਰ ਰੂਪ ਵਿਚ ਵਿਚਰਦੀਆਂ ਦੱਸੀਆਂ ਗਈਆਂ ਹਨ। ਭਗਤ ਬਾਣੀ ਵਿਚ ਕਵਲਾ (ਲਛਿਮੀ), ਸਕਤਿ (ਪਾਰਬਤੀ), ਦੁਰਗਾ, ਮਹਾਮਾਈ, ਭਵਾਨੀ, ਸੀਤਲਾ, ਸਾਰਦਾ (ਸਰਸਵਤੀ) ਆਦਿ ਦਾ ਵਿਸ਼ੇਸ਼ ਜ਼ਿਕਰ ਮਿਲਦਾ ਹੈ।

**ਕਵਲਾ (ਲੱਛਮੀ)** : ਪੁਰਾਣਾਂ ਅਨੁਸਾਰ ਲਛਿਮੀ ਵਿਸ਼ਨੂੰ ਦੀ ਪਤਨੀ ਹੈ। ਦੇਵਤਿਆਂ ਅਤੇ ਦੈਤਾਂ ਦੁਆਰਾ ਸਮੁੰਦਰ ਰਿੜਕਨ ਦੌਰਾਨ ਨਿਕਲੇ ਚੌਦਾਂ ਰਤਨਾਂ ਵਿਚੋਂ ਲੱਛਿਮੀ ਵੀ ਨਿਕਲੀ ਸੀ ਜੋ ਵਿਸ਼ਨੂੰ ਨੂੰ ਮਿਲੀ ਤੇ ਉਸਦਾ ਵਿਸ਼ਨੂੰ ਨਾਲ ਵਿਆਹ ਰਚਾ ਦਿੱਤਾ ਗਿਆ। ਸਮੁੰਦਰ ਵਿੱਚੋਂ ਨਿਕਲਣ ਕਰਕੇ ਇਸ ਨੂੰ ਸਮੁੰਦਰ ਦੀ ਪੁੱਤਰੀ ਵੀ ਕਿਹਾ ਜਾਂਦਾ ਹੈ। ਇਹ ਧਨ ਦੌਲਤ ਦੀ ਦੇਵੀ ਮੰਨੀ ਜਾਂਦੀ ਹੈ। ਇਹ ਹੱਥ ਵਿਚ ਕਵਲ ਰੱਖਦੀ ਹੈ। ਇਸ ਕਰਕੇ ਇਹ ਪਦਮ ਨਾਮ ਨਾਲ ਵੀ ਪ੍ਰਸਿੱਧ ਹੈ।[44] ਭਗਤ ਬਾਣੀ ਵਿਚ ਇਸ ਕਵਲਾ (ਲੱਛਮੀ) ਦੇਵੀ ਨੂੰ ਸਦਾ ਪ੍ਰਭੂ ਚਰਨਾਂ ਦੀ ਸ਼ਰਨ ਵਿਚ ਰਹਿਣ ਵਾਲੀ

ਦੱਸਿਆ ਹੈ[45]।ਭਗਤ ਬਾਣੀ ਵਿਚ ਪ੍ਰਭੂ ਦੀ ਪ੍ਰਸੰਨਤਾ ਲਈ ਕਰੋੜਾਂ ਲੱਛਮੀਆਂ ਨੂੰ ਸ਼ਿੰਗਾਰ ਕਰਦੇ ਹੋਏ ਵਿਆਪਕ ਪ੍ਰਭੂ ਦੀਆਂ ਦਾਸੀਆਂ ਆਖਿਆ ਗਿਆ ਹੈ :

ਕੋਟਿਕ ਲਿਖਮੀ ਕਰੈ ਸੀਗਾਰ॥... (ਭੈਰਉ, ਕਬੀਰ, ਪੰਨਾ-1163)

**ਦੁਰਗਾ (ਮਹਾਮਾਈ)** : "ਸ਼ਾਕਤ-ਮਤ ਦੇ ਵਿਕਾਸ ਨਾਲ ਸ਼ਿਵ ਦੀ ਸ਼ਕਤੀ ਦੇ ਕਈ ਨਾਂ ਪ੍ਰਚਲਿਤ ਹੋ ਗਏ। ਇਨ੍ਹਾਂ ਨਾਵਾਂ ਨੂੰ ਮੁੱਖ ਤੌਰ ਤੇ ਦੋ ਵਰਗਾਂ ਵਿਚ ਵੰਡਿਆ ਜਾਂਦਾ ਹੈ - ਕੋਮਲ ਅਤੇ ਭਿਆਨਕ। ਭਿਆਨਕ ਨਾਵਾਂ ਵਿਚ ਇਕ ਨਾਂ ਦੁਰਗਾ ਹੈ।"[46] ਕੋਮਲ ਰੂਪ ਵਿਚ ਇਸ ਦੇਵੀ ਨੂੰ ਉਮਾ, ਗੌਰੀ, ਪਾਰਬਤੀ, ਹੇਮਵਤੀ, ਜਗਮਾਤਾ, ਭਵਾਨੀ ਆਦਿ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ ਜਦ ਕਿ ਭਿਆਨਕ ਰੂਪ ਵਿਚ ਉਸਦੇ ਨਾਮ ਹਨ - ਦੁਰਗਾ, ਕਾਲੀ, ਸ਼ਿਆਮਾਂ, ਚੰਡੀ, ਚੰਡਿਕਾ, ਭੈਰਵੀ, ਦਸਭੁਜਾ, ਸਿੰਘ-ਵਾਹਿਨੀ, ਮਹਿਖਾਸੁਰ ਮਰਦਿਨੀ, ਛਿੰਨ-ਮਸਤਕਾ, ਭਦ੍ਰਕਾਲੀ, ਮਹਾਕਾਲੀ, ਭੀਮਾ-ਦੇਵੀ ਆਦਿ। ਇਨ੍ਹਾਂ ਵਿਚ ਅਧਿਕ ਪੂਜਾ ਦੁਰਗਾ ਦੀ ਹੁੰਦੀ ਹੈ। ਇਹ ਸ਼ੇਰ ਦੀ ਸਵਾਰੀ ਕਰਦੀ ਹੈ। ਇਸ ਦੇ ਦਸ ਹੱਥ (ਕਿਤੇ-ਕਿਤੇ 'ਅਸ਼ਟਭੁਜਾ' ਲਿਖਿਆ ਹੈ) ਕਲਪੇ ਹਨ ਜਿਨ੍ਹਾਂ ਵਿਚ ਅਸਤ੍ਰ ਅਤੇ ਸ਼ਸਤ੍ਰ ਧਾਰਨ ਕੀਤੇ ਹੋਏ ਹਨ। ਇਸ ਨੂੰ 'ਮਹਾਮਾਯਾ' ਵੀ ਕਹਿੰਦੇ ਹਨ। ਕਾਸ਼ੀ ਦਾ ਦੁਰਗਾ ਨਾਂ ਦਾ ਦੈਂਤ (ਜੋ ਦੇਵਤਿਆਂ ਨੂੰ ਬੜਾ ਤੰਗ ਕਰਦਾ ਸੀ) ਨੂੰ ਮਾਰਨ ਕਰਕੇ ਇਸ ਨੂੰ 'ਦੁਰਗਾ' ਕਿਹਾ ਜਾਣ ਲੱਗਿਆ।[47] ਭਗਤ ਬਾਣੀ ਵਿਚ ਕਰੋੜਾਂ ਦੁਰਗਾ ਦੇਵੀਆਂ ਨੂੰ ਵਿਆਪਕ ਪ੍ਰਭੂ ਦੇ ਚਰਨਾਂ ਦੀ ਮਾਲਸ਼ (ਸੇਵਾ) ਕਰਦੇ ਦੱਸਿਆ ਗਿਆ ਹੈ।[48] ਬਾਣੀਕਾਰਾਂ ਨੇ ਸ਼ਿਵ ਦੀ ਸ਼ਕਤੀ 'ਪਾਰਬਤੀ' ਦੇ ਰੂਪ ਵਿਚ ਸ਼ਿਵ ਤੇ ਸ਼ਕਤੀ ਦੀਆਂ ਕਥਾਵਾਂ, ਉਪਦੇਸ਼ਾਂ ਨੂੰ ਯਾਦ ਕਰਨ ਦੀ ਬਜਾਏ, ਇਨ੍ਹਾਂ ਸਾਰੇ ਭੇਦਾਂ ਨੂੰ ਛੱਡ ਕੇ ਇਕੋ-ਇਕ ਗੋਬਿੰਦ (ਪ੍ਰਭੂ) ਦੇ ਨਾਮ-ਸਿਮਰਨ ਦੀ ਪ੍ਰੇਰਨਾ ਦਿੱਤੀ ਹੈ :

ਸਿਵਾ ਸਕਤਿ ਸੰਬਾਦੰ॥ ਮਨ ਛੋਡਿ ਛੋਡਿ ਸਗਲ ਭੇਦੰ॥
ਸਿਮਰਿ ਸਿਮਰਿ ਗੋਬਿੰਦੰ॥ ਭਜੁ ਨਾਮਾ ਤਰਸਿ ਭਵ ਸਿੰਧੰ॥੪॥੧॥

(ਗੋਂਡ, ਨਾਮਦੇਵ, ਪੰਨਾ-873)

ਭਗਤ ਨਾਮਦੇਵ ਜੀ ਮਹਾਮਾਈ ਵਾਲੇ ਰੂਪ ਦੀ ਪੂਜਾ ਕਰਨ ਵਾਲੇ ਨੂੰ ਪੁਰਸ਼ ਤੋਂ ਇਸਤਰੀ-ਜਨਮ ਧਾਰਨ ਕਰਨ ਦਾ ਡਰ ਪਾਉਂਦੇ ਹਨ ਅਤੇ ਦੇਵੀ ਦੇ ਭਵਾਨੀ ਰੂਪ ਨੂੰ ਸੰਬੋਧਿਤ ਹੁੰਦੇ ਵਿਅੰਗ ਕਰਦੇ ਹਨ ਕਿ ਹੇ ਭਵਾਨੀ! ਤੂੰ ਸਭ ਦਾ ਆਦਿ (ਮੁੱਢ) ਕਹੀ ਜਾਂਦੀ ਹੈ, ਪਰ ਜਦੋਂ ਆਪਣੇ ਭਗਤਾਂ ਨੂੰ ਮੁਕਤੀ ਦੇਣ ਦਾ ਸਮਾਂ ਆਉਂਦਾ ਹੈ, ਤੂੰ ਉਦੋਂ ਪਤਾ ਨਹੀਂ ਕਿੱਥੇ ਲੁਕ ਜਾਂਦੀ ਹੈ :

ਮਹਾ ਮਾਈ ਕੀ ਪੂਜਾ ਕਰੈ॥ ਨਰ ਸੈ ਨਾਰਿ ਹੋਇ ਅਉਤਰੈ॥੩॥
ਤੂ ਕਹੀਅਤ ਹੀ ਆਦਿ ਭਵਾਨੀ॥ ਮੁਕਤਿ ਕੀ ਬਰੀਆ ਕਹਾ ਛਪਾਨੀ॥੪॥

(ਗੋਂਡ, ਨਾਮਦੇਵ, ਪੰਨਾ-874)

**ਸਾਰਦਾ (ਸਰਸਵਤੀ)** : "ਇਹ ਇਕ ਪੁਰਾਤਨ ਪਵਿੱਤਰ ਨਦੀ ਹੈ। ਇਸ ਨਦੀ ਨੂੰ ਪਵਿੱਤਰ ਮੰਨੇ ਜਾਣ ਕਾਰਨ ਸ਼ਰਧਾਲੂਆਂ ਨੇ ਇਸ ਉੱਤੇ ਦੈਵੀ ਸ਼ਕਤੀਆਂ ਦਾ ਆਰੋਪਣ ਸ਼ੁਰੂ ਕਰ ਦਿੱਤਾ। ਸਹਿਜੇ ਸਹਿਜੇ ਦੈਵੀਕਰਣ ਦੀ ਬਿਰਤੀ ਨੇ ਸਰਸਵਤੀ ਨੂੰ ਦੇਵੀ ਦਾ ਰੂਪ ਦੇ ਦਿੱਤਾ ਅਤੇ ਫਿਰ ਦੇਵੀ ਦੇ ਸਰੂਪ ਅਤੇ ਆਕਾਰ-ਪ੍ਰਕਾਰ ਦੀ ਵੀ ਕਲਪਨਾ ਕੀਤੀ ਜਾਣ ਲੱਗੀ। ਇਸ ਦਾ ਰੰਗ ਚਿੱਟਾ, ਅੰਗ ਸਜੀਲੇ, ਮੱਥੇ ਉੱਤੇ ਚੰਦ੍ਰਮਾ, ਹੱਥ ਵਿਚ ਵੀਣਾ ਅਤੇ ਇਹ ਕਮਲ ਫੁਲ ਵਿਚ ਬਿਰਾਜਮਾਨ ਹੁੰਦੀ ਹੈ। ਇਹ ਬੜੀ ਤੀਖਣ ਬੁੱਧੀ ਵਾਲੀ, ਪ੍ਰਤਿਭਾਸ਼ਾਲੀ ਅਤੇ ਗਿਆਨ ਨਾਲ ਪਰਿ-ਪੂਰਣ ਹੈ। ਪੁਰਾਣੇ ਸਮੇਂ ਵਿਚ ਲੇਖਕ, ਕਲਾਕਾਰ ਆਦਿ ਇਸ ਦੀ ਬੰਦਨਾ ਨਾਲ ਆਪਣੀ ਕ੍ਰਿਤੀ ਦਾ ਆਰੰਭ ਕਰਦੇ ਸਨ।"[49]

ਭਗਤ ਬਾਣੀ ਵਿਚ ਭਗਤ ਕਬੀਰ ਜੀ ਸਾਰਦਾ, ਲਛਿਮੀ ਆਦਿ ਦੇਵੀਆਂ ਨੂੰ ਕਣ ਕਣ ਵਿਚ ਰਮ ਰਹੇ ਪ੍ਰਭੂ ਦੀ ਟਹਿਲ ਜਾਂ ਸੇਵਾ ਵਿਚ ਹਾਜ਼ਰ ਬੈਠੀਆਂ ਦੱਸਦੇ ਹੋਏ ਪ੍ਰਭੂ ਦੀ ਸਰਬਉੱਚਤਾ ਨੂੰ ਦਰਸਾਉਂਦੇ ਹਨ :

ਨਾਰਦ ਸਾਰਦ ਕਰਹਿ ਖਵਾਸੀ॥ ਪਾਸਿ ਬੈਠੀ ਬੀਬੀ ਕਵਲਾ ਦਾਸੀ॥੨॥
ਕਹਤ ਕਬੀਰ ਰਾਮ ਗੁਨ ਗਾਵਉ॥
ਹਿੰਦੂ ਤੁਰਕ ਦੋਊ ਸਮਝਾਵਉ॥੪॥੪॥੧੩॥ (ਆਸਾ, ਕਬੀਰ, ਪੰਨਾ-478-479)

**ਸੀਤਲਾ** : "ਹਿੰਦੂਮਤ ਵਿਚ ਚੇਚਕ ਦੀ ਦੇਵੀ ਮੰਨੀ ਹੈ ਜਿਸ ਦਾ ਰੂਪ ਹੈ ਸੁਨਹਿਰੀ ਰੰਗ, ਖੋਤੇ ਤੇ ਸਵਾਰ, ਹੱਥ ਵਿਚ ਝਾੜੂ, ਮੱਥੇ ਉੱਪਰ ਛੱਜ ਅਤੇ ਲਾਲ ਰੰਗ ਦੇ ਵਸਤ੍ਰ। ਜਦ ਚੇਚਕ ਬਾਲਕਾਂ ਨੂੰ ਨਿਕਲਦੀ ਹੈ ਤਾਂ ਉਸਦੇ ਬੁਰੇ ਅਸਰ ਤੋਂ ਬਚਣ ਲਈ ਸੀਤਲਾ ਪੂਜੀ ਜਾਂਦੀ ਹੈ। ਖੋਤੇ ਨੂੰ ਦਾਣਾ ਚਾਰਦੇ ਹਨ ਤੇ ਰੋਗੀ ਨੂੰ ਮਾਤਾ ਰਾਣੀ ਦਾ ਖੋਤਾ ਆਖਦੇ ਹਨ। ਸੀਤਲਾ ਦਾ ਨਾਉਂ 'ਮਸਾਣੀ' ਦੇਵੀ ਵੀ ਹੈ। ਇਸਦੇ ਪੂਜਨ ਦਾ ਖਾਸ ਦਿਨ ਚੇਤ ਬਦ 8 (ਸ਼ੀਤਲਾ ਅਸ਼ਟਮੀ) ਹੈ।"[50]

ਭਗਤ ਬਾਣੀ ਵਿਚ ਭਗਤ ਨਾਮਦੇਵ ਜੀ ਦੇਵੀ-ਦੇਵਤਿਆਂ ਦੀ ਪੂਜਾ ਦਾ ਵਿਰੋਧ ਕਰਦੇ ਹਨ। ਉਨ੍ਹਾਂ ਅਨੁਸਾਰ ਜਿਹੜਾ ਮਨੁੱਖ ਭੈਰਉ ਨੂੰ ਪੂਜੇਗਾ ਉਹ ਭੂਤ ਬਣੇਗਾ ਜੋ ਸੀਤਲ ਦੇਵੀ ਦੀ ਅਰਾਧਨਾ ਕਰਦਾ ਹੈ ਉਹ ਸੀਤਲਾ ਵਾਂਗ ਖੋਤੇ ਦੀ ਸਵਾਰੀ ਕਰਦਾ ਹੈ ਅਤੇ ਖੋਤੇ ਨਾਲ ਰਲਕੇ ਸੁਆਹ ਉਡਾਉਂਦਾ ਹੈ। ਨਾਮਦੇਵ ਜੀ ਆਖਦੇ ਹਨ ਕਿ ਮੈਂ ਤਾਂ ਉਸ ਇਕੋ ਸੱਚੇ ਪ੍ਰਭੂ ਦੇ ਨਾਂ ਬਦਲੇ ਇਨ੍ਹਾਂ ਸਭ ਦੇਵੀ-ਦੇਵਤਿਆਂ ਨੂੰ ਦੇ ਦੇਵਾਂਗਾ :

ਭੈਰਉ ਭੂਤ ਸੀਤਲਾ ਧਾਵੈ॥ ਖਰ ਬਾਹਨੁ ਉਹੁ ਛਾਰੁ ਉਡਾਵੈ॥੧॥
ਹਉ ਤਉ ਏਕੁ ਰਮਈਆ ਲੈਹਉ॥ ਆਨ ਦੇਵ ਬਦਲਾਵਨਿ ਦੈਹਉ॥੧॥ਰਹਾਉ॥
(ਗੋਂਡ, ਨਾਮਦੇਵ, ਪੰਨਾ-874)

ਇਸ ਤਰ੍ਹਾਂ ਭਗਤ ਬਾਣੀਕਾਰਾਂ ਨੇ ਦੇਵੀ-ਦੇਵਤਿਆਂ ਦੀ ਪੂਜਾ ਦਾ ਸਪਸ਼ਟ ਸ਼ਬਦਾਂ ਵਿਚ ਵਿਰੋਧ ਕੀਤਾ। ਜਿੱਥੇ ਉਨ੍ਹਾਂ ਨੇ ਦੇਵਤਿਆਂ ਨੂੰ ਅਕਾਲ-ਪੁਰਖ ਪਰਮਾਤਮਾ ਦੀ ਸ਼ਕਤੀ ਅੱਗੇ ਤੁੱਛ ਤੇ ਉਸਦੇ ਹੁਕਮ ਦੇ ਪਾਬੰਦ, ਮੋਹ ਮਾਇਆ ਵਿਚ ਬੱਧੇ ਦੱਸਿਆ ਹੈ ਉਥੇ ਦੇਵੀਆਂ ਨੂੰ ਉਸ ਅਕਾਲ ਪੁਰਖ ਦੇ ਦਰ ਦੀਆਂ ਦਾਸੀਆਂ, ਹੁਕਮ ਮੰਨਣ ਵਾਲੀਆਂ ਮੰਨਿਆ ਹੈ। ਸੋ ਆਮ ਲੋਕਾਂ ਵਿਚ ਇਨ੍ਹਾਂ ਦੇਵੀ-ਦੇਵਤਿਆਂ ਨਾਲ ਜੁੜੇ ਭ੍ਰਮ, ਕਰਮਕਾਂਡਾਂ ਨੂੰ ਬਾਣੀਕਾਰਾਂ ਨੇ ਨਿੰਦਿਆ ਅਤੇ ਫੋਕੇ ਕਰਮਕਾਂਡ ਕਰਨ ਵਾਲੇ ਲੋਕਾਂ ਨੂੰ ਇਨ੍ਹਾਂ ਕਰਮਾਂ ਤੋਂ ਪੈਦਾ ਹੋਣ ਵਾਲੀ ਸਜ਼ਾ ਵੱਲ ਝਾਤ ਪੁਆਉਂਦੇ ਹਨ :

ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਅਹੋਈ ਰਾਖੈ ਨਾਰਿ॥
ਗਦਹੀ ਹੋਇ ਕੈ ਅਉਤਰੈ ਭਾਰੁ ਸਹੇ ਮਨ ਚਾਰਿ॥੧੦੮॥

(ਸਲੋਕ, ਕਬੀਰ, ਪੰਨਾ-1370)

## ਪੁਰਾਣਿਕ ਪ੍ਰਤੀਕ

ਭਗਤ ਬਾਣੀ ਵਿਚ ਪੁਰਾਣਿਕ ਕਥਾਵਾਂ ਅਤੇ ਉਨ੍ਹਾਂ ਵਿਚ ਪੇਸ਼ ਹੋਏ ਭਾਵਾਂ, ਵਿਅਕਤੀਆਂ, ਵਸਤਾਂ ਅਤੇ ਸਥਾਨਾਂ ਨੂੰ ਪ੍ਰਤੀਕ ਰੂਪ ਵਿਚ ਵਰਤ ਕੇ ਨਵੀਨ ਅਰਥ ਪ੍ਰਦਾਨ ਕੀਤੇ ਹਨ। ਬਾਣੀਕਾਰਾਂ ਨੇ ਪੁਰਾਣਿਕ ਕਥਾਵਾਂ ਅਨੁਸਾਰ ਦੇਵਤਿਆਂ ਤੇ ਦੈਤਾਂ ਦੁਆਰਾ ਅਮਰ ਪਦਵੀ ਲਈ ਰਿੜਕੇ ਗਏ ਸਮੁੰਦਰ ਦੀ ਥਾਂ ਨੂੰ ਹਰੀ ਦੇ ਨਾਮ, ਸਿਮਰਨ ਤੇ ਵੀਚਾਰਨ ਦੇ ਪ੍ਰਤੀਕ ਵਿਚ ਪੇਸ਼ ਕੀਤਾ ਹੈ :

ਮੇਰੇ ਰਾਮ ਐਸਾ ਖੀਰੁ ਬਿਲੋਈਐ॥
ਗੁਰਮਤਿ ਮਨੂਆ ਅਸਥਿਰੁ ਰਾਖਹੁ ਇਨ ਬਿਧਿ ਅੰਮ੍ਰਿਤੁ ਪੀਓਈਐ॥੧॥ ਰਹਾਉ॥

(ਗਉੜੀ, ਕਬੀਰ, ਪੰਨਾ-332)

ਦੇਵਤਿਆਂ ਤੇ ਦੈਤਾਂ ਦੁਆਰਾ ਸਮੁੰਦਰ ਰਿੜਕਨ ਦੌਰਾਨ ਨਿਕਲੇ ਚੌਦਾਂ ਰਤਨਾਂ ਵਿਚੋਂ ਵਿਸ਼ੇਸ਼ ਤੌਰ ’ਤੇ ਕਲਿਪ (ਸੁਰਤਰ), ਚਿੰਤਾਮਨਿ, ਕਾਮਧੇਨੁ ਗਊ ਆਦਿ (ਸਾਰੀਆਂ ਕਾਮਨਾਵਾਂ ਪੂਰੀਆਂ ਕਰਨ ਵਾਲੇ ਸਨ) ਨੂੰ ਬਾਣੀਕਾਰਾਂ ਨੇ ਮਨੁੱਖੀ-ਮਨ ਦੀਆਂ ਸਾਰੀਆਂ ਸ਼ੁੱਭ ਇੱਛਾਵਾਂ ਪੂਰੀਆਂ ਕਰਨ ਵਾਲੇ ਹਰੀ-ਨਾਮ ਦੇ ਪ੍ਰਤੀਕ ਵਿਚ ਪੇਸ਼ ਕੀਤਾ ਹੈ :

ਸਾਧਕ ਸਿਧ ਸਗਲ ਮੁਨਿ ਹਾਰੇ॥
ਏਕ ਨਾਮ ਕਲਿਪ ਤਰ ਤਾਰੇ॥

(ਗਉੜੀ, ਕਬੀਰ, ਪੰਨਾ-330)

ਇੰਞ ਹੀ ‘ਪਾਰਸ’ ਬਾਰੇ ਕਈ ਮਿਥਿਹਾਸਕ ਕਥਾਵਾਂ ਪ੍ਰਚਲਿਤ ਹਨ ਜਿਸ ਦੀ ਇਕ ਕਥਾ ਭਗਤ ਰਵਿਦਾਸ ਜੀ ਨਾਲ ਵੀ ਜੁੜੀ ਹੋਈ ਹੈ। ਪਾਰਸ ਇਕ ਪ੍ਰਕਾਰ ਦਾ ਕਲਪਿਤ ਪੱਥਰ ਹੈ।

ਕਿਹਾ ਜਾਂਦਾ ਹੈ ਇਸ ਪੱਥਰ ਦੇ ਕਿਸੇ ਵੀ ਧਾਤ ਲੋਹਾ, ਤਾਂਬਾ ਆਦਿ ਨਾਲ ਛੂਹਣ ਤੇ ਉਹ ਧਾਤ ਸੋਨਾ ਬਣ ਜਾਂਦੀ ਹੈ। ਗੁਰਬਾਣੀ ਵਿਚ ਇਸ ਨੂੰ ਅਧਿਆਤਮਕ ਅਧਾਰ ਦੇਣ ਲਈ ਸਤਿਗੁਰੂ ਅਤੇ ਹਰੀ ਨਾਮ ਦੇ ਪ੍ਰਤੀਕ ਵਜੋਂ ਵਰਤਿਆ ਗਿਆ ਹੈ। ਭਾਵ ਪਾਰਸ ਵਾਲੇ ਸਾਰੇ ਗੁਣ ਸਤਿਗੁਰੂ ਵਿਚ ਹਨ ਜਿਸ ਪਾਰਸ ਰੂਪ ਗੁਰੂ ਦੀ ਸਤਸੰਗਤ ਨਾਲ ਮਨਮੁਖ ਦੇ ਸਾਰੇ ਵਿਕਾਰਾਂ ਦੀ ਮੈਲ ਉਤਰ ਜਾਂਦੀ ਹੈ :

(ੳ) ਮਿਲਿ ਪਾਰਸ ਕੰਚਨੁ ਹੋਇਆ॥ ਮੁਖ ਮਨਸਾ ਰਤਨੁ ਪਰੋਇਆ॥

(ਸੋਰਠਿ, ਨਾਮਦੇਵ, ਪੰਨਾ-657)

ਅ) ਪਾਪ ਪੁੰਨ ਦੁਇ ਏਕ ਸਮਾਨ॥ ਨਿਜ ਘਰਿ ਪਾਰਸੁ ਤਜਹੁ ਗੁਨ ਆਨ॥੩॥

(ਗਉੜੀ, ਕਬੀਰ, ਪੰਨਾ-325)

ਇਵੇਂ ਹੀ ਪੁਰਾਣਿਕ ਗ੍ਰੰਥਾਂ ਵਿਚ ਵਿਸ਼ੇਸ਼ਤਾ ਰੱਖਣ ਵਾਲੇ ਰਿਸ਼ੀ ਨਾਰਦ ਨੂੰ ਪ੍ਰਤੀਕ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਨਾਰਦ ਸਬੰਧੀ ਕਈ ਕਥਾਵਾਂ ਪ੍ਰਚਲਿਤ ਹਨ। ਸ੍ਰੀਮਦ ਭਗਵਤ ਪੁਰਾਨ ਅਨੁਸਾਰ ਨਾਰਦ ਨੇ ਦਖਯ (ਦਖਸ਼ ਦੀ ਸ੍ਰਿਸ਼ਟੀ ਰਚਨਾ ਵਿਚ ਵਿਘਨ ਪਾਇਆ ਤਾਂ ਦੱਖਯ ਨੇ ਕ੍ਰੋਧਵਾਨ ਹੋ ਕੇ ਨਾਰਦ ਨੂੰ ਇਕ ਥਾਂ 'ਤੇ ਦੋ ਘੜੀ ਤੋਂ ਵੱਧ ਨਾ ਠਹਿਰ ਸਕਣ ਦਾ ਸ਼ਰਾਪ ਦੇ ਦਿੱਤਾ ਜਿਸ ਕਾਰਨ ਨਾਰਦ ਮੁਨੀ ਕਿਤੇ ਵੀ ਬਹੁਤ ਸਮਾਂ ਟਿਕ ਕੇ ਨਹੀਂ ਸੀ ਰਹਿੰਦਾ ਅਤੇ ਏਧਰ-ਓਧਰ ਦੇਵੀ-ਦੇਵਤਿਆਂ ਦੇ ਆਪਸੀ ਝਗੜਿਆਂ ਦਾ ਕਾਰਨ ਬਣਦਾ ਸੀ। (ਸਕੰਧ-6, ਅਧਿਆਇ ਪੰਜਵਾਂ) ਭਗਤ ਕਬੀਰ ਜੀ ਨਾਰਦ ਮੁਨੀ ਦੇ ਸੁਭਾਅ ਵਿਚ ਸ਼ਾਮਿਲ ਇਸ ਚਪਲਤਾ, ਚੰਚਲਤਾ, ਚੁਗਲਖੋਰੀ ਆਦਿ ਨੂੰ ਮਨ ਦੀਆਂ ਪੰਜੇ ਵਿਕਾਰੀ ਇੰਦ੍ਰੀਆਂ ਦੇ ਪ੍ਰਤੀਕ ਵਿਚ ਪੇਸ਼ ਕਰਦੇ ਹਨ :

ਪਾਂਚ ਨਾਰਦ ਕੈ ਸੰਗਿ ਬਿਧਵਾਰਿ॥ ਪਾਂਚ ਨਾਰਦ ਕੇ ਮਿਟਵੇ ਫੂਟੇ॥
ਕਹੁ ਕਬੀਰ ਗੁਰ ਕਿਰਪਾ ਛੂਟੇ॥੫॥੫॥੮॥

(ਗੋਂਡ, ਕਬੀਰ, ਪੰਨਾ-872)

## ਰਾਮਾਇਣ, ਮਹਾਂਭਾਰਤ ਅਤੇ ਕ੍ਰਿਸ਼ਨ ਸਬੰਧੀ ਘਟਨਾਵਾਂ

ਰਾਮਾਇਣ ਅਤੇ ਮਹਾਂਭਾਰਤ ਹਿੰਦੂ ਧਰਮ ਦੇ ਮਹੱਤਵਪੂਰਨ ਗ੍ਰੰਥ ਹਨ। ਰਾਮਾਇਣ ਦਾ ਕਰਤਾ ਮਹਾਰਿਸ਼ੀ ਬਾਲਮੀਕ ਅਤੇ ਮਹਾਂਭਾਰਤ ਦਾ ਕਰਤਾ ਵਿਆਸ ਨੂੰ ਮੰਨਿਆ ਜਾਂਦਾ ਹੈ। ਭਗਤ ਬਾਣੀ ਵਿਚ ਰਾਮਾਇਣ ਅਤੇ ਮਹਾਂਭਾਰਤ ਸਬੰਧੀ ਕੁੱਝ ਕੁ ਘਟਨਾਵਾਂ ਸੰਖੇਪ ਤੇ ਸੰਕੇਤਕ ਰੂਪ ਵਿਚ ਹੀ ਮਿਲਦੀਆਂ ਹਨ। ਰਾਮਾਇਣ ਨਾਲ ਸਬੰਧਿਤ ਵਿਸ਼ੇਸ਼ ਘਟਨਾ ਅਹਿਲੀਆ ਨੂੰ ਤਾਰਨ ਦੀ ਹੈ ਜਿਸ ਦਾ ਜ਼ਿਕਰ ਬਾਣੀਕਾਰਾਂ ਨੇ ਥਾਂ ਥਾਂ ਪ੍ਰਭੂ ਦੀ ਦਿਆਲਤਾ, ਕ੍ਰਿਪਾਲਤਾ ਤੇ ਭਗਤਾਂ ਪ੍ਰਤੀ ਸਨੇਹ ਨੂੰ ਪ੍ਰਗਟਾਉਣ ਲਈ ਕੀਤਾ ਹੈ :

ਗੋਤਮ ਨਾਰਿ ਅਹਲਿਆ ਤਾਰੀ ਪਾਵਨ ਕੇਤਕ ਤਾਰੀਅਲੇ॥ ...

(ਮਾਲੀ ਗਉੜਾ, ਨਾਮਦੇਵ, ਪੰਨਾ-988)

"ਅਹਿਲਿਆ ਵ੍ਰਿਧਾਸ਼੍ਵ ਦੀ ਪੁੱਤਰੀ ਤੇ ਗੌਤਮ ਰਿਖੀ ਦੀ ਸੁੰਦਰ ਪਤਨੀ ਸੀ। ਰਾਮਾਇਣ ਦੇ ਕਰਤਾ ਅਨੁਸਾਰ ਸਭ ਤੋਂ ਪਹਿਲਾਂ 'ਬ੍ਰਹਮਾ' ਨੇ ਇਹ ਸੁੰਦਰ ਪਤਨੀ ਬਣਾਈ ਸੀ। 'ਇੰਦਰ' ਦੇਵਤਾ ਇਸ ਉਤੇ ਮੋਹਤ ਹੋ ਗਿਆ। ਉਹ ਰਿਖੀ ਤੋਂ ਚੋਰੀ ਇਸ ਦੇ ਪਾਸ ਆਇਆ। ਗੌਤਮ ਨੂੰ ਪਤਾ ਲੱਗ ਤਾਂ ਉਸਨੇ ਇੰਦਰ ਨੂੰ 'ਹਜ਼ਾਰ ਭਗਾਂ ਵਾਲਾ' ਹੋਣ ਦਾ ਸਰਾਪ ਦਿੱਤਾ ਤੇ ਅਹਿਲਿਆ ਗੌਤਮ ਦੇ ਸਰਾਪ ਨਾਲ 'ਸਿਲ' ਬਣ ਗਈ। ਪਿੱਛੋਂ ਰਾਮ ਚੰਦਰ ਨੇ ਆਪਣੇ ਚਰਨ ਛੁਹਾ ਕੇ ਅਹਿਲਿਆ ਦੀ ਮੁਕਤੀ ਕੀਤੀ।"[51]

ਭਗਤ ਬਾਣੀ ਵਿਚ ਅਹਿਲਿਆ ਤੋਂ ਇਲਾਵਾ ਰਾਵਣ ਦੁਆਰਾ ਰਾਮਚੰਦਰ ਦੀ ਪਤਨੀ ਸੀਤਾ ਦਾ ਅਪਹਰਨ ਕਰਨ ਅਤੇ ਰਾਮ ਵੱਲੋਂ ਸੀਤਾ ਨੂੰ ਮੋੜ ਲਿਆਉਣ ਬਾਰੇ, ਰਾਵਨ ਨੂੰ ਮਾਰਕੇ ਲੰਕਾ ਦਾ ਰਾਜ ਰਾਵਣ ਦੇ ਭਰਾ ਭਭੀਖਣ (ਵਿਭੀਸ਼ਣ) ਨੂੰ ਦੇਣ[52] ਅਤੇ ਸਮੁੰਦਰ ਵਿਚ ਪੱਥਰ ਤਾਰਨ (ਜਿਨ੍ਹਾਂ ਪੱਥਰਾਂ 'ਤੇ ਰਾਮ ਨਾਮ ਉਕਰਿਆ ਹੋਇਆ ਸੀ) ਆਦਿ ਘਟਨਾਵਾਂ ਦਾ ਜ਼ਿਕਰ ਮਿਲਦਾ ਹੈ :

ਦੇਵਾ ਪਾਹਨ ਤਾਰੀਅਲੇ॥ ਰਾਮ ਕਹਤ ਜਨ ਕਸ ਨ ਤਰੇ॥੧॥ ਰਹਾਉ॥

(ਗਉੜੀ, ਨਾਮਦੇਵ, ਪੰਨਾ-345)

ਇਵੇਂ ਹੀ ਭਗਤ ਬਾਣੀ ਵਿਚ ਰਾਮ-ਭਗਤ ਦੇ ਤੌਰ ਤੇ 'ਹਨੂਮਾਨ' ਨਾਲ ਸਬੰਧਿਤ ਘਟਨਾਵਾਂ ਵਿਚੋਂ ਲੰਕਾਂ ਦੇ ਕਿਲ੍ਹੇ ਨੂੰ ਸਾੜਨਾ, ਰਾਵਣ ਦੇ ਬਾਗ ਨੂੰ ਪੁੱਟਣਾ, ਲਛਮਣ ਦੀ ਪੀੜਾ ਦੂਰ ਕਰਨ ਲਈ ਬੂਟੀ ਲਿਆਉਣਾ ਅਤੇ ਰਾਮ ਦੀ ਪ੍ਰਸੰਨਤਾ ਹਾਸਿਲ ਕਰਨ ਆਦਿ ਦਾ ਵਿਸ਼ੇਸ਼ ਜ਼ਿਕਰ ਮਿਲਦਾ ਹੈ :

ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ॥
ਕਰਮ ਕਰਿ ਕਛਉਟੀ ਮਫੀਟਸਿ ਰੀ॥੫॥

(ਧਨਾਸਰੀ, ਤ੍ਰਿਲੋਚਨ, ਪੰਨਾ 695)

ਪੁਰਾਣਿਕ ਮਿਥਿਹਾਸ ਅਨੁਸਾਰ ਸ੍ਰੀ ਕ੍ਰਿਸ਼ਨ ਦੁਆਪਰ ਵਿਚ ਵਿਸ਼ਨੂੰ ਦੇ ਅੱਠਵੇਂ ਅਵਤਾਰ ਮੰਨੇ ਜਾਂਦੇ ਹਨ। ਸ੍ਰੀ ਕ੍ਰਿਸ਼ਨ ਦੇ ਜੀਵਨ ਸਬੰਧੀ ਘਟਨਾਵਾਂ ਬਾਰੇ ਭਗਵਤ ਪੁਰਾਣ ਦੇ 10ਵੇਂ ਸਬੰਧ ਵਿਚ ਜਾਣਕਾਰੀ ਮਿਲਦੀ ਹੈ ਜਿਸ ਵਿਚ ਉਨ੍ਹਾਂ ਦੀਆਂ ਬਾਲ ਲੀਲਾਵਾਂ ਤੇ ਗੋਪੀਆਂ ਨਾਲ ਕੀਤੀਆਂ ਰਾਸ ਲੀਲਾਵਾਂ ਦਾ ਵਿਸਥਾਰਪੂਰਵਕ ਵਰਨਣ ਕੀਤਾ ਮਿਲਦਾ ਹੈ। ਸ੍ਰੀ ਕ੍ਰਿਸ਼ਨ ਨੂੰ ਜਨਮ ਦੇਣ ਵਾਲੇ ਮਾਤਾ ਦੇਵਕੀ ਤੇ ਪਿਤਾ ਵਾਸੁਦੇਵ ਸਨ ਅਤੇ ਉਨ੍ਹਾਂ ਦੀ ਪਾਲਣਾ ਮਾਤਾ ਯਸ਼ੋਧਾ ਤੇ ਪਿਤਾ 'ਨੰਦ' ਨੇ ਕੀਤੀ।

ਭਗਤ ਬਾਣੀ ਵਿਚ ਪ੍ਰਭੂ ਦੀ ਵਿਆਪਕਤਾ, ਪ੍ਰਭੂ ਦੇ ਹੁਕਮ, ਕ੍ਰਿਪਾ ਤੇ ਭਗਤਾਂ ਪ੍ਰਤੀ ਪ੍ਰੇਮ ਨੂੰ ਦਰਸਾਉਣ ਲਈ ਬਾਣੀਕਾਰਾਂ ਨੇ ਸ੍ਰੀ ਕ੍ਰਿਸ਼ਨ ਦੇ ਜੀਵਨ ਨਾਲ ਸਬੰਧਿਤ ਕੁੱਝ ਕੁ ਘਟਨਾਵਾਂ ਨੂੰ ਪ੍ਰਤੀਕ ਦੇ ਤੌਰ ਤੇ ਵਰਤਿਆ ਹੈ। ਇਸ ਮਨੋਰਥ ਹਿੱਤ ਹੀ ਭਗਤ ਬਾਣੀਕਾਰਾਂ ਦੁਆਰਾ ਜਿੱਥੇ ਕ੍ਰਿਸ਼ਨ ਦੁਆਰਾ ਸੰਘਣੇ ਬਿੰਦ੍ਰਾਬਨ ਵਿਚ ਗਊਆਂ ਚਰਾਉਣ ਤੇ ਗੁਆਲਣਾਂ (ਗੋਪੀਆਂ) ਨਾਲ ਰਾਸਾਂ ਪਾਉਣ ਦੇ ਪ੍ਰਤੀਕ ਵਿਚ ਨਿਰਾਕਾਰ ਤੇ ਵਿਆਪਕ ਪ੍ਰਭੂ ਦੀ ਅਨੰਦ ਅਵਸਥਾ ਦਾ ਬਿਆਨ ਕੀਤਾ ਹੈ[53] ਉਥੇ ਨਾਮਦੇਵ ਜੀ ਵਿਆਪਕ, ਸਥਿਰ, ਅਟੱਲ ਪਦਵੀ ਵਾਲੇ ਪ੍ਰਭੂ ਨੂੰ ਦੁਆਰਕਾ ਨਗਰੀ ਵਿਚ ਰਾਸਾਂ ਪਾਉਣ ਵਾਲਾ ਉਹ ਕ੍ਰਿਸ਼ਨ (ਪ੍ਰਭੂ) ਮੰਨਦੇ ਹਨ ਜੋ ਨਾ ਕੇਵਲ ਦੁਆਰਕਾ ਵਿਚ ਹੀ ਅਤੇ ਨਾ ਕੇਵਲ ਮੁਸਲਮਾਨੀ ਧਰਮ ਦੇ ਕੇਂਦਰ ਵਿਚ ਨਿਵਾਸ ਕਰਦਾ ਹੈ, ਸਗੋਂ ਉਹ ਤਾਂ ਪੂਰੀ ਸ੍ਰਿਸ਼ਟੀ ਵਿਚ ਪਸਰ ਰਿਹਾ ਹੈ। ਉਹ ਦੁਨੀਆਂ ਦੇ ਕਈ ਹਜ਼ਾਰ ਮੰਡਲਾਂ ਦਾ ਇੱਕਲਾ ਮਾਲਕ ਹੈ ਜਿਸ ਦੀ ਦਿੱਤੀ ਹੋਈ ਕਿਰਤ ਕਰਨ ਤੇ ਪਰਿਵਾਰ ਆਦਿ ਪਾਲਣ ਦੀ ਵਗਾਰ ਨੂੰ ਵੀ ਨਾਮਦੇਵ ਜੀ ਮਿੱਠਾ ਹੁਕਮ ਕਰਕੇ ਮੰਨਦੇ ਹਨ। ਉਨ੍ਹਾਂ ਅਨੁਸਾਰ ਅਜਿਹਾ ਪ੍ਰਭੂ ਆਪ ਹੀ ਸਾਵਲੇ ਰੰਗ ਦਾ ਕ੍ਰਿਸ਼ਨ, ਆਪ ਹੀ ਸੂਰਜ ਦੇਵਤਾ, ਆਪ ਹੀ ਇੰਦ੍ਰ ਦੇਵਤਾ ਤੇ ਆਪ ਹੀ ਨਰਾਂ (ਮਨੁੱਖਾਂ) ਦਾ ਰਾਜਾ ਤੇ ਮੁਕਤੀ ਦੇਣ ਵਾਲਾ ਹੈ :

ਕੁਜਾ ਆਮਦ ਕੁਜਾ ਰਫਤੀ ਕੁਜਾ ਮੇ ਰਵੀ॥
ਦ੍ਵਾਰਿਕਾ ਨਗਰੀ ਰਾਸਿ ਬੁਗੋਈ॥੧॥...
ਅਸਪਤਿ ਗਜਪਤਿ ਨਰਹ ਨਰਿੰਦ॥
ਨਾਮੇ ਕੇ ਸ੍ਵਾਮੀ ਮੀਰ ਮੁਕੰਦ॥੪॥੨॥੩॥

(ਤਿਲੰਗ, ਨਾਮਦੇਵ, ਪੰਨਾ-727)

ਇਸ ਤਰ੍ਹਾਂ ਲੋਕਾਂ ਵਿਚ ਲੋਕਪ੍ਰਿਯ ਸ੍ਰੀ ਕ੍ਰਿਸ਼ਨ ਦੀਆਂ ਮਿਥਕ ਕਥਾਵਾਂ ਨੂੰ ਭਗਤ ਬਾਣੀਕਾਰਾਂ ਨੇ ਵਿਸ਼ੇਸ਼ ਤੌਰ ’ਤੇ ਆਪਣੇ ਮਨੋਰਥ ਦੀ ਸਿੱਧੀ ਲਈ ਵਰਤਿਆ ਹੈ। ਇਸ ਅਧਾਰਿਤ ਸਭ ਤੋਂ ਵੱਧ ਉਨ੍ਹਾਂ ਨੇ ਪ੍ਰਭੂ ਦੀ ਸਰਬ ਵਿਆਪਕਤਾ ਤੇ ਉਸਦੇ ਗੁਣਾਂ, ਕਾਰਜਾਂ ਵਿਚ ਭਗਤਾਂ ਦੀ ਰੱਖਿਆ ਕਰਨਾ ਤੇ ਹਰੀ ਦੇ ਭਗਤਾਂ ਪ੍ਰਤੀ ਸਨੇਹ ਨੂੰ ਪ੍ਰਗਟਾਉਣ ਲਈ ਆਧਾਰ ਬਣਾਇਆ। ਪ੍ਰਭੂ ਦੀ ਇਸੇ ਸਰਬ ਵਿਆਪਕਤਾ ਤੇ ਸਨੇਹ ਹਿੱਤ ਉਹ ਬੀਣਾ ਬਜਾਉਣ ਵਾਲੇ, ਮਧੁਰ ਧੁਨ ਵਿਚ ਗਾਉਣ ਵਾਲੇ ਕ੍ਰਿਸ਼ਨ (ਪ੍ਰਭੂ) ਤੋਂ ਕੁਰਬਾਨ ਜਾਂਦੇ ਹਨ, ਕ੍ਰਿਸ਼ਨ ਦੁਆਰਾ ਓੜੀ ਕੰਬਲੀ ਜਿਸ ਭੇਡੂ ਦੀ ਉੱਨ ਤੋਂ ਬਣੀ ਹੈ ਉਸ ਭੇਡੂ ਤੋਂ ਬਲਿਹਾਰੀ ਜਾਂਦੇ ਹਨ। ਇਵੇਂ ਹੀ ਉਹ ਮਾਤਾ ਦੇਵਕੀ ਨੂੰ ਧੰਨ ਆਖਦੇ ਹਨ ਜਿਸ ਦੇ ਘਰ ਲਖਸ਼ਮੀ ਦੇ ਪਤੀ (ਕਵਲਾਪਤੀ) ਕ੍ਰਿਸ਼ਨ ਨੇ ਜਨਮ ਲਿਆ ਤੇ ਉਹ ਧੰਨ ਮੰਨਦੇ ਹਨ ਉਸ

ਬ੍ਰਿੰਦਬਨ ਨੂੰ ਜਿੱਥੇ ਉਹ ਨਾਰਾਇਣ ਬੀਨ ਵਜਾਉਂਦਾ, ਗਊਆਂ ਚਰਾਉਂਦਾ, ਆਪਣੇ ਰੰਗ ਵਿਚ ਅਨੰਦਿਤ ਰਹਿੰਦਾ ਹੈ :

ਧਨਿ ਧੰਨਿ ਓ ਰਾਮ ਬੇਨੁ ਬਾਜੈ॥... ਧਨਿ ਧਨਿ ਮੇਘਾ ਰੋਮਾਵਲੀ॥
ਧਨਿ ਧਨਿ ਕ੍ਰਿਸਨ ਓਢੈ ਕਾਂਬਲੀ॥੧॥ ਧਨਿ ਧਨਿ ਤੂ ਮਾਤਾ ਦੇਵਕੀ॥
ਜਿਹ ਗ੍ਰਿਹ ਰਮਈਆ ਕਵਲਾਪਤੀ॥੨॥ ਧਨਿ ਧਨਿ ਬਨ ਖੰਡ ਬਿੰਦ੍ਰਾਬਨਾ॥
ਜਹ ਖੇਲੈ ਸ੍ਰੀ ਨਾਰਾਇਨਾ॥੩॥

(ਮਾਲੀ ਗਉੜਾ, ਨਾਮਦੇਵ, ਪੰਨਾ-988)

ਇਵੇਂ ਹੀ ਭਗਤ ਬਾਣੀਕਾਰਾਂ ਨੇ ਪ੍ਰਭੂ ਦੇ ਗੁਣਾਂ, ਕਾਰਜਾਂ ਨੂੰ ਕ੍ਰਿਸ਼ਨ ਅਵਤਾਰ ਨਾਲ ਜੁੜੀਆਂ ਕੁੱਝ ਘਟਨਾਵਾਂ ਦੁਆਰਾ ਵੀ ਬਿਆਨ ਕੀਤਾ ਹੈ ਜਿਨ੍ਹਾਂ ਵਿਚ ਸ੍ਰੀ ਕ੍ਰਿਸ਼ਨ ਦਾ ਬੈਕੁੰਠ ਤੋਂ ਚਕ੍ਰਧਾਰ ਕੇ ਆਉਣਾ ਤੇ ਗਜ (ਹਾਥੀ) ਨੂੰ ਬਚਾਉਣ ਲਈ ਤੰਦੂਏ ਨੂੰ ਮਾਰਨ ਦੀ ਘਟਨਾ, ਦੁਰਜੋਧਨ ਦੇ ਛੋਟੇ ਭਰਾ ਦੁਹਸਾਸਨ ਦੁਆਰਾ ਰਣਵਾਸ ਵਿਚੋਂ ਕੇਸਾਂ ਤੋਂ ਫੜ ਕੇ ਲਿਆਂਦੀ ਦਰੋਪਤੀ ਨੂੰ ਭਰੀ ਸਭਾ ਵਿਚ ਨਿਰਬਸਤਰ ਹੋਣ ਤੋਂ ਬਚਾਉਣ ਦੀ ਘਟਨਾ[54] ਰਾਜ ਦੁਆਰੇ, ਹਾਥੀ, ਘੋੜਿਆਂ ਦਾ ਮਾਣ ਹੰਕਾਰ ਕਰਨ ਵਾਲੇ ਦੁਰਜੋਧਨ ਦਾ ਹੰਕਾਰ ਤੋੜਨ ਅਤੇ ਦਾਸੀ-ਪੁੱਤਰ ਬਿਦੁਰ ਦੇ ਘਰ ਦੁੱਧ ਸਮਾਨ ਪਾਣੀ ਪੀਣ, ਖੀਰ ਸਮਾਨ ਸਾਗ ਖਾਣ ਤੇ ਸੁੱਖ ਦੀ ਰਾਤ ਬਿਤਾਉਣ ਆਦਿ ਕਥਾਵਾਂ ਦਾ ਵਿਸ਼ੇਸ਼ ਜ਼ਿਕਰ ਮਿਲਦਾ ਹੈ :

ਤੁਮਰੋ ਦੂਧੁ ਬਿਦਰ ਕੋ ਪਾਨੋ ਅੰਮ੍ਰਿਤੁ ਕਰਿ ਮੈ ਮਾਨਿਆ॥੧॥...
ਕਬੀਰ ਕੋ ਠਾਕੁਰ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ॥੨॥੯॥

(ਮਾਰੂ, ਕਬੀਰ, ਪੰਨਾ-1105)

ਸ੍ਰੀ ਕ੍ਰਿਸ਼ਨ ਨਾਲ ਸਬੰਧਿਤ ਇਨ੍ਹਾਂ ਮਿਥਕ ਘਟਨਾਵਾਂ ਤੋਂ ਇਲਾਵਾ ਸ੍ਰੀ ਕ੍ਰਿਸ਼ਨ ਦੁਆਰਾ ਜਮਨਾ ਦੇ ਕੰਢੇ ਤੋਂ ਨਥੇ ਕਾਲੀਨਾਗ ਬਾਰੇ ਸੰਕੇਤ, ਕੇਸੀ ਦੈਂਤ ਜੋ ਕੰਸ ਦੀ ਆਗਿਆ ਨਾਲ ਘੋੜੇ ਦਾ ਰੂਪ ਵਟਾ ਕੇ ਕ੍ਰਿਸ਼ਨ ਨੂੰ ਮਾਰਨ ਆਇਆ, ਪਰ ਆਪ ਮਾਰਿਆ ਗਿਆ ਆਦਿ ਘਟਨਾਵਾਂ ਦੁਆਰਾ ਪ੍ਰਭੂ ਦੇ ਗੁਣਾਂ ਅਤੇ ਕਾਰਜਾਂ ਨੂੰ ਪ੍ਰਤੀਕ ਰੂਪ ਵਿਚ ਪ੍ਰਗਟਾਇਆ ਗਿਆ ਹੈ :

ਕੇਸੀ ਕੰਸ ਮਥਨੁ ਜਿਨਿ ਕੀਆ॥
ਜੀਅ ਦਾਨੁ ਕਾਲੀ ਕਉ ਦੀਆ॥ ਪ੍ਰਣਵੈ ਨਾਮਾ ਐਸੋ ਹਰੀ॥...

(ਗੋਂਡ, ਨਾਮਦੇਵ, ਪੰਨਾ-874)

ਇਸ ਤਰ੍ਹਾਂ ਭਗਤ ਬਾਣੀਕਾਰਾਂ ਨੇ ਸ੍ਰੀ ਕ੍ਰਿਸ਼ਨ ਦੀਆਂ ਬਾਲ ਤੇ ਗੋਪੀਆਂ ਨਾਲ ਰਾਸ ਲੀਲਾਵਾਂ ਤੋਂ ਲੈ ਕੇ ਉਨ੍ਹਾਂ ਦੇ ਜੀਵਨ ਨਾਲ ਸਬੰਧਿਤ ਪੁਰਾਣਿਕ ਮਿਥਿਹਾਸ ਅਨੁਸਾਰ ਲੋਕ-ਜ਼ਿਹਨ

ਵਿਚ ਪ੍ਰਵਾਹਮਾਨ ਘਟਨਾਵਾਂ ਨੂੰ ਅਨੰਤ, ਅਲਖ ਹਰੀ ਦੇ ਗੁਣਾਂ, ਕਾਰਜਾਂ ਨੂੰ ਦ੍ਰਿੜਾਉਣ ਲਈ ਪੇਸ਼ ਕੀਤਾ ਹੈ। ਉਨ੍ਹਾਂ ਅਨੁਸਾਰ ਪ੍ਰਭੂ ਧਰਤੀ ਦੇ ਕਣ-ਕਣ ’ਤੇ ਆਪਣਾ ਹੁਕਮ ਵਰਤਾ ਰਿਹਾ ਹੋਣ ਕਾਰਨ ਮਥੁਰਾ, ਦੁਆਰਕਾ ਵਿਚ ਵੀ ਪ੍ਰੇਮਾ-ਭਗਤੀ ਦਾ ਉਪਦੇਸ਼ ਅਤੇ ਨੇਕੀ ਦੀ ਬਦੀ ਉੱਤੇ ਜਿੱਤ ਆਦਿ ਬਾਜੀਗਰੀ ਵਾਲੀ ਖੇਡ ਵਰਤਾ ਰਿਹਾ ਹੈ। ਰਾਮ, ਕ੍ਰਿਸ਼ਨ ਅਵਤਾਰ ਉਸਦੇ ਹੁਕਮ ਵਿਚ ਹੀ ਚੱਲਣ ਵਾਲੇ ਹਨ। ਦੇਵੀ-ਦੇਵਤੇ, ਕ੍ਰਿਸ਼ਨ, ਰਾਮ ਆਦਿ ਦੀ ਹਸਤੀ ਤੋਂ ਪ੍ਰਭੂ ਦੀ ਵੱਖਰੀ, ਉੱਚੀ ਹੋਂਦ ਨੂੰ ਉਹ ਜਗਤ ਦੇ ਮੂਲ ਨਾਲ ਜੋੜਦੇ ਹੋਏ ਕ੍ਰਿਸ਼ਨ ਦੇ ਪਿਤਾ ਨੰਦ ਦਾ ਬਹੁ ਜੂਨੀਆਂ ਵਿਚ ਭਟਕਣ ਤੋਂ ਬਾਅਦ ਮਨੁੱਖਾ ਜਨਮ ਲੈਣਾ ਤੇ ਫਿਰ ਉਸਦੇ ਘਰ ਆਪ ਭਗਵਾਨ ਕ੍ਰਿਸ਼ਨ ਦੇ ਅਵਤਾਰ ਧਾਰਨ ਦੀ ਮਿਥ ਨੂੰ ਤੋੜਦੇ ਹਨ। ਕਬੀਰ ਜੀ ਆਖਦੇ ਹਨ ਕਿ ਜੇ ਪ੍ਰਭੂ ਨੰਦ ਦੇ ਘਰ ਅਵਤਾਰ ਧਾਰ ਕੇ ਨੰਦ ਦਾ ਪੁੱਤਰ ਬਣਿਆ ਤਾਂ ਫਿਰ ਨੰਦ ਕਿਸਦਾ ਪੁੱਤਰ ਹੈ? ਭਾਵ ਜੇਕਰ ਪਿਉ ਦੇ ਪਿਉ ਨੂੰ ਲੱਭਣਾ ਹੋਵੇ ਤਾਂ ਅੰਤ ’ਤੇ ਅਸਲ ਪਿਤਾ ਭਗਵਾਨ ਹੀ ਹੋਵੇਗਾ ਕਿਉਂਕਿ ਜਦੋਂ ਨਾ ਧਰਤੀ, ਨਾ ਅਕਾਸ਼ ਆਦਿ ਭਾਵ ਜਗਤ ਦੀ ਰਚਨਾ ਨਹੀਂ ਸੀ ਹੋਈ ਤਦ ਇਹ ਨੰਦ ਕਿਥੇ ਸੀ? ਸੋ ਅਸਲ ਤੱਤ ਵਿਆਪਕ ਪ੍ਰਭੂ ਮਾਇਆ ਦੇ ਅਸਰ ਹੇਠ ਜੰਮਣ, ਮਰਨ ਤੋਂ ਪਰ੍ਹੇ ਅਜੂਨੀ ਹੈ ਜਿਸ ਦਾ ਨਾਮ ਨਿਰੰਜਨ ਹੈ :

> ਤੁਮ੍ ਜੁ ਕਹਤ ਹਉ ਨੰਦ ਕੋ ਨੰਦਨੁ ਨੰਦ ਸੁ ਨੰਦਨੁ ਕਾ ਕੋ ਰੇ॥
> ਧਰਨਿ ਅਕਾਸੁ ਦਸੋ ਦਿਸ ਨਾਹੀ ਤਬ ਇਹੁ ਨੰਦੁ ਕਹਾ ਥੋ ਰੇ॥੧॥ਰਹਾਉ॥
> ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ॥
> ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ॥੨॥੧੯॥੭੦॥

(ਗਉੜੀ, ਕਬੀਰ, ਪੰਨਾ-338, 339)

## ਪੁਰਾਣਿਕ ਘਟਨਾਵਾਂ

ਭਗਤ ਬਾਣੀਕਾਰਾਂ ਨੇ ਪੁਰਾਣਿਕ ਮਿਥਕ ਕਥਾਵਾਂ ਵਿਚੋਂ ਲੋਕ-ਮਨ ਵਿਚ ਨਿਰੰਤਰ ਪ੍ਰਵਾਹਮਾਨ ਘਟਨਾਵਾਂ ਨੂੰ ਵਿਸ਼ੇਸ਼ ਤੌਰ ਤੇ ਸੰਚਾਰ ਦਾ ਮਾਧਿਅਮ ਬਣਾਇਆ ਹੈ। ਇਨ੍ਹਾਂ ਵਿਚੋਂ ਸਭ ਤੋਂ ਪਹਿਲੀ ਵਿਸ਼ੇਸ਼ ਘਟਨਾ ਸਮੁੰਦਰ ਮੰਥਨ (ਰਿੜਕਨ) ਦੀ ਹੈ। ਮਸੇਰੇ ਭਰਾ ਦੇਵਤੇ ਅਤੇ ਦੈਂਤਾਂ ਦੁਆਰਾ ਅਮਰ ਪਦਵੀ ਪਾਉਣ ਵਾਸਤੇ ਸਮੁੰਦਰ ਰਿੜਕਨ ਦੌਰਾਨ 14 ਰਤਨ ਨਿਕਲੇ ਜਿਨ੍ਹਾਂ ਵਿਚੋਂ ਭਗਤ ਬਾਣੀ ਵਿਚ ਵਿਸ਼, ਲੱਛਮੀ, ਚੰਦ, ਕਾਮਧੇਨ ਗਊ, ਕਲਪ ਰੁੱਖ, ਚਿੰਤਮਣਿ, ਸੱਤ ਮੂੰਹਾ-ਘੋੜਾ, ਧਨੰਤ੍ਰੀ ਵੈਦ ਅਤੇ ਅੰਮ੍ਰਿਤ ਆਦਿ ਦਾ ਜ਼ਿਕਰ ਮਿਲਦਾ ਹੈ। ਭਗਤ ਬਾਣੀਕਾਰਾਂ ਨੇ ਸਮੁੰਦਰ ਰਿੜਕਨ ਦੇ ਕਾਰਜ ਨੂੰ ਜਿੱਥੇ ਪ੍ਰਭੂ-ਨਾਮ ਨੂੰ ਵੀਚਾਰਨ ਤੇ ਸਦੀਵੀ ਅਨੰਦਮਈ ਅੰਮ੍ਰਿਤ ਪ੍ਰਾਪਤੀ ਵੱਲ ਮੋੜਿਆ, ਉਥੇ ਉਹ ਸਮੁੰਦਰ ਦੇ ਖਾਰੇਪਣ ’ਤੇ ਵਿਅੰਗ ਵੀ ਕਰਦੇ ਹਨ। ਸਮੁੰਦਰ ਦੇ

ਖਾਰੇ ਹੋਣ ਪਿੱਛੇ ਵੀ ਮਿਥਕ ਕਥਾਵਾਂ ਮਿਲਦੀਆਂ ਹਨ। ਇਕ ਕਥਾ ਅਨੁਸਾਰ "ਟਟੀਹਰੀ ਦੇ ਬੱਚਿਆਂ ਨੂੰ ਰੋੜ੍ਹ ਲੈ ਜਾਣ ਦੇ ਅਪਰਾਧ ਵਿਚ ਸਮੁੰਦਰ ਅੱਜ ਤਕ ਖਾਰਾ ਚਲਿਆ ਆਉਂਦਾ ਹੈ।"[55] ਦੂਸਰੀ ਕਥਾ ਅਨੁਸਾਰ "ਜਦੋਂ ਅਗਸਤ ਮੁਨੀ ਨੂੰ ਰਸਤਾ ਨਾ ਦੇਣ ਤੇ ਉਸਨੇ ਸਾਰਾ ਸਮੁੰਦਰ ਡੀਕ ਲਿਆ ਤਾਂ ਇੰਦਰ ਅਤੇ ਹੋਰ ਦੇਵਤਿਆਂ ਨੇ ਸਮੁੰਦਰ ਦੀ ਖ਼ਲਾਸੀ ਲਈ ਬੇਨਤੀ ਕੀਤੀ ਹੈ। ਉਨ੍ਹਾਂ ਦੀ ਗੱਲ ਮੰਨ ਕੇ ਮੁਨੀ ਨੇ ਸਮੁੰਦਰ ਦੇ ਜਲ ਨੂੰ ਮੂਤ੍ਰ ਰੂਪ ਵਿਚ ਬਾਹਰ ਕੱਢਿਆ। ਉਸ ਦਿਨ ਤੋਂ ਇਸ ਦਾ ਜਲ ਖਾਰਾ ਹੋ ਗਿਆ ਹੈ।"[56] ਭਗਤ ਤ੍ਰਿਲੋਚਨ ਜੀ ਵਿਅੰਗ ਕਰਦੇ ਆਖਦੇ ਹਨ ਕਿ ਜਿਸ ਸਮੁੰਦਰ ਵਿਚ ਏਨੇ ਕੀਮਤੀ ਚੌਦਾਂ ਰਤਨ ਨਿਕਲੇ ਹੋਣ, ਜਿਸ ਵਿਚ ਵਿਸ਼ਨੂੰ ਦਾ ਨਿਵਾਸ ਵੀ ਕਿਹਾ ਜਾਂਦਾ ਹੈ ਪਰ ਫਿਰ ਵੀ ਵਿਸ਼ਨੂੰ, ਕਾਮਧੇਨ, ਕਲਪ ਰੁੱਖ ਆਦਿ ਸਭ ਇੱਛਾਵਾਂ ਪੂਰੀਆਂ ਕਰਨ ਵਾਲੇ ਸਮੁੰਦਰ ਦੇ ਖਾਰੇਪਣ ਨੂੰ ਦੂਰ ਨਹੀਂ ਕਰ ਸਕੇ :

ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ॥
ਕਰਮ ਕਰਿ ਖਾਰੁ ਮਫੀਟਸਿ ਰੀ॥੪॥

(ਧਨਾਸਰੀ, ਤ੍ਰਿਲੋਚਨ, ਪੰਨਾ-695)

**ਚੰਦ੍ਰਮਾ ਦਾ ਦਾਗ :** ਗੌਤਮ ਨੂੰ ਜਲਦੀ ਜਗਾਉਣ ਅਤੇ ਇਸ਼ਨਾਨ ਕਰਨ ਵਾਸਤੇ ਨਦੀ ਵਲ ਭੇਜਣ ਲਈ ਚੰਦ੍ਰਮਾ ਨੇ ਮੁਰਗੇ ਦਾ ਰੂਪ ਧਾਰ ਕੇ ਅੱਧੀ ਰਾਤ ਵੇਲੇ ਹੀ ਬਾਂਗ ਦੇ ਦਿੱਤੀ। ਇਸ਼ਨਾਨ ਕਰਨ ਉਪਰੰਤ ਜਦ ਗੌਤਮ ਆਪਣੇ ਨਿਵਾਸ ਵਲ ਪਰਤਿਆ ਤਾਂ ਉਸ ਨੂੰ ਵਾਸਤਵਿਕਤਾ ਦਾ ਪਤਾ ਲਗਿਆ। ਉਸਨੇ ਤਿੰਨਾਂ ਨੂੰ ਸਰਾਪ ਦਿੱਤਾ। ਅਹਿਲਿਆ ਸਿਲ ਬਣੀ। ਇੰਦਰ ਦੇ ਸਰੀਰ ਤੇ ਇਕ ਹਜ਼ਾਰ ਭਗ-ਚਿੰਨ ਬਣੇ ਅਤੇ 'ਚੰਦ੍ਰਮਾ' ਉਤੇ ਸਥਾਈ ਕਲੰਕ ਲਗ ਗਿਆ।"[57]

ਭਗਤ ਤ੍ਰਿਲੋਚਨ ਜੀ ਚੰਦ੍ਰਮਾ ਦੇ ਇਸ ਦਾਗ਼ ਸਬੰਧੀ ਵਿਅੰਗ ਕਰਦੇ ਆਖਦੇ ਹਨ ਕਿ ਭਾਵੇਂ ਚੰਦ੍ਰਮਾ ਸ਼ਿਵ ਦੇ ਮੱਥੇ ਉੱਤੇ ਵਸਦਾ ਹੈ ਤੇ ਨਿੱਤ ਸ਼ਿਵ ਦੇ ਜੂੜੇ 'ਚੋਂ ਨਿਕਲਦੀ ਸੁਰਸਰੀ (ਗੰਗਾ) ਵਿਚ ਇਸ਼ਨਾਨ ਕਰਦਾ ਹੈ ਅਤੇ ਉਸਦੀ ਕੁਲ ਵਿਚ ਹੀ ਵਿਸ਼ਨੂੰ ਦੇ ਅਵਤਾਰ ਨੇ ਜਨਮ ਲਿਆ, ਪਰ ਉਸਦੇ ਕੀਤੇ ਕਰਮਾਂ ਕਾਰਨ ਉਸ ਦਾ ਕਲੰਕ (ਦਾਗ) ਨਹੀਂ ਮਿਟ ਸਕਿਆ :

ਸੰਕਰਾ ਮਸਤਕਿ ਬਸਤਾ ਸੁਰਸਰੀ ਇਸਨਾਨ ਰੇ॥
ਕੁਲ ਜਨ ਮਧੇ ਮਿਲ੍ਯ੍ਯੋ ਸਾਰਗ ਪਾਨ ਰੇ॥

(ਧਨਾਸਰੀ, ਤ੍ਰਿਲੋਚਨ, ਪੰਨਾ-695)

**ਅਰੁਣ ਦਾ ਪਿੰਗਲਾਪਨ :** ਪੌਰਾਣਿਕ ਅਖਿਆਨ ਅਨੁਸਾਰ ਅਰੁਣ ਸੂਰਜ ਦਾ ਰਥਵਾਨ ਮੰਨਿਆ ਜਾਂਦਾ ਹੈ। ਇਹ ਵਿਨਤਾ ਦੇ ਉਦਰ ਤੋਂ ਕਸ਼ਯਪ ਦਾ ਪੁਤ੍ਰ, ਗਰੁੜ ਦਾ ਵਡਾ ਭਾਈ ਹੈ। ਇਹ ਕਮਰ ਤੋਂ ਹੇਠਲਾ ਹਿੱਸਾ ਨਹੀਂ ਰੱਖਦਾ, ਪਿੰਗਲਾ ਹੈ,ਕਿਉਂਕਿ ਇਸ ਦੀ ਮਾਤਾ ਨੇ ਛੇਤੀ ਪੁਤ੍ਰ ਦੇਖਣ ਦੀ

ਚਾਹ ਨਾਲ ਕੱਚਾ ਅੰਡਾ ਹੀ ਭੰਨ ਦਿੱਤਾ ਸੀ। ਇਸੇ ਲਈ ਇਸਨੂੰ 'ਅਨੂਰ' ਵੀ ਆਖਦੇ ਹਨ। ਪੁਰਾਣਾਂ ਵਿਚ ਇਸ ਦਾ ਰੰਗ ਬਹੁਤ ਲਾਲ ਦੱਸਿਆ ਹੈ ਅਤੇ ਲਿਖਿਆ ਹੈ ਕਿ ਸੂਰਜ ਚੜ੍ਹਨ ਤੋਂ ਪਹਿਲਾਂ ਜੋ ਲਾਲੀ ਹੁੰਦੀ ਹੈ, ਉਹ ਇਸੇ ਦੀ ਸੁਰਖੀ ਝਲਕਦੀ ਹੈ।[58]

ਭਗਤ ਤ੍ਰਿਲੋਚਨ ਜੀ ਅਨੁਸਾਰ ਭਾਵੇਂ ਸਾਰੇ ਜਗਤ ਨੂੰ ਚਾਨਣ ਦੇਣ ਵਾਲਾ ਸੂਰਜ ਅਰੁਣ ਦਾ ਸੁਆਮੀ ਹੈ (ਭਾਵ ਅਰੁਣ ਸੂਰਜ ਦਾ ਰਥਵਾਨ ਹੈ) ਅਤੇ ਪੰਛੀਆਂ ਦੇ ਰਾਜੇ ਗਰੁੜ ਦਾ ਭਰਾ ਹੈ, ਪਰ ਆਪਣੇ ਕੀਤੇ ਕਰਮਾਂ ਕਰਕੇ (ਬੀਂਡੇ ਦੀਆ ਟੰਗਾਂ ਭੰਨਣ ਕਾਰਨ) ਪਿੰਗਲਾ ਹੀ ਰਿਹਾ :

ਬਿਸ੍ਵ ਦਾ ਦੀਪਕੁ ਸ੍ਵਾਮੀ ਤਾ ਚੇ ਰੇ ਸੁਆਰਥੀ<br>
ਪੰਖੀ ਰਾਇ ਗਰੁੜ ਤਾ ਚੇ ਬਾਧਵਾ॥<br>
ਕਰਮ ਕਰਿ ਅਰੁਣ ਪਿੰਗੁਲਾ ਰੀ॥੨॥

(ਧਨਾਸਰੀ, ਤ੍ਰਿਲੋਚਨ, ਪੰਨਾ-695)

**ਸ਼ਿਵ ਦੁਆਰਾ ਬ੍ਰਹਮਾ ਦਾ ਸਿਰ ਕੱਟਣਾ :** ਜਦੋਂ ਬ੍ਰਹਮਾ ਆਪਣੀ ਲੜਕੀ 'ਤੇ ਮੋਹਿਤ ਹੋ ਗਿਆ ਤਾਂ ਲੜਕੀ ਵੱਲ ਏਧਰ ਓਧਰ ਦੇਖਦਿਆਂ ਉਸਦੇ ਪੰਜ ਸਿਰ ਹੋ ਗਏ (ਕਿਤੇ ਚਾਰ ਵੀ ਲਿਖਿਆ ਹੈ) ਤਾਂ ਸ਼ਿਵ ਨੇ ਕ੍ਰੋਧ ਵਿਚ ਉਸਦਾ ਇਕ ਸਿਰ ਕੱਟ ਦਿੱਤਾ ਤੇ ਇਹ ਸਿਰ ਸ਼ਿਵ ਦੁਆਰਾ ਕਈ ਤੀਰਥਾਂ ਦੇ ਭ੍ਰਮਣ ਨਾਲ ਵੀ ਉਸਦੇ ਹੱਥ ਨਾਲੋਂ ਨਾ ਲਿਹਾ। ਭਗਤ ਤ੍ਰਿਲੋਚਨ ਜੀ ਦੇਵਤਿਆਂ ਦੇ ਪੂਜਨ ਵਿਚ ਅਵਿਸ਼ਵਾਸ ਪ੍ਰਗਟ ਕਰਦੇ ਵਿਅੰਗ ਕੱਸਦੇ ਹਨ ਕਿ ਜੋ ਸ਼ਿਵ ਆਪ ਏਨੇ ਦੁੱਖ ਹਰਨ ਵਾਲਾ ਦੱਸੀਦਾ ਹੈ ਉਹ ਆਪਣੇ ਹੱਥ ਨਾਲ ਚਿੰਬੜਿਆ ਬ੍ਰਹਮਾ ਦਾ ਸਿਰ ਤਾਂ ਹਟਾ ਨਹੀਂ ਸਕਿਆ ਫਿਰ ਉਹ ਹੋਰਾਂ ਦੇ ਦੁੱਖ ਕਿੰਝ ਦੂਰ ਕਰੇਗਾ :

ਅਨਿਕ ਪਾਤਿਕ ਹਰਤਾ ਤ੍ਰਿਭਵਣ ਨਾਥ ਰੀ ਤੀਰਥਿ ਤੀਰਥਿ ਭ੍ਰਮਤਾ ਲਹੈ ਨ ਪਾਰੁ ਰੀ॥<br>
ਕਰਮ ਕਰਿ ਕਪਾਲੁ ਮਫੀਟਸਿ ਰੀ॥੩॥

(ਧਨਾਸਰੀ, ਤ੍ਰਿਲੋਚਨ, ਪੰਨਾ-695)

## ਮੁਕਤੀ-ਪ੍ਰਾਪਤ ਪ੍ਰਭੂ-ਭਗਤਾਂ ਦੇ ਪ੍ਰਸੰਗ

ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਨਾਮ, ਸਿਮਰਨ, ਭਗਤੀ ਦੇ ਮਹੱਤਵ ਨੂੰ ਦ੍ਰਿੜਾਉਣ ਲਈ ਪੁਰਾਣਿਕ ਕਥਾਵਾਂ ਵਿਚੋਂ ਜ਼ਿਕਰਯੋਗ ਪ੍ਰਭੂ-ਭਗਤਾਂ ਦੇ ਕਥਾ ਪ੍ਰਸੰਗ ਵੀ ਪੇਸ਼ ਕੀਤੇ ਹਨ। ਬਾਣੀਕਾਰਾਂ ਨੇ ਆਮ ਲੋਕਾਈ ਅੱਗੇ ਪ੍ਰਭੁ-ਮਾਰਗ ਨੂੰ ਬੜਾ ਸਰਲ, ਸਹਿਜ ਦਰਸਾਉਣ ਲਈ ਉਨ੍ਹਾਂ ਮਿਥਿਹਾਸਕ ਪਾਤਰਾਂ ਦੇ ਸੁਭਾਅ ਨੂੰ ਉਘਾੜਿਆ ਹੈ ਜਿਨ੍ਹਾਂ ਦੇ ਪਾਪਾਂ ਦੇ ਮੁਕਾਬਲੇ ਪੁੰਨ-ਕਰਮ ਬਹੁਤ ਘੱਟ ਸਨ ਪਰ ਫਿਰ ਵੀ ਸੱਚੇ ਮਨ ਨਾਲ ਹਰੀ-ਜਾਪ ਕਰ ਲੈਣ ਅਤੇ ਜੀਵਨ ਵਿਚ ਇਕ ਅੱਧ ਚੰਗਾ

ਕਰਮ ਕਰ ਲੈਣ 'ਤੇ ਉਨ੍ਹਾਂ ਨੇ ਆਪਣੇ ਸਿਰ 'ਤੇ ਪਈ ਬਿਪਤਾ ਤੋਂ ਮੁਕਤੀ ਪ੍ਰਾਪਤ ਕੀਤੀ। ਭਗਤ ਬਾਣੀ ਵਿਚ ਆਏ ਇਨ੍ਹਾਂ ਭਗਤਾਂ ਬਾਰੇ ਜਾਣਕਾਰੀ ਇਸ ਪ੍ਰਕਾਰ ਹੈ :

**ਗਨਿਕਾ :** ਗਨਿਕਾ ਇਕ ਵੇਸ਼ਵਾ ਸੀ। ਇਕ ਰਾਤ ਉਸਦੇ ਘਰ ਕੁੱਝ ਮਹਾਤਮਾ ਪੁਰਸ਼ ਠਹਿਰੇ ਜਿਨ੍ਹਾਂ ਦੀ ਉਸਨੇ ਖੂਬ ਆਦਰ-ਮਾਣ ਤੇ ਸੇਵਾ ਕੀਤੀ। ਜਾਂਦੇ ਸਮੇਂ ਉਹ ਮਹਾਤਮਾ ਗਨਿਕਾ ਨੂੰ ਇਕ ਤੋਤਾ ਦਿੰਦੇ ਹੋਏ ਹਰ ਰੋਜ਼ ਤੋਤੇ ਨੂੰ ਰਾਮ ਦਾ ਨਾਂ ਪੜ੍ਹਾਉਣ ਲਈ ਆਖ ਗਏ। ਮਹਾਤਮਾਵਾਂ ਦੀ ਗੱਲ ਮੰਨਕੇ ਉਹ ਤੋਤੇ ਨੂੰ ਰਾਮ-ਨਾਮ ਪੜ੍ਹਾਉਂਦੇ-ਪੜ੍ਹਾਉਂਦੇ ਆਪ ਇਸ ਸੰਸਾਰ ਸਾਗਰ ਤੋਂ ਮੁਕਤ ਹੋ ਗਈ ਜਿਸ ਨੂੰ ਭਗਤ ਨਾਮਦੇਵ ਜੀ ਉਦਾਹਰਨ ਵਜੋਂ ਇਸ ਤਰ੍ਹਾਂ ਪੇਸ਼ ਕਰਦੇ ਹਨ :

ਸੂਆ ਪੜਾਵਤ ਗਨਿਕਾ ਤਰੀ॥ ਸੋ ਹਰਿ ਨੈਨਹੁ ਕੀ ਪੁਤਰੀ॥...

(ਗੋਂਡ, ਨਾਮਦੇਵ, ਪੰਨਾ-874)

**ਕੁਬਿਜਾ :** ਕੁਬਿਜਾ ਕੰਸ ਦੀ ਇਕ ਦਾਸੀ ਸੀ। ਸ਼ਕਲ ਦੀ ਸੁੰਦਰ ਸੀ ਪਰ ਲੱਕ ਦਾ ਕੁੱਬ ਨਿਕਲਿਆ ਹੋਇਆ ਸੀ। ਉਹ ਕੰਸ ਵਾਸਤੇ ਸੁਗੰਧੀ ਵਾਲਾ ਲੇਪ ਲਈ ਜਾ ਰਹੀ ਸੀ। ਕ੍ਰਿਸ਼ਨ ਨੇ ਉਸ ਤੋਂ ਲੇਪ ਮੰਗਿਆ। ਉਹਨੇ ਖੁਸ਼ੀ ਨਾਲ ਦੇ ਦਿੱਤਾ। ਕ੍ਰਿਸ਼ਨ ਨੇ ਖੁਸ਼ ਹੋ ਕੇ ਉਸ ਦੇ ਪੈਰ ਉੱਤੇ ਪੈਰ ਧਰ ਕੇ ਤੇ ਠੋਡੀ ਤੋਂ ਫੜਕੇ ਉਤਾਂਹ ਚੁੱਕਿਆ ਤਾਂ ਉਸਦਾ ਕੁੱਬ ਸਿੱਧਾ ਹੋ ਗਿਆ। ਇਸ ਦਇਆ ਕਾਰਨ ਉਹ ਕ੍ਰਿਸ਼ਨ ਦੀ ਉਪਾਸਕ ਬਣ ਗਈ।[59] ਭਗਤ ਬਾਣੀਕਾਰਾਂ ਨੇ ਪ੍ਰਭੂ-ਪ੍ਰੇਮ ਤੇ ਪ੍ਰਭੂ ਵਿਚ ਸ਼ਰਧਾ ਰੱਖਣ ਵਾਲੇ ਭਗਤਾਂ ਵਿਚ ਕੁਬਿਜਾ ਦਾ ਵਿਸ਼ੇਸ਼ ਜ਼ਿਕਰ ਕੀਤਾ ਹੈ :

ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ॥...

(ਗਉੜੀ, ਨਾਮਦੇਵ, ਪੰਨਾ-345)

**ਵਿਆਧ (ਬਿਆਧਿ) :** ਵਿਆਧ ਉਹ ਸ਼ਿਕਾਰੀ ਸੀ ਜਿਸ ਨੇ ਜੰਗਲ ਵਿਚ ਬਿਰਛ ਹੇਠਾਂ ਲੇਟੇ ਸ੍ਰੀ ਕ੍ਰਿਸ਼ਨ ਦੇ ਪੈਰ ਵਿਚ ਪਦਮ ਨਿਸਾਨ ਵੇਖ ਕੇ ਹਿਰਨ ਦੀ ਅੱਖ ਦੇ ਭੁਲੇਖੇ ਤੀਰ ਮਾਰ ਦਿੱਤਾ ਸੀ। ਤੀਰ ਦਾ ਇਹੀ ਨਿਸ਼ਾਨਾ ਸ੍ਰੀ ਕ੍ਰਿਸ਼ਨ ਦੀ ਮੌਤ ਦਾ ਕਾਰਨ ਬਣਿਆ ਸੀ ਤਾਂ ਵੀ ਨੇੜੇ ਆਉਣ ਤੇ ਜਦੋਂ ਉਸਨੇ ਆਪਣੀ ਗ਼ਲਤੀ ਤੇ ਪਛਤਾਵਾ ਕੀਤਾ, ਸ੍ਰੀ ਕ੍ਰਿਸ਼ਨ ਤੋਂ ਖਿਮਾ ਮੰਗੀ ਤਾਂ ਉਸ ਨੂੰ ਮੁਆਫ਼ ਕਰ ਦਿੱਤਾ ਗਿਆ ਜਿਸ ਨਾਲ ਉਹ ਮੁਕਤ ਹੋ ਗਿਆ। ਇਸ ਬਾਰੇ ਭਗਤ ਨਾਮਦੇਵ ਸੰਕੇਤ ਮਾਤਰ ਹੀ ਵਿਆਧ ਦੀ ਮੁਕਤੀ ਪ੍ਰਾਪਤੀ ਬਾਰੇ ਲਿਖਦੇ ਹਨ :

ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ॥...

(ਗਉੜੀ, ਨਾਮਦੇਵ ਜੀ, ਪੰਨਾ-345)

**ਅਜਾਮਲ :** ਇਹ ਕਨੌਜ ਦਾ ਇਕ ਬ੍ਰਾਹਮਣ ਸੀ ਜਿਸ ਨੇ ਇਕ ਵੇਸ਼ਵਾ ਨਾਲ ਵਿਆਹ ਕਰਾਇਆ। ਵੇਸ਼ਵਾ ਦੀ ਸੰਗਤ ਕਾਰਨ ਉਹ ਸ਼ਰਾਬੀ, ਕਬਾਬੀ ਹੋ ਚੁੱਕਿਆ ਸੀ। 10 ਪੁੱਤਰਾਂ (ਕਿਤੇ ਪੰਜ ਪੁੱਤਰ

ਲਿਖਿਆ ਹੈ) ਤੋਂ ਬਾਅਦ ਜਦੋਂ ਉਸਦੀ ਵੇਸ਼ਵਾ ਪਤਨੀ ਗਰਭਵਤੀ ਹੋਈ ਤਾਂ ਰਸਤੇ ਲੰਘਦਿਆਂ ਇਕ ਮਹਾਤਮਾ ਪੁਰਸ਼ ਉਸਦੇ ਘਰ ਠਹਿਰਿਆ ਜਿਸਦੀ ਉਸਨੇ (ਅਜਾਮਲ) ਨੇ ਸੱਚੇ ਮਨ ਨਾਲ ਸੇਵਾ ਕੀਤੀ। ਮਹਾਤਮਾ ਖੁਸ਼ ਹੋ ਕੇ ਅਜਾਮਲ ਨੂੰ ਲੜਕਾ ਹੋਣ ਅਤੇ ਲੜਕੇ ਦਾ ਨਾਮ ਨਾਰਾਇਣ ਰੱਖਣ ਲਈ ਕਹਿ ਗਿਆ। ਅੰਤ ਸਮੇਂ ਜਦੋਂ ਉਸਨੇ 'ਨਾਰਾਇਣ (ਆਪਣੇ ਪੁੱਤਰ) ਨੂੰ ਪੁਕਾਰਿਆ ਤਾਂ ਉਹ ਮੁਕਤ ਹੋ ਕੇ ਸਵਰਗ ਨੂੰ ਗਿਆ। ਭਗਤ ਬਾਣੀ ਵਿਚ ਅਜਾਮਲ ਦੀ ਮੁਕਤੀ ਦਾ ਪ੍ਰਸੰਗ ਵੀ ਸੰਕੇਤ ਰੂਪ ਵਿਚ ਕਈ ਵਾਰੀ ਕੀਤਾ ਗਿਆ ਹੈ :

ਅਜਾਮਲੁ ਪਿੰਗਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ॥

(ਕੇਦਾਰਾ, ਰਵਿਦਾਸ, ਪੰਨਾ-1124)

**ਅੰਬਰੀਕ** : ਅੰਬਰੀਕ ਸੂਰਜਬੰਸੀ ਰਾਜਾ ਸੀ। "ਕੱਤਕ ਦੀ ਦ੍ਵਾਦਸੀ ਨੂੰ ਰਾਜਾ ਅੰਬਰੀਕ ਏਕਾਦਸ਼ੀ ਦਾ ਵਤ੍ਰ ਉਪਾਰਣ ਨੂੰ ਤਿਆਰ ਸੀ, ਇਤਨੇ ਵਿਚ ਦੁਰਵਾਸ਼ਾ ਰਿਖੀ ਆਇਆ। ਰਾਜਾ ਨੇ ਦੁਰਵਾਸਾ ਨੂੰ ਭੋਜਨ ਛਕਣ ਲਈ ਆਖਿਆ ਤਾਂ ਦੁਰਵਾਸਾ ਇਸ਼ਨਾਨ ਕਰ ਆਉਣ ਤੋਂ ਬਾਅਦ ਭੋਜਨ ਛਕਣ ਲਈ ਕਹਿਕੇ ਚਲਾ ਗਿਆ ਤੇ ਬਹੁਤ ਚਿਰ ਤੀਕ ਨਾ ਮੁੜਿਆ। ਰਾਜੇ ਨੇ ਪ੍ਰੋਹਿਤ ਦੇ ਕਹਿਣ 'ਤੇ ਵਰਤ ਤੋੜ ਲਿਆ। ਦੁਰਵਾਸਾ ਇਸ ਗੱਲ ਤੇ ਨਾਰਾਜ਼ ਹੋਇਆ ਤੇ ਉਸਨੇ ਆਪਣੀ ਜਟਾ ਪੁੱਟ ਕੇ ਇਕ ਤੇਜਪੁੰਜ ਪੁਰਖ ਪੈਦਾ ਕਰਕੇ ਅੰਬਰੀਕ ਨੂੰ ਮਰਵਾਉਣਾ ਚਾਹਿਆ, ਪਰ ਵਿਸ਼ਨੂੰ ਨੇ ਸੁਦਰਸ਼ਨ ਚਕ੍ਰ ਰਾਜੇ ਦੀ ਰਖਯਾ ਲਈ ਭੇਜਿਆ। ਜਿਸ ਨੇ ਤੇਜਪੁੰਜ ਪੁਰਸ਼ ਨੂੰ ਮਾਰ ਦਿੱਤਾ ਤੇ ਉਹ ਚੱਕ੍ਰ ਦੁਰਵਾਸਾ ਦਾ ਪਿੱਛਾ ਕਰਨ ਲੱਗਾ। ਜਦ ਕਿਸੇ ਲੋਕ ਵਿਚ ਵੀ ਦੁਰਵਾਸਾ ਦਾ ਬਚਾਉ ਨਾ ਹੋਇਆ ਤਦ ਉਸਨੇ ਹਾਰ ਕੇ ਅੰਬਰੀਕ ਦੀ ਸ਼ਰਨ ਲਈ ਜਿਸ 'ਤੇ ਰਾਜੇ ਨੇ ਸੁਦਰਸ਼ਨ ਚਕ੍ਰ ਤੋਂ ਰਿਖੀ ਨੂੰ ਬਚਾਇਆ।"[60] ਭਗਤ ਬਾਣੀ ਵਿਚ ਅੰਬਰੀਕ ਭਗਤ ਨੂੰ ਮਿਲੀ ਨਿਰਭੈਅ ਪਦਵੀ ਦੀ ਪ੍ਰਾਪਤੀ ਬਾਰੇ ਇਸ ਤਰ੍ਹਾਂ ਜ਼ਿਕਰ ਮਿਲਦਾ ਹੈ :

ਅੰਬਰੀਕ ਕਉ ਦੀਓ ਅਭੈ ਪਦੁ ਰਾਜੁ ਭਭੀਖਨ ਅਧਿਕ ਕਰਿਓ॥...

(ਮਾਰੂ, ਨਾਮਦੇਵ, ਪੰਨਾ-1105)

**ਬਿਦਰ** : ਬਿਦਰ, ਰਾਜਾ ਵਿਚਿਤ੍ਰਵੀਰਯ ਦੀ ਦਾਸੀ ਸੁਦੇਸਨਾ ਦੇ ਉਦਰ ਤੋਂ ਵੇਦ ਵਿਆਸ ਦਾ ਪੁਤ੍ਰ ਸੀ। ਇਹ ਵੱਡਾਗੁਣੀ, ਨੀਤਿਵੇੱਤਾ, ਈਸ਼ਵਰਭਗਤ ਅਤੇ ਸਤਯਵਕਤਾ ਸੀ। ਇਹ ਕੌਰਵਾਂ ਅਤੇ ਪਾਂਡਵਾਂ ਨੂੰ ਸਦਾ ਸ਼ੁਭ ਸਿਖਿਆ ਦਿੰਦਾ ਰਿਹਾ। ਮਹਾਭਾਰਤ ਦੇ ਯੁੱਧ ਸਮੇਂ ਇਹ ਕੌਰਵਾਂ ਵੱਲ ਸੀ, ਇਸਦੇ ਸਦਾਚਾਰ ਪੁਰ ਮੋਹਿਤ ਹੋ ਕੇ ਸ੍ਰੀ ਕ੍ਰਿਸ਼ਨ ਰਾਜਾ ਦੁਰਜੋਧਨ ਦਾ ਘਰ ਛੱਡਕੇ ਇਸ ਦੇ ਘਰ ਰਹੇ ਸਨ। ਭਗਤ ਬਾਣੀ ਵਿਚ ਦੁਰਜੋਧਨ ਦੇ ਇਸ ਮਾਣ ਨੂੰ ਤੋੜਕੇ ਭਗਵਾਨ ਕ੍ਰਿਸ਼ਨ ਦੁਆਰਾ

ਦੁਰਜੋਧਨ ਦੇ ਦੁੱਧ ਦੀ ਬਜਾਏ ਬਿਦਰ ਦੇ ਪਾਣੀ ਨੂੰ ਅੰਮ੍ਰਿਤ ਸਮਾਨ ਸਮਝਣ, ਬਿਦਰ ਦੁਆਰਾ ਪੇਸ਼ ਕੀਤੇ ਸਾਗ ਨੂੰ ਖੀਰ ਸਮਾਨ ਸਮਝਣ ਅਤੇ ਉਸਦੇ ਘਰ ਪ੍ਰਭੂ-ਗੁਣ ਗਾਉਂਦਿਆਂ ਰਾਤ ਬਿਤਾਉਣ ਦੀ ਸੰਖੇਪ ਕਥਾ ਦਾ ਜ਼ਿਕਰ ਹੈ :

ਤੁਮਰੋ ਦੂਧ ਬਿਦਰ ਕੋ ਪਾਨੋ ਅੰਮ੍ਰਿਤੁ ਕਰਿ ਮੈ ਮਨਿਆ॥੧॥
ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ॥
ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ॥੨॥੯॥

(ਮਾਰੂ, ਕਬੀਰ, ਪੰਨਾ-1105)

**ਸੁਦਾਮਾ :** ਸੁਦਾਮਾ ਇਕ ਗ਼ਰੀਬ ਬ੍ਰਾਹਮਣ ਸੀ ਜੋ ਬਚਪਨ ਵਿਚ ਕ੍ਰਿਸ਼ਨ ਜੀ ਦਾ ਜਮਾਤੀ ਤੇ ਗੂੜ੍ਹਾ ਮਿੱਤਰ ਸੀ। ਇਸਤਰੀ ਦਾ ਪ੍ਰੇਰਿਆ ਉਹ ਸ੍ਰੀ ਕ੍ਰਿਸ਼ਨ ਨੂੰ ਮਿਲਣ ਦਵਾਰਕਾ ਗਿਆ। ਕ੍ਰਿਸ਼ਨ ਜੀ ਨੇ ਉਸ ਦਾ ਆਦਰ ਕੀਤਾ ਤੇ ਸਭ ਗ਼ਰੀਬੀ ਦੂਰ ਕਰ ਦਿੱਤੀ।[61] ਭਗਤ ਬਾਣੀ ਵਿਚ ਸੁਦਾਮਾ ਉੱਪਰ ਹੋਈ ਪ੍ਰਭੂ ਦੀ ਅਪਾਰ ਕਿਰਪਾ ਵੱਲ ਇਸ ਤਰ੍ਹਾਂ ਸੰਕੇਤ ਕੀਤਾ ਮਿਲਦਾ ਹੈ :

ਜੈਦੇਉ ਨਾਮਾ ਬਿਪ ਸੁਦਾਮਾ ਤਿਨ ਕਉ ਕ੍ਰਿਪਾ ਭਈ ਹੈ ਅਪਾਰ॥
ਕਹਿ ਕਬੀਰ ਤੁਮ ਸੰਮ੍ਰਥ ਦਾਤੇ ਚਾਰਿ ਪਦਾਰਥ ਦੇਨ ਨ ਬਾਰ॥੨॥੭॥

(ਬਿਲਾਵਲੁ, ਕਬੀਰ, ਪੰਨਾ-856)

**ਬਲਿ :** ਬਲਿ ਰਾਜਾ ਬਹੁਤ ਨੇਕ ਅਤੇ ਧਰਮਾਤਮਾ ਵਾਲੇ ਗੁਣਾਂ ਦਾ ਧਾਰਨੀ ਸੀ। "ਇਹ ਪ੍ਰਹਲਾਦ ਦਾ ਪੋਤਾ ਵਿਰੋਚਨ ਦਾ ਪੁਤ੍ਰ ਸੀ ਜੋ ਵਿੰਧਯਾਵਲੀ ਦੇ ਉਦਰ ਤੋਂ ਪੈਦਾ ਹੋਇਆ। ਇਹ ਐਸਾ ਪ੍ਰਤਾਪੀ ਸੀ ਕਿ ਇੰਦ੍ਰ ਨੂੰ ਜਿੱਤਕੇ ਤਿੰਨ ਲੋਕਾਂ ਵਿਚ ਇਸ ਨੇ ਆਪਣਾ ਰਾਜ ਥਾਪਿਆ। ਦੇਵਤਿਆਂ ਦੇ ਆਖੇ ਵਿਸ਼ਨੂੰ ਨੇ ਬਲਿ ਨੂੰ ਛਲਣ ਲਈ ਵਾਮਨ ਅਵਤਾਰ ਧਾਰਿਆ ਅਰ ਬਲਿ ਤੋਂ ਢਾਈ ਅਥਵਾ ਤਿੰਨ ਕਦਮ ਜ਼ਮੀਨ ਮੰਗੀ। ਰਾਜਾ ਬਲਿ ਨੇ ਗੁਰੂ 'ਸ਼ੁਕਰ' ਦੇ ਵਰਜਣ 'ਤੇ ਵੀ ਜ਼ਮੀਨ ਦੇਣ ਦਾ ਸੰਕਲਪ ਵਾਮਨ ਨੂੰ ਦੇ ਦਿੱਤਾ। ਵਾਮਨ ਨੇ ਆਪਣਾ ਸ਼ਰੀਰ ਵਧਾ ਕੇ ਦੋ ਕਦਮ ਨਾਲ ਪ੍ਰਿਥਵੀ ਅਤੇ ਆਕਾਸ਼ ਮਿਣ ਲਏ, ਤੀਜੇ ਕਦਮ ਵਿਚ ਬਲਿ ਦਾ ਸਰੀਰ ਲੈ ਲਿਆ। ਵਿਸ਼ਨੂੰ ਨੇ ਇਸ ਦੀ ਭਗਤੀ ਦੇਖਕੇ ਬਲਿ ਨੂੰ ਪਾਤਾਲ ਦਾ ਰਾਜਾ ਥਾਪਿਆ ਅਤੇ ਉਸਦੀ ਬੇਨਤੀ ਅਨੁਸਾਰ ਉਸਦਾ ਦ੍ਵਾਰਪਾਲ ਹੋ ਕੇ ਰਹਿਣਾ ਅੰਗੀਕਾਰ ਕੀਤਾ।"[62]

ਭਗਤ ਨਾਮਦੇਵ ਜੀ ਨੇ ਰਾਜਾ ਬਲਿ ਦੇ ਇਸੇ ਭਗਤੀ ਭਾਵ ਨੂੰ ਪ੍ਰਗਟਾਇਆ ਹੈ। ਉਨ੍ਹਾਂ ਅਨੁਸਾਰ ਪ੍ਰਭੂ ਆਪਣੇ ਭਗਤਾਂ ਦੇ ਪ੍ਰੇਮ ਦੇ ਏਨਾ ਵਸ ਵਿਚ ਹੋ ਜਾਂਦਾ ਹੈ ਕਿ ਉਹ ਆਪਣੇ ਭਗਤਾਂ ਦਾ ਦ੍ਵਾਰਪਾਲ ਹੋਣਾ ਵੀ ਕਬੂਲ ਕਰ ਲੈਂਦਾ ਹੈ :

ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ॥੪॥੧॥

(ਮਾਰੂ, ਨਾਮਦੇਵ, ਪੰਨਾ-1105)

**ਉਗ੍ਰਸੈਨ :** ਉਗ੍ਰਸੈਨ ਕੰਸ ਦਾ ਪਿਤਾ ਸੀ। ਇਹ ਮਥਰਾ ਦਾ ਰਾਜਾ ਸੀ, ਆਪਣੇ ਪੁੱਤਰ ਦੁਆਰਾ ਰਾਜ-ਤਖ਼ਤ ਤੋਂ ਉਤਾਰ ਦਿੱਤਾ ਗਿਆ ਸੀ ਪਰ ਕੰਸ ਨੂੰ ਮਾਰ ਕੇ ਸ੍ਰੀ ਕ੍ਰਿਸ਼ਨ ਨੇ ਇਸ ਨੂੰ ਮੁੜ ਰਾਜ ਦਿੱਤਾ।[63] ਭਗਤ ਬਾਣੀ ਵਿਚ ਕ੍ਰਿਸ਼ਨ ਦੁਆਰਾ ਉਗ੍ਰਸੈਨ ਨੂੰ ਰਾਜ ਦੇਣ ਬਾਰੇ ਸੰਖੇਪ ਜਾਂ ਸੰਕੇਤ ਮਾਤਰ ਜ਼ਿਕਰ ਮਿਲਦਾ ਹੈ :

ਦਾਸੀ ਸੁਤ ਜਨੁ ਬਿਦਰੁ ਸੁਦਾਮਾ ਉਗ੍ਰਸੈਨ ਕਉ ਰਾਜ ਦੀਏ॥

(ਗਉੜੀ, ਨਾਮਦੇਵ, ਪੰਨਾ-345)

**ਭਭੀਖਨ :** "ਇਹ ਰਾਵਣ ਦਾ ਛੋਟਾ ਭਰਾ ਸੀ। ਇਹ ਸ਼ਿਵ ਦੀ ਸਲਾਹ ਮੰਨ ਕੇ ਰਾਮ ਚੰਦਰ ਦੀ ਸ਼ਰਨ ਆ ਗਿਆ। ਰਾਵਣ ਨੂੰ ਮਾਰ ਕੇ ਰਾਮ ਚੰਦਰ ਨੇ ਲੰਕਾ ਦਾ ਰਾਜ ਭਭੀਖਣ ਨੂੰ ਦੇ ਦਿੱਤਾ।"[64] ਭਗਤ ਨਾਮਦੇਵ ਭਭੀਖਨ ਦੁਆਰਾ ਅਧਿਕ ਰਾਜ ਕਰਨ ਵੱਲ ਸੰਕੇਤ ਕਰਦੇ ਹਨ :

ਅੰਬਰੀਕ ਕਉ ਦੀਓ ਅਭੈ ਪਦੁ ਰਾਜੁ ਭਭੀਖਨ ਅਧਿਕ ਕਰਿਓ॥

(ਮਾਰੂ, ਨਾਮਦੇਵ, ਪੰਨਾ-1105)

**ਬਾਲਮੀਕ :** "ਭਾਰਤੀ ਇਤਿਹਾਸ, ਮਿਥਿਹਾਸ ਵਿਚ ਬਾਲਮੀਕ ਨਾਂ ਦੇ ਦੋ ਮਹਾਂਪੁਰਸ਼ ਸਨ। ਇਕ ਮਹਾਂਕਵੀ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ ਅਤੇ ਦੂਸਰਾ ਭਗਤ ਰੂਪ ਵਿੱਚ।"[65] ਪਰੰਤੂ ਭਗਤ ਰਵਿਦਾਸ ਜੀ ਨੇ ਜਿਸ ਬਾਲਮੀਕ ਵੱਲ ਸੰਕੇਤ ਕੀਤੇ ਹਨ ਉਹ ਕਿਸੇ ਨੀਚ ਜਾਤੀ ਦਾ ਸੀ ਜਿਸਦਾ ਭੋਜਨ ਤਾਮਸ ਸੀ। ਪਰ ਉਹ ਨੀਵੀਂ ਜਾਤ ਤੋਂ ਰਾਮ ਭਗਤੀ ਦੁਆਰਾ ਅਮਰ ਪਦਵੀ ਨੂੰ ਪ੍ਰਾਪਤ ਹੋਇਆ ਜਿਸਦੀ ਮੁਕਤੀ ਪ੍ਰਾਪਤੀ ਦੀ ਕਥਾ ਨੂੰ ਭਗਤ ਰਵਿਦਾਸ ਮਨ ਨੂੰ ਸਮਝਾਉਣ ਦਾ ਜ਼ਰੀਆ ਬਣਾਉਂਦੇ ਹਨ ਕਿ ਜਦ ਏਨੇ ਦੁਰਮਤਿ ਕਰਮ ਕਰਨ ਵਾਲਾ ਬਾਲਮੀਕ ਪ੍ਰਭੂ-ਭਗਤੀ ਕਾਰਨ ਤਿੰਨੇ ਲੋਕਾਂ ਵਿਚ ਆਪਣੀ ਪ੍ਰਸਿੱਧੀ ਖਿਲਾਰ ਗਿਆ ਤਾਂ ਫਿਰ ਐ ਰਵਿਦਾਸ (ਆਪਣੇ ਆਪ ਨੂੰ ਸੰਬੋਧਿਤ ਹੁੰਦੇ ਹਨ) ਕਿ ਤੂੰ ਕਿਉਂ ਨਹੀਂ ਤਰ ਸਕਦਾ :

ਰੇ ਚਿਤ ਚੇਤਿ ਚੇਤ ਅਚੇਤ॥ ਕਾਹੇ ਨ ਬਾਲਮੀਕਹਿ ਦੇਖ॥
ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ॥੧॥ ਰਹਾਉ॥
ਸੁਆਨ ਸਤੁ ਅਜਾਤੁ ਸਭ ਤੇ ਕ੍ਰਿਸ੍ਨ ਲਾਵੈ ਹੇਤੁ॥
ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ॥੨॥

(ਕੇਦਾਰਾ, ਰਵਿਦਾਸ, ਪੰਨਾ-1124)

**ਪਿੰਗਲਾ :** ਵਿਦੇਹ ਨਗਰ (ਜਨਕਪੁਰੀ) ਦੀ ਇਕ ਵੇਸ਼ਵਾ ਸੀ ਜੋ ਇਕ ਸੁੰਦਰ ਜਵਾਨ ਨੂੰ ਵੇਖਕੇ ਮੋਹਤ ਹੋ ਗਈ। ਉਹ ਸਾਰੀ ਰਾਤ ਉਸਦੀ ਉਡੀਕ ਵਿਚ ਬੇਚੈਨ ਰਹੀ ਪਰ ਉਹ ਨਾ ਆਇਆ।

ਪਿੰਗਲਾ ਦੇ ਮਨ ਵਿਚ ਆਈ ਕਿ ਜੇ ਉਹ ਏਨਾ ਪਿਆਰ ਪ੍ਰਭੂ ਨੂੰ ਕਰਦੀ ਤਾਂ ਚੰਗਾ ਸੀ। ਏਨੀ ਕੁ ਠੋਕਰ ਲੱਗਣ ਕਰਕੇ ਉਹ ਪ੍ਰਭੂ-ਭਗਤੀ ਵਿਚ ਲੱਗ ਗਈ। ਅੰਤ ਉਸ ਨੂੰ ਮੁਕਤੀ ਪ੍ਰਾਪਤ ਹੋ ਗਈ।[66] ਭਗਤ ਬਾਣੀ ਵਿਚ ਹੋਰ ਮੁਕਤੀ-ਪ੍ਰਾਪਤ ਭਗਤਾਂ ਦੇ ਨਾਲ ਇਸ ਦਾ ਸੰਕੇਤ ਮਾਤਰ ਨਾਮ ਹੀ ਆਇਆ ਹੈ :

ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ॥

(ਕੇਦਾਰਾ, ਰਵਿਦਾਸ, ਪੰਨਾ-1124)

**ਲੁਭਤ (ਲੁਬਧਕ)** : "ਇਕ ਲੋਦੀਆ ਨਾਮੇ ਸ਼ਿਕਾਰੀ ਸੀ। ਉਸਨੇ ਸੰਤਾਂ ਦੀ ਸੇਵਾ ਕੀਤੀ, ਬਹੁਤ ਸ਼ਿਕਾਰ ਮਿਲੇ, ਇਕ ਸੰਤਾਂ ਨੂੰ ਦੇ ਦਿੱਤਾ; ਉਨ੍ਹਾਂ ਕਿਹਾ ਸਾਡੇ ਕੰਮ ਦਾ ਨਹੀਂ ਹੈ; ਸਾਨੂੰ ਕੋਈ ਸੰਖ ਚਕ੍ਰ ਗਦਾ ਵਾਲਾ ਭਾਵ ਹਰੀ ਲੱਭ ਕੇ ਲਿਆ ਦੇ। ਸ਼ਿਕਾਰੀ ਲੱਭ ਥੱਕਿਆ ਪਰ ਨ ਮਿਲਿਆ, ਇਸ 'ਤੇ ਮਾਯੂਸ ਹੋ ਕੇ ਮਰਨ ਲੱਗਾ ਤੇ ਭਗਵਾਨ ਪ੍ਰਗਟ ਹੋਏ।"[67]ਭਗਤ ਬਾਣੀ ਵਿਚ ਇਸ ਦਾ ਵੀ ਹਰੀ-ਨਾਮ ਸਦਕਾ ਸਵਰਗ ਨੂੰ ਪਹੁੰਚੇ ਭਗਤਾਂ ਨਾਲ ਹੀ ਨਾਮ ਆਉਂਦਾ ਹੈ :

ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿਕੈ ਪਾਸਿ॥

(ਕੇਦਾਰਾ, ਰਵਿਦਾਸ, ਪੰਨਾ-1124)

**ਭੇਖਧਾਰੀ** : ਭੇਖਧਾਰੀ ਕਿਸੇ ਭਗਤ ਦਾ ਨਾਂ ਨਹੀਂ, ਸਗੋਂ ਇਹ ਇਕ ਅਜਿਹਾ ਪਾਖੰਡੀ ਆਦਮੀ ਸੀ ਜਿਸ ਨੇ ਇਕ ਰਾਜੇ ਦੀ ਲੜਕੀ ਨੂੰ ਧੋਖੇ ਨਾਲ ਵਿਆਹ ਲਿਆ। "ਰਾਜੇ ਦੀ ਲੜਕੀ ਨੇ ਪ੍ਰਣ ਕੀਤਾ ਸੀ ਕਿ ਵਿਸ਼ਨੂੰ ਨਾਲ ਵਿਆਹ ਕਰੇਗੀ। ਉਸ ਦੇ ਇਕ ਤਰਖਾਣ ਆਸ਼ਕ ਨੇ ਵਿਸ਼ਨੂੰ ਦਾ ਰੂਪ ਧਾਰ ਕੇ ਠੱਗੀ ਨਾਲ ਕੰਨਿਆ ਨੂੰ ਵਿਆਹਿਆ। ਸਮੇਂ ਨਾਲ ਉਸ ਦੇਸ਼ ਦੇ ਰਾਜੇ 'ਤੇ ਕਿਸੇ ਹੋਰ ਨੇ ਹਮਲਾ ਕੀਤਾ। ਰਾਜੇ ਨੇ ਆਪਣੇ ਜਵਾਈ ਨੂੰ ਮੱਦਦ ਲਈ ਕਿਹਾ ਕਿ ਮੈਨੂੰ ਤੁਹਾਡੇ ਪ੍ਰਤਾਪ ਨਾਲ ਫਤਹ ਹੋਵੇ। ਭੇਖੀ ਜਵਾਈ ਆਪਣੇ-ਆਪ ਨੂੰ ਸ਼ਕਤੀ-ਹੀਣ ਜਾਣ ਕੇ ਅਰਦਾਸਾਂ ਕਰਨ ਲੱਗਿਆ। ਉਸ ਦੀਆਂ ਅਰਦਾਸਾਂ ਕਬੂਲ ਹੋਈਆਂ ਤੇ ਰਾਜੇ ਨੂੰ ਫਤਹ ਹੋਈ।"[68]

ਭਗਤ ਸਧਨਾ ਜੀ ਦੀ ਰਚਨਾ ਵਿਚ ਅਜਿਹੇ ਭੇਖਧਾਰੀ ਦਾ ਸੰਖੇਪ ਜ਼ਿਕਰ ਕੀਤਾ ਮਿਲਦਾ ਹੈ ਜੋ ਕਾਮਾਰਥੀ ਤੇ ਸੁਆਰਥੀ ਸੀ ਪਰ ਉਸ ਦੁਆਰਾ ਕੀਤੀਆਂ ਅਰਦਾਸਾਂ ਕਾਰਨ ਭਗਵਾਨ ਨੇ ਉਸਦੀ ਇੱਜ਼ਤ ਰੱਖੀ :

ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ॥

ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ॥੧॥

(ਬਿਲਾਵਲੁ, ਸਧਨਾ, ਪੰਨਾ-858)

**ਅਕੂਰੁ**: ਅਕੂਰ ਸ੍ਰੀ ਕ੍ਰਿਸ਼ਨ ਦਾ ਚਾਚਾ ਅਤੇ ਆਪਣੇ ਸਮੇਂ ਦਾ ਇਕ ਆਦਰਯੋਗ ਯਾਦਵ ਸੀ। ਇਸ ਦੇ ਪਿਤਾ ਦਾ ਨਾਂ ਸ੍ਵਫਲਕ ਅਤੇ ਮਾਤਾ ਦਾ ਨਾਂ ਗਾਂਦਿਨੀ ਸੀ। ਭਗਵਤ ਪੁਰਾਨ ਅਨੁਸਾਰ ਕੰਸ ਦੇ ਨਿਮੰਤ੍ਰਣ ਤੇ ਇਹ ਕ੍ਰਿਸ਼ਨ ਅਤੇ ਬਲਰਾਮ ਨੂੰ ਗੋਕੁਲ (ਬ੍ਰਿੰਦਾਬਨ) ਤੋਂ ਮਥੁਰਾ ਲਿਆਇਆ ਸੀ ਜਿਥੇ ਪਹੁੰਚ ਕੇ ਸ੍ਰੀ ਕ੍ਰਿਸ਼ਨ ਨੇ ਕੰਸ ਦਾ ਵਧ ਕਰਕੇ ਆਪਣੇ ਨਾਨੇ ਉਗ੍ਰਸੈਨ ਨੂੰ ਰਾਜ-ਗੱਦੀ ਉੱਤੇ ਬੈਠਾਇਆ।... ਇਸ ਦੀ ਪ੍ਰਸਿੱਧੀ ਦਾ ਕਾਰਣ ਸ਼੍ਯਾਮੰਤਕ ਮਣੀ ਦਾ ਇਸਦੇ ਕਬਜ਼ੇ ਵਿਚ ਹੋਣਾ ਵੀ ਹੈ।[69]

ਭਗਤ ਬਾਣੀ ਵਿਚ ਇਸ ਦਾ ਹੋਰ ਮੁਕਤੀ-ਪ੍ਰਾਪਤ ਭਗਤਾਂ ਨਾਲ ਨਾਂ ਮਾਤਰ ਹੀ ਜ਼ਿਕਰ ਆਇਆ ਹੈ :

ਜਾਗੈ ਸੁਕਦੇਉ ਅਰੁ ਅਕੂਰੁ॥ ਹਣਵੰਤੁ ਜਾਗੈ ਧਰਿ ਲੰਕੂਰੁ॥....
ਜਾਗਤ ਸੋਵਤ ਬਹੁ ਪ੍ਰਕਾਰ॥
ਗੁਰਮੁਖਿ ਜਾਗੈ ਸੋਇ ਸਾਰੁ॥

(ਬਸੰਤ, ਕਬੀਰ ਜੀ, ਪੰਨਾ-1193-1194)

**ਧ੍ਰੂਅ** : ਰਾਜਾ ਉੱਤਾਨਪਦ ਦੀਆਂ ਦੋ ਰਾਣੀਆਂ ਸੁਨੀਤਿ ਅਤੇ ਸੁਰੁਚਿ ਸਨ। ਸੁਨੀਤਿ ਦਾ ਪੁੱਤਰ ਧ੍ਰੂਅ ਸੀ ਤੇ ਸੁਰੁਚਿ ਦਾ ਪੁੱਤਰ ਉੱਤਮ ਸੀ। ਰਾਜੇ ਦਾ ਪ੍ਰੇਮ ਆਪਣੀ ਪਤਨੀ ਸੁਰੁਚਿ ਨਾਲ ਬਹੁਤ ਸੀ। ਇਕ ਦਿਨ ਪਿਤਾ ਦੀ ਗੋਦੀ ਉੱਤਮ ਨੂੰ ਬੈਠਾ ਦੇਖ ਕੇ ਧ੍ਰੂਅ ਨੇ ਵੀ ਗੋਦੀ ਬੈਠਣ ਦੀ ਇੱਛਾ ਕੀਤੀ ਪਰੰਤੂ ਉਸਦੀ ਮਤ੍ਰੇਈ ਮਾਂ ਨੇ ਉਸਨੂੰ ਰਾਜੇ ਦੀ ਗੋਦੀ ਬੈਠਣੋ ਇਨਕਾਰ ਕੀਤਾ ਤੇ ਕਿਹਾ ਕਿ ਰਾਜੇ ਦੀ ਗੋਦੀ ਅਤੇ ਸਿੰਘਾਸਨ ’ਤੇ ਕੇਵਲ ਮੇਰੇ (ਸੁਰੁਚਿ) ਉਦਰ ਤੋਂ ਪੈਦਾ ਹੋਇਆ ਪੁਤ੍ਰ ਹੀ ਬੈਠ ਸਕਦਾ ਹੈ। ਧ੍ਰੂਅ ਨੇ ਰੋਂਦੇ ਹੋਏ ਆਪਣੀ ਮਾਤਾ ਕੋਲ ਜਾ ਕੇ ਸਾਰਾ ਹਾਲ ਸੁਣਾਇਆ। ਧ੍ਰੂਅ ਦੀ ਮਾਤਾ ਨੇ ਉਸਨੂੰ ਉੱਚਪਦ ਦੀ ਪ੍ਰਾਪਤੀ ਲਈ ਭਗਵਾਨ ਦੀ ਅਰਾਧਨਾ ਤੇ ਤਪੱਸਿਆ ਕਰਨੀ ਦੱਸੀ। ਇਹ ਸੁਣਕੇ ਧ੍ਰੂਅ ਨੇ ਜੰਗਲ ਵਿਚ ਜਾ ਕੇ ਅਜਿਹਾ ਘੋਰ ਤਪ ਕੀਤਾ ਕਿ ਵਿਸ਼ਨੂੰ ਨੇ ਉਸਨੂੰ ਖੁਦ ਦਰਸ਼ਨ ਦੇ ਕੇ ਸਾਰੀ ਕਾਮਨਾ ਪੂਰੀ ਕੀਤੀ। ਧ੍ਰੂਅ ਘਰ ਵਾਪਿਸ ਆਇਆ ਤਾਂ ਪਿਤਾ ਨੇ ਬੜੇ ਆਦਰ ਨਾਲ ਉਸਨੂੰ ਰਾਜ ਸਿੰਘਾਸਨ ਦਿੱਤਾ। ਧ੍ਰੂਅ ਛੱਤੀ ਹਜ਼ਾਰ ਵਰ੍ਹੇ ਰਾਜ ਕਰਕੇ ਵਿਸ਼ਨੂੰ ਦੇ ਦਿੱਤੇ ਅਚਲ ਅਸਥਾਨ ਤੇ ਜਾ ਬਿਰਾਜਿਆ।”[70] ਭਗਤ ਬਾਣੀਕਾਰਾਂ ਨੇ ਧ੍ਰੂਅ ਦੀ ਅਡੋਲ ਭਗਤੀ ਅਤੇ ਧ੍ਰੂਅ ਉਪਰ ਪ੍ਰਭੂ ਦੀ ਬਖ਼ਸ਼ਿਸ਼ ਬਾਰੇ ਕਈ ਥਾਂ ਸੰਕੇਤ ਦਿੱਤੇ ਹਨ :

ੳ) ਕਹਿ ਕਬੀਰ ਸੰਸਾ ਭ੍ਰਮੁ ਚੂਕੋ ਧ੍ਰੂ ਪ੍ਰਹਿਲਾਦ ਨਿਵਾਜਾ॥੨॥੫॥

(ਬਿਲਾਵਲੁ, ਕਬੀਰ, ਪੰਨਾ-856)

ਅ) ਨਉ ਨਿਧਿ ਠਾਕੁਰਿ ਦਈ ਸੁਦਾਮੈ ਧ੍ਰੂਅ ਅਟਲੁ ਅਜਹੂ ਨ ਟਰਿਓ॥੩॥

(ਮਾਰੂ, ਨਾਮਦੇਵ ਜੀ, ਪੰਨਾ–1105)

**ਪ੍ਰਹਿਲਾਦ :** "ਪ੍ਰਹਿਲਾਦ, ਹਿਰਨਯਕਸ਼ਿਪ ਦਾ ਪੁਤ੍ਰ ਅਤੇ ਬਲਿ ਦਾ ਪਿਤਾ ਸੀ। ਪੁਰਾਣਕਥਾ ਹੈ ਕਿ ਹਿਰਨਯਕਸ਼ਿਪ ਨੇ ਦੇਵਤਿਆਂ ਨਾਲ ਯੁੱਧ ਕਰਕੇ ਸੁਰਗਲੋਕ ਇੰਦ੍ਰ ਕੋਲੋਂ ਲੈ ਲਿਆ ਸੀ। ਇਸ ਦਾ ਪੁਤ੍ਰ ਪ੍ਰਹਿਲਾਦ ਛੋਟੀ ਅਵਸਥਾ ਵਿਚ ਹੀ ਵਿਸ਼ਨੂੰ ਦਾ ਉਪਾਸਕ ਬਣ ਗਿਆ ਜਿਸ 'ਤੇ ਉਸਦਾ ਪਿਤਾ ਬਹਤੁ ਗੁੱਸੇ ਹੋਇਆ ਅਤੇ ਪ੍ਰਹਿਲਾਦ ਨੂੰ ਮਾਰਨ ਦਾ ਹੁਕਮ ਦਿੱਤਾ, ਪਰ ਦੈਤਾਂ ਦੇ ਅਸਤ੍ਰ, ਸਰਪਾਂ ਦੇ ਡੰਗ, ਹਾਥੀਆਂ ਦੇ ਦੰਦ, ਅੱਗ ਦੀਆਂ ਲਾਟਾਂ ਆਦਿ ਦਾ ਪ੍ਰਹਿਲਾਦ ਉੱਤੇ ਕੋਈ ਅਸਰ ਨਾ ਹੋਇਆ ਅਤੇ ਉਸ ਦੇ ਪਿਤਾ ਹਿਰਨਯਕਸ਼ਿਪ ਨੂੰ ਦੰਡ ਦੇਣ ਲਈ ਵਿਸ਼ਨੂੰ ਨੇ ਨਰਸਿੰਹ ਅਵਤਾਰ ਧਾਰਿਆ।"[71] ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਵੱਧ ਪ੍ਰਹਿਲਾਦ ਭਗਤ ਦੀ ਕਥਾ ਦਾ ਵਾਰ ਵਾਰ ਹਵਾਲਾ ਆਇਆ ਹੈ। ਬਾਣੀਕਾਰਾਂ ਦਾ ਇਸ ਕਥਾ ਨੂੰ ਪੇਸ਼ ਕਰਨ ਦਾ ਮਨੋਰਥ ਲੋਕ-ਮਨ ਵਿਚ ਪ੍ਰਭੂ-ਦੁਆਰਾ ਆਪਣੇ ਭਗਤਾਂ ਦੀ ਕੀਤੀ ਗਈ ਰੱਖਿਆ ਤੇ ਭਾਵ ਨੂੰ ਦ੍ਰਿੜ ਕਰਨਾ ਹੈ। ਪ੍ਰਹਿਲਾਦ ਦੀ ਕਥਾ ਬਾਣੀਕਾਰਾਂ ਦੀ ਖਿੱਚ ਦਾ ਕੇਂਦਰ ਇਸ ਲਈ ਵੀ ਰਹੀ ਕਿ ਇਸ ਵਿਚ ਪ੍ਰਹਿਲਾਦ ਦੀ ਨਿਰਸੁਆਰਥ, ਨਿਰਛੱਲ ਪ੍ਰੇਮਾ-ਭਗਤੀ ਦਾ ਸਰੂਪ ਝਲਕਦਾ ਹੈ ਜਿਸ ਭਗਤੀ ਲਈ ਪ੍ਰਹਿਲਾਦ ਨੇ ਬਹੁਤ ਤਸੀਹੇ ਵੀ ਝੱਲੇ। ਭਗਤ ਬਾਣੀਕਾਰਾਂ ਨੇ ਜਿੱਥੇ ਹੋਰ ਭਗਤਾਂ ਦੀਆਂ ਕਥਾਵਾਂ ਨੂੰ ਬੜੇ ਸੰਖੇਪ ਵਿਚ ਅਤੇ ਇਸ਼ਾਰੇ ਮਾਤਰ ਹੀ ਦ੍ਰਿਸ਼ਟੀਗੋਚਰ ਕੀਤਾ ਹੈ ਉਥੇ ਪ੍ਰਹਿਲਾਦ ਭਗਤ ਦੀ ਕਥਾ ਨੂੰ ਵਿਸਥਾਰ ਰੂਪ ਵਿਚ ਪੇਸ਼ ਕੀਤਾ ਹੈ :

ਪ੍ਰਹਲਾਦ ਪਠਾਏ ਪੜਨਸਾਲ॥ ਸੰਗਿ ਸਖਾ ਬਹੁ ਲੀਏ ਬਾਲ॥...
ਤੂ ਰਾਮ ਕਰਨ ਕੀ ਛੋਡੁ ਬਾਨਿ॥ ਤੁਝੁ ਤੁਰਤੁ ਛਡਾਊ ਮੇਰੋ ਕਹਿਓ ਮਾਨਿ॥੨॥...
ਇਕੁ ਰਾਮੁ ਨ ਛੋਡਉ ਗੁਰਹਿ ਗਾਰਿ॥ ਮੋ ਕਉ ਘਾਲਿ ਜਾਰਿ ਭਾਵੈ ਮਾਰਿ ਡਾਰਿ॥੩॥
ਕਾਢਿ ਖੜਗੁ ਕੋਪਿਓ ਰਿਸਾਇ॥ਤੁਝ ਰਾਖਨਹਾਰੋ ਮੋਹਿ ਬਤਾਇ॥
ਪ੍ਰਭ ਥੰਭ ਤੇ ਨਿਕਸੇ ਕੈ ਬਿਸਥਾਰ॥ ਹਰਨਾਖਸੁ ਛੇਦਿਓ ਨਖ ਬਿਦਾਰ॥੪॥

(ਬਸੰਤ, ਕਬੀਰ, ਪੰਨਾ–1194)

**ਗਜ ਅਤੇ ਕਾਲੀ :** ਪੁਰਾਣਿਕ ਮਿਥਕ ਕਥਾਵਾਂ ਵਿਚ ਭਾਵੇਂ ਹੋਰ ਬਹੁਤ ਸਾਰੇ ਜੀਵ ਜੰਤੂਆਂ, ਪਸ਼ੂ, ਪੰਛੀਆਂ, ਜਾਨਵਰਾਂ ਦਾ ਦੈਵੀਕਰਨ, ਮਾਨਵੀਕਰਨ ਕੀਤਾ ਗਿਆ ਮਿਲਦਾ ਹੈ ਪਰੰਤੂ ਭਗਤ ਬਾਣੀਕਾਰਾਂ ਨੇ ਕੇਵਲ ਮਨੁੱਖਾਂ ਵਿਚ ਭਗਤ ਹੇਤ ਮੁਕਤੀ-ਪ੍ਰਾਪਤ ਭਗਤਾਂ ਦਾ ਹੀ ਜ਼ਿਕਰ ਨਹੀਂ ਕੀਤਾ, ਸਗੋਂ ਉਨ੍ਹਾਂ ਨੇ ਹਰ ਤਰ੍ਹਾਂ ਦੇ ਜੀਵਾਂ, ਪਸ਼ੂ-ਪੰਛੀਆਂ ਦੀ ਪਾਲਣਾ ਕਰਨ ਵਾਲੇ, ਸ੍ਰਿਸ਼ਟੀ ਦੇ ਕਣ-ਕਣ ਵਿਚ ਰਮ ਰਹੇ ਪ੍ਰਭੂ ਦੀ ਸਰਬ ਵਿਆਪਕਤਾ ਨੂੰ ਦਰਸਾਉਣ ਲਈ ਗਜ (ਹਾਥੀ) ਅਤੇ ਕਾਲੀ (ਨਾਗ) ਆਦਿ ਪੁਰਾਣਿਕ ਕਥਾਵਾਂ ਨੂੰ ਵੀ ਆਧਾਰ ਬਣਾਇਆ ਹੈ। ਗਜ ਦੀ ਪੁਰਾਣਿਕ ਕਥਾ

ਅਨੁਸਾਰ, "ਦੇਵਲ ਰਿਖੀ ਦੇ ਸਰਾਪ ਨਾਲ ਇਕ ਗੰਧਰਬ, ਹਾਥੀ ਬਣ ਗਿਆ ਸੀ। ਵਰਣ ਦੇ ਤਲਾਬ ਵਿਚ ਉਸਨੂੰ ਤੰਦੂਏ ਨੇ ਪਕੜ ਲਿਆ। ਡੁਬਣ ਲੱਗੇ ਹਾਥੀ ਨੇ ਪ੍ਰਭੂ ਅੱਗੇ ਅਰਦਾਸ ਕੀਤੀ ਤਾਂ ਉਸਦੇ ਬੰਧਨ ਕੱਟੇ ਗਏ।"[72] ਭਗਤ ਬਾਣੀ ਵਿਚ ਪ੍ਰਭੂ ਦੀ ਇਸ ਦਿਆਲੂ, ਕ੍ਰਿਪਾਲੂ ਨਦਰ ਨੂੰ ਦਰਸਾਉਣ ਲਈ ਪ੍ਰਭੂ ਦੁਆਰਾ ਗਜ (ਹਾਥੀ) ਦੀ ਮੱਦਦ ਲਈ ਚਕ੍ਰ ਧਾਰ ਕੇ ਬੈਕੁੰਠ ਤੋਂ ਆਉਣ ਬਾਰੇ ਸੰਖੇਪ ਜ਼ਿਕਰ ਮਿਲਦਾ ਹੈ :

ਕਰ ਧਰੇ ਚਕ੍ਰ ਬੈਕੁੰਠ ਤੇ ਆਏ ਗਜ ਹਸਤੀ ਕੇ ਪ੍ਰਾਨ ਉਧਾਰੀਅਲੇ॥...

(ਮਾਲੀ ਗਉੜਾ, ਨਾਮਦੇਵ, ਪੰਨਾ-988)

ਇਸੇ ਤਰ੍ਹਾਂ ਹੀ ਕਾਲੀ ਨਾਗ ਦਾ ਵੀ ਸੰਕੇਤ ਮਾਤਰ ਜ਼ਿਕਰ ਕੀਤਾ ਮਿਲਦਾ ਹੈ। ਕਾਲੀ ਨਾਗ ਇਕ ਉਹ ਨਾਗ ਸੀ ਜਿਸਨੂੰ ਸ੍ਰੀ ਕ੍ਰਿਸ਼ਨ ਨੇ ਜਮੁਨਾ ਤੋਂ ਕੱਢਿਆ ਸੀ ਜਿਸ ਬਾਰੇ ਭਗਤ ਨਾਮਦੇਵ ਜੀ ਫਰਮਾਉਂਦੇ ਹਨ :

ਕੇਸੀ ਕੰਸ ਮਥਨੁ ਜਿਨਿ ਕੀਆ॥
ਜੀਅ ਦਾਨੁ ਕਾਲੀ ਕਉ ਦੀਆ॥... (ਗੋਂਡ, ਨਾਮਦੇਵ, ਪੰਨਾ-874)

## ਅਵਤਾਰ ਧਾਰਨਾ ਤੇ ਰਾਖਸ਼ਾਂ ਦਾ ਸੰਘਾਰ

ਮਿਥਿਹਾਸਕ ਕਥਾਵਾਂ ਵਿਚ ਦੇਵਤਿਆਂ ਦੀ ਸ਼ਕਤੀ ਦੇ ਉਲਟ ਦੈਤਾਂ, ਰਾਖਸ਼ਾਂ ਦੀ ਤਾਕਤ ਨੂੰ ਬੜੇ ਭਿਆਨਕ ਰੂਪਾਂ ਵਿਚ ਪ੍ਰਗਟਾਇਆ ਗਿਆ ਹੈ ਜਿਨ੍ਹਾਂ ਵਿਚ ਜਿੱਥੇ ਦੇਵਤੇ ਅਮਰ-ਪਦਵੀ ਦੀ ਪ੍ਰਾਪਤੀ ਦੀ ਭਾਲ ਵਿਚ ਰਹਿੰਦੇ ਹਨ ਉਥੇ ਦੈਂਤ, ਰਾਖਸ਼ਾਂ ਆਦਿ ਨੂੰ ਵੀ ਅਮਰ ਰਹਿਣ ਦੇ ਵਰ ਪ੍ਰਾਪਤ ਹੋਣ ਕਾਰਨ, ਦੈਤਾਂ ਰਾਖਸ਼ਾਂ ਨੂੰ ਸ਼ਕਤੀਹੀਣ ਤੇ ਨਾਸ਼ ਕਰਨ ਲਈ ਉਨ੍ਹਾਂ ਤੋਂ ਵੀ ਵੱਡੀਆਂ ਅਵਤਾਰੀ ਸ਼ਕਤੀਆਂ ਨੂੰ ਘੜਿਆ ਗਿਆ ਹੈ। ਪੁਰਾਣਾਂ ਅਨੁਸਾਰ ਜਗਤ ਵਿਚ ਪਾਪ ਦੇ ਵਾਧੇ ਦਾ ਅੰਤ ਕਰਨ ਅਤੇ ਸ਼ੁਭ ਗੁਣਾਂ ਦੀ ਰੱਖਿਆ ਲਈ ਸਮੇਂ-ਸਮੇਂ ਪ੍ਰਭੂ ਆਪ ਮਨੁੱਖੀ ਰੂਪ ਧਾਰ ਕੇ ਸ੍ਰਿਸ਼ਟੀ ਵਿਚ ਅਵਤਾਰ ਧਾਰਦਾ ਹੈ। "ਗੁਰੂ ਗ੍ਰੰਥ ਸਾਹਿਬ ਦੀ ਮੂਲ ਆਵਾਜ਼ ਅਵਤਾਰ ਸਿਧਾਂਤ ਦੇ ਵਿਰੁਧ ਹੈ ਤਾਂ ਵੀ ਸ਼ਰਧਾਵਾਨ ਲੋਕ ਹਿਰਦੇ ਨੂੰ ਪ੍ਰਭੂ ਦੀਆਂ ਵਿਆਪਕ ਸ਼ਕਤੀਆਂ ਤੋਂ ਜਾਣੂ ਕਰਾਉਣ ਅਤੇ ਪੁਰਾਣੀਆਂ ਮਾਨਤਾਵਾਂ ਨੂੰ ਉਪਮਾਨ ਬਣਾ ਕੇ ਲੋਕਾਂ ਨੂੰ ਸੱਚ ਦੇ ਮਾਰਗ ਦਾ ਗਿਆਨ ਦੇਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਈ ਪ੍ਰਸੰਗਾਂ ਵਿਚ ਦਸ ਅਵਤਾਰਾਂ ਵਿਚੋਂ ਕਈਆਂ ਦੀਆਂ ਉਦਾਹਰਨਾਂ ਦਿੱਤੀਆਂ ਗਈਆਂ ਹਨ।"[73] ਭਗਤ ਬਾਣੀ ਵਿਚ ਜਿੱਥੇ ਕੂਰਮਾ (ਕੱਛ) ਅਵਤਾਰ ਨੂੰ ਵਿਆਪਕ ਪ੍ਰਭੂ ਦੇ ਪਲੰਗ ਮਾਤਰ ਹੋਣ, ਭਾਵ ਅਵਤਾਰ ਦੀ ਤੁੱਛ ਹਸਤੀ ਨੂੰ ਦਰਸਾਇਆ ਹੈ।[74] ਉਥੇ ਰਾਮ ਅਵਤਾਰ ਰੂਪ ਵਿਚ ਰਾਵਨ ਨੂੰ ਮਾਰਨ, ਕ੍ਰਿਸ਼ਨ-ਅਵਤਾਰ ਰੂਪ ਵਿਚ ਕੰਸ ਦਾ ਸੰਘਾਰ, ਪੂਤਨਾ

ਰਾਖਸ਼ਣੀ, ਕੇਸੀ ਦੈਂਤ, ਸੰਡੈ ਮਾਰਕਾ ਦੈਤਾਂ ਆਦਿ ਦਾ ਨਾਸ਼ ਕਰਨ ਅਤੇ ਹਰਨਾਖਸ਼ ਦਾ ਸੰਘਾਰ ਕਰਨ ਲਈ ਨਰਸਿੰਘ ਅਵਤਾਰ ਧਾਰਨਾ ਆਦਿ ਉਦਾਹਰਨਾਂ ਤੋਂ ਭਗਤ ਬਾਣੀਕਾਰਾਂ ਦੁਆਰਾ ਪ੍ਰਭੂ ਦੇ ਅਵਤਾਰੀ ਰੂਪ ਦੀ ਪ੍ਰਵਾਨਗੀ ਨੂੰ ਨਹੀਂ ਮੰਨਿਆ ਜਾ ਸਕਦਾ, ਸਗੋਂ ਉਨ੍ਹਾਂ ਨੇ ਇਨ੍ਹਾਂ ਅਵਤਾਰੀ ਕਾਰਜਾਂ ਦੇ ਮਾਧਿਅਮ ਦੁਆਰਾ ਜਿੱਥੇ ਸਮਾਜ ਵਿਚ ਫੈਲੀ ਬੁਰਾਈ ਉੱਤੇ ਨੇਕੀ ਦੀ ਜਿੱਤ ਦੇ ਸੰਕਲਪ ਨੂੰ ਦ੍ਰਿੜ ਕੀਤਾ ਉਥੇ ਲੋਕ-ਮਨ ਵਿਚ ਸ਼ਰਧਾ ਦੇ ਪਾਤਰ ਬਣੇ ਇਨ੍ਹਾਂ ਅਵਤਾਰੀ ਕਾਰਜਾਂ ਰਾਹੀਂ ਨਿਰਗੁਣ, ਅਲਖ ਪ੍ਰਭੂ ਦੀਆਂ ਵਿਆਪਕ ਸ਼ਕਤੀਆਂ ਦੇ ਭਾਵ ਉਪਜਾਉਣ ਲਈ ਉਦਾਹਰਨਾਂ ਤੇ ਮਾਧਿਅਮ ਦੇ ਤੌਰ ਤੇ ਪੇਸ਼ ਕੀਤਾ।

## ਰਿਸ਼ੀਆਂ, ਮੁਨੀਆਂ ਬਾਰੇ ਸੰਕੇਤ

ਭਗਤ ਬਾਣੀ ਵਿਚ ਬ੍ਰਹਮਾ ਦੇ ਚਾਰ ਮਾਨਸਿਕ ਪੁੱਤਰ-ਸਨਕਕਾਦਿਕ ਭਾਵ-ਸਨਕ, ਸਨੰਦਨ, ਸਨਾਤਨ ਤੇ ਸਨਤਕੁਮਾਰ, ਨਾਰਦ ਮੁਨੀ[75], ਰਿਸ਼ੀ ਵਿਆਸ, ਸੁਕਦੇਵ[76], ਗੌਤਮ[77], ਬਾਲਮੀਕ[78] ਅਤੇ ਬ੍ਰਹਸਪਤੀ[79] ਆਦਿ ਰਿਸ਼ੀਆਂ, ਮੁਨੀਆਂ ਨਾਲ ਜੁੜੀਆਂ ਮਿਥਿਹਾਸਕ ਕਥਾਵਾਂ ਨੂੰ ਸੰਕੇਤ ਮਾਤਰ ਪੇਸ਼ ਕਰਕੇ ਜਿਥੇ ਨਿਰਾਕਾਰ, ਵਿਆਪਕ ਪ੍ਰਭੂ ਦੀ ਉੱਚੀ ਤੇ ਅਨੰਤ ਹਸਤੀ ਨੂੰ ਪ੍ਰਗਟਾਇਆ ਗਿਆ ਹੈ ਉਥੇ ਇਨ੍ਹਾਂ ਰਿਸ਼ੀਆਂ ਮੁਨੀਆਂ ਨੂੰ ਮਾਇਆ ਵਿਚ ਬੰਨ੍ਹੇ ਹੋਏ[80], ਮੂਲ ਦੀ ਪਛਾਣ ਲਈ ਖਪਣ ਵਾਲੇ[81] ਤੇ ਉਸ ਵਿਆਪਕ ਪ੍ਰਭੂ ਦੇ ਹੁਕਮ ਵਿਚ ਰਹਿਣ ਵਾਲੇ ਅਤੇ ਲੱਖਾਂ, ਹਜ਼ਾਰਾਂ, ਕਰੋੜਾਂ ਦੀ ਗਿਣਤੀ ਵਿਚ ਪ੍ਰਭੂ ਦੇ ਦਰ ਤੇ ਢਾਢੀਆਂ ਦੀ ਤਰ੍ਹਾਂ ਜੈ ਜੈ ਕਰਦੇ, ਗੁਣਗਾਣ ਕਰਦੇ ਮੰਨਿਆ ਗਿਆ ਹੈ :

ਜਾਂ ਚੈ ਘਰਿ ਗਣ ਗੰਧਰਬ ਰਿਖੀ ਬਪੁੜੇ ਢਾਢੀਆ ਗਾਵੰਤ ਆਛੈ॥...

(ਮਲਾਰ, ਨਾਮਦੇਵ, ਪੰਨਾ-1292)

ਉਪਰੋਕਤ ਰਿਸ਼ੀਆਂ, ਮੁਨੀਆਂ ਤੋਂ ਇਲਾਵਾ ਭਗਤ ਬਾਣੀ ਵਿਚ ਦੁਰਬਾਸਾ, ਮਾਰਕੰਡੇ ਆਦਿ ਰਿਸ਼ੀਆਂ ਦੇ ਕੁੱਝ ਜੀਵਨ ਪਹਿਲੂਆਂ ਨਾਲ ਜੁੜੀਆਂ ਘਟਨਾਵਾਂ ਵੱਲ ਵੀ ਸੰਕੇਤ ਕੀਤੇ ਮਿਲਦੇ ਹਨ।

**ਦੁਰਬਾਸਾ ਰਿਸ਼ੀ :** ਦੁਰਬਾਸਾ ਇਕ ਤਪੀ, ਕਾਹਲੇ ਸੁਭਾਅ ਵਾਲਾ ਅਤੇ ਛੇਤੀ ਹੀ ਰੁੱਸਕੇ ਕ੍ਰੋਧ ਵਸ ਸਰਾਪ ਦੇਣ ਵਾਲਾ ਰਿਸ਼ੀ ਸੀ। ਇਸਨੇ ਜਿਥੇ ਕੁੰਤੀ ਤੇ ਦ੍ਰੋਪਤੀ ਦੀ ਸੇਵਾ ਤੇ ਸ਼ਰਧਾ ਭਾਵ ਨੂੰ ਦੇਖਕੇ ਵਰਦਾਨ ਦਿੱਤੇ ਉਥੇ ਇਸਨੇ ਸ਼ੰਕੁਤਲਾ ਨੂੰ, ਇੰਦ੍ਰ ਨੂੰ, ਆਪਣੀ ਪਤਨੀ ਕੰਦਲਾ ਨੂੰ ਤੇ ਜਾਦਵ ਬੰਸੀ ਕ੍ਰਿਸ਼ਨ ਆਦਿ ਨੂੰ ਸਰਾਪ ਦਿੱਤੇ।"[82]

ਭਗਤ ਨਾਮਦੇਵ ਜੀ ਦੁਰਬਾਸਾ ਰਿਸ਼ੀ ਦੁਆਰਾ ਜਾਦਵ ਵੰਸ਼ ਦੇ ਨਾਸ਼ ਹੋਣ ਦੇ ਸਰਾਪ ਵੱਲ ਸੰਕੇਤ ਕਰਦੇ ਹਨ ਕਿ ਜਾਦਵਾਂ ਦੁਆਰਾ ਮਾਣ, ਹੰਕਾਰ ਵਿਚ ਦੁਰਬਾਸਾ ਰਿਸ਼ੀ ਨਾਲ ਕੀਤੇ ਮਖੌਲ

ਕਾਰਨ ਨਤੀਜੇ ਵਜੋਂ ਜਾਦਵ ਕੁਲ ਦਾ ਨਾਸ਼ ਹੋਇਆ। ਜਦੋਂ ਕਿ ਨਾਮਦੇਵ ਜੀ ਆਖਦੇ ਹਨ ਕਿ ਪ੍ਰਭੂ ਆਪਣੇ ਭਗਤਾਂ ਨੂੰ ਅਜਿਹੇ ਮਾਣ, ਹੰਕਾਰ ਦੇ ਔਗਣਾਂ ਤੋਂ ਦੂਰ ਰੱਖਦਾ ਹੈ :

ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ॥
ਕ੍ਰਿਪਾ ਕਰੀ ਜਨ ਅਪੁਨੇ ਊਪਰਿ ਨਾਮਦੇਉ ਹਰਿ ਗੁਨ ਗਾਏ॥੪॥੧॥

(ਧਨਾਸਰੀ, ਨਾਮਦੇਵ, ਪੰਨਾ-692-693)

**ਮਾਰਕੰਡੇ** : ਮਾਰਕੰਡੇ ਦਾ ਪਿਤਾ ਮ੍ਰਿਕੁੰਡ ਤੇ ਮਾਤਾ ਮਨਸ੍ਵਿਨੀ ਸਨ। ਨ੍ਰਿਸਿੰਘ ਪੁਰਾਣ ਅਨੁਸਾਰ ਮਾਰਕੰਡੇ ਜਦ ਜਨਮਿਆ ਤਾਂ ਭਵਿਸ਼ਵਾਣੀ ਅਨੁਸਾਰ ਬਾਲਕ ਦੇ 12ਵਰੇ ਦਾ ਹੋ ਕੇ ਮਰ ਜਾਣ ਕਾਰਨ ਮਾਤਾ-ਪਿਤਾ ਦੁਖੀ ਰਹਿੰਦੇ ਸਨ। ਜਦ ਇਹ ਗੱਲ ਮਾਰਕੰਡੇ ਨੂੰ ਪਤਾ ਲੱਗੀ ਤਾਂ ਉਸਨੇ ਘੋਰ ਤਪ ਕੀਤਾ ਤੇ ਵਿਸ਼ਨੂੰ ਤੋਂ ਦੀਰਘ ਜੀਵੀ ਹੋਣ ਦਾ ਵਰ ਪਾਇਆ।ਪਦਮ ਪੁਰਾਣ ਅਨੁਸਾਰ ਮ੍ਰਿਕੁੰਡ ਦੇ ਘਰ ਸੱਤ ਰਿਖੀ ਆਏ, ਬਾਲਕ ਦੁਆਰਾ ਪ੍ਰਣਾਮ ਕਰਨ 'ਤੇ ਰਿਖੀਆਂ ਨੇ ਦੀਰਘਜੀਵੀ ਹੋਣ ਦਾ ਅਸ਼ੀਰਵਾਦ ਦਿੱਤਾ, ਪਰ ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਮਾਰਕੰਡੇ ਦੀ ਉਮਰ ਬਹੁਤ ਛੋਟੀ ਹੈ ਤਾਂ ਉਨ੍ਹਾਂ ਨੇ ਬਾਲਕ ਨੂੰ ਬ੍ਰਹਮਾ ਕੋਲ ਲਿਜਾ ਕੇ ਵੱਡੀ ਉਮਰ ਹੋਣ ਦਾ ਵਰੁ ਦਿਵਾਇਆ।"[83] "ਚਿਰਜੀਵੀ ਹੋਣ ਦੇ ਬਾਵਜੂਦ ਇਸਨੇ ਜੀਵਨ ਭਰ ਰਹਿਣ ਲਈ ਕੋਈ ਕੁਟੀਆ ਨਾ ਬਣਾਈ, ਬਸ ਸਿਰ ਉੱਤੇ ਕੱਖਾ ਕਾਨਿਆ ਦਾ ਬਣਿਆ ਵੱਡਾ ਸਾਰਾ ਡੂਨਾ ਰੱਖ ਕੇ ਧੁੱਪ ਅਤੇ ਵਰਸ਼ਾ ਤੋਂ ਆਪਣੇ ਆਪ ਨੂੰ ਬਚਾਉਂਦਾ ਰਿਹਾ।"[84]

ਭਗਤ ਨਾਮਦੇਵ ਜੀ ਨੇ ਜੀਵਨ ਦੀ ਨਾਸ਼ਵਾਨਤਾ ਦੇ ਵਿਚਾਰ ਨੂੰ ਦ੍ਰਿੜ ਕਰਦੇ ਹੋਏ ਲੋੜ ਤੋਂ ਵੱਧ ਇਕੱਠੇ ਕੀਤੇ ਧਨ-ਪਦਾਰਥ, ਡੂੰਘੀਆਂ ਨੀਹਾਂ ਕਰਕੇ ਮਹਿਲ-ਮਾੜੀਆਂ ਆਦਿ ਬਣਾਉਣ ਵਾਲਿਆਂ ਨੂੰ ਜੀਵਨ ਦੀ ਅਸਥਿਰਤਾ ਨੂੰ ਯਾਦ ਰੱਖਣ ਦੀ ਪ੍ਰੇਰਨਾ ਲਈ ਦੀਰਘਜੀਵੀ ਵਰ-ਪ੍ਰਾਪਤ ਰਿਸ਼ੀ ਮਾਰਕੰਡੇ ਦੇ ਸਾਦੇ ਜੀਵਨ-ਜਿਉਣ ਦੀ ਉਦਾਹਰਨ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ :

ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ॥
ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ॥੧॥

(ਧਨਾਸਰੀ, ਨਾਮਦੇਵ, ਪੰਨਾ-692)

## ਯੁਗ ਚਿਤਰਨ

"ਮਹਾਂਭਾਰਤ ਵਿਚ 'ਯੁਗ ਮਿਥ' ਦਾ ਵਰਨਣ ਆਉਂਦਾ ਹੈ ਜਿਸ ਅਨੁਸਾਰ ਚਾਰ ਯੁਗਾ ਨੂੰ ਧਰਮ ਰੂਪੀ ਬਲਦ ਦੇ ਚਾਰ ਪੈਰਾਂ ਨਾਲ ਤੁਲਨਾ ਦਿੱਤੀ ਗਈ ਹੈ। ਹਰ ਯੁਗ ਵਿਚ ਮਾਨਵੀ ਵਿਵਹਾਰ ਵਿਚ ਕਮਜ਼ੋਰੀਆਂ ਪੈਦਾ ਹੁੰਦੀਆਂ ਹਨ ਜਿਸ ਕਾਰਨ ਧਰਮ ਰੂਪੀ ਬਲਦ ਦਾ ਇਕ ਪੈਰ ਘਟ ਜਾਂਦਾ

ਹੈ। ਕਲਿਯੁਗ ਵਿਚ ਕੇਵਲ ਇਕ ਪੈਰ ਹੀ ਬਾਕੀ ਰਹਿ ਜਾਂਦਾ ਹੈ। ਧਰਮ ਰੂਪ ਬਲਦ ਪੁਕਾਰ ਕਰਦਾ ਅਤੇ ਕਿਸੇ 'ਕਲਕੀ ਅਵਤਾਰ' ਦੇ ਆਉਣ ਦੀ ਉਮੀਦ ਰਖੀ ਜਾਂਦੀ ਹੈ।"[85]

ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਚਾਰ ਯੁੱਗਾਂ ਨੂੰ ਮਨੁੱਖੀ ਸੁਭਾਅ ਤੇ ਮਨੁੱਖੀ ਕਰਮਾਂ ਨਾਲ ਜੋੜਿਆ ਹੈ। ਭਾਵੇਂ ਉਨ੍ਹਾਂ ਨੇ ਸਮੇਂ ਅਨੁਸਾਰ ਮਨੁੱਖਾ ਜੀਵਨ ਵਿਚ ਧਾਰਮਿਕ, ਨੈਤਿਕ ਪੱਖ ਤੋਂ ਆ ਰਹੀ ਗਿਰਾਵਟ ਨੂੰ ਵੀ ਪ੍ਰਵਾਨਿਆ ਹੈ ਪਰੰਤੂ ਉਨ੍ਹਾਂ ਨੇ ਮਨੁੱਖਾਂ ਉਪਰ ਕਿਸੇ ਵਿਸ਼ੇਸ਼ ਯੁੱਗ ਦੇ ਚੰਗੇ, ਮੰਦੇ ਪ੍ਰਭਾਵ ਨੂੰ ਨਹੀਂ ਮੰਨਿਆ, ਸਗੋਂ ਗੁਰੂ ਨਾਨਕ ਸਾਹਿਬ ਆਖਦੇ ਹਨ ਕਿ ਜਦੋਂ ਜੀਵ ਸ਼ੁਭ ਕਰਮ ਕਰੇਗਾ ਤਾਂ ਸਤਿਯੁਗ ਹੋਵੇਗਾ ਜਦੋਂ ਮੰਦੇ ਕਰਮ ਕਰੇਗਾ ਤਾਂ ਕਲਿਯੁਗ ਹੋਵੇਗਾ। ਭਾਵ ਮਨੁੱਖ ਦਾ ਸਮਾਜ ਵਿਚ ਹਰ ਪੱਖ ਤੋਂ ਕੀਤਾ ਸਹੀ ਵਿਹਾਰ ਉਸਨੂੰ ਕਿਸੇ ਕਾਲ ਵਿਚ ਵੀ ਸਤਿਯੁਗੀ ਬਣਾ ਸਕਦਾ ਹੈ :

ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ॥
ਸਾ ਧਰਤੀ ਸੋ ਪਉਣੁ ਝੁਲਾਰੇ ਜਗੁ ਜੀਅ ਖੇਲੇ ਥਾਵ ਕੈਸੇ॥੧॥

(ਰਾਮਕਲੀ, ਮਹਲਾ 1, ਪੰਨਾ-902)

ਇਵੇਂ ਹੀ ਭਗਤ ਰਵਿਦਾਸ ਇਨ੍ਹਾਂ ਯੁਗਾਂ ਦੇ ਵਰਤਾਰੇ ਦੱਸਦੇ ਹੋਏ ਆਪਣੇ ਪੂਰੇ ਸ਼ਬਦ ਵਿਚ ਮਨੁੱਖ ਲਈ ਵੱਖੋ-ਵੱਖ ਧਰਮ ਕਰਮ, ਦਾਨ, ਜੱਗ, ਦੇਵ ਪੂਜਾ, ਅਵਤਾਰ ਭਗਤੀ, ਤੀਰਥ, ਇਸ਼ਨਾਨ ਆਦਿ ਨੂੰ ਮੁਕਤੀ-ਸਾਧਨ ਨਹੀਂ ਮੰਨਦੇ ਜੋ ਯੁਗਾਂ-ਯੁਗਾਂਤਰਾਂ ਤੋਂ ਕੀਤੇ ਜਾ ਰਹੇ ਹਨ। ਜਦੋਂ ਕਿ ਵਿਕਾਰਾਂ ਤੋਂ ਬੱਚਣ ਤੇ ਜੀਵਨ ਦੇ ਸਹੀ ਮਾਰਗ ਨੂੰ ਪ੍ਰਾਪਤ ਕਰਨ ਲਈ ਤਾਂ ਕੇਵਲ ਪ੍ਰਮੇਸਰ ਦੀ ਇਕ ਪ੍ਰੇਮਾ-ਭਗਤੀ ਹੀ ਇਕੋ ਇਕ ਰਸਤਾ ਹੈ :

ਸਤਿਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ॥੧॥...
ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ॥
ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ॥੩॥...

(ਗਉੜੀ, ਰਵਿਦਾਸ, ਪੰਨਾ-346)

## ਪਸ਼ੂ, ਪੰਛੀਆਂ ਸਬੰਧੀ ਮਿਥਕ ਕਥਾਵਾਂ

**ਹੰਸ** : "ਹੰਸ ਇਕ ਪ੍ਰਕਾਰ ਦਾ ਸੁੰਦਰ ਜੀਵ ਹੈ ਜੋ ਵੱਡੀ ਬਤਖ ਵਰਗਾ ਹੁੰਦੀ ਹੈ ਪਰ ਉਸ ਤੋਂ ਸੋਹਣਾ ਤੇ ਵਡੇਰਾ ਹੁੰਦਾ ਹੈ; ਲੰਮੀ ਗਿੱਚੀ, ਝਿੱਲੀਦਾਰ ਪੈਰ ਤੇ ਬਹੁਤੀ ਵੇਰ ਬਰਫ਼ ਵਰਗੇ ਖੰਭ ਹੁੰਦੇ ਹਨ, ਅਕਸਰ ਮਾਨ ਸਰੋਵਰ ਪਰ ਰਹਿੰਦੇ ਹਨ, ਜੋ ਕੈਲਾਸ਼ ਦੇ ਪਾਸ ਇਕ ਝੀਲ ਹੈ, ਕਵੀ ਜਨ

ਇਨ੍ਹਾਂ ਦਾ ਅਹਾਰ ਮੋਤੀਆਂ ਦਾ ਤੇ ਚੁੰਝ ਪਾ ਕੇ ਦੁੱਧ ਪਾਣੀ ਨੂੰ ਵੱਖ ਕਰ ਦੇਣ ਦੀ ਸਤਯਾ ਵਾਲਾ ਵਰਨਣ ਕਰਦੇ ਹਨ ਜਿਸ ਤੋਂ ਮੁਰਾਦ ਉਨ੍ਹਾਂ ਦੇ ਪਰਮ ਸ੍ਵੱਛ ਤੇ ਉੱਤਮ ਹੋਣ ਦੀ ਹੈ।"[86]

ਭਗਤ ਬਾਣੀ ਵਿਚ ਇਸਨੂੰ ਜੀਵਾਤਮਾ ਲਈ ਅਤੇ ਬੁਢੇਪੇ ਵਿਚ ਆਉਂਦੇ ਚਿੱਟੇ ਵਾਲਾਂ ਦੇ ਪ੍ਰਤੀਕ ਦੇ ਨਾਲ-ਨਾਲ ਸਹੀ, ਗ਼ਲਤ ਦੀ ਪਛਾਣ ਕਰਨ ਵਾਲੇ ਅਤੇ ਹਰੀ (ਹੀਰੇ) ਦੀ ਅਨਾਹਦ ਬਾਣੀ ਨੂੰ ਸਮਝਣ, ਹਿਰਦੇ ਵਿਚ ਵਸਾਉਣ ਵਾਲੇ ਗੁਰਮੁਖ, ਸੰਤ ਪੁਰਸ਼ ਦੇ ਪ੍ਰਤੀਕ ਵਿਚ ਵਰਤਿਆ ਹੈ।

ਹਰਿ ਕੀ ਕਥਾ ਅਨਾਹਦ ਬਾਨੀ॥
ਹੰਸੁ ਹੁਇ ਹੀਰਾ ਲੇਇ ਪਛਾਨੀ॥੧॥ ਰਹਾਉ॥

(ਆਸਾ, ਕਬੀਰ, ਪੰਨਾ-483)

ਇਵੇਂ ਹੀ ਮਾਨਸਰੋਵਰ ਝੀਲ ਨੂੰ ਸਤਿਸੰਗ ਅਤੇ ਮਨੁੱਖ ਦੇ ਅੰਤਰਕਰਣ ਜਾਂ ਹਿਰਦੇ ਨਾਲ ਸੰਗਿਆ ਦਿੱਤੀ ਹੈ। ਬਾਣੀਕਾਰਾਂ ਦਾ ਵਿਚਾਰ ਹੈ ਕਿ ਸਾਰੇ ਬ੍ਰਹਿਮੰਡ ਵਿਚ ਪਸਰ ਰਹੇ ਪ੍ਰਭੂ ਨੂੰ ਜੋ ਜੀਵ ਆਪਣੇ ਅੰਦਰ ਹੀ ਤਲਾਸ਼ ਕਰ ਲਵੇ ਅਤੇ ਆਪਣੇ ਅੰਦਰ ਨਿਵਾਸ ਕਰਦੇ ਹਰੀ ਨੂੰ ਪੂਰੇ ਜਗਤ ਵਿਚ ਪਛਾਣ ਲਵੇ ਤਾਂ, ਉਹ ਆਪਣੇ ਅੰਦਰਲੀ ਪਵਿੱਤਰ ਮਾਨ ਸਰੋਵਰ ਝੀਲ (ਹਿਰਦੇ) ਵਿਚ ਇਸ਼ਨਾਨ ਕਰਦਾ ਹੈ :

ਸੋ ਬ੍ਰਹਮੰਡਿ ਪਿੰਡਿ ਸੋ ਜਾਨੁ॥ ਮਾਨ ਸਰੋਵਰਿ ਕਰਿ ਇਸਨਾਨੁ॥...

(ਭੈਰਉ, ਕਬੀਰ, ਪੰਨਾ-1162)

**ਚਾਤ੍ਰਿਕ (ਪਪੀਹਾ, ਸਾਰੰਗ) :** "ਪੁਰਾਤਨ ਮਿਥ ਅਨੁਸਾਰ ਚਾਤ੍ਰਿਕ ਹਮੇਸ਼ਾ ਸਵਾਤੀ ਨਛੱਤ੍ਰ ਵਿਚ ਵਰੇ ਮੀਂਹ ਦੀਆਂ ਕਣੀਆਂ (ਸਵਾਤੀ ਬੂੰਦਾਂ) ਦਾ ਜਲ ਹੀ ਪੀਂਦਾ ਹੈ। ਸਵਾਤੀ ਬੂੰਦਾਂ ਦੀ ਪ੍ਰਾਪਤੀ ਲਈ ਉਹ ਸਦਾ ਆਕਾਸ਼ ਵਲ ਮੂੰਹ ਅਡੀ ਤਕਦਾ ਰਹਿੰਦਾ ਹੈ। ਉਸਦਾ ਹੋਰ ਕਿਸੇ ਜਲ ਵੱਲ ਧਿਆਨ ਨਹੀਂ ਜਾਂਦਾ।"[87]

ਭਗਤ ਸਧਨਾ ਜੀ ਪ੍ਰਭੂ ਨੂੰ ਮੁਖਾਤਿਬ ਹੋ ਕੇ ਵਿਕਾਰਾਂ ਵਿਚ ਗ੍ਰਸਤ ਜਿੰਦ ਨੂੰ ਸਮੇਂ ਸਿਰ ਕੱਢ ਲੈਣ ਤੇ ਆਪਣੇ ਨਾਮ-ਰੂਪ ਅੰਮ੍ਰਿਤ ਦੀ ਬੰਦੂ ਦੀ ਬਖ਼ਸ਼ਿਸ਼ ਲਈ ਚਾਤ੍ਰਿਕ ਦੀ ਉਦਾਹਰਨ ਦਿੰਦੇ ਹਨ ਕਿ ਜਿਵੇਂ ਜੇਕਰ ਜਲ ਦੀ ਇਕ ਬੰਦੂ ਦੀ ਉਡੀਕ ਵਿਚ ਹੀ ਪਪੀਹੇ ਦੀ ਜਿੰਦ ਨਿਕਲ ਜਾਏ ਤਾਂ ਫਿਰ ਉਸਨੂੰ ਸਮੁੰਦਰ ਮਿਲਣ ਦਾ ਵੀ ਕੀ ਲਾਭ ਹੋਵੇਗਾ। ਇਸ ਲਈ ਉਹ ਪ੍ਰਭੂ ਕੋਲੋਂ ਨਾਮ ਰੂਪ ਅੰਮ੍ਰਿਤ ਬੂੰਦ ਦੀ ਪ੍ਰਾਪਤੀ ਸਮੇਂ ਸਿਰ ਹੀ ਮੰਗਦੇ ਹਨ :

ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ॥
ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ॥੨॥

(ਬਿਲਾਵਲੁ, ਸਧਨਾ, ਪੰਨਾ-858)

**ਚਕਵੀ :** ਚਕਵੀ-ਚਕਵਾ ਇਕ ਪੰਛੀ ਜੋੜਾ ਹੈ। "ਮਿਥਕ ਰਵਾਇਤ ਅਨੁਸਾਰ ਇਹ ਪੰਛੀ-ਜੋੜਾ ਸੂਰਜ ਨੂੰ ਪਿਆਰ ਕਰਦਾ ਹੈ ਅਤੇ ਸੂਰਜ ਦੇ ਡੁਬਦਿਆਂ ਹੀ ਇਹ ਵਿਆਕੁਲ ਹੋ ਕੇ ਏਧਰ-ਓਧਰ ਭਟਕਣ ਲਗ ਜਾਂਦਾ ਹੈ। ਇਸੇ ਵਿਆਕੁਲਤਾ ਦੌਰਾਨ ਨਰ ਅਤੇ ਮਾਦਾ ਪੰਛੀ ਆਪਣਾ ਪਰਸਪਰ ਸੰਪਰਕ ਖੋਹ ਬਹਿੰਦੇ ਹਨ। ਫਿਰ ਸਾਰੀ ਰਾਤ ਇਕ ਦੂਜੇ ਨੂੰ ਭਾਲਦੇ ਭਾਲਦੇ ਦੋਵੇਂ ਪੰਛੀ ਥੱਕ ਕੇ ਚੜ੍ਹਦੇ ਪਾਸੇ ਵੱਲ ਮੂੰਹ ਕਰਕੇ ਬੈਠ ਜਾਂਦੇ ਹਨ, ਜਦੋਂ ਸੂਰਜ ਨਿਕਲਦਾ ਹੈ, ਉਸ ਤੋਂ ਪ੍ਰਭਾਵਿਤ ਹੋਏ ਦੋਵੇਂ ਪੰਛੀ ਆਪਸ ਵਿਚ ਸੰਯੋਗ ਅਵਸਥਾ ਵਿਚ ਹੋ ਜਾਂਦੇ ਹਨ।"[88]

ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਪ੍ਰਭੂ ਨਾਲ ਕੀਤੇ ਜਾਣ ਵਾਲੇ ਪ੍ਰੇਮ ਲਈ ਇਸ ਪੰਛੀ ਜੋੜੇ ਦੀ ਪ੍ਰੀਤ ਦੀ ਉਦਾਹਰਨ ਦਿੱਤੀ ਹੈ। ਕਬੀਰ ਜੀ ਪ੍ਰਭੂ ਨਾਲੋਂ ਵਿਛੜੀ ਹੋਈ ਜੀਵਾਤਮਾ ਨੂੰ ਚਕਵੀ ਦੀ ਉਦਾਹਰਨ ਦੇ ਕੇ ਪ੍ਰੇਰਦੇ ਹਨ ਕਿ ਚਕਵੀ ਦਾ ਸੂਰਜ ਨਾਲ ਪ੍ਰੇਮ ਹੋਣ ਕਰਕੇ ਜਦੋਂ ਉਹ ਰਾਤ ਨੂੰ ਉਸ ਨਾਲੋਂ ਵਿਛੜ ਜਾਂਦੀ ਹੈ ਤਾਂ ਪ੍ਰਭਾਤ ਵੇਲੇ ਉਸ ਨੂੰ ਮਿਲ ਪੈਂਦੀ ਹੈ ਪਰ ਜਿਹੜੇ ਪੁਰਸ਼ ਅਗਿਆਨ ਦੇ ਅੰਧੇਰੇ ਕਰਕੇ ਪ੍ਰਮਾਤਮਾ ਨਾਲੋਂ ਵਿਛੜੇ ਹੋਏ ਹਨ, ਉਹ ਨਾ ਦਿਨ ਸਮੇਂ ਉਸਨੂੰ ਮਿਲਦੇ ਹਨ ਅਤੇ ਨਾ ਰਾਤ ਨੂੰ। ਭਾਵ ਕਿਸੇ ਸਮੇਂ ਵੀ ਹਰੀ ਨੂੰ ਮਿਲਣ ਦਾ ਹੀਲਾ ਨਹੀਂ ਕਰਦੇ :

ਕਬੀਰ ਚਕਈ ਜਉ ਨਿਸਿ ਬੀਛੁਰੈ ਆਇ ਮਿਲੈ ਪਰਭਾਤਿ॥
ਜੋ ਨਰ ਬਿਛੁਰੇ ਰਾਮ ਸਿਉ ਨਾ ਦਿਨ ਮਿਲੇ ਨ ਰਾਤਿ॥੧੨੫॥

(ਸਲੋਕ, ਕਬੀਰ, ਪੰਨਾ-1371)

**ਚਕੋਰ :** "ਚਕੋਰ ਤਿੱਤਰ ਜਾਤ ਦਾ ਇਕ ਪਹਾੜੀ ਪੰਛੀ ਹੈ ਜਿਸ ਦੀ ਚੁੰਝ ਅਤੇ ਟੰਗਾਂ ਲਾਲ ਰੰਗ ਦੀਆਂ ਹੁੰਦੀਆਂ ਹਨ। ਭਾਰਤੀ ਕਾਵਿ-ਸਾਹਿਤ ਵਿਚ ਇਸ ਨੂੰ ਚੰਦ੍ਰਮਾ ਨਾਲ ਪ੍ਰੇਮ ਕਰਨ ਵਾਲਾ ਮੰਨਿਆ ਗਿਆ ਹੈ ਕਿਉਂਕਿ ਇਹ ਸਾਰੀ ਰਾਤ ਚੰਦ੍ਰਮਾ ਵਲ ਧਿਆਨ ਪੂਰਵਕ ਦੇਖਦਾ ਰਹਿੰਦਾ ਹੈ।"[89] ਭਗਤ ਬਾਣੀਕਾਰਾਂ ਨੇ ਪ੍ਰਭੂ-ਭਗਤ ਦੀ ਪ੍ਰੀਤ ਨੂੰ ਚੰਦ-ਚਕੋਰ ਦੇ ਪ੍ਰਤੀਕ ਰਾਹੀਂ ਵੀ ਪੇਸ਼ ਕੀਤਾ ਹੈ। ਜਿਵੇਂ ਰਵਿਦਾਸ ਜੀ ਪ੍ਰਭੂ ਨੂੰ ਚੰਦ ਅਤੇ ਆਪਣੇ ਆਪ ਨੂੰ ਚਕੋਰ ਦੀ ਸੰਗਿਆ ਦਿੰਦੇ ਆਖਦੇ ਹਨ :

ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥੧॥

(ਸੋਰਠਿ, ਰਵਿਦਾਸ, ਪੰਨਾ-658)

**ਗਰੁੜ :** "ਗਰੁੜ ਵਿਨਤਾ ਦੇ ਗਰਭ ਤੋਂ ਕਸ਼ਯਪ ਦਾ ਪੁਤ੍ਰ ਹੈ ਜੋ ਵਿਸ਼ਨੂੰ ਦਾ ਵਾਹਨ ਅਤੇ ਪੰਛੀਆਂ ਦਾ ਰਾਜਾ ਲਿਖਿਆ ਹੈ। ਇਸ ਦਾ ਅੱਧਾ ਧੜ ਪੰਛੀ ਦਾ ਅਤੇ ਉਪਰਲਾ ਭਾਗ-ਮਨੁੱਖ ਦਾ ਹੈ।"[90]

ਭਗਤ ਬਾਣੀ ਵਿਚ ਗਰੁੜ ਦੇ ਵਿਸ਼ਨੂੰ ਦਾ ਵਾਹਨ ਜਾਂ ਸਵਾਰੀ ਹੋਣ ਦਾ ਉਲੇਖ ਮਿਲਦਾ ਹੈ। ਭਗਤ ਨਾਮਦੇਵ ਜੀ ਦੇ ਆਪਣੇ ਜੀਵਨ ਵਿਚ ਘਟੀ 'ਮੋਈ ਗਊ ਨੂੰ ਜੀਵਾਲਣ ਵਾਲੀ ਘਟਨਾ' ਵਿਚ ਉਨ੍ਹਾਂ ਦੀ ਪੈਜ ਰੱਖਣ ਲਈ ਪ੍ਰਭੂ ਗਰੁੜ ਤੇ ਸਵਾਰ ਹੋ ਕੇ ਆਉਂਦਾ ਹੈ :

ਅਪਨੇ ਭਗਤ ਪਰਿ ਕੀ ਪ੍ਰਤਿਪਾਲ॥
ਗਰੁੜ ਚੜੇ ਆਏ ਗੋਪਾਲ॥੧੯॥ (ਭੈਰਉ, ਨਾਮਦੇਵ, ਪੰਨਾ-1165-1166)

## ਸਵਰਗ-ਨਰਕ ਦਾ ਸੰਕਲਪ

ਸਵਰਗ ਅਤੇ ਨਰਕ ਦੇ ਸੰਕਲਪ ਨੂੰ ਮਨੁੱਖ ਦੇ ਚੰਗੇ, ਮਾੜੇ ਕਰਮਾਂ ਨਾਲ ਜੋੜਿਆ ਜਾਂਦਾ ਹੈ। ਪ੍ਰਾਚੀਨ ਸਮੇਂ ਤੋਂ ਹੀ ਹਰ ਧਰਮ ਵਿਚ ਮਨੁੱਖ ਨੂੰ ਮਾੜੇ ਕਰਮਾਂ ਤੋਂ ਹੋੜਨ ਲਈ 'ਨਰਕ' ਦੀਆਂ ਭਿਆਨਕ ਸਜ਼ਾਵਾਂ ਅਤੇ ਚੰਗੇ ਕਰਮਾਂ ਵੱਲ ਪ੍ਰੇਰਿਤ ਕਰਨ ਲਈ 'ਸਵਰਗ ਲੋਕ' ਦੀ ਕਲਪਨਾ ਕੀਤੀ ਮਿਲਦੀ ਹੈ। "ਸਵਰਗ ਅਤੇ ਨਰਕ ਦਾ ਸੰਕਲਪ ਪੁਰਾਣਾਂ ਵਿਚ ਅਧਿਕ ਵਿਕਸਿਤ ਹੋਇਆ। ਸਾਧਾਰਣ ਰੂਪ ਵਿਚ ਇੰਦ੍ਰ ਨੂੰ ਸਵਰਗ ਦਾ ਸੁਆਮੀ ਮੰਨਿਆ ਜਾਂਦਾ ਹੈ।... ਸਵਰਗਾਂ ਦੇ ਵੀ ਕਈ ਸਰੂਪ ਅਤੇ ਭੇਦ ਪ੍ਰਚਲਿਤ ਹਨ। ਮੁੱਖ ਤੌਰ ਤੇ 'ਪਦਮ-ਪੁਰਾਣ' ਵਿਚ ਪੰਜ ਸਵਰਗ-ਇੰਦ੍ਰਪੁਰੀ, ਬੈਕੁੰਠ-ਪੁਰੀ ਕੈਲਾਸ਼-ਪੁਰੀ ਅਤੇ ਬ੍ਰਹਮ ਲੋਕ (ਬ੍ਰਹਮ-ਪੁਰੀ) ਦੱਸੇ ਗਏ ਹਨ। ਤਿਨਾਂ ਲੋਕਾਂ ਦੀ ਕਲਪਨਾ ਅਨੁਸਾਰ 'ਸਵਰਗ ਲੋਕ' ਅਕਾਸ਼ ਵਿੱਚ, 'ਪਾਤਾਲ ਲੋਕ' ਧਰਤੀ ਦੇ ਹੇਠਾਂ ਅਤੇ 'ਮਾਤ-ਲੋਕ' ਧਰਤੀ ਉਪਰ ਹੈ। ਪੁਰਾਣਾਂ ਅਨੁਸਾਰ ਸਵਰਗ ਦੀ ਸਥਾਨਗਤ ਹੋਂਦ ਹੈ।[91] ਇਨ੍ਹਾਂ ਤਿੰਨ ਲੋਕਾਂ ਦਾ ਗੁਰੂ ਗ੍ਰੰਥ ਸਾਹਿਬ ਵਿਚ ਵੀ ਜ਼ਿਕਰ ਮਿਲਦਾ ਹੈ।

ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਮਨੁੱਖੀ ਕਰਮਾਂ ਅਨੁਸਾਰ ਸਵਰਗ-ਨਰਕ ਦੇ ਸੰਕਲਪ ਨੂੰ ਪ੍ਰਵਾਨ ਤਾਂ ਜ਼ਰੂਰ ਕੀਤਾ ਹੈ ਪਰ ਉਨ੍ਹਾਂ ਇਸ ਸੰਕਲਪ ਨੂੰ ਕਿਸੇ ਇਕ ਮਨੁੱਖੀ ਵਰਗ ਲਈ ਨਹੀਂ, ਸਗੋਂ ਸਰਬ ਲੋਕਾਈ ਦੇ ਬੌਧਿਕ ਪੱਧਰ ਅਨੁਸਾਰ ਪੇਸ਼ ਕੀਤਾ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ ਬਾਣੀਕਾਰਾਂ ਲਈ ਸਵਰਗ-ਨਰਕ ਦੀ ਹੋਂਦ ਸਥਾਨਗਤ ਨਹੀਂ, ਸਗੋਂ ਭਾਵਨਾਗਤ ਹੈ।"[92]

ਬਾਣੀਕਾਰਾਂ ਨੇ ਗਿਆਨ ਵਿਹੂਣੇ, ਗੁਰੂ ਦੀ ਸ਼ਰਨ ਤੋਂ ਪਰ੍ਹੇ, ਪ੍ਰਭੂ ਦੇ ਨਾਮ ਤੋਂ ਸੱਖਣੇ, ਮੋਹ ਮਾਇਆ ਵਿਚ ਗਲਤਾਨ, ਮਨੁੱਖਾਂ ਨੂੰ ਆਪਣੇ ਆਪ ਵਿਚ ਹੀ ਨਰਕ ਦੇ ਖੂਹ ਵਿਚ ਡਿੱਗੇ ਦੱਸਿਆ ਹੈ। ਅਜਿਹੀ ਬੁੱਧੀ ਵਾਲੇ ਮਨੁੱਖ ਜਿਨ੍ਹਾਂ ਨੂੰ ਇਹ ਹੀ ਗਿਆਨ ਨਹੀਂ ਹੁੰਦਾ ਕਿ ਬੁਰੇ ਕਰਮ ਕਰਦੇ ਹੋਏ ਜੀਵਨ ਜਿਉਣਾ, ਦੁੱਖ ਨੂੰ ਸੁੱਖ ਸਮਝ ਕੇ ਭੋਗਣਾ ਨਰਕ ਹੀ ਤਾਂ ਹੈ :

ਨਰਕ ਕੂਪ ਮਹਿ ਗੋਤੇ ਖਾਵੈ ਜਿਉ ਜਲ ਤੇ ਬਾਹਰਿ ਮੀਨਾ ਹੇ॥੮॥
ਚਉਰਾਸੀਹ ਨਰਕ ਸਾਕਤੁ ਭੋਗਾਈਐ॥
ਜੈਸਾ ਕੀਚੈ ਤੈਸੋ ਪਾਈਐ॥

(ਮਾਰੂ, ਮਹਲਾ 1, ਪੰਨਾ-1028)

ਜਗਤ ਵਿਚ ਰਹਿੰਦੇ ਬਹੁਤ ਹੀ ਮਾੜੇ ਕਰਮ ਕਰਨ ਵਾਲਿਆਂ ਨੂੰ ਬਾਣੀਕਾਰਾਂ ਨੇ ਬੜੇ ਹੀ ਭਿਆਨਕ ਨਰਕ ਦੇ ਵਾਸੀ ਹੋਣ ਦੇ ਸੰਕਲਪ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ :

ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ॥
ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ॥
ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ॥...

(ਸਲੋਕ, ਸ਼ੇਖ਼ ਫ਼ਰੀਦ, ਪੰਨਾ-1383)

ਬਾਣੀਕਾਰਾਂ ਅਨੁਸਾਰ ਮਨੁੱਖ ਭਾਵੇਂ ਕਰਮਾਂ, ਅਕਰਮਾਂ ਤੋਂ ਬੇਪ੍ਰਵਾਹ ਰਹਿੰਦਾ ਹੈ ਪਰ ਚਿਤ੍ਰ-ਗੁਪਤ ਜੀਵ ਦੇ ਸਾਰੇ ਕਰਮਾਂ ਨੂੰ ਵਹੀ ਵਿਚ ਲਿਖਦਾ ਰਹਿੰਦਾ ਹੈ। "ਗੁਰਮਤ ਅਨੁਸਾਰ ਚਿਤ੍ਰ-ਗੁਪਤ ਉਹ ਸਾਰੀ ਆਤਮਾ, ਜ਼ਮੀਰ ਜੋ ਗੁਪਤ ਰੀਤਿ ਨਾਲ ਸ਼ੁਭ, ਅਸ਼ੁਭ ਕਰਮਾਂ ਨੂੰ ਚਿਤ੍ਰ ਕਰਦਾ ਹੈ। ਪੁਰਾਣਾ ਅਨੁਸਾਰ ਧਰਮਰਾਜ ਦਾ ਇਕ ਮੁਨਸ਼ੀ ਜੋ ਸਾਰੇ ਜੀਵਾਂ ਦੇ ਕਰਮ ਗੁਪਤ ਰੀਤਿ ਨਾਲ ਲਿਖਦਾ ਹੈ।"[93]

ਭਗਤ ਨਾਮਦੇਵ ਲਿਖਦੇ ਹਨ ਕਿ ਜੀਵ ਦੇ ਪਾਪ-ਪੁੰਨ ਉਸ ਪ੍ਰਭੂ ਰਾਜੇ ਦੇ ਮਹੱਲ (ਦਰਬਾਰ) ਦੇ ਦੋ ਚੋਬਦਾਰ ਹਨ। ਚਿਤ੍ਰ-ਗੁਪਤ ਉਸਦਾ ਮੁਨੀਮ ਹੈ ਜੋ ਸਾਰਾ ਲੇਖਾ-ਜੋਖਾ ਕਰਦਾ ਹੈ। ਇਵੇਂ ਹੀ ਧਰਮਰਾਜ ਜੋ ਕਿ ਪਰਲੋ ਲਿਆਉਣ ਵਾਲਾ ਮੰਨਿਆ ਜਾਂਦਾ ਹੈ, ਪ੍ਰਭੂ ਦੇ ਦਰ ਦਾ ਇਕ ਦਰਬਾਨ ਹੈ। ਇਹ ਸਭ ਉਸ ਹਰੀ ਰਾਜੇ ਦੇ ਹੁਕਮ ਨਾਲ ਹੀ ਮੌਤ ਰੂਪ ਵਿਚ ਜੀਵ ਦੁਆਲੇ ਮੰਡਰਾਉਂਦੇ ਤੇ ਲੇਖਾ ਲਿਖਦੇ ਰਹਿੰਦੇ ਹਨ।[94] ਧੁਰ ਦਰਗਾਹ ਤੋਂ ਹਰੀ ਦੇ ਫੁਰਮਾਨ ਅਨੁਸਾਰ ਜਮਦੂਤ ਜੀਵ ਨੂੰ ਲੈਣ ਲਈ ਪਹੁੰਚ ਜਾਂਦੇ ਹਨ। ਉਹ ਜੀਵ ਨੂੰ ਧਰਮਰਾਜ ਦੇ ਬੁਲਾਵੇ ਤੇ ਹਰੀ ਦੇ ਫੁਰਮਾਨ ਦੀ ਇਤਲਾਹ ਕਰਦੇ ਹੋਏ ਜਲਦੀ ਹੀ ਨਾਲ ਚੱਲਣ ਲਈ ਆਖਦੇ ਹਨ :

ਅਮਲੁ ਸਿਰਾਨੋ ਲੇਖਾ ਦੇਨਾ॥ ਆਏ ਕਠਿਨ ਦੂਤ ਜਮ ਲੇਨਾ॥
ਕਿਆ ਤੈ ਖਟਿਆ ਕਹਾ ਗਵਾਇਆ॥ ਚਲਹੁ ਸਿਤਾਬ ਦੀਬਾਨਿ ਬੁਲਾਇਆ॥੧॥
ਚਲੁ ਦਰਹਾਲੁ ਦੀਵਾਨਿ ਬੁਲਾਇਆ॥
ਹਰਿ ਫੁਰਮਾਨੁ ਦਰਗਹ ਕਾ ਆਇਆ॥੧॥ ਰਹਾਉ॥

(ਸੂਹੀ, ਕਬੀਰ, ਪੰਨਾ-792)

ਬਾਣੀਕਾਰ ਇਕ ਪਾਸੇ ਸਾਧਾਰਨ ਬੁੱਧੀ ਵਾਲੇ ਮਨੁੱਖ ਨੂੰ ਜਮਾਂ ਦਾ ਡਰ ਏਥੋਂ ਤੱਕ ਪਾਉਂਦੇ ਹਨ ਕਿ ਆਪਣੀਆਂ ਕਰਨੀਆਂ ਬਾਰੇ ਵੀਚਾਰ ਨਾ ਕਰਨ ਵਾਲੇ ਮਨੁੱਖ ਨੂੰ ਅੰਤ ਜਮ ਆ ਕੇ ਕੇਸਾਂ ਤੋਂ ਫੜ ਲੈ ਜਾਂਦਾ ਹੈ ਤੇ ਜੀਵ ਹੋਰ ਹੋਰ ਜਿਉਣ ਦੀ ਆਸ ਕਰਦਾ ਰਹਿੰਦਾ ਹੈ ਜਦੋਂਕਿ ਜਮ ਨਿਰੰਤਰ ਉਸਦੇ ਸ੍ਵਾਸਾਂ ਨੂੰ ਨਿਹਾਰਦੇ ਗਿਣਦੇ ਰਹਿੰਦੇ ਹਨ :

ਬਾਰਿਕ ਤੇ ਬਿਰਧਿ ਭਇਆ ਹੋਨਾ ਸੋ ਹੋਇਆ॥

ਜਾ ਜਮੁ ਆਇ ਝੋਟ ਪਕਰੈ ਤਬਹਿ ਕਾਹੇ ਰੋਇਆ॥੨॥

ਜੀਵਨੈ ਕੀ ਆਸ ਕਰਹਿ ਜਮੁ ਨਿਹਾਰੈ ਸਾਸਾ॥

(ਆਸਾ, ਕਬੀਰ, ਪੰਨਾ-481-482)

ਇਸ ਤਰ੍ਹਾਂ ਭਗਤ ਬਾਣੀਕਾਰਾਂ ਨੇ ਮਨੁੱਖੀ ਬੁੱਧੀ ਦੀ ਪੱਧਰ ਨੂੰ ਮੁੱਖ ਰੱਖਕੇ ਸਵਰਗ-ਨਰਕ ਦੇ ਸੰਕਲਪ ਨੂੰ ਘੜਿਆ। ਜਿੱਥੇ ਉਨ੍ਹਾਂ ਨੇ ਸਾਧਾਰਨ ਬੁੱਧੀ ਵਾਲੇ ਚੰਗੇ, ਮਾੜੇ ਦੀ ਸੂਝ ਨਾ ਰੱਖਣ ਵਾਲੇ, ਵਹਿਮਾ, ਭਰਮਾਂ, ਕਰਮਕਾਂਡਾ ਵਿਚ ਗ੍ਰਸਤ, ਗੁਰੂ ਤੋਂ ਸੱਖਣੇ, ਨਿਰਗੁਣ ਹਰੀ-ਨਾਮ ਦੇ ਮਾਰਗ ਤੋਂ ਖੁੰਝੇ ਹੋਏ ਲੋਕਾਂ ਨੂੰ ਨਰਕ ਵਿਚ ਮਿਲਣ ਵਾਲੀਆਂ ਸ਼ਜਾਵਾਂ, ਜਮਾਂ ਦੁਆਰਾ ਲੈ ਕੇ ਜਾਣਾ, ਧਰਮਰਾਜ ਦੀ ਕਚਹਿਰੀ ਵਿਚ ਚਿਤ੍ਰ-ਗੁਪਤ ਦੁਆਰਾ ਕੀਤੇ ਕਰਮਾਂ ਦਾ ਲੇਖਾ-ਜੋਖਾ ਦੇਣਾ ਅਤੇ ਸਜ਼ਾਵਾਂ ਦੇ ਮਿਲਣ ਦਾ ਡਰ ਪੈਦਾ ਕੀਤਾ ਹੈ ਉਥੇ ਹਰੀ-ਪ੍ਰੇਮ, ਨਾਮ-ਸਿਮਰਨ ਕਰਨ ਵਾਲੇ ਭਗਤਾਂ ਨੂੰ ਨਰਕ, ਸਵਰਗ, ਜਨਮ, ਮਰਨ ਦੇ ਚੱਕਰ ਤੋਂ ਦੂਰ ਦੱਸਿਆ ਹੈ। ਉਨ੍ਹਾਂ ਅਨੁਸਾਰ ਪ੍ਰਭੂ ਦੇ ਨੇੜਲੇ ਪਿਆਰੇ ਭਗਤਾਂ ਦਾ ਚਿਤ੍ਰ-ਗੁਪਤ ਦੁਆਰਾ ਲਿਖਿਆ ਕਾਗਜ਼ ਪਾੜ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਅੱਗੇ ਜਮਦੂਤਾਂ ਦੀ ਇਕ ਵੀ ਨਹੀਂ ਚੱਲਦੀ :

ਹਰਿ ਦਰੁ ਸੇਵੇ ਅਲਖ ਅਭੇਵੇ ਨਿਹਚਲੁ ਆਸਣੁ ਪਾਇਆ॥

ਤਹ ਜਨਮ ਨ ਮਰਣੁ ਨ ਆਵਣ ਜਾਣਾ ਸੰਸਾ ਦੁਖੁ ਮਿਟਾਇਆ॥

ਚਿਤ੍ਰ ਗੁਪਤ ਕਾ ਕਾਗਦੁ ਫਾਰਿਆ ਜਮਦੂਤਾ ਕਛੂ ਨ ਚਲੀ॥

(ਸਿਰੀਰਾਗ, ਮਹਲਾ 5, ਪੰਨਾ-79)

ਸੋ ਐਸੀ ਉੱਚੀ ਸੰਤ-ਬਿਰਤੀ ਤੱਕ ਪਹੁੰਚਣ ਵਾਲੇ ਗੁਰਮੁਖਾਂ, ਸੰਤਾਂ ਲਈ ਸਵਰਗ, ਨਰਕ ਦਾ ਕੋਈ ਭੈ ਨਹੀਂ ਰਹਿੰਦਾ। ਜਦੋਂ ਪ੍ਰਭੂ-ਨਾਮ ਤੇ ਸੱਚੇ ਗੁਰੂ ਦੀ ਕ੍ਰਿਪਾ ਹੋਵੇ ਤਾਂ ਕਿਸੇ ਕਿਸਮ ਦੀ ਕੋਈ ਮੁਥਾਜੀ ਨਹੀਂ ਰਹਿੰਦੀ।[95] ਗੁਰੂ ਦੇ ਲੜ ਲੱਗੇ ਗੁਰਮੁਖਾਂ ਨੂੰ ਨਾ ਸਵਰਗ ਦੀ ਤਾਂਘ ਰਹਿੰਦੀ ਹੈ ਤੇ ਨਾ ਹੀ ਨਰਕ ਦਾ ਡਰ। ਹੋਰ ਸਭ ਆਸਾਂ ਦਾ ਤਿਆਗ ਕਰਕੇ ਕੇਵਲ ਪ੍ਰਭੂ ਦੇ ਹੁਕਮ ਅਨੁਸਾਰ ਚੱਲਣਾ ਹੀ ਉਨ੍ਹਾਂ ਦਾ ਧਰਮ ਬਣ ਜਾਂਦਾ ਹੈ[96] ਕਿਉਂਕਿ ਜਦੋਂ ਤੱਕ ਮਨ ਵਿਚ ਬੈਕੁੰਠ (ਸਵਰਗ) ਵਿਚ ਜਾਣ ਦੀ ਆਸ ਬਣੀ ਰਹਿੰਦੀ ਹੈ, ਉਨ੍ਹਾਂ ਚਿਰ ਪ੍ਰਭੂ ਦੇ ਚਰਨਾਂ ਵਿਚ ਸਹਿਜ ਨਿਵਾਸ ਨਹੀਂ ਹੁੰਦਾ ਭਾਵ ਪ੍ਰਭੂ ਦੇ ਚਰਨਾਂ ਨਾਲ ਮਨ ਨਹੀਂ ਜੁੜਦਾ ਪਰ ਇਹ ਗੱਲ ਸੁਣਨ ਤੇ ਸਮਝਣ ਵਾਲੇ ਬਹੁਤ ਘੱਟ ਹਨ। ਇਸ ਲਈ ਕਬੀਰ ਜੀ ਆਖਦੇ ਹਨ ਕਿ ਇਹ ਗੱਲ ਕਿਸ ਨੂੰ ਕਹੀਏ ਕਿ ਸੱਚੀ ਸਾਧ-ਸੰਗਤ ਹੀ ਅਸਲੀ ਬੈਕੁੰਠ ਹੈ ਜਿੱਥੇ ਬੈਠ ਕੇ ਸੱਚੇ ਹਰੀ ਦੀ ਵੀਚਾਰ ਕੀਤੀ ਜਾਂਦੀ ਹੈ ਤੇ ਚੰਗੇ ਮਾੜੇ ਕਰਮਾਂ ਦਾ ਨਿਖੇੜਾ ਕੀਤਾ ਜਾਂਦਾ ਹੈ :

ਜਬ ਲਗੁ ਮਨਿ ਬੈਕੁੰਠ ਕੀ ਆਸ॥ ਤਬ ਲਗੁ ਹੋਇ ਨਹੀ ਚਰਨ ਨਿਵਾਸੁ॥੩॥
ਕਹੁ ਕਬੀਰ ਇਹ ਕਹੀਐ ਕਾਹਿ॥
ਸਾਧਸੰਗਤਿ ਬੈਕੁੰਠੈ ਆਹਿ॥੪॥੧੦॥

(ਗਉੜੀ, ਕਬੀਰ, ਪੰਨਾ-325)

ਕਬੀਰ ਦਾ ਵਿਚਾਰ ਹੈ ਕਿ ਸੰਤ ਪੁਰਸ਼ਾਂ ਲਈ ਪ੍ਰਭੂ-ਪ੍ਰੇਮ, ਪ੍ਰਭੂ-ਨਾਮ ਵਿਚ ਸੁਰਤੀ ਜੋੜਨ ਅਤੇ ਦਸਮ ਦੁਆਰ ਦੀ ਅਵਸਥਾ ਤੱਕ ਪਹੁੰਚਣਾ ਹੀ ਅਸਲ ਸਵਰਗ-ਪ੍ਰਾਪਤੀ ਦੀ ਅਵਸਥਾ ਹੈ :

ਚਲੁ ਰੇ ਬੈਕੁੰਠ ਤੁਝਹਿ ਲੇ ਤਾਰਉ॥ ਹਿਚਹਿ ਤ ਪ੍ਰੇਮ ਕੈ ਚਾਬੁਕ ਮਾਰਉ॥੨॥
ਕਹਤ ਕਬੀਰ ਭਲੇ ਅਸਵਾਰਾ॥ ਬੇਦ ਕਤੇਬ ਤੇ ਰਹਹਿ ਨਿਰਾਰਾ॥੩੧॥

(ਗਉੜੀ, ਕਬੀਰ, ਪੰਨਾ-329)

## ਇਸਲਾਮੀ ਮਿਥ

**ਅੱਲਾਹ :** ਇਸਲਾਮ ਵਿਚ ਪਰਮ ਸੱਤਾ ਲਈ ਵਿਸ਼ੇਸ਼ ਤੌਰ ਤੇ ਅੱਲਾਹ ਸ਼ਬਦ ਦੀ ਵਰਤੋਂ ਹੋਈ ਹੈ। ਇਸ ਤੋਂ ਇਲਾਵਾ ਭਾਵੇਂ ਅੱਲਾਹ ਨੂੰ ਹੋਰ ਨਾਵਾਂ ਰਹਿਮਾਨ, ਰਹੀਮ, ਕਰੀਮ, ਗਨੀ ਆਦਿ ਨਾਲ ਵੀ ਪੁਕਾਰਿਆ ਜਾਂਦਾ ਹੈ। "ਅੱਲਾਹ ਸ਼ਬਦ ਵਾਸਤਵ ਵਿਚ 'ਅਲ-ਇਲਾਹ' ਸੀ ਜਿਹੜਾ ਹੌਲੀ-ਹੌਲੀ ਸ਼ਬਦ ਅੱਲਾਹ ਦੇ ਰੂਪ ਵਿਚ ਪ੍ਰਚਲਿਤ ਹੋ ਗਿਆ। 'ਅਲ' ਅਰਬੀ ਭਾਸ਼ਾ ਵਿਚ ਉਸੇ ਤਰ੍ਹਾਂ ਪ੍ਰਯੋਗ ਹੁੰਦਾ ਹੈ ਜਿਵੇਂ ਅੰਗਰੇਜ਼ੀ ਵਿਚ ਕਿਸੇ ਸ਼ਬਦ ਤੋਂ ਪਹਿਲਾਂ 'The' ਸ਼ਬਦ ਲੱਗ ਕੇ ਉਹਨੂੰ ਵਿਸ਼ੇਸ਼ਤਾ ਪ੍ਰਦਾਨ ਕਰਦਾ ਹੈ। ਇਸ ਤਰ੍ਹਾਂ ਅੱਲਾਹ ਤੋਂ ਭਾਵ ਇਕ ਪ੍ਰਮੁੱਖ ਤੇ ਵਿਸ਼ੇਸ਼ ਇਲਾਹ (ਇਸ਼ਟ) ਹੋਇਆ।"[97]

ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਜਿੱਥੇ ਪਰਮ-ਸੱਤਾ (ਬ੍ਰਹਮ) ਦੇ ਨਾਮ ਲਈ ਹਿੰਦੂ ਇਤਿਹਾਸ, ਮਿਥਿਹਾਸ ਵਿਚ ਹੋਏ ਅਵਤਾਰੀ ਨਾਮਾਂ ਨੂੰ ਪਰਮਾਤਮਾ ਦੇ ਪਰਿਆਇਵਾਚੀ ਨਾਮ ਲਈ ਵਰਤ ਲਿਆ ਉਥੇ ਉਨ੍ਹਾਂ ਇਸਲਾਮੀ ਧਰਮ ਵਿਚ ਪ੍ਰਮਾਤਮਾ ਲਈ ਲਏ ਜਾਂਦੇ ਨਾਮ 'ਅੱਲਾਹ', 'ਰਹੀਮ', 'ਕਰੀਮ', 'ਪਰਵਦਗਾਰ', 'ਗਨੀ' ਆਦਿ ਨੂੰ ਨਿਰਸੰਕੋਚ ਪ੍ਰਵਾਨਿਆ ਕਿਉਂਕਿ ਉਨ੍ਹਾਂ ਅਨੁਸਾਰ ਅਨੁਭਵ ਤਾਂ ਉਸ ਇਕੋ ਇਕ ਵਿਆਪਕ ਪਰਮ-ਸ਼ਕਤੀ ਵਿਚ ਵਿਸ਼ਵਾਸ ਦਾ ਹੈ। ਬਾਣੀਕਾਰ ਜਿਸ ਥਾਂ ਜਿਹੜੇ ਵੀ ਧਰਮ ਦੇ ਲੋਕਾਂ ਨੂੰ ਮੁਖਾਤਿਬ ਹੋਏ, ਉਨ੍ਹਾਂ ਆਪਣੀ ਰਚਨਾ ਵਿਚ ਉਸੇ ਧਰਮ ਦੇ ਵਿਸ਼ਵਾਸਾਂ, ਸ਼ਰਧਾ ਨੂੰ ਮੁੱਖ ਰੱਖਕੇ ਆਪਣੇ ਉਪਦੇਸ਼ਾਂ ਨੂੰ ਸੰਚਾਰਿਤ ਕੀਤਾ।

ਭਗਤ ਬਾਣੀ ਵਿਚ ਭਗਤ ਕਬੀਰ ਜੀ ਅੱਲਾਹ ਦੀ ਹਸਤੀ ਨੂੰ ਮੁਸਲਿਮ ਧਰਮ ਦੇ ਕਾਜ਼ੀ ਅੱਗੇ ਉਸਦੇ ਧਰਮ ਸਿਧਾਂਤ ਅਨੁਸਾਰ ਵਿਚਾਰਦੇ ਹਨ ਕਿ ਹੇ ਕਾਜ਼ੀ! ਤੇਰੀਆਂ ਪਵਿੱਤਰ ਧਰਮ ਪੁਸਤਕਾਂ ਵੀ ਇਹੋ ਕਹਿ ਰਹੀਆਂ ਹਨ ਕਿ ਉਹ ਅੱਲਾਹ ਨਾ ਇਸਤਰੀ ਹੈ ਤੇ ਨਾ ਪੁਰਖ। ਇਨ੍ਹਾਂ

ਕਤੇਬਾਂ ਵਿਚ ਇਹ ਵੀ ਲਿਖਿਆ ਹੈ ਕਿ ਉਹ ਸਾਰੇ ਹਿਰਦਿਆਂ ਵਿਚ ਗੁਪਤ ਰੂਪ ਵਿਚ ਵਰਤਦਾ ਹੈ। ਇਸ ਲਈ ਉਹ ਹਿੰਦੂ, ਤੁਰਕ ਸਾਰਿਆਂ ਵਿਚ ਇਕੋ ਜਿਹਾ ਪਸਰ ਰਿਹਾ ਹੈ :

ਸਾਚੁ ਕਤੇਬ ਬਖਾਨੈ ਅਲਹੁ ਨਾਰਿ ਪੁਰਖੁ ਨਹੀ ਕੋਈ॥...
ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ॥
ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ॥੩॥੭॥੨੯॥

(ਆਸਾ, ਕਬੀਰ, ਪੰਨਾ-483)

ਇਸਲਾਮੀ ਮਤ ਅਨੁਸਾਰ ਅੱਲਾਹ ਸੱਤਵੇਂ ਅਸਮਾਨ ਵਿਚ ਰਹਿੰਦਾ ਹੈ, ਪਰ ਹਿੰਦੂ ਉਸਨੂੰ ਕੇਵਲ ਅਵਤਾਰਾਂ ਮੂਰਤਾਂ ਵਿਚ ਹੀ ਦੇਖਦੇ ਹਨ। ਭਗਤ ਕਬੀਰ ਜੀ ਨੇ ਦੋਵਾਂ ਦੇ ਵਿਚਾਰ ਰੱਦ ਕਰਦੇ ਹੋਏ ਉਸ ਅੱਲਾਹ ਨੂੰ ਸਾਰੀ ਖ਼ਲਕਤ ਵਿਚ ਵਸਦੇ ਦੱਸਿਆ ਹੈ। ਉਨ੍ਹਾਂ ਅਨੁਸਾਰ ਉਹ ਕਿਸੇ ਵੱਖਰੇ ਅਸਮਾਨ ਵਿਚ ਨਹੀਂ, ਸਗੋਂ ਜੀਵਾਂ ਦੇ ਹਿਰਦੇ ਵਿਚ ਦਰਿਆ ਰੂਪੀ ਦਸਮ ਦੁਆਰ ਦੇ ਵਿਚ ਵਹਿ ਰਿਹਾ ਹੈ ਤੇ ਉਸ ਵਗਦੇ ਦਰਿਆ ਵਿਚ ਹਿਰਦੇ ਅੰਦਰ ਹੀ ਇਸ਼ਨਾਨ ਕਰਨਾ ਚਾਹੀਦਾ ਹੈ ਭਾਵ ਉਸ ਵਿਚ ਅਭੇਦ ਹੋਣਾ ਚਾਹੀਦਾ ਹੈ। ਇਸ ਤਰੀਕੇ ਨਾਲ ਉਸਦੇ ਦਰ ਦੇ ਫ਼ਕੀਰ ਬਣਿਆਂ ਹੀ ਅਤੇ ਸਦਾ ਭਗਤੀ ਵਾਲੀ ਐਨਕ ਲਗਾਈ ਰੱਖਣ ਨਲ ਹੀ ਹਰ ਕਿਤੇ ਮੌਜੂਦ, ਹਾਜ਼ਿਰ-ਨਾਜ਼ਿਰ ਨਜ਼ਰ ਆਉਂਦਾ ਹੈ :

ਦਰੋਗੁ ਪੜਿ ਪੜਿ ਖੁਸੀ ਹੋਇ ਬੇਖਬਰ ਬਾਦੁ ਬਕਾਹਿ॥
ਹਕੁ ਸਚੁ ਖਾਲਕ ਖਲਕ ਮਿਆਨੇ ਸਿਆਮ ਮੂਰਤਿ ਨਾਹਿ॥੨॥
ਅਸਮਾਨ ਮ੍ਹਿਾਨੇ ਲਹੰਗ ਦਰੀਆ ਗੁਸਲ ਕਰਦਨ ਬੂਦ॥
ਕਰਿ ਫਕਰੁ ਦਾਇਮ ਲਾਇ ਚਸਮੇ ਜਹਾ ਤਹਾ ਮਉਜੂਦੁ॥੩॥

(ਤਿਲੰਗ, ਕਬੀਰ, ਪੰਨਾ-727)

**ਅੱਲਾਹ ਦੇ ਫਰਿਸ਼ਤੇ :** "ਕੁਰਆਨ ਵਿਚ ਫਰਿਸ਼ਤੇ ਸ਼ਬਦ ਲਈ 'ਮਲਕ' ਸ਼ਬਦ ਆਇਆ ਹੈ। ਮਲਕ ਦਾ ਅਰਥ ਹੈ ਸੰਦੇਸ਼ ਲਿਆਉਣ ਵਾਲਾ। ਫਰਿਸ਼ਤਿਆਂ ਵਿਚ ਬ੍ਰਹਮ-ਲੋਕ ਤੇ ਜਗਤ-ਲੋਕ ਨਾਲ ਸੰਪਰਕ ਸਥਾਪਤ ਕਰ ਸਕਣ ਦੀ ਸਮਰੱਥਾ ਹੁੰਦੀ ਹੈ। ਅੱਲਾਹ ਨੇ ਅਨੇਕਾਂ ਫਰਿਸ਼ਤਿਆਂ ਨੂੰ ਆਪਣੇ ਮਹਾਨ ਕਾਰਜ ਦੇ ਪ੍ਰਬੰਧ ਵਿਚ ਲਗਾਇਆ ਹੋਇਆ ਹੈ। ਫਰਿਸ਼ਤੇ ਲੋੜ ਪੈਣ ਤੇ ਜਿਹੜਾ ਰੂਪ ਚਾਹੁਣ ਧਾਰਣ ਕਰ ਸਕਦੇ ਹਨ।"[98]

ਭਗਤ ਕਬੀਰ ਜੀ ਨੇ ਆਪਣੇ ਸ਼ਬਦ ਵਿਚ ਅੱਲਾਹ ਦੇ ਉਨ੍ਹਾਂ ਸੱਤਰ ਸੌ ਫਰਿਸ਼ਤਿਆਂ ਦਾ ਜ਼ਿਕਰ ਕੀਤਾ ਜਿਨ੍ਹਾਂ ਨੂੰ ਖ਼ੁਦਾ ਨੇ ਜਬਰਾਈਲ ਫਰਿਸ਼ਤੇ ਦੇ ਨਾਲ ਹਜ਼ਰਤ ਮੁਹੰਮਦ ਸਾਹਿਬ ਪਾਸ

ਵੱਡੀ ਆਇਤ ਅਪੜਾਉਣ ਲਈ ਭੇਜਿਆ ਸੀ। ਇਵੇਂ ਹੀ ਫਰੀਦ ਜੀ ਦੇ ਸ਼ਬਦ ਵਿਚ 'ਮੁਨਕਰ' ਤੇ 'ਨਕੀਰ' ਨਾਂ ਦੇ ਫਰਿਸ਼ਤਿਆਂ ਵੱਲ ਸੰਕੇਤ ਕੀਤਾ ਮੰਨਿਆ ਗਿਆ ਹੈ :

ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ॥
ਜਾਲਣ ਗੋਰਾਂ ਨਾਲ ਉਲਾਮੇ ਜੀਅ ਸਹੇ॥੮॥੨॥

(ਆਸਾ, ਸ਼ੇਖ਼ ਫ਼ਰੀਦ, ਪੰਨਾ-488)

ਫ਼ਰੀਦ ਜੀ ਦੇ ਉਪਰੋਕਤ ਸ਼ਬਦ ਦੇ ਅਰਥ ਹਨ ਕਿ ਜ਼ਮੀਨ ਅਸਮਾਨ ਨੂੰ ਪੁੱਛਦੀ ਹੈ ਕਿ ਉਹ ਵੱਡੇ-ਵੱਡੇ ਧਰਮ ਆਗੂ, ਹੰਕਾਰੀ, ਗੁਰੂ (ਜੋ ਸਮਝਦੇ ਸਨ ਕਿ ਅਸੀਂ ਹੀ ਲੋਕਾਈ ਨੂੰ ਪਾਰ ਲਾਉਣ ਵਾਲੇ ਮਲਾਹ ਹਾਂ) ਕਿੰਨੇ ਕੁ ਪਾਰ ਹੋ ਗਏ? ਭਾਵ ਕਿੰਨੇ ਕੁ ਬਹਿਸ਼ਤ ਦੇ ਨਿਵਾਸੀ ਹੋ ਗਏ। ਜ਼ਮੀਨ ਦੀ ਇਸ ਗੱਲ ਦਾ ਅਸਮਾਨ ਉਤਰ ਦਿੰਦਾ ਹੈ ਕਿ ਉਹ ਅਜੇ ਮੇਰੇ ਕੋਲ (ਬਹਿਸ਼ਤ ਵਿੱਚ) ਨਹੀਂ ਆਏ, ਉਹ ਤਾਂ ਅਜੇ ਕਬਰਾਂ (ਗੋਰਾਂ) ਵਿਚ ਹੀ ਪਏ ਦੁੱਖ ਸਹਾਰ ਰਹੇ ਹਨ ਅਤੇ ਉਨ੍ਹਾਂ ਦੀਆਂ ਰੂਹਾਂ ਕੀਤੇ ਕਰਮਾਂ ਦੇ ਤਾਹਨੇ-ਮਿਹਣੇ ਸੁਣ ਰਹੀਆਂ ਹਨ। ਏਥੇ ਭਾਵੇਂ ਉਨ੍ਹਾਂ ਫਰਿਸ਼ਤਿਆਂ ਦੇ ਨਾਮ ਦਰਜ ਨਹੀਂ ਪਰ ਇਸਲਾਮੀ ਕਿਤਾਬਾਂ ਅਨੁਸਾਰ ਦੋ ਫਰਿਸ਼ਤੇ 'ਮੁਨਕਰ' ਤੇ 'ਨਕੀਰ' ਉਹ ਮੰਨੇ ਜਾਂਦੇ ਹਨ ਜੋ ਕਬਰਾਂ ਵਿਚ ਆ ਕੇ ਰੂਹਾਂ ਦਾ ਇਮਤਿਹਾਨ ਜਾਂ ਉਨ੍ਹਾਂ ਦੁਆਰਾ ਕੀਤੇ ਕਰਮਾਂ ਲਈ ਸੁਆਲ ਕਰਦੇ ਹਨ ਜਿਨ੍ਹਾਂ ਨੂੰ ਫ਼ਰੀਦ ਜੀ ਨੇ ਕੀਤੇ ਬੁਰੇ ਕਰਮਾਂ ਕਾਰਨ 'ਤਾਹਨੇ' ਕਿਹਾ ਹੈ।

**ਪੈਗ਼ੰਬਰ** : "ਪੈਗ਼ੰਬਰ ਖ਼ੁਦਾ ਦਾ ਸੰਦੇਸ਼ ਦੇਣ ਵਾਲੇ ਹਰ ਧਰਮੀ ਪੁਰਸ਼ ਨੂੰ ਕਿਹਾ ਜਾ ਸਕਦਾ ਹੈ, ਭਾਵੇਂ ਉਸ ਨੂੰ ਖ਼ੁਦਾ ਵੱਲੋਂ ਕੋਈ ਧਰਮ-ਗ੍ਰੰਥ ਕਿਸੇ ਨਾ ਕਿਸੇ ਰੂਪ ਵਿਚ ਬਖ਼ਸ਼ਿਆ ਗਿਆ ਹੋਵੇ ਜਾਂ ਨਾ ਬਖਸ਼ਿਆ ਗਿਆ ਹੋਵੇ। ਪਰ ਰਸੂਲ ਕੇਵਲ ਉਸਨੂੰ ਹੀ ਕਿਹਾ ਜਾਵੇਗਾ ਜਿਸਨੂੰ ਖ਼ੁਦਾ ਵੱਲੋਂ ਜਿਬਰਾਈਲ ਫਰਿਸ਼ਤੇ ਰਾਹੀਂ ਕਿਸੇ ਧਰਮ ਪੁਸਤਕ ਦਾ ਆਵੇਸ਼ ਹੋਇਆ ਹੋਵੇ। ਇਸ ਆਵੇਸ਼ ਨੂੰ 'ਵਹੀ' ਕਿਹਾ ਜਾਂਦਾ ਹੈ।"[99] ਭਗਤ ਕਬੀਰ ਜੀ ਨੇ ਇਸਲਾਮੀ ਮਤ ਅਨੁਸਾਰ ਪੈਗੰਬਰਾਂ ਦੀ ਗਿਣਤੀ ਸਵਾ ਲੱਖ ਦੱਸੀ ਹੈ।

**ਸ਼ੇਖ** : ਭਗਤ ਕਬੀਰ ਜੀ ਅੱਲਾਹ ਦੇ ਦਰ 'ਤੇ ਅਠਾਸੀ ਕਰੋੜ ਸ਼ੇਖ (ਬਜ਼ੁਰਗ, ਵਿਦਵਾਨ) ਅਤੇ ਅੱਲਾਹ ਦੁਆਰਾ ਖੇਡੀ ਜਾ ਰਹੀ ਖੇਡ ਵਿਚ ਛਪੰਜਾ ਕਰੋੜ ਸ਼ਾਮਿਲ ਸਾਥੀਆਂ (ਦਰਬਾਰੀ, ਮੁਸਾਹਿਬਾਂ) ਦੇ ਹੋਣ ਦਾ ਵਿਚਾਰ ਪ੍ਰਗਟਾਉਂਦੇ ਹਨ।

**ਬਾਬਾ ਆਦਮ:** ਭਗਤ ਕਬੀਰ ਜੀ ਇਸਲਾਮ ਧਰਮ ਅਨੁਸਾਰ ਅੱਲਾਹ ਦੁਆਰਾ ਬਾਬਾ ਆਦਮ ਨੂੰ ਮਿੱਟੀ ਤੋਂ ਬਣਾਉਣ, ਉਸ ਵਿਚ ਆਪਣੀ ਰੂਹ ਫੂਕ, ਫਰਿਸ਼ਤਿਆਂ ਤੋਂ ਸਿਜਦਾ ਕਰਾਉਣ ਅਤੇ ਫਿਰ

ਬਾਬਾ ਆਦਮ ਦੁਆਰਾ ਵਰਜਿਤ ਫਲ ਖਾਣ ਕਾਰਨ ਬਹਿਸ਼ਤ ਚੋਂ ਕੱਢੇ ਜਾਣ ਦੀ ਕਥਾ ਵੱਲ ਇਸ ਤਰ੍ਹਾਂ ਸੰਕੇਤ ਕਰਦੇ ਹਨ:

ਸਤਰਿ ਸੈਇ ਸਲਾਰ ਹੈ ਜਾ ਕੇ॥ ਸਵਾ ਲਾਖੁ ਪੈਕਾਬਰ ਤਾ ਕੇ॥
ਸੇਖ ਜੁ ਕਹੀਅਹਿ ਕੋਟਿ ਅਠਾਸੀ॥ ਛਪਨ ਜਾ ਕੇ ਖੇਲ ਖਾਸੀ॥੧॥
ਮੋ ਗਰੀਬ ਕੀ ਕੋ ਗੁਜਰਾਵੈ॥ਮਜਲਸਿ ਦੂਰ ਮਹਲੁ ਕੋ ਪਾਵੈ॥੧॥ਰਹਾਉ॥...
ਬਾਬਾ ਆਦਮ ਕਉ ਕਿਛੁ ਨਦਰਿ ਦਿਖਾਈ॥ ਉਨਿ ਭੀ ਭਿਸਤਿ ਘਨੇਰੀ ਪਾਈ॥੨॥
ਦਿਲ ਖਲਹਲੁ ਜਾ ਕੈ ਜਰਦ ਰੂ ਬਾਨੀ॥ ਛੋਡਿ ਕਤੇਬ ਕਰੈ ਸੈਤਾਨੀ॥...
ਦਾਸੁ ਕਬੀਰੁ ਤੇਰੀ ਪਨਹ ਸਮਾਨਾਂ॥
ਭਿਸਤੁ ਨਜੀਕਿ ਰਾਖੁ ਰਹਮਾਨਾ॥੪॥੭॥੧੫॥

(ਭੈਰਉ, ਕਬੀਰ, ਪੰਨਾ-1161)

ਇਸ ਸ਼ਬਦ ਵਿਚ ਮੁਸਲਮਾਨੀ ਵਿਸ਼ਵਾਸਾਂ ਅਨੁਸਾਰ ਅੱਲਾਹ ਦੇ ਸੱਤਰ ਸੌ ਫਰਿਸ਼ਤੇ (ਫਰਿਸ਼ਤਿਆਂ ਦੀ ਗਿਣਤੀ ਨਿਸ਼ਚਿਤ ਨਹੀਂ), ਸਵਾ ਲੱਖ ਪੈਗ਼ੰਬਰ ਹੋਣ ਦੇ ਨਾਲ-ਨਾਲ ਉਸ ਅੱਲਾਹ ਦੇ ਕਰੋੜਾਂ ਸ਼ੇਖ (ਵਿਦਵਾਨ), ਮੁਸਾਹਿਬ ਦੱਸੇ ਗਏ ਹਨ। ਕਬੀਰ ਜੀ ਅੱਲਾਹ ਦੇ ਦਰਬਾਰ ਦੀ (ਵਿਆਪਕਤਾ) ਵੱਡੀ ਵਡਿਆਈ ਅਤੇ ਆਪਣੀ ਛੁਟਾਈ ਭਾਵ ਨਿਮਰਤਾ, ਗ਼ਰੀਬੀ ਵਾਲੇ ਵੇਸ ਨੂੰ ਦ੍ਰਿਸ਼ਟੀਗੋਚਰ ਕਰਦੇ ਹਨ। ਕਬੀਰ ਜੀ ਦਾ ਮਨੋਰਥ ਧਰਮ ਪੁਸਤਕਾਂ ਦੀ ਵੀਚਾਰ ਕਰਨ, ਆਪੋ-ਆਪਣੇ ਕੀਤੇ ਕਰਮਾਂ ਦਾ ਫਲ ਭੋਗਣ ਅਤੇ ਚੰਗੇ ਕਰਮ ਕਰਨ ਦੀ ਦੁਆ ਕਰਦੇ ਹੋਏ ਅੱਲਾਹ ਦੀ ਪਨਾਹ, ਸ਼ਰਨ ਵਿਚ ਰਹਿਣ ਤੇ ਬਹਿਸ਼ਤ ਦੇ ਨਜ਼ਦੀਕ ਹੋਣ ਦੇ ਮਾਰਗ ਦੀ ਸੋਝੀ ਪਾਉਣਾ ਹੈ ਜਿਸ ਨੂੰ ਸੰਚਾਰਿਤ ਕਰਨ ਲਈ ਉਨ੍ਹਾਂ ਨੇ ਇਸਲਾਮੀ ਮਾਨਤਾਵਾਂ ਨੂੰ ਉਸੇ ਤਰ੍ਹਾਂ ਮਾਧਿਅਮ ਬਣਾਇਆ ਜਿਵੇਂ ਪੁਰਾਣਿਕ ਕਥਾਵਾਂ ਨੂੰ।

**ਬਹਿਸ਼ਤ ਤੇ ਦੋਜ਼ਖ਼ :** ਭਗਤ ਬਾਣੀਕਾਰਾਂ ਨੇ ਜਿੱਥੇ ਹਿੰਦੂ ਪੁਰਾਣਿਕ ਮਿਥਾਂ ਅਨੁਸਾਰ ਸਵਰਗ-ਨਰਕ ਦੇ ਸੰਕਲਪ ਨੂੰ ਪੇਸ਼ ਕੀਤਾ ਹੈ ਉਥੇ ਇਸਲਾਮੀ ਧਰਮ ਅਨੁਸਾਰ ਵੀ ਬਹਿਸ਼ਤ ਤੇ ਦੋਜ਼ਖ਼ ਦੇ ਸੰਕਲਪ ਨੂੰ ਪੇਸ਼ ਕੀਤਾ ਹੈ। ਇਸਲਾਮੀ ਮਤ ਅਨੁਸਾਰ ਸ਼ੁਭ ਅਮਲਾਂ ਵਾਲੇ ਇਨਸਾਨਾਂ ਨੂੰ ਬਹਿਸ਼ਤ ਵਿਚ ਥਾਂ ਪ੍ਰਾਪਤ ਹੋਵੇਗੀ ਜਿਸ ਬਹਿਸ਼ਤ ਦੇ ਵਾਸੀ ਹਰ ਤਰ੍ਹਾਂ ਦੀਆਂ ਸੁੱਖ-ਸਹੂਲਤਾਂ ਜੋ ਇਸ ਸੰਸਾਰ ਵਿਚ ਮਾਣਦੇ ਹਨ ਹਰਿਆਲੇ ਬਾਗ਼ ਜਿਨ੍ਹਾਂ ਬਾਗਾਂ ਦੇ ਦਰੱਖ਼ਤਾਂ ਦੇ ਮਿੱਠੇ ਫਲ, ਪੱਕੀਆਂ ਖਜ਼ੂਰਾਂ ਅਤੇ ਉਨ੍ਹਾਂ ਬਾਗਾਂ ਹੇਠ ਸ਼ਹਿਦ ਦੀਆਂ ਨਹਿਰਾਂ ਵਗਦੀਆਂ ਦੱਸੀਆਂ ਗਈਆਂ ਹਨ। ਸ਼ੇਖ ਫਰੀਦ ਜੀ ਵੀ ਇਸ ਬਹਿਸ਼ਤ ਦੇ ਦ੍ਰਿਸ਼ ਨੂੰ ਦ੍ਰਿਸ਼ਟੀਗੋਚਰ ਕਰਦੇ ਹਨ। ਉਨ੍ਹਾਂ ਅਨੁਸਾਰ ਭਾਵੇਂ ਇਸ ਧਰਤੀ 'ਤੇ ਵੀ ਅੱਲਾਹ ਦੁਆਰਾ ਨਿਵਾਜ਼ੇ ਗਏ ਸੁਆਦਲੇ ਸਵਰਗੀ ਪਦਾਰਥ ਮੌਜੂਦ ਹਨ ਅਤੇ ਮਨੁੱਖ ਦੇ ਅਸਲ

ਟਿਕਾਣੇ ਸਵਰਗ ਵਿਚ ਵੀ ਪਰੰਤੂ ਮਨੁੱਖ ਇਸ ਸੰਸਾਰ ਦੀਆਂ ਬਹਿਸ਼ਤੀ ਵਸਤਾਂ ਨੂੰ ਖਾਣ, ਹੰਢਾਉਣ ਵਿਚ ਹੀ ਆਪਣੀ ਉਮਰ ਘਟਾਉਂਦਾ ਜਾਂਦਾ ਹੈ ਜਿਸ ਨਾਲ ਉਹ ਸਵਰਗੀ ਨੇਹਮਤਾਂ ਤੋਂ ਦੂਰ ਹੁੰਦਾ ਜਾਂਦਾ ਹੈ। ਇਸ ਲਈ ਹੁਣ ਇਹ ਨਿਰਭਰ ਬੰਦੇ (ਮਨੁੱਖ) 'ਤੇ ਹੈ ਕਿ ਉਹ ਰੱਬ ਦੀ ਕਿਸ ਬਹਿਸ਼ਤ ਦੀਆਂ ਪੱਕੀਆਂ ਖਜ਼ੂਰਾਂ, ਸ਼ਹਿਦ ਦੀਆਂ ਨਦੀਆਂ ਤੇ ਹਰਿਆਵਲੇ ਬਾਂਗਾਂ ਦੇ ਮਿੱਠੇ ਫਲਾਂ ਦੀ ਪ੍ਰਾਪਤੀ ਵਿਚ ਆਪਣੀ ਉਮਰ ਨੂੰ ਘਟਾਉਂਦਾ ਲੇਖੇ ਲਾਉਂਦਾ ਹੈ :

ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨਿ੍॥
ਜੋ ਜੋ ਵੰਞੈਂ ਡੀਹੜਾ ਸੋ ਉਮਰ ਹਥ ਪਵੰਨਿ॥੯੯॥

(ਸਲੋਕ, ਸ਼ੇਖ਼ ਫ਼ਰੀਦ, ਪੰਨਾ-1382)

ਭਗਤ ਬਾਣੀ ਵਿਚ ਦੋਜ਼ਖ਼ ਦਾ ਸੰਕਲਪ ਵਿਸ਼ੇਸ਼ ਤੌਰ ਤੇ ਫ਼ਰੀਦ ਜੀ ਦੀ ਰਚਨਾ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸਲਾਮੀ ਧਰਮ ਅਨੁਸਾਰ ਮੌਤ ਸਮੇਂ ਬੰਦੇ ਨੂੰ ਲੈਣ ਲਈ ਅੱਲਾਹ ਵੱਲੋਂ ਮੌਤ ਦੇ ਫਰਿਸ਼ਤੇ 'ਅਜਰਾਈਲ' ਨੂੰ ਭੇਜਿਆ ਜਾਂਦਾ ਹੈ। ਪਾਕ ਕੁਰਆਨ ਵਿਚ ਫਰਮਾਇਆ ਗਿਆ ਹੈ ਕਿ ਅੱਲਾਹ ਦਾ "ਆਪਣੇ ਬੰਦਿਆਂ ਉਤੇ ਉਹਦਾ ਪੂਰਾ ਪੂਰਾ ਵੱਸ ਚੱਲਦਾ ਹੈ ਅਤੇ ਉਹ ਤੁਹਾਡੇ ਉਤੇ ਨਿਗਰਾਨੀ ਕਰਨ ਵਾਲੇ ਨਿਯੁਕਤ ਕਰਕੇ ਘੱਲਦਾ ਹੈ, ਇੱਥੋਂ ਤੀਕ ਕਿ ਜਦੋਂ ਤੁਹਾਡੇ ਵਿਚੋਂ ਕਿਸੇ ਦੀ ਮੌਤ ਦਾ ਸਮਾਂ ਆ ਜਾਂਦਾ ਹੈ ਤਾਂ ਉਹਦੇ ਘੱਲੇ ਹੋਏ ਫਰਿਸ਼ਤੇ ਉਸਦੀ ਜਾਨ ਕੱਢ ਲੈਂਦੇ ਹਨ ਅਤੇ ਆਪਣਾ ਫਰਜ਼ ਨਿਭਾਉਣ ਵਿਚ ਰੱਤੀ-ਮਾਸਾ ਢਿੱਲ ਨਹੀਂ ਕਰਦੇ।"[100]

ਫ਼ਰੀਦ ਜੀ ਮੌਤ ਦੇ ਫਰਿਸ਼ਤੇ ਸਬੰਧੀ ਜੀਵ ਰੂਪ ਇਸਤਰੀ ਅਤੇ ਮੌਤ ਰੂਪ ਵਰ (ਲਾੜੇ) ਦੇ ਪ੍ਰਤੀਕ ਰਾਹੀਂ ਠੀਕ ਇਹੋ ਹੀ ਵਿਚਾਰ ਦਿੰਦੇ ਹਨ ਕਿ ਜਗਤ ਵਿਚ ਆਉਣ ਤੋਂ ਪਹਿਲਾਂ ਜੀਵ ਦੀ ਮੌਤ ਦਾ ਦਿਨ ਤਹਿ ਹੁੰਦਾ ਹੈ ਅਤੇ ਮੌਤ ਰੂਪੀ ਲਾੜੇ ਦੇ ਆਉਣ ਦਾ ਮੁਕੱਰਰ ਲਿਖਿਆ ਦਿਨ (ਸਾਹਾ) ਕਦੇ ਟਲਦਾ ਨਹੀਂ। ਜਿਸ 'ਮਲਕ' (ਅਜਰਾਈਲ) ਫਰਿਸ਼ਤੇ ਬਾਰੇ ਪਹਿਲਾਂ ਕੰਨਾਂ ਨਾਲ ਗੱਲਾਂ ਸੁਣੀਆਂ ਹੁੰਦੀਆਂ ਹਨ। ਇਕ ਦਿਨ ਉਹ (ਮੌਤ ਦਾ ਲਾੜਾ) ਆਕੇ ਆਪਣਾ ਮੂੰਹ ਦਿਖਾ ਦਿੰਦਾ ਹੈ। ਜਦੋਂ ਉਹ ਆਉਂਦਾ ਹੈ ਤਾਂ ਹੱਡਾਂ ਨੂੰ ਭੰਨ ਭੰਨ ਕੇ ਨਿਮਾਣੀ (ਕਮਜ਼ੋਰ) ਜਿੰਦ ਨੂੰ ਕੱਢ ਲੈਂਦਾ ਹੈ ਅਤੇ ਇੰਞ ਉਹ ਇਕ ਦਿਨ ਜਿੰਦ ਵਹੁਟੀ ਨੂੰ ਵਿਆਹ ਕੇ ਨਾਲ ਲੈ ਜਾਂਦਾ ਹੈ :

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ॥
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ॥...

(ਸਲੋਕ, ਸ਼ੇਖ਼ ਫ਼ਰੀਦ, ਪੰਨਾ-1377)

ਇਸ ਲਈ ਫਰੀਦ ਜੀ ਅਨੁਸਾਰ ਆਪਣੇ ਆਂਢ-ਗੁਆਂਢ ਵਿਚ ਹੀ ਅਜ਼ਰਾਈਲ ਫਰਿਸ਼ਤੇ ਦੇ ਪ੍ਰਾਹੁਣੇ ਆਉਣ ਅਤੇ ਉਸ ਘਰ ਵਿਚ ਕਿਸੇ ਸੁੰਦਰ ਸਰੀਰ ਰੂਪ ਭਾਂਡੇ ਦੇ ਟੁੱਟਣ, ਸਵਾਸਾਂ ਦੀ ਲੱਜ ਦੇ ਟੁੱਟ ਜਾਣ ਤੇ ਹੀ ਸਮਝ ਲੈਣਾ ਚਾਹੀਦਾ ਹੈ ਕਿ ਜੋ ਅਜ਼ਰਾਈਲ ਅੱਜ ਕਿਸਦੇ ਘਰ ਪ੍ਰਾਹੁਣਾ ਬਣਕੇ ਆਇਆ ਕਿਸੇ ਦਿਨ ਮੇਰੇ ਘਰ ਵੀ ਆਵੇਗਾ:

ਫਰੀਦਾ ਭੰਨੀ ਘੜੀ ਸਵੰਨਵੀ ਟੂਟੀ ਨਾਗਰ ਲਜੁ॥
ਅਜਰਾਈਲੁ ਫਰੇਸਤਾ ਕੈ ਘਰਿ ਨਾਠੀ ਅਜੁ॥੬੮॥

(ਸਲੋਕ, ਸ਼ੇਖ ਫ਼ਰੀਦ, ਪੰਨਾ-1381)

ਭਗਤ ਬਾਣੀਕਾਰ ਮੌਤ ਦੇ ਫਰਿਸ਼ਤੇ ਦੁਆਰਾ ਜੀਵ ਨੂੰ ਲੈ ਜਾਣ ਤੋਂ ਬਾਅਦ, ਵਾਲ ਤੋਂ ਵੀ ਬਰੀਕ ਅਤੇ ਤਲਵਾਰ ਦੀ ਧਾਰ ਤੋਂ ਵੀ ਤਿੱਖੇ ਪੁਲ 'ਪੁਰਸਲਾਤ' ਦਾ ਜ਼ਿਕਰ ਕਰਦੇ ਹਨ। ਪੁਰਸਲਾਤ ਦੇ ਹੇਠਾਂ ਨਰਕ ਦੀ ਅੱਗ ਬਲਦੀ ਦੱਸੀ ਜਾਂਦੀ ਹੈ ਜਿੱਥੇ ਲੋਕਾਂ ਦੀ ਹਾਹਾਕਾਰ ਮੱਚੀ ਰਹਿੰਦੀ ਹੈ। ਧਰਮੀ ਲੋਕ ਇਸ ਪੁਲ ਨੂੰ ਪਾਰ ਕਰ ਲੈਂਦੇ ਹਨ ਜਦੋਂ ਕਿ ਅਧਰਮੀ, ਪਾਪੀ ਲੋਕ ਇਸ ਨਰਕ ਦੀ ਅੱਗ ਵਿਚ ਡਿੱਗ ਪੈਂਦੇ ਹਨ :

ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਹਾਹਾ॥
ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ॥
ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ॥੯੮॥

(ਸਲੋਕ, ਸ਼ੇਖ਼ ਫ਼ਰੀਦ, ਪੰਨਾ-1383)

ਇਸ ਸਬੰਧੀ ਭਗਤ ਰਵਿਦਾਸ ਜੀ ਲੋਕ, ਪਰਲੋਕ ਦੋਵੇਂ ਪੱਖਾਂ ਤੋਂ ਖਾਲੀ ਅਤੇ ਪ੍ਰਭੂ-ਪ੍ਰਾਪਤੀ ਤੇ ਪ੍ਰੇਮਾ ਭਗਤੀ ਤੋਂ ਸੱਖਣੀ ਜੀਵ ਰੂਪ ਦੁਹਾਗਣ ਇਸਤਰੀ ਦੀ ਅਵਸਥਾ ਨੂੰ ਬਿਆਨ ਕਰਦੇ ਹਨ ਕਿ ਪੁਰ ਸਲਾਤ (ਪੁਲ ਸਿਰਾਤ) ਦਾ ਕਸ਼ਟਮਈ ਰਸਤਾ ਲੰਘਦੇ ਵਕਤ ਉਹ ਬੜੀ ਔਖੀ ਹੁੰਦੀ ਹੈ। ਉਸ ਸਮੇਂ ਉਸਦਾ ਕੋਈ ਸੰਗੀ ਸਾਥੀ ਨਹੀਂ ਹੁੰਦਾ ਤੇ ਉਸਨੂੰ ਇੱਕਲੇ ਹੀ ਦੁਖਦਾਈ ਘਾਟੀ 'ਤੇ ਚੱਲਣਾ ਪੈਂਦਾ ਹੈ :

ਦੁਖੀ ਦੁਹਾਗਨਿ ਦੁਇ ਪਖ ਹੀਨੀ॥ ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ॥
ਪੁਰ ਸਲਾਤ ਕਾ ਪੰਥੁ ਦੁਹੇਲਾ॥
ਸੰਗਿ ਨ ਸਾਥੀ ਗਵਨੁ ਇਕੇਲਾ॥੨॥

(ਸੂਹੀ, ਰਵਿਦਾਸ, ਪੰਨਾ-793)

ਇਸ ਲਈ ਫ਼ਰੀਦ ਜੀ ਫੁਰਮਾਉਂਦੇ ਹਨ ਕਿ ਅਜਿਹੇ ਔਖੇ ਦੁਖਦਾਈ, ਖੰਡੇ ਤੋਂ ਵੀ ਤਿਖੇ ਪੰਧ ਨੂੰ ਪਾਰ ਕਰਨ ਲਈ ਸੁਵੱਖਤੇ ਹੀ (ਸਮੇਂ ਸਿਰ) ਜੀਵ ਨੂੰ ਮੌਕਾ ਸੰਭਾਲ ਲੈਣਾ ਚਾਹੀਦਾ ਹੈ :

ਵਾਟ ਹਮਾਰੀ ਖਰੀ ਉਡੀਣੀ॥ ਖੰਨਿਅਹੁ ਤਿਖੀ ਬਹੁਤੁ ਪਿਈਣੀ॥
ਉਸੁ ਊਪਰਿ ਹੈ ਮਾਰਗੁ ਮੇਰਾ॥
ਸੇਖ ਫਰੀਦਾ ਪੰਥੁ ਸਮ੍ਾਰਿ ਸਵੇਰਾ॥੪॥੧॥

(ਸੂਹੀ, ਸ਼ੇਖ ਫਰੀਦ, ਪੰਨਾ-794)

## ਭਗਤ ਬਾਣੀਕਾਰਾਂ ਸਬੰਧੀ ਅਸਚਰਜਨਕ ਪ੍ਰਸੰਗ

ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਮਨੁੱਖੀ ਜੀਵਨ ਵਿਚ ਹੋਣ ਵਾਲੀਆਂ ਕਰਮਾਤੀ ਰਿਧੀਆਂ, ਸਿਧੀਆਂ ਵਿਚ ਕੋਈ ਵਿਸ਼ਵਾਸ ਨਹੀਂ ਕੀਤਾ ਸਗੋਂ ਉਨ੍ਹਾਂ ਨੇ ਸਿਧੀਆਂ, ਕਰਾਮਾਤਾਂ 'ਤੇ ਫਿਟਕਾਰ ਪਾਉਂਦੇ ਹੋਏ ਅਚਿੰਤ ਪ੍ਰਭੂ ਦੁਆਰਾ ਬਖਸ਼ੀ ਨਾਮ ਦੀ ਦਾਤ ਨੂੰ ਹੀ ਸਿੱਧੀ ਤੇ ਕਰਾਮਾਤ ਮੰਨਿਆ ਹੈ :

ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਾਮਾਤਿ॥...
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ॥੨॥

(ਸੋਰਠਿ, ਮਹਲਾ 3, ਪੰਨਾ-650)

ਸਰਬ ਵਿਆਪਕ, ਸੁੱਖਾਂ ਦਾ ਸਾਗਰ ਅਜਿਹਾ ਪ੍ਰਭੂ ਹੈ ਜਿਸਦੇ ਵਸ ਵਿਚ ਸਾਰੇ ਸਵਰਗੀ ਰੁੱਖ, ਚਿੰਤਮਣੀ, ਕਾਮਧੇਨ, ਚਾਰ ਪਦਾਰਥ, ਅੱਠ ਵੱਡੀਆਂ ਸਿਧੀਆਂ ਤੇ ਨੌ ਨਿਧੀਆਂ ਹਨ। ਰਵਿਦਾਸ ਜੀ ਨੇ ਵਿਸ਼ੇਸ਼ ਤੌਰ 'ਤੇ ਇਨ੍ਹਾਂ ਵਸਤਾਂ ਨੂੰ ਇਸ ਲਈ ਗਿਣਾਇਆ ਹੈ ਕਿਉਂਕਿ ਇਨ੍ਹਾਂ ਵਸਤਾਂ ਦੁਆਰਾ ਸਮਕਾਲੀ ਲੋਕ-ਜੀਵਨ ਦਾ ਸਾਰਾ ਲੋਕ-ਪਰਲੋਕ ਸੰਵਰਨ ਦਾ ਸੰਕਲਪ ਜੁੜਿਆ ਹੋਇਆ ਸੀ।

ਇਸਦੇ ਬਾਵਜੂਦ ਭਗਤ ਨਾਮਦੇਵ ਜੀ ਅਤੇ ਭਗਤ ਕਬੀਰ ਜੀ ਦੀ ਬਾਣੀ ਵਿਚ ਕੁੱਝ ਅਸਚਰਜ ਘਟਨਾਵਾਂ ਨੂੰ ਦੇਖਿਆ ਜਾ ਸਕਦਾ ਹੈ। ਭਗਤ ਨਾਮਦੇਵ ਜੀ ਦੀ ਬਾਣੀ ਵਿਚ ਸੁਲਤਾਨ ਦੁਆਰਾ ਨਾਮਦੇਵ ਜੀ ਨੂੰ ਮੋਈ ਗਊ ਨੂੰ ਜਿਵਾਲਣ ਲਈ ਆਖਣਾ, ਨਾਮਦੇਵ ਜੀ ਦੁਆਰਾ ਇਨਕਾਰ ਕਰਨ 'ਤੇ ਉਨ੍ਹਾਂ ਨੂੰ ਤਸੀਹੇ, ਧਮਕੀਆਂ ਦੇਣਾ ਅਤੇ ਫਿਰ ਪ੍ਰਭੂ ਦਾ ਗਰੁੜ 'ਤੇ ਸਵਾਰ ਹੋ ਕੇ ਆਉਣਾ, ਗਊ ਨੂੰ ਜਿਉਂਦਾ ਕਰਕੇ ਦੁੱਧ ਚੋਏ ਜਾਣਾ ਆਦਿ ਘਟਨਾ ਦਾ ਜ਼ਿਕਰ ਮਿਲਦਾ ਹੈ :

ਬਿਸਮਿਲਿ ਗਊ ਦੇਹੁ ਜੀਵਾਇ॥ ਨਾਤਰੁ ਗਰਦਨਿ ਮਾਰਉ ਠਾਂਇ॥੨॥
ਬਾਦਿਸਾਹ ਐਸੀ ਕਿਉ ਹੋਇ॥ ਬਿਸਮਿਲਿ ਕੀਆ ਨ ਜੀਵੈ ਕੋਇ॥੩॥...
ਅਪਨੇ ਭਗਤਿ ਪਰਿ ਕੀ ਪ੍ਰਤਿਪਾਲ॥ ਗਰੁੜ ਚੜ੍ਹੇ ਆਏ ਗੋਪਾਲ॥੧੬॥...
ਨਾਮਾ ਪ੍ਰਣਵੈ ਸੇਲ ਮਸੇਲ॥ ਗਊ ਦੁਹਾਈ ਬਛਰਾ ਮੇਲਿ॥੧੯॥...

(ਭੈਰਉ, ਨਾਮਦੇਵ, ਪੰਨਾ-1165-1166)

ਨਾਮਦੇਵ ਜੀ ਦੇ ਜੀਵਨ ਨਾਲ ਜੁੜੀਆਂ ਹੋਰ ਅਸਚਰਜ ਘਟਨਾਵਾਂ ਜਿਨ੍ਹਾਂ ਵਿੱਚੋਂ ਬੀਠਲੁ (ਪੱਥਰ ਦੀ ਮੂਰਤ) ਨੂੰ ਦੁੱਧ ਪਿਲਾਉਣ ਵਾਲੀ ਘਟਨਾ[101], ਨਾਰਾਇਣ ਰੂਪੀ ਬੇਢੀ (ਤਰਖਾਣ) ਦੁਆਰਾ ਨਾਮਦੇਵ ਜੀ ਦੀ ਛਪਰੀ ਬਨਾਉਣਾ[102], ਨੀਵੀਂ ਜਾਤ ਦੇ ਭੇਦਭਾਵ ਕਾਰਨ ਮੰਦਰ ਚੋਂ ਕੱਢੇ ਜਾਣਾ ਤੇ ਮੰਦਰ ਪਿੱਛੇ ਬੈਠੇ ਨਾਮਦੇਵ ਜੀ ਵੱਲ ਹੀ ਦੇਹਰੇ ਦਾ ਫਿਰ ਜਾਣ ਵਾਲੀਆਂ ਘਟਨਾਵਾਂ ਪ੍ਰਮੁੱਖ ਹਨ :

ਹਸਤ ਖੇਲਤ ਤੇਰੇ ਦੇਹੁਰੇ ਆਇਆ॥ ਭਗਤਿ ਕਰਤ ਨਾਮਾ ਪਕਰਿ ਉਠਾਇਆ॥੧॥
ਜਿਉ ਜਿਉ ਨਾਮਾ ਹਰਿ ਗੁਣ ਉਚਰੈ॥ ਭਗਤ ਜਨਾਂ ਕਉ ਦੇਹੁਰਾ ਫਿਰੈ॥੩॥੬॥

(ਭੈਰਉ, ਨਾਮਦੇਵ, ਪੰਨਾ-1164)

ਭਗਤ ਕਬੀਰ ਜੀ ਨੇ ਵੀ ਆਪਣੇ ਨਾਲ ਵਾਪਰੀਆਂ ਅਸਚਰਜਨਕ ਘਟਨਾਵਾਂ ਦਾ ਜ਼ਿਕਰ ਕੀਤਾ ਹੈ। ਜਿਵੇਂ ਸੁਲਤਾਨ ਦੁਆਰਾ ਬਾਹਾਂ ਬੰਨ੍ਹਕੇ ਹਾਥੀ ਅੱਗੇ ਸੁਟਿਆ ਜਾਣਾ, ਪਰ ਹਾਥੀ ਦੁਆਰਾ ਲਤੜਨ ਦੀ ਬਜਾਏ ਨਮਸਕਾਰ ਕਰਨਾ[103], ਅਤੇ ਦੂਸਰੀ ਘਟਨਾ ਵਿਚ ਹਾਥੀ ਦੁਆਰਾ ਮਾਰਨ ਦੀ ਤਰਕੀਬ ਫੇਲ ਹੋਣ ’ਤੇ ਬਾਦਸ਼ਾਹ ਦੁਆਰਾ ਕਬੀਰ ਜੀ ਨੂੰ ਜੰਜ਼ੀਰਾਂ ਨਾਲ ਬੰਨ੍ਹ ਕੇ ਗੰਗਾ ਵਿਚ ਸੁੱਟ ਦੇਣਾ, ਗੰਗਾ ਦੀਆਂ ਲਹਿਰਾਂ ਨਾਲ ਕਬੀਰ ਜੀ ਦੀਆਂ ਜੰਜ਼ੀਰਾਂ ਦੇ ਟੁੱਟ ਜਾਣ ਤੇ ਉਨ੍ਹਾਂ ਦਾ ਪਾਣੀ ਉਤੇ ਇਸ ਤਰ੍ਹਾਂ ਉਭਰਨਾ ਜਿਵੇਂ ਮ੍ਰਿਗਛਾਲਾ ਉਤੇ ਬੈਠੇ ਹੋਣ:

ਗੰਗ ਗੁਸਾਇਨਿ ਗਹਿਰ ਗੰਭੀਰ॥ ਜੰਜੀਰ ਬਾਂਧਿ ਕਰਿ ਖਰੇ ਕਬੀਰ॥੧॥...
ਗੰਗਾ ਕੀ ਲਹਿਰ ਮੇਰੀ ਟੁਟੀ ਜੰਜੀਰ॥ ਮ੍ਰਿਗਛਾਲਾ ਪਰ ਬੈਠੇ ਕਬੀਰ॥੨॥

(ਭੈਰਉ, ਕਬੀਰ, ਪੰਨਾ-1162)

ਉਪਰੋਕਤ ਭਗਤਾਂ ਨਾਲ ਜੁੜੀਆਂ ਘਟਨਾਵਾਂ ਬਾਰੇ ਕਿਹਾ ਜਾ ਸਕਦਾ ਹੈ ਕਿ ਭਗਤ ਸਾਹਿਬਾਨਾਂ ਦੇ ਜੀਵਨ ਵਿਚ ਘਟੀਆਂ ਕੁੱਝ ਐਸੀਆਂ ਘਟਨਾਵਾਂ ਜੋ ਸਾਧਾਰਨ ਜੀਵਨ ਵਿਚ ਸਾਧਾਰਨ ਬੁੱਧੀ ਲਈ ਅਸਚਰਜਮਈ ਪ੍ਰਭਾਵ ਪਾਉਂਦੀਆਂ ਹਨ ਪਰੰਤੂ ਬਾਣੀਕਾਰਾਂ ਦਾ ਉਨ੍ਹਾਂ ਨੂੰ ਪੇਸ਼ ਕਰਨ ਦਾ ਮਕਸਦ ਆਪਣੇ ਆਪ ਨੂੰ ਕੋਈ ਚਮਤਕਾਰੀ ਪੁਰਸ਼ ਸਿੱਧ ਕਰਨਾ ਨਹੀਂ। ਇਨ੍ਹਾਂ ਘਟਨਾਵਾਂ ਨੂੰ ਦ੍ਰਿਸ਼ਟੀਗੋਚਰ ਕਰਨ ਪਿੱਛੇ ਉਨ੍ਹਾਂ ਦਾ ਮਨੋਰਥ ਕੇਵਲ ਪ੍ਰਭੂ-ਭਗਤਾਂ ਦੇ ਜੀਵਨ ਵਿਚ ਹਰੀ ਦੀ ਅਪਾਰ ਕਿਰਪਾ ਨੂੰ ਦਰਸਾਉਣਾ ਹੈ। ਬਾਣੀਕਾਰਾਂ ਅਨੁਸਾਰ ਉਹ ਵਿਆਪਕ ਹਰੀ ਸਾਰੇ ਜੀਵ-ਜਗਤ ਦੀ ਪਾਲਣਾ ਕਰਦਾ ਹੋਇਆ ਸ੍ਰਿਸ਼ਟੀ ਵਿਚ ਨਿਵਾਸ ਕਰਦਾ ਹੈ ਅਤੇ ਜੀਵਾਂ ਨੂੰ ਦੁੱਖਾਂ, ਕਸ਼ਟਾਂ ਵਿਚੋਂ ਉਭਾਰਨ ਵਾਲਾ ਹੈ, ਸੁੱਕੀ ਲੱਕੜੀ ਵਿਚ ਜੀਵ ਨੂੰ ਖ਼ੁਰਾਕ ਪਹੁੰਚਾਉਣ ਵਾਲਾ ਹੈ। ਦ੍ਰਿੜ ਵਿਸ਼ਵਾਸ, ਪ੍ਰੇਮ, ਨਾਮ-ਸਿਮਰਨ ਤੇ ਸ਼ੁਭ ਅਮਲਾਂ ਨਾਲ ਹਰੀ ਤੇ ਭਗਤ ਵਿਚਕਾਰ ਜੋ ਅਭੇਦਤਾ ਪੈਦਾ ਹੋ ਜਾਂਦੀ ਹੈ। ਇਸ ਅਭੇਦਤਾ ਸਦਕਾ ਹੀ ਪ੍ਰਭੂ-ਭਗਤ ਉੱਚ ਅਧਿਆਤਮਕ ਅਨੁਭਵ ਦੀ

ਅਵਸਥਾ (ਦਸਮ ਦੁਆਰ) ਵਿਚ ਵਿਚਰਦੇ ਹੋਏ ਬ੍ਰਹਮ ਨੂੰ ਅੰਦਰ-ਬਾਹਰ ਏਨਾ ਸਮੀਪ ਜਾਣਦੇ ਹਨ ਜਿਸ ਅਨੁਭਵ ਕਾਰਨ ਉਨ੍ਹਾਂ ਨੇ ਸਮਾਜ ਦੇ ਬਾਹਰੀ ਹਾਲਾਤਾਂ ਨੂੰ ਆਪਣੇ ਅਨੁਸਾਰ ਢਲਣ ਪਿੱਛੇ ਪ੍ਰਭੂ-ਪ੍ਰੀਤਮ ਦੀ ਅਪਾਰ ਕ੍ਰਿਪਾ ਨੂੰ ਮਹਿਸੂਸ ਕੀਤਾ।

## ਬਿੰਬਵਾਲੀ ਤੇ ਪ੍ਰਤੀਕ ਵਿਧਾਨ

'ਬਿੰਬ' ਸ਼ਬਦ ਦੇ ਅਰਥਾਂ ਨੂੰ ਸਮੇਂ-ਸਮੇਂ ਵੱਖੋ-ਵੱਖ ਅਰਥਾਂ ਵਿਚ ਵਰਤਿਆ ਗਿਆ ਹੈ। ਹਿੰਦੀ ਦੇ ਗਿਆਨ ਸ਼ਬਦ ਕੋਸ਼ ਵਿਚ 'ਬਿੰਬ' ਸ਼ਬਦ ਦੇ ਅਰਥ- ਅਕਸ, ਪ੍ਰਤਿਛਾਇਆ, ਕਮੰਡਲ, ਸੂਰਜ ਜਾ ਚੰਦ੍ਰਮਾ ਦਾ ਮੰਡਲ, ਕੰਦੂਰ (ਇਕ ਪ੍ਰਕਾਰ ਦੀ ਵੇਲ ਜਿਸ ਨੂੰ ਪਰਮਲ ਦੀ ਸ਼ਕਲ ਜਿਹੇ ਫਲ ਲੱਗਦੇ ਹਨ), ਗਿਰਗਿਟ, ਝਲਕ, ਮੰਡਲ ਜਿਹਾ ਕੋਈ ਤਲ, ਉਪਮੇਯ ਅਤੇ ਆਈਨਾ (ਸ਼ੀਸ਼ਾ) ਤੋਂ ਲਏ ਗਏ ਹਨ।"[104]

"ਹਿੰਦੀ ਅਤੇ ਪੰਜਾਬੀ ਕਵਿਤਾ ਵਿਚ ਬਿੰਬ ਦਾ ਵਰਤਮਾਨ ਰੂਪ ਅੰਗਰੇਜ਼ੀ ਦੇ ਸ਼ਬਦ 'ਇਮੇਜ' ਦਾ ਪ੍ਰਯਾਏਵਾਚੀ ਹੈ। ਅੰਗਰੇਜ਼ੀ ਕੋਸ਼ਾਂ ਵਿਚ ਵੀ ਇਸਦੇ ਵੱਖ-ਵੱਖ ਅਰਥ ਮਿਲਦੇ ਹਨ ਜਿਨ੍ਹਾਂ ਦੇ ਹਿੰਦੀ, ਪੰਜਾਬੀ ਅਤੇ ਉਰਦੂ ਰੂਪ ਹਨ : ਪ੍ਰਤਿਮਾ (ਮੂਰਤੀ), ਬੁੱਤ, ਪ੍ਰਤਿਬਿੰਬ, ਆਕਾਰ, ਛਾਯਾ, ਸਾਦ੍ਰਿਸਯ, ਰੂਪਕ, ਕਲਪਨਾ, ਖ਼ਿਆਲੀ ਤਸਵੀਰ, ਤਸੱਵਰ, ਮੂਰਤੀਮਾਨ ਕਰਨਾ, ਨਿਰੂਪਣਾ, ਖਿਆਲ ਬੰਨ੍ਹਣਾ ਆਦਿ।"[105]

ਗੁਰੂ ਗ੍ਰੰਥ ਸਾਹਿਬ ਵਿਚ ਵੀ 'ਬਿੰਬ' ਸ਼ਬਦ ਨੂੰ ਕਈ ਅਰਥਾਂ ਵਿਚ ਵਰਤਿਆ ਹੈ ਜਿਵੇਂ ਗੁਰੂ ਅਰਜਨ ਸਾਹਿਬ ਬਿੰਬ ਨੂੰ ਪਾਣੀ (ਬ੍ਰਹਮ) ਤੇ ਜੀਵਾਤਮਾ ਰੂਪ ਬੁਲਬੁਲੇ ਦੇ ਅਰਥਾ ਵਿਚ ਲੈਂਦੇ ਹਨ :

ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ॥੬॥

(ਮਾਰੂ, ਮਹਲਾ 5, ਪੰਨਾ-1096)

ਗੁਰੂ ਨਾਨਕ ਸਾਹਿਬ ਨੇ ਬਿੰਬ ਨੂੰ ਮਾਤਾ ਦੇ ਪੇਟ ਦੀ ਅਗਨ ਅਤੇ ਪਿਤਾ ਦੇ ਬੀਰਜ ਰੂਪ ਜਲ (ਬੁਲਬੁਲੇ) ਦੇ ਅਰਥਾਂ ਵਿਚ ਵਰਤਿਆ ਹੈ :

ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ॥੧॥

(ਗਉੜੀ, ਮਹਲਾ 1, ਪੰਨਾ-156)

ਜਦੋਂ ਕਿ ਭਗਤ ਕਬੀਰ ਜੀ ਬਿੰਬ ਨੂੰ ਪਾਣੀ ਦੇ ਅਰਥ ਵਿਚ ਅਤੇ ਜਲ ਨੂੰ ਬ੍ਰਹਮ ਜਿਸਦਾ ਪ੍ਰਤਿਬਿੰਬ ਜੀਵ-ਜਗਤ ਹੈ ਦੇ ਅਰਥ ਦਿੰਦੇ ਹਨ :

ੳ) ਬਿੰਬ ਬਿਨਾ ਕੈਸੇ ਕਪਰੇ ਧੋਈ॥....

(ਗੋਂਡ, ਕਬੀਰ, ਪੰਨਾ-872)

ਅ) ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ॥...

(ਆਸਾ, ਕਬੀਰ, ਪੰਨਾ-475)

ਬਿੰਬ ਸ਼ਬਦ ਦੇ ਮੂਲ ਅਰਥਾਂ ਤੋਂ ਬਾਅਦ ਸਾਹਿਤਕ ਪੱਖ ਤੋਂ ਬਿੰਬ ਬਾਰੇ ਵਿਦਵਾਨਾਂ ਦੇ ਵਿਚਾਰਾਂ ਨੂੰ ਇਸ ਤਰ੍ਹਾਂ ਜਾਣਿਆ ਜਾ ਸਕਦਾ ਹੈ। ਡਾ. ਕੇਦਾਰਨਾਥ ਅਨੁਸਾਰ "ਬਿੰਬ ਦੀ ਇਹ ਸਾਰਥਿਕਤਾ ਹੈ ਕਿ ਇਹ ਵਿਵਹਾਰਕ ਭਾਸ਼ਾ ਦੇ ਮਿਰਤ ਰੂਪਕਾਂ ਨੂੰ ਇਕ ਨਵੇਂ ਸਤਰ 'ਤੇ ਪੁਨਰ-ਜੀਵਤ ਕਰਦਾ ਹੈ ਅਤੇ ਅਮੂਰਤ ਵਿਚਾਰਾਂ ਦੇ ਚੱਕਰ ਤੋਂ ਬਾਹਰ ਲਿਜਾਕੇ ਜੀਵਿਤ ਅਤੇ ਠੋਸ ਵਸਤੂ ਨਾਲ ਸਾਡਾ ਸਾਖਿਆਤਕਾਰ ਕਰਾਉਂਦਾ ਹੈ।"[106] "ਇੰਦ੍ਰੀਅਤਾ ਬਿੰਬ ਦਾ ਪ੍ਰਥਮ ਗੁਣ ਹੈ। ਅਸੀਂ ਨਾ ਹਵਾ ਦਾ ਨਿਰਮਾਣ ਕਰਦੇ ਹਾਂ, ਨਾ ਫੁੱਲ ਦਾ, ਨਾ ਅੰਨ ਦਾ ਅਤੇ ਨਾ ਧਰਤੀ ਦਾ। ਅਸੀਂ ਕੇਵਲ ਉਸ ਬਿੰਬ ਦਾ ਨਿਰਮਾਣ ਕਰਦੇ ਹਾਂ ਜੋ ਸਾਨੂੰ ਇਨ੍ਹਾਂ ਵਸਤੂਆਂ ਦੇ ਸਬੰਧ ਤੋਂ ਪ੍ਰਾਪਤ ਹੁੰਦਾ ਹੈ।"[107]

"ਡਾ. ਦਲੀਪ ਸਿੰਘ ਦੀਪ ਨੇ ਵੱਖੋ-ਵੱਖ ਪੂਰਬੀ ਅਤੇ ਪੱਛਮੀ ਵਿਦਵਾਨਾਂ ਦੀਆ ਪਰਿਭਾਸ਼ਾਵਾਂ ਤੋਂ ਬਾਅਦ ਬਿੰਬ ਦਾ ਸੰਬੰਧ ਇੰਦਰਿਆਵੀ ਅਨੁਭੂਤੀ, ਚਿਤਰਾਤਮਕਤਾ, ਭਾਵ, ਕਲਪਨਾ, ਅਲੰਕਾਰ, ਸਿਮ੍ਰਤੀ ਅਤੇ ਮਨ ਆਦਿ ਨਾਲ ਕੀਤਾ ਹੈ।"[108]

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਸ੍ਰਿਮਤੀ ਰੂਪ ਵਿਚ ਮਨ ਦੇ ਸਥਾਈ ਭਾਵਾਂ ਦਾ ਬਾਹਰੀ ਸਥਿਤੀਆਂ ਅਨੁਸਾਰ ਜਾਗ੍ਰਿਤ ਹੋ ਕੇ ਕਲਪਨਾ ਸ਼ਕਤੀ ਦੁਆਰਾ ਭਾਸ਼ਾ ਦੇ ਸਾਂਚੇ ਵਿਚ ਢਲਕੇ ਮਾਨਸਿਕ ਬਿੰਬ ਤੋਂ ਸ਼ਾਬਦਿਕ ਪ੍ਰਤੀਬਿੰਬ ਦਾ ਪੁਨਰ ਨਿਰਮਾਣ ਹੁੰਦਾ ਹੈ। "ਵੇਖਿਆ, ਸੁਣਿਆ ਅਤੇ ਅਨੁਭਵ ਕੀਤਾ ਸਿਮ੍ਰਤੀ ਵਿਚ ਜਾ ਨਿਵਾਸ ਕਰਦਾ ਹੈ ਜਿਸਨੂੰ ਅਗੋਂ ਕਲਪਨਾ ਦੁਆਰਾ ਮੂਰਤੀਮਾਨ ਕੀਤਾ ਜਾਂਦਾ ਹੈ।"[109] ਡਾ. ਦਲੀਪ ਸਿੰਘ ਦੀਪ ਦੇ ਇਸ ਵਿਚਾਰ ਨੂੰ ਅੱਗੇ ਤੋਰਦੇ ਹੋਏ ਕਿਹਾ ਜਾ ਸਕਦਾ ਹੈ ਕਿ ਜਦੋਂ ਵੇਖਿਆ, ਸੁਣਿਆ ਅਤੇ ਅਨੁਭਵ ਕੀਤਾ ਸਿਮ੍ਰਤੀ ਵਿਚ ਜਾ ਨਿਵਾਸ ਕਰਦਾ ਹੈ ਤਾਂ ਬਾਹਰੀ ਸਥਿਤੀਆਂ ਦੇ ਮੌਕਾਮੇਲ ਸਦਕਾ ਇਹ ਕਵੀ ਮਨ ਦੀਆਂ ਇੰਦ੍ਰੀਆਂ ਨੂੰ ਟੁੰਬਦਾ ਅਤੇ ਕਲਪਨਾ ਦੁਆਰਾ ਵੱਖ-ਵੱਖ ਜਾਂ ਇਕੱਠੇ ਸ਼ਬਦ-ਚਿੱਤਰਾਂ ਦੁਆਰਾ ਪੁਨਰ-ਨਿਰਮਤ ਹੁੰਦਾ ਹੈ, ਫਿਰ ਸਰੋਤਾ ਜਾਂ ਪਾਠਕ ਨੂੰ ਇੰਦ੍ਰਿਆਵੀ ਅਪੀਲ ਤੇ ਅਲੰਕ੍ਰਿਤ ਗੁਣਾਂ ਰਾਹੀਂ ਜਿਥੇ ਸੁਹਜ, ਆਨੰਦ ਦਾ ਅਨੁਭਵ ਕਰਾਉਂਦਾ ਹੈ ਉਥੇ ਆਪਣੇ ਵਿਚਾਰਾਂ, ਭਾਵਾਂ ਨੂੰ ਵੀ ਬੜੀ ਪ੍ਰਵੀਨਤਾ ਸਹਿਤ ਸੰਚਾਰਿਤ ਕਰਦਾ ਹੈ। ਬਿੰਬ ਦੀ ਇਸ ਸਿਰਜਨ-ਪ੍ਰਕ੍ਰਿਆ ਵਿਚ ਰੂਪਕ, ਉਪਮਾ, ਦ੍ਰਿਸ਼ਟਾਂਤ ਤੇ ਪ੍ਰਤੀਕ ਮੁੱਢਲੇ ਤੌਰ 'ਤੇ ਸਹਾਇਕ ਹੁੰਦੇ ਹਨ ਜਿਨ੍ਹਾਂ ਬਾਰੇ ਸੰਖੇਪ ਵਿਚ ਜਾਣ ਲੈਣਾ ਵੀ ਸਾਰਥਕ ਹੈ।

**ਰੂਪਕ :** ਮਹਾਨਕੋਸ਼ ਅਨੁਸਾਰ ਰੂਪਕ ਤੋਂ ਭਾਵ ਇਕ ਅਰਥਾਲੰਕਾਰ, ਸ੍ਵਰੂਪ ਅਥਵਾ ਗੁਣ ਕਰਕੇ ਕਿਸੇ ਜਿਹਾ ਰੂਪ ਧਾਰਨ ਵਾਲਾ 'ਰੂਪਕ' ਅਲੰਕਾਰ ਹੈ। ਅਰਥਾਤ ਬਿਨਾ ਨਿਸ਼ੇਧ ਦੇ ਉਪਮਾਨ ਅਤੇ ਉਪਮੇਯ ਨੂੰ ਇਕ ਰੂਪ ਠਹਿਰਾਉਣਾ। ਇਸ ਅਲੰਕਾਰ ਦੇ ਮੁੱਖ ਦੋ ਭੇਦ ਹਨ, ਇਕ ਤਦਰੂਪ, ਦੂਜਾ ਅਭੇਦ। ਤਦਰੂਪ ਦਾ ਅਰਥ ਹੈ ਤੇਹੋ ਜਿਹਾ ਰੂਪ, ਯਥਾ-ਕਮਲ ਜੇਹੇ ਨੇਤ੍ਰ, ਚੰਦ੍ਰਮਾ ਜੇਹਾ ਮੁਖ ਆਦਿ। ਅਭੇਦ ਦਾ ਅਰਥ ਹੈ ਅਭਿੰਨ। ਅਰਥਾਤ ਉਪਮੇਯ ਅਤੇ ਉਪਮਾਨ ਵਿਚ ਭੇਦ ਨਹੀਂ, ਯਥਾ-ਨੇਤ੍ਰਕਮਲ, ਚੰਦ੍ਰਮੁਖ ਆਦਿ।[110]

**ਉਪਮਾ :** ਮਹਾਨ ਕੋਸ਼ ਅਨੁਸਾਰ "ਉਕਤੀ ਵਿਚ ਉਪਮਾਨ ਤੇ ਉਪਮੇਯ ਦੇ ਭਿੰਨ ਹੋਣ 'ਤੇ ਵੀ ਉਨ੍ਹਾਂ ਦੇ ਸਾਧਾਰਣ ਧਰਮ ਦੀ ਸਮਤਾ ਕੀਤੀ ਜਾਵੇ, ਉਹ ਉਪਮਾ ਅਲੰਕਾਰ ਹੈ।"[111] "ਉਪਮਾ ਵਿਚ ਉਪਮਾਨ ਦੋ ਪ੍ਰਕਾਰ ਨਾਲ ਵਰਤਿਆ ਜਾਂਦਾ ਹੈ - ਮੂਰਤ ਅਤੇ ਅਮੂਰਤ। ਬਿੰਬ ਦਾ ਮੂਰਤ ਹੋਣਾ ਲਾਜ਼ਮੀ ਹੈ। ਅਮੂਰਤ ਵਿਚ ਬਿੰਬ ਦੀ ਸੰਭਾਵਨਾ ਨਹੀਂ ਰਹਿੰਦੀ। ਬਿੰਬ ਵਿਚ ਇੰਦਰੀਅਤਾ ਦਾ ਹੋਣਾ ਵੀ ਜ਼ਰੂਰੀ ਹੈ। ਉਪਮਾ-ਬਿੰਬ ਭਾਵ ਸਹਿਤ ਉਪਮਾਨ ਅਤੇ ਉਪਮੇਯ ਦੀ ਸਮਾਨਤਾ ਪ੍ਰਗਟਾਉਂਦੇ ਹਨ।"[112]

**ਦ੍ਰਿਸ਼ਟਾਂਤ :** ਦ੍ਰਿਸ਼ਟਾਂਤ ਅਰਥ ਅਲੰਕਾਰ ਹੈ ਅਤੇ ਸਦ੍ਰਿਸ਼ਤਾ (Similarity) ਉਤੇ ਅਧਾਰਿਤ ਹੈ। ਜਿਥੇ ਦੋ ਵਾਕਾਂ ਜਾਂ ਫਿਕਰਿਆਂ ਵਿਚ ਵਰਣਿਤ ਉਪਮੇਯ ਅਤੇ ਉਪਮਾਨ ਦੇ ਗੁਣਾਂ ਦਾ ਬਿੰਬ ਪ੍ਰਤਿ-ਬਿੰਬ ਭਾਵ ਹੁੰਦਾ ਹੈ ਉਥੇ ਦ੍ਰਿਸ਼ਟਾਂਤ ਅਲੰਕਾਰ ਹੁੰਦਾ ਹੈ। ਅੰਗਰੇਜ਼ੀ ਵਿਚ ਇਸ ਨੂੰ examplification ਕਿਹਾ ਜਾਂਦਾ ਹੈ।[113] ਮਹਾਨਕੋਸ਼ ਅਨੁਸਾਰ, "ਦ੍ਰਿਸ਼ਟਾਂਤ ਇਕ ਅਰਥਾਲੰਕਾਰ ਹੈ ਜਿਵੇਂ ਕਿਸੇ ਪ੍ਰਸੰਗ ਅਥਵਾ ਵਸਤੂ ਦਾ ਪੂਰਾ ਗਯਾਨ ਕਰਾਉਣ ਲਈ ਕਿਸੇ ਸਮਾਨ ਧਰਮ ਵਾਲੀ ਵਸਤੂ ਦਾ ਕਥਨ ਅਰਥਾਤ ਉਪਮੇਯ ਦਾ ਪ੍ਰਤੀਬਿੰਬ ਰੂਪ ਮਿਸਾਲ ਦਾ ਵਰਨਣ 'ਦ੍ਰਿਸ਼ਟਾਂਤ' ਅਲੰਕਾਰ ਹੈ।"[114]

**ਪ੍ਰਤੀਕ :** "ਪ੍ਰਤੀਕ ਅੰਗਰੇਜ਼ੀ ਸ਼ਬਦ Symbol ਦਾ ਪਰਿਆਇ ਹੈ। ਪਰ 'ਪ੍ਰਤੀਕ' ਖੁਦ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ। ਸੰਸਕ੍ਰਿਤ ਦੇ 'ਅਮਰਕੋਸ਼' ਵਿਚ ਪ੍ਰਤੀਕ ਦੇ ਅਰਥ ਹਿੱਸਾ (ਅਵਯਵ), ਅੰਗ, ਪਤਾ, ਚਿੰਨ੍ਹ, ਨਿਸ਼ਾਨ ਮਿਲਦੇ ਹਨ। ਪ੍ਰਤੀਕ ਦਾ ਹੁਣ ਸਿਰਫ 'ਚਿੰਨ੍ਹ' ਵਰਗਾ ਅਰਥ ਰੂੜ੍ਹ ਹੋ ਗਿਆ ਹੈ। ਬਾਕੀ ਅਰਥ ਗੌਣ ਹੋ ਗਏ ਹਨ। ਕਾਵਿ ਦੇ ਸੰਦਰਭ ਵਿਚ 'ਪ੍ਰਤੀਕ' ਨੂੰ Symbol ਦੇ ਤੁਲ ਹੀ ਇਸਤੇਮਾਲ ਕੀਤਾ ਜਾਂਦਾ ਹੈ : ਸਾਡੇ ਪੁਰਾਤਨ ਸਾਹਿਤ ਤੇ ਆਲੋਚਨਾ ਵਿਚ ਪ੍ਰਤੀਕ ਨਾਂ ਦਾ ਕੋਈ ਵਿਸ਼ੇਸ਼ ਤੱਤ ਜਾਂ ਸ਼ੈਲੀ ਨਹੀਂ ਪ੍ਰਚਲਿਤ ਸੀ। ਪ੍ਰਤੀਕ-ਧਾਰਾ ਤਾਂ ਆਧੁਨਿਕ ਯੁਗ ਦੀ ਦੇਣ ਹੈ। ਇਹ ਪੱਛਮੀ ਕਾਵਿ-ਚਿੰਤਨ ਦਾ ਫਲ ਹੈ। ਇਸ ਲਈ ਕਾਵਿ-ਆਲੋਚਨਾ ਦੇ ਪ੍ਰਕਰਣ ਵਿਚ 'ਪ੍ਰਤੀਕ' ਨੂੰ

Symbol ਮੰਨ ਕੇ ਹੀ ਵਿਚਾਰ ਕੀਤਾ ਜਾ ਰਿਹਾ ਹੈ।"[115] "ਜਦੋਂ ਇਕ ਹੀ ਬਿੰਬ ਵਾਰ ਵਾਰ ਕਈ ਪ੍ਰਸੰਗਾਂ ਵਿਚ ਦੋਹਰਾਇਆ ਜਾਂਦਾ ਹੈ ਤਾਂ ਉਹ ਅਤਿਪਰਿਚਯ ਦੇ ਕਾਰਨ ਆਪਣੀ ਦ੍ਰਿਸ਼ਯਤਾ ਖੋ ਕੇ ਕੇਵਲ ਸੂਚਨਾਤਮਕ ਸੰਕੇਤ ਜਾਂ ਚਿੰਨ੍ਹ ਰਹਿ ਜਾਂਦਾ ਹੈ। ਇਹ ਕਵੀ ਦੀ ਪ੍ਰੋੜ੍ਹਤਾ ਅਤੇ ਸੀਮਾ ਦੋਨਾਂ ਦਾ ਸੂਚਕ ਹੈ। ਅਸਮਰਥ ਕਵੀ ਇਸ ਪਰਿਨਾਮ ਤੋਂ ਬਚਣ ਲਈ ਨਵੇਂ ਵਿਸ਼ਿਆਂ ਅਤੇ ਨਵੇਂ ਸੰਦਰਭਾਂ ਦੀ ਖੋਜ ਕਰਦੇ ਹਨ।... ਨਿਰਸੰਦੇਹ ਪ੍ਰਤੀ ਇਕ ਬਿੰਬ ਵਿਚ ਇਕ ਪ੍ਰਤੀਕ ਅੰਤਰਨਿਹਿਤ ਹੁੰਦਾ ਹੈ ਅਤੇ ਵਿਆਪਕ ਪ੍ਰਯੋਗਾਂ ਵਿਚ ਜਿਵੇਂ ਜਿਵੇਂ ਉਹ ਅਮੂਰਤ ਦੀ ਤਰਫ਼ ਵੱਧਦਾ ਜਾਂਦਾ ਹੈ ਤਿਵੇਂ ਤਿਵੇਂ ਉਸ ਦੀ ਪ੍ਰਤੀਕਾਤਮਕਤਾ ਸਪਸ਼ਟ ਹੁੰਦੀ ਜਾਂਦੀ ਹੈ।"[116] ਸੋ ਰੂਪਕ ਤੋਂ ਪ੍ਰਤੀਕ ਅਤੇ ਪ੍ਰਤੀਕ ਤੋਂ ਬਿੰਬ ਦੀ ਸਿਰਜਨਾ ਮੰਨੀ ਗਈ ਹੈ। ਇਸ ਲਈ ਉਪਮਾ, ਰੂਪਕ, ਦ੍ਰਿਸ਼ਟਾਂਤ ਆਦਿ ਅਲੰਕਾਰਾਂ ਦੇ ਪ੍ਰਕਾਰਾਂ ਨੂੰ ਬਿੰਬ-ਰੂਪ ਵਿਚ ਬਦਲ ਜਾਣ ਦੀ ਸਮਤਾ ਰੱਖਣ ਕਰਕੇ ਸੱਜਾਤਮਕ ਬਿੰਬ-ਉਸਾਰੀ ਦੇ ਸਹਾਇਕ ਮਾਤਰ ਹੀ ਮੰਨਿਆ ਜਾਂਦਾ ਹੈ।

ਪੁਰਾਤਨ ਕਾਵਿ ਵਿਚ ਬਿੰਬ ਦੀ ਥਾਂ 'ਅਲੰਕਾਰ' ਨੂੰ ਕਾਵਿ ਦੀ ਆਤਮਾ ਮੰਨਿਆ ਜਾਂਦਾ ਸੀ। ਜਦੋਂ ਕਿ ਕਾਵਿ ਵਿਚ ਬਿੰਬ ਦਾ ਆਗਮਨ ਆਧੁਨਿਕ ਯੁਗ ਨਾਲ ਹੋਇਆ। ਜਿੱਥੇ ਅਲੰਕਾਰ ਨੂੰ ਕੇਵਲ ਕਾਵਿ ਦੇ ਸਜਾਉਣ, ਸਵਾਰਨ ਵਾਲੇ ਗਹਿਣੇ ਮਾਤਰ ਮੰਨਿਆ ਜਾਂਦਾ ਹੈ ਉੱਥੇ 'ਬਿੰਬ' ਦਾ ਸੰਬੰਧ ਕਾਵਿ ਦੇ ਵਿਸ਼ੇ, ਭਾਵਾਂ ਦੇ ਸੰਚਾਰ ਅਤੇ ਰੂਪ ਦੋਵਾਂ ਨਾਲ ਹੀ ਰਹਿੰਦਾ ਹੈ। ਪੰਜਾਬੀ ਸਾਹਿਤ ਦੇ ਖੇਤਰ ਵਿਚ ਪੱਛਮੀ ਸਾਹਿਤਕਾਰਾਂ ਦੁਆਰਾ ਪੇਸ਼ ਬਿੰਬ ਸਿਧਾਂਤ (ਇਮੇਜ) ਦਾ ਨਵੀਨ ਰੂਪ ਭਾਵੇਂ ਆਧੁਨਿਕ ਯੁਗ ਦੀ ਹੀ ਦੇਣ ਹੈ ਪਰੰਤੂ ਮੁੱਢਲੀ ਪੰਜਾਬੀ ਸਾਹਿਤ-ਸਿਰਜਨਾ ਬਿੰਬਾਂ, ਪ੍ਰਤੀਕਾਂ ਤੋਂ ਸੱਖਣੀ ਨਹੀਂ। "ਪੁਰਾਤਨ ਪੰਜਾਬੀ ਕਵਿਤਾ ਵਿਸ਼ੇਸ਼ ਕਰਕੇ ਅਧਿਆਤਮਕ ਕਾਵਿ ਵਿਚ ਤਾਂ ਨਵੀਨ ਕਵਿਤਾ ਨਾਲੋਂ ਵੀ ਅਧਿਕ ਅਤੇ ਬਹੁਪੱਖੀ ਬਿੰਬ ਸ੍ਰਿਜਨਾ ਹੋਈ ਹੈ। ਉਸਦਾ ਕਾਰਣ ਅਧਿਆਤਮਕ ਕਵੀਆਂ ਨੇ ਆਪਣੀ ਅਨੁਭੂਤੀ ਨੂੰ ਦੂਜਿਆਂ ਨਾਲ ਸਾਂਝਾ ਕਰਨਾ ਹੁੰਦਾ ਸੀ। ਅਲੰਕਾਰ ਜਾਂ ਬਿੰਬ ਹੀ ਅਜਿਹਾ ਮਾਧਿਅਮ ਸੀ ਜਿਨ੍ਹਾਂ ਰਾਹੀਂ ਉਹ ਸੂਖ਼ਮ ਅਨੁਭਵ ਨੂੰ ਲੋਕਾਂ ਦੀ ਸਮਝ ਗੋਚਰੇ ਕਰਕੇ ਉਨ੍ਹਾਂ ਨੂੰ ਪ੍ਰਭਾਵਿਤ ਕਰਦੇ।"[117]

ਇਸ ਤਰ੍ਹਾਂ ਪੰਜਾਬੀ ਸਾਹਿਤ ਵਿਚ ਬਿੰਬ ਅਤੇ ਪ੍ਰਤੀਕ ਦੀ ਵਰਤੋਂ ਦਾ ਆਰੰਭ 12ਵੀਂ ਸਦੀ ਵਿਚ ਪੰਜਾਬੀ ਸਾਹਿਤ ਦੇ ਮੋਢੀ ਬਾਬਾ ਫ਼ਰੀਦ ਦੀ ਰਚਨਾ ਤੋਂ ਹੀ ਹੋ ਜਾਂਦਾ ਹੈ ਜੋ ਕਿ ਬਾਅਦ ਵਿਚ ਮੱਧਕਾਲ ਵਿਚ ਸੰਕਲਿਤ ਗ੍ਰੰਥ 'ਗੁਰੂ ਗ੍ਰੰਥ ਸਾਹਿਬ' ਦਾ ਹਿੱਸਾ ਬਣੀ। ਬਾਬਾ ਫ਼ਰੀਦ ਦੇ ਨਾਲ-ਨਾਲ ਗੁਰੂ ਗ੍ਰੰਥ ਸਾਹਿਬ ਦੇ ਬਾਕੀ ਰਚਨਾਕਾਰਾਂ ਜਾਂ ਬਾਣੀਕਾਰਾਂ ਨੇ ਵੀ ਆਪਣੇ ਵਿਚਾਰਾਂ ਦੇ ਸੰਚਾਰ ਲਈ ਇਤਿਹਾਸਕ, ਮਿਥਿਹਾਸਕ, ਪ੍ਰਾਕ੍ਰਿਤਕ ਅਤੇ ਲੋਕ-ਜੀਵਨ ਵਿਚੋਂ ਬਿੰਬਾਂ ਅਤੇ ਪ੍ਰਤੀਕਾਂ ਦੀ ਸੁਚੱਜੀ

ਵਰਤੋਂ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਦੇ ਰਚਨਾਕਾਰਾਂ ਦਾ ਮਨੋਰਥ ਭਾਵੇਂ ਸਾਹਿਤਕ ਖੇਤਰ ਵਿਚ ਨਿਰੋਲ ਕਲਾਤਮਕ ਉਡਾਰੀਆਂ ਲਾਉਣਾ ਨਹੀਂ, ਸਗੋਂ ਉਨ੍ਹਾਂ ਦਾ ਪ੍ਰਮੁੱਖ ਟੀਚਾ ਵੰਨ-ਸੁਵੰਨੇ ਬਿੰਬਾਂ ਰਾਹੀਂ ਅਧਿਆਤਮਕ ਅਨੁਭੂਤੀਆਂ ਨੂੰ ਵਿਅਕਤ ਕਰਨ ਦੇ ਨਾਲ-ਨਾਲ ਸਮਾਜਕ ਵਿਸ਼ਲੇਸ਼ਣ ਹੈ। ਆਪਣੇ ਇਸ ਮਨੋਰਥ ਲਈ ਜਿੱਥੇ ਉਨ੍ਹਾਂ ਨੇ ਆਪਣੇ ਆਲੇ-ਦੁਆਲੇ ਦੇ ਲੋਕ-ਜੀਵਨ ਨਾਲ ਸਬੰਧਿਤ ਬਿੰਬਾਂ ਤੇ ਪ੍ਰਤੀਕਾਂ ਦੀ ਚੋਣ ਕੀਤੀ ਉਥੇ ਉਨ੍ਹਾਂ ਨੇ ਪ੍ਰਕ੍ਰਿਤਕ ਬਿੰਬਾਂ ਨੂੰ ਵੀ ਮਾਧਿਅਮ ਬਣਾਇਆ। ਇਸੇ ਅਧਾਰ 'ਤੇ ਗੁਰੂ ਗ੍ਰੰਥ ਸਾਹਿਬ ਵਿਚੋਂ ਭਗਤ ਬਾਣੀ ਦੀ ਬਿੰਬਵਾਲੀ ਨੂੰ ਅਧਿਆਤਮਕ ਬਿੰਬ-ਸਿਰਜਨਾ, ਪ੍ਰਾਕ੍ਰਿਤਕ ਬਿੰਬ ਸਿਰਜਨਾ, ਲੋਕ-ਜੀਵਨ ਆਧਾਰਿਤ ਬਿੰਬ ਸਿਰਜਨਾ, ਅਤੇ ਇੰਦ੍ਰਿਆਵੀ ਬਿੰਬ ਸਿਰਜਨਾ ਵਿਚ ਵੰਡ ਕੇ ਅਧਿਐਨ ਕਰਨ ਦੇ ਯਤਨ ਕੀਤੇ ਗਏ ਹਨ।

## ਅਧਿਆਤਮਕ ਬਿੰਬ-ਸਿਰਜਨਾ

ਅਧਿਆਤਮਕ ਅਭਿਵਿਅਕਤੀ ਲਈ ਕੀਤੀ ਗਈ ਬਿੰਬ-ਸਿਰਜਨਾ ਵਿਚ ਪਰਮਾਤਮਾ, ਆਤਮਾ, ਜਗਤ, ਗੁਰੂ, ਮਾਇਆ, ਮਨੁੱਖੀ ਸਰੀਰ, ਪ੍ਰਭੂ-ਭਗਤੀ ਵਿਚ ਪ੍ਰੇਮ, ਮੌਤ ਆਦਿ ਲਈ ਸਿਰਜੇ ਬਿੰਬਾਂ ਦੇ ਅਧਿਐਨ ਨੂੰ ਹੀ ਕੇਂਦਰ ਵਿਚ ਰੱਖਿਆ ਗਿਆ ਹੈ।

### ਪਰਮਾਤਮਾ

ਭਗਤ ਬਾਣੀਕਾਰਾਂ ਦਾ ਪਰਮਾਤਮਾ ਦੇ ਸਥੂਲ ਰੂਪ ਦੀ ਥਾਂ ਸੂਖ਼ਮ ਰੂਪ ਵਿਚ ਜਾਂ ਸਰਗੁਣ ਦੀ ਥਾਂ ਨਿਰਗੁਣ ਰੂਪ ਵਿਚ ਵਿਸ਼ਵਾਸ ਹੈ ਜਿੱਥੇ ਉਨ੍ਹਾਂ ਨੇ ਪ੍ਰਭੂ ਨੂੰ ਅਲਖ, ਅਕਥ, ਅਗਮ, ਅਗੋਚਰ ਆਖਕੇ ਆਪੋ-ਆਪਣੇ ਅਨੁਭਵ ਅਨੁਸਾਰ ਕਥਨ ਕੀਤਾ ਹੈ ਉੱਥੇ ਵੱਖ-ਵੱਖ ਬਿੰਬਾਂ ਰਾਹੀਂ ਵੀ ਉਸਦੇ ਗੁਣਾਂ ਨੂੰ ਦ੍ਰਿਸ਼ਟੀਗੋਚਰ ਕਰਨ ਦੇ ਯਤਨ ਕੀਤੇ ਹਨ ਜਿਨ੍ਹਾਂ ਬਿੰਬਾਂ ਬਾਰੇ ਇਸ ਤਰ੍ਹਾਂ ਜਾਣਿਆ ਜਾ ਸਕਦਾ ਹੈ।

**ਜਲ :** ਮਾਇਆ ਦੀ ਅਗਨ ਵਿਚ ਸੜ ਰਹੇ ਜੀਵਾਂ ਦੇ ਹਿਰਦਿਆਂ ਦੀ ਅਗਨ ਬੁਝਾਉਣ ਵਾਲੇ ਅਤੇ ਆਤਮਕ ਤੌਰ 'ਤੇ ਪਿਆਸੇ ਹਿਰਦਿਆਂ ਨੂੰ ਤ੍ਰਿਪਤ ਕਰਨ ਵਾਲੇ ਹਰੀ ਨੂੰ ਜਲ ਦੇ ਬਿੰਬ ਰਾਹੀਂ ਸਾਕਾਰ ਕੀਤਾ ਹੈ :

ਜਿਹ ਪਾਵਕ ਸੁਰਿ ਨਰ ਹੈ ਜਾਰੇ॥ ਰਾਮ ਉਦਕਿ ਜਨ ਜਲਤ ਉਬਾਰੇ॥੨॥...
ਰਾਮ ਉਦਕਿ ਮੇਰੀ ਤਿਖਾ ਬੁਝਾਨੀ॥੪॥੧॥

(ਗਉੜੀ, ਕਬੀਰ, ਪੰਨਾ-323)

**ਮਦਾਰੀ :** ਮਦਾਰੀ ਦੇ ਬਿੰਬ ਰਾਹੀਂ ਪ੍ਰਭੂ ਨੂੰ ਆਪ ਹੀ ਅੱਗ ਵਿਚ ਸਾੜਦੇ ਤੇ ਨੁਕਸਾਨ ਕਰਦੇ ਪੇਸ਼ ਕੀਤਾ ਹੈ :

ਕੋ ਕੋ ਜਰੈ ਕਾਹਿ ਹੋਇ ਹਾਨਿ॥ ਨਟ ਵਟ ਖੇਲੈ ਸਾਰਿਗਪਾਨਿ॥੨॥

(ਗਉੜੀ, ਕਬੀਰ, ਪੰਨਾ-329)

**ਠੱਗ** : ਪਰਮਾਤਮਾ ਨੂੰ ਠੱਗ ਅਤੇ ਜਗਤ ਨੂੰ ਮਾਇਆ ਠਗਬੂਟੀ ਦੇ ਬਿੰਬ ਦੁਆਰਾ ਚਿਤ੍ਰਿਤ ਕੀਤਾ ਗਿਆ ਹੈ ਜਿਸ ਠੱਗ ਨੇ ਸਕੇ-ਸਬੰਧੀਆਂ ਦੀ ਮੋਹ ਰੂਪੀ (ਠਗਬੂਟੀ) ਰਾਹੀਂ ਸਾਰੇ ਜਗਤ ਨੂੰ ਠੱਗਿਆ ਹੋਇਆ ਹੈ :

ਹਰਿ ਠਗ ਜਗ ਕਉ ਠਗਉਰੀ ਲਾਈ॥

ਹਰਿ ਕੇ ਬਿਓਗ ਕੈਸੇ ਜੀਅਉ ਮੇਰੀ ਮਾਈ॥੧॥ਰਹਾਉ॥

(ਗਉੜੀ, ਕਬੀਰ, ਪੰਨਾ-331)

**ਸਮੁੰਦਰ, ਮਲਾਹ** : ਡੂੰਘੇ ਦਰਿਆ ਵਿਚੋਂ ਮਲਾਹ ਹੀ ਪਾਰ ਜਾਂ ਕਿਨਾਰੇ ਲਾਉਣ ਵਾਲਾ ਹੁੰਦਾ ਹੈ। ਇਸ ਬਿੰਬ ਦੁਆਰਾ ਹਰੀ ਨੂੰ ਹੀ ਸੰਸਾਰ-ਸਮੁੰਦਰ ਦੇ ਮਲਾਹ ਦੇ ਰੂਪਕ ਰਾਹੀਂ ਦ੍ਰਿਸ਼ਟੀਗੋਚਰ ਕੀਤਾ ਹੈ :

ਤੁਹੀ ਦਰੀਆ ਤੁਹੀ ਕਰੀਆ ਤੁਝੈ ਤੇ ਨਿਸਤਾਰ॥...

(ਗਉੜੀ, ਕਬੀਰ, ਪੰਨਾ-338)

**ਚਿੱਤਰਕਾਰ:** ਪ੍ਰਮਾਤਮਾ ਨੂੰ ਇਕ ਚਿਤਰਕਾਰ ਦੇ ਬਿੰਬ ਰਾਹੀਂ ਸਾਕਾਰ ਕੀਤਾ ਗਿਆ ਹੈ ਜਿਸ ਨੇ ਸੰਸਾਰ ਰੂਪੀ ਸੁੰਦਰ ਤੇ ਵਿਸ਼ਾਲ ਚਿੱਤਰ ਨੂੰ ਚਿਤਰਿਆ ਹੈ:

ਚਚਾ ਰਚਿਤ ਚਿਤ੍ਰ ਹੈ ਭਾਰੀ॥ਤਜਿ ਚਿਤ੍ਰੈ ਚੇਤਹੁ ਚਿਤਕਾਰੀ॥...

(ਗਉੜੀ, ਕਬੀਰ, ਪੰਨਾ-340)

**ਮਾਤਾ-ਪਿਤਾ, ਪਤੀ ਤੇ ਹੋਰ ਸਬੰਧੀਆਂ ਦੇ ਰੂਪਕ ਵਜੋਂ** : ਸਾਰੇ ਜਗਤ ਦੀ ਰਚਨਾ ਕਰਕੇ ਉਹ ਜੀਵਾਂ ਨੂੰ ਕਿਵੇਂ ਸੰਭਾਲਦਾ ਹੈ? ਇਸ ਭਾਵ ਨੂੰ ਪ੍ਰਗਟਾਉਣ ਲਈ ਪਤੀ ਦੇ ਰੂਪਕ ਨੂੰ ਵਰਤਿਆ ਗਿਆ ਹੈ। ਉਹ ਪਿਤਾ ਜੋ ਆਪਣੇ ਬਾਲਕ ਨੂੰ ਪਾਲਦਾ ਹੀ ਨਹੀਂ, ਸਗੋਂ ਸੰਸਾਰ ਵਿਚ ਇਕ ਚੰਗੇਰਾ ਸ਼ਖਸ ਬਣਾਉਣ ਲਈ, ਮਨ ਦੇ ਵਿਕਾਰਾਂ ਵੱਲੋਂ ਵੀ ਨਿਜਾਤ ਦਿਵਾਉਂਦਾ ਹੈ :

ਬਲਿ ਤਿਸੁ ਬਾਪੈ ਜਿਨਿ ਹਉ ਜਾਇਆ॥

ਪੰਚਾ ਤੇ ਮੇਰਾ ਸੰਗੁ ਚੁਕਾਇਆ॥...

(ਆਸਾ, ਕਬੀਰ, ਪੰਨਾ-476)

ਹਰੀ ਨਾਲ ਹੋਰ ਨੇੜਤਾ ਦੇ ਸਬੰਧ ਨੂੰ ਦਰਸਾਉਣ ਲਈ ਸੁਹਾਗ ਜਾਂ ਦੁਲਹੇ (ਪਤੀ) ਦੇ ਰੂਪਕ ਨਾਲ ਨਾਲ ਮਾਂ, ਬੰਧਪ ਆਦਿ ਹੋਰ ਸਬੰਧੀਆ ਦੇ ਰੂਪਕ ਨੂੰ ਵੀ ਵਰਤਿਆ ਗਿਆ ਹੈ :

ਰਾਮ ਰਾਇ ਸੋ ਦੂਲਹੁ ਪਾਇਓ ਅਸ ਬਡਭਾਗ ਹਮਾਰਾ॥੨॥...

(ਆਸਾ, ਕਬੀਰ, ਪੰਨਾ-482)

**ਸੂਤਰ (ਧਾਗਾ) :** ਹਰੀ ਦੇ ਸਾਰੇ ਜੀਵ-ਜੰਤਾਂ ਵਿਚ ਨਿਵਾਸ ਦੀ ਅਨੁਭੂਤੀ ਨੂੰ ਪ੍ਰਗਟਾਉਣ ਲਈ ਨਾਮਦੇਵ ਜੀ ਇਹ ਦ੍ਰਿਸ਼ਟਾਂਤ ਪੇਸ਼ ਕਰਦੇ ਹਨ ਕਿ ਜਿਵੇਂ ਇਕ ਧਾਗੇ ਵਿਚ ਸੈਂਕੜੇ ਹਜ਼ਾਰਾਂ ਮਣਕੇ ਪਿਰੋਏ ਹੁੰਦੇ ਹਨ। ਜਿਵੇਂ ਪਾਣੀ ਦੀਆਂ ਲਹਿਰਾਂ, ਝੱਗ, ਬੁਲਬੁਲੇ ਪਾਣੀ ਤੋਂ ਵੱਖਰੇ ਨਹੀਂ ਹੁੰਦੇ। ਇਵੇਂ ਹੀ ਪ੍ਰਭੂ ਦੀ ਸੱਤਾ ਸਭ ਜੀਵਾਂ ਵਿਚ ਸਮਾ ਰਹੀ ਹੈ :

ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ॥੧॥ਰਹਾਉ॥
ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥...

(ਆਸਾ, ਨਾਮਦੇਵ, ਪੰਨਾ-485)

**ਅਗੋਚਰ ਵਸਤੂ:** ਅਗਿਆਨ ਨੂੰ ਦੂਰ ਕਰਨ ਲਈ ਗਿਆਨ ਦੀ ਲੋੜ ਹੁੰਦੀ ਹੈ ਜਿਸ ਦੀ ਮੱਦਦ ਨਾਲ ਹਿਰਦੇ ਅੰਦਰੋਂ ਹੀ ਅਗੋਚਰ ਵਸਤੂ (ਪ੍ਰਭੂ) ਦੀ ਪ੍ਰਾਪਤੀ ਹੁੰਦੀ ਹੈ। ਇਸ ਭਾਵ ਨੂੰ ਪ੍ਰਗਟਾਉਣ ਲਈ ਹਨ੍ਹੇਰੇ (ਮਨ) ਵਿਚ ਦੀਪ ਜਲਾ ਕੇ ਬਹੁਤ ਸੂਖ਼ਮ, ਇੰਦ੍ਰੀਆਂ ਦੀ ਪਕੜ ਵਿਚ ਨਾ ਆਉਣ ਵਾਲੀ ਵਸਤੂ (ਬ੍ਰਹਮ) ਦਾ ਬਿੰਬ ਚਿਤ੍ਰਿਤ ਕੀਤਾ ਹੈ :

ਅੰਧਿਆਰੇ ਦੀਪਕੁ ਚਹੀਐ॥ ਇਕ ਬਸਤੁ ਅਗੋਚਰ ਲਹੀਐ॥...

(ਸੋਰਠਿ, ਕਬੀਰ, ਪੰਨਾ-655)

ਨਾਮਦੇਵ ਜੀ ਪ੍ਰਭੂ ਦੇ ਨਿਰਅਕਾਰ ਗੁਣ ਨੂੰ ਦਰਸਾਉਣ ਲਈ ਅਕਾਸ਼ ਵਿਚ ਉੱਡਦੇ ਪੰਛੀ ਦੀ ਖੁਰਾ-ਖੋਜ, ਜਲ ਵਿਚ ਤੈਰਦੀ ਮੱਛੀ ਦੇ ਤਰਨ ਦੇ ਰਾਹ ਦਾ ਪਤਾ ਲਗਾਉਣ ਅਤੇ ਖੁਲ੍ਹੇ ਮੈਦਾਨ ਵਿਚ ਮ੍ਰਿਗ-ਤ੍ਰਿਸ਼ਨਾ ਅਧੀਨ ਜਲ ਦੇ ਕਿਸੇ ਥਹੁ ਠਿਕਾਣੇ ਦੇ ਨਾ ਹੋਣ ਦੇ ਦ੍ਰਿਸ਼ਟਾਤਾਂ ਨੂੰ ਵਰਤਦੇ ਹਨ :

ਜਿਉ ਆਕਾਸੈ ਪੰਖੀਅਲੋ ਖੋਜੁ ਨਿਰਖੀਓ ਨ ਜਾਈ॥
ਜਿਉ ਜਲ ਮਾਝੈ ਮਾਛਲੋ ਮਾਰਗੁ ਪੇਖਣੋ ਨ ਜਾਈ॥੨॥
ਜਿਉ ਆਕਾਸੈ ਘੜੂਅਲੋ ਮ੍ਰਿਗ ਤ੍ਰਿਸਨਾ ਭਰਿਆ॥
ਨਾਮੇ ਚੇ ਸੁਆਮੀ ਬੀਠਲੋ ਜਿਨਿ ਤੀਨੈ ਜਰਿਆ॥੩॥੨॥

(ਗੂਜਰੀ, ਨਾਮਦੇਵ, ਪੰਨਾ-525)

**ਮੇਰ (ਪਰਬਤ) :** ਮੀਂਹ, ਹਨ੍ਹੇਰੀ, ਝੱਖੜ ਆਦਿ ਦੀ ਹਾਲਤ ਵਿਚ ਘਿਰਨ ਕਾਰਨ ਜਿਵੇਂ ਅਡੋਲ ਪਰਬਤ ਦੀ ਓਟ ਲਈ ਜਾਂਦੀ ਹੈ ਜਿਸ ਦੀ ਓਟ ਵਿਚ ਡਿੱਗਣ, ਡੋਲਣ ਦਾ ਕੋਈ ਡਰ ਨਹੀਂ ਰਹਿੰਦਾ। ਹਰੀ ਦੀ ਅਡੋਲਤਾ ਨੂੰ ਮੇਰੁ ਪਰਬਤ ਦੇ ਬਿੰਬ ਰਾਹੀਂ ਪ੍ਰਗਟਾਇਆ ਹੈ :

ਤੂੰ ਮੇਰੋ ਮੇਰੁ ਪਰਬਤੁ ਸੁਆਮੀ ਓਟ ਗਹੀ ਮੈ ਤੇਰੀ॥
ਨਾ ਤੁਮ ਡੋਲਹੁ ਨਾ ਹਮ ਗਿਰਤੇ ਰਖਿ ਲੀਨੀ ਹਰਿ ਮੇਰੀ॥੧॥

(ਰਾਮਕਲੀ, ਕਬੀਰ, ਪੰਨਾ-969)

**ਲਾਠੀ (ਲੱਕੜੀ) :** ਪਰਮਾਤਮਾ ਨੂੰ ਬੇਸਹਾਰਾ, ਗਿਆਨਹੀਨ, ਅੰਨ੍ਹੇ ਨੂੰ ਰਾਹ ਦਿਖਾਉਣ ਵਾਲੀ ਲੱਕੜੀ ਦੇ ਰੂਪਕ ਵਜੋਂ ਪੇਸ਼ ਕੀਤਾ ਹੈ :

ਹਰਿ ਹਰਿ ਕਰਤ ਜਾਤਿ ਕੁਲ ਹਾਰੀ॥
ਸੋ ਹਰਿ ਅੰਧੁਲੇ ਕੀ ਲਾਕਰੀ॥੧॥

(ਗੋਂਡ, ਨਾਮਦੇਵ, ਪੰਨਾ-874)

ਪ੍ਰਭੂ ਦੇ ਸਭ ਦਿਲਾਂ ਦੀ ਜਾਨਣ ਵਾਲੇ ਭਾਵ ਅੰਤਰਜਾਮੀ ਹੋਣ ਦੇ ਗੁਣ ਨੂੰ ਜ਼ਾਹਿਰ ਕਰਨ ਲਈ ਸ਼ੀਸ਼ੇ ਵਿਚ ਸਾਫ਼ ਮੂੰਹ ਦਿਖਾਈ ਦੇਣ ਅਤੇ ਪਾਣੀ ਵਿਚ ਸਾਫ਼ ਮੂੰਹ ਦੇਖਣ ਦੇ ਦ੍ਰਿਸ਼ਟਾਂਤ ਨੂੰ ਵਰਤਿਆ ਹੈ :

ਐਸੋ ਰਾਮ ਰਾਇ ਅੰਤਰਜਾਮੀ॥
ਜੈਸੇ ਦਰਪਨ ਮਾਹਿ ਬਦਨ ਪਰਵਾਨੀ॥੧॥ਰਹਾਉ॥...
ਪਾਨੀ ਮਾਹਿ ਦੇਖੁ ਮੁਖੁ ਜੈਸਾ॥ਨਾਮੇ ਕੋ ਸੁਆਮੀ ਬੀਠਲੁ ਐਸਾ॥੨॥੧॥

(ਕਾਨੜਾ, ਨਾਮਦੇਵ, ਪੰਨਾ-1318)

**ਰੇਤੇ ਵਿਚ ਬਿਖਰੀ ਖੰਡ:** ਪ੍ਰਭੂ ਦੀ ਸੂਖ਼ਮ ਤੇ ਵਿਆਪਕ ਹਸਤੀ ਲਈ ਰੇਤੇ ਵਿਚ ਬਿਖਰੀ ਖੰਡ ਅਤੇ ਮਨੁੱਖੀ ਮਨ ਲਈ 'ਹਾਥੀ' ਅਤੇ ਨਿਮਰਤਾ ਜਿਹੇ ਗੁਣਾਂ ਲਈ 'ਕੀੜੀ' ਦੇ ਬਿੰਬ ਨੂੰ ਵਰਤਿਆ ਹੈ :

ਹਰਿ ਭਾਇਓ ਖਾਂਡੁ ਰੇਤੁ ਮਹਿ ਬਿਖਰਿਓ ਹਸਤੀ ਚੁਨਿਓ ਨ ਜਾਈ॥
ਕਹਿ ਕਮੀਰ ਕੁਲ ਜਾਤਿ ਪਾਂਤਿ ਤਜਿ ਚੀਟੀ ਹੋਇ ਚੁਨਿ ਖਾਈ॥੨॥੩॥੧੨॥

(ਰਾਮਕਲੀ, ਕਬੀਰ, ਪੰਨਾ-972)

**ਘੁਮਿਆਰ:** ਪ੍ਰਭੂ ਨੂੰ ਇਕੋ ਮਿੱਟੀ ਤੋਂ ਕਈ ਪ੍ਰਕਾਰ ਦੇ ਭਾਂਡੇ ਬਣਾਉਣ ਵਾਲੇ ਘੁਮਾਰ ਦੇ ਬਿੰਬ ਨੂੰ ਚਿਤ੍ਰਿਤ ਕੀਤਾ ਹੈ:

ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ॥...

(ਪ੍ਰਭਾਤੀ, ਕਬੀਰ, ਪੰਨਾ-1350)

ਇਸ ਤੋਂ ਇਲਾਵਾ ਬਾਣੀਕਾਰਾਂ ਨੇ ਵਿਸ਼ਾਲਤਾ ਲਈ "ਸਮੁੰਦਰ", ਜੀਵਾਂ ਦੇ ਹਿਰਦਿਆਂ ਵਿਚ ਨਿਵਾਸ ਕਾਰਨ "ਕਸਤੂਰੀ", ਕੰਤ, ਅਨਮੋਲ ਰਤਨ, ਤਰਵਰ (ਰੁੱਖ), ਜਹਾਜ, ਮਜੀਠਾ ਰੰਗ ਆਦਿ ਬਿੰਬਾਂ ਰਾਹੀਂ ਪ੍ਰਭੂ ਦੇ ਗੁਣਾਂ ਨੂੰ ਪ੍ਰਗਟਾਇਆ ਹੈ।

ਬਾਣੀਕਾਰਾਂ ਦੁਆਰਾ ਹਰੀ ਦੇ ਗੁਣਾਂ ਨੂੰ ਪ੍ਰਤੀਕਾਂ ਰਾਹੀਂ ਵੀ ਪ੍ਰਗਟਾਇਆ ਹੈ। ਜਿਵੇਂ ਇਕ ਕਲਪਿਤ ਪੱਥਰ "ਪਾਰਸ" (ਕਿਸੇ ਵੀ ਧਾਤ ਲੋਹਾ ਆਦਿ ਨੂੰ ਛੋਹਣ ਤੇ ਧਾਤ ਦੇ ਸੋਨਾ ਬਣ ਜਾਣ) ਦੇ ਪ੍ਰਤੀਕ ਵਜੋਂ[118], ਪੁਰਾਣਿਕ ਮਿਥ ਅਨੁਸਾਰ ਸਮੁੰਦਰ ਮੰਥਨ ਦੌਰਾਨ ਸਭ ਇੱਛਾਵਾਂ ਪੂਰੀਆਂ ਕਰਨ ਵਾਲੇ ਕਲਪ ਰੁੱਖ, ਕਾਮਧੇਨ ਗਊ, ਚਿੰਤਾਮਣੀ ਦੇ ਪ੍ਰਤੀਕ ਵਜੋਂ[119], ਇਕ ਐਸੇ ਸ਼ਾਹ (ਨਾਇਕ) ਜੋ

ਅੱਗੇ ਛੋਟੇ ਵਪਾਰੀਆਂ ਰਾਹੀਂ ਕਈ ਤਰ੍ਹਾਂ ਦੀਆਂ ਵਸਤਾਂ ਦਾ ਵਪਾਰ ਕਰਵਾਉਂਦਾ ਹੇ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਹੈ:

ਐਸਾ ਨਾਇਕੁ ਰਾਮੁ ਹਮਾਰਾ॥
ਸਗਲ ਸੰਸਾਰੁ ਕੀਓ ਬਨਜਾਰਾ॥...

(ਗਉੜੀ, ਕਬੀਰ, ਪੰਨਾ-333)

ਇਵੇਂ ਹੀ ਯੋਗ-ਸਾਧਨਾ ਵਿਚ ਕੁੰਡਲਿਨੀ ਸ਼ਕਤੀ ਨੂੰ ਜਗਾਉਣ ਲਈ ਕੀਤੀ ਜਾਂਦੀ ਨਾੜੀ-ਸਾਧਨਾਂ ਵਿਚੋਂ ਪ੍ਰਾਣਵਾਯੂ ਸੰਚਾਰ ਵਾਲੀਆਂ ਨਾੜੀਆਂ ਇੜਾ (ਖੱਬੀ ਸੁਰ), ਪਿੰਗਲਾ (ਸੱਜੀ ਸੁਰ) ਅਤੇ ਸੁਖਮਨਾ ਨਾੜੀ ਵਿਚ ਸੁਆਸ ਨੂੰ ਮਿਲਾਉਣ ਦੇ ਪ੍ਰਤੀਕ ਅਤੇ ਤਿੰਨ ਨਦੀਆਂ (ਗੰਗਾ, ਜਮੁਨਾ, ਸਰਸਵਤੀ) ਸੰਗਮ ਦੇ ਪ੍ਰਤੀਕ ਰਾਹੀਂ ਤਿੰਨਾਂ ਨੂੰ ਇਕ ਦਸਮ ਦੁਆਰ ਦੀ ਸਹਿਜ ਅਵਸਥਾ ਵਿਚ ਹੀ ਵਸਣ ਦੇ ਵਿਚਾਰ ਨੂੰ ਪੇਸ਼ ਕੀਤਾ ਹੈ:

ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ॥
ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ॥੧॥

(ਰਾਮਕਲੀ, ਬੇਣੀ, ਪੰਨਾ-974)

ਭਗਤ ਬਾਣੀਕਾਰਾਂ ਨੇ ਪ੍ਰਭੂ ਪ੍ਰੀਤਮ ਲਈ ਭਗਤ ਜਨ ਦੇ ਪ੍ਰੇਮ ਭਾਵ ਨੂੰ ਪ੍ਰਗਟਾਉਣ ਲਈ ਕਈ ਤਰ੍ਹਾਂ ਦੇ ਦ੍ਰਿਸ਼ਟਾਂਤ, ਰੂਪਕ ਬਿੰਬ ਅਤੇ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ। ਪ੍ਰਭੂ ਤੇ ਭਗਤ ਵਿਚਕਾਰ ਬਹੁਤ ਥੋੜੇ ਅੰਤਰ ਨੂੰ ਦਰਸਾਉਣ ਲਈ ਸੋਨੇ ਤੇ ਸੋਨੇ ਦੇ ਬਣੇ ਕੰਗਣ, ਪਾਣੀ ਤੇ ਪਾਣੀ ਵਿਚ ਉੱਠੀ ਲਹਿਰ (ਜੋ ਮੁੜ ਉਸ ਵਿਚ ਹੀ ਅਭੇਦ ਹੋ ਜਾਂਦੀ ਹੈ) ਦੇ ਦ੍ਰਿਸ਼ਟਾਂਤ ਨੂੰ ਪੇਸ਼ ਕੀਤਾ ਹੈ:

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥
ਕਨਕ ਕਟਿਕ ਜਲ ਤਰੰਗ ਜੈਸਾ॥੧॥

(ਸਿਰੀਰਾਗ, ਰਵਿਦਾਸ, ਪੰਨਾ-93)

ਇਸ ਤੋਂ ਇਲਾਵਾ ਪ੍ਰਭੂ ਤੇ ਭਗਤ ਜਨ ਦੇ ਆਪਸੀ ਸਬੰਧ (ਰਿਸ਼ਤੇ) ਨੂੰ ਦਰਸਾਉਣ ਲਈ ਜਲਨਿਧਿ-ਮੀਨੁ, ਪਿੰਜਰ-ਸੂਆਟਾ, ਤਰਵਰ-ਪੰਖੀ [120] , ਪਿਰੁ-ਬਹੁਰੀਆ [121] , ਹੀਰਾ-ਹੰਸ [122] , ਚੰਦਨ-ਇਰੰਡ, ਰੇਸ਼ਮ-ਕੀੜਾ[123], ਗਿਰਿਵਰ-ਮੋਰ, ਚੰਦ-ਚਕੋਰ, ਦੀਵਰਾ-ਬਾਤੀ, ਤੀਰਥ- ਯਾਤਰੂ ਆਦਿ ਦ੍ਰਿਸ਼ਟਾਂਤਾਂ ਦੀ ਵਰਤੋਂ ਕੀਤੀ ਗਈ ਹੈ:

ਜਉ ਤੁਮ ਗਿਰਿਵਰ ਤਉ ਹਮ ਮੋਰਾ॥ ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥੧॥...
ਜਉ ਤੁਮ ਦੀਵਰਾ ਤਉ ਹਮ ਬਾਤੀ॥ਜਉ ਤੁਮ ਤੀਰਥ ਤਉ ਹਮ ਜਾਤੀ॥੨॥

(ਸੋਰਠਿ, ਰਵਿਦਾਸ, ਪੰਨਾ-658-659)

ਭਗਤ ਨਾਮਦੇਵ ਜੀ ਪ੍ਰਭੂ ਪ੍ਰਤੀ ਆਪਣੇ ਪ੍ਰੇਮ ਨੂੰ ਦਰਸਾਉਣ ਲਈ ਕਈ ਤਰ੍ਹਾਂ ਦੇ ਸੁੰਦਰ ਦ੍ਰਿਸ਼ਟਾਂਤ ਵਰਤਦੇ ਹਨ ਕਿ ਜਿਵੇਂ ਮਾਰਵਾੜ ਦੇ ਖੁਸ਼ਕ ਇਲਾਕੇ ਵਿਚ ਪਾਣੀ ਪਿਆਰਾ ਹੁੰਦਾ ਹੈ, ਊੱਠ ਨੂੰ ਵੇਲ ਪਿਆਰੀ ਹੁੰਦੀ ਹੈ, ਕੁਰੰਕ (ਮ੍ਰਿਗ) ਨੂੰ ਨਾਦ ਪਿਆਰਾ ਹੁੰਦਾ ਹੈ, ਧਰਤੀ ਨੂੰ ਮੀਂਹ (ਇੰਦ੍ਰ) ਤੇ ਭੌਰੇ ਨੂੰ ਫੁੱਲ ਦੀ ਖੁਸ਼ਬੂ ਨਾਲ ਪਿਆਰ ਹੁੰਦਾ ਹੈ, ਕੋਇਲ ਨੂੰ ਅੰਬ ਪਿਆਰਾ, ਚਕਵੀ ਨੂੰ ਸੂਰਜ ਨਾਲ ਪਿਆਰ ਤੇ ਹੰਸ ਨੂੰ ਮਾਨ ਸਰੋਵਰ ਦਾ ਮੋਹ ਹੁੰਦਾ ਹੈ। ਉਵੇਂ ਹੀ ਭਗਤ ਜਨ ਨੂੰ ਆਪਣੇ ਰਾਮ (ਪ੍ਰਭੂ) ਨਾਲ ਪ੍ਰੇਮ ਹੁੰਦਾ ਹੈ:

ਮਾਰਵਾੜਿ ਜੈਸੇ ਨੀਰੁ ਬਾਲਹਾ ਬੇਲਿ ਬਾਲਹਾ ਕਰਹਲਾ॥
ਜਿਉ ਕੁਰੰਕ ਨਿਸਿ ਨਾਦੁ ਬਾਲਹਾ ਤਿਉ ਮੇਰੈ ਮਨਿ ਰਮਾਈਆ॥੧॥...
ਜਿਉ ਧਰਣੀ ਕਉ ਇੰਦ੍ਰ ਬਾਲਹਾ ਕੁਸਮ ਬਾਸੁ ਜੈਸੇ ਭਵਰਲਾ॥
ਜਿਉ ਕੋਕਿਲ ਕਉ ਅੰਬੁ ਬਾਲਹਾ ਤਿਉ ਮੇਰੈ ਮਨ ਰਾਮਈਆ॥੨॥
ਚਕਵੀ ਕਉ ਜੈਸੇ ਸੂਰੁ ਬਾਲਹਾ ਮਾਨ ਸਰੋਵਰ ਹੰਸੁਲਾ॥....
ਬਾਰਿਕ ਕਉ ਜੈਸੇ ਖੀਰੁ ਬਾਲਹਾ ਚਾਤ੍ਰਿਕ ਮੁਖ ਜੈਸੇ ਜਲਧਰਾ॥
ਮਛੁਲੀ ਕਉ ਜੈਸੇ ਨੀਰੁ ਬਾਲਹਾ ਤਿਉ ਮੇਰੈ ਮਨਿ ਰਾਮਈਆ॥੪॥...

(ਧਨਾਸਰੀ, ਨਾਮਦੇਵ, ਪੰਨਾ-693)

## ਆਤਮਾ ਲਈ ਸਿਰਜੇ ਬਿੰਬ

ਬਾਣੀਕਾਰਾਂ ਨੇ ਆਤਮਾ ਲਈ ਵਧੇਰੇ ਕਰਕੇ ਹੰਸ ਤੇ ਪੰਛੀ ਆਦਿ ਬਿੰਬ ਤੇ ਪ੍ਰਤੀਕ ਨੂੰ ਹੀ ਵਰਤਿਆ ਹੈ। ਮਨੁੱਖ ਦੇ ਸਰੀਰ ਵਿਚੋਂ ਜਦੋਂ ਹੰਸ ਰੂਪੀ ਆਤਮਾ ਨਿਕਲ ਜਾਂਦੀ ਹੈ ਤਾਂ ਸਰੀਰ ਕੁਮਲਾ ਜਾਂਦਾ ਹੈ :

ਕਾਚੈ ਕਰਵੈ ਰਹੈ ਨ ਪਾਨੀ॥
ਹੰਸੁ ਚਲਿਆ ਕਾਇਆ ਕੁਮਲਾਨੀ॥੨॥

(ਸੂਹੀ, ਕਬੀਰ, ਪੰਨਾ-792)

**ਪੰਛੀ** : ਸਰੀਰ ਲਈ ਪਿੰਜਰਾ ਤੇ ਜੀਵਤਮਾ ਲਈ ਪੰਛੀ, (ਚਿੜੇ) ਦਾ ਬਿੰਬ ਵਰਤਿਆ ਗਿਆ ਹੈ :

ੳ) ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥੧॥...

(ਸੋਰਠਿ, ਰਵਿਦਾਸ, ਪੰਨਾ-659)

**ਧਾਗਾ** : ਸਰੀਰ ਨੂੰ ਘੱਘਰੇ ਅਤੇ ਜੀਵਾਤਮਾ ਨੂੰ 'ਧਾਗੇ' ਦੇ ਬਿੰਬ ਰਾਹੀਂ ਵੀ ਚਿਤ੍ਰਿਤ ਕੀਤਾ ਹੈ ਜਿਸ ਵਿਚ ਜੀਵ (ਪਰਦੇਸੀ) ਦਾ ਸਰੀਰ ਰੂਪ ਘੱਘਰਾ ਤਾਂ ਜਲ ਕੇ ਕੋਲਾ (ਸੁਆਹ) ਹੋ ਜਾਂਦਾ ਹੈ ਪਰ ਜੀਵਾਤਮਾ ਰੂਪ ਧਾਗਾ ਜਿਉਂ ਦਾ ਤਿਉਂ ਆਪਣੇ ਮੂਲ ਨਾਲ ਜੁੜ ਜਾਂਦਾ ਹੈ :

ਕਬੀਰ ਪਰਦੇਸੀ ਕੈ ਘਾਘਰੈ ਚਹੁ ਦਿਸਿ ਲਾਗੀ ਆਗਿ॥
ਖਿੰਥਾ ਜਲਿ ਕੋਇਲਾ ਭਈ ਤਾਗੇ ਆਂਚ ਨ ਲਾਗ॥੪੭॥

(ਸਲੋਕ, ਕਬੀਰ, ਪੰਨਾ-1366)

**ਗੁਰੂ :** ਗੁਰੂ ਆਪਣੇ ਚੇਲੇ ਦੇ ਅਧਿਆਤਮ ਮਾਰਗ ਨੂੰ ਸੱਚੇ ਗਿਆਨ ਦੁਆਰਾ ਪ੍ਰਕਾਸ਼ਮਾਨ ਕਰਦਾ ਹੈ। ਆਤਮਾ-ਪਰਮਾਤਮਾ ਦੇ ਮਿਲਾਪ ਅਤੇ ਜਿਉਂਦੇ-ਜੀਅ ਮੁਕਤੀ ਪ੍ਰਾਪਤੀ ਦੇ ਗਿਆਨ ਨੂੰ ਸਤਿਗੁਰੂ ਤੋਂ ਬਿਨਾਂ ਹਾਸਿਲ ਨਹੀਂ ਕੀਤਾ ਜਾ ਸਕਦਾ। ਭਗਤ ਬਾਣੀਕਾਰਾਂ ਨੇ ਗੁਰੂ ਦੀ ਸਹਿਜ ਅਵਸਥਾ ਤੇ ਕਲਿਆਣਕਾਰੀ ਗੁਣਾਂ ਨੂੰ ਵੱਖ-ਵੱਖ ਬਿੰਬਾਂ, ਪ੍ਰਤੀਕਾਂ ਰਾਹੀਂ ਪ੍ਰਗਟਾਉਣ ਦੇ ਯਤਨ ਕੀਤੇ ਹਨ। ਅਵਿਦਿਆ ਜਾਂ ਅਗਿਆਨ ਵਸ ਸਖ਼ਤ ਕਰੜੀਆਂ ਮਨੋ ਕਲਪਨਾਵਾਂ ਨੂੰ ਵਿੰਨ੍ਹਣ ਲਈ ਸਤਿਗੁਰੂ ਦੇ ਉਪਦੇਸ਼ ਰੂਪੀ ਤੀਰਾਂ ਦੇ ਬਿੰਬ ਨੂੰ ਇਸ ਤਰ੍ਹਾਂ ਚਿਤਰਿਆ ਗਿਆ ਹੈ :

ਗੁਰ ਕੈ ਬਾਣਿ ਬਜਰ ਕਲ ਛੇਦੀ ਪ੍ਰਗਟਿਆ ਪਦੁ ਪਰਗਾਸਾ॥....

(ਗਉੜੀ, ਕਬੀਰ, ਪੰਨਾ-332)

**ਮੀਂਹ ਦੀ ਬੂੰਦ :** ਜਗਿਆਸੂ ਦੇ ਵਿਕਾਰ ਰਹਿਤ ਹਿਰਦੇ ਵਿਚ ਗੁਰੂ ਦੀ ਸ਼ੁਭ ਸਿੱਖਿਆ ਦੇ ਸਮਾ ਜਾਣ ਦੇ ਭਾਵ ਨੂੰ ਆਕਾਸ਼ ਤੋਂ ਧਰਤੀ 'ਤੇ ਡਿੱਗੀ ਸਾਫ਼ ਪਾਣੀ ਦੀ ਕਣੀ ਦੇ ਬਿੰਬ ਰਾਹੀਂ ਪ੍ਰਗਟਾਇਆ ਹੈ :

ਕਬੀਰ ਨਿਰਮਲ ਬੂੰਦ ਅਕਾਸ ਕੀ ਲੀਨੀ ਭੂਮਿ ਮਿਲਾਇ॥
ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ॥੧੯੬॥

(ਸਲੋਕ, ਕਬੀਰ, ਪੰਨਾ-1375)

**ਰੁੱਖ ਦੀ ਛਾਂ :** ਬਿਰਛ ਦੀ ਛਾਂ ਹੇਠ ਭਾਵੇਂ ਕੋਈ ਵੀ ਆਣ ਬੈਠੇ ਪਰ ਉਹ ਕਿਸੇ ਨਾਲ ਕੋਈ ਝਗੜਾ ਨਹੀਂ ਕਰਦਾ। ਸੋ ਸੱਚੇ ਸਾਧੂ (ਸਤਿਗੁਰੁ ਦੇ ਸ਼ੁਭ ਗੁਣਾਂ ਨੂੰ ਦਰਸਾਉਣ ਲਈ ਗੁਰੂ ਨੂੰ ਰੁੱਖ ਦੀ ਛਾਂ ਦੇ ਬਿੰਬ ਦੁਆਰਾ ਚਿਤ੍ਰਿਤ ਕੀਤਾ ਹੈ :

ਕਬੀਰ ਤਰਵਰ ਰੂਪੀ ਰਾਮੁ ਹੈ ਫਲ ਰੂਪੀ ਬੈਰਾਗੁ॥
ਛਾਇਆ ਰੂਪੀ ਸਾਧੁ ਹੈ ਜਿਨਿ ਤਜਿਆ ਬਾਦੁ ਬਿਬਾਦੁ॥੨੨੮॥

(ਸਲੋਕ, ਕਬੀਰ, ਪੰਨਾ-1376)

**ਮਲਾਹ :** ਜੀਵਨ ਰੂਪ ਸ਼ੂਕਦੀ ਨਦੀ ਵਿਚ ਠਿਲ੍ਹਦੇ ਜਾ ਰਹੇ ਬੇੜੇ (ਜੀਵਨ) ਦੇ ਨਿਪੁੰਨ ਮਲਾਹ (ਗੁਰੂ) ਦੇ ਪਹਿਲਾਂ ਹੀ (ਨਦੀ ਦੇ ਤੂਫਾਨਾਂ ਤੋਂ) ਸੁਚੇਤ ਰਹਿਣ ਦੇ ਬਿੰਬ ਦੁਆਰਾ ਜੀਵਨ ਦੀਆਂ ਕਠਿਨਾਈਆਂ ਭਰੇ ਮਾਰਗ ਤੋਂ ਪਾਰ ਲਾਉਣ ਵਾਲੇ ਸਤਿਗੁਰੂ ਦੀ ਮਹੱਤਤਾ ਨੂੰ ਪ੍ਰਗਟਾਇਆ ਗਿਆ ਹੈ :

ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ॥
ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ॥੯੬॥

(ਸਲੋਕ, ਸ਼ੇਖ ਫ਼ਰੀਦ, ਪੰਨਾ-1382)

ਭਗਤ ਕਬੀਰ ਜੀ ਨੇ ਮਨੁੱਖ ਦੇ ਜੀਵਨ ਵਿਚ ਗੁਰੂ (ਸਾਧੂ) ਦੀ ਵਿਸ਼ੇਸ਼ ਭੂਮਿਕਾ ਨੂੰ ਘੜੇ ਬਿਨਾ ਜਲ ਦੇ ਨਾ ਟਿਕਣ, ਹਲ ਬਿਨਾਂ ਜ਼ਮੀਨ ਦੇ ਨਾ ਬੋਏ ਜਾਣ, ਸੂਤ ਬਿਨਾਂ ਮਣਕਾ ਨਾ ਪਿਰੋਏ ਜਾਣ, ਘੁੰਡੀ ਬਿਨਾਂ ਗੰਢ ਨਾ ਦਿੱਤੇ ਜਾਣ, ਮਾਤਾ-ਪਿਤਾ ਬਿਨਾਂ ਬਾਲ ਦੇ ਪੈਦਾ ਨਾ ਹੋਣ, ਪਾਣੀ ਬਿਨਾਂ ਕੱਪੜੇ ਨਾ ਧੋਏ ਜਾਣ ਅਤੇ ਘੋੜੇ ਬਿਨਾਂ ਅਸਵਾਰ ਨਾ ਹੋਣ ਜਾਂ ਕਹਿਲਾਉਣ ਆਦਿ ਦੇ ਦ੍ਰਿਸ਼ਟਾਂਤਾਂ ਰਾਹੀਂ ਪ੍ਰਗਟਾਇਆ ਹੈ :

ਕੁੰਭ ਬਿਨਾ ਜਲੁ ਨਾ ਟੀਕਾਵੈ॥ ਸਾਧੂ ਬਿਨੁ ਐਸੇ ਅਬਗਤੁ ਜਾਵੈ॥੧॥...
ਜੈਸੇ ਹਲਹਰ ਬਿਨਾ ਜਿਮੀ ਨਹੀ ਬੋਈਐ॥ਸੂਤ ਬਿਨਾ ਕੈਸੇ ਮਣੀ ਪਰੋਈਐ॥
ਘੁੰਡੀ ਬਿਨੁ ਕਿਆ ਗੰਠਿ ਚੜ੍ਹਾਈਐ॥ਸਾਧੂ ਬਿਨੁ ਤੈਸੇ ਅਬਗਤੁ ਜਾਈਐ॥੨॥
ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ॥ ਬਿੰਬ ਬਿਨਾ ਕੈਸੇ ਕਪਰੇ ਧੋਈ॥
ਘੋਰ ਬਿਨਾ ਕੈਸੇ ਅਸਵਾਰ॥ਸਾਧੂ ਬਿਨੁ ਨਾਹੀ ਦਰਵਾਰ॥੩॥

(ਗੋਂਡ, ਕਬੀਰ, ਪੰਨਾ-872)

## ਮਨੁੱਖੀ ਸਰੀਰ ਸਬੰਧੀ ਬਿੰਬ-ਸਿਰਜਨਾ

ਭਗਤ ਬਾਣੀ ਵਿਚ ਮਨੁੱਖੀ-ਸਰੀਰ ਸਬੰਧੀ ਵੀ ਕਾਫੀ ਬਿੰਬਾਂ ਅਤੇ ਪ੍ਰਤੀਕਾਂ ਦੀ ਸਿਰਜਨਾ ਕੀਤੀ ਗਈ ਹੈ। ਬਾਣੀਕਾਰਾਂ ਅਨੁਸਾਰ ਇਹ ਮਨੁੱਖੀ ਦੇਹ ਰਚਨਾਕਾਰ ਹਰੀ ਦੁਆਰਾ ਪਿਤਾ ਦੇ ਮੈਲੇ ਬੀਰਜ ਅਤੇ ਮਾਤਾ ਦੀ ਰਕਤ ਤੋਂ ਰਚੀ ਗਈ ਹੈ ਜਿਸ ਤੋਂ ਮਿੱਟੀ ਦੀ ਇਕ ਹੋਰ ਪੁਤਲੀ ਬਣੀ। ਇਸ ਮਿੱਟੀ ਦੀ ਪੁਤਲੀ ਵਿਚ ਸੁਆਸਾਂ ਦੀ ਪਵਨ ਨੂੰ ਭਰ ਦਿੱਤਾ ਗਿਆ :

ਪਾਨੀ ਮੈਲਾ ਮਾਟੀ ਗੋਰੀ॥ਇਸ ਮਾਟੀ ਕੀ ਪੁਤਰੀ ਜੋਰੀ॥੧॥
ਇਸ ਮਾਟੀ ਮਹਿ ਪਵਨੁ ਸਮਾਇਆ॥...

(ਗਉੜੀ, ਕਬੀਰ, ਪੰਨਾ-336-337)

**ਤਾਣੀ** : ਭਗਤ ਕਬੀਰ ਮਨੁੱਖੀ ਸਰੀਰ ਦੀ ਸਾਰੀ ਬਣਤਰ ਨੂੰ ਕੱਪੜਾ ਬੁਣਨ ਲਈ ਤਣੀ ਗਈ ਤਾਣੀ ਦੇ ਬਿੰਬ ਰਾਹੀਂ ਸਾਕਾਰ ਕਰਦੇ ਹਨ :

ਗਜ ਨਵ ਗਜ ਦਸ ਗਜ ਇਕੀਸ ਪੁਰੀਆ ਏਕ ਤਨਾਈ॥
ਸਾਠ ਸੂਤ ਨਵ ਖੰਡ ਬਹਤਰਿ ਪਾਟੁ ਲਗੋ ਅਧਿਕਾਈ॥੧॥
ਗਈ ਬੁਨਾਵਨ ਮਾਹੋ॥... (ਗਉੜੀ, ਕਬੀਰ, ਪੰਨਾ-335)

**ਕੱਚਾ ਭਾਂਡਾ :** ਮਨੁੱਖੀ-ਸਰੀਰ ਦੀ ਅਸਥਿਰਤਾ ਨੂੰ ਪ੍ਰਗਟਾਉਣ ਲਈ ਆਪਣੇ ਆਲੇ-ਦੁਆਲੇ ਵਿਚ ਛੇਤੀ ਨਾਸ਼ ਹੋ ਜਾਣ ਵਾਲੀਆਂ ਵਸਤਾਂ ਨੂੰ ਬਿੰਬਾਂ ਅਤੇ ਪ੍ਰਤੀਕਾਂ ਦਾ ਮਾਧਿਅਮ ਬਣਾਇਆ ਗਿਆ ਹੈ ਜਿਨ੍ਹਾਂ ਵਿਚੋਂ ਕੱਚੇ ਭਾਂਡੇ ਜਾਂ ਕੱਚੀ ਗਾਗਰ ਦੇ ਪ੍ਰਤੀਕ ਨੂੰ ਵਧੇਰੇ ਵਰਤਿਆ ਗਿਆ ਹੈ :

ੳ) ਅਮਰ ਜਾਨਿ ਸੰਚੀ ਇਹ ਕਾਇਆ ਇਹ ਮਿਥਿਆ ਕਾਚੀ ਗਗਰੀ॥

(ਬਿਲਾਵਲੁ, ਕਬੀਰ, ਪੰਨਾ-856)

ਅ) ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ॥
ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ॥੯੬॥

(ਸਲੋਕ, ਸ਼ੇਖ਼ ਫ਼ਰੀਦ, ਪੰਨਾ-1382)

**ਖੂਹ :** ਵਿਕਾਰਾਂ, ਤ੍ਰਿਸ਼ਨਾਵਾਂ, ਲਾਲਸਾਵਾਂ ਵਿਚ ਲੱਗਣ ਕਾਰਨ ਘਟੇ ਸਰੀਰਕ ਬਲ ਪਰ ਇੱਛਾਵਾਂ ਦੇ ਫਿਰ ਵੀ ਵੱਧਦੇ ਰਹਿਣ ਦੀ ਹਾਲਤ ਨੂੰ ਖੂਹ ਵਿਚ ਟੁੱਟੀ ਲੱਜ ਨਾਲ ਪਾਣੀ ਭਰਨ ਵਾਲੀਆਂ ਇਸਤਰੀਆਂ ਦੇ ਬਿੰਬ ਦੁਆਰਾ ਪੇਸ਼ ਕੀਤਾ ਹੈ :

ਕੂਅਟਾ ਏਕੁ ਪੰਚ ਪਨਿਹਾਰੀ॥ ਟੂਟੀ ਲਾਜੁ ਭਰੈ ਮਤਿ ਹਾਰੀ॥੩॥

(ਗਉੜੀ, ਕਬੀਰ, ਪੰਨਾ-325)

**ਘਾਹ ਤੇ ਰੇਤ ਦਾ ਘਰ :** ਘਾਹ ਸੜਕੇ ਮਿੱਟੀ ਵਿਚ ਰਲ ਜਾਂਦਾ ਹੈ, ਰੇਤੇ ਦਾ ਘਰ ਛੇਤੀ ਹੀ ਖੁਰ ਜਾਂਦਾ ਹੈ। ਮਨੁੱਖੀ-ਸਰੀਰ ਦੇ ਨਾਸ਼ ਹੋਣ ਦੇ ਭਾਵ ਨੂੰ ਵਿਅਕਤ ਕਰਨ ਲਈ ਘਾਹ ਦੇ ਤੀਲੇ ਤੇ ਰੇਤੇ ਦੇ ਘਰ ਦੇ ਬਿੰਬ ਵਰਤੇ ਹਨ :

ੳ) ਇਹ ਤਨੁ ਐਸਾ ਜੈਸੇ ਘਾਸ ਕੀ ਟਾਟੀ॥... (ਸੂਹੀ, ਰਵਿਦਾਸ, ਪੰਨਾ-794)

ਅ) ਬਲੂਆ ਕੇ ਘਰੂਆ ਮਹਿ ਬਸਤੇ ਫੁਲਵਤ ਦੇਹ ਅਇਆਨੇ॥...

(ਕੇਦਾਰਾ, ਕਬੀਰ, ਪੰਨਾ-1124)

**ਕੋਠੜੀ :** ਸਰੀਰ ਲਈ ਇਕ ਹੋਰ ਬਿੰਬ 'ਕੋਠੜੀ' ਵਰਤਿਆ ਗਿਆ ਹੈ ਜਿਸ ਕੋਠੜੀ ਦਾ ਜਿੰਦਰਾ ਤੇ ਕੁੰਜੀ ਸਰੀਰ ਦੇ ਪ੍ਰਾਣਾਂ ਨੂੰ ਬਣਾ ਕੇ ਇਸ ਕੋਠੜੀ ਦੇ ਦਰ 'ਤੇ ਪੰਜ ਪਹਿਰੇਦਾਰ ਪੰਜ ਗਿਆਨ ਇੰਦ੍ਰੀਆਂ ਨੂੰ ਆਖਿਆ ਗਿਆ ਹੈ ਜਿਨ੍ਹਾਂ (ਪਹਿਰੇਦਾਰਾਂ) ਦਾ ਕੋਈ ਭਰੋਸਾ ਨਹੀਂ ਕੀਤਾ ਜਾ ਸਕਦਾ :

ਖਟ ਨੇਮ ਕਰਿ ਕੋਠੜੀ ਬਾਂਧੀ ਬਸਤੁ ਅਨੂਪ ਬੀਚ ਪਾਈ॥
ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ ਕਰਤੇ ਬਾਰ ਨ ਲਾਈ॥੧॥
ਪੰਚ ਪਹਰੂਆ ਦਰਿ ਮਹਿ ਰਹਤੇ ਤਿਨ ਕਾ ਨਹੀ ਪਤੀਆਰਾ॥

(ਗਉੜੀ, ਕਬੀਰ, ਪੰਨਾ-339)

ਇਨ੍ਹਾਂ ਤੋਂ ਇਲਾਵਾ ਮਨੁੱਖੀ ਸਰੀਰ ਦੀ ਅਸਥਿਰਤਾ ਤੇ ਇਸ ਨੂੰ ਔਗੁਣਾਂ ਤੋਂ ਰੋਕਣ ਲਈ 'ਮਿਰਤਕ ਪਿੰਡ (ਮਿੱਟੀ ਦੇ ਗੋਲੇ), ਗੜੁ (ਕਿਲ੍ਹਾ), ਨਿਰਗੁਣ ਬੈਲ, ਮਟੁਕੀ, ਬਗਲਾ, ਚਿਰਗਟ (ਪਿੰਜਰਾ), ਗਾਵ (ਪਿੰਡ), ਨਗਰੀ, ਕਜਲੀ ਬਨ, ਖਿੰਥੜਿ (ਗੋਦੜੀ) ਅਤੇ ਕਮਲ ਆਦਿ ਬਿੰਬਾਂ ਤੇ ਪ੍ਰਤੀਕਾਂ ਦੇ ਮਾਧਿਅਮ ਦੁਆਰਾ ਪ੍ਰੇਰਿਤ ਕਰਨ ਦੇ ਯਤਨ ਕੀਤੇ ਹਨ :

ਮਿਰਤਕ ਪਿੰਡਿ ਪਦ ਮਦ ਨਾ ਅਹਿਨਿਸਿ ਏਕੁ ਅਗਿਆਨ ਸੁਨਾਗਾ॥...

(ਸਿਰੀਰਾਗ, ਬੇਣੀ, ਪੰਨਾ-93)

ਜਿਹ ਗੜੁ ਗੜਿਓ ਸੁ ਗੜ ਮਹਿ ਪਾਵਾ॥੨੦॥...

(ਗਉੜੀ, ਕਬੀਰ, ਪੰਨਾ-341)

ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ॥...

(ਗਉੜੀ, ਰਵਿਦਾਸ, ਪੰਨਾ-345)

ਤਨੁ ਕਰਿ ਮਟੁਕੀ ਮਨ ਮਾਹਿ ਬਿਲੋਈ॥...

(ਆਸਾ, ਕਬੀਰ, ਪੰਨਾ-478)

ਚਿਰਗਟ ਫਾਰਿ ਚਟਾਰਾ ਲੈ ਗਇਓ ਤਰੀ ਤਾਗਰੀ ਛੂਟੀ॥੫॥੩॥੧੬॥

(ਆਸਾ, ਕਬੀਰ, ਪੰਨਾ-480)

ਦੇਹੀ ਗਾਵਾ ਜੀਉ ਧਰ ਮਹਤਉ ਬਸਹਿ ਪੰਚ ਕਿਰਸਾਨਾ॥...

(ਮਾਰੂ, ਕਬੀਰ, ਪੰਨਾ-1104)

ਨਗਰੀ ਏਕੈ ਨਉ ਦਰਵਾਜੇ ਧਾਵਤੁ ਬਰਜਿ ਰਹਾਈ॥

(ਕੇਦਾਰਾ, ਕਬੀਰ, ਪੰਨਾ-1123)

ਕਬੀਰ ਕਾਇਆ ਕਜਲੀ ਬਨੁ ਭਇਆ ਮਨੁ ਕੁੰਚਰੁ ਮਯ ਮੰਤੁ॥...

(ਸਲੋਕ, ਕਬੀਰ, ਪੰਨਾ-1376)

ਫਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ॥...

(ਸਲੋਕ, ਸ਼ੇਖ ਫ਼ਰੀਦ, ਪੰਨਾ-1380)

ਤਾ ਤੇ ਬਿਖੈ ਭਈ ਮਤਿ ਪਾਵਸਿ ਕਾਇਆ ਕਮਲੁ ਕੁਮਲਾਣਾ॥...

(ਸਿਰੀਰਾਗ, ਬੇਣੀ, ਪੰਨਾ-93)

ਬੁਢਾਪੇ ਵਿਚ ਕੇਸਾਂ ਦੇ ਚਿੱਟੇ ਹੋਣ ਲਈ ਕੁਸਮ ਫੁੱਲ (ਚਿੱਟੇ ਰੰਗ ਦੇ ਫੁੱਲ) ਦੇ ਬਿੰਬ ਨੂੰ ਅਤੇ ਆਵਾਜ਼ ਦੇ ਧੀਮੀ ਹੋਣ ਨੂੰ ਸਪਤ ਪਾਤਾਲ ਦੀ ਬਾਣੀ ਦੇ ਪ੍ਰਤੀਕ ਦੀ ਵਰਤੋਂ ਕੀਤੀ ਗਈ ਹੈ ਜਦੋਂ ਕਿ ਅੱਖਾਂ ਦੇ ਬੰਦ ਹੋ ਜਾਣ ਨੂੰ ਦੀਵਿਆਂ ਦੇ ਬੁੱਝ ਜਾਣ ਦੇ ਪ੍ਰਤੀਕ ਰਾਹੀਂ ਚਿਤ੍ਰਿਤ ਕੀਤਾ ਹੈ :

ੳ) ਪੁੰਡਰ ਕੇਸ ਕੁਸਮ ਤੇ ਧਉਲੇ ਸਪਤ ਪਾਤਾਲ ਕੀ ਬਾਣੀ॥...

ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਨ ਸੁਖਾਈ॥

(ਸਿਰੀਰਾਗ, ਬੇਣੀ, ਪੰਨਾ-93)

ਅ) ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ॥

ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ॥੪੮॥

(ਸਲੋਕ, ਸ਼ੇਖ਼ ਫ਼ਰੀਦ, ਪੰਨਾ-1380)

**ਮਨ** : ਮਨੁੱਖੀ ਮਨ ਨੂੰ ਬਾਹਰੀ ਦੁਨਿਆਵੀਂ ਸੰਕਲਪਾਂ, ਵਿਕਲਪਾਂ ਵਿਚ ਫਸੇ ਰਹਿਣ ਅਤੇ ਆਪਣੇ ਅੰਦਰ ਟਿਕਾਓ ਨਾ ਰੱਖਣ ਕਾਰਨ ਬੜੇ ਹੀ ਚੰਚਲ ਸੁਭਾਅ ਦਾ ਦੱਸਿਆ ਗਿਆ ਹੈ ਜਿਸ ਨੂੰ ਕਾਬੂ ਕਰਨ ਲਈ ਵੱਡੇ-ਵੱਡੇ ਰਿਸ਼ੀ, ਨਾਥ, ਜੋਗੀ ਵੀ ਕਈ ਪ੍ਰਕਾਰ ਦੀਆਂ ਯੋਗ-ਕ੍ਰਿਆਵਾਂ ਕਰਿਆ ਕਰਦੇ ਸਨ। ਜੋਗੀਆਂ ਦੀ ਭਾਸ਼ਾ ਵਿਚ ਕਬੀਰ ਜੀ ਮਾਇਆ ਵੱਲੋਂ ਵੈਰਾਗ ਧਾਰਕੇ ਸਰੀਰ ਰੂਪ ਨਗਰੀ ਵਿਚ ਭ੍ਰਮਣ ਕਰਨ ਅਤੇ ਮਨ ਦੀ ਕਿੰਗਰੀ ਵਜਾਉਣ ਦੇ ਪ੍ਰਤੀਕ ਨੂੰ ਕਈ ਵਾਰ ਵਰਤਦੇ ਹਨ :

ਕਰਿ ਬੈਰਾਗੁ ਫਿਰਉ ਤਨਿ ਨਗਰੀ ਮਨ ਕੀ ਕਿੰਗੁਰੀ ਬਜਾਈ॥੨॥

ਪੰਚ ਤਤੁ ਲੈ ਹਿਰਦੈ ਰਾਖਹੁ ਰਹੈ ਨਿਰਾਲਮ ਤਾੜੀ॥...

(ਰਾਮਕਲੀ, ਕਬੀਰ, ਪੰਨਾ-970)

ਵਿਕਾਰਾਂ ਭਰੇ ਮਨ ਪਿੱਛੇ ਬੁੱਧੀ (ਮਤ) ਦੇ ਲੱਗੇ ਰਹਿਣ ਨੂੰ ਇਕ ਅਸਚਰਜ ਖੇਡ ਲੇਲੇ ਨੂੰ ਭੇਡ ਦੇ ਚੁੰਘਣ ਦੀ ਉਲਟਬਾਸੀ ਦੀ ਜੁਗਤ ਰਾਹੀਂ ਵਿਅਕਤ ਕੀਤਾ ਹੈ :

ਲੇਲੇ ਕਉ ਚੂਘੈ ਨਿਤ ਭੇਡ॥੩॥...

(ਗਉੜੀ, ਕਬੀਰ, ਪੰਨਾ-326)

ਮਨ ਦੇ ਹਉਮੈ ਭਾਵ ਨੂੰ ਪ੍ਰਗਟਾਉਣ ਲਈ ਮੈਗਲੁ (ਹਾਥੀ) ਦਾ ਬਿੰਬ ਵਰਤਿਆ ਹੈ :

ਕਬੀਰ ਮੁਕਤਿ ਦੁਆਰਾ ਸੰਕੁਰਾ ਰਾਈ ਦਸਏਂ ਭਾਇ॥

ਮਨੁ ਤਉ ਮੈਗਲੁ ਹੋਇ ਰਹਿਓ ਨਿਕਸੋ ਕਿਉ ਕੈ ਜਾਇ॥੫੮॥

(ਸਲੋਕ, ਕਬੀਰ, ਪੰਨਾ-1367)

ਹਾਥੀ ਰੂਪ ਹੰਕਾਰੀ-ਮਨ ਦੀ ਥਾਂ ਨਿਮਰਤਾ ਰੂਪੀ ਗੁਣਾਂ ਨੂੰ ਧਾਰਨ ਕਰ ਲੈਣ ਕਾਰਨ ਮਨ ਲਈ ਕੀੜੀ ਦਾ ਬਿੰਬ ਸਿਰਜਦੇ ਹਨ :

ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ॥

ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇ ਕੈ ਖਾਇ॥੨੩੮॥

(ਸਲੋਕ, ਕਬੀਰ, ਪੰਨਾ-1377)

ਮਨ ਦੀ ਚੰਚਲਤਾ ਲਈ ਪੰਖੀ ਅਤੇ ਮਨ ਦੇ ਬੇਕਾਬੂ ਹੋ ਕੇ ਬਾਹਰੀ ਵਿਸ਼ੇ ਵਿਕਾਰਾਂ ਵੱਲ ਦੌੜਨ ਕਾਰਨ, ਇਕ ਆਕੀ (ਬਾਗੀ) ਰਾਜੇ ਦੇ ਬਿੰਬ ਰਾਹੀਂ ਚਿਤ੍ਰਿਤ ਕੀਤਾ ਹੈ :

ੳ) ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ॥...

(ਸਲੋਕ, ਕਬੀਰ, ਪੰਨਾ-1369)

ਅ) ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ॥
ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਤਹ ਮਨੁ ਮਾਵਾਸੀ ਰਾਜਾ॥੨॥

(ਭੈਰਉ, ਕਬੀਰ, ਪੰਨਾ-1161)

ਮਨ ਪੰਛੀ ਨੂੰ ਸਰੀਰ (ਹਿਰਦੇ) ਵਿਚ ਹੀ ਟਿਕਾਉਣ ਲਈ ਸਰੀਰ ਲਈ ਗੁਫ਼ਾ (ਖੋੜ) ਦਾ ਬਿੰਬ ਵੀ ਵਰਤਿਆ ਹੈ :

ਖਖਾ ਇਹੈ ਖੋੜਿ ਮਨ ਆਵਾ॥
ਖੋੜੇ ਛਾਡਿ ਨ ਦਹ ਦਿਸ ਧਾਵਾ॥...

(ਗਉੜੀ, ਕਬੀਰ, ਪੰਨਾ-340)

ਗੁਰੂ-ਗਿਆਨ ਸਦਕਾ ਪ੍ਰਗਾਸੇ ਮਨ ਨੂੰ 'ਮਾਣਕ' ਅਤੇ ਸ਼ੁਭ ਗੁਣਾਂ ਕਾਰਨ ਪ੍ਰਭੂ ਨੂੰ ਰਤਨ ਦੇ ਬਿੰਬ ਵਿਚ ਪੇਸ਼ ਕੀਤਾ ਹੈ :

ਮਨੁ ਮਾਣਕੁ ਰਤਨਾ ਮਹਿ ਗੁਹੈ॥੮॥
ਮਸਤਕਿ ਪਦਮੁ ਦੁਆਲੈ ਮਣੀ॥

(ਰਾਮਕਲੀ, ਬੇਣੀ, ਪੰਨਾ-974)

ਮਨੁੱਖ ਦੇ ਅੰਤ੍ਰੀਵੀ ਮਨ ਅਤੇ ਬਾਹਰੀ ਜਗਤ ਵਿਚ ਹਰ ਥਾਂ ਸੱਚੇ ਪ੍ਰਭੂ ਦੇ ਨਿਵਾਸ ਹੋਣ ਕਾਰਨ, ਸਭਨਾਂ ਹਿਰਦਿਆ ਨੂੰ ਅਨਮੋਲ ਮਾਣਕੁ (ਮੋਤੀ) ਆਖਕੇ ਕਿਸੇ ਹਿਰਦੇ ਨੂੰ ਢਾਹੁਣ, ਦੁਖੀ ਨਾ ਕਰਨ ਦਾ ਉਪਦੇਸ਼ ਦਿੰਦੇ ਹਨ :

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥੧੨੯॥

(ਸਲੋਕ, ਸ਼ੇਖ ਫ਼ਰੀਦ, ਪੰਨਾ-1384)

ਇਸ ਤਰ੍ਹਾਂ ਪ੍ਰਭੂ ਦੇ ਚਰਨਾਂ ਵਿਚ ਟਿਕੇ ਮਨ ਨੂੰ ਹੱਟ ਦੇ ਬਿੰਬ ਰਾਹੀਂ ਚਿਤ੍ਰਿਤ ਕੀਤਾ ਜਿਸ ਹੱਟ ਨੂੰ ਪ੍ਰਭੂ-ਪ੍ਰੀਤਮ ਆਪ ਹੀ ਮਨ ਰੂਪੀ ਸ਼ਹਿਰ ਵਿਚ ਨਿਵਾਸ ਕਰਦਾ ਹੋਇਆ ਚਲਾਉਂਦਾ ਹੈ :

ਮਾਨੈ ਹਾਟੁ ਮਾਲੈ ਪਾਟੁ ਮਾਨੈ ਹੈ ਪਾਸਾਰੀ॥
ਮਾਨੈ ਬਾਸੈ ਨਾਨਾ ਭੇਦੀ ਭਰਮਤੁ ਹੈ ਸੰਸਾਰੀ॥੨॥ (ਪ੍ਰਭਾਤੀ, ਨਾਮਦੇਵ, ਪੰਨਾ-1350)

## ਮਾਇਆ ਲਈ ਵਰਤੇ ਬਿੰਬ

ਮਨੁੱਖੀ-ਮਨ ਨੂੰ ਛਲਣ ਵਾਲੀ ਮਾਇਆ ਦੇ ਅੰਤਰਗਤ ਹਰ ਤਰ੍ਹਾਂ ਦੇ ਧਨ-ਪਦਾਰਥ, ਕੁਟੰਬ, ਇਸਤਰੀ ਆਦਿ ਦਾ ਮੋਹ ਆ ਜਾਂਦਾ ਹੈ। ਮਾਇਆ-ਮੋਹ ਵਿਚ ਮਨੁੱਖੀ ਬੁੱਧੀ ਨੂੰ ਭਲੇ, ਬੁਰੇ ਦੀ ਕੋਈ ਸੋਝੀ ਨਹੀਂ ਰਹਿੰਦੀ ਅਤੇ ਉਸਦੀ ਮੱਤ ਅਗਿਆਨ ਦੇ ਪਰਦੇ ਵਿਚ ਘਿਰੀ ਰਹਿੰਦੀ ਹੈ। ਭਗਤ ਬਾਣੀਕਾਰਾਂ ਅਨੁਸਾਰ ਅਸਲ ਗੁਰਮੁਖ, ਗਿਆਨੀ ਪੁਰਸ਼ ਇਸ ਮਾਇਆ ਵਿਚ ਪੈ ਕੇ ਵੀ ਨਿਰਲੇਪ ਹੀ ਰਹਿੰਦਾ ਹੈ। ਮਾਇਆ ਦੇ ਇਸ ਰਹੱਸ ਨੂੰ ਖੋਲ੍ਹਣ ਲਈ ਬਾਣੀਕਾਰਾਂ ਨੇ ਕਈ ਤਰ੍ਹਾਂ ਦੇ ਬਿੰਬਾਂ ਦੀ ਸਿਰਜਨਾ ਕੀਤੀ ਹੈ :

**ਡੋਲਨੀ** – ਕਬੀਰ ਮਾਇਆ ਡੋਲਨੀ ਪਾਵਨੁ ਝਕੋਲਨਹਾਰੁ॥
ਸੰਤਹੁ ਮਾਖਨੁ ਖਾਇਆ ਛਾਛਿ ਪੀਐ ਸੰਸਾਰੁ॥੧੯॥

(ਸਲੋਕ, ਕਬੀਰ, ਪੰਨਾ-1365)

**ਚੋਰਟੀ** – ਕਬੀਰ ਮਾਇਆ ਚੋਰਟੀ ਮੁਸਿ ਮੁਸਿ ਲਾਵੈ ਹਾਟਿ॥
ਏਕੁ ਕਬੀਰਾ ਨਾ ਮੁਸੈ ਜਿਨਿ ਕੀਨੀ ਬਾਰਹ ਬਾਟ॥੨੦॥

(ਸਲੋਕ, ਕਬੀਰ, ਪੰਨਾ-1365)

**ਠਗ ਨੀਰ** : ਕਬੀਰ ਜੀ ਨੇ ਮਾਇਆ ਲਈ ਠਗ ਨੀਰ ਦੇ ਪ੍ਰਤੀਕ ਦੀ ਵਰਤੋਂ ਕੀਤੀ ਹੈ। ਧੁੱਪ ਵਿਚ ਚਮਕਦੇ ਥਲ, ਪਿਆਸੇ ਮ੍ਰਿਗ ਨੂੰ ਜਲ ਦਾ ਭੁਲੇਖਾ ਪਾਉਂਦੇ ਹਨ। ਸੋ ਏਥੇ ਠਗਨੀਰ ਨੂੰ ਮਾਇਆ ਦੇ ਪ੍ਰਤੀਕ ਵਜੋਂ ਵੀ ਵਰਤਿਆ ਹੈ, ਜੋ ਮਨੁੱਖ ਨੂੰ ਸੁੱਖ ਦੇ ਭੁਲੇਖੇ ਆਪਣੇ ਵੱਲ ਖਿੱਚਦੀ ਹੈ :

ਠਠਾ ਇਹੈ ਦੂਰਿ ਠਗ ਨੀਰਾ॥
ਨੀਠਿ ਨੀਠਿ ਮਨੁ ਕੀਆ ਧੀਰਾ॥...

(ਗਉੜੀ, ਕਬੀਰ, ਪੰਨਾ-341)

**ਕਸੁੰਭੜੈ** : ਕਸੁੰਭੜਾ ਕੱਚੇ ਸੂਹੇ ਰੰਗ ਦਾ ਇਕ ਫੁੱਲ ਹੈ। ਕਸੁੰਭੇ ਦਾ ਰੰਗ ਕੱਚਾ ਹੋਣ ਤੇ ਛੇਤੀ ਨਾਸ਼ ਹੋ ਜਾਣ ਕਾਰਨ ਹੀ ਬਾਣੀਕਾਰਾਂ ਨੇ ਇਸ ਨੂੰ ਮਾਇਆ ਦੇ ਪ੍ਰਤੀਕ ਵਜੋਂ ਵਰਤਿਆ ਹੈ :

ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ॥...

(ਸੂਹੀ, ਸ਼ੇਖ਼ ਫ਼ਰੀਦ, ਪੰਨਾ-794)

**ਸੱਸ** : ਭਾਰਤੀ ਸਭਿਆਚਾਰ ਵਿਚ ਸੱਸ-ਨੂੰਹ ਦਾ ਰਿਸ਼ਤਾ ਹਮੇਸ਼ਾ ਤਕਰਾਰ ਤੇ ਤਣਾਓ ਵਾਲਾ ਹੀ ਸਮਝਿਆ ਜਾਂਦਾ ਹੈ। ਕਬੀਰ ਜੀ ਨੇ ਸਮਾਜ ਦੀ ਇਸੇ ਲੋਕ-ਦ੍ਰਿਸ਼ਟੀ ਨੂੰ ਮੁੱਖ ਰੱਖਦੇ ਹੋਏ ਸੱਸ ਨੂੰ ਮਾਇਆ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਹੈ ਜੋ ਜੀਵ ਦੇ ਦੁੱਖ ਦਾ ਕਾਰਨ ਬਣਦੀ ਹੈ :

ਸਾਸੁ ਕੀ ਦੁਖੀ ਸਸੁਰ ਕੀ ਪਿਆਰੀ ਜੇਠ ਕੇ ਨਾਮਿ ਡਰਉ ਰੇ॥...

(ਆਸਾ, ਕਬੀਰ, ਪੰਨਾ-482)

**ਵਿਸ਼ (ਗੰਦਲਾਂ):** ਸੰਸਾਰ ਦੀ ਸਮੁੱਚੀ ਮਾਇਆ ਨੂੰ ਜਹਿਰੀਲੀਆਂ ਗੰਦਲਾਂ ਆਖਿਆ ਗਿਆ ਹੈ ਜੋ ਮੋਹ ਰੂਪੀ ਮਿੱਠੀ ਖੰਡ ਵਿਚ ਲਵੇੜ ਕੇ ਰੱਖੀਆਂ ਹੋਈਆਂ ਹਨ:

ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ॥

(ਸਲੋਕ, ਸ਼ੇਖ਼ ਫ਼ਰੀਦ, ਪੰਨਾ-1379)

**ਦਾਸੀ :** ਭਾਵੇਂ ਮਾਇਆ ਸਾਰੇ ਸੰਸਾਰ ਨੂੰ ਠੱਗਣ ਵਾਲੀ ਨਕਟੀ (ਨਿਰਲੱਜ) ਹੈ ਪਰੰਤੂ ਇਹੋ ਮਾਇਆ ਸੰਤਾਂ ਦੀ ਚੇਲੀ, ਦਾਸੀ ਬਣ ਜਾਂਦੀ ਹੈ :

ਸਗਲਿਆ ਕੀ ਹਉ ਬਹਨਿ ਭਾਨਜੀ ਜਿਨਹਿ ਬਰੀ ਤਿਸੁ ਚੇਰੀ॥੨॥...

(ਆਸਾ, ਕਬੀਰ, ਪੰਨਾ-476)

## ਸ੍ਰਿਸ਼ਟੀ ਸਬੰਧੀ ਬਿੰਬ-ਸਿਰਜਨਾ

**ਮ੍ਰਿਤ ਮੰਡਲ :** ਬਾਣੀਕਾਰਾਂ ਨੇ ਜਗਤ ਜਾਂ ਸ੍ਰਿਸ਼ਟੀ ਨੂੰ ਅਸਥਿਰ, ਨਾਸ਼ਵਾਨ, ਤੇ ਇਕ ਭਰਮ ਹੀ ਆਖਿਆ ਹੈ ਭਾਵ ਇਸ ਵਿਚ ਰਹਿਣਾ ਸਦੀਵੀ ਸੱਚ ਨਹੀਂ। ਇਸ ਲਈ ਜਗਤ ਨੂੰ ਮ੍ਰਿਤ ਮੰਡਲ (ਮਾਤ ਲੋਕ ਭਾਵ ਉਹ ਲੋਕ ਜਿੱਥੇ ਮੌਤ ਵਾਪਰਦੀ ਹੋਵੇ) ਆਖਿਆ ਗਿਆ ਹੈ :

ਗਰਭ ਛੋਡਿ ਮ੍ਰਿਤ ਮੰਡਲ ਆਇਆ ਤਉ ਨਰਹਰਿ ਮਨਹੁ ਬਿਸਾਰਿਆ॥੧॥

(ਸਿਰੀਰਾਗ, ਬੇਣੀ, ਪੰਨਾ-93)

ਜਗਤ ਦੀ ਅਸਥਿਰਤਾ ਜਾਂ ਨਾਸ਼ਮਾਨਤਾ ਨੂੰ ਦ੍ਰਿੜ ਕਰਨ ਲਈ ਬਾਣੀਕਾਰਾਂ ਨੇ ਲੋਕ-ਮਨ ਵਿਚ ਪ੍ਰਵਾਹਮਾਨ ਹੇਠ ਲਿਖੇ ਬਿੰਬਾਂ ਤੇ ਪ੍ਰਤੀਕਾਂ ਦੀ ਹੀ ਚੋਣ ਕੀਤੀ ਹੈ ਜਿਵੇਂ :

**ਤਰਵਰ ਦੀ ਛਾਇਆ** :

ਜਸ ਦੇਖੀਐ ਤਰਵਰ ਕੀ ਛਾਇਆ॥

ਪ੍ਰਾਨ ਗਏ ਕਹੁ ਕਾ ਕੀ ਮਾਇਆ॥੨॥ (ਗਉੜੀ, ਕਬੀਰ, ਪੰਨਾ-325)

**ਪੇਕਾ ਘਰ :** ਇਸ ਲੋਕ ਲਈ ਪੇਕਾ ਤੇ ਪਰਲੋਕ ਲਈ ਸਹੁਰੇ ਘਰ ਦਾ ਬਿੰਬ ਘੜਿਆ ਹੈ :

ਪੇਵਕੜੈ ਦਿਨ ਚਾਰਿ ਹੈ ਸਾਹੁਰੜੈ ਜਾਣਾ॥... (ਗਉੜੀ, ਕਬੀਰ, ਪੰਨਾ-333)

**ਕਸੁੰਭ :**

ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰ॥... (ਗਉੜੀ, ਰਵਿਦਾਸ, ਪੰਨਾ-346)

**ਬਾਜੀਗਰੀ :**

ਬਾਜੀਗਰੀ ਸੰਸਾਰੁ ਕਬੀਰਾ ਚੇਤਿ ਢਾਲਿ ਪਾਸਾ॥੩॥੧॥੨੩॥ (ਆਸਾ, ਕਬੀਰ, ਪੰਨਾ-482)

**ਸੁਪਨਾ :**

ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ॥... (ਆਸਾ, ਕਬੀਰ, ਪੰਨਾ-482)

**ਅੰਧ ਗਹੇਰਾ (ਅੰਨ੍ਹਾ ਖੂਹ) :**

ਮਨ ਰੇ ਸੰਸਾਰੁ ਅੰਧ ਗਹੇਰਾ॥

ਚਹੁ ਦਿਸ ਪਸਰਿਓ ਹੈ ਜਮ ਜੇਵਰਾ॥੧॥ਰਹਾਉ॥ (ਸੋਰਠਿ, ਕਬੀਰ, ਪੰਨਾ-654)

**ਖੂਹ :** ਜੀਵਾਂ ਦੇ ਜੂਨਾਂ ਵਿਚ ਵਾਰ-ਵਾਰ ਭਟਕਣ, ਭ੍ਰਮਣ ਲਈ ਸੰਸਾਰ ਰੂਪੀ ਖੂਹ ਦੇ ਬਿੰਬ ਨੂੰ ਚਿਤ੍ਰਿਤ ਕੀਤਾ ਹੈ :

ਪਿੰਧੀ ਉਭਕਲੇ ਸੰਸਾਰ॥

ਭ੍ਰਮਿ ਭ੍ਰਮਿ ਆਏ ਤੁਮ ਚੇ ਦੁਆਰਾ॥...

(ਧਨਾਸਰੀ, ਨਾਮਦੇਵ, ਪੰਨਾ-693)

**ਆਲਾ:** ਆਲਾ ਤੇ ਨਿਵਾਰਣਾ ਜਮ ਕਾਰਣਾ॥੩॥੪॥...

(ਧਨਸਾਰੀ, ਨਾਮਦੇਵ, ਪੰਨਾ-694)

**ਜਾਦੂਗਰੀ ਦਾ ਖੇਲ:**

ਬੰਦੇ ਖੋਜੁ ਦਿਲ ਹਰ ਰੋਜ ਨ ਫਿਰੁ ਪਰੇਸਾਨੀ ਮਾਹਿ॥

ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ॥੧॥ ਰਹਾਉ॥

(ਤਿਲੰਗ, ਕਬੀਰ, ਪੰਨਾ-727)

**ਫਨ ਖਾਨੇ:**

ਕਹਿ ਰਵਿਦਾਸ ਨਿਦਾਨਿ ਦਿਵਾਨੇ॥

ਚੇਤਸਿ ਨਾਹੀ ਦੁਨੀਆ ਫਨ ਖਾਨੇ॥੩॥੨॥

(ਸੂਹੀ, ਰਵਿਦਾਸ, ਪੰਨਾ-794)

**ਕਾਜਲ ਦੀ ਕੋਠੜੀ:**

ਕਬੀਰ ਜਗੁ ਕਾਜਲ ਦੀ ਕੋਠਰੀ ਅੰਧ ਪਰੇ ਤਿਸ ਮਾਹਿ॥...

(ਸਲੋਕ, ਕਬੀਰ, ਪੰਨਾ-1365)

**ਕਾਠ ਦੀ ਕੋਠੀ :**

ਕਬੀਰ ਕੋਠੀ ਕਾਠ ਕੀ ਦਹ ਦਿਸਿ ਲਾਗੀ ਆਗਿ॥...

(ਸਲੋਕ, ਕਬੀਰ, ਪੰਨਾ-1373)

**ਅੱਗ:**

ਕਿਝੁ ਨ ਬੁਝੈ ਕਿਝੁ ਨ ਸੁਝੈ ਦੁਨੀਆ ਗੁਝੀ ਭਾਹਿ॥

ਸਾਂਈਂ ਮੇਰੈ ਚੰਗਾ ਕੀਤਾ ਨਾਹੀ ਤ ਹੰ ਭੀ ਦਝਾਂ ਆਹਿ॥੩॥

(ਸਲੋਕ, ਸ਼ੇਖ ਫ਼ਰੀਦ, ਪੰਨਾ-1378)

**ਵੱਡਾ ਚਿਤ੍ਰ (ਤਸਵੀਰ):** ਭਗਤ ਸਾਹਿਬਾਨ ਸ੍ਰਿਸ਼ਟੀ (ਜਗਤ) ਦੀ ਵਿਸ਼ਾਲਤਾ ਨੂੰ ਇਕ ਬਹੁਤ ਵੱਡੇ ਚਿਤਰ ਦੇ ਬਿੰਬ ਰਾਹੀਂ ਦਰਸਾਉਂਦੇ ਹੋਏ ਚਿਤਰ ਨੂੰ ਬਨਾਉਣ ਵਾਲੇ ਚਿਤਰਕਾਰ (ਹਰੀ) ਵਿਚ ਚਿੱਤ ਰੱਖਣ ਦਾ ਉਪਦੇਸ਼ ਦਿੰਦੇ ਹਨ :

ਚਚਾ ਰਚਿਤ ਚਿਤ੍ਰ ਹੈ ਭਾਰੀ॥ ਤਜਿ ਚਿਤ੍ਰੈ ਚੇਤਹੁ ਚਿਤਕਾਰੀ॥...

(ਗਉੜੀ, ਕਬੀਰ, ਪੰਨਾ-340)

**ਪ੍ਰਤਿਬਿੰਬ (ਅਕਸ):**

ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ॥...

(ਆਸਾ, ਕਬੀਰ, ਪੰਨਾ-475)

ਸੋ ਭਗਤ ਬਾਣੀਕਾਰਾਂ ਨੇ ਜਿੱਥੇ ਇਸ ਜਗਤ ਦੀ ਨਾਸ਼ਮਾਨਤਾ ਅਤੇ ਇਸ ਵਿਚ ਖਚਿੱਤ ਹੋਣ ਤੋਂ ਵਰਜਣ ਲਈ, ਸੰਸਾਰ ਨੂੰ ਭਰਮ, ਸੁਪਨਾ, ਰੁੱਖ ਦੀ ਛਾਂ, ਬਾਜੀਗਰੀ, ਸਿਹੁਰ ਮੇਲਾ, ਖੂਹ ਆਦਿ ਦੇ ਬਿੰਬਾਂ ਦੀ ਵਰਤੋਂ ਕੀਤੀ ਹੈ ਉਥੇ ਇਸ ਜਗਤ ਨੂੰ ਜਗਿਆਸੂ-ਮਨ ਦੀ ਸਹਿਜ ਅਵਸਥਾ ਅਨੁਸਾਰ ਜਗਤ ਦੀ ਸਕਾਰਾਤਮਕਤਾ ਨੂੰ ਵੀ ਢੁਕਵੇਂ ਬਿੰਬਾਂ ਰਾਹੀਂ ਪ੍ਰਸਤੁਤ ਕੀਤਾ ਹੈ। ਜਿਵੇਂ ਗੁਰਮੁਖਾਂ, ਭਗਤ-ਜਨਾਂ ਲਈ ਮਨ ਦੀ ਟਿਕਾਉ ਅਵਸਥਾ ਵਿਚ ਪਹੁੰਚ ਕੇ ਇਹ ਸੰਸਾਰ-ਸਮੁੰਦਰ ਹੀ ਰਾਮ-ਨਾਮ ਲਈ ਸੁੱਖ-ਸਾਗਰ ਹੋ ਜਾਂਦਾ ਹੈ :

ਭਵ ਸਾਗਰ ਸੁਖ ਸਾਗਰ ਮਾਹੀ॥

ਪੀਵਿ ਰਹੇ ਜਲ ਨਿਖੁਟਤ ਨਾਹੀ॥੩॥ (ਗਉੜੀ, ਕਬੀਰ, ਪੰਨਾ-323)

**ਅੰਮ੍ਰਿਤ ਦੀ ਬਾੜੀ:** ਸੰਸਾਰ ਨੂੰ ਇਕ ਬਿਰਛ ਜਿਸ ਦੀਆ ਅਨੇਕਾਂ ਟਾਹਣੀਆਂ ਸ਼ਾਖਾਂ, ਪੱਤਰ ਜੋ ਰਸ ਭਰੇ ਫਲਾਂ ਰੂਪੀ ਸਾਰੇ ਜੀਵ-ਜੰਤਾਂ ਨਾਲ ਭਰੀਆਂ ਹਨ ਦੇ ਦ੍ਰਿਸ਼ ਬਿੰਬ ਰਾਹੀਂ ਚਿਤ੍ਰਿਤ ਕਰਦੇ ਹੋਏ ਅੰਮ੍ਰਿਤ ਦੀ ਬਾੜੀ (ਬਗੀਚੀ) ਦਾ ਨਾਮ ਦਿੰਦੇ ਹਨ :

ਤਰਵਰੁ ਏਕੁ ਅਨੰਤ ਡਾਰ ਸਾਖਾ ਪੁਹਪ ਪਤ੍ਰ ਰਸ ਭਰੀਆ॥

ਇਹ ਅੰਮ੍ਰਿਤ ਕੀ ਬਾੜੀ ਹੈ ਰੇ ਤੀਨਿ ਹਰਿ ਪੂਰੈ ਕਰੀਆ॥੧॥

(ਰਾਮਕਲੀ, ਕਬੀਰ, ਪੰਨਾ-970)

**ਸੁਹਾਵਾ ਬਾਗ :** ਫਰੀਦ ਜੀ ਇਸ ਦੁਨੀਆਂ ਨੂੰ ਇਕ ਸੋਹਣੇ ਬਾਗ਼ ਦੇ ਬਿੰਬ ਰਾਹੀਂ ਸਾਕਾਰ ਕਰਦੇ ਹਨ। ਜੀਵ ਰੂਪ ਪੰਛੀ ਇਸ ਬਾਗ ਦਾ ਇਕ ਮਹਿਮਾਨ ਹੈ ਜਿਸ ਨੇ ਇਸ ਸੁਹਾਵੇ ਬਾਗ ਤੋਂ ਧੌਂਸਾ ਵੱਜਣ 'ਤੇ ਤੁਰ ਜਾਣਾ ਹੈ :

ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ॥
ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ॥੭੯॥

(ਸਲੋਕ, ਸ਼ੇਖ ਫ਼ਰੀਦ, ਪੰਨਾ-1382)

## ਮੌਤ ਲਈ ਸਿਰਜੇ ਬਿੰਬ

ਭਗਤ ਬਾਣੀ ਵਿਚ ਮੌਤ ਸਬੰਧੀ ਕਈ ਤਰ੍ਹਾਂ ਦੇ ਬਿੰਬਾਂ ਦੀ ਵਰਤੋਂ ਕੀਤੀ ਹੈ। ਇਹ ਜਗਤ ਨਾਸ਼ਮਾਨ ਹੈ, ਜੋ ਜੀਵ ਪੈਦਾ ਹੋਇਆ ਹੈ ਉਸਨੂੰ ਮੌਤ ਵੀ ਇਕ ਦਿਨ ਜ਼ਰੂਰ ਆਉਣੀ ਹੈ ਜੋ ਅਚਾਨਕ ਹੀ ਜੀਵ ਨੂੰ ਆ ਦਬਾਉਂਦੀ ਹੈ। ਇਸ ਭਾਵ ਨੂੰ ਵਿਅਕਤ ਕਰਨ ਲਈ ਫਰੀਦ ਜੀ ਬਗਲੇ ਨੂੰ ਅਚਿੰਤ ਹੀ ਕਾਲ ਰੂਪੀ ਬਾਜ ਦੇ ਝਪਟਣ ਦੇ ਦ੍ਰਿਸ਼ਟਾਂਤ ਰਾਹੀਂ ਵਿਅਕਤ ਕਰਦੇ ਹਨ :

ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੈ॥
ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥੯੯॥

(ਸਲੋਕ, ਸ਼ੇਖ ਫ਼ਰੀਦ, ਪੰਨਾ-1383)

ਇੰਝ ਹੀ ਹੰਸਾਂ ਦੇ ਸਰੋਵਰ ਦੇ ਨੇੜੇ-ਤੇੜੇ ਉੱਡਦੇ ਰਹਿਣ ਦੇ ਦ੍ਰਿਸ਼ਟਾਂਤ ਰਾਹੀਂ ਕਾਲ (ਮੌਤ) ਦੇ ਸਰੀਰ ਦੇ ਨੇੜੇ-ਤੇੜੇ ਹੀ ਵਿਚਰਦੇ ਰਹਿਣ ਦੇ ਭਾਵ ਨੂੰ ਵਿਅਕਤ ਕੀਤਾ ਹੈ :

ਹੰਸਾ ਸਰਵਰੁ ਕਾਲੁ ਸਰੀਰ॥
ਰਾਮ ਰਸਾਇਨ ਪੀਉ ਰੇ ਕਬੀਰ॥੪॥੮॥

(ਗਉੜੀ, ਕਬੀਰ, ਪੰਨਾ-325)

**ਲਾੜਾ :** ਫਰੀਦ ਜੀ ਮੌਤ ਲਈ 'ਲਾੜੇ' ਦੇ ਬਿੰਬ ਨੂੰ ਵਰਤਦੇ ਹਨ ਜੋ ਜਿੰਦ ਰੂਪ ਵਹੁਟੀ ਨੂੰ ਵਿਆਹ ਕੇ ਲੈ ਜਾਂਦਾ ਹੈ :

ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥....

(ਸਲੋਕ, ਸ਼ੇਖ ਫ਼ਰੀਦ, ਪੰਨਾ-1377)

**ਨਦੀ :** ਮੌਤ ਦੁਆਰਾ ਸਰੀਰ ਨੂੰ ਢਾਹ ਦੇਣ (ਖ਼ਤਮ ਕਰ ਦੇਣ) ਦੇ ਭਾਵ ਨੂੰ ਨਦੀ ਦੁਆਰਾ ਕੰਢਿਆਂ ਨੂੰ ਢਾਹ ਦੇਣ ਦਾ ਦ੍ਰਿਸ਼ਟਾਂਤ ਵਰਤਿਆ ਹੈ :

ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ॥....

(ਸਲੋਕ, ਸ਼ੇਖ ਫ਼ਰੀਦ, ਪੰਨਾ-1383)

**ਸ਼ਿਕਾਰੀ :** ਕਾਲ (ਮੌਤ) ਨੂੰ 'ਸ਼ਿਕਾਰੀ' (ਹਿੰਸਾ ਕਰਨ ਵਾਲੇ) ਦੇ ਦ੍ਰਿਸ਼ਟਾਂਤ ਰਾਹੀਂ ਜੀਵ ਨੂੰ ਤਾੜਦੇ ਫਿਰਦੇ ਪੇਸ਼ ਕੀਤਾ ਹੈ :

ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ॥੧॥...

(ਧਨਾਸਰੀ, ਕਬੀਰ, ਪੰਨਾ-691-692)

**ਬਿੱਲੀ :** ਮਨੁੱਖ ਇਕ ਚੂਹਾ ਹੈ ਜਿਸ ਨੂੰ ਮੌਤ ਰੂਪੀ ਬਿੱਲੀ ਦੇ ਖਾ ਜਾਣ ਦਾ ਬਿੰਬ ਘੜਿਆ ਹੈ :

ਮਾਨਸੁ ਬਪੁਰਾ ਮੂਸਾ ਕੀਨੋ ਮੀਚੁ ਬਿਲਈਆ ਖਈਹੈ ਰੇ॥੧॥...

(ਬਿਲਾਵਲੁ, ਕਬੀਰ, ਪੰਨਾ-855)

ਇਸ ਤਰ੍ਹਾਂ ਸਰੀਰ ਨੂੰ ਪਿੰਜਰਾ, ਜੀਵਾਤਮਾ ਨੂੰ ਚਿੜਾ ਅਤੇ ਕਾਲ ਨੂੰ ਜਮ-ਬਿੱਲੇ ਦੇ ਬਿੰਬ ਰਾਹੀਂ ਕਾਲ ਦੇ ਕਿਸੇ ਵੀ ਸਮੇਂ ਸਥਾਨ 'ਤੇ ਪਹੁੰਚ ਜਾਣ ਦੇ ਵਿਚਾਰ ਨੂੰ ਪ੍ਰਗਟਾਇਆ ਹੈ :

ਚਿਰਗਟ ਫਾਰਿ ਚਟਾਰਾ ਲੈ ਗਇਓ ਤਰੀ ਤਾਗਰੀ ਛੂਟੀ॥...

(ਆਸਾ, ਕਬੀਰ, ਪੰਨਾ-480)

## ਬਿੰਬ-ਸਿਰਜਨਾ ਦਾ ਖੇਤਰ

ਕਾਵਿ ਦਾ ਖੇਤਰ ਬਹੁਤ ਵਿਸ਼ਾਲ ਹੋਣ ਕਾਰਨ ਜਿੰਨਾ ਜਿਸ ਕਵੀ ਦਾ ਰਚਨਾ ਖੇਤਰ ਵਿਸ਼ਾਲ ਹੋਵੇਗਾ ਉਨਾ ਹੀ ਉਹ ਆਪਣੀ ਰਚਨਾ ਦੇ ਮਨੋਰਥ ਨੂੰ ਹਰ ਤਰ੍ਹਾਂ ਦੀ ਲੋਕ-ਮਾਨਸਿਕਤਾ ਦੇ ਪੱਧਰ ਤੱਕ ਸੰਚਾਰਿਤ ਕਰ ਸਕਦਾ ਹੈ। ਕਾਵਿ ਦੇ ਵਿਸ਼ਾਲ ਬਿੰਬ-ਸਿਰਜਨਾ ਖੇਤਰ ਕਾਰਨ ਹੀ ਇਸ ਨੂੰ ਸਮਾਜ ਦਾ ਸ਼ੀਸ਼ਾ ਕਿਹਾ ਜਾਂਦਾ ਹੈ। "ਕਵਿਤਾ ਲਈ ਸਿਰਜੇ ਜਾਂਦੇ ਬਿੰਬਾਂ ਦੇ ਖੇਤਰ ਨੂੰ ਮੁੱਖ ਤੌਰ 'ਤੇ ਦੋ ਹਿੱਸਿਆਂ (1) ਪ੍ਰਾਕ੍ਰਿਤਕ ਬਿੰਬ ਅਤੇ (2) ਜੀਵਨ ਅਧਾਰਿਤ ਬਿੰਬਾਂ ਵਿਚ ਵੰਡਿਆ ਜਾਂਦਾ ਹੈ।"[124] ਗੁਰੂ ਗ੍ਰੰਥ ਸਾਹਿਬ ਦੀ ਅਧਿਆਤਮਕ ਬਾਣੀ ਵਿਚ ਬਿੰਬ ਸਿਰਜਨਾ-ਖੇਤਰ ਪ੍ਰਾਕ੍ਰਿਤੀ ਤੋਂ ਲੈ ਕੇ ਪੂਰੇ ਲੋਕ ਜੀਵਨ ਤੱਕ ਫੈਲਿਆ ਹੋਇਆ ਹੈ। ਬਾਣੀਕਾਰਾਂ ਨੇ ਕੇਵਲ ਦ੍ਰਿਸ਼ਟਮਾਨ ਜਗਤ ਹੀ ਨਹੀਂ ਸਗੋਂ ਅਦ੍ਰਿਸ਼ਟ ਲੋਕ ਨੂੰ ਵੀ ਬਿੰਬ ਜੁਗਤੀ ਦੁਆਰਾ ਦ੍ਰਿਸ਼ਟੀਗੋਚਰ ਕੀਤਾ ਹੈ।

## ਪ੍ਰਕਿਰਤਕ ਬਿੰਬ-ਸਿਰਜਨਾ

ਬਾਣੀਕਾਰਾਂ ਨੇ ਪ੍ਰਕ੍ਰਿਤੀ ਨੂੰ ਸੂਖ਼ਮ ਦ੍ਰਿਸ਼ਟੀ ਤੋਂ ਵੇਖਿਆ ਹੈ ਇਸ ਦ੍ਰਿਸ਼ਟੀ ਤੇ ਕਲਪਨਾ ਦੁਆਰਾ ਹੀ ਉਨ੍ਹਾਂ ਨੇ ਆਪਣੇ ਆਤਮਕ ਰਹੱਸਾਂ ਨੂੰ ਖੋਲ੍ਹਣ ਅਤੇ ਬਾਣੀ-ਰਚਨਾ ਦੇ ਉਦੇਸ਼ ਨੂੰ ਸੰਪੂਰਨ ਸੰਚਾਰਯੋਗ ਬਣਾਇਆ ਹੈ। ਪ੍ਰਕ੍ਰਿਤੀ ਦੀ ਸੁੰਦਰਤਾ ਦੇ ਪਸਾਰੇ ਵਿਚ ਪਸਰੇ ਪ੍ਰਕ੍ਰਿਤੀ ਦੇ ਕਰਤਾ ਬ੍ਰਹਮ ਨੂੰ ਮਾਣਦੇ ਹੋਏ ਕੁਦਰਤ ਵਿਚ ਵਸੇ ਅਲਖ, ਅਗਮ, ਅਗੋਚਰ, ਨਿਰਾਕਾਰ, ਕਾਦਰ ਦੀਆਂ

ਵਿਭਿੰਨ ਝਲਕਾਂ ਨੂੰ ਸਾਰੀ ਮਨੁੱਖਤਾ ਦੇ ਇੰਦ੍ਰੀ- ਅਨੁਭਵ ਦਾ ਵਿਸ਼ਾ ਬਣਾਇਆ ਹੈ। ਇਸ ਲਈ ਬਾਣੀਕਾਰਾਂ ਨੇ ਪ੍ਰਕਿਰਤਕ ਬਿੰਬ ਦੇ ਘੇਰੇ ਵਿਚ ਧਰਤੀ, ਆਕਾਸ਼ (ਬ੍ਰਹਿਮੰਡ) ਦੇ ਹਰ ਤਰ੍ਹਾਂ ਦੇ ਵੰਨ-ਸੁਵੰਨੇ ਰੰਗਾਂ ਵਿਚ ਰੰਗੀ ਮੂਲ ਸ਼ਕਤੀ ਦੀ ਲੀਲਾ ਨੂੰ ਆਪਣੀਆਂ ਰਚਨਾਵਾਂ ਵਿਚ ਸਮਾਉਣ ਤੇ ਚਿਤਰਨ ਦੇ ਯਤਨ ਕੀਤੇ ਹਨ। ਉਨ੍ਹਾਂ ਨੇ ਪ੍ਰਕਿਰਤੀ ਨੂੰ ਆਪਣੀ ਭਾਵਾਤਮਕ ਸਾਂਝ ਦੁਆਰਾ ਇਸ ਤਰ੍ਹਾਂ ਦੇਖਿਆ, ਸੁਣਿਆ, ਮਾਣਿਆ ਤੇ ਸਮਝਿਆ ਜਿਸ ਦਾ ਅਨੁਭਵ ਸਾਧਾਰਨ ਮਨੁੱਖਾਂ ਦੇ ਇੰਦ੍ਰੀ-ਬੋਧ ਦਾ ਹਿੱਸਾ ਨਹੀਂ ਬਣ ਸਕਦਾ। ਉਨ੍ਹਾਂ ਨੇ ਲੋਕ-ਪ੍ਰੇਮ ਨੂੰ ਪ੍ਰਕਿਰਤੀ ਵਿਚੋਂ ਅਤੇ ਪ੍ਰਾਕ੍ਰਿਤੀ-ਪਿਆਰ ਨੂੰ ਲੋਕ-ਪ੍ਰੇਮ ਵਿਚ ਓਤਪੋਤ ਕੀਤਾ। ਸੋ ਭਗਤ ਬਾਣੀ ਵਿਚ ਪ੍ਰਕਿਰਤੀ ਦੇ ਆਪਸੀ ਸਬੰਧਾਂ ਦੀ ਗਹਿਨ ਗੰਭੀਰਤਾ ਦੀ ਟੋਹ ਨੂੰ ਪਾਉਣ ਲਈ ਪ੍ਰਾਕ੍ਰਿਤੀ ਨੂੰ ਅਨੇਕਾਂ ਬਿੰਬਾਂ, ਪ੍ਰਤੀਕਾਂ ਤੇ ਮਾਨਵੀਕਰਨ ਆਦਿ ਜੁਗਤਾਂ ਰਾਹੀਂ ਵਰਤਿਆ ਜਿਸ ਦਾ ਅਧਿਐਨ ਹੇਠ ਲਿਖੇ ਅਨੁਸਾਰ ਕਰਨ ਦੇ ਯਤਨ ਕੀਤੇ ਗਏ ਹਨ।

**ਆਕਾਸ਼ ਮੰਡਲ ਦੀਆਂ ਦ੍ਰਿਸ਼ਟਮਾਨ ਵਸਤਾਂ ਦੇ ਬਿੰਬ :** ਆਕਾਸ਼ ਮੰਡਲ ਦੀਆਂ ਦ੍ਰਿਸ਼ਮਾਨ ਵਸਤਾਂ ਵਿਚ ਸੂਰਜ, ਚੰਦ, ਤਾਰੇ, ਬੱਦਲ, ਮੀਂਹ, ਝੱਖੜ, ਹਨ੍ਹੇਰੀ, ਦਿਨ-ਰਾਤ, ਧੁੱਪ-ਛਾਂ ਆਦਿ ਨੂੰ ਲਿਆ ਗਿਆ ਹੈ। ਪ੍ਰਕਾਸ਼ ਦਾ ਮੁੱਖ ਸੋਮਾ ਪ੍ਰਭੂ ਸਭ ਨੂੰ ਤੇਜ ਦਿੰਦਾ ਹੈ ਤੇ ਉਹ ਹੀ ਸਾਰੀ ਉਤਪਤੀ ਦਾ ਕਾਰਨ ਹੈ। ਇਸ ਭਾਵ ਨੂੰ ਪ੍ਰਗਟਾਉਣ ਲਈ ਭਗਤ ਬਾਣੀਕਾਰਾਂ ਨੇ ਆਕਾਸ਼, ਸੂਰਜ, ਚੰਨ, ਤਾਰਿਆਂ ਦੇ ਪ੍ਰਕਾਸ਼ ਬਿੰਬ ਨੂੰ ਵਰਤਿਆ ਹੈ :

ੳ) ਓਇ ਜੁ ਦੀਸਹਿ ਅੰਬਰਿ ਤਾਰੇ॥ ਕਿਨਿ ਓਇ ਚੀਤੇ ਚੀਤਨਹਾਰੇ॥੧॥...
ਸੂਰਜ ਚੰਦੁ ਕਰਹਿ ਉਜੀਆਰਾ॥ ਸਭ ਮਹਿ ਪਸਰਿਆ ਬ੍ਰਹਮ ਪਸਾਰਾ॥੨॥...

(ਗਉੜੀ, ਕਬੀਰ, ਪੰਨਾ-329)

ਅ) ਚੰਦੁ ਸੂਰਜੁ ਦੁਹਿ ਜੋਤਿ ਸਰੂਪੁ॥
ਜੋਤੀ ਅੰਤਰਿ ਬ੍ਰਹਮੁ ਅਨੂਪੁ॥੧॥

(ਰਾਮਕਲੀ, ਕਬੀਰ, ਪੰਨਾ-972)

ਪ੍ਰਭੂ ਵਿਛੋੜੇ ਵਿਚ ਖੁਸਦੀ ਸਰੀਰ ਦੀ ਹਾਲਤ ਲਈ ਕਬੀਰ ਜੀ ਦਿਨ ਵੇਲੇ ਤਾਰਿਆਂ ਦੇ ਖਿਸਕਣ (ਅਲੋਪ) ਹੋਣ ਦਾ ਇਕ ਖੂਬਸੂਰਤ ਦ੍ਰਿਸ਼ਟਾਂਤ ਬਿੰਬ ਵਰਤਦੇ ਹਨ :

ਕਬੀਰ ਪਰਭਾਤੇ ਤਾਰੇ ਖਿਸਹਿ ਤਿਉ ਇਹੁ ਖਿਸੈ ਸਰੀਰੁ॥...

(ਸਲੋਕ, ਕਬੀਰ, ਪੰਨਾ-1373)

ਸਾਰੀ ਸ੍ਰਿਸ਼ਟੀ ਦਾ ਤਾਣਾ-ਬਾਣਾ ਬੁਣਨ ਵਾਲੇ ਪ੍ਰਭੂ ਨੂੰ ਤਾਣੀ ਤਣਨ, ਕੱਪੜਾ ਬੁਣਨ ਵਾਲੇ ਜੁਲਾਹੇ ਦੇ ਬਿੰਬ ਰਾਹੀਂ ਚਿਤ੍ਰਿਤ ਕੀਤਾ ਹੈ :

ਧਰਨਿ ਅਕਾਸ ਕੀ ਕਰਗਹ ਬਨਾਈ॥ ਚੰਦੁ ਸੂਰਜੁ ਦੁਇ ਸਾਰ ਚਲਾਈ॥੨॥
ਪਾਈ ਜੋਰਿ ਬਾਤ ਇਕ ਕੀਨੀ ਤਹ ਤਾਂਤੀ ਮਨੁ ਮਾਨਾਂ॥
ਜੋਲਾਹੇ ਘਰੁ ਅਪਨਾ ਚੀਨ੍ਹਾਂ ਘਟ ਹੀ ਰਾਮੁ ਪਛਾਨਾਂ॥੩॥

(ਆਸਾ, ਕਬੀਰ, ਪੰਨਾ-484)

**ਹਨ੍ਹੇਰੀ (ਝੱਖੜ), ਬਿਜਲੀ, ਮੀਂਹ ਆਦਿ** : ਗਿਆਨ ਰੂਪੀ ਤੇਜ ਹਨ੍ਹੇਰੀ (ਝੱਖੜ) ਦੇ ਆਉਣ ’ਤੇ ਦੁਚਿੱਤੇਪਣ ਦੀਆਂ ਦੋ ਥੰਮੀਆਂ ਦੇ ਡਿੱਗਣ, ਮੋਹ ਰੂਪੀ ਵਲਾ ਦੇ ਟੁੱਟਣ, ਤ੍ਰਿਸ਼ਨਾ ਰੂਪ ਛੰਨ ਦੇ ਡਿੱਗਣ ਨਾਲ ਮਨ ’ਚ ਬਣਿਆ ਵਿਸ਼ੇ ਵਿਕਾਰਾਂ ਰੂਪੀ ਛੱਪਰ ਢਹਿ ਜਾਣ ਤੇ ਇਸ ਛੱਪਰ ਵਿਚ ਖੋਟੀ ਬੁੱਧੀ ਰੂਪੀ ਭਾਂਡੇ-ਠੀਕਰ ਦੇ ਟੁੱਟ ਜਾਣ ਪਿੱਛੋਂ ਭਾਵ ਇਸ ਤੇਜ ਝੱਖੜ ਪਿਛੋਂ ਰਾਮ-ਨਾਮ ਰੂਪੀ ਮੀਂਹ ਦੇ ਬਰਸਣ ਦਾ ਖੂਬਸੂਰਤ ਦ੍ਰਿਸ਼-ਬਿੰਬ ਚਿਤਰਿਆ ਗਿਆ ਹੈ :

ਦੇਖੌ ਭਾਈ ਗ੍ਯ੍ਯਾਨ ਕੀ ਆਈ ਆਂਧੀ॥...
ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ॥
ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ॥੧॥
ਆਂਧੀ ਪਾਛੇ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾਂ॥

(ਗਉੜੀ, ਕਬੀਰ, ਪੰਨਾ 331-332)

ਕੁਸੰਗਤੀ ਪੁਰਸ਼ ਲਈ ਸੱਚੀ ਸੰਗਤਿ ਵਿਚ ਗੁਰੂ ਦੀ ਸਿੱਖਿਆ ਬੇਅਰਥ ਹੀ ਹੋ ਜਾਂਦੀ ਹੈ ਭਾਵ ਉਸ ਤੇ ਗੁਰੂ ਦੇ ਸੱਚੇ ਗਿਆਨ ਦਾ ਕੋਈ ਅਸਰ ਨਹੀਂ ਹੁੰਦਾ। ਇਸ ਭਾਵ ਨੂੰ ਮੀਂਹ ਦੀ ਨਿਰਮਲ ਪਾਣੀ ਦੀ ਬੂੰਦ ਦੇ ਵਿਕਾਰਾਂ ਭਰੀ, ਗੰਦੀ ਧਰਤੀ ’ਤੇ ਪੈਣ ਦੇ ਦ੍ਰਿਸ਼ਟਾਂਤ ਰਾਹੀਂ ਪ੍ਰਗਟਾਇਆ ਗਿਆ ਹੈ।[125] ਪਰ ਗੁਰੂ ਲਈ ਤੀਬਰ ਪ੍ਰੇਮ ਤੇ ਗੁਰੂ ਦੇ ਗਿਆਨ ਲਈ ਪਿਆਸੇ ਜਗਿਆਸੂ ਮਨ ’ਤੇ ਗੁਰੂ ਦੀ ਸਿੱਖਿਆ ਇਸ ਤਰ੍ਹਾਂ ਅਸਰ ਕਰਦੀ ਹੈ ਜੋ ਫਿਰ ਚਾਹੇ ਕੋਈ ਜਿਨ੍ਹਾਂ ਮਰਜ਼ੀ ਜ਼ੋਰ ਲਾ ਲਵੇ ਪਰ ਗਿਆਨੀ ਪੁਰਸ਼ ਦਾ ਮਨ ਵਿਕਾਰ-ਰਹਿਤ ਹੀ ਰਹਿੰਦਾ ਹੈ। ਇਸ ਭਾਵ ਨੂੰ ਆਕਾਸ਼ ਚੋਂ ਬਰਸੇ ਨਿਰਮਲ ਮੀਂਹ ਦਾ ਪਿਆਸੀ ਧਰਤੀ ਵਿਚ ਸੋਕ ਜਾਣ, ਅਭੇਦ ਹੋ ਜਾਣ ਦੇ ਰੂਪਕ ਬਿੰਬ ਰਾਹੀਂ ਵਿਅਕਤ ਕੀਤਾ ਹੈ :

ਕਬੀਰ ਨਿਰਮਲ ਬੂੰਦ ਅਕਾਸ ਕੀ ਲੀਨੀ ਭੂਮਿ ਮਿਲਾਇ॥
ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ॥੧੯੬॥

(ਸਲੋਕ, ਕਬੀਰ, ਪੰਨਾ-1375)

ਸ਼ੇਖ਼ ਫ਼ਰੀਦ ਜੀ ਵਿਕਾਰਾਂ ਤੋਂ ਬੇਪ੍ਰਵਾਹ ਹੋ ਕੇ ਪਿਆਰੇ ਹਰੀ ਨੂੰ ਜਾ ਮਿਲਣ ਦੀ ਠਾਣਦੇ ਹੋਏ ਅੱਲਾਹ ਦੁਆਰਾ ਵਰਸ ਰਹੇ ਪਾਕ ਮੀਂਹ ਨਾਲ ਵਿਕਾਰਾਂ ਰੂਪੀ ਚਿੱਕੜ ਦੇ ਸਾਫ਼ ਹੋ ਜਾਣ ਦੇ ਭਾਵ ਨੂੰ ਇਸ ਤਰ੍ਹਾਂ ਪ੍ਰਗਟਾਉਂਦੇ ਹਨ :

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥...॥੨੪॥
ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥...॥੨੫॥

(ਸਲੋਕ, ਸ਼ੇਖ ਫ਼ਰੀਦ, ਪੰਨਾ-1379)

ਪ੍ਰਭੂ ਦੇ ਮਿਲਣ ਦੀ ਅਨੰਦਿਤ ਸਹਿਜ ਅਵਸਥਾ ਨੂੰ ਅਨਹਦ ਸ਼ਬਦ ਦੇ ਢੋਲ ਦਾ ਬਿਨਾ ਮੁੜ੍ਹੇ ਹੀ ਵੱਜਣਾ, ਸਾਵਣ ਮਹੀਨੇ ਬਿਨਾਂ ਬੱਦਲ ਗਰਜਣ ਅਤੇ ਬੱਦਲਾਂ ਤੋਂ ਬਿਨਾਂ ਹੀ ਮੀਂਹ ਦੇ ਬਰਸਣ ਦੇ ਬਿੰਬ ਰਾਹੀਂ ਪ੍ਰਗਟਾਇਆ ਹੈ :

ਬਿਨੁ ਸਾਵਣੁ ਘਨਹਰੁ ਗਾਜੈ॥
ਬਾਦਲ ਬਿਨੁ ਬਰਖਾ ਹੋਈ॥ਜਉ ਤਤੁ ਬਿਚਾਰੈ ਕੋਈ॥੧॥...

(ਸੋਰਠਿ, ਨਾਮਦੇਵ, ਪੰਨਾ-657)

ਪਰਾਏ ਧਨ, ਜੋਬਨ ਦਾ ਗਰਬ (ਹੰਕਾਰ) ਕਰਨ ਵਾਲੇ ਲੋਕਾਂ ਦੇ ਹਰੀ ਨਾਮ ਤੋਂ ਸੱਖਣੇ ਚਲੇ ਜਾਣ ਲਈ ਮੀਂਹ ਪੈਣ 'ਤੇ ਵੀ ਟਿੱਬਿਆਂ ਦੇ ਖਾਲੀ, ਸੁੱਕੇ ਰਹਿਣ ਦੇ ਦ੍ਰਿਸ਼ਟਾਂਤ ਦੀ ਵਰਤੋਂ ਕੀਤੀ ਗਈ ਹੈ :

ਫਰੀਦਾ ਗਰਬੁ ਜਿਨ੍ਾ ਵਡਿਆਈਆ ਧਨ ਜੋਬਨਿ ਆਗਾਹ॥
ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ॥੧੦੫॥

(ਸਲੋਕ, ਸ਼ੇਖ਼ ਫ਼ਰੀਦ, ਪੰਨਾ-1383)

## ਦਿਨ-ਰਾਤ, ਧੁੱਪ-ਛਾਂ

ਸਹਿਜ ਅਵਸਥਾ ਵਿਚ ਟਿਕੇ ਮਨ ਲਈ ਵਰਖਾ, ਸਮੁੰਦਰ ਤੇ ਪਾਣੀ ਦੇ ਤਲਾਅ, ਧੁੱਪ-ਛਾਂ, ਪਰਲੋ, ਦਿਨ, ਰਾਤ, ਪਾਣੀ, ਹਵਾ ਤੇ ਅੱਗ ਆਦਿ ਦਾ ਅਭਾਵ ਹੁੰਦਾ ਹੈ :

ਤਹ ਪਾਵਸ ਸਿੰਧੁ ਧੂਪ ਨਹੀ ਛਹੀਆ ਤਹ ਉਤਪਤਿ ਪਰਲਉ ਨਾਹੀ॥...
ਅਰਧ ਉਰਧ ਦੋਊ ਤਹ ਨਾਹੀ ਰਾਤਿ ਦਿਨਸੁ ਤਹ ਨਾਹੀ॥
ਜਲੁ ਨਹੀ ਪਵਨੁ ਪਾਵਕੁ ਫੁਨਿ ਨਾਹੀ ਸਤਿਗੁਰ ਤਹ ਸਮਾਹੀ॥੨॥

(ਗਉੜੀ, ਕਬੀਰ, ਪੰਨਾ-333)

**ਰੁੱਤਾਂ** : (ਗਰਮੀ, ਸਰਦੀ, ਬਸੰਤ, ਵਰਖਾ, ਆਦਿ)

ਰੁੱਤਾਂ ਦੇ ਬਦਲਣ ਦੇ ਬਿੰਬ ਦੁਆਰਾ ਜੀਵਨ ਦੀ ਅਸਥਿਰਤਾ ਦੇ ਭਾਵ ਨੂੰ ਇਸ ਤਰ੍ਹਾਂ ਪ੍ਰਗਟਾਇਆ ਗਿਆ ਹੈ :

ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ॥
ਚਾਰੇ ਕੁੰਡਾ ਢੂੰਡੀਆਂ ਰਹਣੁ ਕਿਥਾਊ ਨਾਹਿ॥੧੦੨॥

(ਸਲੋਕ, ਸ਼ੇਖ ਫ਼ਰੀਦ, ਪੰਨਾ-1383)

ਫਰੀਦ ਜੀ ਜਗਤ ਦੀ ਅਸਥਿਰਤਾ ਲਈ ਰੁੱਤਾਂ ਦੇ ਬਦਲਣ ਦਾ ਇਕ ਹੋਰ ਬੜਾ ਸੋਹਣਾ ਦ੍ਰਿਸ਼-ਬਿੰਬ ਚਿਤਰਦੇ ਹਨ। ਜਿਵੇਂ ਕੱਤਕ ਵਿਚ ਕੂੰਜਾਂ, ਚੇਤ ਵਿਚ ਜੰਗਲ ਦੀ ਅੱਗ, ਸਾਵਣ ਵਿਚ ਚਮਕਦੀਆਂ ਬਿਜਲੀਆਂ, ਸਿਆਲ ਰੁੱਤ ਵਿਚ ਪਿਆਰੇ ਗਲ ਪਈਆਂ ਬਾਹਵਾਂ, ਇਹ ਸਾਰੀ ਕਾਰ ਸਦਾ ਨਹੀਂ ਰਹਿੰਦੀ ਤਿਵੇਂ ਇਹ ਜਗਤ ਪਸਾਰਾ ਵੀ ਸਦਾ ਰਹਿਣ ਵਾਲਾ ਨਹੀਂ :

ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ॥
ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ॥੬॥

(ਆਸਾ, ਸ਼ੇਖ਼ ਫ਼ਰੀਦ, ਪੰਨਾ-488)

ਪ੍ਰਭੂ ਭਗਤ ਦੇ ਮਨ ਵਿਚ ਰਾਮ-ਨਾਮ ਦੀ ਤੜਫ ਨੂੰ ਗਰਮੀ ਵਿਚ ਮਨੁੱਖਾਂ ਦੇ ਤਪਣ ਦੇ ਦ੍ਰਿਸ਼ਟਾਂਤ ਬਿੰਬ ਰਾਹੀਂ ਪ੍ਰਗਆਇਆ ਹੈ :

ਜੈਸੇ ਤਾਪਤੇ ਨਿਰਮਲ ਘਾਮਾ॥
ਤੈਸੇ ਰਾਮ ਨਾਮਾ ਬਿਨੁ ਬਾਪੁਰੋ ਨਾਮਾ॥੫॥੪॥

(ਗੋਂਡ, ਨਾਮਦੇਵ, ਪੰਨਾ-874)

ਸਾਰੀ ਸ੍ਰਿਸ਼ਟੀ ਤੇ ਹਰ ਹਿਰਦੇ ਵਿਚ ਨਿਵਾਸ ਕਰਦੇ ਹਰੀ ਦੇ ਅਨੁਭਵ ਸਦਕਾ ਘਟਿ ਘਟਿ ਵਿਚ ਬਸੰਤ ਖਿੜਨ ਦਾ ਚਿੱਤਰ ਖਿੱਚਿਆ ਗਿਆ ਹੈ :

ਮਉਲੀ ਧਰਤੀ ਮਉਲਿਆ ਅਕਾਸੁ॥
ਘਟਿ ਘਟਿ ਮਉਲਿਆ ਆਤਮ ਪ੍ਰਗਾਸੁ॥੧॥
ਰਾਜਾ ਰਾਮੁ ਮਉਲਿਆ ਅਨਤ ਭਾਇ॥...

(ਬਸੰਤ, ਕਬੀਰ, ਪੰਨਾ-1193)

## ਜਲ-ਸ੍ਰੋਤ ਸਬੰਧੀ ਬਿੰਬ

ਧਰਤੀ ਦੇ ਜਲ ਸ੍ਰੋਤਾਂ ਵਿਚ ਨਦੀਆਂ, ਨਾਲੇ, ਲਹਿਰਾਂ, ਖੂਹ, ਤਲਾਬ, ਛੱਪਰ, ਸਮੁੰਦਰ ਆਦਿ ਨੂੰ ਲੈ ਕੇ ਵੀ ਬਾਣੀ ਵਿਚ ਬਿੰਬ ਸਿਰਜਨਾ ਹੋਈ ਹੈ। ਜਗਿਆਸੂ ਦੇ ਪ੍ਰਭੂ ਨਾਲ ਅਭੇਦ ਹੋਣ ਦੇ ਭਾਵ ਨੂੰ ਸਮੁੰਦਰ ਦੇ ਪਾਣੀ ਵਿਚ ਪਾਣੀ ਵਾਂਗ ਅਤੇ ਨਦੀ ਵਿਚ ਲਹਿਰ ਵਾਂਗ ਸਮਾ ਜਾਣ ਦੇ ਦ੍ਰਿਸ਼ਟਾਂਤ ਰਾਹੀਂ ਵਿਅਕਤ ਕੀਤਾ ਹੈ :

ਉਦਕ ਸਮੁੰਦ ਸਲਲ ਕੀ ਸਾਖਿਆ ਨਦੀ ਤਰੰਗ ਸਮਾਵਹਿਗੇ॥...

(ਮਾਰੂ, ਕਬੀਰ, ਪੰਨਾ-1103)

**ਲਹਿਰ:** ਲੋਭ ਆਦਿ ਵਿਕਾਰਾਂ ਵਿਚ ਗ੍ਰਸਤ ਹੋਣ ਦੇ ਡਰ ਤੋਂ ਭਗਤ ਜਨ ਵੱਲੋਂ ਕੀਤੀ ਅਰਦਾਸ ਦੇ ਭਾਵ ਨੂੰ ਸੰਸਾਰ ਰੂਪੀ ਸਮੁੰਦਰ ਵਿਚ ਲੋਭ ਆਦਿ ਵਿਕਾਰਾਂ ਦੀਆ ਸ਼ੂਕਦੀਆਂ ਲਹਿਰਾਂ ਵਿਚ ਡੁੱਬਣ ਦਾ ਬਿੰਬ ਇਸ ਤਰ੍ਹਾਂ ਚਿਤ੍ਰਿਤ ਕੀਤਾ ਹੈ ;

ਲੋਭ ਲਹਰਿ ਅਤਿ ਨੀਝਰ ਬਾਜੈ॥ ਕਾਇਆ ਡੂਬੈ ਕੇਸਵਾ॥੧॥

ਸੰਸਾਰੁ ਸਮੁੰਦੇ ਤਾਰਿ ਗੋੁਬਿੰਦੇ॥ਤਾਰਿ ਲੈ ਬਾਪ ਬੀਠੁਲਾ॥੧॥ਰਹਾਉ॥

(ਬਸੰਤ, ਨਾਮਦੇਵ, ਪੰਨਾ-1196)

ਸੰਸਾਰ ਸਮੁੰਦਰ ਵਿਚ ਡੁੱਬਦੇ ਹੋਏ ਜਗਿਆਸੂ ਨੂੰ ਉਸਦੇ ਗੁਣਾਂ ਰੂਪੀ ਲਹਿਰ ਹੀ ਡੁੱਬਣ ਤੋਂ ਬਚਾ ਲੈਂਦੀ ਹੈ ਜਿਸਨੂੰ ਕਬੀਰ ਜੀ ਇਸ ਤਰ੍ਹਾਂ ਬਿਆਨ ਕਰਦੇ ਹਨ:

ਕਬੀਰ ਡੂਬਾ ਥਾ ਪੈ ਉਬਰਿਓ ਗੁਨ ਕੀ ਲਹਰਿ ਝਬਕਿ...॥੬੭॥

(ਸਲੋਕ, ਕਬੀਰ, ਪੰਨਾ-1368)

**ਨਦੀਆਂ:** ਹਿੰਦੂ ਧਰਮ ਵਿਚ ਤਿੰਨ ਨਦੀਆਂ (ਗੰਗਾ, ਜਮਨਾ, ਸਰਸਵਤੀ) ਦੇ ਤ੍ਰਿਬੇਣੀ ਸੰਗਮ ਵਾਲੀ ਥਾਂ 'ਤੇ ਇਸ਼ਨਾਨ ਨੂੰ ਬੜਾ ਉਤਮ ਕਰਮ ਸਮਝਿਆ ਜਾਂਦਾ ਹੈ। ਭਗਤ ਬਾਣੀਕਾਰਾਂ ਨੇ ਇਸ ਤ੍ਰਿਬੇਣੀ ਸੰਗਮ ਨੂੰ ਰਾਮ-ਨਾਮ ਵਿਚ ਲੀਨਤਾ (ਤ੍ਰਿਕੁਟੀ-ਇਸ਼ਨਾਨ) ਦੇ ਪ੍ਰਤੀਕ ਵਜੋਂ ਵਰਤਿਆ :

ਤੀਨਿ ਨਦੀ ਤਹ ਤ੍ਰਿਕੁਟੀ ਮਾਹਿ॥

ਅਹਿਨਿਸਿ ਕਸਮਲ ਧੋਵਹਿ ਨਾਹਿ॥੫॥

(ਗਉੜੀ, ਕਬੀਰ, ਪੰਨਾ-344)

ਜੋਗੀਆਂ ਦੀ ਜੋਗ ਸਾਧਨਾ ਵਿਚੋਂ ਨਾੜੀ ਸਾਧਨਾ ਅਨੁਸਾਰ ਇੜਾ, ਪਿੰਗਲਾ, ਅਤੇ ਸੁਖਮਨਾ ਵਿਚ ਮਿਲਾਉਣ ਦੇ ਭਾਵ ਨੂੰ ਤਿੰਨਾਂ ਨਦੀਆ ਦੇ ਇਕ ਥਾਂ ਦਸਮ ਦੁਆਰ ਵਿਚ ਵਸਦੇ ਪ੍ਰਭੂ-ਨਾਮ (ਪਿਰਾਗ) ਵਿਚ ਇਸ਼ਨਾਨ ਕਰਨ ਦੇ ਪ੍ਰਤੀਕ ਵਜੋਂ ਵਰਤਿਆ ਹੈ :

ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ॥

ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨ ਕਰੇ ਤਿਥਾਈ॥੧॥

(ਰਾਮਕਲੀ, ਬੇਣੀ, ਪੰਨਾ-974)

**ਖੂਹ :** ਮਨੁੱਖ ਦੇ ਸੀਮਤ ਗਿਆਨ (ਦਵੈਤ) ਦੇ ਵਿਚਾਰ ਨੂੰ ਪ੍ਰਗਟਾਉਣ ਲਈ ਖੂਹ ਵਿਚ ਰਹਿਣ ਵਾਲੇ ਡੱਡੂ ਦੇ ਦ੍ਰਿਸ਼ਟਾਂਤ ਬਿੰਬ ਨੂੰ ਵਰਤਿਆ ਗਿਆ ਹੈ :

ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ॥

ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ॥੧॥

(ਗਉੜੀ, ਰਵਿਦਾਸ, ਪੰਨਾ-346)

ਸੰਸਾਰ ਵਿਚ ਕਿਸੇ ਸੰਗੀ-ਸਾਥੀ, ਮਿੱਤਰ ਦਾ ਸਾਥ ਜਾਂ ਸਹਾਰਾ ਨਾ ਹੋਣ ਤੇ ਅੱਲਾਹ ਨੂੰ ਹੀ ਸੱਚਾ ਮਿੱਤਰ ਧਾਰਨ ਕਰਨ ਦੇ ਭਾਵ ਨੂੰ ਸੰਸਾਰ ਰੂਪੀ ਸੁੰਨੀ ਖੂਹੀ 'ਤੇ ਪਾਣੀ ਭਰਨ ਆਈ ਇੱਕਲੀ ਇਸਤਰੀ ਦੇ ਦ੍ਰਿਸ਼ ਬਿੰਬ ਨੂੰ ਚਿਤ੍ਰਿਤ ਕੀਤਾ ਹੈ :

ਵਿਧਣ ਖੂਹੀ ਮੁੰਧ ਇਕੇਲੀ॥ ਨਾ ਕੋ ਸਾਥੀ ਨਾ ਕੋ ਬੇਲੀ॥
ਕਰਿ ਕਿਰਪਾ ਪ੍ਰਭਿ ਸਾਧਸੰਗਿ ਮੇਲੀ॥
ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ॥੩॥

(ਸੂਹੀ, ਸ਼ੇਖ ਫ਼ਰੀਦ, ਪੰਨਾ-794)

**ਸਰੋਵਰ, ਤਲਾਬ, ਛੱਪੜ ਆਦਿ :** ਫਰੀਦ ਜੀ ਨੇ ਸਰੋਵਰ ਨੂੰ ਚੰਗੀ ਸੰਗਤ ਦਾ ਅਤੇ ਛੱਪੜ ਨੂੰ ਬੁਰੀ ਸੰਗਤ ਦੇ ਬਿੰਬ ਵਜੋਂ ਵਰਤਿਆ ਹੈ :

ਫਰੀਦਾ ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ॥
ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ॥੫੩॥

(ਸਲੋਕ, ਸ਼ੇਖ ਫ਼ਰੀਦ, ਪੰਨਾ-1380)

ਭਰੇ ਭਰਾਏ ਸੰਸਾਰ ਦੇ ਨਾਸ਼ ਹੋ ਜਾਣ 'ਤੇ ਕੇਵਲ ਪਰਮਾਰਥ ਦੇ ਰਾਹ 'ਤੇ ਤੁਰਨ ਵਾਲੇ ਗੁਰਮੁਖ ਹੀ ਰਹਿ ਜਾਣਗੇ। ਇਸ ਉਪਦੇਸ਼ ਨੂੰ ਵਿਅਕਤ ਕਰਨ ਲਈ ਸੰਸਾਰ ਰੂਪੀ ਤਲਾਬ ਅਤੇ ਉਸ ਤਾਲਾਬ 'ਤੇ ਵਸਣ ਵਾਲੇ ਜੀਵ ਰੂਪ ਪੰਛੀਆਂ ਦੇ ਬਿੰਬ ਨੂੰ ਸਿਰਜਿਆ ਹੈ :

ਚਲਿ ਚਲਿ ਗਈਆਂ ਪੰਖੀਆਂ ਜਿਨ੍ਹੀ ਵਸਾਏ ਤਲ॥
ਫਰੀਦਾ ਸਰੁ ਭਰਿਆ ਭੀ ਚਲਸੀ ਥਕੇ ਕਵਲ ਇਕਲ॥੬੬॥

(ਸਲੋਕ, ਸ਼ੇਖ ਫ਼ਰੀਦ, ਪੰਨਾ-1381)

## ਥਲ-ਦ੍ਰਿਸ਼

**ਪਹਾੜ :** ਪ੍ਰਭੂ ਦੀ ਅਡੋਲਤਾ, ਓਟ ਸ਼ਰਨ ਦੇ ਗੁਣ ਨੂੰ ਦਰਸਾਉਣ ਲਈ ਪਹਾੜ ਦਾ ਬਿੰਬ ਸਿਰਜਿਆ ਗਿਆ ਹੈ :

ਤੂੰ ਮੇਰੋ ਮੇਰੁ ਪਰਬਤੁ ਸੁਆਮੀ ਓਟ ਗਹੀ ਮੈ ਤੇਰੀ॥
ਨਾ ਤੁਮ ਡੋਲਹੁ ਨ ਹਮ ਗਿਰਤੇ ਰਖਿ ਲੀਨੀ ਹਰਿ ਮੇਰੀ॥੧॥

(ਰਾਮਕਲੀ, ਕਬੀਰ, ਪੰਨਾ-969)

ਦੂਸਰੇ ਪਾਸੇ ਪਹਾੜ (ਸੁਮੇਰ ਪਰਬਤ) ਨੂੰ ਪ੍ਰਭੂ-ਪ੍ਰਾਪਤੀ ਦੀ ਖੋਜ ਵਿਚ ਭ੍ਰਮਣ ਵਾਲੇ ਰਿਸ਼ੀ, ਮੁਨੀ, ਜੋਗੀ ਲੋਕਾਂ ਦੀ ਭਟਕਣ ਵਾਲੀ ਥਾਂ ਦੇ ਵਿਚਾਰ ਨੂੰ ਵੀ ਪ੍ਰਗਟਾਇਆ ਹੈ :

ਚੜਿ ਸੁਮੇਰਿ ਢੂਢਿ ਜਬ ਆਵਾ॥

ਜਿਹ ਗੜੁ ਗੜਿਓ ਸੁ ਗੜ ਮਹਿ ਪਾਵਾ॥ ੨੦॥

(ਗਉੜੀ, ਕਬੀਰ, ਪੰਨਾ-341)

ਆਤਮਕ (ਪ੍ਰਭੂ-ਮਿਲਾਪ) ਅਵਸਥਾ ਤੱਕ ਪਹੁੰਚਣ ਦਾ ਰਸਤਾ ਬੜਾ ਕਠਿਨਾਈ ਭਰਪੂਰ ਉਚਾਈ ਵਾਲਾ ਹੈ। ਇਸ ਮਿਲਾਪ ਵਾਲੀ ਉੱਚੀ ਮੰਜ਼ਿਲ ਵਿਚਕਾਰ ਆਉਂਦੇ ਕਠਿਨਾਈਆਂ ਭਰੇ ਮਾਰਗ ਲਈ ਉਚੇ ਪਹਾੜੀ ਰਸਤਿਆਂ ਦੇ ਬਿੰਬ ਨੂੰ ਚਿਤ੍ਰਿਤ ਕੀਤਾ ਹੈ :

ਘਟ ਅਵਘਟ ਡੂਘਰ ਘਣਾ ਇਕੁ ਨਿਰਗੁਣੁ ਬੈਲ ਹਮਾਰਾ॥

(ਗਉੜੀ, ਰਵਿਦਾਸ, ਪੰਨਾ-345)

**ਜੰਗਲ** : ਮਨੁੱਖ ਸਾਹਮਣੇ ਦੋ ਰਸਤੇ ਹਨ ਇਕ ਜ਼ੁਲਮ ਵਾਲਾ ਅਤੇ ਦੂਸਰਾ ਸ਼ਾਂਤ ਬਿਰਤੀ ਵਾਲਾ ਮਾਲਕ ਦੀ ਟੋਹ ਰੱਖਣ ਵਾਲਾ ਹਨ। ਇਸ ਵਿਚਾਰ ਨੂੰ ਵਿਅਕਤ ਕਰਨ ਲਈ ਫ਼ਰੀਦ ਜੀ ਜੰਗਲ ਵਿਚ ਮੋਢੇ ਤੇ ਕੁਹਾੜਾ ਰੱਖ ਅਤੇ ਸਿਰ 'ਤੇ ਘੜਾ ਰੱਖ ਕੇ ਜਾ ਰਹੇ ਲੁਹਾਰ ਦੇ ਬਿੰਬ ਨੂੰ ਸਾਕਾਰ ਕਰਦੇ ਹਨ :

ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ॥

ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ॥੪੩॥

(ਸਲੋਕ, ਸ਼ੇਖ ਫ਼ਰੀਦ, ਪੰਨਾ-1380)

ਸਾਦਾ ਜੀਵਨ ਜਿਉਣ ਤੇ ਰੱਬ ਵਾਲੇ ਪਾਸੇ ਲੱਗੇ ਰਹਿਣ ਲਈ ਜੰਗਲ ਵਿਚ ਵਸਦੇ ਕੰਕਰ, ਰੋੜੇ ਚੁਗਣ ਵਾਲੇ ਪੰਛੀਆਂ ਦਾ ਬਿੰਬ ਪੇਸ਼ ਕੀਤਾ ਹੈ :

ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿੰਨ੍ਾ ਵਾਸੁ॥

ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ॥੧੦੧॥

(ਸਲੋਕ, ਕਬੀਰ, ਪੰਨਾ-1383)

ਪਰੰਤੂ ਵਧੇਰੇ ਕਰਕੇ ਬਾਣੀਕਾਰਾਂ ਨੇ ਜੰਗਲ ਨੂੰ ਰੱਬ ਦੀ ਖੋਜ ਵਿਚ ਕੁਰਾਹੇ ਪੈਣ ਜਾਂ ਅਗਿਆਨੀ ਪੁਰਸ਼ਾਂ ਦੇ ਭਟਕਣ ਦੀ ਥਾਂ ਵੀ ਦੱਸਿਆ :

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥

ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥੧੯॥

(ਸਲੋਕ, ਸ਼ੇਖ ਫ਼ਰੀਦ, ਪੰਨਾ-1378)

**ਮੈਦਾਨ, ਮਿੱਟੀ, ਟੋਏ, ਟਿੱਬੇ** : ਨਿਮਰਤਾ ਦੇ ਗੁਣ ਨੂੰ ਧਾਰਨ ਕਰਨ ਲਈ ਰਾਹ ਦਾ ਰੋੜਾ ਹੋਣਾ, ਮਿੱਟੀ ਤੇ ਪਾਣੀ ਹੋਣਾ ਕਾਫ਼ੀ ਨਹੀਂ। ਰੋੜਾ ਰਾਹੀਆਂ ਨੂੰ ਦੁੱਖ ਦਿੰਦਾ ਹੈ, ਮਿੱਟੀ ਉਡ ਉਡ ਕੇ ਅੰਗਾਂ ਨੂੰ ਮੈਲਾ ਕਰਦੀ ਹੈ, ਪਾਣੀ ਠੰਡਾ, ਤੱਤਾ ਹੁੰਦਾ ਹੈ। ਇਸ ਲਈ ਹਰੀ-ਮਿਲਾਪ ਲਈ ਹਰੀ ਜਿਹੇ ਗੁਣਾਂ ਦਾ ਧਾਰਨੀ ਹੀ ਹੋਣਾ ਪੈਂਦਾ ਹੈ :

ਕਬੀਰ ਰੋੜਾ ਹੂਆ ਤ ਕਿਆ ਭਇਆ ਪੰਥੀ ਕਉ ਦੁਖੁ ਦੇਇ॥...॥੧੪੭॥
ਕਬੀਰ ਖੇਹ ਹੂਈ ਤਉ ਕਿਆ ਭਇਆ ਜਾਉ ਉਡਿ ਲਾਗੈ ਅੰਗ॥੧੪੮॥
ਕਬੀਰ ਪਾਨੀ ਹੂਆ ਤ ਕਿਆ ਭਇਆ ਸੀਰਾ ਤਾਤਾ ਹੋਇ॥
ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ॥੧੪੯॥

(ਸਲੋਕ, ਕਬੀਰ, ਪੰਨਾ-1372)

ਨਿਮਰਤਾ ਦੇ ਗੁਣ ਲਈ ਮਨ ਨੂੰ ਪੱਧਰੇ ਮੈਦਾਨ ਦੇ ਰੂਪ ਵਿਚ ਅਤੇ ਔਗੁਣਾਂ ਭਰੇ ਮਨ ਲਈ ਟੋਏ, ਟਿੱਬੇ ਦਾ ਪ੍ਰਤੀਕ ਵਰਤਿਆ ਹੈ :

ਫਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ॥...॥੭੪॥

(ਸਲੋਕ, ਸ਼ੇਖ ਫ਼ਰੀਦ, ਪੰਨਾ-1381)

## ਬਨਸਪਤੀ ਸਬੰਧੀ ਸਿਰਜੇ ਬਿੰਬ

ਭਗਤ ਬਾਣੀਕਾਰਾਂ ਨੇ ਉੱਗਣ ਵਾਲੀਆਂ ਵਸਤਾਂ ਵਿਚ ਘਾਹ, ਰੁੱਖ, ਫੁੱਲ, ਫਲਾਂ, ਬੂਟਿਆਂ ਆਦਿ ਨੂੰ ਵੀ ਪ੍ਰਭੂ ਦੀ ਵਿਗਾਸ ਅਵਸਥਾ ਨਾਲ ਜੋੜ ਕੇ ਬਿਆਨ ਕਰਨ ਦੇ ਯਤਨ ਕੀਤੇ ਹਨ। ਬਾਣੀਕਾਰਾਂ ਨੇ ਕੁਦਰਤ ਦੀ ਸੁੰਦਰਤਾ ਨੂੰ ਮਨੁੱਖਤਾ ਵੱਲੋਂ ਬੇਅਰਥ ਹੀ ਵਿਗਾੜਨ ਦਾ ਪੁਰਜ਼ੋਰ ਵਿਰੋਧ ਕਰਦੇ ਹੋਏ ਫੁੱਲਾਂ, ਪੱਤਿਆਂ, ਟਾਹਣੀਆਂ ਵਿਚ ਵੀ ਪ੍ਰਭੂ ਦੇ ਪਸਰੇ ਪਸਾਰੇ ਨੂੰ ਪ੍ਰਟਾਉਣ ਲਈ ਹਿੰਦੂ ਧਰਮ ਵਿਚ ਪੂਜੇ ਜਾਂਦੇ ਤਿੰਨ ਦੇਵਤੇ ਬ੍ਰਹਮਾ, ਵਿਸ਼ਨੂੰ ਅਤੇ ਸ਼ੰਕਰ ਨੂੰ ਕ੍ਰਮਵਾਰ ਪੱਤੀ, ਡਾਲੀ ਅਤੇ ਫੁੱਲ ਦੇ ਪ੍ਰਤੀਕ ਰਾਹੀਂ ਲੋਕਾਂ ਵਿਚ ਕੀਤੀ ਜਾਂਦੀ ਕਰਮ-ਕਾਂਡੀ ਪੂਜਾ ਦਾ ਖੰਡਨ ਕਰਦੇ ਹੋਏ ਸਾਰੀ ਕੁਦਰਤ ਵਿਚ ਪ੍ਰਭੂ ਦੇ ਨਿਵਾਸ ਨੂੰ ਦ੍ਰਿੜ ਕੀਤਾ :

ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ॥
ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ॥੨॥

(ਆਸਾ, ਕਬੀਰ, ਪੰਨਾ-479)

ਰੁੱਖਾਂ ਵਿਚ ਚੰਦਨ ਦਾ ਰੁੱਖ ਖੁਸ਼ਬੂਦਾਰ ਹੋਣ ਕਾਰਨ (ਜੋ ਆਪਣੇ ਆਲ-ਦੁਆਲੇ ਦੇ ਰੁੱਖਾਂ ਨੂੰ ਵੀ ਸੁਗੰਧਿਤ ਕਰ ਦਿੰਦਾ ਹੈ) ਪ੍ਰਭੂ ਦੇ ਪ੍ਰਤੀਕ ਵਿਚ ਅਤੇ ਛੋਟੇ ਰੁੱਖ ਇਰੰਡ ਨੂੰ ਭਗਤ ਜਨ ਦੇ ਰੂਪ ਵਿਚ ਪੇਸ਼ ਕੀਤਾ ਹੈ ਜੋ ਚੰਦਨ ਰੂਪੀ ਰੁੱਖ (ਪ੍ਰਭੂ) ਕੋਲ ਰਹਿਣ ਕਾਰਨ ਉੱਚਾ ਤੇ ਸੁਗੰਧਿਤ ਹੋ ਜਾਂਦਾ ਹੈ :

ਤੁਮ ਚੰਦਨ ਹਮ ਇਰੰਡ ਬਪੁਰੇ ਸੰਗਿ ਤੁਮਾਰੇ ਬਾਸਾ॥
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ॥੧॥

(ਸਲੋਕ, ਰਵਿਦਾਸ, ਪੰਨਾ-486)

ਪ੍ਰਭੂ ਦੇ ਸੂਖ਼ਮ ਰੂਪ ਨੂੰ ਬੋਹੜ ਰੁੱਖ ਦੇ ਨਿਕੇ ਜਿਹੇ ਬਟਕ (ਬੀਜ) ਵਿਚ ਹੋਣ ਅਤੇ ਉਸਦੇ ਤਿੰਨਾਂ ਲੋਕਾਂ ਵਿਚ ਪਸਰੇ ਪਸਾਰੇ ਨੂੰ ਬੀਜ ਤੋਂ ਬੋਹੜ-ਰੂਪ ਵਿਚ ਫੈਲ ਜਾਣ ਦੇ ਦ੍ਰਿਸ਼ਟਾਂਤ ਰਾਹੀਂ ਚਿਤਰਿਆ ਹੈ :

ਅਲਹ ਲਹਉ ਤਉ ਕਿਆ ਕਹਉ ਕਹਉ ਤ ਕੋ ਉਪਕਾਰ॥
ਬਟਕ ਬੀਜ ਮਹਿ ਰਵਿ ਰਹਿਓ ਜਾ ਕੋ ਤੀਨਿ ਲੋਕ ਬਿਸਥਾਰ॥੩॥

(ਗਉੜੀ, ਕਬੀਰ, ਪੰਨਾ-340)

ਸਾਕਤ, ਕੁਸੰਗਤੀ, ਕੁਕਰਮੀ ਇਨਸਾਨ ਦੀ ਨਾ ਬਦਲਣ ਵਾਲੀ ਸਹਿਜ ਪ੍ਰਵਿਰਤੀ ਨੂੰ ਪ੍ਰਗਟਾਉਣ ਲਈ ਨਿੰਮ ਦੇ ਕੌੜੇ ਰੁੱਖ ਦਾ ਬਿੰਬ ਵਰਤਿਆ ਹੈ :

ਅੰਮ੍ਰਿਤੁ ਲੈ ਲੈ ਨੀਮੁ ਸਿੰਚਾਈ॥
ਕਹਤ ਕਬੀਰ ਉਆ ਕੋ ਸਹਜੁ ਨ ਜਾਈ॥੫॥੭॥੨੦॥

(ਆਸਾ, ਕਬੀਰ, ਪੰਨਾ-481)

ਇਸ ਸੰਸਾਰ ਨੂੰ ਜੀਵਾਂ ਰੂਪ ਅਨੰਤ ਟਾਹਣੀਆਂ, ਸ਼ਾਖਾਂ, ਪੱਤਿਆਂ, ਰਸ ਭਰੇ ਫੁੱਲਾਂ, ਫਲਾਂ ਨਾਲ ਲੱਦੇ ਰੁੱਖ ਦੇ ਬਿੰਬ ਵਜੋਂ ਵੀ ਪੇਸ਼ ਕੀਤਾ ਗਿਆ ਹੈ :

ਤਰਵਰੁ ਏਕੁ ਅਨੰਤ ਡਾਰ ਸਾਖਾ ਪੁਹਪ ਪਤ੍ਰ ਰਸ ਭਰੀਆ॥
ਇਹ ਅੰਮ੍ਰਿਤ ਕੀ ਬਾੜੀ ਹੈ ਰੇ ਤਿਨਿ ਹਰਿ ਪੂਰੈ ਕਰੀਆ॥੧॥

(ਰਾਮਕਲੀ, ਕਬੀਰ, ਪੰਨਾ-970)

ਧਨੀ ਤੇ ਹੰਕਾਰੀ ਮਨੁੱਖ ਭਾਵੇਂ ਲੱਖ ਗੁਰੂ ਦੇ ਨੇੜੇ ਤੇ ਸੰਗਤ ਵਿਚ ਰਹੇ ਪਰ ਅਗਿਆਨੀ ਤੇ ਔਗੁਣੀ ਹੀ ਰਹਿੰਦਾ ਹੈ। ਇਸ ਵਿਚਾਰ ਨੂੰ ਪ੍ਰਗਟਾਉਣ ਲਈ ਚੰਦਨ ਦੇ ਰੁੱਖ ਕੋਲ ਖੜੇ ਬਾਂਸ ਦਾ ਬਿੰਬ ਵਰਤਦੇ ਹਨ :

ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ॥
ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ॥੧੨॥

(ਸਲੋਕ, ਕਬੀਰ, ਪੰਨਾ-1365)

ਬੁਰੇ ਕੰਮ ਕਰਕੇ ਚੰਗੇ ਨਤੀਜੇ ਜਾਂ ਫਲ ਦੀ ਆਸ ਰੱਖਣ ਵਾਲੇ ਮਨੁੱਖੀ ਭਾਵ ਨੂੰ ਕਿੱਕਰ (ਕੰਡਿਆਂ ਵਾਲਾ ਰੁੱਖ) ਬੀਜ ਕੇ ਦਾਖ ਬਿਜਉਰੀਆਂ ਦੀ ਝਾਕ ਰੱਖਣ ਵਾਲੇ ਅਤੇ ਭੇਡਾਂ ਦੀ ਉੱਨ ਕੱਤਣ ਵਾਲੇ ਦੀ ਰੇਸ਼ਮ ਪਹਿਨਣ ਦੀ ਚਾਹਤ ਰਾਹੀਂ ਇਸ ਤਰ੍ਹਾਂ ਦ੍ਰਿਸ਼ਟੀਗੋਚਰ ਕੀਤਾ ਹੈ :

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥

ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥੨੩॥ (ਸਲੋਕ, ਸ਼ੇਖ ਫ਼ਰੀਦ, ਪੰਨਾ-1378)

**ਵੇਲ, ਫੁੱਲ, ਫਲ, ਸਬਜ਼ੀ, ਘਾਹ ਆਦਿ:** ਭਗਤ ਜਨ ਲਈ ਪ੍ਰਭੂ ਦਾ ਨਾਮ ਐਸਾ ਆਸਰਾ ਹੈ ਜਿਵੇਂ ਪਾਣੀ ਵਿਚ ਫੁੱਲ ਜਿਉਂਦਾ ਜਾਂ ਖਿੜਿਆ ਰਹਿੰਦਾ ਹੈ :

ਨਾਮੁ ਤੇਰਾ ਆਧਾਰੁ ਮੇਰਾ ਜਿਉ ਫੂਲੁ ਜਈ ਹੈ ਨਾਰਿ॥

(ਗਉੜੀ, ਕਬੀਰ, ਪੰਨਾ-338)

ਨਿਰੰਕਾਰ ਦੇ ਗਿਆਨ ਦੀ ਇਕ ਕਿਰਨ ਜਗਿਆਸੂ ਦੁਆਰਾ ਆਪਣੇ ਹਿਰਦੇ ਵਿਚ ਟਿਕਾਉਣ ਦੇ ਭਾਵ ਨੂੰ ਪ੍ਰਗਟਾਉਣ ਲਈ ਸੂਰਜ ਦੀਆਂ ਕਿਰਨਾਂ ਵਿਚ ਕਮਲ-ਫੁੱਲ ਦੇ ਖਿੜੇ ਰਹਿਣ ਦੇ ਬਿੰਬ ਨੂੰ ਪੇਸ਼ ਕੀਤਾ ਹੈ। ਕਮਲ ਫੁੱਲ ਚੰਦਰਮਾ (ਰਾਤ) ਨੂੰ ਮੁਰਝਾ ਜਾਂਦਾ ਹੈ ਪਰ "ਕੁਮੁਦ (ਕੰਮੀਆਂ ਜਾਂ ਕਵੀਆਂ) ਜਾਤੀ ਦਾ ਕਵਲ ਚੰਦ ਨੂੰ ਵੇਖ ਕੇ ਖਿੜਦਾ ਹੈ।"[126] ਬਾਣੀ ਵਿਚ ਇਸੇ ਕਿਸਮ ਦੇ ਕਮਲ ਫੁੱਲ ਦਾ ਬਿੰਬ ਵਰਤਿਆ ਗਿਆ ਹੈ ਕਿ ਸੱਚੇ ਜਗਿਆਸੂ ਰੂਪ ਕਮਲ-ਹਿਰਦੇ 'ਤੇ ਵਿਕਾਰਾਂ ਰੂਪ ਰਾਤ ਕੋਈ ਅਸਰ ਨਹੀਂ ਕਰਦੀ :

ਕਕਾ ਕਿਰਣਿ ਕਮਲ ਮਹਿ ਪਾਵਾ॥

ਸਸਿ ਬਿਗਾਸ ਸੰਪਟ ਨਹੀ ਆਵਾ॥... (ਗਉੜੀ, ਕਬੀਰ, ਪੰਨਾ-340)

ਸੰਸਾਰ ਦੀ ਅਸਥਿਰਤਾ ਨੂੰ ਛੇਤੀ ਨਾਸ਼ ਹੋ ਜਾਣ ਵਾਲੇ ਕੱਚੇ ਸੂਹੇ ਕਸੁੰਭੇ ਦੇ ਫੁੱਲ ਅਤੇ ਸਦੀਵੀ ਹਾਜ਼ਰ-ਨਾਜ਼ਰ ਪ੍ਰਭੂ ਨੂੰ ਮਜੀਠ ਦੇ ਪੱਕੇ ਰੰਗ ਦੇ ਦ੍ਰਿਸ਼ਟਾਂਤ ਰਾਹੀਂ ਦ੍ਰਿੜਾਇਆ ਹੈ :

ਜੈਸਾ ਰੰਗੁ ਕੁਸੁੰਭ ਕਾ ਤੈਸਾ ਇਹੁ ਸੰਸਾਰੁ॥

ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ॥੪॥੧॥

(ਗਉੜੀ, ਰਵਿਦਾਸ, ਪੰਨਾ-346)

ਹਿਰਦੇ ਵਿਚ ਕਪਟ ਲੈ ਕੇ ਮੂੰਹੋਂ ਗਿਆਨ ਦੀਆਂ ਗੱਲਾਂ ਕਰਨ ਵਾਲੇ ਕਪਟੀ ਮਨ ਲਈ ਲਉਕੀ (ਕੁੜੱਤਣ ਭਰੀ) ਦਾ ਬਿੰਬ ਵਰਤਿਆ ਹੈ :

ਲਉਕੀ ਅਠਸਠਿ ਤੀਰਥ ਨਾਈ॥

ਕਉਰਾਪਨੁ ਤਊ ਨ ਜਾਈ॥੨॥ (ਸਰੋਠਿ, ਕਬੀਰ, ਪੰਨਾ-656)

ਸ਼ਾਸਤ੍ਰਾਂ ਦੇ ਦੱਸੇ ਕਰਮ-ਕਾਂਡਾਂ ਵਿਚ ਫਸੇ, ਚੰਗੇ ਨੂੰ ਮੰਦਾ ਅਤੇ ਮੰਦੇ ਨੂੰ ਚੰਗਾ ਕਹਿਣ ਵਾਲੇ ਮੂਰਖ ਲੋਕਾਂ ਦੀ ਦ੍ਰਿਸ਼ਟੀ ਨੂੰ ਨਿੰਮ ਦੇ ਰੁੱਖ ਨੂੰ ਅੰਬ, ਅੰਬ ਦੇ ਬੂਟੇ ਨੂੰ ਨਿੰਮ ਸਮਝਣ, ਪੱਕੇ ਕੇਲਿਆਂ ਨੂੰ ਝਾੜੀਆਂ ਕਹਿਣ ਅਤੇ ਸਿੰਬਲ ਰੁੱਖ ਨੂੰ ਨਲੀਏਰ ਸਮਝਣ ਦੇ ਬਿੰਬ ਰਾਹੀਂ ਦਰਸਾਇਆ ਹੈ :

ਨੀਂਬੁ ਭਇਓ ਆਂਬੁ ਆਂਬੁ ਭਇਓ ਨੀਂਬਾ ਕੇਲਾ ਪਾਕਾ ਝਾਰਿ॥
ਨਾਲੀਏਰ ਫਲੁ ਸੇਬਰਿ ਪਾਕਾ ਮੂਰਖ ਮੁਗਧ ਗਵਾਰ॥੧॥

(ਰਾਮਕਲੀ, ਕਬੀਰ, ਪੰਨਾ-972)

ਸੱਚੇ ਗਿਆਨ ਨੂੰ ਪ੍ਰਾਪਤ ਕਰਨ ਲਈ ਬਾਹਰੀ ਕਰਮ ਦਾ ਅਭਿਆਸ ਕਰਨਾ ਠੀਕ ਹੈ ਪਰ ਜਦੋਂ ਸੱਚੇ ਗਿਆਨ ਦੀ ਸੋਝੀ ਹੋ ਜਾਵੇ ਤਾਂ ਬਾਹਰੀ ਕਰਮਾਂ ਦੀ ਲੋੜ ਨਹੀਂ ਰਹਿੰਦੀ। ਇਸ ਵਿਚਾਰ ਨੂੰ ਪ੍ਰਗਟਾਉਣ ਲਈ ਬਨਸਪਤੀ ਦੇ ਫਲ ਕਾਰਨ ਫੁੱਲਣ ਤੇ ਫਲ ਲੱਗਣ ਤੋਂ ਬਾਅਦ ਫੁੱਲ ਦੇ ਝੜ ਜਾਣ ਦੇ ਦ੍ਰਿਸ਼ਟਾਂਤ ਦੀ ਵਰਤੋਂ ਕੀਤੀ ਹੈ :

ਫਲ ਕਾਰਨ ਫੂਲੀ ਬਨਰਾਇ॥ ਫਲੁ ਲਾਗਾ ਤਬ ਫੂਲੁ ਬਿਲਾਇ॥
ਗਿਆਨੈ ਕਾਰਨ ਕਰਮ ਅਭਿਆਸੁ॥
ਗਿਆਨੁ ਭਇਆ ਤਹ ਕਰਮਹ ਨਾਸੁ॥੩॥

(ਭੈਰਉ, ਰਵਿਦਾਸ, ਪੰਨਾ-1167)

ਹੰਕਾਰੀ ਮਨ ਵਾਲੀ ਕਾਇਆ ਦੀ ਨਾਸ਼ਮਾਨਤਾ ਨੂੰ ਭਾਦੋਂ ਮਹੀਨੇ ਉੱਗਣ ਵਾਲੀ ਖੁੰਬ ਜੋ ਝੱਟ ਹੀ ਨਾਸ਼ ਹੋ ਜਾਂਦੀ ਹੈ ਦੇ ਦ੍ਰਿਸ਼ਟਾਂਤ ਨੂੰ ਵਰਤਿਆ ਹੈ :

ਤੂ ਕਾਂਇ ਗਰਬਹਿ ਬਾਵਲੀ॥
ਜੈਸੇ ਭਾਧਉ ਖੂੰਬਰਾਜੁ ਤੂ ਤਿਸ ਤੇ ਖਰੀ ਉਤਾਵਲੀ॥੧॥ਰਹਾਉ॥

(ਬਸੰਤ, ਰਵਿਦਾਸ, ਪੰਨਾ-1196)

ਸਾਕਤ ਖੋਟੇ ਪੁਰਸ਼ ਦੇ ਕੁਕਰਮ ਲੁਕੇ ਨਹੀਂ ਰਹਿੰਦੇ। ਇਸ ਵਿਚਾਰ ਨੂੰ ਪ੍ਰਗਟਾਉਣ ਲਈ ਕੋਨੇ ਬੈਠ ਕੇ ਖਾਧੇ ਲਸਣ ਦੀ ਬਦਬੂ ਦੇ ਹਰ ਥਾਂ ਪ੍ਰਗਟ ਹੋਣ ਲਈ ਗੰਧ-ਬਿੰਬ ਦੀ ਵਰਤੋਂ ਕੀਤੀ ਹੈ :

ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ॥
ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨਿ॥੧੭॥

(ਸਲੋਕ, ਕਬੀਰ, ਪੰਨਾ-1365)

ਪ੍ਰਭੂ ਦੇ ਦਰ 'ਤੇ ਪ੍ਰਵਾਨ ਹੋਣ ਲਈ ਹਉਮੈ ਦਾ ਤਿਆਗ ਕਰਕੇ ਨਿਮਾਣਾ ਨਿਤਾਣਾ ਹੋਣ ਦੇ ਗੁਣ ਨੂੰ ਕੱਟੀ, ਵੱਢੀ, ਪੈਰਾਂ ਹੇਠ ਲਿਤਾੜੀ ਘਾਹ ਦੇ ਬਿੰਬ ਨੂੰ ਚਿਤ੍ਰਿਤ ਕੀਤਾ ਹੈ :

ਫਰੀਦਾ ਥੀਉ ਪਵਾਹੀ ਦਭੁ॥ ਜੇ ਸਾਂਈ ਲੋੜਹਿ ਸਭੁ॥

ਇਕੁ ਛਿਜਹਿ ਬਿਆ ਲਤਾੜੀਅਹਿ॥

ਤਾਂ ਸਾਈ ਦੈ ਦਰਿ ਵਾੜੀਅਹਿ॥੧੯॥

(ਸਲੋਕ, ਸ਼ੇਖ ਫ਼ਰੀਦ, ਪੰਨਾ-1378)

## ਪਸ਼ੂ, ਪੰਛੀ ਤੇ ਹੋਰ ਜੀਵ-ਜੰਤ ਆਦਿ ਸਬੰਧੀ ਬਿੰਬ-ਸਿਰਜਨਾ

ਪ੍ਰਭੂ ਦੀ ਸ਼ਰਨ ਨੂੰ ਸ਼ੇਰ ਦੇ ਪ੍ਰਤੀਕ ਅਤੇ ਮੰਦੇ ਕਰਮ ਕਰਕੇ ਨਾਸ਼ ਹੋਣ ਦੇ ਭਾਵ ਨੂੰ ਗਿੱਦੜ ਦੇ ਗ੍ਰਸਨ ਦੇ ਪ੍ਰਤੀਕ ਰਾਹੀਂ ਵਿਅਕਤ ਕੀਤਾ ਹੈ :

ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ॥੧॥ ਰਹਾਉ॥

(ਬਿਲਾਵਲੁ, ਸਧਨਾ, ਪੰਨਾ-858)

ਕਾਮੀ ਜੀਵ ਸਾਰੀ ਉਮਰ ਵਿਸ਼ੇ, ਵਿਕਾਰਾਂ, ਪਿੱਛੇ ਦੌੜਦਾ ਤੇ ਮਨ ਚਾਹੀਆਂ ਇੱਛਾਵਾਂ ਪੂਰੀਆਂ ਕਰਦਾ ਹੋਇਆ ਹੌਲੀ-ਹੌਲੀ ਕਮਜ਼ੋਰ ਹੋ ਕੇ ਰੋਗਾਂ ਨਾਲ ਮੌਤ ਦੇ ਮੂੰਹ ਜਾ ਪੈਂਦਾ ਹੈ। ਅਜਿਹੇ ਮੂਰਖ ਮਨੁੱਖ ਲਈ ਹਰੀ ਅੰਗੂਰੀ ਖਾਂਦੇ ਹੋਏ ਹੀਂਗਦੇ ਹੀਂਗਦੇ ਮਰ ਜਾਣ ਵਾਲੇ ਗਧੇ ਅਤੇ ਬੇਮੁਹਾਰ ਹੋ ਕੇ ਟੋਏ ਵਿਚ ਡਿੱਗ ਮਰਨ ਵਾਲੇ ਸੰਢੇ ਦਾ ਬਿੰਬ ਵਰਤਿਆ ਹੈ:

ਹਰੀ ਅੰਗੂਰੀ ਗਦਹਾ ਚਰੈ॥ ਨਿਤ ਉਠਿ ਹਾਸੈ ਹੀਗੈ ਮਾਰੈ॥੧॥

ਮਾਤਾ ਭੈਸਾ ਅੰਮੁਹਾ ਜਾਇ॥ ਕੁਦਿ ਕੁਦਿ ਚਰੈ ਰਸਾਤਲਿ ਪਾਇ॥੨॥...

(ਗਉੜੀ, ਕਬੀਰ, ਪੰਨਾ-326)

ਸ਼ੇਰ ਦੁਆਰਾ ਗਊ ਚਰਾਉਣਾ, ਮਛਲੀ ਦਾ ਰੁੱਖ ਤੇ ਜਾ ਕੇ ਸੂਣਾ, ਬਿੱਲੀ ਦੁਆਰਾ ਕੁੱਤੇ ਨੂੰ ਚੁੱਕ ਕੇ ਲੈ ਜਾਣਾ, ਭੈਂਸ ਦੁਆਰਾ ਘੋੜੇ 'ਤੇ ਚੜ੍ਹਕੇ ਚਰਨ ਜਾਣਾ, ਬੈਲ ਦਾ ਘਰ ਤੋਂ ਬਾਹਰ ਹੋਣਾ ਪਰ ਛਟ ਦਾ ਘਰ ਆ ਜਾਣਾ ਆਦਿ ਅਸਚਰਜ ਬਿੰਬਾਂ ਰਾਹੀਂ ਜੀਵਾਤਮਾ ਦੁਆਰਾ ਆਪਣੇ ਅਸਲ, ਮੂਲ ਮਨੋਰਥ ਨਾਲੋਂ ਟੁੱਟ ਕੇ, ਉਲਟੇ ਰਾਹਾਂ ਵੱਲ ਤੁਰ ਪੈਣ ਦੇ ਵਿਚਾਰ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ :

ਏਕੁ ਅੰਚਭਉ ਸੁਨਹੁ ਤੁਮ੍ ਭਾਈ॥ ਦੇਖਤ ਸਿੰਘੁ ਚਰਾਵਤ ਗਾਈ॥੧॥ ਰਹਾਉ॥

ਜਲ ਕੀ ਮਛੁਲੀ ਤਰਵਰਿ ਬਿਆਈ॥ ਦੇਖਤ ਕੁਤਰਾ ਲੈ ਗਈ ਬਿਲਾਈ॥੨॥...

(ਆਸਾ, ਕਬੀਰ, ਪੰਨਾ-481)

ਮਨੁੱਖ ਨੂੰ ਚੂਹੇ ਦੇ ਰੂਪ ਵਿਚ ਜਿਸਨੂੰ ਮੌਤ ਰੂਪੀ ਬਿੱਲੀ ਝੱਪਟਕੇ ਖਾ ਜਾਂਦੀ ਹੈ ਦੇ ਬਿੰਬ ਰਾਹੀਂ ਚਿਤ੍ਰਿਤ ਕੀਤਾ ਹੈ :

ਮਾਨਸੁ ਬਪੁਰਾ ਮੂਸਾ ਕੀਨੋ ਮੀਚੁ ਬਿਲਈਆ ਖਈਹੈ ਰੇ॥੧॥

(ਬਿਲਾਵਲੁ, ਕਬੀਰ, ਪੰਨਾ-855)

ਮਨ ਦਾ ਚੰਚਲ ਸੁਭਾਅ ਜੋ ਏਧਰ-ਓਧਰ, ਦਸੋਂ ਦਿਸ਼ਾਵਾਂ ਵਿਚ ਦੌੜਦਾ ਰਹਿੰਦਾ ਹੈ ਦੇ ਭਾਵ ਨੂੰ ਬਨ (ਜੰਗਲ) ਦੇ ਪੰਛੀ ਦੇ ਰੂਪਕ ਵਜੋਂ ਵਰਤਿਆ ਹੈ :

ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ॥
ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥੮੬॥

(ਸਲੋਕ, ਕਬੀਰ, ਪੰਨਾ-1369)

ਸਰੀਰ ਨੂੰ ਭੰਨ ਤੋੜ ਕੇ ਜਮ ਦੁਆਰਾ ਆਤਮਾ ਕੱਢ ਕੇ ਲੈ ਜਾਣ ਦੇ ਵਿਚਾਰ ਨੂੰ ਬਿੱਲੇ ਦੁਆਰਾ ਪਿੰਜਰੇ ਨੂੰ ਪਾੜ ਕੇ ਪਿੰਜੇ ਵਿਚ ਬੈਠੇ ਚਿੜੇ ਨੂੰ ਕੱਢ ਕੇ ਲੈ ਜਾਣ ਦਾ ਬਿੰਬ ਵਰਤਿਆ ਹੈ :

ਚਿਰਗਟ ਫਾਰਿ ਚਟਾਰਾ ਲੈ ਗਇਓ ਤਰੀ ਤਾਗਰੀ ਛੂਟੀ॥...

(ਆਸਾ, ਕਬੀਰ, ਪੰਨਾ-480)

ਮੰਦੇ ਕਰਮੀ ਸਾਕਤ ਮਨੁੱਖ ਨੂੰ ਕਾਂ ਦੇ ਪ੍ਰਤੀਕ ਵਿਚ, ਪਾਖੰਡੀ ਮਨੁੱਖ ਲਈ ਬਗਲੇ ਦੇ ਪ੍ਰਤੀਕ ਅਤੇ ਦੂਸਰੇ ਪਾਸੇ ਬਗਲੇ ਦੇ ਚਿੱਟੇ ਰੰਗ ਦਾ ਹੋਣ ਕਾਰਨ ਬੁਢਾਪੇ ਦੇ ਪ੍ਰਤੀਕ ਵਜੋਂ ਅਤੇ ਭੌਰੇ ਦਾ ਕਾਲੇ ਰੰਗ ਹੋਣ ਕਾਰਨ ਮਨੁੱਖ ਦੀ ਜਵਾਨੀ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਗਿਆ ਹੈ :

ੳ) ਕਊਆ ਕਹਾ ਕਪੂਰ ਚਰਾਏ॥... (ਆਸਾ, ਕਬੀਰ, ਪੰਨਾ-481)

ਅ) ਉਦਕ ਮਾਹਿ ਜੈਸੇ ਬਗੁ ਧਿਆਨੁ ਮਾਡੈ॥੧॥... (ਆਸਾ, ਨਾਮਦੇਵ, ਪੰਨਾ-485)

ੲ) ਭਵਰ ਗਏ ਬਗ ਬੈਠੇ ਆਇ॥੧॥... (ਸੂਹੀ, ਕਬੀਰ, ਪੰਨਾ-792)

ਮਾਇਆਧਾਰੀ ਮਨੁੱਖ ਨੂੰ ਹਰ ਕਰਮ ਕਰਦੇ ਮਾਇਆ ਦੀ ਹੀ ਇੱਛਾ ਤੇ ਚਿਤਵਨੀ ਲੱਗੀ ਰਹਿਣ ਦੇ ਭਾਵ ਨੂੰ ਕੂੰਜ ਦੁਆਰਾ ਚੋਗਾ ਚੁਗਦੇ ਵਾਰ ਵਾਰ ਆਪਣੇ ਬੱਚਿਆਂ ਵਿਚ ਸੁਰਤੀ ਰੱਖਣ ਦੇ ਦ੍ਰਿਸ਼ਟਾਂਤ ਨੂੰ ਚਿਤ੍ਰਿਤ ਕੀਤਾ ਹੈ :

ਕਬੀਰ ਚੁਗੈ ਚਿਤਾਰੈ ਭੀ ਚੁਗੈ ਚੁਗਿ ਚੁਗਿ ਚਿਤਾਰੇ॥
ਜੈਸੇ ਬਚਰਹਿ ਕੂੰਜ ਮਨ ਮਾਇਆ ਮਮਤਾ ਰੇ॥੧੨੩॥

(ਸਲੋਕ, ਕਬੀਰ, ਪੰਨਾ-1371)

ਇਸ ਤੋਂ ਇਲਾਵਾ ਭਗਤ ਜਨ ਦੀ ਪ੍ਰਭੂ ਨਾਲ ਪ੍ਰੀਤ ਲਈ ਪ੍ਰਭੂ ਨੂੰ ਪਿੰਜਰਾ (ਜੋ ਰੱਖਿਆ ਦਾ ਪ੍ਰਤੀਕ ਹੈ) ਤੇ ਭਗਤ ਜਨ ਨੂੰ ਪਿੰਜਰੇ ਦੇ ਤੋਤੇ, ਪਹਾੜ ਤੇ ਮੋਰ, ਚੰਦ ਤੇ ਚਕੋਰ, ਕੋਇਲ ਦੇ ਅੰਬ ਨਾਲ ਪਿਆਰ, ਚਕਵੀ ਤੇ ਸੂਰਜ, ਹੰਸ ਤੇ ਮਾਨ ਸਰੋਵਰ, ਬਾਲ ਨੂੰ ਦੁੱਧ, ਚਾਤ੍ਰਿਕ ਨੂੰ ਸ੍ਵਾਂਤੀ ਬੂੰਦ ਦੀ ਪਿਆਸ ਅਤੇ ਮੱਛਲੀ ਦੀ ਪਾਣੀ ਨਾਲ ਪ੍ਰੀਤ ਆਦਿ ਦ੍ਰਿਸ਼ਟਾਂਤ ਬਿੰਬ ਵਰਤੇ ਗਏ ਹਨ।"[127]

ਇਕੱਠੇ ਪੰਜ ਵਿਕਾਰਾਂ ਨਾਲ ਭਰੇ ਮਨੁੱਖ ਦੇ ਬਚਣ ਦੀ ਆਸ 'ਤੇ ਪ੍ਰਸ਼ਨ ਚਿੰਨ ਲਾਉਣ ਲਈ, ਮਿਰਗ, ਮੀਨ, ਭ੍ਰਿੰਗ, ਪਤੰਗ, ਕੁੰਚਰ ਵਿਚ ਇਕ-ਇਕ ਵਿਕਾਰ ਹੋਣ ਦੇ ਦ੍ਰਿਸ਼ਟਾਂਤ ਬਿੰਬ ਦੀਆਂ ਦਲੀਲਾਂ ਦਿੱਤੀਆਂ ਹਨ :

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥

ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥੧॥ (ਆਸਾ, ਰਵਿਦਾਸ, ਪੰਨਾ-486)

'ਸਰਪਨੀ' (ਸੱਪਣੀ) ਮਾਇਆ ਦਾ ਸ਼ਕਤੀ-ਵਾਚਕ ਬਿੰਬ ਹੈ :

ਸਰਪਨੀ ਤੇ ਊਪਰਿ ਨਹੀ ਬਲੀਆ॥

ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥੧॥...

(ਆਸਾ, ਕਬੀਰ, ਪੰਨਾ-480)

ਮਾਇਆ ਸਰਪਨੀ ਦੇ ਬਲ ਕਾਰਨ ਸਾਕਤ ਬੁੱਧੀ ਵਾਲੇ ਮਨੁੱਖ ਨੂੰ ਹਰੀ ਦੇ ਗੁਣਗਾਣ ਤੇ ਗਿਆਨ ਆਦਿ ਦੇ ਪਾਠ ਸੁਨਾਉਣ ਦਾ ਕੋਈ ਲਾਭ ਨਹੀਂ। ਜਿਵੇਂ ਕੁੱਤੇ ਨੂੰ ਸਿੰਮ੍ਰਤੀਆਂ ਦਾ ਪਾਠ ਸੁਣਾਉਣ, ਕਾਂ ਨੂੰ ਮੁਸ਼ਕ ਕਪੂਰ ਖਵਾਉਣ ਅਤੇ ਜ਼ਹਿਰੀਲੇ ਸੱਪ ਨੂੰ ਦੁੱਧ ਪਿਆਉਣ ਦਾ ਕੋਈ ਲਾਭ ਨਹੀਂ :

ਕਹਾ ਸੁਆਨ ਕਉ ਸਿਮ੍ਰਿਤ ਸੁਨਾਏ॥

ਕਹਾ ਸਾਕਤ ਪਹਿ ਹਰਿ ਗੁਨ ਹਾਵੇ॥੧॥

(ਆਸਾ, ਕਬੀਰ, ਪੰਨਾ-481)

ਪ੍ਰਭੂ-ਨਾਮ ਨੂੰ ਛੱਡ ਕੇ ਦਵੈਤ ਭਾਵ ਤੇ ਹੋਰ ਪਦਾਰਥਾਂ ਦੀ ਇੱਛਾ ਰੱਖਣ ਵਾਲੇ ਮਨੁੱਖ ਲਈ ਕੋਹੜੀ ਦੇ ਸ਼ਰੀਰ 'ਤੇ ਲੱਗੀ ਜੋਕ ਦਾ ਦ੍ਰਿਸ਼ਟਾਂਤ ਵਰਤਿਆ ਗਿਆ ਹੈ:

ਸਿਆਮ ਸੁੰਦਰ ਤਜਿ ਮਨ ਜੁ ਚਾਹਤ ਜਿਉ ਕੁਸਟੀ ਤਨਿ ਜੋਕ॥

(ਸਾਰੰਗ, ਮਹਲਾ 5, ਸੂਰਦਾਸ, ਪੰਨਾ-1253)

ਪ੍ਰਭੂ ਇਸ ਸੰਸਾਰ ਵਿਚ ਏਨਾ ਵਿਆਪਕ ਪਸਰਿਆ ਹੋਇਆ ਹੈ ਕਿ ਉਸਦੀ ਪ੍ਰਾਪਤੀ ਲਈ ਗੁਰੂ ਦੇ ਦੱਸੇ ਮਾਰਗ ਸਦਕਾ ਹਾਥੀ ਜਿਹੇ ਹੰਕਾਰੀ ਔਗੁਣਾਂ ਦਾ ਤਿਆਗ ਕਰਕੇ ਕੀੜੀ ਰੂਪੀ ਨਿਮਰਤਾ ਵਾਲੇ ਗੁਣਾਂ ਨੂੰ ਧਾਰਨ ਕਰਕੇ ਹੀ ਹੋ ਸਕਦੀ ਹੈ:

ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨਾ ਜਾਇ॥

ਕਹਿ ਕਬੀਰ ਗੁਰਿ ਭਲੀ ਬੁਝਾਈ ਚੀਟੀ ਹੋਇ ਕੈ ਖਾਇ॥੨੩੮॥

(ਸਲੋਕ, ਕਬੀਰ, ਪੰਨਾ-1377)

ਪ੍ਰਭੂ ਸਾਰੇ ਜੀਵ-ਜੰਤ, ਕੀੜੇ, ਪਤੰਗੇ ਆਦਿ ਦੀ ਇਕੋ ਮਿੱਟੀ ਤੋਂ ਸਿਰਜਨਾ ਕਰਕੇ ਸਭ ਵਿਚ ਇਕੋ ਜਿਹਾ ਨਿਵਾਸ ਕਰਦਾ ਹੈ[128] ਪਰ ਜਗਤ ਵਿਚ ਆ ਕੇ ਹਰ ਜੀਵ-ਜੰਤ ਮਾਇਆ ਦੇ ਮੋਹ ਵਿਚ ਖਚਿਤ ਹੋ ਜਾਂਦਾ ਹੈ। ਕਿਤੇ ਪੰਛੀ, ਮਿਰਗ ਆਦਿ ਮਾਇਆ ਵਿਚ ਫਸੇ ਹੋਏ ਹਨ ਤੇ ਕਿਤੇ ਛੋਟੀ ਜਿਹੀ ਮੱਖੀ ਮਿੱਠੇ ਰੂਪੀ ਮਾਇਆ ਵਿਚ ਦੁਖੀ ਹੋ ਰਹੀ ਹੈ:

ਪੰਖੀ ਮ੍ਰਿਗ ਮਾਇਆ ਮਹਿ ਰਾਤੇ॥
ਸਾਕਰ ਮਾਖੀ ਅਧਿਕ ਸੰਤਾਪੇ॥... (ਭੈਰਉ, ਕਬੀਰ, ਪੰਨਾ-1160)

ਸਤਸੰਗਤਿ ਵਿਚ ਜੁੜੇ ਰਹਿਣ ਦੇ ਭਾਵ ਨੂੰ ਮਧੂ ਮੱਖੀਆਂ ਦੇ ਮਖਿਆਲ ਦੇ ਛੱਤੇ ਨਾਲ ਚਿੰਬੜੇ ਰਹਿਣ ਦਾ ਦ੍ਰਿਸ਼ਟਾਂਤ ਵਰਤਿਆ ਹੈ:

ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਮ ਮਖੀਰਾ॥੨॥...
(ਆਸਾ, ਰਵਿਦਾਸ, ਪੰਨਾ-486)

ਮੂਰਖ ਮਨੁੱਖ ਦੁਆਰਾ ਧਨ ਇੱਕਠਾ ਕਰਨ ਦੇ ਵਿਚਾਰ ਨੂੰ ਪ੍ਰਗਟਾਉਣ ਲਈ ਮਧੂ ਮੱਖੀ ਦੁਆਰਾ ਏਧਰ-ਉਧਰ ਉਡ ਉਡ ਕੇ ਫੁੱਲਾਂ ਤੋਂ ਸ਼ਹਿਦ ਇੱਕਠਾ ਕਰਨ ਦਾ ਬਿੰਬ ਪੇਸ਼ ਕੀਤਾ ਹੈ:

ਜਿਉ ਮਧੁ ਮਾਖੀ ਤਿਉ ਸਠੋਰਿ ਰਸੁ ਜੋਰਿ ਜੋਰਿ ਧਨੁ ਕੀਆ॥...
(ਸੋਰਠਿ, ਕਬੀਰ, ਪੰਨਾ-654)

## ਜਲ ਦੇ ਜੀਵ-ਜੰਤ

ਜੀਵ ਨੂੰ ਕਾਲ ਦੇ ਭੈ ਤੋਂ ਬਚਣ ਲਈ ਦੇਵੀ-ਦੇਵਤਿਆਂ ਦੀ ਬਜਾਏ ਇਕ ਨਿਰੰਕਾਰ ਸਰਬ-ਵਿਆਪਕ ਪ੍ਰਭੂ ਦਾ ਆਸਰਾ ਗ੍ਰਹਿਣ ਕਰਨ ਦੇ ਉਪਦੇਸ਼ ਹਿੱਤ ਮਛਲੀ ਨੂੰ ਛੋਟੇ-ਛੋਟੇ ਛੱਪੜ, ਟੋਬਿਆਂ ਵਿਚੋਂ ਝੀਵਰ ਦੁਆਰਾ ਸੌਖਿਆਂ ਹੀ ਫੜ ਲੈਣ ਦੇ ਡਰ ਕਾਰਨ ਵਿਸ਼ਾਲ ਸਮੁੰਦਰ ਦੀ ਤਲਾਸ਼ ਕਰਨ ਦੇ ਬਿੰਬ ਨੂੰ ਪੇਸ਼ ਕੀਤਾ ਹੈ:

ਕਬੀਰ ਥੋਰੈ ਜਲਿ ਮਾਛੁਲੀ ਝੀਵਰਿ ਮੇਲਿਓ ਜਾਲੁ॥
ਇਹ ਟੋਘਨੈ ਨ ਛੂਟਸਹਿ ਫਿਰਿ ਕਰਿ ਸਮੁੰਦੁ ਸਮ੍ਹਾਲਿ॥੪੯॥
(ਸਲੋਕ, ਕਬੀਰ, ਪੰਨਾ-1367)

ਮੁਕਤੀ ਪ੍ਰਾਪਤੀ ਲਈ ਤੀਰਥਾਂ 'ਤੇ ਇਸ਼ਨਾਨ ਕਰਨ ਵਾਲੇ ਲੋਕਾਂ ਦੇ ਭ੍ਰਮ ਦੂਰ ਕਰਨ ਲਈ ਹਰ ਵਕਤ ਪਾਣੀ ਵਿਚ ਰਹਿਣ ਵਾਲੇ ਡੱਡੂ ਦੇ ਦ੍ਰਿਸ਼ਟਾਂਤ ਨੂੰ ਦਲੀਲ ਵਜੋਂ ਵਰਤਦੇ ਹਨ:

ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ॥...
(ਆਸਾ, ਕਬੀਰ, ਪੰਨਾ-484)

ਪ੍ਰਭੂ ਨੂੰ ਸਾਰੇ ਜੀਵਾਂ ਦਾ ਮਾਲਕ ਤੇ ਰੱਖਿਅਕ ਦਰਸਾਉਣ ਦੇ ਉਪਦੇਸ਼ ਨੂੰ ਕੁੰਮੀ ਦੇ ਜਲ ਵਿਚ ਰਹਿਣ ਪਰ ਉਸਦੇ ਪਾਣੀ ਤੋਂ ਬਾਹਰ ਦਿੱਤੇ ਬੱਚਿਆਂ ਦੀ ਪਾਲਣਾ ਦੇ ਦ੍ਰਿਸ਼ਟਾਂਤ ਨੂੰ ਪੇਸ਼ ਕੀਤਾ ਹੈ:

ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ॥...

(ਆਸਾ, ਧੰਨਾ, ਪੰਨਾ-488)

## ਲੋਕ-ਜੀਵਨ ਸਬੰਧੀ ਬਿੰਬ-ਸਿਰਜਨਾ

ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦਾ ਪ੍ਰਮੁੱਖ ਟੀਚਾ ਲੋਕ ਕਲਿਆਣ ਸੀ। ਇਸ ਲਈ ਜਿੱਥੇ ਉਨ੍ਹਾਂ ਨੇ ਆਪਣੇ ਵਿਚਾਰਾਂ ਦੇ ਸੰਚਾਰ ਲਈ ਰਚਨਾ-ਖੇਤਰ ਵਿਚ ਪ੍ਰਾਕ੍ਰਿਤਕ-ਖੇਤਰ ਨੂੰ ਆਧਾਰ ਬਣਾਇਆ ਉਥੇ ਉਨ੍ਹਾਂ ਨੇ ਸਾਧਾਰਨ ਲੋਕ-ਜੀਵਨ ਵਿਚੋਂ ਬਿੰਬਾਂ ਨੂੰ ਲੈ ਕੇ ਆਪਣੇ ਉੱਚੇ, ਸੁੱਚੇ ਸਮਾਜਕ ਤੇ ਅਧਿਆਤਮਕ ਜੀਵਨ-ਅਨੁਭਵ ਨੂੰ ਹਰ ਤਰ੍ਹਾਂ ਦੇ ਬੁੱਧੀ-ਪੱਧਰ ਦੇ ਲੋਕਾਂ ਵਿਚ ਸੰਚਾਰਿਤ ਕਰਨ ਦੇ ਯਤਨ ਕੀਤੇ।

**ਸਮਾਜ ਦੀ ਵਰਗ-ਵੰਡ:** ਭਗਤ ਬਾਣੀਕਾਰਾਂ ਨੇ ਸਮਾਜ ਵਿਚ ਅਮੀਰ-ਗ਼ਰੀਬ ਦੇ ਆਧਾਰ ’ਤੇ ਵੰਡੇ ਲੋਕਾਂ ਵਿਚੋਂ ਐਸ਼ਪ੍ਰਸਤ ਪੂੰਜੀਪਤੀਆਂ ਲਈ ਚੋਪੜੀ ਰੋਟੀ ਤੇ ਬਹੁਤੇ ਆਟੇ ਦੇ ਪ੍ਰਤੀਕ ਵਜੋਂ ਅਤੇ ਆਮ ਜਾਂ ਗਰੀਬ ਸ਼੍ਰੇਣੀ ਲਈ ਲੂਣ ਦਾ ਪ੍ਰਤੀਕ ਵਰਤਿਆ ਹੈ:

(ੳ) ਜਿਨਾ ਖਾਧੀ ਚੋਪੜੀ ਘਣੇ ਸਹਿਨਗੇ ਦੁਖ॥...॥੨੮॥

(ਸਲੋਕ, ਸ਼ੇਖ਼ ਫ਼ਰੀਦ, ਪੰਨਾ-1379)

(ਅ) ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣ॥
ਅਗੈ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣੁ॥੪੪॥

(ਸਲੋਕ, ਸ਼ੇਖ਼ ਫ਼ਰੀਦ, ਪੰਨਾ-1380)

**ਮਹਿਲ, ਕਿਲ੍ਹੇ ਅਤੇ ਛੱਪਰ:** ਜੀਵਨ ਦੀ ਅਸਥਿਰਤਾ ਤੇ ਨਾਸ਼ਮਾਨਤਾ ਨੂੰ ਸੋਨੇ ਦੀ ਲੰਕਾ, ਕਿਲ੍ਹੇ ਆਦਿ ਉਸਾਰਨ ਵਾਲੇ ਰਾਵਣ ਦੇ ਮਿਥਕ-ਪ੍ਰਤੀਕ ਨੂੰ ਵਰਤਿਆ ਗਿਆ ਹੈ:

ਲੰਕਾ ਸਾ ਕੋਟੁ ਸਮੁੰਦ ਸੀ ਖਾਈ॥ ਤਿਹ ਰਾਵਨ ਘਰ ਖਬਰਿ ਨਾ ਪਈ॥2॥

(ਆਸਾ, ਕਬੀਰ, ਪੰਨਾ-481)

ਸਾਧਾਰਨ ਲੋਕਾਂ ਦੇ ਘਰ ਕੱਚੇ ਕੋਠੇ ਜਾਂ ਛੱਪਰ ਹੀ ਹੁੰਦੇ ਸਨ। ਭਗਤ ਜਨ, ਜਗਿਆਸੂ ਲੋਕ ਸਾਦਾ ਜੀਵਨ ਬਿਤਾਉਂਦੇ ਹੋਏ, ਛੱਪਰਾਂ ਵਿਚ ਹੀ ਰਹਿਣਾ ਪਸੰਦ ਕਰਦੇ ਸਨ। ਜਿਨ੍ਹਾਂ ਛੱਪਰਾਂ ਦੀ ਮੁਰੰਮਤ ਜਾਂ ਬਣਾਈ ਵਿਚ ਵੀ ਉਹ ਪ੍ਰਭੂ ਪ੍ਰਮਾਤਮਾ ਦੀ ਕ੍ਰਿਪਾ ਦ੍ਰਿਸ਼ਟੀ ਹੀ ਜਾਣਦੇ ਸਨ। ਇਸ

ਵਿਚਾਰ ਤਹਿਤ ਭਗਤ ਨਾਮਦੇਵ ਜੀ ਪ੍ਰਭੂ-ਪ੍ਰਮਾਤਮਾ ਨੂੰ ਛੱਪਰ ਬਣਾਉਣ ਵਾਲੇ ਤਰਖਾਣ ਦੇ ਬਿੰਬ ਦੁਆਰਾ ਚਿਤ੍ਰਿਤ ਕਰਦੇ ਹਨ:

ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ॥ (ਸੋਰਠਿ, ਨਾਮਦੇਵ, ਪੰਨਾ-657)

ਸਰੀਰ ਦੀਆਂ ਪੰਜ ਇੰਦ੍ਰੀਆਂ ਦੇ ਆਪਣੇ ਮਾਲਕ ਪ੍ਰਭੂ ਦੇ ਹੁਕਮ ਅਨੁਸਾਰ ਨਾ ਚੱਲਣ ਦੇ ਭਾਵ ਨੂੰ ਪਿੰਡ ਦੇ ਵੱਡੇ ਮਾਲਕ (ਚੌਧਰੀ) ਦਾ ਹੁਕਮ ਨਾ ਮੰਨਣ ਵਾਲੇ ਪੰਜ ਆਕੀ ਕਿਸਾਨਾਂ ਦਾ ਬਿੰਬ ਚਿਤਰਿਆ ਹੈ:

ਦੇਹੀ ਗਾਵਾ ਜੀਉ ਧਰ ਮਹਤਉ ਬਸਹਿ ਪੰਚ ਕਿਰਸਾਨਾ॥

(ਮਾਰੂ, ਕਬੀਰ, ਪੰਨਾ-1104)

**ਵਿਆਹ:** ਵਿਆਹ ਸਬੰਧੀ ਬਿੰਬਾਂ ਵਿਚ ਜਿੰਦ ਨੂੰ ਵਹੁਟੀ ਅਤੇ ਮੌਤ ਨੂੰ ਵਰ (ਦੁਲਹੇ) ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ:

ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥...॥੧॥

(ਸਲੋਕ, ਸ਼ੇਖ ਫ਼ਰੀਦ, ਪੰਨਾ-1377)

ਤਨ ਨੂੰ ਪ੍ਰਭੂ ਦੇ ਰੰਗਣ ਦੀ ਮੱਟੀ, ਮਨ ਦੇ ਪੰਜ ਗੁਣਾਂ (ਦਇਆ, ਧਰਮ, ਸਤ, ਸੰਤੋਖ, ਵਿਚਾਰ) ਨੂੰ ਬਰਾਤੀ, ਗਿਆਨ ਇੰਦ੍ਰਿਆਂ ਨੂੰ ਮੰਗਲਮਈ ਗੀਤ ਗਾਉਣ ਵਾਲੀਆਂ ਸਖੀਆਂ ਦੇ ਰੂਪ ਵਿਚ, ਹਿਰਦੇ-ਕਮਲ ਵਿਚ ਸੁਆਸ ਸੁਆਸ ਪ੍ਰਭੂ ਦੀ ਯਾਦ ਦੇ ਫੇਰੇ ਲੈਣ ਆਦਿ ਦੁਆਰਾ ਪ੍ਰਭੂ-ਮਿਲਾਪ ਦੇ ਭਾਵ ਨੂੰ ਪ੍ਰਗਟਾਉਣ ਲਈ ਲੋਕ-ਜੀਵਨ ਵਿਚ ਨਿਭਾਈ ਜਾਂਦੀ ਵਿਆਹ ਦੀ ਰੀਤੀ ਦੇ ਦ੍ਰਿਸ਼-ਬਿੰਬ ਨੂੰ ਚਿਤ੍ਰਿਤ ਕੀਤਾ ਗਿਆ ਹੈ:

ਤਨੁ ਰੈਨੀ ਮਨੁ ਪੁਨ ਰਪਿ ਕਰਿ ਹਉ ਪਾਚਉ ਤਤ ਬਰਾਤੀ॥
ਗਾਉ ਗਾਉ ਰੀ ਦੁਲਹਨੀ ਮੰਗਲਚਾਰਾ॥
ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ॥੧॥ ਰਹਾਉ॥
ਨਾਭਿ ਕਮਲ ਮਹਿ ਬੇਦੀ ਰਚਿ ਲੇ ਬ੍ਰਹਮ ਗਿਆਨ ਉਚਾਰਾ॥
ਕਹਿ ਕਬੀਰ ਮੋਹਿ ਬਿਆਹਿ ਚਲੇ ਹੈ ਪੁਰਖ ਏਕ ਭਗਵਾਨਾ॥੩॥੨॥੨੪॥

(ਆਸਾ, ਕਬੀਰ, ਪੰਨਾ-482)

**ਰਿਸ਼ਤੇ:** ਆਤਮਾ ਅਤੇ ਪਰਮਾਤਮਾ ਦੀ ਅਭੇਦਤਾ ਅਤੇ ਮਿਲਾਪ ਦੇ ਭਾਵ ਨੂੰ ਪਤੀ-ਪਤਨੀ ਦੇ ਰਿਸ਼ਤੇ ਦੇ ਪ੍ਰਤੀਕ ਰਹੀਂ ਵਧੇਰੇ ਵਿਅਕਤ ਕੀਤਾ ਗਿਆ ਹੈ:

ਸਹ ਕੀ ਸਾਰ ਸੁਹਾਗਨਿ ਜਾਨੈ॥ ਤਜਿ ਅਭਿਮਾਨੁ ਸੁਖ ਰਲੀਐ ਮਾਨੈ॥...

(ਸੂਹੀ, ਰਵਿਦਾਸ, ਪੰਨਾ-793)

ਇਸ ਤੋਂ ਇਲਾਵਾ ਮਾਇਆ ਨੂੰ ਸੱਸ ਦੇ ਪ੍ਰਤੀਕ ਰਾਹੀਂ ਸਰੀਰ ਨੂੰ ਸਹੁਰੇ ਦੇ ਰੂਪ ਵਿਚ, ਜਮ ਨੂੰ ਜੇਠ, ਇੰਦ੍ਰਿਆਂ ਨੂੰ ਨਣਦਾਂ, ਵੈਰਾਗ ਨੂੰ ਦਿਉਰ, ਪ੍ਰਭੂ ਨੂੰ ਪਤੀ, ਗਿਆਨ ਨੂੰ ਵੱਡਾ ਭਾਈ ਆਦਿ ਰਿਸ਼ਤਿਆਂ ਦੇ ਪ੍ਰਤੀਕਾਂ ਦੁਆਰਾ ਵਿਸ਼ੇ, ਵਿਕਾਰਾਂ ਵਿਚ ਉਲਝੀ ਜੀਵਾਅਤਮਾ ਦੀ ਅਵਸਥਾ ਨੂੰ ਪ੍ਰਗਟਾਇਆ ਹੈ:

ਸਾਸੁ ਕੀ ਦੁਖੀ ਸਸੁਰ ਕੀ ਪਿਆਰੀ ਜੇਠ ਕੇ ਨਾਮਿ ਡਰਉ ਰੇ॥
ਸਖੀ ਸਹੇਲੀ ਨਨਦ ਗਹੇਲੀ ਦੇਵਰ ਕੈ ਬਿਰਹਿ ਜਰਉ ਰੇ॥੧॥...
ਬਡੇ ਭਾਈ ਕੈ ਜਬ ਸੰਗਿ ਹੋਤੀ ਤਬ ਹਉ ਨਾਹ ਪਿਆਰੀ॥੨॥

(ਆਸਾ, ਕਬੀਰ, ਪੰਨਾ-482)

ਪ੍ਰਭੂ ਨਾਲ ਨੇੜਤਾ ਵਾਲੇ ਸਬੰਧ ਨੂੰ ਹੋਰ ਰਿਸ਼ਤੇ ਜਿਵੇਂ ਭਾਈ, ਸਕੇ-ਸਬੰਧੀ ਆਦਿ ਦੁਆਰਾ ਵੀ ਪ੍ਰਤਿਬਿੰਬਤ ਕੀਤਾ ਗਿਆ ਹੈ:

ਨਾਉ ਮੇਰੇ ਬੰਧਿਪ ਨਾਉ ਮੇਰੇ ਭਾਈ॥ ਨਾਉ ਮੇਰੇ ਸੰਗਿ ਅੰਤਿ ਹੋਇ ਸਖਾਈ॥੩॥

(ਭੈਰਉ, ਕਬੀਰ, ਪੰਨਾ-1157)

ਪ੍ਰਭੂ ਨੂੰ ਜੀਵਾਂ ਦੀਆਂ ਗਲਤੀਆਂ ਨੂੰ ਮੁਆਫ਼ ਕਰਨ ਦੇ ਗੁਣ ਕਾਰਨ ਮਾਤਾ-ਪਿਤਾ ਦੇ ਪ੍ਰਤੀਕ ਅਤੇ ਜੀਵਾਂ (ਭਗਤ ਜਨਾਂ) ਨੂੰ ਉਸਦੇ ਬੱਚਿਆਂ ਦੇ ਦ੍ਰਿਸ਼ਟਾਂਤ ਬਿੰਬ ਵਜੋਂ ਪੇਸ਼ ਕੀਤਾ ਹੈ:

ਸੁਤੁ ਅਪਰਾਧ ਕਰਤ ਹੈ ਜੇਤੇ॥ ਜਨਨੀ ਚੀਤਿ ਨ ਰਾਖਸਿ ਤੇਤ॥੧॥
ਰਾਮਈਆ ਹਉ ਬਾਰਿਕੁ ਤੇਰਾ॥ ਕਾਹੇ ਨਾ ਖੰਡਸਿ ਅਵਗੁਨੁ ਮੇਰਾ॥੧॥ਰਹਾਉ॥

(ਆਸਾ, ਕਬੀਰ, ਪੰਨਾ-478)

## ਇਸਤਰੀ ਸਬੰਧੀ ਬਿੰਬ

ਪ੍ਰਭੂ-ਨਾਮ, ਪ੍ਰਭੂ-ਪ੍ਰੇਮ ਤੋਂ ਦੂਰ ਰਹਿਣ ਵਾਲੀ ਜੀਵ ਰੂਪ ਇਸਤਰੀ ਲਈ "ਕੁਲਖਨੀ" ਔਰਤ ਦਾ ਬਿੰਬ ਅਤੇ ਤਨ-ਮਨ ਤੋਂ ਪ੍ਰਭੂ ਨੂੰ ਹਿਰਦੇ ਵਿਚ ਵਸਾਉਣ ਵਾਲੀ ਜੀਵਾਅਤਮਾ ਲਈ "ਸੁਲਖਨੀ, "ਸੁਹਾਗਨਿ", "ਸੀਲਵੰਤੀ" ਇਸਤਰੀ ਦੇ ਬਿੰਬ ਨੂੰ ਚਿਤ੍ਰਿਤ ਕੀਤਾ:

(ੳ) ਪਹਿਲੀ ਕਰੂਪਿ ਕੁਜਾਤਿ ਕੁਲਖਨੀ ਸਾਹੁਰੈ ਪੇਈਐ ਬੁਰੀ॥
ਅਬ ਕੀ ਸਰੂਪਿ ਸੁਜਾਨਿ ਸੁਲਖਨੀ ਸਹਜੇ ਉਦਰਿ ਧਰੀ॥੧॥

(ਆਸਾ, ਕਬੀਰ, ਪੰਨਾ-483)

(ਅ) ਸਹ ਕੀ ਸਾਰ ਸੁਹਾਗਨਿ ਜਾਨੈ॥...

(ਸੂਹੀ, ਰਵਿਦਾਸ, ਪੰਨਾ-793)

## ਮੁੱਖ ਕਿੱਤੇ

ਭਗਤ ਬਾਣੀਕਾਰਾਂ ਨੇ ਤਤਕਾਲੀ ਸਮਾਜ ਵਿਚ ਕੀਤੇ ਜਾਂਦੇ ਕਿੱਤਿਆਂ ਖੇਤੀ, ਵਪਾਰ, ਕੱਪੜੇ ਬੁਣਨਾ, ਕੱਪੜੇ ਸਿਉਣਾ, ਜੁੱਤੀਆਂ ਗੰਢਣਾ, ਨੌਕਰੀ, ਗਹਿਣੇ ਬਣਾਉਣਾ, ਬੇੜਾ ਚਲਾਉਣਾ ਆਦਿ ਵਿਭਿੰਨ ਬਿੰਬਾਂ ਦੀ ਸਿਰਜਣਾ ਰਾਹੀਂ ਆਪਦੇ ਉਦੇਸ਼ ਦਾ ਸੰਚਾਰ ਕੀਤਾ ।

**ਖੇਤੀ:** ਗੁਰੂ ਗਿਆਨ ਤੋਂ ਬਿਨਾਂ ਮੁਕਤੀ ਅਸੰਭਵ ਹੈ। ਇਸ ਉਪਦੇਸ਼ ਨੂੰ ਵਿਅਕਤ ਕਰਨ ਲਈ ਜ਼ਮੀਨ ਵਿਚ ਹਲ ਵਾਹੇ ਬਿਨਾਂ ਨਾ ਬੀਜੇ ਜਾ ਸਕਣ ਵਾਲੇ ਬੀਜ ਦੇ ਦ੍ਰਿਸ਼ਟਾਂਤ ਬਿੰਬ ਨੂੰ ਵਰਤਿਆ ਹੈ। ਮਨ ਨੂੰ ਸਹੀ ਜੀਵਨ-ਦਸ਼ਾ ਪ੍ਰਦਾਨ ਕਰਨ ਲਈ ਸੁੱਚਜੀ ਖੇਤੀ ਲਈ ਗ਼ਰੀਬੀ (ਨਿਮਰਤਾ) ਵਾਲਾ ਭੇਸ, ਹਰੀ-ਨਾਮ ਨੂੰ ਬੀਜ, ਸੰਤੋਖ ਦੇ ਗੁਣ ਦੇ ਸੁਹਾਗੇ ਦੇ ਰੂਪਕ ਰਾਹੀਂ ਵਿਅਕਤ ਕੀਤਾ ਹੈ:

(ੳ) ਜੈਸੇ ਹਲਹਰ ਬਿਨਾ ਜਿਮੀ ਨਹੀ ਬੋਈਐ॥

(ਗੋਂਡ, ਕਬੀਰ, ਪੰਨਾ-872)

(ਅ) ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥

(ਗੋਂਡ, ਕਬੀਰ, ਪੰਨਾ-872)

(ਅ) ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥... (ਸੋਰਠਿ, ਮਹਲਾ 1, ਪੰਨਾ-595)

**ਵਪਾਰ:** ਹਰੀ-ਨਾਮ ਦੁਆਰਾ ਅਸਲ ਧਨ ਪ੍ਰਭੂ ਦੇ ਪ੍ਰੇਮ, ਮਿਲਾਪ ਦੇ ਭਾਵਾਂ ਨੂੰ ਹਿਰਦੇ ਅੰਦਰ ਰੱਖਣ ਦੇ ਭਾਵ ਨੂੰ ਸਹਿਜ ਵਪਾਰ ਕਰਨ ਤੇ ਹਰੀ-ਨਾਮ ਰੂਪ ਸੱਚਾ ਸੌਦਾ ਲੱਦਣ ਦੇ ਵਿਚਾਰ ਨੂੰ ਸੰਸਾਰਿਕ ਵਸਤਾਂ ਦਾ ਵਣਜ-ਵਪਾਰ ਕਰਨ ਦੇ ਬਿੰਬ ਦੁਆਰਾ ਪ੍ਰਗਟਾਇਆ ਗਿਆ ਹੈ:

ਹਉ ਬਨਜਾਰੋ ਰਾਮ ਕੋ ਸਹਜ ਕਰਉ ਬ੍ਯਾਪਾਰੁ॥
ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ॥੨॥

(ਗਾਉੜੀ, ਰਵਿਦਾਸ, -346)

**ਕੱਪੜੇ ਬੁਣਨਾ:** ਕਬੀਰ ਜੀ ਮਨੁੱਖੀ ਸਰੀਰ ਨੂੰ ਕਪੜਾ ਬੁਣਨ ਸਬੰਧੀ ਤਣੀ ਜਾਂਦੀ ਤਾਣੀ ਬੁਣਨ ਲਈ ਤਾਣਾ, ਪੇਟਾ, ਸੂਤ, ਮਾਵਾ, ਕੁੰਡੇ, ਨਲੀਆਂ, ਖੱਡੀ ਆਦਿ ਦੇ ਬਿੰਬ ਦੁਆਰਾ ਇਸ ਤਰ੍ਹਾਂ ਸਾਕਾਰ ਕਰਦੇ ਹਨ:

ਧਰਨਿ ਅਕਾਸ ਕੀ ਕਰਗਹ ਬਨਾਈ॥ ਚੰਦੁ ਸੂਰਜੁ ਦੁਇ ਸਾਥਿ ਚਲਾਈ ॥
ਪਾਈ ਜੋਰਿ ਬਾਤ ਇਕ ਕੀਨੀ ਤਹ ਤਾਂਤੀ ਮਨੁ ਮਾਨਾਂ॥
ਜੋਲਾਹੇ ਘਰੁ ਅਪਨਾ ਚੀਨਾਂ ਘਟ ਰਾਮੁ ਪਛਾਨਾਂ॥੩॥
ਕਹਿਤੁ ਕਬੀਰ ਕਾਰਗਾਹ ਤੋਰੀ॥ ਸੂਤੈ ਸੂਤ ਮਿਲਾਏ ਕੋਰੀ॥੪॥੩॥੩੬॥

(ਆਸਾ, ਕਬੀਰ, ਪੰਨਾ 484)

**ਕੱਪੜੇ ਸਿਉਣਾ ਤੇ ਰੰਗਣਾ:** ਮਨ ਅਤੇ ਜੀਭ ਨਾਲ ਪ੍ਰਭੂ ਦੇ ਸਿਮਰਨ ਦੁਆਰਾ ਜਮਾਂ ਦੀ ਫਾਹੀ ਕੱਟਣ ਦੇ ਭਾਵ ਨੂੰ ਪ੍ਰਗਟਾਉਣ ਲਈ ਮਨ ਨੂੰ ਗਜ ਅਤੇ ਜੀਭ ਨੂੰ ਕੈਂਚੀ ਦੇ ਬਿੰਬ ਰਾਹੀਂ ਅਤੇ ਗੁਰੂ ਦੇ ਸ਼ਬਦ ਨੂੰ ਸੋਨੇ ਦੀ ਸੂਈ ਤੇ ਗੁਰੂ ਦੇ ਸ਼ਬਦ ਵਿਚ ਮਨ ਨੂੰ ਚਾਂਦੀ ਦੇ ਧਾਗੇ ਦੇ ਬਿੰਬ ਦੁਆਰਾ ਪ੍ਰਗਟਾਇਆ ਗਿਆ ਹੈ :

ਮਨੁ ਮੇਰੋ ਗਜੁ ਜਿਹਬਾ ਮੇਰੀ ਕਾਤੀ॥
ਮਾਪਿ ਮਪਿ ਕਾਟਉ ਜਮ ਕੀ ਫਾਸੀ॥੧॥...
ਸੁਇਨੇ ਕੀ ਸੂਈ ਰੁਪੇ ਕਾ ਧਾਗਾ॥
ਨਾਮੇ ਕਾ ਚਿਤੁ ਹਰਿ ਸਉ ਲਾਗਾ॥੪॥੩॥

(ਆਸਾ, ਨਾਮੇਦਵ, ਪੰਨਾ-485)

**ਜੁੱਤੀਆਂ ਗੰਢਣਾ :** ਭਗਤ ਰਵਿਦਾਸ ਜੀ ਅਧਿਆਤਮਕ ਅਰਥਾਂ ਵਿਚ ਆਪਣੇ ਕੋਲ ਸੰਸਾਰੀ ਬਿਰਤੀ ਰੂਪੀ ਆਰ ਤੇ ਸੰਸਾਰੀ ਕਾਰਜ ਵਿਚ ਲੱਗੀ ਬੁੱਧੀ ਰੂਪੀ ਰਾਂਬੀ ਦੇ ਨਾ ਹੋਣ ਦਾ ਵਿਚਾਰ ਪ੍ਰਗਟਾਉਂਦੇ ਹਨ। ਉਨ੍ਹਾਂ ਅਨੁਸਾਰ ਬਾਕੀ ਲੋਕ ਇਸ ਸਰੀਰ ਰੂਪੀ ਜੁੱਤੀ ਨੂੰ ਕਈ ਤਰੀਕਿਆਂ ਨਾਲ ਗੰਢ, ਗੰਢਾ ਰਹੇ ਹਨ (ਪਾਲਣਾ ਕਰ ਰਹੇ ਹਨ।) ਪਰ ਉਹ ਆਪ ਅਜਿਹੇ ਗੰਢਣ-ਤੁਪਣ ਦਾ ਕੰਮ ਛੱਡ ਕੇ ਪ੍ਰਭੂ ਦੀ ਸ਼ਰਨ ਲੈਣ ਦੇ ਭਾਵ ਨੂੰ ਪ੍ਰਗਟਾਉਂਦੇ ਹਨ :

ਚਮਰਟਾ ਗਾਂਠਿ ਨ ਜਨਈ॥ ਲੋਗੁ ਗਠਾਵੈ ਪਨਹੀ॥੧॥ਰਹਾਉ॥...
ਲੋਗੁ ਗੰਠਿ ਗੰਠਿ ਖਰਾ ਬਿਗੂਚਾ॥ ਹਉ ਬਿਨੁ ਗਾਂਠੇ ਜਾਇ ਪਹੂਚਾ॥

(ਸੋਰਠਿ, ਰਵਿਦਾਸ, ਪੰਨਾ-659)

**ਗਹਿਣੇ ਬਣਾਉਣਾ :** ਭਗਤ ਜਨ ਦੁਆਰਾ ਆਪਣੇ ਪਿਆਰੇ ਪ੍ਰਭੂ ਵਿਚ ਦੁਨਿਆਵੀਂ ਕਾਰਜ ਕਰਦੇ ਹੋਏ ਵੀ ਧਿਆਨ ਲਗਾਈ ਰੱਖਣ ਦੇ ਭਾਵ ਨੂੰ ਸੁਨਿਆਰੇ ਦੁਆਰਾ ਗੱਲਾਂ ਬਾਤਾਂ ਕਰਦਿਆਂ ਵੀ ਧਿਆਨ ਸੋਨਾ ਘੜਨ ਤੇ ਗਹਿਣੇ ਬਨਾਉਣ ਵਿਚ ਲਗਾਈ ਰੱਖਣ ਦਾ ਦ੍ਰਿਸ਼ਟਾਂਤ ਪੇਸ਼ ਕੀਤਾ ਹੈ :

ਮਨੁ ਰਾਮ ਨਾਮਾ ਬੇਧੀਅਲੇ॥
ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ॥੧॥ਰਹਾਉ॥

(ਰਾਮਕਲੀ, ਨਾਮਦੇਵ, ਪੰਨਾ-972)

ਬਾਣੀ ਵਿਚ ਸਰਾਫ਼ ਤੇ ਸੁਨਿਆਰ ਦੀ ਸੰਗਿਆ ਅਧਿਆਤਮਕ ਮੰਜ਼ਿਲ ਦਾ ਮਾਰਗ ਦਰਸ਼ਨ ਕਰਨ ਵਾਲੇ 'ਸਤਿਗੁਰੂ' ਨੂੰ ਅਤੇ 'ਹੀਰਾ' ਪ੍ਰਭੂ ਨੂੰ ਕਿਹਾ ਗਿਆ ਹੈ :

ਕਬੀਰਾ ਹਰਿ ਹੀਰਾ ਜਨ ਜਉਹਰੀ ਲੇ ਕੈ ਮਾਂਡੈ ਹਾਟ॥
ਜਬ ਹੀ ਪਾਈਅਹਿ ਪਾਰਖੂ ਤਬ ਹੀਰਨ ਕੀ ਸਾਟ॥੧੬੨॥ (ਸਲੋਕ, ਕਬੀਰ, ਪੰਨਾ-1373)

**ਬੇੜਾ ਤਿਆਰ ਕਰਨਾ :** ਸਮੇਂ ਸਿਰ ਹਰੀ ਦਾ ਨਾਮ-ਸਿਮਰਨ ਨਾ ਕਰਨ ਅਤੇ ਵਕਤ ਨੂੰ ਵਿਸ਼ੇ ਵਿਕਾਰਾਂ ਵਿਚ ਬਿਤਾਉਣ ਕਾਰਨ ਇਸ ਸੰਸਾਰ ਵਿੱਚੋਂ ਪਾਰ ਹੋਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਇਸ ਭਾਵ ਨੂੰ ਸਮੁੰਦਰ ਵਿਚ ਤੂਫ਼ਾਨ, ਲਹਿਰਾਂ ਉੱਠਣ ਤੋਂ ਪਹਿਲਾਂ ਹੀ ਸਮੇਂ ਸਿਰ ਬੇੜਾ ਤਿਆਰ ਕਰਨ ਦੇ ਬਿੰਬ ਨੂੰ ਚਿਤ੍ਰਿਤ ਕੀਤਾ ਹੈ :

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ॥੧॥

(ਸੂਹੀ, ਸ਼ੇਖ ਫ਼ਰੀਦ, ਪੰਨਾ-794)

**ਘਰੇਲੂ ਕੰਮ :** ਭਗਤ ਬਾਣੀ ਵਿਚ ਲੋਕ-ਜੀਵਨ ਦੇ ਰੋਜ਼ਾਨਾ ਦੇ ਘਰੇਲੂ ਕੰਮ ਧੰਦਿਆਂ ਵਿਚ ਦੁੱਧ ਰਿੜਕਣਾ (ਹਰੀ-ਨਾਮ ਨੂੰ ਰਿੜਕਨਾ), ਦੁੱਧ ਚੋਣਾ, ਖੂਹ ਤੋਂ ਪਾਣੀ ਭਰਨਾ (ਸੰਸਾਰਿਕ ਖੂਹ ਤੋਂ ਵਿਸ਼ੇ ਵਿਕਾਰਾਂ ਦਾ ਪਾਣੀ ਭਰਨਾ), ਪਸ਼ੂ ਚਰਉਣਾ, ਕੱਪੜੇ ਧੋਣਾ ਆਦਿ ਬਿੰਬਾਂ ਨੂੰ ਅਧਿਆਤਮਕ ਅਰਥਾਂ ਵਿਚ ਵਿਅਕਤ ਕਰਨ ਲਈ ਵਰਤਿਆ ਗਿਆ ਹੈ:

ੳ) ਮੇਰੇ ਰਾਮ ਐਸਾ ਖੀਰੁ ਬਿਲੋਈਐ॥

(ਗਉੜੀ, ਕਬੀਰ, ਪੰਨਾ-332)

ਅ) ਗਊ ਬਾਛ ਕਉ ਸੰਚੈ ਖੀਰੁ॥ ਗਲਾ ਬਾਂਧਿ ਦੁਹਿ ਲੇਇ ਅਹੀਰੁ॥

(ਸਾਰੰਗ, ਨਾਮਦੇਵ, ਪੰਨਾ-1252)

## ਖੇਡਾਂ ਤੇ ਮਨੋਰੰਜਨ

ਇਸ ਤੋਂ ਇਲਾਵਾ ਜੀਵਨ ਦੇ ਹੋਰ ਖੇਤਰਾਂ ਵਿਚੋਂ ਵੀ ਅਨੇਕਾਂ ਬਿੰਬਾਂ ਦੀ ਸਿਰਜਣਾ ਕੀਤੀ ਗਈ ਹੈ। ਜਿਵੇਂ ਖੇਡਾਂ ਤੇ ਮਨੋਰੰਜਨ ਦੇ ਸਾਧਨ ਵਿਚੋਂ ਚਉਪੜਿ, ਬਾਜੀ, ਗੁੱਡੀ ਉਡਾਉਣਾ, ਸਾਜ਼, ਸੰਗੀਤ ਆਦਿ ਬਿੰਬਾਂ ਨੂੰ ਵੀ ਅਧਿਆਤਮਕ ਵਿਚਾਰਾਂ ਨੂੰ ਪ੍ਰਗਟਾਉਣ ਲਈ ਚਿਤਰਿਆ ਗਿਆ ਹੈ।

ਕਬੀਰ ਜੀ ਨਾਸ਼ਵਾਨ ਜਾਂ ਥੋੜ੍ਹੇ ਚਿਰੇ ਸਵਾਸਾਂ ਵਾਲੇ ਜੀਵਨ ਦੇ ਪਾਸੇ ਨੂੰ ਉਸਾਰੂ ਸੋਚ ਤੇ ਸਹੀ ਦਿਸ਼ਾ ਵੱਲ ਢਾਲਣ ਅਤੇ ਹਰੀ-ਸਿਮਰਨ ਦੀ ਪ੍ਰੇਰਨਾ ਹਿੱਤ ਚਉਪੜਿ ਦੀ ਖੇਡ ਦਾ ਬਿੰਬ ਚਿਤਰਦੇ ਹਨ :

ਹੁਕਮੈ ਬੂਝੈ ਚਉਪੜਿ ਖੇਲੈ ਮਨੁ ਜਿਣਿ ਢਾਲੇ ਪਾਸਾ॥੨॥...

(ਸੂਹੀ, ਕਬੀਰ, ਪੰਨਾ-793)

ਜਗਿਆਸੂ, ਸੰਤ-ਜਨ ਸੰਸਾਰੀ ਕਾਰ-ਵਿਹਾਰ ਕਰਦੇ ਵੀ ਆਪਣਾ ਧਿਆਨ ਹਰੀ-ਨਾਮ ਨਾਲ ਹੀ ਜੋੜੀ ਰੱਖਦੇ ਹਨ। ਇਸ ਭਾਵ ਨੂੰ ਕਾਗਜ਼ ਲਿਆ ਕੇ ਬਣਾਈ ਗੁੱਡੀ ਨੂੰ ਉਡਾਉਣ ਵਾਲਾ

ਮੁੰਡਾ ਜੋ ਦੋਸਤਾਂ ਨਾਲ ਗੱਲਾਂ-ਬਾਤਾਂ ਕਰਦਾ ਧਿਆਨ ਡੋਰੀ ਵੱਲ ਰੱਖਦਾ ਹੈ ਦੇ ਦ੍ਰਿਸ਼ਟਾਂਤ ਬਿੰਬ ਨੂੰ ਚਿਤ੍ਰਿਤ ਕੀਤਾ ਹੈ :

ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ ਭਰਮੀਅਲੇ॥
ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ॥੧॥

(ਰਾਮਕਲੀ, ਨਾਮਦੇਵ, ਪੰਨਾ-972)

## ਧਾਰਮਿਕ ਬਿੰਬ

ਭਗਤ ਬਾਣੀਕਾਰਾਂ ਨੇ ਹਿੰਦੂ ਧਰਮ ਦੇ ਅਨੇਕਾਂ ਦੇਵੀ-ਦੇਵਤਿਆਂ ਦੀ ਪੂਜਾ ਤੇ ਹੋਰ ਵਾਧੂ ਕਰਮਕਾਂਡਾ ਵਿਚ ਅਵਿਸ਼ਵਾਸ ਰੱਖਦੇ ਹੋਏ ਸਮਾਜ ਦੇ ਸਧਾਰਨ ਲੋਕਾਂ ਦੇ ਭਰਮ ਤੋੜਨ ਲਈ ਉਨ੍ਹਾਂ ਦੀਆਂ ਆਪਣੀਆਂ ਧਾਰਮਿਕ ਮਾਨਤਾਵਾਂ ਵਿਚੋਂ ਬਿੰਬਾਂ ਤੇ ਪ੍ਰਤੀਕਾਂ ਦੀ ਚੋਣ ਕੀਤੀ। ਹਿੰਦੂਆਂ ਦੇ ਧਾਰਮਿਕ ਆਗੂ ਬ੍ਰਹਮਣ ਦੇ ਭੇਖਾਂ ਅਤੇ ਜਗਤ ਪ੍ਰਤੀ ਉਸ ਦੀ ਲੋਟੂ ਸੋਚ ਨੂੰ ਹੇਠ ਲਿਖੇ ਦ੍ਰਿਸ਼ ਬਿੰਬ ਰਾਹੀਂ ਚਿਤ੍ਰਿਤ ਕੀਤਾ ਹੈ :

ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ॥
ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ॥...
ਐਸੇ ਸੰਤ ਨ ਮੋ ਕਉ ਭਾਵਹਿ॥
ਡਾਲਾ ਸਿਉ ਪੇਡਾ ਗਟਕਾਵਹਿ॥੧॥ ਰਹਾਉ॥

(ਆਸਾ, ਕਬੀਰ, ਪੰਨਾ 475-476)

ਨਾਥਾਂ, ਜੋਗੀਆਂ, ਦੁਆਰਾ ਨਿਰੋਲ ਸਰੀਰ ਨੂੰ ਕਸ਼ਟ ਦੇਣ ਵਾਲੀਆਂ ਸਾਧਨਾਵਾਂ ਅਤੇ ਉਨ੍ਹਾਂ ਦੁਆਰਾ ਵੱਖਰੀ ਪਹਿਚਾਣ ਰੱਖਣ ਲਈ ਅਪਣਾਏ ਜਾਂਦੇ ਕੁੱਝ ਚਿੰਨ੍ਹ-ਖਿੰਥਾ, ਮੁੰਦਰਾ, ਕਿੰਗੁਰੀ, ਮਿਰਗਛਾਲਾ, ਸੂਈ, ਧਾਗਾ, ਭਸਮ, ਫਾਹੁਰੀ, ਤਾੜੀ ਆਦਿ ਨੂੰ ਉਲਟਾ ਕੇ ਨੈਤਿਕ ਗੁਣ ਮਨ ਦੀ ਸ਼ੁਧਤਾ ਤੇ ਮਨ ਨੂੰ ਪ੍ਰਭੂ ਵੱਲ ਜੁੜਨ ਦੇ ਪ੍ਰਤੀਕ ਵਜੋਂ ਵਰਤਦੇ ਹਨ :

ਮੁੰਦ੍ਰਾ ਮੋਨਿ ਦਇਆ ਕਰ ਝੋਲੀ ਪਤ੍ਰਕਾ ਕਰਹੁ ਬੀਚਾਰੁ ਰੇ॥
ਖਿੰਥਾ ਇਹੁ ਤਨੁ ਸੀਅਉ ਅਪਨਾ ਨਾਮੁ ਕਰਉ ਆਧਾਰੁ ਰੇ॥੧॥...
ਬੁਧਿ ਬਿਭੂਤਿ ਚਢਾਵਉ ਅਪੁਨੀ ਸਿੰਗੀ ਸੁਰਤਿ ਮਿਲਾਈ॥...
ਪੰਚ ਤਤੁ ਲੈ ਹਿਰਦੈ ਰਾਖਹੁ ਰਹੈ ਨਿਰਾਲਮ ਤਾੜੀ॥...

(ਰਾਮਕਲੀ, ਕਬੀਰ, ਪੰਨਾ-970)

ਇਸੇ ਤਰ੍ਹਾਂ ਹੀ ਇਸਲਾਮ ਧਰਮ ਵਿਚ ਮਿਲਦੇ ਧਾਰਮਿਕ ਕਰਮ ਉਜ਼ੂ, ਮੁੱਸਲਾ ਨਿਮਾਜ਼, ਮਸੀਤ ਆਦਿ ਬਿੰਬਾਂ ਦੁਆਰਾ ਮਨ ਦੇ ਪੰਜ ਵਿਕਾਰਾਂ, ਸਮਾਜਕ ਨਿਆਂ, ਨੈਤਿਕ ਗੁਣ-ਦਇਆ, ਨਿਮਰਤਾ ਆਦਿ ਦੇ ਉਪਦੇਸ਼ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ :

ਨਿਵਾਜ ਸੋਈ ਜੋ ਨਿਆਉ ਬਿਚਾਰੈ ਕਲਮਾ ਅਕਲਹਿ ਜਾਨੈ॥
ਪਾਚਹੁ ਮੁਸਿ ਮੁਸਲਾ ਬਿਛਾਵੈ ਤਬ ਤਉ ਦੀਨੁ ਪਛਾਨੈ॥੩॥
ਖਸਮੁ ਪਛਾਨਿ ਤਰਸ ਕਰਿ ਜੀਅ ਮਹਿ ਮਾਰਿ ਮਣੀ ਕਰਿ ਫੀਕੀ॥...

(ਆਸਾ, ਕਬੀਰ, ਪੰਨਾ-480)

## ਰਾਜਸੀ ਵਿਸ਼ਿਆਂ ਸਬੰਧੀ ਬਿੰਬ-ਸਿਰਜਨਾ

ਭਾਰਤ ਦੀ ਰਾਜਸੀ ਵਿਵਸਥਾ ਸਮੇਂ-ਸਮੇਂ ਬਦਲਦੀ ਰਹੀ ਹੈ ਪਰ ਮੱਧਕਾਲੀ ਸਮਾਜ ਵਿਚ ਰਾਜਸੀ ਤੌਰ 'ਤੇ ਮਲਕੀਅਤ ਇਸਲਾਮ ਧਰਮ ਦੇ ਸੁਲਤਾਨਾਂ, ਬਾਦਸ਼ਾਹਾਂ ਦੇ ਹੱਥ ਵਿਚ ਸੀ। ਬਾਣੀਕਾਰਾਂ ਨੇ ਰਾਜਸੀ ਖੇਤਰ ਵਿਚੋਂ ਸੁਲਤਾਨ, ਬਾਦਸ਼ਾਹ ਤੋਂ ਲੈ ਕੇ ਸਾਮਰਾਜ ਦੇ ਸਭ ਵੱਡੇ, ਛੋਟੇ ਅਹੁਦੇਦਾਰ ਸਿਕਦਾਰ, ਚੌਧਰੀ, ਪਟਵਾਰੀ, ਮੁੰਸਫ, ਕੋਟਵਾਲ, ਦਰਵਾਨੀ, ਸਿਪਾਹਸਲਾਰ, ਹੋਰ ਨੌਕਰ-ਚਾਕਰ, ਗ਼ੁਲਾਮ, ਦਾਸ, ਮਹਿਲ, ਕਿਲ੍ਹੇ, ਹਾਥੀ, ਘੋੜੇ, ਛਤ੍ਰ, ਸਿੰਘਾਸਨ, ਆਦਿ ਨੂੰ ਆਪਣੇ ਉਪਦੇਸ਼ਾਂ ਵਿਚਾਰਾਂ ਦੇ ਸੰਚਾਰ ਲਈ ਸਿੱਧੇ ਅਤੇ ਚਿਤ੍ਰਾਤਮਕ ਜੁਗਤ ਰਾਹੀਂ ਦਰਸਾਇਆ ਹੈ। ਰਾਜੇ ਦੇ ਐਸ਼ ਭਰਪੂਰ ਜੀਵਨ ਨੂੰ ਦ੍ਰਿਸ਼ ਬਿੰਬ ਰਾਹੀਂ ਇਸ ਤਰ੍ਹਾਂ ਚਿਤਰਿਆ ਗਿਆ ਹੈ :

ਰਾਜ ਭੋਗ ਅਰੁ ਛਤ੍ਰ ਸਿੰਘਾਸਨ ਬਹੁ ਸੁੰਦਰਿ ਰਮਨਾ॥
ਪਾਨ ਕਪੂਰ ਸੁਬਾਸਕ ਚੰਦਨ ਅੰਤਿ ਤਊ ਮਰਨਾ॥

(ਆਸਾ, ਕਬੀਰ, ਪੰਨਾ-476-477)

ਉਸਾਰੂ ਸਮਾਜਕ ਕਾਰਜਾਂ ਤੇ ਨਿਰਮਲ ਆਚਰਣ ਆਦਿ ਗੁਣਾਂ ਵਾਲੇ ਇਕ ਆਦਰਸ਼ ਰਾਜੇ ਦੀ ਤਸਵੀਰ ਨੂੰ ਉਘਾੜਨ ਲਈ ਰਿਆਸਤਾਂ, ਸਾਮਰਾਜ, ਆਦਿ ਵਧਾਉਣ ਵਾਲੇ ਰਾਜੇ ਦੁਆਰਾ ਗਿਆਨ ਤੇ ਵੈਰਾਗ ਦੇ ਤੀਰਾ ਨੂੰ ਧਾਰਨ ਕਰਨ, ਬਾਹਰੀ ਭੋਗ ਵਿਲਾਸ ਆਦਿ ਵਿਕਾਰਾਂ ਵੱਲ ਦੌੜਦੇ ਮਨ ਨੂੰ ਆਪਣੇ ਅੰਦਰ ਟਿਕਾਉਣ ਅਤੇ ਧੋਖਾਧੜੀ, ਤਰ੍ਹਾਂ ਤਰ੍ਹਾਂ ਦੇ ਐਬ, ਨਸ਼ਿਆਂ ਵਿਚ ਵਿਅਸਤ ਫੌਜ ਪਾਲਣ ਦੀ ਥਾਂ ਸ਼ੁਭ ਗੁਣਾਂ ਵਾਲੀ ਫੌਜ ਤਿਆਰ ਕਰਨ ਵਾਲੇ ਰਾਜੇ ਦੇ ਸਿਰ ਹੀ ਛਤ੍ਰ ਝੁਲਾਉਣ ਦੇ ਦ੍ਰਿਸ਼-ਬਿੰਬ ਨੂੰ ਇਸ ਤਰ੍ਹਾਂ ਚਿਤਰਿਆ ਹੈ :

ਸੋ ਸੁਰਤਾਨੁ ਜੁ ਦੁਇ ਸਰ ਤਾਨੈ॥ ਬਾਹਰਿ ਜਾਤਾ ਭੀਤਰਿ ਆਨੈ॥
ਗਗਨ ਮੰਡਲ ਮਹਿ ਲਸਕਰੁ ਕਰੈ॥ ਸੋ ਸੁਰਤਾਨੁ ਛਤ੍ਰ ਸਿਰਿ ਧਰੈ॥੩॥

(ਭੈਰਉ, ਕਬੀਰ, ਪੰਨਾ-1160)

ਬਾਣੀਕਾਰਾਂ ਨੇ ਰਾਜਿਆਂ ਦੇ ਰਾਜੇ ਚਕ੍ਰਵਰਤੀ (ਹਰੀ) ਰਾਜੇ ਦੀ ਸ਼ਕਤੀ ਨੂੰ ਜਗਤ ਦੇ ਰਾਜਿਆਂ, ਬਾਦਸ਼ਾਹਾਂ ਦੇ ਜੀਵਨ-ਚਿਤ੍ਰ ਰਾਹੀਂ ਇਸ ਤਰ੍ਹਾਂ ਚਿਤਰਿਆ ਹੈ :

ਜਾਂ ਚੈ ਘਰਿ ਦਿਗ ਦਿਸੈ ਸਰਾਇਚਾ ਬੈਕੁੰਠ
ਭਵਨ ਚਿਤ੍ਰਸਾਲਾ ਸਪਤ ਲੋਕ ਸਾਮਾਨਿ ਪੂਰੀਅਲੇ॥...
ਜਾਂ ਚੈ ਘਰਿ ਕੁਲਾਲੁ ਬ੍ਰਹਮਾ ਚਤੁਰ ਮੁਖੁ ਡਾਂਵੜਾ ਜਿਨਿ ਬਿਸ੍ਵ ਸੰਸਾਰੁ ਰਾਚੀਲੇ॥...
ਚਉਰ ਢੂਲ ਜਾਂ ਚੈ ਹੈ ਪਵਣੁ॥ ਚੇਰੀ ਸਕਤਿ ਜੀਤਿ ਲੇ ਭਵਣੁ॥
ਅੰਡ ਟੂਕ ਜਾ ਚੈ ਭਸਮਤੀ॥ ਸੋੁ ਐਸਾ ਰਾਜਾ ਤ੍ਰਿਭਵਣ ਪਤੀ॥੩॥...

(ਮਲਾਰ, ਨਾਮਦੇਵ, ਪੰਨਾ-1292)

ਸਮਕਾਲੀ ਸਮਾਜ ਦੀ ਹਰ ਪੱਖੋਂ ਨਿਘਰਦੀ ਹਾਲਤ ਦੇ ਮੱਦੇਨਜ਼ਰ ਲੋਕਾਂ ਦੇ ਜੀਵਨ ਵਿਚ ਚੰਗੇ ਸਮਾਜਕ ਅਮਲ ਦੁਆਰਾ ਕਿਹੋ ਜਿਹਾ ਸਮਾਜ ਉਸਰ ਸਕਦਾ ਹੈ? ਇਸਦੇ ਸੁੰਦਰ ਬਿੰਬ ਨੂੰ ਭਗਤ ਰਵਿਦਾਸ ਸ਼ਾਖਸਾਤ ਅੱਖਾਂ ਦਾ ਵਿਸ਼ਾ ਬਣਾਉਂਦੇ ਹਨ :

ਬੇਗਮਪੁਰਾ ਸਹਿਰ ਕੋ ਨਾਉ॥ ਦੂਖ ਅੰਦੋਹ ਨਹੀ ਤਿਹਿ ਠਾਉ॥
ਨਾ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥੧॥
ਕਾਇਮੁ ਦਾਇਮੁ ਸਦਾ ਪਾਤਿਸਾਹੀ॥ ਦੋਮ ਨ ਸੇਮ ਏਕ ਸੋ ਆਹੀ॥...
ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸਹਰੀ ਸੁ ਮੀਤੁ ਹਮਾਰਾ॥੩॥੨॥

(ਗਉੜੀ, ਰਵਿਦਾਸ, ਪੰਨਾ-345)

## ਇੰਦ੍ਰਿਆਵੀ ਬਿੰਬ

ਬਿੰਬਾਂ ਦੀ ਵਰਗ-ਵੰਡ ਨਾਲ ਸਬੰਧਿਤ ਕਈ ਮਤ ਸਥਾਪਿਤ ਹੋਏ ਜਿਨ੍ਹਾਂ ਵਿਚ ਮਨੋਵਿਗਿਆਨ ਦੇ ਆਧਾਰ 'ਤੇ ਕਾਵਿ ਵਿਚ ਇੰਦਰਿਆਵੀ ਬੋਧ ਕਰਾਉਣ ਵਾਲੇ ਬਿੰਬਾਂ ਦੇ ਪੰਜ ਪ੍ਰਕਾਰ - ਦ੍ਰਿਸ਼ ਬਿੰਬ, ਨਾਦ (ਸ੍ਰਵਣ) ਬਿੰਬ, ਗੰਧ ਬਿੰਬ, ਸਵਾਦ ਬਿੰਬ ਅਤੇ ਸਪਰਸ਼ ਬਿੰਬ ਪ੍ਰਮੁੱਖ ਹਨ। ਕਾਵਿ ਵਿਚ ਇੰਦਰਿਆਵੀ ਬਿੰਬ ਮਨੁੱਖੀ ਪੰਜ ਗਿਆਨ ਇੰਦਰੀਆਂ ਦੇ ਭਾਵਾਂ ਨੂੰ ਸ਼ਬਦਾਂ ਦੁਆਰਾ ਸਾਕਾਰ ਕਰਦੇ ਹਨ। "ਇੰਦ੍ਰੀਅਤਾ ਬਿੰਬ ਦੀ ਪਹਿਲੀ ਵਿਸ਼ੇਸ਼ਤਾ ਮੰਨੀ ਜਾਂਦੀ ਹੈ। ਇਹ ਗ੍ਰਹਿਣਸ਼ੀਲਤਾ ਦਾ ਉਹ ਸਤਰ ਹੈ ਜਿੱਥੇ ਬਿੰਬ ਅਲੰਕਾਰ ਦੀ ਕੋਟੀ ਤੋਂ ਅਲੱਗ ਹੋ ਜਾਂਦਾ ਹੈ। ਆਧੁਨਿਕ ਕਵਿਤਾ ਵਿਚ ਬਿੰਬਾਂ ਦੀ ਬਹੁਲਤਾ ਦਾ ਕਾਰਨ ਇਹੀ ਹੈ ਕਿ ਅੱਜ ਦਾ ਕਵੀ ਅਮੂਰਤ ਭਾਵਾਂ ਦੀ ਬਜਾਏ ਇੰਦ੍ਰੀ ਅਨੁਭਵਾਂ ਨੂੰ ਅਧਿਕ ਵਿਸ਼ਵਾਸ ਜਾਂ ਭਰੋਸੇਯੋਗ ਸਮਝਦਾ ਹੈ।"[129] ਭਾਵੇਂ ਆਧੁਨਿਕ ਕਵਿਤਾ ਵਿਚ ਇੰਦ੍ਰਿਆਵੀ ਬਿੰਬਾਂ ਦੀ ਰਚਨਾ ਵਧੇਰੇ ਪ੍ਰਾਪਤ ਹੁੰਦੀ ਹੈ ਪਰੰਤੂ ਰਹੱਸਵਾਦੀ ਰਚਨਾਕਾਰਾਂ ਨੇ ਵੀ ਆਪਣੀ ਅਨੁਭੂਤੀ ਨੂੰ ਬਿੰਬ ਅਤੇ ਪ੍ਰਤੀਕ-ਕਲਾ ਦੁਆਰਾ ਲੋਕਾਂ ਨਾਲ ਸਾਂਝਾ

ਕੀਤਾ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਆਪਣੀ ਬਾਣੀ ਵਿਚ ਇੰਦ੍ਰਿਆਵੀ ਅਨੁਭਵਾਂ ਨੂੰ ਵੀ ਬ੍ਰਹਿਮੰਡ ਵਿਚ ਵਿਆਪਕ ਮੂਲ ਸ਼ਕਤੀ (ਬ੍ਰਹਮ) ਦੇ ਰਹੱਸਾਂ ਨਾਲ ਜੋੜਿਆ। ਉਨ੍ਹਾਂ ਦੁਆਰਾ ਆਪਣੀਆਂ ਅਧਿਆਤਮਕ ਤੇ ਲੋਕ ਕਲਿਆਣਮਈ ਅਨੁਭੂਤੀਆਂ, ਵਿਚਾਰਾਂ ਨੂੰ ਪ੍ਰਗਟਾਉਣ ਲਈ ਜਿੱਥੇ ਪ੍ਰਾਕ੍ਰਿਤਕ ਬਿੰਬ ਸਿਰਜਨਾ ਅਤੇ ਲੋਕ ਜੀਵਨ ਅਧਾਰਿਤ ਬਿੰਬ ਦੀ ਸਿਰਜਨਾ ਕੀਤੀ ਗਈ ਹੈ ਉਥੇ ਇੰਦ੍ਰਿਆਵੀ ਬਿੰਬਾਂ ਦੀ ਵੀ ਸਿਰਜਨਾ ਕੀਤੀ ਗਈ ਹੈ। ਭਗਤ ਬਾਣੀ ਵਿਚੋਂ ਪੰਜ ਗਿਆਨ ਇੰਦਰੀਆਂ ਅਨੁਸਾਰ ਅੱਖਾਂ (ਦ੍ਰਿਸ਼), ਕੰਨ (ਨਾਦ), ਨੱਕ (ਗੰਧ), ਜੀਭ (ਸਵਾਦ) ਅਤੇ ਚਮੜੀ (ਸਪਰਸ਼) ਦਾ ਵਿਸ਼ਾ ਬਣੇ ਸ਼ਾਬਦਿਕ ਚਿੱਤਰਾਂ (ਬਿੰਬਾਂ) ਦਾ ਅਧਿਐਨ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ।

**ਦ੍ਰਿਸ਼ ਬਿੰਬ :** ਇੰਦ੍ਰਿਆਵੀ ਛੋਹ ਪ੍ਰਾਪਤ ਸ਼ਬਦਾਂ ਦੁਆਰਾ ਅੱਖਾਂ ਅੱਗੇ ਸਾਕਾਰ ਹੋਇਆ ਚਿੱਤਰ ਹੀ ਦ੍ਰਿਸ਼ ਬਿੰਬ ਅਖਵਾਉਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਵਿਚ ਇੰਦ੍ਰਿਆਵੀ ਬਿੰਬਾਂ ਵਿਚੋਂ ਵਧੇਰੇ ਕਰਕੇ ਦ੍ਰਿਸ਼-ਬਿੰਬ ਦੀ ਸਿਰਜਨਾ ਨੂੰ ਦੇਖਿਆ ਜਾ ਸਕਦਾ ਹੈ।ਪ੍ਰਭੂ ਵੱਲੋਂ ਮਿਲੇ ਅਨਮੋਲ ਜੀਵਨ ਰੂਪੀ ਸੁਆਸਾਂ ਦੀ ਪੂੰਜੀ ਨੂੰ ਵਿਸ਼ੇ ਵਿਕਾਰਾਂ ਵਿਚ ਹੀ ਗੁਆ ਦੇਣ ਦੇ ਭਾਵ ਨੂੰ ਵਿਅਕਤ ਕਰਨ ਲਈ ਵੱਡੇ ਸ਼ਾਹ (ਹਰੀ) ਵੱਲੋਂ ਵਪਾਰ ਕਰਨ ਲਈ ਛੋਟੇ ਵਪਾਰੀਆਂ (ਸਾਰੇ ਜੀਵਾਂ) ਨੂੰ ਵੱਖ-ਵੱਖ ਥਾਵਾਂ 'ਤੇ (ਜਗਤ ਵਿੱਚ) ਕੁੱਝ ਪੂੰਜੀ (ਸੁਆਸ) ਦੇ ਕੇ ਵਪਾਰ ਕਰਨ ਲਈ ਭੇਜਣਾ ਜਿਸ ਪੂੰਜੀ ਨੂੰ ਲੈ ਕੇ ਵਪਾਰੀ ਲੋਕਾਂ ਦੁਆਰਾ ਬੈਲਾਂ (ਪਾਪ-ਪੁੰਨ) ਦੇ ਗੱਡਿਆਂ ਤੇ ਛਟ (ਤ੍ਰਿਸ਼ਨਾ) ਨੂੰ ਲੱਦ ਕੇ ਵਪਾਰ ਕਰਨ ਦਾ ਦ੍ਰਿਸ਼ ਚਿਤਰਿਆ ਗਿਆ ਹੈ :

> ਪਾਪੁ ਪੁੰਨੁ ਦੁਇ ਬੈਲ ਬਿਸਾਹੇ ਪਵਨੁ ਪੂਜੀ ਪਰਗਾਸਿਓ॥
> ਤ੍ਰਿਸਨਾ ਗੂਣਿ ਭਰੀ ਘਟ ਭੀਤਰਿ ਇਨ ਬਿਧਿ ਟਾਂਡ ਬਿਸਾਹਿਓ॥੧॥
> ਐਸਾ ਨਾਇਕੁ ਰਾਮੁ ਹਮਾਰਾ॥ ਸਗਲ ਸੰਸਾਰੁ ਕੀਓ ਬਨਜਾਰਾ॥੧॥ ਰਹਾਉ॥

(ਗਉੜੀ, ਕਬੀਰ, ਪੰਨਾ-333)

ਮਨੁੱਖਾਂ ਦੁਆਰਾ ਕੀਤੇ ਬੁਰੇ ਕਰਮਾਂ ਦਾ ਫਲ ਭੋਗਣ ਦਾ ਡਰ ਪਾਉਂਦੇ ਹੋਏ ਪਸ਼ੂ-ਜੂਨ ਜਿਉਣ ਵਾਲੇ ਪਸ਼ੂ ਦੇ ਕਸ਼ਟਾਂ ਭਰੇ ਜਵੀਨ ਦਾ ਚਿੱਤਰ ਇਸ ਤਰ੍ਹਾਂ ਪੇਸ਼ ਕੀਤਾ ਹੈ :

> ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈਹੈ॥
> ਊਠਤ ਬੈਠਤ ਠੇਗਾ ਪਰਿਹੈ ਤਬ ਕਤ ਮੂਡ ਲੁਕਈਹੈ॥੧॥...
> ਫਾਟੇ ਨਾਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਈਹੈ॥੧॥ ਰਹਾਉ॥
> ਸਾਰੋ ਦਿਨੁ ਡੋਲਤ ਬਨ ਮਹੀਆ ਅਜਹੁ ਨ ਪੇਟ ਅਘਈ ਹੈ॥...

(ਗੂਜਰੀ, ਕਬੀਰ, ਪੰਨਾ-524)

ਗੁਰੂ ਦੀ ਸੰਗਤ ਵਿਚ ਜਾਣ ਲਈ ਜੀਵ ਦੇ ਆਲਸੀ ਮਨ ਨੂੰ ਹੌਲੀ-ਹੌਲੀ ਪ੍ਰਭੂ ਵਾਲੇ ਪਾਸੇ ਲਾਉਣ, ਹਿੱਕਣ ਦੇ ਭਾਵ ਨੂੰ ਪ੍ਰਗਟਾਉਣ ਲਈ ਧੋਬਣ ਵੱਲੋਂ ਮੈਲੇ ਕੱਪੜਿਆਂ ਵਾਲੀ ਗੱਡੀ ਹਿੱਕਣ, ਪਨਘਟ 'ਤੇ ਲਿਜਾਣ ਦਾ ਖ਼ੂਬਸੂਰਤ ਸ਼ਬਦ-ਚਿਤ੍ਰ ਇਸ ਤਰ੍ਹਾਂ ਦ੍ਰਿਸ਼ਟੀਗੋਚਰ ਕੀਤਾ ਹੈ :

ਸਹਿਜ ਅਵਲਿ ਧੂੜਿ ਮਣੀ ਗਾਡੀ ਚਾਲਤੀ॥
ਪੀਛੈ ਤਿਨਕਾ ਲੈ ਕਰਿ ਹਾਂਕਤੀ॥੧॥ ਜੈਸੇ ਪਨਕਤ ਥ੍ਰਿਟਿਟਿ ਹਾਂਕਤੀ॥
ਸਰਿ ਧੋਵਨ ਚਾਲੀ ਲਾਡੁਲੀ॥੧॥ ਰਹਾਉ॥
ਧੋਬੀ ਧੋਵੈ ਬਿਰਹ ਬਿਰਾਤਾ॥ ਹਰਿ ਚਰਨ ਮੇਰਾ ਮਨੁ ਰਾਤਾ॥੨॥

(ਬਸੰਤ, ਨਾਮਦੇਵ, ਪੰਨਾ-1196)

ਸਾਰੇ ਬ੍ਰਹਿਮੰਡ ਵਿਚ ਬ੍ਰਹਮ ਦੇ ਪਸਰੇ ਪਸਾਰੇ ਨੂੰ ਵਿਅਕਤ ਕਰਨ ਲਈ ਚੰਦ ਤੇ ਤਾਰਿਆਂ ਨਾਲ ਭਰੇ ਅਸਮਾਨ ਦੇ ਬਿੰਬ ਨੂੰ ਇਸ ਤਰ੍ਹਾਂ ਅੱਖਾਂ ਦਾ ਵਿਸ਼ਾ ਬਣਾਇਆ ਹੈ :

ਓਇ ਜੁ ਦੀਸਹਿ ਅੰਬਰਿ ਤਾਰੇ॥ ਕਿਨਿ ਓਇ ਚੀਤੇ ਚੀਤਨਹਾਰੇ॥੧॥...
ਸੂਰਜ ਚੰਦੁ ਕਰਹਿ ਉਜੀਆਰਾ॥ ਸਭ ਮਹਿ ਪਸਰਿਆ ਬ੍ਰਹਮ ਪਸਾਰਾ॥੨॥

(ਗਉੜੀ, ਕਬੀਰ, ਪੰਨਾ-329)

ਦਵੈਤ ਭਾਵ ਵਿਚ ਭਟਕਦੇ ਮਨ ਨੂੰ ਗਿਆਨ ਦੇ ਫੁਰੇ ਫੁਰਨੇ ਸਦਕਾ ਵਿਸ਼ੇ ਵਿਕਾਰਾਂ ਤੇ ਕੁਚੱਜੀ ਮੱਤ ਦੇ ਦੂਰ ਹੋ ਜਾਣ ਅਤੇ ਰਾਮ-ਨਾਮ ਵਿਚ ਮਨ ਦੇ ਭਿੱਜ ਜਾਣ ਦੀ ਮਨ ਦੀ ਅਨੰਦਿਤ ਅਵਸਥਾ ਨੂੰ ਇਕ ਤੀਬਰ ਵੇਗ ਵਿਚ ਆਈ ਹਨ੍ਹੇਰੀ, ਝੱਖੜ ਜਿਸ ਵਿਚ ਛਪਰੀ ਦੀਆਂ ਥੰਮੀਆਂ ਦੇ ਟੁੱਟ ਜਾਣ, ਛੱਟ (ਛੰਨ) ਦੇ ਧਰਤੀ 'ਤੇ ਡਿੱਗ ਜਾਣ, ਛਪਰੀ ਹੇਠ ਪਏ ਸਭ ਭਾਂਡੇ- ਠੀਕਰ ਦੇ ਫੁੱਟ ਜਾਣ ਅਤੇ ਹਨ੍ਹੇਰੀ ਪਿੱਛੋਂ ਪੈਣ ਵਾਲੀ ਮੋਹਲੇਧਾਰ ਵਰਖਾ ਦੁਆਰਾ ਬੜਾ ਸਪਸ਼ਟ 'ਤੇ ਸੁੰਦਰ ਦ੍ਰਿਸ਼-ਬਿੰਬ ਉਭਾਰਿਆ ਹੈ :

ਦੇਖੋ ਭਾਈ ਗ੍ਯਾਨ ਕੀ ਆਈ ਆਂਧੀ॥...
ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ॥
ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ॥੧॥
ਆਂਧੀ ਪਾਛੈ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾਂ॥

(ਗਉੜੀ, ਕਬੀਰ, ਪੰਨਾ-332)

**ਨਾਦ (ਸ੍ਰਵਣ) ਬਿੰਬ :** ਨਾਦ ਬਿੰਬ ਸ੍ਰਵਣ-ਇੰਦਰੀ (ਕੰਨ) ਨਾਲ ਸਬੰਧ ਰੱਖਦਾ ਹੈ। "ਧੁਨੀ ਅਥਵਾ ਨਾਦ-ਕਲਪਨਾ ਦਾ ਉਪਯੋਗ ਕਵਿਤਾ ਵਿਚ ਦੋ ਪ੍ਰਕਾਰ ਨਾਲ ਹੁੰਦਾ ਹੈ। ਇਕ ਪ੍ਰਕਾਰ ਤਾਂ ਅਲੰਕਾਰ-ਵਿਧਾਨ ਦੇ ਅੰਤਰਗਤ ਆਉਂਦਾ ਹੈ ਜਿਸਨੂੰ 'ਅਨੁਪ੍ਰਾਸ' ਕਹਿੰਦੇ ਹਨ। ਦੂਸਰਾ ਰੂਪ ਧੁਨੀ ਅਥਵਾ ਸਵਰ ਦੀ ਇੰਦਰੀ ਕਲਪਨਾ ਦੇ ਰੂਪ ਵਿਚ ਪਾਇਆ ਜਾਂਦਾ ਹੈ। ਸ੍ਰੇਸ਼ਟ ਕਵੀਆਂ ਵਿਚ

ਨਾਦ ਕਲਪਨਾ ਦਾ ਇਹੀ ਰੂਪ ਮਿਲਦਾ ਹੈ। ਨਾਦ-ਕਲਪਨਾ ਦਾ ਅਰਥ ਜਾਣੀਆਂ-ਪਹਿਚਾਣੀਆਂ ਧੁਨੀਆਂ ਦੀ ਸ਼ਾਬਦਿਕ ਅਨੁਕ੍ਰਿਤੀ ਮਾਤਰ ਨਹੀਂ ਹੈ। ਸ੍ਰੇਸ਼ਟ ਧੁਨੀ-ਚਿਤ੍ਰ ਉਥੇ ਹੁੰਦਾ ਹੈ ਜਿੱਥੇ ਕਾਵਿਗਤ ਅਨੁਭੂਤੀ ਦੀ ਕਿਸੇ ਵਿਸ਼ੇਸ਼ ਸਥਿਤੀ, ਭਾਵ ਦਸ਼ਾ ਜਾ ਕ੍ਰਿਆ-ਅਭਿਆਸ ਦੀ ਅਭਿਵਿਅਕਤੀ ਕਰਦਾ ਹੈ।"[130]

ਭਗਤ ਬਾਣੀਕਾਰਾਂ ਨੇ ਪ੍ਰਭੂ-ਨਾਮ ਵਿਚ ਜੁੜੀ ਸੁਰਤੀ ਨਾਲ ਇਕ ਰਸ ਵੱਜ ਰਹੀ ਅਨਹਦ ਨਾਦ ਦੀ ਕਿੰਗਰੀ (ਵੀਣਾ) ਦਾ ਵਧੇਰੇ ਜ਼ਿਕਰ ਕੀਤਾ ਹੈ ਜਿਸਨੂੰ ਨਾਦ-ਬਿੰਬ ਦੇ ਅੰਤਰਗਤ ਰੱਖਿਆ ਜਾ ਸਕਦਾ ਹੈ। ਮਹਾਨਕੋਸ਼ ਅਨੁਸਾਰ "ਅਨਹਦ ਨਾਦ ਉਹ ਸ਼ਬਦ ਹੈ ਜੋ ਕਿਸੇ ਆਘਾਤ (ਪ੍ਰਹਾਰ) ਤੋਂ ਨਹੀਂ ਪੈਦਾ ਹੋਇਆ, ਯੋਗਮਤ ਅਨੁਸਾਰ ਉਹ ਸ਼ਬਦ ਜੋ ਦਸਮ ਦੁਆਰ ਵਿਚ ਯੋਗੀ ਸੁਣਦੇ ਹਨ। ਗੁਰਮਤ ਅਨੁਸਾਰ ਆਤਮ ਮੰਡਲ ਦਾ ਸੰਗੀਤ ਜੋ ਕੰਨਾ ਦਾ ਵਿਸ਼ਾ ਨਹੀਂ। ਨਾਮ ਅਭਿਆਸੀ ਨੂੰ ਚਿੱਤ ਦੀ ਇਕਾਗਰਤਾ (ਸਮਾਧੀ) ਵਿਚ ਇਸਦਾ ਅਨੁਭਵ ਹੁੰਦਾ।"[131]

ਭਗਤ ਨਾਮਦੇਵ ਜੀ ਖ਼ੁਦ ਅਨਹਦ ਨਾਦ ਦੀ ਉੱਠ ਰਹੀ ਧੁਨੀ ਨੂੰ ਅਨਮੜ੍ਹੇ ਮੰਦਲ (ਢੋਲ) ਭਾਵ ਮਨ ਵਿਚ ਹੀ ਜੁੜੀ ਸਹਿਜ ਸੁਰਤ-ਸਮਾਧੀ ਆਖਕੇ ਪਰਿਭਾਸ਼ਤ ਕਰਦੇ ਹਨ :

ਅਣਮੜਿਆ ਮੰਦਲੁ ਬਾਜੈ॥ ਬਿਨੁ ਸਾਵਣ ਘਨਹਰੁ ਗਾਜੈ॥
ਬਾਦਲ ਬਿਨੁ ਬਰਖਾ ਹੋਈ॥ ਜਉ ਤਤੁ ਬਿਚਾਰੈ ਕੋਈ॥੧॥

(ਸੋਰਠਿ, ਨਾਮਦੇਵ, ਪੰਨਾ-657)

ਸੋ ਅਨੁਭਵ ਦਾ ਵਿਸ਼ਾ ਹੋਣ 'ਤੇ ਵੀ ਆਤਮ ਮੰਡਲ ਵਿਚ ਅਨੰਦ ਰੂਪ ਵੱਜਣ ਵਾਲੇ ਖੁਸ਼ੀ, ਖੇੜੇ, ਹੁਲਾਸ ਦੇ ਸੰਗੀਤ ਦੁਆਰਾ ਇਹ ਧੁਨੀ ਕੰਨਾਂ ਦਾ ਵਿਸ਼ਾ ਬਣਦੀ ਹੈ :

ਰਾਜਾ ਰਾਮ ਅਨਹਦ ਕਿੰਗੁਰੀ ਬਾਜੈ॥
ਜਾ ਕੀ ਦਿਸਟਿ ਨਾਦ ਲਿਵ ਲਾਵੈ॥੧॥ ਰਹਾਉ॥

(ਸਿਰੀਰਾਗ, ਕਬੀਰ, ਪੰਨਾ-92)

ਜੀਵ ਦੇ ਮਰਨ ਤੋਂ ਬਾਅਦ ਜੀਵ ਦੀ ਜਿੰਦ ਦਾ ਆਪਣੇ ਮੂਲ (ਬ੍ਰਹਮ) ਵਿਚ ਸਮਾ ਜਾਣ ਦੇ ਭਾਵ ਨੂੰ ਵਾਜੇ (ਜੰਤੀ) ਵਿਚੋਂ ਨਿਕਲੀ ਸੁਰ ਦੇ ਸਾਜ਼ ਵਿਚ ਹੀ ਸਮਾ ਜਾਣ ਦੁਆਰਾ ਨਾਦ-ਬਿੰਬ ਨੂੰ ਉਭਾਰਿਆ ਹੈ :

ਜਸ ਜੰਤੀ ਮਹਿ ਜੀਉ ਸਮਾਨਾ॥
ਮੂਏ ਮੁਰਮੁ ਕੋ ਕਾ ਕਰ ਜਾਨਾ॥੩॥

(ਗਉੜੀ, ਕਬੀਰ, ਪੰਨਾ-325)

ਬੁਢਾਪੇ ਵਿਚ ਕੁਸਮ-ਫੁੱਲ ਵਰਗੇ ਚਿੱਟੇ ਕੇਸ ਹੋ ਜਾਣ, ਬੋਲਣ ਦਾ ਬਲ ਕਮਜ਼ੋਰ ਹੋਣ ਕਾਰਨ ਆਵਾਜ਼ ਦੇ ਸੱਤਵੇਂ ਪਾਤਾਲ (ਦੂਰ) ਤੋਂ ਆਈ ਹੋਈ ਜਾਪਣ ਦੇ ਭਾਵ ਨੂੰ ਪ੍ਰਗਟਾਉਣ ਲਈ ਨਾਦ ਅਤੇ ਦ੍ਰਿਸ਼ ਦੋਵੇਂ ਤਰ੍ਹਾਂ ਦੇ ਬਿੰਬਾਂ ਨੂੰ ਚਿਤਰਿਆ ਹੈ :

ਪੁੰਡਰ ਕੇਸ ਕੁਸਮ ਤੇ ਧਉਲੇ ਸਪਤ ਪਾਤਾਲ ਕੀ ਬਾਣੀ॥
ਲੋਚਨ ਸ੍ਰਮਹਿ ਬੁਧਿ ਬਲ ਨਾਠੀ ਤਾ ਕਾਮੁ ਪਵਸਿ ਮਾਧਾਣੀ॥
ਤਾ ਤੇ ਬਿਖੈ ਭਈ ਮਤਿ ਪਾਵਸਿ ਕਾਇਆ ਕਮਲੁ ਕੁਮਲਾਣਾ॥

(ਸਿਰੀਰਾਗ, ਬੇਣੀ, ਪੰਨਾ-93)

ਗੁਰੂ ਤੇ ਰਾਮ-ਨਾਮ ਦੀ ਓਟ ਲੈਣ ਨਾਲ ਮਨ ਦੇ ਹਾਥੀ, ਕਊਆ, ਗਧਾ, ਭੈਂਸਾ, ਸ਼ੇਰ ਆਦਿ ਦੇ ਵਿਕਾਰਾਂ ਵੱਲੋਂ ਉਲਟਕੇ ਬ੍ਰਹਮ-ਗਿਆਨ, ਭਗਤੀ ਵੱਲ ਲੱਗਣ ਕਾਰਨ ਮਨ ਦੀ ਸਵੱਛ ਬਿਰਤੀ ਰੂਪ ਸੁੰਦਰ ਕੰਨਿਆ (ਜੀਵ ਆਤਮਾ) ਨੂੰ ਵਿਆਹੁਣ ਤੇ ਪ੍ਰਭੂ-ਮਿਲਾਪ ਲਈ ਵਾਜੇ, ਛੈਣੇ, ਤਾਲ, ਗੀਤ ਗਾਉਣ, ਜੰਞ ਚੜ੍ਹਨ ਜਾਂ ਢੁੱਕਣ ਦੇ ਇਸ ਦ੍ਰਿਸ਼ ਬਿੰਬ ਵਿਚੋਂ ਨਾਦ ਬਿੰਬ ਦੀ ਗੂੰਜ ਵੀ ਸੁਣਾਈ ਦਿੰਦੀ ਹੈ :

ਫੀਲੁ ਰਬਾਬੀ ਬਲਦੁ ਪਖਾਵਜ ਕਊਆ ਤਾਲ ਬਜਾਵੈ॥
ਪਹਿਰਿ ਚੋਲਨਾ ਗਦਹਾ ਨਾਚੈ ਭੈਸਾ ਭਗਤਿ ਕਰਾਵੈ॥੧॥
ਰਾਜਾ ਰਾਮ ਕਕਰੀਆ ਬਰੇ ਪਕਾਏ ਕਿਨੈ ਬੂਝਨਹਾਰੈ ਖਾਏ॥੧॥ ਰਹਾਉ॥
ਘਰਿ ਘਰਿ ਮੁਸਰੀ ਮੰਗਲੁ ਗਾਵਹਿ ਕਛੂਆ ਸੰਖੁ ਬਜਾਵੈ॥੨॥
ਬੰਸ ਕੋ ਪੂਤੁ ਬੀਆਹਨ ਚਲਿਆ ਸੁਇਨੇ ਮੰਡਪ ਛਾਏ॥...

(ਆਸਾ, ਕਬੀਰ, ਪੰਨਾ-477)

ਚਿੱਤ-ਬ੍ਰਿਤੀਆਂ ਤੇ ਵਾਸ਼ਨਾਵਾਂ ਵੱਲੋਂ ਉਲਟਕੇ ਸ਼ਾਂਤ ਹੋਈ ਮਾਨਸਿਕ ਅਵਸਥਾ ਨੂੰ ਨੱਚ ਟੱਪ ਕੇ ਰਾਸ ਪਾਉਣ ਵਾਲੇ ਰਾਸਧਰੀਏ ਦੇ ਦ੍ਰਿਸ਼ਟਾਤ ਰਾਹੀਂ ਨਾਦ ਬਿੰਬ ਨੂੰ ਇਸ ਤਰ੍ਹਾਂ ਉਭਾਰਿਆ ਗਿਆ ਹੈ :

ਬਾਤੀ ਸੂਕੀ ਤੇਲੁ ਨਿਖੂਟਾ॥ ਮੰਦਲੁ ਨ ਬਾਜੈ ਨਟੁ ਪੈ ਸੂਤਾ॥੧॥...
ਟੂਟੀ ਤੰਤੁ ਨ ਬਜੈ ਰਬਾਬੁ॥ ਭੂਲਿ ਬਿਗਾਰਿਓ ਅਪਨਾ ਕਾਜੁ॥੨॥...

(ਆਸਾ, ਕਬੀਰ, ਪੰਨਾ-478)

ਸਮੇਂ ਦੇ ਸਦਾ ਸਥਿਰ ਨ ਹੋਣ ਅਤੇ ਜਗਤ ਦੇ ਸਾਰੇ ਜੀਵਾਂ ਦਾ ਸਮੇਂ ਸਮੇਂ ਹੋ ਕੇ ਚਲੇ ਜਾਣ ਦੇ ਭਾਵ ਨੂੰ ਵਿਅਕਤ ਕਰਨ ਲਈ ਦ੍ਰਿਸ਼ ਅਤੇ ਨਾਦ ਬਿੰਬ ਨੂੰ ਬੜੇ ਸੁਚੱਜੇ 'ਤੇ ਸੁੰਦਰ ਢੰਗ ਨਾਲ ਚਿਤਰਿਆ ਗਿਆ ਹੈ :

ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ॥
ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ॥੬॥

(ਆਸਾ, ਸ਼ੇਖ ਫ਼ਰੀਦ, ਪੰਨਾ-488)

ਪ੍ਰਭੂ ਵੱਲੋਂ ਸਾਰੀ ਖ਼ਲਕਤ ਦੀ ਸਿਰਜਨਾ ਕਰਨ ਨੂੰ ਬਾਜੀ ਪਾਉਣ ਵਾਲੇ ਬਾਜੀਗਰ ਦੁਆਰਾ ਡੁਗਡੁਗੀ ਵਜਾ ਕੇ ਲੋਕਾਂ ਨੂੰ ਇਕੱਠੇ ਕਰਨ, ਤਮਾਸ਼ਾ ਦਿਖਾਉਣ ਅਤੇ ਫਿਰ ਖੇਡ ਨੂੰ ਸਮੇਟ ਕੇ ਆਪਣੇ ਰੰਗ ਵਿਚ ਇਕੱਲਾ ਹੋ ਜਾਣ ਦੇ ਭਾਵ ਨੂੰ ਇਸ ਤਰ੍ਹਾਂ ਵਿਅਕਤ ਕੀਤਾ ਹੈ :

ਬਾਜੀਗਰ ਡੰਕ ਬਜਾਈ॥ ਸਭ ਖਲਕ ਤਮਾਸੇ ਆਈ॥
ਬਾਜੀਗਰ ਸ੍ਵਾਂਗੁ ਸਕੇਲਾ॥ ਅਪਨੇ ਰੰਗ ਰਵੈ ਅਕੇਲਾ॥੨॥

(ਸੋਰਠਿ, ਕਬੀਰ, ਪੰਨਾ-655)

ਮਾਇਆ ਦੇ ਬਲ ਅਤੇ ਸੁੰਦਰ ਸਰੂਪ ਜਿਸ ਕਾਰਨ ਇਹ ਸੰਸਾਰ ਦੇ ਸਾਰੇ ਜੀਵਾਂ ਨੂੰ ਮੋਹੀ ਰੱਖਦੀ ਹੈ ਨੂੰ ਸੋਹਾਗਣਿ ਦੇ ਹਾਰ-ਸਿੰਗਾਰ ਤੇ ਪੈਰਾਂ ਵਿਚ ਪਾਈਆਂ ਛਣ-ਛਣ ਕਰਦੀਆਂ ਝਾਂਜਰਾ ਰਾਹੀਂ ਨਾਦ-ਬਿੰਬ ਨੂੰ ਉਭਾਰਿਆ ਗਿਆ ਹੈ :

ਸੋਹਾਗਨਿ ਹੈ ਅਤਿ ਸੁੰਦਰੀ॥ ਪਗ ਨੇਵਰ ਛਨਕ ਛਨਹਰੀ॥...

(ਗੋਂਡ, ਕਬੀਰ, ਪੰਨਾ-872)

ਭਗਤ ਨਾਮਦੇਵ ਕ੍ਰਿਸ਼ਨ ਦੁਆਰਾ ਮਧੁਰ ਮਧੁਰ ਬੰਸਰੀ ਵਜਾਉਣ ਆਦਿ ਦੇ ਕੌਤਕਾਂ ਰਾਹੀਂ ਪ੍ਰਭੂ ਦੀ ਅਨੰਦ ਸਰੂਪ ਸਹਿਜ ਅਵਸਥਾ ਨੂੰ ਬਿਆਨ ਕਰਦੇ ਹੋਏ ਨਾਦ ਬਿੰਬ ਦੀ ਸਿਰਜਣਾ ਕਰਦੇ ਹਨ :

ਧਨਿ ਧੰਨਿ ਓ ਰਾਮ ਬੇਨੁ ਬਾਜੈ॥ ਮਧੁਰ ਮਧੁਰ ਧੁਨਿ ਅਨਹਤ ਗਾਜੈ॥੧॥ ਰਹਾਉ॥...
ਬੇਨੁ ਬਜਾਵੈ ਗੋਧਨੁ ਚਰੈ॥ ਨਾਮੇ ਕੇ ਸੁਆਮੀ ਆਨਦ ਕਰੈ॥੪॥੧॥

(ਮਾਲੀ ਗਉੜਾ, ਨਾਮਦੇਵ, ਪੰਨਾ-988)

ਕੀਤੇ ਬੁਰੇ ਕਰਮਾਂ ਕਾਰਨ ਉਮਰ ਰੂਪੀ ਰਾਤ ਵਿਚ ਜੀਵਾਂ ਨੂੰ ਦੁੱਖਾਂ ਦੀ ਮਾਰ ਖਾਣ ਦੇ ਵਿਚਾਰ ਨੂੰ ਪ੍ਰਗਟਾਉਣ ਲਈ ਘੜੀ ਘੜੀ, ਪਹਿਰ ਪਹਿਰ ਪਿਛੋਂ ਮਾਰ ਖਾਣ ਵਾਲੇ ਘੜਿਆਲ ਵੱਜਣ ਦੇ ਦ੍ਰਿਸ਼ਟਾਂਤ ਰਾਹੀਂ ਨਾਦ-ਬਿੰਬ ਦਾ ਆਭਾਸ ਹੁੰਦਾ ਹੈ :

ਘੜੀਏ ਘੜੀਏ ਮਾਰੀਐ ਪਹਰੀ ਲਹੈ ਸਜਾਇ॥
ਸੋ ਹੇੜਾ ਘੜੀਆਲ ਜਿਉ ਡੁਖੀ ਰੈਣਿ ਵਿਹਾਇ॥੪੦॥

(ਸਲੋਕ, ਸ਼ੇਖ ਫ਼ਰੀਦ, ਪੰਨਾ 1379-1380)

ਜਗਤ ਦੇ ਅਮੀਰ, ਨਵਾਬੀ ਠਾਠ-ਬਾਠ ਵਾਲੇ ਲੋਕ ਜਿਨ੍ਹਾਂ ਪਾਸ ਧੌਂਸੇ ਵੱਜਦੇ ਸਨ, ਸਿਰ 'ਤੇ ਛਤ੍ਰ ਝੁਲਦੇ ਸਨ, ਤੂਤੀਆਂ ਵਾਜੇ ਵਜਦੇ ਅਤੇ ਭੱਟ ਮਹਿਮਾ ਗਾਉਂਦੇ ਸਨ ਉਨ੍ਹਾਂ ਸਭ ਦੇ ਵੀ ਆਖਰ ਦੁਨੀਆਂ ਤੋਂ ਤੁਰ ਜਾਣ ਦੇ ਵਿਚਾਰ ਨੂੰ ਜਾਣਦੇ ਹੋਏ ਫ਼ਰੀਦ ਜੀ ਦੇ ਹੇਠਲੇ ਸਲੋਕ ਨੂੰ ਨਾਦ ਬਿੰਬ ਦਾ ਵਿਸ਼ਾ ਬਣਾਉਂਦੇ ਹਨ:

ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ॥
ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ॥੪੫॥

(ਸਲੋਕ, ਸ਼ੇਖ ਫ਼ਰੀਦ, ਪੰਨਾ-1380)

**ਗੰਧ ਬਿੰਬ :** ਗੰਧ ਬਿੰਬ ਦਾ ਸਬੰਧ ਸੁੰਘਣ ਇੰਦਰੀ (ਨੱਕ) ਨਾਲ ਹੈ। ਭਗਤ ਬਾਣੀ ਵਿਚ ਗੰਧ ਬਿੰਬ ਲਈ ਸਭ ਤੋਂ ਉੱਤਮ ਚੰਦਨ ਦੀ ਖੁਸ਼ਬੂ ਰੂਪੀ ਹਰੀ-ਨਾਮ ਨੂੰ ਚਿਤਰਿਆ ਗਿਆ ਹੈ। ਪ੍ਰਭੂ ਆਪ ਕਿਰਪਾ ਕਰਕੇ ਜਿਸਦੇ ਹਿਰਦੇ ਵਿਚ ਨਾਮ-ਸਿਮਰਨ ਵਸਾ ਦਿੰਦਾ ਹੈ ਉਸ ਹਿਰਦੇ ਵਿਚ ਨਾਮ ਦੀ ਖੁਸ਼ਬੋ ਦਾ ਵਾਸ ਹੋ ਜਾਂਦਾ ਹੈ :

ਕਿਰਪਾ ਕਰਿ ਕੈ ਨਾਮੁ ਦ੍ਰਿੜਾਈ॥ ਹਰਿ ਹਰਿ ਬਾਸੁ ਸੁਗੰਧ ਬਸਾਈ॥੫॥

(ਗਉੜੀ, ਕਬੀਰ, ਪੰਨਾ-326)

ਦੁਨਿਆਵੀ ਲੋਭ-ਲਾਲਚ ਤੇ ਪਰਿਵਾਰ ਦੇ ਸੁੱਖ ਵਿਚ ਗ੍ਰਸਤ ਹੋਏ ਭਗਤੀਹੀਨ ਲੋਕਾਂ ਦੇ ਬੇਅਰਥ ਹੀ ਕੀਮਤੀ ਜਨਮ ਗੁਜ਼ਰ ਜਾਣ ਦੇ ਭਾਵ ਨੂੰ ਪ੍ਰਗਟਾਉਣ ਲਈ ਜੰਗਲ ਵਿਚ ਖਿੜੇ ਫੁੱਲਾਂ ਦਾ ਦ੍ਰਿਸ਼ਟਾਂਤ ਵਰਤਦੇ ਹਨ ਜਿਨ੍ਹਾਂ ਫੁੱਲਾਂ ਦੀ ਸੁਗੰਧੀ ਕੋਈ ਨਹੀਂ ਲੈਂਦਾ ਅਤੇ ਉਹ ਉਜਾੜ ਵਿਚ ਖਿੜਕੇ ਮੁਰਝਾ ਜਾਂਦੇ ਹਨ :

ਜਿਉ ਉਦਿਆਨ ਕੁਸਮ ਪਰਫੁਲਿਤ ਕਿਨਹਿ ਨ ਘ੍ਰਾਉ ਲਇਓ॥
ਤੈਸੇ ਭ੍ਰਮਤ ਅਨੇਕ ਜੋਨਿ ਮਹਿ ਫਿਰਿ ਫਿਰਿ ਕਾਲ ਹਇਓ॥੨॥

(ਗਉੜੀ, ਕਬੀਰ, ਪੰਨਾ-336)

ਸਾਕਤ ਪੁਰਸ਼ ਦੇ ਕੁਕਰਮਾਂ ਨੂੰ ਲਸਣ ਦੀ ਖਾਣ ਦੀ ਸੰਗਿਆ ਦਿੱਤੀ ਗਈ ਹੈ। ਜਿਵੇਂ ਲਸਣ ਭਾਵੇਂ ਕੋਨੇ ਵਿਚ ਬੈਠ ਕੇ ਖਾ ਲਈਏ ਪਰ ਉਸਦੀ ਦੁਰਗੰਧ ਸਾਰੇ ਪ੍ਰਗਟ ਹੋ ਜਾਂਦੀ ਹੈ। ਇਸੇ ਤਰ੍ਹਾਂ ਸਾਕਤ ਪੁਰਸ਼ ਦੁਆਰਾ ਕੀਤੇ ਕਰਮ ਹਨ। ਇਸ ਦ੍ਰਿਸ਼ਟਾਂਤ ਰਾਹੀਂ ਗੰਧ ਬਿੰਬ ਨੂੰ ਸਪੱਸ਼ਟ ਹੀ ਸੁੰਘਣ ਇੰਦ੍ਰੀ ਦਾ ਵਿਸ਼ਾ ਬਣਾਇਆ ਗਿਆ ਹੈ :

ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ॥
ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨਿ॥੧੭॥

(ਸਲੋਕ, ਕਬੀਰ, ਪੰਨਾ-1365)

ਹਰੀ-ਭਗਤ ਨੂੰ ਛੱਡ ਕੁਸੰਗਤੀ ਤੇ ਵਿਕਾਰੀ ਮਨ ਦੀ ਦੌੜ ਨੂੰ ਚੰਦਨ ਖੁਸ਼ਬੋ ਨੂੰ ਛੱਡ ਕੇ ਮੱਖੀ ਦੇ ਦੁਰਗੰਧ ਪਿੱਛੇ ਦੌੜਨ ਦੇ ਦ੍ਰਿਸ਼ਟਾਂਤ ਰਾਹੀਂ ਗੰਧ ਬਿੰਬ ਨੂੰ ਉਭਾਰਿਆ ਗਿਆ ਹੈ :

ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ॥
ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ॥੯੮॥

(ਸਲੋਕ, ਕਬੀਰ, ਪੰਨਾ-1368)

ਜਪ, ਤਪ ਆਦਿ ਫੋਕਟ ਕਰਮਾਂ ਦੇ ਹੰਕਾਰ ਨੂੰ ਹਿੰਗ ਦੀ ਬਦਬੂ ਨਾਲ ਅਤੇ ਹਰੀ ਨਾਮ ਨੂੰ ਕਸਤੂਰੀ ਸੁਗੰਧ ਦੀ ਸੰਗਿਆ ਦੇ ਕੇ ਗੰਧ ਬਿੰਬ ਨੂੰ ਸਿਰਜਿਆ ਗਿਆ ਹੈ :

ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ॥
ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ॥੩੩॥

(ਸਲੋਕ, ਸ਼ੇਖ ਫ਼ਰੀਦ, ਪੰਨਾ-1379)

**ਸਵਾਦ ਬਿੰਬ :** ਸਵਾਦ ਬਿੰਬ ਦਾ ਸਬੰਧ ਜੀਭ ਨਾਲ ਹੈ। ਇਸ ਦੁਆਰਾ ਖੱਟੇ, ਮਿੱਠੇ, ਕੌੜੇ ਆਦਿ ਸਵਾਦਾਂ ਦਾ ਅਨੁਭਵ ਹੁੰਦਾ ਹੈ। "ਇਸ ਇੰਦ੍ਰੀਬੋਧ ਦਾ ਸਤਰ ਦੂਜਿਆਂ ਨਾਲੋਂ ਸਥੂਲ ਹੈ। ਇਸ ਲਈ ਸਾਹਿਤ ਵਿਚ ਸਵਾਦ ਸੰਵੇਦਨਾ ਦੀ ਕਲਾਤਮਕ ਅਭਿਵਿਅਕਤੀ ਘੱਟ ਪਾਈ ਜਾਂਦੀ ਹੈ ਪਰ ਦ੍ਰਿਸ਼ ਨੂੰ ਸਵਾਦ ਦੇ ਸਤਰ 'ਤੇ ਅਨੁਭਵ ਕਰਨਾ ਤੇ ਕਰਾਉਣਾ ਕਲਪਨਾ ਅਭਿਆਸ ਦਾ ਸਭ ਤੋਂ ਕਠਿਨ ਕਾਰਜ ਹੈ।"[132]

ਭਗਤ ਬਾਣੀਕਾਰਾਂ ਨੇ ਹਰੀ-ਨਾਮ ਤੇ ਹਰੀ-ਮਿਲਾਪ ਦੁਆਰਾ ਉਪਜੇ ਸਵਾਦ ਨੂੰ ਅੰਮ੍ਰਿਤ, ਮਹਾਂਰਸ, ਗੂੰਗੇ ਦੀ ਮਠਿਆਈ ਆਦਿ ਸਵਾਦ ਬਿੰਬਾਂ ਦੁਆਰਾ ਵਿਅਕਤ ਕਰਨ ਦੇ ਯਤਨ ਕੀਤੇ :

ੳ) ਅਲਾਉਤੀ ਕਾ ਜੈਸੇ ਭਇਆ ਬਰੇਡਾ ਜਿਨਿ ਪੀਆ ਤਿਨਿ ਜਾਨਿਆ॥੨॥...

(ਗਉੜੀ, ਕਬੀਰ, ਪੰਨਾ-333)

ਅ) ਪ੍ਰੇਮ ਸੁਧਾ ਰਸੁ ਪੀਵੈ ਕੋਈ॥

(ਗਉੜੀ, ਕਬੀਰ, ਪੰਨਾ-343)

ੲ) ਹਰਿ ਗੁਨ ਕਹਤੇ ਕਹਨੁ ਨ ਜਾਈ॥
ਜੈਸੇ ਗੂੰਗੇ ਕੀ ਮਿਠਿਆਈ॥ (ਸੋਰਠਿ, ਭੀਖਨ, ਪੰਨਾ-659)

ਮਾਇਕ ਦੁਨੀਆਵੀਂ ਰਸਾਂ ਨੂੰ ਬਿਖ (ਜ਼ਹਿਰ) ਅਤੇ ਸਾਕਤ, ਮੂਰਖ ਪੁਰਸ਼ ਦੇ ਨਾ ਬਦਲਣ ਵਾਲੇ ਸੁਭਾਅ ਨੂੰ ਪ੍ਰਗਟਾਉਣ ਲਈ ਨਿੰਮ ਦੀ ਕੁੜੱਤਣ' ਤੇ 'ਲਉਕੀ ਦੀ ਕੁੜੱਤਣ' ਦੁਆਰਾ ਜੀਭ ਦੇ ਕੌੜੇ ਸਵਾਦ ਨੂੰ ਵਿਅਕਤ ਕੀਤਾ ਗਿਆ ਹੈ :

ੳ) ਬਾਲ ਬਿਨੋਦ ਚਿੰਦ ਰਸ ਲਾਗਾ ਖਿਨੁ ਖਿਨੁ ਮੋਹਿ ਬਿਆਪੈ॥

ਰਸੁ ਮਿਸੁ ਮੇਧੁ ਅੰਮ੍ਰਿਤੁ ਬਿਖੁ ਚਾਖੀ ਤਉ ਪੰਚ ਪ੍ਰਗਟ ਸੰਤਾਪੈ॥

(ਸਿਰੀਰਾਗ, ਬੇਣੀ, ਪੰਨਾ-93)

ਅ) ਅੰਮ੍ਰਿਤੁ ਲੈ ਲੈ ਨੀਮੁ ਸਿੰਚਾਈ॥

ਕਹਤ ਕਬੀਰ ਉਆ ਕੋ ਸਹਜੁ ਨ ਜਾਈ॥੫॥੭॥੨੦॥

(ਆਸਾ, ਕਬੀਰ, ਪੰਨਾ-481)

ੲ) ਲਉਕੀ ਅਠਸਠਿ ਤੀਰਥ ਨ੍ਹਾਈ॥

ਕਉਰਾਪਨ ਤਊ ਨ ਜਾਈ॥੨॥ (ਸੋਰਠਿ, ਕਬੀਰ, ਪੰਨਾ-656)

ਜੀਵਾਂ ਦਾ ਮਾਸ ਰਿੰਨ ਕੇ ਖਾਣ ਨਾਲੋਂ ਚੌਲ, ਦਾਲ ਆਦਿ ਦੀ ਰਿੰਨੀ ਖਿਚੜੀ ਨੂੰ ਚੰਗਾ ਆਖਿਆ ਗਿਆ ਹੈ ਜਿਸ ਵਿਚ ਸੁਆਦਲਾ ਲੂਣ ਹੋਣ ਕਾਰਨ ਸਵਾਦ ਬਿੰਬ ਦਾ ਆਭਾਸ ਹੁੰਦਾ ਹੈ :

ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ॥

ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ॥੧੮੮॥

(ਸਲੋਕ, ਕਬੀਰ, ਪੰਨਾ-1374)

ਉਮਰ ਅਨੁਸਾਰ ਜੀਭ ਦੇ ਸਵਾਦ ਦਾ ਸ਼ਕਰ ਤੋਂ ਜ਼ਹਰਿ ਵਾਂਗ ਕੌੜੇ ਹੋ ਜਾਣ ਦੇ ਵਿਚਾਰ ਨੂੰ ਵੀ ਸਵਾਦ ਬਿੰਬ ਰਾਹੀਂ ਪ੍ਰਗਟਾਇਆ ਗਿਆ ਹੈ:

ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ॥

ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ॥੧੦॥

(ਸਲੋਕ, ਸ਼ੇਖ ਫ਼ਰੀਦ, ਪੰਨਾ-1378)

**ਸਪਰਸ਼ ਬਿੰਬ :** ਸਪਰਸ਼ ਬਿੰਬਾਂ ਦੀ ਸਿਰਜਨਾ ਚਮੜੀ ਦੇ ਸਪਰਸ਼ ਤੋਂ ਤਪਸ਼, ਨਿੱਘ, ਠੰਡ, ਤਲਖ਼ੀ, ਕੰਬਣੀ, ਲੂੰ ਕੰਡੇ ਖੜੇ ਹੋਣਾ ਆਦਿ ਦੇ ਭਾਵ ਜਾਗ੍ਰਿਤ ਕਰਨ ਲਈ ਹੁੰਦੀ ਹੈ। ਇਸ ਦਾ ਇੰਦਰਿਆਵੀ ਬੋਧ ਸਭ ਤੋਂ ਵਧੇਰੇ ਪ੍ਰਤੱਖ ਅਤੇ ਸਥੂਲ ਹੁੰਦਾ ਹੈ। ਰਹੱਸਵਾਦੀ ਰਚਨਾਕਾਰਾਂ ਦਾ ਮਨੋਰਥ ਪ੍ਰੇਮ ਦੀ ਆਤਮਕ ਅਨੁਭੂਤੀ ਨੂੰ ਵਿਅਕਤ ਕਰਕੇ ਆਤਮਕ ਅਨੁਭਵ ਕਰਾਉਣਾ ਹੀ ਰਿਹਾ ਹੈ। ਇਸ ਲਈ ਬਾਣੀ ਵਿਚ ਮਾਨਵੀ ਸਪਰਸ਼ ਦੀ ਅਨੁਭੂਤੀ ਦੇ ਬਿੰਬਾਂ ਦੀ ਸਿਰਜਨਾ ਬਹੁਤ ਸੰਕੋਚਮਈ ਹੋਈ ਹੈ।

ਭਗਤ ਬਾਣੀ ਵਿਚ ਸਪਰਸ਼ ਬਿੰਬ ਦੀ ਸਿਰਜਨਾ ਪ੍ਰਭੂ-ਪ੍ਰੇਮ, ਪ੍ਰਭੂ-ਮਿਲਾਪ ਤੋਂ ਉਪਜੇ ਆਤਮ ਅਨੰਦ ਅਤੇ ਪ੍ਰਭੂ-ਵਿਛੋੜੇ ਦੀ ਤੜਫ਼ ਦੇ ਭਾਵਾਂ ਨੂੰ ਵਿਅਕਤ ਕਰਨ ਲਈ ਵਧੇਰੇ ਕੀਤੀ ਗਈ ਹੈ।ਜਿਵੇਂ ਮੋਹ-ਮਾਇਆ ਵਿਚ ਪਏ ਜੀਵਾਂ ਵਿਚੋਂ ਕੋਈ ਵਿਰਲਾ ਸੰਤ ਸੱਜਣ ਹੀ ਆਪਣੇ ਪਿਆਰੇ ਪ੍ਰਭੂ (ਬੀਠਲ) ਨੂੰ ਗਲ ਵਿਚ ਬਾਹਾਂ ਪਾ ਕੇ ਮਿਲਣ ਲਈ ਬੇਨਤੀ ਕਰਦਾ ਹੈ :

ਕੋਈ ਕੋਈ ਸਾਜਣੁ ਆਇ ਕਹੈ॥ ਮਿਲੁ ਮੇਰੇ ਬੀਠੁਲਾ ਲੈ ਬਾਹੜੀ ਵਲਾਇ॥

(ਸਿਰੀਰਾਗ, ਤ੍ਰਿਲੋਚਨ, ਪੰਨਾ-92)

ਤ੍ਰਿਸ਼ਨਾ ਨੂੰ ਅੱਗ ਅਤੇ ਰਾਮ-ਨਾਮ ਨੂੰ ਪਾਣੀ ਆਖਕੇ ਗਰਮ ਤੇ ਠੰਡੇ ਦੇ ਅਨੁਭਵ ਰਾਹੀਂ ਸਪਰਸ਼ ਬਿੰਬ ਦਾ ਬੋਧ ਹੁੰਦਾ ਹੈ:

ਅਬ ਮੋਹਿ ਜਲਤ ਰਾਮ ਜਲੁ ਪਾਇਆ॥

ਰਾਮ ਉਦਕਿ ਤਨੁ ਜਲਤੁ ਬੁਝਾਇਆ॥੧॥ਰਹਾਉ॥ (ਗਉੜੀ, ਕਬੀਰ, ਪੰਨਾ-323)

ਪ੍ਰਭੂ ਦੀ ਬੇਅੰਤਤਾ ਨੂੰ ਜਾਨਣ ਵਾਲਿਆਂ ਦੇ ਪੈਰ ਚੁੰਮਣ ਦੇ ਭਾਵ ਰਾਹੀਂ ਸਪਰਸ਼ ਬਿੰਬ ਨੂੰ ਇਸ ਤਰ੍ਹਾਂ ਵਿਅਕਤ ਕੀਤਾ ਗਿਆ ਹੈ :

ਪਰਵਦਗਾਰ ਅਪਾਰ ਅਗਮ ਬੇਅੰਤ ਤੂੰ॥

ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ॥੩॥

(ਆਸਾ, ਸ਼ੇਖ ਫ਼ਰੀਦ, ਪੰਨਾ-488)

ਬੁਢਾਪੇ ਦੀ ਹਾਲਤ ਵਿਚ ਕਈ ਤਰ੍ਹਾਂ ਦੇ ਸਰੀਰਕ ਰੋਗਾਂ ਦੇ ਉੱਠ ਖੜੇ ਹੋਣ ਦੀ ਹਾਲਤ ਨੂੰ ਪ੍ਰਗਟਾਉਣ ਲਈ ਸਿਰ ਵਿਚ ਦਰਦ, ਸਰੀਰ ਵਿਚ ਜਲਣ ਤੇ ਕਲੇਜੇ ਵਿਚ ਪੀੜ ਆਦਿ ਦੁਆਰਾ ਸਪਰਸ਼ ਬਿੰਬ ਦਾ ਆਭਾਸ ਹੁੰਦਾ ਹੈ :

ਮਾਥੇ ਪੀਰ ਸਰੀਰਿ ਜਲਨਿ ਹੈ ਕਰਕ ਕਰੇਜੇ ਮਾਹੀ॥

ਐਸੀ ਬੇਦਨ ਉਪਜਿ ਖਰੀ ਭਈ ਵਾ ਕਾ ਅਉਖਧੁ ਨਾਹੀ॥੨॥

ਹਰਿ ਕਾ ਨਾਮੁ ਅੰਮ੍ਰਿਤੁ ਜਲੁ ਨਿਰਮਲੁ ਇਹੁ ਅਉਖਧੁ ਜਗਿ ਸਾਰਾ॥

(ਸੋਰਠਿ, ਭੀਖਣ, ਪੰਨਾ-659)

ਸਾਕਤ ਦੀ ਸੰਗਤ ਕਰਨ ਨੂੰ ਕਾਲੇ ਭਾਂਡੇ ਦੀ ਕਾਲਸ਼ ਦੱਸਿਆ ਗਿਆ ਹੈ ਜਿਸ ਤੋਂ ਲੱਖ ਬਚਣ 'ਤੇ ਵੀ ਕੁੱਛ ਨਾ ਕੁੱਛ ਕਾਲਸ਼ ਲੱਗਣ ਦੇ ਵਿਚਾਰ ਨੂੰ ਸਪਰਸ਼ ਬਿੰਬ ਦੁਆਰਾ ਪ੍ਰਗਟਾਇਆ ਗਿਆ ਹੈ :

ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥

ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥੧੩੧॥

(ਸਲੋਕ, ਕਬੀਰ, ਪੰਨਾ-1371)

ਹਰੀ ਦਾ ਭਗਤ ਹੋਣ ਲਈ ਹਰੀ ਵਰਗੇ ਗੁਣਾਂ ਦਾ ਧਾਰਨੀ ਹੋਣਾ ਪੈਂਦਾ ਹੈ। ਜਦੋਂ ਕਿ ਰਾਹ ਦਾ ਰੋੜਾ (ਪੈਰਾਂ ਵਿਚ ਵੱਜਦਾ ਹੈ), ਮਿੱਟੀ (ਅੰਗਾਂ ਨੂੰ ਮੈਲਾ ਕਰਦੀ ਹੈ), ਪਾਣੀ (ਗਰਮ, ਠੰਡਾ ਲੱਗਦਾ ਹੈ)। ਨਿਮਰਤਾ ਦੇ ਗੁਣ ਲਈ ਇਨ੍ਹਾਂ ਵਰਗਾ ਹੋਣਾ ਕਾਫ਼ੀ ਨਹੀਂ। ਸੋ ਇਸ ਵਿਚਾਰ ਦੁਆਰਾ ਰੋੜੇ, ਮਿੱਟੀ ਤੇ ਪਾਣੀ ਦੇ ਸਪਰਸ਼ ਤੋਂ ਮਿਲਦੇ ਦੁਖ, ਪੀੜਾ ਦੇ ਅਹਿਸਾਸ ਦਾ ਆਭਾਸ ਹੁੰਦਾ ਹੈ :

ਕਬੀਰ ਰੋੜਾ ਹੂਆ ਤ ਕਿਆ ਭਇਆ ਪੰਥੀ ਕਉ ਦੁਖੁ ਦੇਇ॥...॥੧੪੭॥

ਕਬੀਰ ਖੇਹ ਹੂਈ ਤਉ ਕਿਆ ਭਇਆ ਜਉ ਉਡਿ ਲਾਗੈ ਅੰਗ॥...॥੧੪੮॥

ਕਬੀਰ ਪਾਨੀ ਹੂਆ ਤ ਕਿਆ ਭਇਆ ਸੀਰਾ ਤਾਤਾ ਹੋਇ॥

ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ॥੧੪੯॥

(ਸਲੋਕ, ਕਬੀਰ, ਪੰਨਾ-1372)

ਫ਼ਰੀਦ ਜੀ ਨਿਮਰਤਾ ਦੇ ਗੁਣ ਧਾਰਨ ਕਰਨ ਲਈ ਮੁੱਕੀਆਂ ਮਾਰਨ ਵਾਲੇ ਦੇ ਵੀ ਪੈਰ ਚੁੰਮਣ ਦੇ ਭਾਵ ਨੂੰ ਵਿਅਕਤ ਕਰਨ ਲਈ ਸਪਰਸ਼ ਬਿੰਬ ਨੂੰ ਚਿਤਰਦੇ ਹਨ :

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਾ ਨ ਮਾਰੇ ਘੁੰਮਿ॥

ਆਪਨੜੈ ਘਰਿ ਜਾਈਐ ਪੈਰ ਤਿਨ੍ਾ ਦੇ ਚੁੰਮਿ॥੭॥

(ਸਲੋਕ, ਸ਼ੇਖ ਫ਼ਰੀਦ, ਪੰਨਾ-1378)

ਪ੍ਰਭੂ ਪ੍ਰੀਤਮ ਦੇ ਮਿਲਾਪ ਲਈ ਤਨ ਨੂੰ ਤਪਾਉਣ, ਹੱਡਾਂ ਨੂੰ ਲੱਕੜ ਵਾਂਗ ਜਾਲਣ, ਪੈਰਾਂ ਨਾਲ ਤੁਰਕੇ ਥੱਕਣ ’ਤੇ ਸਿਰ ਭਾਰ ਹੋਕੇ ਤੁਰਨ ਦੁਆਰਾ ਪ੍ਰਭੂ-ਪ੍ਰਤੀਮ ਲਈ ਅਥਾਹ ਪ੍ਰੇਮ ਦੇ ਇਜ਼ਹਾਰ ਦੁਆਰਾ ਸਪਰਸ਼ ਬਿੰਬ ਦੇ ਭਾਵ ਨੂੰ ਪ੍ਰਗਟਾਉਂਦੇ ਹਨ:

ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨ੍ਹਿ॥

ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨ੍ਹਿ॥੧੧੯॥

(ਸਲੋਕ, ਸ਼ੇਖ ਫ਼ਰੀਦ, ਪੰਨਾ-1384)

ਪ੍ਰਭੂ-ਮਿਲਾਪ ਦੀ ਤਾਂਘ ਵਿਚ ਬਿਰਹਾ ਤੇ ਵਿਆਕੁਲਤਾ ਦੀ ਦਸ਼ਾ ਵਿਚ ਸਰੀਰ ਦੀ ਹਾਲਤ ਨੂੰ ਸਪਰਸ ਬਿੰਬ ਰਾਹੀਂ ਦਰਸਾਇਆ ਹੈ :

ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ॥

ਬਾਵਲਿ ਹੋਈ ਸੋ ਸਹੁ ਲੋਰਉ॥ (ਸੂਹੀ, ਸ਼ੇਖ ਫ਼ਰੀਦ, ਪੰਨਾ-794)

## ਭਾਸ਼ਾ ਦਾ ਸਭਿਆਚਾਰਕ ਅਧਿਐਨ

ਭਾਸ਼ਾ ਮਨੁੱਖੀ-ਸਮਾਜ ਨੂੰ ਪਸ਼ੂ-ਸਮਾਜ ਨਾਲੋਂ ਨਿਖੇੜਨ ਦਾ ਵਿਸ਼ੇਸ਼ ਲੱਛਣ ਹੋਣ ਦੇ ਨਾਲ-ਨਾਲ ਮਨੁੱਖ ਦੇ ਸੂਖ਼ਮ ਅਨੁਭਵਾਂ, ਵਿਚਾਰਾਂ ਤੇ ਸੰਚਾਰ ਦਾ ਸ਼ਕਤੀਸ਼ਾਲੀ ਮਾਧਿਅਮ ਹੈ। ਭਾਸ਼ਾ ਹੀ ਮਨੁੱਖੀ ਸਮਾਜ ਅਤੇ ਸਭਿਆਚਾਰ ਦੇ ਇਤਿਹਾਸ ਨੂੰ ਪੀੜ੍ਹੀ ਦਰ ਪੀੜ੍ਹੀ ਅੱਗੇ ਪਹੁੰਚਾਉਣ ਦਾ ਪ੍ਰਮੁੱਖ ਵਸੀਲਾ ਹੈ। ਅਸਲ ਵਿਚ ਭਾਸ਼ਾ ਨੂੰ ਹੀ ਵਿਸ਼ੇਸ਼ ਸਮਾਜ ਦੇ ਸਾਹਿਤ ਅਤੇ ਸਭਿਆਚਾਰ ਦੀ ਸਿਰਜਕ ਮੰਨਿਆ ਜਾਂਦਾ ਹੈ ਜੋ ਮੌਖਿਕ ਭਾਸ਼ਾ-ਰੂਪ ਭੇਦਾਂ ਤੋਂ ਲੈ ਕੇ ਲਿਖਤੀ ਭਾਸ਼ਾ-ਰੂਪ ਭੇਦਾਂ ਤੱਕ ਵਿਭਿੰਨ ਸਭਿਆਚਾਰਾਂ ਦੇ ਵਿਕਸਤ ਹੋਣ ਵਿਚ ਆਪਣੀ ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ। ਭਾਸ਼ਾ ਦੀ

ਸੁਚੱਜੀ ਵਰਤੋਂ ਦੁਆਰਾ ਹੀ ਸਾਹਿਤਕਾਰ ਲੋਕ-ਜੀਵਨ ਦੇ ਸਕਾਰਾਤਮਕ ਤੇ ਨਕਾਰਾਤਮਕ ਪੱਖਾਂ ਨੂੰ ਕਲਾਤਮਕ ਢੰਗ ਦੁਆਰਾ ਲੋਕ-ਮਨਾਂ ਤੱਕ ਪਹੁੰਚਾਉਂਦਾ ਹੈ। ਇਸੇ ਕਲਾਤਮਕਤਾ ਸਦਕਾ ਹੀ ਸਾਹਿਤਕਾਰ ਦੀ ਭਾਸ਼ਾ ਨੂੰ ਲੋਕ-ਭਾਸ਼ਾ ਦੀ ਥਾਂ ਕਾਵਿ-ਭਾਸ਼ਾ ਦੀ ਕੋਟੀ ਵਿਚ ਰੱਖਿਆ ਜਾਂਦਾ ਹੈ। ਸਾਹਿਤਕਾਰ ਦੁਆਰਾ ਕੀਤੀ ਭਾਸ਼ਾ ਦੀ ਸੁਚੱਜੀ ਵਰਤੋਂ ਹੀ ਉਸਦੇ ਆਪਣੇ ਵਿਅਕਤਿਤਵ ਅਤੇ ਸਮਾਜ, ਸਭਿਆਚਾਰ ਨੂੰ ਪ੍ਰਤਿਬਿੰਬਤ ਕਰਕੇ ਉਸਾਰੂ ਸਮਾਜਕ, ਸਭਿਆਚਾਰਕ ਕੀਮਤਾਂ ਦੇ ਸੰਚਾਰ ਵਿਚ ਸਹਾਇਕ ਹੁੰਦੀ ਹੈ। ਇਸਦੀ ਲੋਅ ਵਿਚ ਹੀ ਪੰਜਾਬੀ ਭਾਸ਼ਾ ਅਤੇ ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਦੇ ਨਿਕਾਸ ਅਤੇ ਵਿਕਾਸ ਨੂੰ ਦੇਖਿਆ ਜਾ ਸਕਦਾ ਹੈ।

ਪੰਜਾਬੀ ਭਾਸ਼ਾ ਦੇ ਨਿਕਾਸ ਦਾ ਲੰਮਾ ਇਤਿਹਾਸ ਹੈ। ਆਰੰਭਿਕ ਕਾਲ ਤੋਂ ਲੈ ਕੇ ਹੁਣ ਤੱਕ ਪੰਜਾਬੀ ਦੇ ਕਈ ਰੂਪ ਬਦਲੇ ਹਨ। ਉੱਤਰੀ ਭਾਰਤ ਦੀਆਂ ਹੋਰ ਭਾਸ਼ਾਵਾਂ ਵਾਂਗ ਪੰਜਾਬੀ ਭਾਸ਼ਾ ਵੀ ਅਪਭ੍ਰੰਸ਼ ਕਾਲ ਤੋਂ ਹੀ ਆਪਣੇ ਵੱਖਰੇ ਰੂਪ ਵਿਚ ਹੋਂਦ ਗ੍ਰਹਿਣ ਕਰਦੀ ਹੈ। ਭਾਰਤੀ ਭਾਸ਼ਾਵਾਂ ਦੀ ਮੂਲ ਜੜ੍ਹ ਸੰਸਕ੍ਰਿਤ ਭਾਸ਼ਾ ਹੈ। ਭਾਈ ਵੀਰ ਸਿੰਘ ਅਨੁਸਾਰ "ਸੰਸਕ੍ਰਿਤ ਤੋਂ ਭਾਵ ਹੈ ਵੈਦਿਕ ਸੰਸਕ੍ਰਿਤ, ਮਿਡਲ ਸੰਸਕ੍ਰਿਤ ਅਤੇ ਕਲਾਸੀਕਲ ਸੰਸਕ੍ਰਿਤ। ਬੁੱਧ ਜੀ ਦੇ ਸਮੇਂ ਪਾਲੀ ਵਰਨੈਕੂਲਰ (ਬੋਲ ਚਾਲ ਦੀ ਭਾਸ਼ਾ) ਸੀ, ਗੁਪਤਾਂ ਦੇ ਰਾਜਕਾਲ ਵਿਚ ਅਸ਼ੋਕ ਭਾਸ਼ਾ, ਗੁਪਤੇ ਰਾਜ-ਕਾਲ ਤੋਂ ਉਪਰਾਂਤ ਪ੍ਰਾਕ੍ਰਿਤ, ਅਤੇ ਪ੍ਰਾਕ੍ਰਿਤ ਤੋਂ ਬਾਅਦ ਅਪਭ੍ਰੰਸ਼ ਅਤੇ ਅਪਭ੍ਰੰਸ਼ ਤੋਂ ਮਗਰੋਂ ਉਹ ਭਾਸ਼ਾ ਜੋ ਵਿਸ਼ੇਸ਼ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਹੈ।"[133]

ਸੋ ਪੰਜਾਬੀ ਭਾਸ਼ਾ ਦੇ ਨਿਕਾਸ ਤੇ ਵਿਕਾਸ ਨੂੰ ਉਲੀਕਦੇ ਹੋਏ ਵਿਦਵਾਨਾਂ ਵੱਲੋਂ ਪੰਜਾਬੀ ਭਾਸ਼ਾ ਦੇ ਵਿਕਾਸ-ਕ੍ਰਮ ਨੂੰ ਪਾਲੀ, ਪ੍ਰਾਕ੍ਰਿਤ ਤੇ ਅਪਭ੍ਰੰਸ਼ ਆਦਿ ਭਾਸ਼ਾ-ਪੜਾਵਾਂ ਵਿਚੋਂ ਗੁਜ਼ਰਦੇ ਦੱਸਿਆ ਹੈ। "ਸ਼ੁਰੂ ਵਿਚ ਸੰਸਕ੍ਰਿਤ ਦੇ ਵਿਗੜੇ ਹੋਏ ਸ਼ਬਦਾਂ ਲਈ 'ਅਪਭ੍ਰੰਸ਼' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਸੀ ਪਰ ਬਾਦ ਵਿਚ ਇਹ ਸ਼ਬਦ ਉਸ ਭਾਸ਼ਾ ਲਈ ਵਰਤਿਆ ਜਾਣ ਲਗਿਆ ਜੋ ਵਿਦਵਾਨਾਂ ਅਨੁਸਾਰ ਸਥਾਪਿਤ ਭਾਸ਼ਾ ਤੋਂ ਵਿਗੜੀ ਹੋਈ ਜਾਂ ਭ੍ਰਸ਼ਟੀ ਹੋਈ ਸੀ। ਜਦੋਂ ਪ੍ਰਾਕ੍ਰਿਤਾਂ ਸਾਹਿਤਕ ਸਿੰਘਾਸਨ ਮੱਲ ਬੈਠੀਆਂ ਅਤੇ ਲੋਕਾਂ ਦੀ ਜੀਭ ਤੋਂ ਹਟ ਗਈਆਂ ਤਾਂ ਸਾਧਾਰਣ ਜਨਤਾ ਨੇ ਆਪਣੇ ਨਿੱਤ ਦੇ ਕੰਮਾਂ-ਕਾਜਾਂ ਅਤੇ ਕਾਰ-ਵਿਹਾਰ ਲਈ ਜਿਨ੍ਹਾਂ ਨਵੀਆਂ ਬੋਲੀਆਂ ਨੂੰ ਵਿਕਸਿਤ ਕੀਤਾ, ਉਹੀ ਅਪਭ੍ਰੰਸ਼ ਅਖਵਾਈਆਂ।"[134] ਅਪਭ੍ਰੰਸ਼ ਭਾਸ਼ਾਵਾਂ ਦਾ ਸਮਾਂ 500 ਈ. ਤੋਂ 12ਵੀਂ 13ਵੀਂ ਈ. ਸਦੀ ਤੱਕ ਦਾ ਮੰਨਿਆ ਜਾਂਦਾ ਹੈ। ਭਾਈ ਵੀਰ ਸਿੰਘ ਇਨ੍ਹਾਂ ਅਪਭ੍ਰੰਸ਼ ਭਾਸ਼ਾਵਾਂ ਦੇ ਚਾਰ ਵਰਗ (1) ਸ਼ੌਰਸੈਨੀ ਅਪਭ੍ਰੰਸ਼ (2) ਮਾਗਧੀ ਅਪਭ੍ਰੰਸ਼ (3) ਅਰਧ ਮਾਗਧੀ (ਮਹਰਾਸ਼ਟਰੀ) ਅਪਭ੍ਰੰਸ਼ ਅਤੇ ਉੱਤਰ-ਪੱਛਮੀ ਅਪਭ੍ਰੰਸ਼ ਵਿਚ ਵੰਡਕੇ ਅੱਗੋਂ ਇਨ੍ਹਾਂ ਵਰਗਾਂ ਦੀਆਂ ਕਈ ਹੋਰ ਉਪ-ਅਪਭ੍ਰੰਸ਼

ਭਾਸ਼ਾਵਾਂ ਗਿਣਾਉਂਦੇ ਹਨ ਜਿਨ੍ਹਾਂ ਵਿਚੋਂ ਪੂਰਬੀ ਪੰਜਾਬੀ ਦਾ ਮੂਲ ਸੋਮਾ 'ਸ਼ੌਰਸ਼ੈਨੀ' ਅਪਭ੍ਰੰਸ਼ ਨੂੰ ਅਤੇ ਪੱਛਮੀ ਜਾਂ ਲਹਿੰਦੀ ਪੰਜਾਬੀ ਤੇ ਸਿੰਧੀ ਦਾ ਮੂਲ ਸੋਮਾ ਉੱਤਰ-ਪੱਛਮੀ ਅਪਭ੍ਰੰਸ਼ ਨੂੰ ਮੰਨਿਆ ਹੈ।"[135]

ਇਸ ਤਰ੍ਹਾਂ ਇਸ ਮੂਲ ਅਪਭ੍ਰੰਸ਼ ਭਾਸ਼ਾ-ਵਰਗ ਵਿਚੋਂ ਪੈਦਾ ਹੋਈਆਂ ਵੱਖੋ-ਵੱਖ ਇਲਾਕਿਆਂ ਦੀਆਂ ਅਪਭ੍ਰੰਸ਼ ਭਾਸ਼ਾਵਾਂ ਦੀਆਂ ਸ਼ਾਖਾਵਾਂ ਨੇ ਸਬੰਧਿਤ ਇਲਾਕਿਆਂ ਦੀਆਂ ਖੇਤਰੀ ਭਾਸ਼ਾਵਾਂ ਨੂੰ ਜਨਮ ਦਿੱਤਾ ਜਿਨ੍ਹਾਂ ਭਾਸ਼ਾਵਾਂ ਦੀ ਰੰਗਤ ਨੂੰ ਮੱਧਕਾਲ ਵਿਚ ਰਚਿਤ ਗੁਰੂ ਗ੍ਰੰਥ ਸਾਹਿਬ ਸਾਹਿਬ ਦੀਆਂ ਰਚਨਾਵਾਂ ਵਿਚੋਂ ਵੇਖਿਆ ਤੇ ਮਾਣਿਆ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਉਹ ਭਾਸ਼ਾ ਹੈ "ਜਿਸਨੂੰ ਕਿ ਵੱਖ-ਵੱਖ ਪ੍ਰਦੇਸ਼ਾਂ ਦੇ ਭਗਤੀ ਭਾਵ ਵਾਲੇ ਸਮਝ ਸਕਦੇ ਸਨ ਅਤੇ ਜੋ ਕਿ ਇਸ ਬਾਣੀ ਨੂੰ ਤੀਰਥਾਂ ਉੱਪਰ ਅਤੇ ਤਿਉਹਾਰਾਂ ਉੱਤੇ ਵੱਡੇ-ਵੱਡੇ ਇਕੱਠਾਂ ਉਪਰ ਗਾਉਂਦੇ ਅਤੇ ਸ੍ਰਵਣ ਕਰਦੇ ਸਨ। ਇਸ ਲਈ ਭਾਵੇਂ ਪਠਾਣਾਂ ਤੇ ਮੁਗਲਾਂ ਦੇ ਹਮਲੇ ਹੁੰਦੇ ਰਹੇ, ਤਦ ਵੀ ਹਿੰਦੁਸਤਾਨ ਵਿਚ ਭਗਤੀ ਭਾਵਨਾ ਵਾਲੇ ਮਹਾਂਪੁਰਸ਼ਾਂ ਤੇ ਸਤਿਗੁਰੂ ਸਾਹਿਬਾਨ ਦੀ ਇਕ ਵਖਰੀ ਆਮ ਪ੍ਰਚਲਤ ਭਾਸ਼ਾ ਉਤਪੰਨ ਹੋ ਗਈ ਸੀ।"[136]

ਸੋ ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਰਚਨਾ ਕਾਲ 11ਵੀਂ, 12ਵੀਂ ਸਦੀ ਤੋਂ 16ਵੀਂ 17ਵੀਂ ਸਦੀ ਤੱਕ ਫੈਲਿਆ ਹੋਇਆ ਹੈ ਉਥੇ ਇਸਦੇ ਰਚਨਾਕਾਰ ਵੀ ਭਾਰਤ ਦੇ ਵੱਖੋ-ਵੱਖਰੇ ਸਮੇਂ, ਸਥਾਨ ਦੇ ਮਹਾਂਪੁਰਸ਼ ਹੋਣ ਕਾਰਨ ਆਪੋ-ਆਪਣੀਆਂ ਖੇਤਰੀ ਭਾਸ਼ਾਵਾਂ ਦੀ ਤਦਭਵ ਸ਼ਬਦਾਵਲੀ ਅਤੇ ਤਤਸਮ ਸ਼ਬਦਾਵਲੀ ਦਾ ਪ੍ਰਯੋਗ ਕਰਦੇ ਹੋਏ ਇਕ ਸਾਂਝੀ ਭਾਸ਼ਾ 'ਸੰਤ ਭਾਸ਼ਾ' ਜਾਂ 'ਸਧੂਕੜੀ ਭਾਸ਼ਾ' ਦੇ ਮੁਹਾਂਦਰੇ ਨੂੰ ਚਮਕਾਉਂਦੇ, ਸੰਵਾਰਦੇ ਹਨ ਜੋ ਕਿ ਪੂਰੇ ਭਾਰਤ ਵਿਚ ਸਮਝੀ ਜਾਣ ਵਾਲੀ ਭਾਸ਼ਾ ਦੇ ਤੌਰ ਤੇ ਪ੍ਰਸਿੱਧ ਹੋਈ। ਡਾ. ਮਨਮੋਹਨ ਸਹਿਗਲ ਨੇ ਗੁਰੂ ਗ੍ਰੰਥ ਸਾਹਿਬ ਦੇ ਗੁਰੂਆਂ, ਸੰਤਾਂ, ਭਗਤਾਂ ਦੇ ਖੇਤਰਾਂ ਦੇ ਮੱਦੇਨਜ਼ਰ ਗੁਰੂਆਂ ਦੁਆਰਾ ਵਰਤੀ ਸੰਤ ਭਾਸ਼ਾ ਨੂੰ ਪੰਜਾਬੀ ਪ੍ਰਧਾਨ, ਹਿੰਦਵੀ ਪ੍ਰਧਾਨ, ਸੰਸਕ੍ਰਿਤ ਪ੍ਰਧਾਨ ਮੰਨਿਆ ਹੈ ਜਦੋਂ ਕਿ ਸੰਤ ਮਹਾਤਮਾਵਾਂ ਦੁਆਰਾ ਵਰਤੀ ਸੰਤ ਭਾਸ਼ਾ ਨੂੰ ਪੰਜਾਬੀ ਪ੍ਰਧਾਨ, ਅਪਭ੍ਰੰਸ਼ ਪ੍ਰਧਾਨ, ਮਰਾਠੀ ਪ੍ਰਧਾਨ, ਹਿੰਦੀ ਪ੍ਰਧਾਨ ਆਦਿ ਦੱਸਿਆ ਹੈ।"[137] ਪਰੰਤੂ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਬਾਣੀਕਾਰਾਂ ਦੀਆਂ ਰਚਨਾਵਾਂ ਨੂੰ ਸੰਸਕ੍ਰਿਤ, ਪੰਜਾਬੀ, ਬ੍ਰਜ, ਅਪਭ੍ਰੰਸ਼, ਫਾਰਸੀ ਆਦਿ ਭਾਸ਼ਾਵਾਂ ਦੇ ਪ੍ਰਭਾਵ ਤੋਂ ਮੁਕਤ ਨਹੀਂ ਮੰਨਿਆ ਜਾ ਸਕਦਾ , ਸਗੋਂ ਇਸ ਨੂੰ ਕਈ ਪ੍ਰਮੁੱਖ ਭਾਸ਼ਾਵਾਂ ਦੇ ਮਿੱਸੇਪਣ ਕਰਕੇ ਹੀ ਇਕ ਸਾਂਝੀ 'ਸੰਤ ਭਾਸ਼ਾ' ਦੀ ਕੋਟੀ ਵਿਚ ਰੱਖਿਆ ਜਾਂਦਾ ਹੈ।

ਸੋ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਆਪੋ-ਆਪਣੇ ਖੇਤਰਾਂ ਦੀ ਭਾਸ਼ਾ ਤੋਂ ਇਲਾਵਾ ਭਾਰਤ ਦੇ ਵੱਖ-ਵੱਖ ਪ੍ਰਦੇਸ਼ਾਂ ਦਾ ਭ੍ਰਮਣ ਕਰਦੇ ਹੋਏ ਸਬੰਧਿਤ ਇਲਾਕਈ ਭਾਸ਼ਾਵਾਂ ਦੀ ਸ਼ਬਦਾਵਲੀ ਨੂੰ ਗ੍ਰਹਿਣ ਕਰਨ ਦੇ ਨਾਲ-ਨਾਲ ਜਿੱਥੇ ਭਾਰਤੀ ਸਮਾਜ ਅਤੇ ਸਭਿਆਚਾਰ ਦੀ ਤਤਕਾਲੀ ਹਾਲਤ ਨੂੰ ਉਘਾੜਿਆ ਹੈ ਉਥੇ ਸਮਾਜ ਅਤੇ ਸਭਿਆਚਾਰ ਲਈ ਨਵੀਨ ਸਥਾਪਨਾਵਾਂ ਨੂੰ ਵੀ ਪੇਸ਼ ਕੀਤਾ ਹੈ। ਉਨ੍ਹਾਂ ਨੇ ਆਪਣੇ ਅਧਿਆਤਮਕ ਉਪਦੇਸ਼ਾਂ ਨੂੰ ਸਮੇਂ, ਸਥਾਨ ਤੇ ਲੋਕ-ਬੁੱਧੀ ਦੇ ਆਧਾਰ 'ਤੇ "ਲੋਕ-ਭਾਸ਼ਾ, ਸ਼ਾਸਤਰ-ਭਾਸ਼ਾ ਅਤੇ ਕਾਵਿ-ਭਾਸ਼ਾ"[138] ਪੱਧਰ 'ਤੇ ਰੱਖਕੇ ਸਫਲਤਾ ਸਹਿਤ ਪ੍ਰਗਟਾਉਣ ਦੇ ਯਤਨ ਕੀਤੇ ਹਨ। ਭਗਤ ਬਾਣੀਕਾਰ ਭਾਰਤ ਦੇ ਵੱਖ-ਵੱਖ ਖੇਤਰਾਂ ਪੰਜਾਬ, ਰਾਜਸਥਾਨ, ਬੰਗਾਲ, ਬਿਹਾਰ, ਮਹਾਰਾਸ਼ਟਰ, ਸਿੰਧ, ਉੱਤਰ ਪ੍ਰਦੇਸ ਆਦਿ ਪ੍ਰਾਤਾਂ ਦੇ ਰਹਿਣ ਵਾਲੇ ਸਨ ਪਰੰਤੂ ਇਸਦੇ ਨਾਲ ਉਹ ਭਾਰਤ ਦੇ ਹੋਰ ਪ੍ਰਦੇਸਾਂ, ਧਾਰਮਿਕ ਸਥਾਨਾਂ ਅਤੇ ਸਮਕਾਲੀ ਸਾਧਾਂ, ਸੰਤਾਂ ਨਾਲ ਵੀ ਗੋਸ਼ਟਾਂ ਕਰਦੇ, ਵਿਚਾਰਾਂ ਦਾ ਅਦਾਨ-ਪ੍ਰਦਾਨ ਕਰਦੇ ਰਹੇ ਸਨ ਜਿਸ ਕਰਕੇ ਉਨ੍ਹਾਂ ਨੇ ਇਕ ਸਾਂਝੀ ਭਾਸ਼ਾ (ਸਾਧ-ਭਾਸ਼ ਜਾਂ ਸੰਤ-ਭਾਖਾ) ਜੋ ਭਾਰਤ ਦੇ ਹਰ ਖਿੱਤੇ ਵਿਚ ਸਮਝੀ ਜਾਂਦੀ ਸੀ ਨੂੰ ਮਾਧਿਅਮ ਬਣਾਇਆ। ਇਸ ਭਾਸ਼ਾ ਰਾਹੀਂ ਹੀ ਉਨ੍ਹਾਂ ਨੇ ਆਪੋ-ਆਪਣੇ ਪ੍ਰਦੇਸ਼ਾਂ ਦੇ ਸਮਾਜ ਤੇ ਸਭਿਆਚਾਰ ਦੀਆਂ ਸਮਾਜਕ, ਧਾਰਮਿਕ, ਆਰਥਿਕ, ਰਾਜਨੀਤਕ ਹਾਲਤਾਂ ਦੀ ਪ੍ਰਤਿਨਿਧਤਾ ਕੀਤੀ ਜੋ ਗੁਰੂ ਗ੍ਰੰਥ ਸਾਹਿਬ ਦੇ ਜ਼ਰੀਏ ਸਮੁੱਚਿਤ ਰੂਪ ਵਿਚ ਪੂਰੇ ਭਾਰਤੀ ਸਮਾਜ ਤੇ ਸਭਿਆਚਾਰ ਦੀ ਤਸਵੀਰ ਨੂੰ ਪੇਸ਼ ਕਰਦੀ ਹੈ। "ਸਭ ਤੋਂ ਵਧੀਕ ਮਹੱਤਵਪੂਰਨ ਗੱਲ ਹੈ ਕਿ ਇਹ ਬਾਣੀ ਕਵਿਤਾ ਹੈ - ਲੋਕ-ਕਵਿਤਾ, ਲੋਕਾਂ ਦੀ ਮਿਸ਼ਰਤ ਬੋਲੀ ਵਿਚ ਗੁੰਨੀ ਹੋਈ, ਲੋਕ-ਗੀਤਾਂ ਦੀਆਂ ਧੁਨਾਂ ਉਤੇ ਘੜੀ ਹੋਈ, ਲੋਕ-ਜੀਵਨ ਵਿਚੋਂ ਲਏ ਗਏ ਇਸ਼ਾਰਿਆਂ ਅਲੰਕਾਰਾਂ ਨਾਲ ਜੜ੍ਹੀ ਹੋਈ ਹੈ।... ਇਹਦੇ ਹਰ ਸ਼ਬਦ ਦਾ ਇਵੇਂ ਇਕ ਨਿਵੇਕਲਾ ਵਾਯੂ-ਮੰਡਲ ਜਾਂ ਚੋਗਿਰਦਾ ਹੈ ਜੋ ਵਿਸ਼ੇ ਨਾਲ ਢੁਕਵੇਂ ਸ਼ਬਦ ਦੀ ਚੋਣ, ਉਨ੍ਹਾਂ ਦੀ ਲਲਿਤਮਈ ਬੁਣਤ ਤੇ ਭਾਵ ਪੂਰਤ ਅਲੰਕਾਰਾਂ ਨਾਲ ਬਝਦਾ ਹੈ।"[139]

ਭਗਤ ਬਾਣੀਕਾਰ ਆਪਣੀ ਭਾਸ਼ਾ ਅਤੇ ਸ਼ਬਦ ਜੜ੍ਹਤ ਦੁਆਰਾ ਭਾਰਤੀ ਸਭਿਆਚਾਰ ਦੇ ਵਿਭਿੰਨ ਪੱਖਾਂ ਨੂੰ ਇਸ ਤਰ੍ਹਾਂ ਸਪਸ਼ਟ ਤੇ ਸਾਕਾਰ ਕਰਦੇ ਹਨ ਕਿ ਕਿਸੇ ਕਿੰਤੂ, ਪਰੰਤੂ ਦੀ ਕੋਈ ਗੁੰਜਾਇਸ਼ ਨਹੀਂ ਰਹਿੰਦੀ। ਜਦੋਂ ਉਹ ਸਮਾਜ ਵਿਚ ਊਚ-ਨੀਚਤਾ ਦੇ ਆਧਾਰ 'ਤੇ ਹੋਈ ਜਾਤੀ-ਵੰਡ ਦੀ ਗੱਲ ਕਰਦੇ ਹਨ ਤਾਂ ਸਮਕਾਲੀ ਸਮਾਜ ਵਿਚ ਲੋਕਾਂ ਨਾਲ ਹੋ ਰਹੇ ਜਾਤੀਗਤ ਭੇਦਭਾਵ ਨੂੰ ਪ੍ਰਗਟਾਉਣ ਲਈ ਜਾਤੀ ਸੂਚਕ ਸ਼ਬਦਾਵਲੀ ਦੀ ਭਰਪੂਰ ਵਰਤੋਂ ਕਰਦੇ ਹਨ ਕਿਉਂਕਿ ਭਗਤ ਬਾਣੀਕਾਰਾਂ ਨੇ ਸਮਾਜ ਦੀਆਂ ਕੁਰੀਤੀਆਂ ਵਿਚੋਂ ਸਭ ਤੋਂ ਵਧੇਰੇ ਪ੍ਰਹਾਰ ਜਾਤੀ ਭੇਦਭਾਵ 'ਤੇ ਕੀਤਾ ਹੈ।ਇਸ ਲਈ ਉਹ ਸਪਾਟ ਅਤੇ ਦਲੀਲ ਮਈ ਸ਼ਬਦਾਂ ਵਿਚ ਦੁੱਧ ਦਾ ਦੁੱਧ ਪਾਣੀ ਦਾ ਪਾਣੀ ਕਰ

ਦਿੰਦੇ ਹਨ, ਜਿਵੇਂ ਭਗਤ ਕਬੀਰ ਜੀ ਪੰਡਿਤ ਨੂੰ ਸੰਬੋਧਿਤ ਹੁੰਦੇ ਆਖਦੇ ਹਨ ਕਿ ਜੇ ਤੂੰ ਬ੍ਰਹਮਣੀ ਦਾ ਪੁੱਤਰ ਹੈ ਤੇ ਜੇ ਤੂੰ ਆਮ ਲੋਕਾਂ ਤੋਂ ਕੁੱਝ ਵੱਖਰਾ ਹੈਂ ਤਾਂ ਫਿਰ ਸੰਸਾਰ ਵਿਚ ਕਿਸੇ ਹੋਰ ਰਸਤੇ ਕਿਉਂ ਨਹੀਂ ਆਇਆ?

ਜੌ ਤੂੰ ਬ੍ਰਾਹਮਣੁ ਬ੍ਰਾਹਮਣੀ ਜਾਇਆ॥ ਤਉ ਆਨ ਬਾਟ ਕਾਹੇ ਨਹੀ ਆਇਆ॥੨॥...
ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥੪॥

(ਗਉੜੀ, ਕਬੀਰ, ਪੰਨਾ-324)

ਇਵੇਂ ਭਗਤ ਰਵਿਦਾਸ ਸਮਾਜ ਵਿਚ ਸਾਰੀਆਂ ਜਾਤਾਂ ਬ੍ਰਹਮਣ, ਵੈਸ਼, ਸ਼ੂਦਰ, ਖਤਰੀ, ਡੂਮ, ਚੰਡਾਲ ਜਾਂ ਮਲੇਛ ਆਦਿ ਲੋਕਾਂ ਲਈ ਪ੍ਰਭੂ ਦੇ ਸਿਮਰਨ ਨੂੰ ਸਭ ਲਈ ਬਰਾਬਰ ਮੁਕਤੀ ਦਾ ਮਾਰਗ ਦਸਦੇ ਹਨ ਜਿਸ ਮਾਰਗ 'ਤੇ ਚੱਲਕੇ ਉਹ ਆਪਣੇ ਨਾਲ ਨਾਲ ਆਪਣੀਆਂ ਦੋਹਾਂ ਕੁਲਾਂ ਨੂੰ ਵੀ ਤਾਰ ਲੈਂਦੇ ਹਨ :

ਬ੍ਰਹਮਨ ਬੈਸ ਸੂਦ ਅਰੁ ਖ੍ਯ੍ਯਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ॥
ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ॥੧॥

(ਬਿਲਾਵਲੁ, ਰਵਿਦਾਸ, ਪੰਨਾ-858)

ਕਬੀਰ ਜੀ ਅਮੀਰ-ਗ਼ਰੀਬ ਦੇ ਆਪਸੀ ਵਿਵਹਾਰ ਨੂੰ ਸਪਸ਼ਟ ਸ਼ਬਦਾਂ ਵਿਚ ਇਸ ਤਰ੍ਹਾਂ ਬਿਆਨ ਕਰਦੇ ਹਨ ਕਿ ਜੇ ਗ਼ਰੀਬ, ਅਮੀਰ ਦੇ ਘਰ ਜਾਂਦਾ ਹੈ ਤਾਂ ਉਹ ਅੱਗੇ ਪਿੱਠ ਫੇਰ ਕੇ ਬੈਠ ਜਾਂਦਾ ਹੈ ਪਰੰਤੂ ਜੇ ਅਮੀਰ, ਗ਼ਰੀਬ ਦੇ ਘਰ ਜਾਵੇ ਤਾਂ ਉਸਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਂਦਾ ਹੈ :

ਜਉ ਨਿਰਧਨੁ ਸਰਧਨ ਕੈ ਜਾਇ॥ ਆਗੇ ਬੈਠਾ ਪੀਠਿ ਫਿਰਾਇ॥੧॥
ਜਉ ਸਰਧਨੁ ਨਿਰਧਨ ਕੈ ਜਾਇ॥ ਦੀਆ ਆਦਰੁ ਲੀਆ ਬੁਲਾਇ॥੨॥...
ਕਹਿ ਕਬੀਰ ਨਿਰਧਨੁ ਹੈ ਸੋਈ॥ ਜਾ ਕੇ ਹਿਰਦੈ ਨਾਮੁ ਨ ਹੋਈ॥੪॥੮॥

(ਭੈਰਉ, ਕਬੀਰ, ਪੰਨਾ-1159)

ਭਗਤ ਬਾਣੀਕਾਰਾਂ ਨੇ ਆਪਣੇ ਉਪਦੇਸ਼ਾਂ ਦੇ ਸੰਚਾਰ ਲਈ ਸਮਾਜ ਦੀ ਹਰ ਇਕਾਈ, ਹਰ ਸੰਸਥਾ ਨਾਲ ਸਬੰਧਿਤ ਭਾਸ਼ਾ ਨੂੰ ਵਰਤਿਆ ਕਿਉਂਕਿ ਉਨ੍ਹਾਂ ਦਾ ਪ੍ਰਮੁੱਖ ਟੀਚਾ ਕਲਿਆਣਕਾਰੀ ਤੇ ਉਸਾਰੂ ਸਮਾਜ ਅਤੇ ਸਭਿਆਚਾਰ ਦੀ ਸਿਰਜਨਾ ਕਰਨਾ ਸੀ। ਇਸ ਲਈ ਉਨ੍ਹਾਂ ਨੇ ਪਰਿਵਾਰ, ਵਿਆਹ, ਰਿਸ਼ਤਾ-ਨਾਤਾ ਪ੍ਰਣਾਲੀ ਵਿਚੋਂ ਵੀ ਭਰਪੂਰ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਜਿਵੇਂ ਲੋਕ, ਪਰਲੋਕ ਲਈ ਪੇਕਾ-ਸਹੁਰਾ ਘਰ, ਪ੍ਰਭੂ-ਭਗਤ ਜਾਂ ਆਤਮਾ-ਪ੍ਰਮਾਤਮਾ ਦੇ ਰਿਸ਼ਤੇ ਲਈ

ਪਤੀ-ਪਤਨੀ ਦੇ ਰਿਸ਼ਤੇ ਅਤੇ ਪ੍ਰਭੂ ਨਾਲ ਹੋਰ ਨੇੜਤਾ ਨੂੰ ਦਰਸਾਉਣ ਲਈ ਮਾਤਾ-ਪਿਤਾ, ਭੈਣ-ਭਰਾ ਅਤੇ ਸਕੇ ਸਬੰਧੀ ਆਦਿ ਰਿਸ਼ਤਿਆਂ ਦੇ ਰੂਪ ਵਿਚ ਪੇਸ਼ ਕੀਤਾ :

ਨਾਉ ਮੇਰੇ ਬੰਧਿਪ ਨਾਉ ਮੇਰੇ ਭਾਈ॥
ਨਾਉ ਮੇਰੇ ਸੰਗਿ ਅੰਤਿ ਹੋਇ ਸਖਾਈ॥੩॥ (ਭੈਰਉ, ਕਬੀਰ, ਪੰਨਾ-1157)

ਸ਼ੇਖ ਫ਼ਰੀਦ ਜੀ ਮੌਤ ਨੂੰ 'ਲਾੜੇ' ਅਤੇ ਜੀਵ ਨੂੰ 'ਇਸਤਰੀ' (ਦੁਲਹਨ) ਰੂਪ ਵਿਚ ਪੇਸ਼ ਕਰਦੇ ਹਨ।[140] ਜਦੋਂ ਕਿ ਕਬੀਰ ਜੀ ਆਤਮਾ-ਪ੍ਰਮਾਤਮਾ ਦੇ ਮਿਲਾਪ ਨੂੰ ਵਿਆਹ ਦੀ ਰਸਮ ਨਾਲ ਸਬੰਧਿਤ ਸ਼ਬਦਾਵਲੀ ਰਾਹੀਂ ਇਸ ਤਰ੍ਹਾਂ ਵਿਅਕਤ ਕਰਦੇ ਹਨ :

ਗਾਉ ਗਾਉ ਰੀ ਦੁਲਹਨੀ ਮੰਗਲਚਾਰਾ॥...
ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ॥੧॥ਰਹਾਉ॥
ਨਾਭਿ ਕਮਲ ਮਹਿ ਬੇਦੀ ਰਚਿ ਲੇ ਬ੍ਰਹਮ ਗਿਆਨ ਉਚਾਰਾ॥...
ਸੁਰਿ ਨਰ ਮੁਨਿ ਜਨ ਕਉਤਕ ਆਏ ਕੋਟਿ ਤੇਤੀਸ ਉਜਾਨਾਂ॥
ਕਹਿ ਕਬੀਰ ਮੋਹਿ ਬਿਆਹਿ ਚਲੇ ਹੈ ਪੁਰਖ ਏਕ ਭਗਵਾਨਾ॥੩॥੨॥੨੪॥
(ਆਸਾ, ਕਬੀਰ, ਪੰਨਾ-482)

ਪ੍ਰਭੂ-ਪਤੀ ਦੀ ਆਗਿਆ ਵਿਚ ਰਹਿਣ ਵਾਲੇ ਗੁਰਮੁਖ ਲਈ 'ਸੁਹਾਗਨਿ' ਅਤੇ ਹਰੀ-ਨਾਮ ਨੂੰ ਵਿਸਾਰਨ ਵਾਲੇ ਮਨਮੁਖ ਜੀਵ ਲਈ 'ਦੁਹਾਗਨਿ' ਸ਼ਬਦਾਂ ਦੀ ਵਰਤੋਂ ਕਰਦੇ ਹਨ:

(ੳ) ਸਹ ਕਿ ਸਾਰ ਸੁਹਾਗਨਿ ਜਾਨੈ॥ ਤਜਿ ਅਭਿਮਾਨੁ ਸੁਖ ਰਲੀਆ ਮਾਨੈ॥
(ਸੂਹੀ ਰਵਿਦਾਸ, ਪੰਨਾ-793)

(ਅ) ਖਸਮਿ ਦੁਹਾਗਨਿ ਤਜਿ ਅਉਹੇਰੀ॥...
(ਗੋਂਡ, ਕਬੀਰ, ਪੰਨਾ-872)

ਭਗਤ ਬਾਣੀਕਾਰਾਂ ਨੇ ਆਪਣੇ ਉਪਦੇਸ਼ਾਂ, ਮਨੋਰਥਾਂ ਜਾਂ ਵਿਚਾਰਾਂ ਦੇ ਸੰਚਾਰ ਲਈ ਭਾਰਤੀ ਸਮਾਜ ਵਿਚ ਲੋਕਾਂ ਦੁਆਰਾ ਕੀਤੇ ਜਾਂਦੇ ਕੰਮ-ਧੰਦਿਆਂ ਨਾਲ ਸਬੰਧਿਤ ਸ਼ਬਦਾਵਲੀ ਜਿਵੇਂ ਖੇਤੀ ਵਿਚੋਂ ਹਲ, ਸੁਹਾਗਾ, ਕੱਚੀ-ਪੱਕੀ ਫਸਲ[141], ਵਪਾਰ ਸਬੰਧੀ- ਕਾਸੀ, ਤਾਂਬਾ, ਲੌਂਗ- ਸੁਪਾਰੀ, ਹੀਰਾ, ਛਟਿ (ਮਾਲ, ਟਾਂਡਾ) ਆਦਿ[142], ਕੱਪੜੇ ਬੁਣਨ ਸਬੰਧੀ- ਤਾਣੀ, ਕਰਗਹ (ਖੱਡੀ), ਸੂਤ, ਪੇਟਾ, ਮਾਵਾ, ਕੁੰਡੇ, ਨਲੀਆਂ ਆਦਿ[143], ਕੱਪੜੇ ਸਿਲਾਈ ਨਾਲ ਸਬੰਧਿਤ ਗਜ, ਕੈਂਚੀ, ਸੂਈ, ਧਾਗਾ ਆਦਿ[144] ਜੁੱਤੀ ਗੰਢਣ ਵਾਲੇ ਸੰਦਾਂ ਵਿਚੋਂ ਆਰ, ਰਾਂਬੀ ਆਦਿ[145], ਸੁਨਿਆਰ ਦੁਆਰਾ ਬਣਾਏ ਜਾਣ ਵਾਲੇ ਗਹਿਣੇ- ਸੋਨਾ, ਚਾਂਦੀ, ਹੀਰੇ ਆਦਿ ਦੀ ਪਰਖ, ਖਰੀਦਣ ਤੇ ਵੇਖਣ ਵਾਲੇ

ਸਰਾਫ ਬਾਰੇ[146], ਬੇੜਾ ਬੰਨ੍ਹਣ (ਬਨਾਉਣ) ਤੇ ਚਲਾਉਣ ਆਦਿ ਨਾਲ ਸਬੰਧਿਤ ਬੇੜਾ, ਮਲਾਹ, ਯਾਤਰੂ, ਸਮੁੰਦਰ, ਲਹਿਰ ਆਦਿ ਸ਼ਬਦਾਵਲੀ ਦੀ ਭਰਮਾਰ ਹੈ।[147]

ਇਸੇ ਤਰ੍ਹਾਂ ਹੀ ਦੁੱਧ ਚੋਣ, ਦੁੱਧ ਰਿੜਕਨ, ਖੂਹ ਤੋਂ ਪਾਣੀ ਭਰਨ, ਕੱਪੜੇ ਧੋਣ, ਗਊ ਚਰਾਉਣ ਆਦਿ ਨਾਲ ਸਬੰਧਿਤ ਸ਼ਬਦਾਵਲੀ ਜਿੱਥੇ ਅਧਿਆਤਮਕ ਅਰਥਾਂ ਨੂੰ ਉਜਾਗਰ ਕਰਨ ਵਿਚ ਸਹਾਇਕ ਹੋਈ ਹੈ ਉਥੇ ਲੋਕਾਂ ਦੁਆਰਾ ਕੀਤੇ ਜਾਂਦੇ ਰੋਜ਼ਾਨਾ ਦੇ ਘਰੇਲੂ ਕੰਮ-ਧੰਦਿਆਂ ਦਾ ਵੀ ਅਭਾਸ ਕਰਾਉਂਦੀ ਹੈ।[148]

ਇਵੇਂ ਹੀ ਬਾਣੀਕਾਰਾਂ ਨੇ ਸਮਾਜ ਵਿਚ ਪ੍ਰਚਲਿਤ ਕੁੱਝ ਅਸਮਾਜਕ  ਪੇਸ਼ਿਆਂ ਨੂੰ ਉਨ੍ਹਾਂ ਦੇ ਮੂਲ ਨਾਲੋਂ ਉਲਟਾ ਕੇ ਪ੍ਰਭੂ-ਨਾਮ ਨਾਲ ਤੇ ਆਤਮਕ  ਸ਼ੁੱਧੀ ਦੇ ਅਰਥਾਂ ਵਿਚ ਵਰਤਦੇ ਹੋਏ, ਹਰੀ ਨੂੰ ਠੱਗ (ਜਿਸਨੇ ਜੀਵਾਂ ਨੂੰ ਮੋਹ ਰੂਪੀ ਠਗਉਰੀ ਬੂਟੀ ਲਾਈ ਹੋਈ ਹੈ)[149], ਈਰਖਾ ਨਾ ਕਰਨ ਤੇ ਇੰਦ੍ਰੀਆਂ ਨੂੰ ਕਾਬੂ ਰੱਖਣ ਵਾਲੇ ਨੂੰ ਅਸਲ ਚੋਰ[150], ਜੂਏ ਸਬੰਧੀ ਕਉਡਾਂ ਸਿੱਟਣ[151], ਜੋਗੀਆਂ ਦੁਆਰਾ ਕੱਢੀ ਜਾਂਦੀ ਸ਼ਰਾਬ ਲਈ ਵਰਤੀਂਦੀਆਂ ਵਸਤਾਂ-ਮੱਟੀ, ਖ਼ਮੀਰ, ਭੱਠੀ, ਸੱਕ, ਅਗਨੀ, ਪੋਚਾ, ਪਿਆਲਾ, ਆਦਿ ਸ਼ਬਦਾਵਲੀ ਨੂੰ ਹਰੀ-ਨਾਮ ਰੂਪੀ ਮਹਾਂਰਸ ਤਿਆਰ ਕਰਨ ਦੇ ਮਾਧਿਅਮ ਵਜੋਂ ਵਰਤਿਆ ਹੈ।[152]

ਵਿਭਿੰਨ ਧਰਮਾਂ ਨਾਲ ਸਬੰਧਿਤ ਲੋਕਾਂ ਵਿਚ ਪਾਏ ਜਾਂਦੇ ਕਰਮਕਾਂਡਾਂ ਨੂੰ ਤੋੜਨ ਲਈ ਭਗਤ ਬਾਣੀਕਾਰਾਂ ਨੇ ਹਰ ਧਰਮ, ਫਿਰਕੇ ਨਾਲ ਸਬੰਧਿਤ ਭਾਸ਼ਾ ਦਾ ਪ੍ਰਯੋਗ ਕੀਤਾ ਹੈ। ਮੱਧਕਾਲੀ ਹਿੰਦੂ ਧਰਮ ਵਿਚ ਕੀਤੀ ਜਾਂਦੀ ਪੱਥਰ-ਪੂਜਾ ਤੇ ਹੋਰ ਬੇਅਰਥ ਕਰਮਕਾਂਡਾ ਆਦਿ ਦਾ ਬਾਣੀਕਾਰਾਂ ਨੇ ਕਰੜਾ ਵਿਰੋਧ ਕੀਤਾ ਜਿਸ ਲਈ ਉਨ੍ਹਾਂ ਨੇ ਬੜੀ ਦਲੀਲਯੁਕਤ ਭਾਸ਼ਾ ਰਾਹੀਂ ਧਰਮ ਦੇ ਮੋਢੀਆਂ ਤੇ ਕਰਮਕਾਂਡਾ ਦਾ ਸ਼ਿਕਾਰ ਹੋਏ ਆਮ ਲੋਕਾਂ ਦੇ ਭਰਮਾਂ ਨੂੰ ਤੋੜਿਆ :

ਆਨੀਲੇ ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸਨਾਨੁ ਕਰਉ ॥
ਬਇਆਲੀਸ ਲਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ ॥੧॥ ...
ਆਨੀਲੇ ਦੂਧੁ ਰੀਧਾਈਲੇ ਖੀਰੰ ਠਾਕੁਰ ਕਉ ਨੈਵੇਦੁ ਕਰਉ ॥
ਪਹਿਲੇ ਦੂਧੁ ਬਿਟਾਰਿਓ ਬਛਰੈ ਬੀਠਲੁ ਭੈਲਾ ਕਾਇ ਕਰਉ ॥੩॥ ...

(ਆਸਾ, ਨਾਮਦੇਵ, ਪੰਨਾ-485)

ਜੰਗਲਾਂ ਵਿਚ ਭ੍ਰਮਣ ਵਾਲੇ ਸਾਧਾਂ, ਨਾਥਾਂ, ਜੋਗੀਆਂ ਦੇ ਭਰਮਾਂ ਨੂੰ ਦੂਰ ਕਰਨ ਲਈ ਜਿੱਥੇ ਉਹ ਦਲੀਲ ਤੇ ਤਰਕ ਭਰਪੂਰ ਭਾਸ਼ਾ ਦੀ ਵਰਤੋਂ ਕਰਦੇ ਹਨ।[153] ਉਥੇ ਜੋਗੀਆਂ ਦੁਆਰਾ ਅਪਣਾਏ ਜਾਂਦੇ ਬਾਹਰੀ ਪਛਾਣ ਚਿੰਨ੍ਹਾਂ - ਮੁੰਦਰਾਂ, ਡੰਡਾ, ਕਿੰਗਰੀ, ਮਿਰਗਛਾਲਾ, ਫਾਹੁਰੀ, ਵਿਭੂਤ ਆਦਿ ਨਾਵਾਂ

ਅਤੇ ਜੋਗ ਸਾਧਨਾ ਲਈ ਇੜਾ, ਪਿੰਗਲਾ, ਸੁਖਮਨਾ, ਨਿਉਲੀ ਕਰਮ, ਖੇਚਰ, ਭੂਚਰ ਆਦਿ ਸਾਧਨਾਵਾਂ ਦੀ ਸ਼ਬਦਾਵਲੀ ਨੂੰ ਆਤਮਕ ਮਨ ਤੇ ਨੈਤਿਕ ਗੁਣਾਂ ਵਿਚ ਉਲਟਾਉਣ ਦੇ ਅਰਥਾਂ ਵਿਚ ਵਰਤ ਕੇ ਜੋਗੀਆਂ ਨਾਥਾਂ ਦੇ ਭੇਖਧਾਰੀ ਜੀਵਨ ਵੱਲ ਵੀ ਝਾਤ ਪੁਆਉਂਦੇ ਹਨ :

ੳ) ਚੰਦ ਸਤ ਭੇਦਿਆ ਨਾਦ ਸਤ ਪੂਰਿਆ ਸੂਰ ਸਤ ਖੋੜਸਾ ਦਤੁ ਕੀਆ॥
ਅਬਲ ਬਲੁ ਤੋੜਿਆ ਅਚਲ ਚਲੁ ਥਪਿਆ ਅਘੜੁ ਘੜਿਆ ਤਗ ਅਪਿਉ ਪੀਆ॥੧॥

(ਮਾਰੂ, ਜੈਦੇਵ, ਪੰਨਾ-1106)

ਅ) ਖੇਚਰ ਭੂਚਰ ਤੁਲਸੀ ਮਾਲਾ ਗੁਰ ਪਰਸਾਦੀ ਪਾਇਆ॥
ਨਾਮਾ ਪ੍ਰਣਵੈ ਪਰਮ ਤਤੁ ਹੈ ਸਤਿਗੁਰ ਹੋਇ ਲਖਾਇਆ॥੩॥੩॥

(ਰਾਮਕਲੀ, ਨਾਮਦੇਵ, ਪੰਨਾ-973)

ਸਿੱਧਾਂ ਦੇ ਫਿਰਕੇ ਵਾਮ-ਮਾਰਗੀ, ਬਜਰਯਾਨੀ ਆਦਿ ਸਮਕਾਲੀ ਸਮਾਜ ਵਿਚ ਵਿਕਾਰੀ, ਵਿਲਾਸੀ ਤੇ ਭੇਖਧਾਰੀ ਹੋ ਚੁੱਕੇ ਸਨ ਜਿਨ੍ਹਾਂ ਦੇ ਵਿਲਾਸੀ ਜੀਵਨ ਵੱਲ ਕਬੀਰ ਜੀ ਉਨ੍ਹਾਂ ਦੀ ਸ਼ਬਦਾਵਲੀ ਵਿਚ ਇਸ ਤਰ੍ਹਾਂ ਸੰਕੇਤ ਕਰਦੇ ਹਨ :

ਇਕਤੁ ਪਤਰਿ ਭਰਿ ਉਰਕਟ ਕੁਰਕਟ ਇਕਤੁ ਪਤਰਿ ਭਰਿ ਪਾਨੀ॥
ਆਸਿ ਪਾਸਿ ਪੰਚ ਜੋਗੀਆ ਬੈਠੇ ਬੀਚਿ ਨਕਟ ਦੇ ਰਾਨੀ॥੧॥
ਨਕਟੀ ਕੋ ਠਨਗਨੁ ਬਾਡਾ ਡੂੰ॥
ਕਿਨਹਿ ਬਿਬੇਕੀ ਕਾਟੀ ਤੂੰ॥੧॥ਰਹਾਉ॥ (ਆਸਾ, ਕਬੀਰ, ਪੰਨਾ-476)

ਇਸੇ ਤਰ੍ਹਾਂ ਹੀ ਜਦੋਂ ਉਹ ਇਸਲਾਮ ਧਰਮ ਦੇ ਮੋਢੀਆਂ ਨਾਲ ਸੰਵਾਦ ਰਚਾਉਂਦੇ ਹਨ ਤਾਂ ਉਰਦੂ, ਫਾਰਸੀ ਭਾਸ਼ਾ ਦੀ ਸ਼ਬਦਾਵਲੀ ਦਾ ਵਧੇਰੇ ਪ੍ਰਯੋਗ ਕਰਦੇ ਹੋਏ ਉਜ਼ੂ, ਬਾਂਗ, ਨਿਵਾਜ਼, ਹੱਜ ਤੇ ਹਲਾਲ (ਮਿਸਮਿਲ) ਆਦਿ ਬਾਹਰੀ ਧਾਰਮਿਕ ਕਰਮਾਂ ਨੂੰ ਨੈਤਿਕ ਜੀਵਨ ਨਾਲ ਜੋੜਨ ਦੀ ਸੰਦੇਸ਼ ਲਈ ਉਨ੍ਹਾਂ ਦੀ ਹੀ ਭਾਸ਼ਾ ਵਿਚ ਗੱਲ ਕਰਦੇ ਹਨ :

ੳ) ਕਹੁ ਰੇ ਮੁਲਾਂ ਬਾਂਗ ਨਿਵਾਜ॥ ਏਕ ਮਸੀਤਿ ਦਸੈ ਦਰਵਾਜ॥੧॥ਰਹਾਉ॥

(ਭੈਰਉ, ਕਬੀਰ, ਪੰਨਾ-1158)

ਅ) ਕਿਆ ਉਜੂ ਪਾਕੁ ਕੀਆ ਮੁਹੁ ਧੋਇਆ ਕਿਆ ਮਸੀਤਿ ਸਿਰੁ ਲਾਇਆ॥
ਜਉ ਦਿਲ ਮਹਿ ਕਪਟੁ ਨਿਵਾਜ ਗੁਜਾਰਹੁ ਕਿਆ ਹਜ ਕਾਬੈ ਜਾਇਆ॥੩॥

(ਪ੍ਰਭਾਤੀ, ਕਬੀਰ, ਪੰਨਾ-1350)

ਭਗਤ ਬਾਣੀਕਾਰਾਂ ਨੇ ਮੱਧਕਾਲੀਨ ਰਾਜਨੀਤਕ ਵਿਵਸਥਾ ਨੂੰ ਦ੍ਰਿਸ਼ਟੀਗੋਚਰ ਕਰਨ, ਇਸਦੇ ਨਕਾਰਾਤਮਕ ਪੱਖਾਂ ਨੂੰ ਉਘਾੜਨ ਅਤੇ ਆਪਣੀਆਂ ਨਵੀਨ ਧਾਰਨਾਵਾਂ ਨੂੰ ਪੇਸ਼ ਕਰਨ ਲਈ

ਰਾਜਨੀਤਕ ਪੱਧਰ ਦੀ ਭਾਸ਼ਾ ਅਤੇ ਸ਼ਬਦਾਵਲੀ ਦੀ ਵੀ ਵਰਤੋਂ ਕੀਤੀ ਹੈ। ਮੱਧਕਾਲ ਵਿਚ ਰਾਜਾ ਪ੍ਰਸ਼ਾਸ਼ਨਿਕ-ਪ੍ਰਬੰਧ ਦਾ ਸਭ ਤੋਂ ਉੱਚਾ ਅਧਿਕਾਰੀ ਹੁੰਦਾ ਸੀ। ਰਾਜੇ ਦੁਆਰਾ ਸੁਤੰਤਰਤਾ ਸਹਿਤ ਜੀਵਨ ਜਿਉਣ, ਹੁਕਮ ਚਲਾਉਣ, ਧਨ-ਦੌਲਤ, ਚੰਗਾ ਖਾਣ, ਪਹਿਨਣ, ਵਿਲਾਸੀ ਜੀਵਨ ਨੂੰ ਉਨ੍ਹਾਂ ਦੇ ਰਾਜਸੀ ਸ਼ਬਦਾਂ, ਨਾਵਾਂ ਰਾਹੀਂ ਹੀ ਚਿਤਰਿਆ ਹੈ :

ਰਾਜ ਭੋਗ ਅਰੁ ਛਤ੍ਰ ਸਿੰਘਾਸਨ ਬਹੁ ਸੁੰਦਰਿ ਰਮਨਾ॥
ਪਾਨ ਕਪੂਰ ਸੁਬਾਸਕ ਚੰਦਨ ਅੰਤਿ ਤਊ ਮਰਨਾ॥੩॥

(ਆਸਾ, ਕਬੀਰ, ਪੰਨਾ-476-477)

ਭਗਤ ਕਬੀਰ ਮੱਧਕਾਲੀ ਰਾਜਿਆਂ ਤੇ ਉਨ੍ਹਾਂ ਦੇ ਲਾਲਚੀ ਵਜ਼ੀਰ, ਦੀਵਾਨ, ਸਿਕਦਾਰ, ਡਾਡੀ, ਮੁੰਸਫ, ਪਟਵਾਰੀ ਆਦਿ ਅਹੁਦੇਦਾਰਾਂ ਰਾਹੀਂ ਮਨੁੱਖੀ ਮਨ ਦੇ ਪੰਜ ਵਿਕਾਰਾ ਦੀ ਸੰਗਿਆ ਦਿੰਦੇ ਹੋਏ ਅਧਿਆਤਮਕ ਅਤੇ ਰਾਜਨੀਤਕ ਦੋਵੇਂ ਤਰ੍ਹਾਂ ਦੀ ਮਨੁੱਖੀ ਹਾਲਤ ਨੂੰ ਉਜਾਗਰ ਕਰਦੇ ਹਨ :

ਏਕੁ ਕੋਟੁ ਪੰਚ ਸਿਕਦਾਰਾ ਪੰਚ ਮਾਗਹਿ ਹਾਲਾ॥...
ਹਰਿ ਕੇ ਲੋਗਾ ਮੋ ਕਉ ਨੀਤਿ ਡਸੈ ਪਟਵਾਰੀ॥...
ਨਉ ਡਾਡੀ ਦਸ ਮੁੰਸਫ ਧਾਵਹਿ ਰਈਅਤਿ ਬਸਨ ਨ ਦੇਹੀ॥...

(ਸੂਹੀ, ਕਬੀਰ, ਪੰਨਾ-793)

ਇਵੇਂ ਹੀ ਮਨੁੱਖੀ ਸਰੀਰ ਰੂਪੀ ਕਿਲ੍ਹੇ ਵਿਚ ਬੈਠੇ ਵਿਕਾਰਾਂ ਭਰੇ ਮਨ ਰੂਪੀ ਬਾਗੀ ਰਾਜੇ ਨੂੰ ਜਿੱਤਣ ਦੇ ਉਪਦੇਸ਼ ਹਿੱਤ, ਦੁਨਿਆਵੀ ਜਾਂ ਸੰਸਾਰਿਕ ਰਾਜਿਆਂ ਵਿਚਕਾਰ ਹੋਣ ਵਾਲੇ ਯੁੱਧ ਸਬੰਧੀ - ਗੜ੍ਹ (ਕਿਲ੍ਹਾ), ਕਿਵਾੜੀ, ਦਰਵਾਨੀ, ਕ੍ਰੋਧਵਾਨ ਚੌਧਰੀ, ਸੰਜੋਅ, ਟੋਪ ਤੇ ਤੀਰ ਕਮਾਨ ਸ਼ਬਦਾਵਲੀ ਨੂੰ ਵਰਤਦੇ ਹਨ:

ਕਿਉ ਲੀਜੈ ਗਢੁ ਬੰਕਾ ਭਾਈ॥ ਦੋਵਰ ਕੋਟ ਅਰੁ ਤੇਵਰ ਖਾਈ॥੧॥ ਰਹਾਉ॥
ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ॥...
ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ॥
ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਤਹ ਮਨੁ ਮਾਵਾਸੀ ਰਾਜਾ॥੨॥
ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ॥...

(ਭੈਰਉ, ਕਬੀਰ, ਪੰਨਾ-1161)

ਸੋ ਭਗਤ ਬਾਣੀਕਾਰਾਂ ਦੀ ਭਾਸ਼ਾ ਦਾ ਹੀ ਕਮਾਲ ਹੈ ਕਿ ਉਨ੍ਹਾਂ ਨੇ ਸਿੱਧੇ ਅਤੇ ਅਸਿੱਧੇ ਦੋਵੇਂ ਜੁਗਤਾਂ ਰਾਹੀਂ ਲੋਕਾਂ ਦੇ ਸਮਾਜਕ ਅਤੇ ਅਧਿਆਤਮਕ ਕਲਿਆਣ ਨੂੰ ਪ੍ਰਮੁੱਖ ਰੱਖਿਆ। ਉਨ੍ਹਾਂ ਨੇ ਸਮਾਜ ਦੀ ਹਰ ਇਕਾਈ, ਸੰਸਥਾ ਦੇ ਭਾਸ਼ਾ-ਮੁਹਾਵਰੇ ਵਿਚ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਦੇ

ਯਤਨ ਕੀਤੇ। ਸਮੇਂ, ਸਥਾਨ, ਮੌਕਾ-ਮੇਲ ਅਨੁਸਾਰ ਉਨ੍ਹਾਂ ਦੀਆਂ ਰਚਨਾਵਾਂ ਦੀ ਭਾਸ਼ਾ ਅਤੇ ਸ਼ਬਦਾਵਲੀ ਆਪਣਾ ਰੂਪ-ਰੰਗ ਵਟਾ ਲੈਂਦੀ ਹੈ ਕਿਉਂਕਿ ਉਨ੍ਹਾਂ ਦਾ ਪ੍ਰਮੁੱਖ ਟੀਚਾ ਲੋਕਾਂ ਦੇ ਕਲਿਆਣ ਹਿੱਤ ਵੱਧ ਤੋਂ ਵੱਧ ਆਪਣੇ ਅਧਿਆਤਮਕ ਸੂਖ਼ਮ ਅਨੁਭਵਾਂ, ਵਿਚਾਰਾਂ ਦਾ ਸੰਚਾਰ ਕਰਨਾ ਸੀ।

## ਅਖਾਣ ਅਤੇ ਮੁਹਾਵਰੇ

ਅਖਾਣ ਅਤੇ ਮੁਹਾਵਰੇ ਜਨ-ਸਾਧਾਰਨ ਦੀ ਨਿੱਤ ਦੀ ਬੋਲ-ਚਾਲ ਦਾ ਅਹਿਮ ਅੰਗ ਅਤੇ ਲੋਕਾਈ ਦੇ ਜੀਵਨ-ਫ਼ਲਸਫੇ ਦਾ ਨਿਚੋੜ ਹੁੰਦੇ ਹਨ। "ਅਖਾਣ ਨਿੱਤ ਦੀ ਬੋਲਚਾਲ ਵਿਚ ਵਰਤੀਂਦੇ ਪ੍ਰਵਾਨ ਹੋਏ ਉਹ ਕਥਨ ਹਨ ਜਿਨ੍ਹਾਂ ਵਿਚ ਮਨੁੱਖੀ ਜੀਵਨ ਨਾਲ ਸਬੰਧਿਤ ਕੋਈ ਅਨੁਭਵ ਸੂਤ੍ਰਬੱਧ ਕਰਕੇ ਦਿਲ-ਖਿਚਵੀਂ ਜਾਂ ਅਲੰਕਾਰਿਕ ਸ਼ੈਲੀ ਵਿਚ ਪੇਸ਼ ਕੀਤਾ ਗਿਆ ਹੈ। ਅਖਾਣ ਸੰਖੇਪ, ਸਰਲ ਤੇ ਭਾਵ ਪੂਰਤ ਵਾਕ ਜਾ ਤੁਕਾਂ ਹਨ ਜੋ ਜਾਤੀ ਦਾ ਲੋਕ-ਦਰਸ਼ਨ ਹੋਣ ਕਰਕੇ ਬੜੇ ਲੋਕ-ਪ੍ਰਿਯ ਹੁੰਦੇ ਹਨ।"[154] ਮੁਹਾਵਰੇ ਅਤੇ ਅਖਾਣਾਂ ਵਿਚ ਅੰਤਰ ਹੁੰਦਾ ਹੈ। "ਮੁਹਾਵਰੇ ਵਿਚ ਨਾ ਤਾਂ ਸ਼ਬਦਾਂ ਦਾ ਕੋਸ਼ਗਤ ਅਰਥ ਹੁੰਦਾ ਹੈ ਅਤੇ ਨਾ ਹੀ ਮੁਹਾਵਰੇ ਵਿਚ ਵਰਤੇ ਗਏ ਸ਼ਬਦਾਂ ਦੇ ਸਥਾਨ ਤੇ ਉਨ੍ਹਾਂ ਦੇ ਸਮਾਨਾਰਥਕ ਸ਼ਬਦ ਰੱਖੇ ਜਾ ਸਕਦੇ ਹਨ।"[155] "ਮੁਹਾਵਰੇ ਸ਼ਬਦਾਂ ਅਤੇ ਕ੍ਰਿਆ-ਪ੍ਰਯੋਗਾਂ ਦੇ ਮੇਲ ਨਾਲ ਇਕ ਵਿਸ਼ੇਸ਼ ਵਾਕਾਂਸ਼ ਦਾ ਰੂਪ ਧਾਰਣ ਕਰਦੇ ਹਨ। ਇਨ੍ਹਾਂ ਵਿਚ ਲੁਕੇ ਭਾਵਾਂ ਦਾ ਬੋਧ ਹੁੰਦਾ ਹੈ। ਇਸਦੇ ਮੁਕਾਬਲੇ ਅਖਾਣ ਇਕ ਅਟੱਲ ਸਚਾਈ ਜਾਂ ਵਿਚਾਰ ਜਾਂ ਭਾਵ ਆਦਿ ਦੀ ਪੂਰੀ ਅਭਿਵਿਅਕਤੀ ਕਰਦਾ ਹੈ। ਹਰ ਅਖਾਣ ਪਿੱਛੇ ਕੋਈ ਘਟਨਾ ਜਾਂ ਕਥਾ-ਪ੍ਰਸੰਗ ਹੁੰਦਾ ਹੈ। ਇਹ ਘਟਨਾ ਜਾਂ ਕਥਾ-ਪ੍ਰਸੰਗ ਸਮਾਜ ਵਿਚ ਘਟਿਤ ਹੋ ਕੇ ਸਮੇਂ ਦੇ ਪਰਦੇ ਪਿੱਛੇ ਲੁਕ-ਛਿਪ ਜਾਂਦੇ ਹਨ ਪਰੰਤੂ ਉਨ੍ਹਾਂ ਦਾ ਸਾਰ ਰੂਪ ਅਖਾਣ ਦੇ ਰੂਪ ਵਿਚ ਪੀੜ੍ਹੀਓਂ ਪੀੜ੍ਹੀ ਜਨ-ਜੀਵਨ ਵਿਚ ਵਰਤੀਂਦਾ ਚਲਿਆ ਆਉਂਦਾ ਹੈ।"[156]

ਭਗਤ ਬਾਣੀਕਾਰ ਆਪਣੇ ਵਿਚਾਰਾਂ, ਉਪਦੇਸ਼ਾਂ ਦੇ ਸੰਚਾਰ ਲਈ ਧਰਮਾਂ ਦੇ ਵੱਡੇ-ਵੱਡੇ ਆਗੂਆਂ ਨਾਲ ਸੰਵਾਦ ਰਚਾਉਂਦੇ, ਦਲੀਲਾਂ ਕਰਦੇ ਹੋਏ ਸੰਸਕ੍ਰਿਤ, ਫਾਰਸੀ, ਹਿੰਦੀ, ਜੋਗ-ਸਾਧਨਾ ਆਦਿ ਨਾਲ ਸੰਬੰਧਿਤ ਸ਼ਬਦਾਵਲੀ ਦਾ ਪ੍ਰਯੋਗ ਕਰਦੇ ਹਨ ਪਰੰਤੂ ਪ੍ਰਮੁੱਖ ਤੌਰ ਤੇ ਉਨ੍ਹਾਂ ਦੀ ਭਾਸ਼ਾ ਦਾ ਵਧੇਰੇ ਝੁਕਾਅ ਲੋਕ-ਜੀਵਨ ਵਿਚ ਪ੍ਰਵਾਹਮਾਨ ਹੋ ਰਹੀ ਲੋਕ-ਬੋਲੀ ਹੀ ਹੈ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਖ਼ੁਦ ਜਨ-ਸਾਧਾਰਨ ਦੀ ਤਰ੍ਹਾਂ ਸਿੱਧਾ-ਸਾਦਾ ਜੀਵਨ ਜਿਉਂਦੇ ਰਹੇ ਜਿਸ ਕਾਰਨ ਅਖਾਣ ਅਤੇ ਮੁਹਾਵਰੇ ਉਨ੍ਹਾਂ ਦੀ ਰਚਨਾ ਵਿਚ ਕਿਸੇ ਜੁਗਤ ਵਜੋਂ ਨਹੀਂ, ਸਗੋਂ ਸਹਿਜੇ ਹੀ ਬਾਣੀ ਦਾ ਅੰਗ ਬਣ ਗਏ। ਇਸ ਲਈ ਭਗਤ ਬਾਣੀਕਾਰਾਂ ਦੀਆਂ ਰਚਨਾਵਾਂ ਵਿਚਲੇ ਬਹੁਤ ਸਾਰੇ ਵਾਕੰਸ਼ ਤੇ ਤੁਕਾਂ ਅਜਿਹੀਆਂ ਹਨ ਜੋ ਲੋਕਾਂ ਦੁਆਰਾ ਘੜੇ ਅਖਾਣ ਤੇ ਮੁਹਾਵਰਿਆਂ ਵਿਚ ਦਾਖਲ ਹੋ ਗਏ ਹਨ ਪਰੰਤੂ

ਇਸਦੇ ਨਾਲ ਹੀ ਬਾਣੀ ਵਿਚ ਪੇਸ਼ ਜੀਵਨ ਦੀ ਕੋਈ ਵੀ ਘਟਨਾ, ਲੋਕ-ਵਿਹਾਰ, ਆਤਮਾ-ਪ੍ਰਮਾਤਮਾ ਬਾਰੇ ਵਿਚਾਰ ਜਾਂ ਕੁਦਰਤ ਦੀ ਅਨੁਪਮ ਖੇਡ ਆਦਿ ਵਿਚੋਂ ਲੋਕ-ਜ਼ੁਬਾਨ 'ਤੇ ਚੜ੍ਹੇ ਅਖਾਣ ਤੇ ਮੁਹਾਵਰਿਆਂ ਨੂੰ ਆਸਾਨੀ ਨਾਲ ਵੇਖਿਆ ਜਾ ਸਕਦਾ ਹੈ। ਇਨ੍ਹਾਂ ਦੀ ਬੋਲੀ ਜਨ-ਸਾਧਾਰਨ ਦੇ ਸਹਿਜੇ ਹੀ ਮੂੰਹ ਚੜ੍ਹ ਜਾਣ ਵਾਲੀ ਹੈ। ਜਿਨ੍ਹਾਂ ਵਿਚ ਕੁੱਝ ਅਖਾਣ ਮੁਹਾਵਰਿਆਂ ਦੀਆਂ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ:

ਹੰਸਾ ਸਰਵਰੁ ਕਾਲੁ ਸਰੀਰ॥ (ਗਉੜੀ, ਕਬੀਰ, ਪੰਨਾ-325)

ਪੇਵਕੜੈ ਦਿਨ ਚਾਰਿ ਹੈ ਸਾਹੁਰੜੈ ਜਾਣਾ॥ (ਗਉੜੀ, ਕਬੀਰ, ਪੰਨਾ-333)

ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ॥
(ਗਉੜੀ, ਕਬੀਰ, ਪੰਨਾ-334)

ਹੀਰਾ ਲਾਲੁ ਅਮੋਲੁ ਜਨਮੁ ਹੈ ਕਉਡੀ ਬਦਲੈ ਹਾਰਿਓ ਰੇ॥੧॥ਰਹਾਉ॥
(ਗਉੜੀ, ਕਬੀਰ, ਪੰਨਾ-335)

ਬਿਰਖ ਬਸੇਰੋ ਪੰਖਿ ਕੋ ਤੈਸੋ ਇਹੁ ਸੰਸਾਰੁ॥੧॥ (ਗਉੜੀ, ਕਬੀਰ, ਪੰਨਾ-337)

ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰ॥ (ਗਉੜੀ, ਰਵੀਦਾਸ, ਪੰਨਾ-346)

ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ॥
(ਗਉੜੀ, ਰਵੀਦਾਸ, ਪੰਨਾ-346)

ਕੁਮ੍ਹਾਰੈ ਏਕ ਜੁ ਮਾਟੀ ਗੂੰਧੀ ਬਹੁ ਬਿਧਿ ਬਾਨੀ ਲਾਈ॥
(ਆਸਾ, ਕਬੀਰ, ਪੰਨਾ-479)

ਬਾਜੀਗਰੀ ਸੰਸਾਰੁ ਕਬੀਰਾ ਚੇਤਿ ਢਾਲਿ ਪਾਸਾ॥੩॥੧॥੨੩॥
(ਆਸਾ, ਕਬੀਰ, ਪੰਨਾ -482)

ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ॥ (ਆਸਾ, ਨਾਮਦੇਵ, ਪੰਨਾ-485)

ਲਉਕੀ ਅਠਸਠਿ ਤੀਰਥ ਨ੍ਹਾਈ॥ ਕਉਰਾਪਨ ਤਊ ਨ ਜਾਈ॥੨॥
(ਸੋਰਠਿ, ਕਬੀਰ, ਪੰਨਾ-656)

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥ (ਧਨਾਸਰੀ, ਪੀਪਾ, ਪੰਨਾ-695)

ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ॥੧॥ ਰਹਾਉ॥
(ਤਿਲੰਗ, ਕਬੀਰ, ਪੰਨਾ-727)

ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ॥੩॥
(ਬਿਲਾਵਲ, ਸਧਨਾ, ਪੰਨਾ-858)

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥ (ਸੂਹੀ, ਸ਼ੇਖ਼ ਫ਼ਰੀਦ, ਪੰਨਾ-794)

ਛੋਡਹਿ ਅੰਨੁ ਕਰਹਿ ਪਾਖੰਡ॥ ਨਾ ਸੋਹਾਗਨਿ ਨਾ ਓਹਿ ਰੰਡ॥

(ਗੋਂਡ, ਕਬੀਰ, ਪੰਨਾ-873)

ਦਾਗੇ ਹੋਹਿ ਸੁ ਰਨ ਮਹਿ ਜੂਝਹਿ ਬਿਨੁ ਦਾਗੇ ਭਗਿ ਜਾਈ॥

(ਰਾਮਕਲੀ, ਕਬੀਰ, ਪੰਨਾ-970)

ਮਨੁ ਜੀਤੇ ਜਗੁ ਜੀਤਿਆ ਜਾਂ ਤੇ ਬਿਖਿਆ ਤੇ ਹੋਇ ਉਦਾਸ॥

(ਮਾਰੂ, ਕਬੀਰ, ਪੰਨਾ-1103)

ਗਿਆਨ ਅੰਜਨੁ ਜਿਹ ਪਾਇਆ ਤੇ ਲੋਇਨ ਪਰਵਾਨੁ॥੩॥

(ਮਾਰੂ, ਕਬੀਰ, ਪੰਨਾ-1103)

ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ॥ (ਭੈਰਉ, ਕਬੀਰ, ਪੰਨਾ-1160)

ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ॥ (ਸਲੋਕ, ਕਬੀਰ, ਪੰਨਾ-1365)

ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ॥

(ਸਲੋਕ, ਕਬੀਰ, ਪੰਨਾ-1366)

ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ॥ (ਸਲੋਕ, ਕਬੀਰ, ਪੰਨਾ-1368)

ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥ (ਸਲੋਕ, ਕਬੀਰ, ਪੰਨਾ-1371)

ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ॥

(ਸਲੋਕ, ਕਬੀਰ, ਪੰਨਾ-1371)

ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ॥ (ਸਲੋਕ, ਕਬੀਰ, ਪੰਨਾ-1372)

ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥

(ਸਲੋਕ, ਕਬੀਰ, ਪੰਨਾ-1372)

ਪੀਸਤ ਪੀਸਤ ਚਾਬਿਆ ਸੋਈ ਨਿਬਹਿਆ ਸਾਥ॥ (ਸਲੋਕ, ਕਬੀਰ, ਪੰਨਾ-1376)

ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ॥ (ਸਲੋਕ, ਸ਼ੇਖ ਫ਼ਰੀਦ, ਪੰਨਾ-1377)

ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥

(ਸਲੋਕ, ਸ਼ੇਖ ਫ਼ਰੀਦ, ਪੰਨਾ-1378)

ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ॥

(ਸਲੋਕ, ਸ਼ੇਖ ਫ਼ਰੀਦ, ਪੰਨਾ-1378)

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥

ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ॥

(ਸਲੋਕ, ਸ਼ੇਖ ਫ਼ਰੀਦ, ਪੰਨਾ-1380)

ਉਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥

(ਸਲੋਕ, ਸ਼ੇਖ ਫ਼ਰੀਦ, ਪੰਨਾ-1382)

ਫਰੀਦਾ ਗਲੀ ਸੁ ਸਜਣ ਵੀਹ ਇਕੁ ਢੂੰਢੇਦੀ ਨ ਲਹਾਂ॥

(ਸਲੋਕ, ਸ਼ੇਖ ਫ਼ਰੀਦ, ਪੰਨਾ-1382)

ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥ (ਸਲੋਕ, ਸ਼ੇਖ ਫ਼ਰੀਦ, ਪੰਨਾ-1383)

ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ॥ (ਸਲੋਕ, ਸ਼ੇਖ ਫ਼ਰੀਦ, ਪੰਨਾ-1384)

ਇਸ ਤਰ੍ਹਾਂ ਭਗਤ ਬਾਣੀ ਵਿਚ ਅਖੌਤਾਂ ਤੋਂ ਇਲਾਵਾ ਮੁਹਾਵਰਿਆਂ ਦਾ ਰੂਪ ਲੈ ਜਾਣ ਵਾਲੇ ਵਾਕੰਸ਼ਾਂ ਨੂੰ ਵੀ ਦੇਖਿਆ ਜਾ ਸਕਦਾ ਹੈ। ਜਿਵੇਂ :

ਬਿਖਿਆ ਰਸ - ਵਿਸ਼ੇ ਵਿਕਾਰਾਂ ਦਾ ਮੋਹ - (ਸਿਰੀਰਾਗ, ਕਬੀਰ, ਪੰਨਾ-92)

ਤ੍ਰਿਭਵਣ ਮੇਖੁਲੀ ਲਾਈ - ਤਿੰਨਾਂ ਲੋਕਾਂ ਨੂੰ ਨੇਮਾਂ ਰੂਪੀ ਰੱਸੀ ਵਿਚ ਬੰਨ੍ਹਣਾ

(ਸਿਰੀਰਾਗ, ਕਬੀਰ, ਪੰਨਾ-92)

ਮਿਰਤਕ ਪਿੰਡਿ - ਮਿੱਟੀ ਦਾ ਸਰੀਰ (ਸਿਰੀਰਾਗ, ਬੇਣੀ, ਪੰਨਾ-93)

ਮ੍ਰਿਤ ਮੰਡਲ - ਮਾਤ ਲੋਕ (ਜਿੱਥੇ ਮੌਤ ਵਾਪਰਦੀ ਹੈ)

(ਸਿਰੀਰਾਗ, ਬੇਣੀ, ਪੰਨਾ-93)

ਕਾਇਆ ਕਮਲੁ - ਛੇਤੀ ਨਾਸ਼ ਹੋ ਜਾਣ ਵਾਲਾ ਸ਼ਰੀਰ

(ਸਿਰੀਰਾਗ, ਬੇਣੀ, ਪੰਨਾ-93)

ਮਨੁ ਪੰਖੀ - ਏਧਰ ਓਧਰ ਭਟਕਣ ਵਾਲਾ ਮਨੁੱਖੀ ਮਨ

(ਸਿਰੀਰਾਗ, ਬੇਣੀ, ਪੰਨਾ-93)

ਤਰਵਰ ਕੀ ਛਾਇਆ- ਸਦੀਵੀ ਨਾ ਠਹਿਰ ਵਾਲਾ ਜਗਤ

(ਗਉੜੀ, ਕਬੀਰ, ਪੰਨਾ-325)

ਅਨੀਆਲੇ ਤੀਰ - ਰਾਮ ਭਗਤੀ ਦੀ ਤੀਰ ਵਰਗੀ ਤਿੱਖੀ ਪੀੜ (ਨੋਕਦਾਰ ਤੀਰ)

(ਗਉੜੀ, ਕਬੀਰ, ਪੰਨਾ-327)

ਪੰਚ ਦੂਤ - ਪੰਜ ਮਨੁੱਖੀ ਵਿਕਾਰ-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ (ਮਨ ਦੇ ਪੰਜ ਵਿਕਾਰ)

(ਗਉੜੀ, ਕਬੀਰ, ਪੰਨਾ-331)

ਆਗਿ ਲਗਾਇ ਮੰਦਰ ਮੈ ਸੋਵਹਿ - ਸਰੀਰ ਨੂੰ ਵਿਸ਼ੇ ਵਿਕਾਰਾਂ ਦੀ ਅੱਗ ਲਗਾ ਕੇ ਅਚੇਤ ਹੋ ਜਾਣਾ

(ਗਉੜੀ, ਕਬੀਰ, ਪੰਨਾ-332)

ਸੁੰਨ ਸਰੋਵਰਿ ਪਾਵਹੁ ਸੁਖ- ਅਫੁਰ (ਦਸਮ ਦੁਆਰ) ਦੀ ਅਵਸਥਾ

(ਗਉੜੀ, ਕਬੀਰ, ਪੰਨਾ-343)

ਕਹਾ ਸੁਆਨ ਕਉ ਸਿਮ੍ਰਿਤਿ ਸੁਨਾਏ - ਬੇਕਾਰ ਹੀ ਮੂਰਖ ਨੂੰ ਧਾਰਮਿਕ ਪੁਸਤਕ ਪੜ੍ਹਾਉਣਾ।

(ਆਸਾ, ਕਬੀਰ, ਪੰਨਾ-481)

ਕਊਆ ਕਹਾ ਕਪੂਰ ਚਰਾਏ - ਗੰਦੇ, ਵਿਸ਼ੇ ਭੋਗਣ ਵਾਲੇ ਨੂੰ ਚੰਗੀ ਚੀਜ਼ ਖਵਾਉਣਾ ਬੇਅਰਥ ਹੈ।

(ਆਸਾ, ਕਬੀਰ, ਪੰਨਾ-481)

ਕਹ ਬਿਸੀਅਰ ਕਉ ਦੂਧੁ ਪੀਆਏ - ਕ੍ਰੋਧ, ਨਫ਼ਰਤ ਰੱਖਣ ਵਾਲੇ ਨੂੰ ਦੁੱਧ ਪਿਲਾਉਣਾ ਬੇਅਰਥ ਹੈ।

(ਆਸਾ, ਕਬੀਰ, ਪੰਨਾ-481)

ਅਣਮੜਿਆ ਮੰਦਲੁ ਬਾਜੈ॥ - ਉਹ ਆਤਮਕ ਆਨੰਦ ਜਿਸ ਵਿਚ ਕਿਸੇ ਤਬਲੇ ਨੂੰ ਮੜ੍ਹਨ ਦੀ ਲੋੜ ਨਹੀਂ ਹੁੰਦੀ। (ਸੋਰਠਿ, ਨਾਮਦੇਵ, ਪੰਨਾ-657)

ਬਿਨੁ ਸਾਵਣ ਘਨਹਰੁ ਗਾਜੈ॥ - ਉਹ ਆਤਮਕ ਆਨੰਦ ਜਿਸ ਵਿਚ ਬਿਨਾਂ ਸਾਵਣ ਹੀ ਬੱਦਲ ਗਰਜ਼ਦਾ ਹੈ। (ਸੋਰਠਿ, ਨਾਮਦੇਵ, ਪੰਨਾ-657)

ਬਾਦਲ ਬਿਨੁ ਬਰਖਾ ਹੋਈ॥ - ਉਹ ਆਤਮਕ ਆਨੰਦ ਦੀ ਅਵਸਥਾ ਜਦੋਂ ਬਿਨਾਂ ਬੱਦਲਾਂ ਤੋਂ ਵਰਖਾ ਹੁੰਦੀ ਹੈ। (ਸੋਰਠਿ, ਨਾਮਦੇਵ, ਪੰਨਾ-657)

ਰਤਨ ਕਮਲ ਕੋਠਰੀ- ਕਮਲ ਰੂਪ ਹਿਰਦੇ ਵਿਚ ਗੁਣਾਂ ਰੂਪੀ ਰਤਨ ਹੋਣਾ।

(ਸੋਰਠਿ, ਨਾਮਦੇਵ, ਪੰਨਾ-657)

ਜੱਗ ਕਾਜਲ ਕੀ ਕੋਠਰੀ - ਹਨ੍ਹੇਰੇ ਵਾਲੀ ਥਾਂ, ਜਿੱਥੇ ਕੁੱਝ ਨਾ ਨਜ਼ਰ ਆਉਂਦਾ ਹੋਵੇ।

(ਸਲੋਕ, ਕਬੀਰ, ਪੰਨਾ-1365)

## ਉਲਟੀਬਾਸੀਆਂ

'ਉਲਟਬਾਸੀ' ਤੋਂ ਭਾਵ ਹੈ ਉਹ ਕਾਵਿ-ਉਕਤੀ ਜਿਸ ਵਿਚ ਸਾਧਾਰਣ ਤੋਂ ਉਲਟ ਢੰਗ ਨਾਲ ਗੱਲ ਕਹੀ ਗਈ ਹੋਵੇ। ਇਸ ਲਈ ਵਿਰੋਧਾਭਾਸ ਅਲੰਕਾਰ ਦਾ ਕੁੱਝ ਨ ਕੁੱਝ ਅੰਸ਼ ਰਹਿੰਦਾ ਹੈ। ਇਸ ਰੂਪਾਕਾਰ ਦੇ ਪਿਛੋਕੜ ਨੂੰ ਘੋਖਣ 'ਤੇ ਪ੍ਰਤੀਤ ਹੁੰਦਾ ਹੈ ਕਿ ਇਸ ਦੀ ਵਰਤੋਂ ਨਾਥ-ਜੋਗੀਆਂ ਦੇ ਸਾਹਿਤ ਵਿਚ ਆਮ ਮਿਲਦੀ ਹੈ।[157] "ਅਸਲ ਵਿਚ ਮੱਧਕਾਲੀ ਜੋਗੀਆਂ ਬਜ੍ਰਯਾਨੀਆਂ ਅਤੇ ਵਾਮ-ਮਾਰਗੀਆਂ ਨੇ ਕੁਝ ਅਜਿਹੇ ਪਰਿਭਾਸ਼ਕ ਸ਼ਬਦਾਂ ਨੂੰ ਗ੍ਰਹਿਣ ਕਰ ਲਿਆ ਸੀ ਜੋ ਮਨੁੱਖੀ-ਮਨ ਦੇ ਗਿਆਨ ਘੇਰੇ ਤੋਂ ਬਾਹਰ ਸਨ। ਜਨਤਾ ਉਨ੍ਹਾਂ ਸ਼ਬਦਾਂ ਦਾ ਯੋਗ ਅਰਥ ਸਮਝਣ ਵਿਚ ਅਸਮਰਥ ਹੋਣ ਕਾਰਨ ਇਨ੍ਹਾਂ ਵਾਮ-ਮਾਰਗੀਆਂ ਦੀਆਂ ਉਕਤੀਆਂ ਸੁਣ ਕੇ ਹੈਰਾਨੀ ਵਿਚ ਡੁੱਬ ਜਾਂਦੀ ਸੀ।"[158]

ਗੁਰੂ ਗ੍ਰੰਥ ਸਾਹਿਬ ਵਿਚ ਉਲਟਬਾਸੀਆਂ ਦੀ ਵਰਤੋਂ ਭਗਤ ਕਬੀਰ ਜੀ ਦੁਆਰਾ ਕੀਤੀ ਮਿਲਦੀ ਹੈ ਕਿਉਂਕਿ ਕਬੀਰ ਜੀ ਦੁਆਰਾ ਨਾਥ-ਜੋਗੀਆਂ ਨਾਲ ਸਬੰਧਿਤ ਵਧੇਰੇ ਰਚਨਾ ਕੀਤੀ ਗਈ

ਮਿਲਦੀ ਹੈ। ਕਬੀਰ ਜੀ ਦੀ ਰਚਨਾ ਵਿਚ ਜਿੱਥੇ ਨਾਥ-ਜੋਗੀਆਂ ਦੀਆਂ ਨਕਾਰਾਤਮਕ ਸਾਧਨਾਵਾਂ ਨੂੰ ਉਲਟਾ ਕੇ ਅਧਿਆਤਮਕ ਅਰਥਾਂ ਵਿਚ ਪੇਸ਼ ਕੀਤਾ ਉਥੇ ਨਾਥ-ਜੋਗੀਆਂ ਅੱਗੇ ਉਲਟਬਾਸੀ ਜੁਗਤ ਰਾਹੀਂ ਸਾਰਥਕ ਤੇ ਉਸਾਰੂ ਵਿਚਾਰਾਂ ਨੂੰ ਵੀ ਪੇਸ਼ ਕੀਤਾ ਗਿਆ। ਜਿਵੇਂ ਕਬੀਰ ਜੀ ਲੇਲੇ ਨੂੰ ਭੇਡ ਦੇ ਚੁੰਘਣ ਦੀ ਉਲਟਬਾਸੀ ਦੁਆਰਾ ਮਨੁੱਖੀ-ਬੁੱਧੀ ਦੇ ਮਨੁੱਖੀ ਮਨ ਪਿੱਛੇ ਲੱਗੇ ਰਹਿਣ ਦੇ ਵਿਚਾਰ ਨੂੰ ਪ੍ਰਗਟਾਉਂਦੇ ਹਨ :

ਕਹੁ ਕਬੀਰ ਪਰਗਟੁ ਭਈ ਖੇਡ॥

ਲੇਲੇ ਕਉ ਚੂਘੈ ਨਿਤ ਭੇਡ॥ (ਗਉੜੀ, ਕਬੀਰ, ਪੰਨਾ-326)

ਇਸੇ ਤਰ੍ਹਾਂ ਹੀ ਕਬੀਰ ਜੀ ਨੇ ਜੀਵਾਤਮਾ ਦੇ ਮਾਇਕ ਪ੍ਰਪੰਚ ਵਿਚ ਫਸਣ ਨਾਲ ਸਾਰੀ ਸਥਿਤੀ ਨੂੰ ਉਲਟਾ ਕੇ ਇਸ ਤਰ੍ਹਾਂ ਦੱਸਿਆ ਹੈ ਕਿ ਪਹਿਲਾਂ ਜੀਵਾਤਮਾ ਰੂਪੀ ਪੁੱਤਰ ਤੇ ਬਾਅਦ 'ਚ ਮਾਇਆ (ਮਾਈ) ਪੈਦਾ ਹੋਈ। ਗੁਰੂ (ਵੱਡੇ ਅਸਲੇ ਵਾਲੇ ਜੀਵ ਦੇ ਆਪਣੇ ਹੀ ਬਣਾਏ ਹੋਏ) ਮਨ ਰੂਪੀ ਚੇਲੇ ਦੇ ਪੈਰੀਂ ਲੱਗ ਗਿਆ। ਨਿਡਰ, ਅਪਾਰ ਸ਼ਕਤੀ ਵਾਲਾ ਜੀਵਾਤਮਾ ਰੂਪੀ ਸ਼ੇਰ ਇੰਦ੍ਰੀਆਂ ਰੂਪੀ ਗਊਆਂ ਨੂੰ ਚਰਾਉਂਦਾ ਹੈ। ਸਤਿਸੰਗਤ ਵਿਚ ਰਹਿਣ ਵਾਲੀ ਜੀਵਾਤਮਾ ਰੂਪੀ ਮੱਛਲੀ ਸੰਸਾਰਿਕ ਪ੍ਰਪੰਚ (ਤਰਵਰ) ਵਿਚ ਉਲਝ ਗਈ ਹੈ। ਤ੍ਰਿਸ਼ਨਾ ਰੂਪੀ ਬਿੱਲੀ ਸੰਤੋਖ ਰੂਪੀ ਕਤੂਰੇ ਨੂੰ ਫੜ ਕੇ ਲੈ ਗਈ। ਬਿਰਛ ਦੀਆਂ ਟਹਿਣੀਆਂ ਹੇਠਾਂ ਨੂੰ, ਉੱਪਰ ਨੂੰ ਜੜ੍ਹ ਤੇ ਵਿਚਕਾਰ ਤਣੇ ਨੂੰ ਫਲ ਫੁੱਲ ਲੱਗੇ ਹੋਏ ਹਨ, ਭਾਵ ਜੀਵ-ਰੁੱਖ ਨੂੰ ਫੁੱਲ, ਫਲ ਵੀ ਅਜਿਹੇ ਹੀ, ਵਾਸ਼ਨਾ ਵਾਲੇ ਹੀ ਲੱਗਦੇ ਹਨ। ਵਾਸ਼ਨਾ ਰੂਪੀ ਭੈਂਸ ਮਨ ਰੂਪੀ ਘੋੜੇ ਉੱਤੇ ਚੜ੍ਹਕੇ ਵਿਸ਼ੇ ਭੋਗਣ ਲਈ ਭਜਾਈ ਫਿਰਦੀ ਹੈ। ਧੀਰਜ ਰੂਪ ਬਲਦ ਬਾਹਰ ਨਿਕਲ ਗਿਆ ਹੈ ਅਤੇ ਤ੍ਰਿਸ਼ਨਾ ਦੀ ਛੱਟ ਜੀਵ ਦੇ ਹਿਰਦੇ ਰੂਪੀ ਘਰ ਵਿਚ ਆ ਗਈ ਹੈ। ਸੋ ਕਬੀਰ ਜੀ ਕਹਿੰਦੇ ਹਨ ਕਿ ਇਸ ਅਸਲ ਸੱਚ ਨੂੰ ਰਾਮ-ਨਾਮ ਦੇ ਸਿਮਰਨ ਵਾਲਾ ਹੀ ਸਮਝ ਸਕਦਾ ਹੈ :

ਪਹਿਲਾ ਪੂਤੁ ਪਿਛੈਰੀ ਮਾਈ॥ ਗੁਰੁ ਲਾਗੋ ਚੇਲੇ ਕੀ ਪਾਈ॥੧॥

ਏਕੁ ਅਚੰਭਉ ਸੁਨਹੁ ਤੁਮ੍ ਭਾਈ॥ ਦੇਖਤ ਸਿੰਘੁ ਚਰਾਵਤ ਗਾਈ॥੧॥ ਰਹਾਉ॥...

ਕਹਤ ਕਬੀਰ ਜੁ ਇਸ ਪਦ ਬੂਝੈ॥ ਰਾਮ ਰਮਤ ਤਿਸੁ ਸਭੁ ਕਿਛੁ ਸੂਝੈ॥੫॥੯॥੨੨॥

(ਆਸਾ, ਕਬੀਰ, ਪੰਨਾ-481)

ਸੋ ਉਲਟਬਾਸੀ ਦੀ ਇਹ ਜੁਗਤ ਕਬੀਰ ਜੀ ਦੀ ਭਾਸ਼ਾ ਨੂੰ ਇਕ ਨਿਵੇਕਲਾ ਰੰਗ ਪ੍ਰਦਾਨ ਕਰਦੀ ਹੈ। ਜਿਸ ਭਾਸ਼ਾ ਜੁਗਤ ਨੂੰ ਜੋਗੀਆਂ ਦੁਆਰਾ ਅਪਣਾਕੇ, ਜੋਗੀਆਂ ਨੂੰ ਹੀ ਆਪਣੇ ਦਲੀਲਮਈ ਵਿਚਾਰਾਂ, ਉਪਦੇਸ਼ਾਂ ਤੋਂ ਜਾਗਰੂਕ ਕਰਵਾਇਆ ਗਿਆ ਹੈ।

## ਹਵਾਲੇ ਅਤੇ ਟਿੱਪਣੀਆਂ

---

1 ਡਾ. ਮਨਮੋਹਨ ਸਹਿਗਲ, **ਗੁਰੂ ਗ੍ਰੰਥ ਸਾਹਿਬ : ਇਕ ਸਭਿਆਚਾਰਕ ਸਰਵੇਖਣ,** ਭਾਸ਼ਾ ਵਿਭਾਗ ਪੰਜਾਬ, 1987, ਪੰਨਾ-109-110.

2 ਡਾ. ਮਦਨ ਗੋਪਾਲ ਆਚਾਰੀਆ, **ਆਦਿ-ਗ੍ਰੰਥ ਵਿਚ ਸੰਕਲਿਤ ਭਗਤ ਬਾਣੀ ਵਿਚ ਨੈਤਿਕਤਾ ਦਾ ਸੰਕਲਪ**, ਭਾਸ਼ਾ ਵਿਭਾਗ, ਪੰਜਾਬ, 2001, ਪੰਨਾ-2

3 ਵਜ਼ੀਰ ਸਿੰਘ, **ਨੈਤਿਕ ਨਿਯਮ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990, ਪੰਨਾ-21.

4 ਉਹੀ, ਪੰਨਾ-9.

5 ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥੫੯॥

(ਸਲੋਕ, ਸ਼ੇਖ ਫ਼ਰੀਦ, ਪੰਨਾ-1381)

6 ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ॥੧੦੦॥

(ਸਲੋਕ ਸ਼ੇਖ ਫ਼ਰੀਦ, ਪੰਨਾ-1365)

7 ਤੈ ਨਰ ਕਿਆ ਪੁਰਾਨੁ ਸੁਨਿ ਕੀਨਾ॥
ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ॥੧॥ਰਹਾਉ॥...

(ਸਾਰੰਗ, ਪਰਮਾਨੰਦ, ਪੰਨਾ-1253)

8 ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥੧੨੯॥

(ਸਲੋਕ, ਸ਼ੇਖ ਫ਼ਰੀਦ, ਪੰਨਾ-1384)

9 ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥੭੮॥

(ਸਲੋਕ, ਸ਼ੇਖ ਫ਼ਰੀਦ, ਪੰਨਾ-1382)

10 ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਾ ਨ ਮਾਰੇ ਘੁੰਮਿ॥
ਆਪਨੜੈ ਘਰਿ ਜਾਈਐ ਪੈਰ ਤਿਨ੍ਾ ਦੇ ਚੁੰਮਿ॥੭॥

(ਸਲੋਕ, ਸ਼ੇਖ ਫ਼ਰੀਦ, ਪੰਨਾ-1378)

11 ਸਿੰਘਚ ਭੋਜਨੁ ਜੋ ਨਰੁ ਜਾਨੈ॥
ਐਸੇ ਹੀ ਠਗਦੇਉ ਬਖਾਨੈ॥੨॥ (ਆਸਾ, ਨਾਮਦੇਵ, ਪੰਨਾ-485-486)

12 ਇਹੀ ਤੇਰਾ ਅਉਸਰੁ ਇਹ ਤੇਰੀ ਬਾਰ॥
ਘਟ ਭੀਤਰਿ ਤੂ ਦੇਖੁ ਬਿਚਾਰਿ॥.... (ਭੈਰਉ, ਕਬੀਰ, ਪੰਨਾ-1159)

13 ਇਸ ਦੇਹੀ ਕਉ ਸਿਮਰਹਿ ਦੇਵ॥
ਸੋ ਦੇਹੀ ਭਜੁ ਹਰਿ ਕੀ ਸੇਵ॥੧॥ (ਭੈਰਉ, ਕਬੀਰ, ਪੰਨਾ-1159)

14 ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥੮੧॥

(ਸਲੋਕ, ਸ਼ੇਖ ਫ਼ਰੀਦ, ਪੰਨਾ-1382)

15 ਜਬ ਹਮ ਏਕੋ ਏਕੁ ਕਰਿ ਜਾਨਿਆ॥ ਤਬ ਲੋਗਹ ਕਾਹੇ ਦੁਖੁ ਮਾਨਿਆ॥੧॥...
ਪਤਿ ਅਪਤਿ ਤਾ ਕੀ ਨਹੀ ਲਾਜ॥ ਤਬ ਜਾਨਹੁਗੇ ਜਬ ਉਘਰੈਗੋ ਪਾਜ॥੩॥

(ਗਉੜੀ, ਕਬੀਰ, ਪੰਨਾ-324)

16 ਗੋਬਿੰਦ ਹਮ ਐਸੇ ਅਪਰਾਧੀ॥
ਜਿਨਿ ਪ੍ਰਭਿ ਜੀਉ ਪਿੰਡੁ ਥਾ ਦੀਆ ਤਿਸ ਕੀ ਭਾਉ ਭਗਤਿ ਨਹੀ ਸਾਧੀ॥੧॥ਰਹਾਉ॥

(ਰਾਮਕਲੀ, ਕਬੀਰ, ਪੰਨਾ-970-971)

17 ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥੧੩੧॥

(ਸਲੋਕ, ਕਬੀਰ, ਪੰਨਾ-1371)

18 ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ॥
ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ॥੧੮॥

(ਸਲੋਕ, ਸ਼ੇਖ ਫ਼ਰੀਦ, ਪੰਨਾ-1378)

19 ਜੀਅ ਬਧਹੁ ਸੁ ਧਰਮੁ ਕਰਿ॥
ਥਾਪਹੁ ਅਧਰਮੁ ਕਰਹੁ ਕਤ ਭਾਈ॥... (ਮਾਰੂ, ਕਬੀਰ, ਪੰਨਾ-1103)

20 ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ ॥੨॥
ਹਰਿ ਕੇ ਸੇਵਕ ਜੋ ਹਰਿ ਭਾਏ ਤਿਨ੍ ਕੀ ਕਥਾ ਨਿਰਾਰੀ ਰੇ ॥...

(ਬਿਲਾਵਲੁ, ਕਬੀਰ, ਪੰਨਾ-855)

21 ਅਧਿਆਤਮ ਕਰਮ ਕਰੇ ਤਾ ਸਾਚਾ॥
ਮੁਕਤਿ ਭੇਦੁ ਕਿਆ ਜਾਣੈ ਕਾਚਾ॥....

(ਗਉੜੀ, ਮ. 1, ਪੰਨਾ-223)

22 ਅਉਰ ਇਕ ਮਾਗਉ ਭਗਤਿ ਚਿੰਤਾਮਣਿ॥... (ਆਸਾ, ਰਵਿਦਾਸ, ਪੰਨਾ-486)

23 ਚਲੁ ਦਰਹਾਲੁ ਦੀਵਾਨਿ ਬੁਲਾਇਆ॥ ਹਰਿ ਫੁਰਮਾਨੁ ਦਰਗਹ ਕਾ ਆਇਆ॥੧॥ ਰਹਾਉ॥
ਕਰਉ ਅਰਦਾਸਿ ਗਾਵ ਕਿਛੁ ਬਾਕੀ॥

ਲੇਉ ਨਿਬੇਰਿ ਆਜੁ ਕੀ ਰਾਤੀ॥ (ਸੂਹੀ, ਕਬੀਰ, ਪੰਨਾ-792)

24 ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨ੍ਹਿ॥
ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ॥੧੦੦॥

(ਸਲੋਕ, ਸ਼ੇਖ਼ ਫ਼ਰੀਦ, ਪੰਨਾ-1383)

25 ਧ੍ਰਿਗ ਤਨੁ ਧ੍ਰਿਗੁ ਧਨੁ ਇਹ ਮਾਇਆ ਧ੍ਰਿਗ ਧ੍ਰਿਗੁ ਮਤਿ ਬੁਧਿ ਫੰਨੀ॥...

(ਬਿਲਾਵਲ, ਕਬੀਰ, ਪੰਨਾ 857)

26 ਕਬੀਰ ਗਰਬੁ ਨ ਕੀਜੀਐ ਰੰਕੁ ਨਾ ਹਸੀਐ ਕੋਇ॥
ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ॥੩੯॥

(ਸਲੋਕ, ਕਬੀਰ ਜੀ, ਪੰਨਾ-1366)

27 ਕਬੀਰ ਮਾਇਆ ਡੋਲਨੀ ਪਵਨੁ ਝਕੋਲਨਹਾਰੁ॥
ਸੰਤਨੁ ਮਾਖਨੁ ਖਾਇਆ ਛਾਛਿ ਪੀਐ ਸੰਸਾਰੁ॥੧੯॥

(ਸਲੋਕ, ਕਬੀਰ, ਪੰਨਾ-1365)

28 ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ॥੨੩੩॥

(ਸਲੋਕ, ਕਬੀਰ, ਪੰਨਾ-1377)

29 ਡਾ. ਕੁਲਵੰਤ ਸਿੰਘ, **ਮਿਥ ਅਧਿਐਨ ਤੇ ਵਾਰਾਂ ਭਾਈ ਗੁਰਦਾਸ,** ਰਵੀ ਸਾਹਿੱਤ ਪ੍ਰਕਾਸ਼ਨ, ਅੰਮ੍ਰਿਤਸਰ, 1982, ਪੰਨਾ-17.

30 ਉੱਧਰਿਤ, ਉਹੀ, ਪੰਨਾ-18-19.

31 m¼jr] (MkW-) egs'k dqekj] **lwj dkO; esa feFkdh; rRo**] 'kadj ifCyds'kUl fnYyh] 2002] i`- 16

32 ogh] i`- 16

33 ਜੋਗਿੰਦਰ ਸਿੰਘ ਕੈਰੋਂ, **ਵਿਸਮਾਦ ਨਾਦ (ਅੰਕ**-1), ਅਮਰਜੀਤ ਸਿੰਘ ਗਰੇਵਾਲ (ਸੰਪਾ.), ਸਤਿੰਦਰ ਸਿੰਘ ਨੂਰ, (ਵਿਸ਼ੇਸ਼ ਸੰਪਾ.) ਇੰਟਰਨੈਸ਼ਨਲ ਇਨਸਟੀਚਿਊਟ ਆਫ ਗੁਰਮਤਿ ਸਟੱਡੀਜ਼, ਲੁਧਿਆਣਾ,1994, ਪੰਨਾ-184.

34 ਡਾ. ਹਰਿਭਜਨ ਸਿੰਘ, **ਸਾਹਿਤ ਅਧਿਐਨ,** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2002, ਪੰਨਾ-21.

35 ਡਾ. ਕੁਲਵੰਤ ਸਿੰਘ, **ਮਿਥ ਅਧਿਐਨ ਤੇ ਵਾਰਾਂ ਭਾਈ ਗੁਰਦਾਸ,** ਪੰਨਾ-57.

36 ਉੱਧਰਿਤ, ਉਹੀ, ਪੰਨਾ-41-42.

37 ਉਹੀ, ਪੰਨਾ- 58.

38 ਪ੍ਰੋ. ਸ਼ੇਰ ਸਿੰਘ, **ਗੁਰਮਤਿ ਦਰਸ਼ਨ,** ਸ਼੍ਰੋ. ਗੁ. ਪ੍ਰ. ਕਮੇਟੀ, ਅੰਮ੍ਰਿਤਸਰ, 2010, ਪੰਨਾ-156.

39 ਬੇਦ ਪੁਰਾਨ ਸਭੈ ਮਤ ਸੁਨਿ ਕੈ ਕਰੀ ਕਰਮ ਕੀ ਆਸਾ॥
ਕਾਲ ਗ੍ਰਸਤ ਸਭ ਲੋਗ ਸਿਆਨੇ ਉਠਿ ਪੰਡਿਤ ਪੈ ਚਲੇ ਨਿਰਾਸਾ॥੧॥
(ਸੋਰਠਿ, ਕਬੀਰ, ਪੰਨਾ-654)

40 ਸਨਕ ਸਨੰਦ ਅੰਤੁ ਨਹੀ ਪਾਇਆ॥
ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ॥੧॥
(ਆਸਾ, ਕਬੀਰ, ਪੰਨਾ-478)

41 ਕਿਆ ਪੜੀਐ ਕਿਆ ਗੁਨੀਐ॥ ਕਿਆ ਬੇਦ ਪੁਰਾਨਾਂ ਸੁਨੀਐ॥
ਪੜੇ ਸੁਨੇ ਕਿਆ ਹੋਈ॥ ਜਉ ਸਹਜ ਨ ਮਿਲਿਓ ਸੋਈ॥੧॥
(ਸੋਰਠਿ, ਕਬੀਰ, ਪੰਨਾ-655)

42 ਕਹਾ ਸੁਆਨ ਕਉ ਸਿਮ੍ਰਿਤ ਸੁਨਾਏ॥
ਕਹਾ ਸਾਕਤ ਪਹਿ ਹਰਿ ਗੁਨ ਗਾਏ॥੧॥ (ਆਸਾ, ਕਬੀਰ, ਪੰਨਾ-481)

43 ਡਾ. ਮਨਮੋਹਨ ਸਹਿਗਲ, **ਗੁਰੂ ਗ੍ਰੰਥ ਸਾਹਿਬ : ਇਕ ਸਭਿਆਚਾਰਕ ਸਰਵੇਖਣ,** ਪੰਨਾ-415.

44 ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼,** ਭਾਸ਼ਾ ਵਿਭਾਗ, ਪੰਜਾਬ, 1999, ਪੰਨਾ-1055.

45 ਕਵਲਾ ਚਰਨ ਸਰਨ ਹੈ ਜਾ ਕੇ॥
ਕਹੁ ਜਨ ਕਾ ਨਾਹੀ ਘਰ ਤਾ ਕੇ॥੩॥ (ਗਉੜੀ, ਕਬੀਰ, ਪੰਨਾ-330)

46 ਡਾ. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ-ਦੂਜਾ),** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ-113.

47 ਉਹੀ, ਭਾਗ-ਪਹਿਲਾ, ਪੰਨਾ-176.

48 ਦੁਰਗਾ ਕੋਟਿ ਜਾ ਕੈ ਮਰਦਨੁ ਕਰੈ॥.... (ਭੈਰਉ, ਕਬੀਰ, ਪੰਨਾ-1162)

49 ਡਾ. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ),** ਪੰਨਾ-160.

50 ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼,** ਪੰਨਾ-203.

51 ਸੋਹਣ ਸਿੰਘ ਸੀਤਲ, **ਗੁਰਬਾਣੀ ਵਿਚ ਪੁਰਾਣਿਕ ਪਾਤਰ ਤੇ ਭਗਤ,** ਸੀਤਲ ਪੁਸਤਕ ਭੰਡਾਰ, ਲੁਧਿਆਣਾ, 1986, ਪੰਨਾ-10.

52 ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ॥੪॥੨॥
(ਸੋਰਠਿ, ਨਾਮਦੇਵ, ਪੰਨਾ-657)

53 ਆਸ ਪਾਸ ਘਨ ਤੁਰਸੀ ਕਾ ਬਿਰਵਾ ਮਾਝ ਬਨਾ ਰਸਿ ਗਾਊਂ ਰੇ॥
ਉਆ ਕਾ ਸਰੂਪੁ ਦੇਖਿ ਮੋਹੀ ਗੁਆਰਨਿ ਮੋ ਕਉ ਛੋਡਿ ਨ ਆਉ ਨ ਜਾਹੂ ਰੇ॥੧॥...
(ਗਉੜੀ, ਕਬੀਰ, ਪੰਨਾ-338)

54 ਕਰ ਧਰੇ ਚਕ੍ਰ ਬੈਕੁੰਠ ਤੇ ਆਏ ਗਜ ਹਸਤੀ ਕੇ ਪ੍ਰਾਨ ਉਧਾਰੀਅਲੇ॥
ਦੁਹਸਾਸਨ ਕੀ ਸਭਾ ਦ੍ਰੋਪਤੀ ਅੰਬਰ ਲੇਤ ਉਬਾਰੀਅਲੇ॥੧॥...
(ਮਾਲੀ ਗਉੜਾ, ਨਾਮਦੇਵ, ਪੰਨਾ-988)

55 ਪ੍ਰੋ. ਸਾਹਿਬ ਸਿੰਘ, **ਭਗਤ ਬਾਣੀ ਸਟੀਕ (ਹਿੱਸਾ ਪਹਿਲਾ)**, ਸਿੰਘ ਬਦਰਜ਼, ਅੰਮ੍ਰਿਤਸਰ, 2002, ਪੰਨਾ-27.

56 ਡਾ. ਰਤਨ ਜੱਗੀ, **ਪੰਜਾਬੀ ਸਾਹਿਤ ਸੰਦਰਭ ਕੋਸ਼,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994, ਪੰਨਾ-44.

57 ਉਹੀ, ਪੰਨਾ-36.

58 ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼,** ਪੰਨਾ-83.

59 ਸੋਹਣ ਸਿੰਘ ਸੀਤਲ, **ਗੁਰਬਾਣੀ ਵਿਚ ਪੁਰਾਣਿਕ ਪਾਤਰ ਤੇ ਭਗਤ,** ਪੰਨਾ-30-31.

60 ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼**, ਪੰਨਾ-116.

61 ਸੋਹਣ ਸਿੰਘ ਸੀਤਲ, **ਗੁਰਬਾਣੀ ਵਿਚ ਪੁਰਾਣਿਕ ਪਾਤਰ ਤੇ ਭਗਤ,** ਪੰਨਾ-22.

62 ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼,** ਪੰਨਾ-844.

63 ਭਾਈ ਵੀਰ ਸਿੰਘ, **ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003, ਪੰਨਾ-52.

64 ਸੋਹਣ ਸਿੰਘ ਸੀਤਲ, **ਗੁਰਬਾਣੀ ਵਿਚ ਪੁਰਾਣਿਕ ਪਾਤਰ ਤੇ ਭਗਤ,** ਪੰਨਾ-68.

65 ਡਾ. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵਕੋਸ਼** (ਭਾਗ ਦੂਸਰਾ), ਪੰਨਾ-286.

66 ਸੋਹਣ ਸਿੰਘ ਸੀਤਲ, **ਗੁਰਬਾਣੀ ਵਿਚ ਪੁਰਾਣਿਕ ਪਾਤਰ ਤੇ ਭਗਤ**, ਪੰਨਾ 57-58.

67 **ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ** (ਪੋਥੀ ਚੌਥੀ), ਸ਼੍ਰੋ. ਗੁ. ਪ੍ਰ. ਕਮੇਟੀ, ਅੰਮ੍ਰਿਤਸਰ, 2008, ਪੰਨਾ-1124.

68 ਉਹੀ, ਪੋਥੀ ਤੀਜੀ, ਪੰਨਾ-858.

69 ਡਾ. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵਕੋਸ਼** (ਭਾਗ ਪਹਿਲਾ), ਪੰਨਾ-27.

70 ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼,** ਪੰਨਾ-674.

71 ਉਹੀ, ਪੰਨਾ-795-796.

72 ਸੋਹਣ ਸਿੰਘ ਸੀਤਲ, **ਗੁਰਬਾਣੀ ਵਿਚ ਪੁਰਾਣਿਕ ਪਾਤਰ ਤੇ ਭਗਤ,** ਪੰਨਾ-34.

73 ਡਾ. ਮਨਮੋਹਨ ਸਹਿਗਲ, **ਗੁਰੂ ਗ੍ਰੰਥ ਸਾਹਿਬ: ਇੱਕ ਸਭਿਆਚਰਕ ਸਰਵੇਖਣ,** ਪੰਨਾ-464.

74 ਜਾਂ ਚੈ ਘਰ ਕੂਰਮਾ ਪਾਲੁ ਸਹਸ੍ਰ ਫਨੀ ਬਾਸਕੁ ਸੇਜ ਵਾਲੂਆ॥

(ਮਲਾਰ, ਨਾਮਦੇਵ, ਪੰਨਾ-1292)

75 ਸਨਕਾਦਿਕ ਨਾਰਦ ਮੁਨਿ ਸੇਖਾ॥

ਤਿਨ ਭੀ ਤਨ ਮਹਿ ਮਨੁ ਨਹੀ ਪੇਖਾ॥੩॥ (ਗਉੜੀ, ਕਬੀਰ, ਪੰਨਾ-330)

76 ਨਾਰਦ ਬਚਨ ਬਿਆਸੁ ਕਹਤ ਹੈ ਸੁਕ ਕਉ ਪੂਛਹੁ ਜਾਈ॥

ਕਹਿ ਕਬੀਰ ਰਾਮੈ ਰਮਿ ਛੂਟਹੁ ਨਾਹਿ ਤ ਬੂਡੇ ਭਾਈ॥੪॥੧॥

(ਮਾਰੂ, ਕਬੀਰ, ਪੰਨਾ-1103)

77 ਗੋਤਮ ਨਾਰਿ ਉਮਾਪਤਿ ਸ੍ਵਾਮੀ॥

ਸੀਸੁ ਧਰਨਿ ਸਹਸ ਭਗ ਗਾਂਮੀ॥੪॥ (ਜੈਤਸਰੀ, ਰਵਿਦਾਸ, ਪੰਨਾ-710)

78 ਰੇ ਚਿਤ ਚੇਤਿ ਚੇਤ ਅਚੇਤ॥ ਕਾਹੇ ਨ ਬਾਲਮੀਕਹਿ ਦੇਖ॥

ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ॥੧॥ਰਹਾਉ॥

(ਕੇਦਾਰਾ, ਰਵਿਦਾਸ, ਪੰਨਾ-1124)

79 ਬ੍ਰਿਹਸਪਤਿ ਬਿਖਿਆ ਦੇਇ ਬਹਾਇ॥... (ਗਉੜੀ, ਕਬੀਰ, ਪੰਨਾ-344)

80 ਇਸੁ ਧਨ ਕਾਰਣਿ ਸਿਵ ਸਨਕਾਦਿਕ ਖੋਜਤ ਭਏ ਉਦਾਸੀ॥

ਮਨਿ ਮੁਕੰਦੁ ਜਿਹਬਾ ਨਾਰਾਇਨੁ ਪਰੈ ਨ ਜਮ ਕੀ ਫਾਸੀ॥

(ਗਉੜੀ, ਕਬੀਰ, ਪੰਨਾ-336)

81 ਸਨਕ ਸਨੰਦ ਅੰਤੁ ਨਹੀ ਪਾਇਆ॥

ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ॥੧॥ (ਆਸਾ, ਕਬੀਰ, ਪੰਨਾ-478)

82 ਡਾ. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵਕੋਸ਼** (ਭਾਗ-ਦੂਜਾ), ਪੰਨਾ-114.

83 ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼,** ਪੰਨਾ-966.

84 ਡਾ. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵਕੋਸ਼** (ਭਾਗ ਦੂਜਾ), ਪੰਨਾ-375.

85 ਡਾ. ਕੁਲਵੰਤ ਸਿੰਘ, **ਖੋਜ ਪਤ੍ਰਿਕਾ (ਗੁਰਮਤਿ ਕਾਵਿ ਅੰਕ-26),** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ-294.

86 ਭਾਈ ਵੀਰ ਸਿੰਘ, **ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,** ਪੰਨਾ-133.

87 ਡਾ. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵਕੋਸ਼** (ਭਾਗ-ਪਹਿਲਾ), ਪੰਨਾ-474.

88 ਉਹੀ, ਪੰਨਾ-470.

89 ਉਹੀ, ਪੰਨਾ-470

90 ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼,** ਪੰਨਾ-399.

91 ਡਾ. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵਕੋਸ਼** (ਭਾਗ ਪਹਿਲਾ), ਪੰਨਾ-173.

92 ਉਹੀ, ਪੰਨਾ-173.

93 ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼,** ਪੰਨਾ-468.

94 ਪਾਪੁ ਪੁੰਨੁ ਜਾਂ ਚੈ ਡਾਂਗੀਆ ਦੁਆਰੈ ਚਿਤ੍ਰ ਗੁਪਤੁ ਲੇਖੀਆ॥
ਧਰਮ ਰਾਇ ਪਰੁਲੀ ਪ੍ਰਤਿਹਾਰੁ॥ ਸੁੋ ਐਸਾ ਰਾਜਾ ਸ੍ਰੀ ਗੋਪਾਲ॥੨॥
(ਮਲਾਰ, ਨਾਮਦੇਵ, ਪੰਨਾ-1292)

95 ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ॥
ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ॥੫॥...
(ਰਾਮਕਲੀ, ਕਬੀਰ, ਪੰਨਾ-969-970)

96 ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ॥
ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ॥੧॥ (ਗਉੜੀ, ਕਬੀਰ, ਪੰਨਾ-337)

97 ਸੱਯਦ ਅਬੁਲ ਆਲਾ ਮੌਦੂਦੀ, **ਕੁਰਆਨ ਮਜੀਦ**: ਰਮਜ਼ਾਨ ਸਈਦ (ਅਨੁ.), ਪੰਜਾਬੀ ਇਸਲਾਮਿਕ ਪਬਲੀਕੇਸ਼ਨਜ਼, ਮਾਲੇਰਕੋਟਲਾ, 1998, ਪੰਨਾ-1222-1223

98 ਉਹੀ, ਪੰਨਾ-1235-1236.

99 ਡਾ. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵਕੋਸ਼** (ਭਾਗ ਦੂਜਾ), ਪੰਨਾ-217.

100 ਸੱਯਦ ਅਬੁਲ ਆਲਾ ਮੌਦੂਦੀ, **ਕੁਰਆਨ ਮਜੀਦ**, **ਸੂਰਤ ਅਲ-ਅਨਆਮ-6,** ਆਇਤ 56-62, ਪੰਨਾ-232.

101 ਦੁਧੁ ਪੀਉ ਗੋਬਿੰਦੇ ਰਾਇ॥ ਦੁਧੁ ਪੀਉ ਮੇਰੋ ਮਨੁ ਪਤੀਆਇ॥...
ਦੂਧੁ ਪੀਆਇ ਭਗਤੁ ਘਰਿ ਗਇਆ॥
ਨਾਮੇ ਹਰਿ ਕਾ ਦਰਸਨੁ ਭਇਆ॥੪॥੩॥ (ਭੈਰਉ, ਨਾਮਦੇਵ, ਪੰਨਾ-1163-1164)

102 ਪਾੜ ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ॥...
ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ॥...
(ਸੋਰਠਿ, ਨਾਮਦੇਵ, ਪੰਨਾ-657)

103 ਕੁੰਚਰੁ ਪੋਟ ਲੈ ਲੈ ਨਮਸਕਾਰੈ॥
ਬੂਝੀ ਨਹੀ ਕਾਜੀ ਅੰਧਿਆਰੈ॥੩॥... (ਗੋਂਡ, ਕਬੀਰ, ਪੰਨਾ-871)

104 eqdqUnhyky JhokLro (laik-)] **Kku 'kCn dks'k]** Kkue.My fyfeVsM] cukjl] 1956] i`- 570

105 ਉੱਧਰਿਤ, ਡਾ. ਦਲੀਪ ਸਿੰਘ ਦੀਪ, **ਕਾਵਿ-ਬਿੰਬ,** ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁਕ ਬੋਰਡ, ਚੰਡੀਗੜ੍ਹ, 1976, ਪੰਨਾ-3.

106 dsnkjukFk flag (Mk-) **vk/qfud fgUnh dfork esa fcEcfo/ku**] Hkkjrh; KkuihB izdk'ku] fnYyh] 1971] i`- 5

107 ogh] i`- 21

108 ਡਾ. ਦਲੀਪ ਸਿੰਘ ਦੀਪ, **ਕਾਵਿ-ਬਿੰਬ,** ਪੰਨਾ-8.

109 ਉਹੀ, ਪੰਨਾ-21.

110 ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼,** ਪੰਨਾ-1044.

111 ਉਹੀ, ਪੰਨਾ-13.

112 ਡਾ. ਦਲੀਪ ਸਿੰਘ ਦੀਪ, **ਕਾਵਿ-ਬਿੰਬ,** ਪੰਨਾ-42.

113 ਡਾ. ਪ੍ਰੇਮ ਪ੍ਰਕਾਸ਼ ਸਿੰਘ, **ਕਾਵਿ ਦੇ ਤੱਤ,** ਲਾਹੌਰ ਬੁੱਕ ਸ਼ਾਪ, ਲੁਧਿਆਣਾ, 1970, ਪੰਨਾ-139.

114 ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼,** ਪੰਨਾ-656.

115 ਡਾ. ਪ੍ਰੇਮ ਪ੍ਰਕਾਸ਼ ਸਿੰਘ, **ਕਾਵਿ ਦੇ ਤੱਤ,** ਪੰਨਾ-82.

116 dsnkjukFk flag (MkW-) **vk/qfud fgUnh dfork esa fcEcfo/ku**] i`- 32

117 ਡਾ. ਦਲੀਪ ਸਿੰਘ ਦੀਪ, **ਕਾਵਿ-ਬਿੰਬ,** ਪੰਨਾ-160.

118 ਨਿਜ ਘਰਿ ਪਾਰਸੁ ਤਜਹੁ ਗੁਨ ਆਨ॥੩॥ (ਗਉੜੀ, ਕਬੀਰ, ਪੰਨਾ-325)

119 ਸਾਧਕ ਸਿਧ ਸਗਲ ਮੁਨਿ ਹਾਰੇ॥
ਏਕ ਨਾਮ ਕਲਿਪ ਤਰ ਤਾਰੇ॥੧॥ (ਗਉੜੀ, ਕਬੀਰ, ਪੰਨਾ-330)

120 ਤੂੰ ਜਲਨਿਧ ਹਉ ਜਲ ਕਾ ਮੀਨੁ॥...
ਤੂੰ ਪਿੰਜਰੁ ਹਉ ਸੂਅਟਾ ਤੋਰ॥ ....
ਤੂੰ ਤਰਵਰੁ ਹਉ ਪੰਖੀ ਆਹਿ॥... (ਗਉੜੀ, ਕਬੀਰ, ਪੰਨਾ-323)

121 ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ॥ (ਆਸਾ, ਕਬੀਰ, ਪੰਨਾ-483)

122 ਹਰਿ ਕੀ ਕਥਾ ਅਨਾਹਦ ਬਾਨੀ॥
ਹੰਸੁ ਹੁਇ ਹੀਰਾ ਲੇਇ ਪਛਾਨੀ॥੧॥ ਰਹਾਉ॥ (ਆਸਾ, ਕਬੀਰ, ਪੰਨਾ-483)

123 ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ॥...
ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ॥...

(ਆਸਾ, ਰਵਿਦਾਸ, ਪੰਨਾ-486)

124 ਡਾ. ਦਲੀਪ ਸਿੰਘ ਦੀਪ, **ਕਾਵਿ-ਬਿੰਬ,** ਪੰਨਾ-11.

125 ਕਬੀਰ ਨਿਰਮਲ ਬੂੰਦ ਅਕਾਸ ਕੀ ਪਰਿ ਗਈ ਭੂਮਿ ਬਿਕਾਰ॥
ਬਿਨੁ ਸੰਗਤਿ ਇਉ ਮਾਂਨਈ ਹੋਇ ਗਈ ਭਠ ਛਾਰ॥੧੯੫॥

(ਸਲੋਕ, ਕਬੀਰ, ਪੰਨਾ-1375)

126 ਭਾਈ ਵੀਰ ਸਿੰਘ, **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੋਸ਼,** ਪੰਨਾ-172.

127 ਧਨਾਸਰੀ, ਨਾਮਦੇਵ, ਪੰਨਾ-693

128 ਏਕਲ ਮਾਟੀ ਕੁੰਚਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ॥
ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ॥੧॥

(ਮਾਲੀ ਗਉੜਾ, ਨਾਮਦੇਵ, ਪੰਨਾ-988)

129 dsnkjukFk flag (MkW-) **vk/qfud fgUnh dfork esa fcEcfo/ku**] i`- 140

130 dsnkjukFk flag (MkW-) **vk/qfud fgUnh dfork esa fcEcfo/ku**] i`- 145&146

131 ਭਾਈ ਕਾਨ੍ਹ ਸਿੰਘ ਨਾਭਾ, **ਮਹਾਨਕੋਸ਼,** ਪੰਨਾ-57.

132 dsnkjukFk flag (MkW-) **vk/qfud fgUnh dfork esa fcEcfo/ku**] i`- 210

133 ਭਾਈ ਵੀਰ ਸਿੰਘ, **ਪੰਜਾਬੀ ਸਾਹਿਤ ਦਾ ਇਤਿਹਾਸ** (ਭਾਗ ਪਹਿਲਾ), **ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ** (ਲੇਖ), ਸੁਰਿੰਦਰ ਸਿੰਘ ਕੋਹਲੀ (ਸੰਪਾ)., ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1992, ਪੰਨਾ-61.

134 **ਗੁਰੂ ਗ੍ਰੰਥ ਵਿਸ਼ਵਕੋਸ਼** (ਭਾਗ-ਦੂਜਾ), ਪੰਨਾ-335.

135 ਭਾਈ ਵੀਰ ਸਿੰਘ, **ਸਾਹਿਤ ਦਾ ਇਤਿਹਾਸ,** ਪੰਨਾ-48-49.

136 ਉਹੀ, ਪੰਨਾ-57.

137 ਡਾ. ਮਨਮੋਹਨ ਸਹਿਗਲ, **ਗੁਰੂ ਗ੍ਰੰਥ ਸਾਹਿਬ : ਇਕ ਸਭਿਆਚਾਰਕ ਸਰਵੇਖਣ,** ਪੰਨਾ-121.

138 ਉਹੀ, ਪੰਨਾ-115.

139 ਡਾ. ਗੋਪਾਲ ਸਿੰਘ, **ਪੰਜਾਬੀ ਸਾਹਿਤ ਦਾ ਇਤਿਹਾਸ** (ਭਾਗ ਪਹਿਲਾ), **ਆਦਿ ਗ੍ਰੰਥ ਅਤੇ ਉਸਦਾ ਪ੍ਰਭਾਵ ਪੰਜਾਬੀ ਬੋਲੀ ਤੇ ਸਾਹਿੱਤ ਉੱਤੇ** (ਲੇਖ), ਸੁਰਿੰਦਰ ਸਿੰਘ ਕੋਹਲੀ (ਸੰਪਾ.), ਪੰਨਾ-299-300.

140 ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥... (ਸਲੋਕ, ਸ਼ੇਖ ਫ਼ਰੀਦ, ਪੰਨਾ-1381)

141 ਗੌਂਡ, ਕਬੀਰ, ਪੰਨਾ-872, ਸੋਰਠਿ, ਮ. 1, ਪੰਨਾ-595, ਸਲੋਕ, ਸ਼ੇਖ ਫਰੀਦ, ਪੰਨਾ-1381.

142 ਗਉੜੀ, ਰਵਿਦਾਸ, ਪੰਨਾ-345-346., ਕੇਦਾਰਾ, ਕਬੀਰ, ਪੰਨਾ-1123, ਬਸੰਤ, ਕਬੀਰ, ਪੰਨਾ-1194-95.

143 ਗਉੜੀ ਕਬੀਰ, ਪੰਨਾ-335, ਆਸਾ, ਕਬੀਰ, ਪੰਨਾ-484.

144 ਆਸਾ, ਨਾਮਦੇਵ, ਪੰਨਾ-485.

145 ਸੋਰਠਿ, ਰਵਿਦਾਸ, ਪੰਨਾ-659.

146 ਰਾਮਕਲੀ, ਨਾਮਦੇਵ, ਪੰਨਾ-972, ਸਲੋਕ, ਕਬੀਰ, ਪੰਨਾ-1372.

147 ਸੂਹੀ, ਸ਼ੇਖ ਫ਼ਰੀਦ, ਪੰਨਾ-794, ਬਸੰਤ, ਨਾਮਦੇਵ, ਪੰਨਾ-1196, ਸਲੋਕ, ਕਬੀਰ, ਪੰਨਾ-1366, ਸਲੋਕ ਸ਼ੇਖ ਫਰੀਦ, ਪੰਨਾ-1382

148 ਸਾਰੰਗ, ਨਾਮਦੇਵ, ਪੰਨਾ-1252, ਗਉੜੀ, ਕਬੀਰ, ਪੰਨਾ-1365, ਬਸੰਤ, ਨਾਮਦੇਵ, ਪੰਨਾ-1196, ਰਾਮਕਲੀ, ਨਾਮਦੇਵ, ਪੰਨਾ-972.

149 ਗਉੜੀ, ਕਬੀਰ, ਪੰਨਾ-331.

150 ਗੋਂਡ, ਕਬੀਰ, ਪੰਨਾ-873.

151 ਗੋਂਡ, ਨਾਮਦੇਵ, ਪੰਨਾ-873.

152 ਰਾਮਕਲੀ, ਕਬੀਰ, ਪੰਨਾ-968.

153 ਨਗਨ ਫਿਰਤ ਜੌ ਪਾਈਐ ਜੋਗੁ ਬਨ ਕਾ ਮਿਰਗੁ ਮੁਕਤਿ ਸਭੁ ਹੋਗੁ॥੧॥...

(ਗਉੜੀ, ਕਬੀਰ, ਪੰਨਾ-324)

154 ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ, **ਪੰਜਾਬੀ ਲੋਕਧਾਰਾ ਵਿਸ਼ਵਕੋਸ਼,** (ਜਿਲਦ 1 ਤੇ 2), ਨੈਸ਼ਨਲ ਬੁੱਕ ਸ਼ਾਪ, ਦਿੱਲੀ 2001, ਪੰਨਾ-56-57.

155 ਡਾ. ਰਤਨ ਸਿੰਘ ਜੱਗੀ (ਸੰਪਾ.), **ਸਾਹਿਤ ਕੋਸ਼ : ਪਰਿਭਾਸ਼ਕ ਸ਼ਬਦਾਵਲੀ,** ਪੰਨਾ-682.

156 ਉਹੀ, ਪੰਨਾ-53.

157 ਡਾ. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵਕੋਸ਼** (ਭਾਗ ਪਹਿਲਾ), ਪੰਨਾ-9.

158 ਡਾ. ਮਨਮੋਹਨ ਸਹਿਗਲ, **ਗੁਰੂ ਗ੍ਰੰਥ ਸਾਹਿਬ : ਇਕ ਸਭਿਆਚਾਰਕ ਸਰਵੇਖਣ,** ਪੰਨਾ-148.

# ਨਿਸ਼ਕਰਸ਼

ਸਮਾਜ ਵਿਸ਼ੇਸ਼ ਭੂਮੀ-ਖੇਤਰ ਵਿਚ ਰਹਿਣ ਵਾਲੇ ਵਿਅਕਤੀਆਂ ਦਾ ਉਹ ਸਮੂਹ ਹੈ ਜੋ ਵਿਅਕਤੀ-ਸਮੂਹ ਦੇ ਆਪਸੀ ਸਬੰਧਾਂ ਅਤੇ ਪਰਸਪਰ ਵਿਵਹਾਰ ਦੀ ਪ੍ਰਕਿਰਿਆ ਕਾਰਨ ਹੋਂਦ ਵਿਚ ਆਉਂਦਾ ਹੈ। ਸਮਾਜ ਵਿਚ ਭਿੰਨਤਾ ਨਾਲੋਂ ਸਮਾਨਤਾ, ਸਵੈ-ਨਿਰਭਰਤਾ ਨਾਲੋਂ ਅੰਤਰ-ਨਿਰਭਰਤਾ, ਸੰਘਰਸ਼ ਨਾਲੋਂ ਸਹਿਯੋਗ, ਅਖੰਡਤਾ ਅਤੇ ਨਿਰੰਤਰਤਾ ਆਦਿ ਦੀ ਵਧੇਰੇ ਰੁਚੀ ਹੀ ਮਨੁੱਖਾਂ ਵਿਚ ਸਮਾਜੀਕਰਨ ਦੇ ਗੁਣ ਪੈਦਾ ਕਰਦੀ ਹੈ। ਸਮਾਜੀਕਰਨ ਉਹ ਪ੍ਰਕਿਰਿਆ ਹੈ ਜਿਸ ਨਾਲ ਵਿਅਕਤੀ ਸਮਾਜ ਦੇ ਹਿਤਾਂ ਲਈ ਆਪਣੇ ਹਿਤਾਂ ’ਤੇ ਨਿਰੰਤਰਨ ਕਰਨਾ ਸਿਖਦਾ ਹੈ ਪਰੰਤੂ ਸਮਾਜ ਦਾ ਹਰ ਨਾਗਰਿਕ ਆਪਣੇ ਨਿਜੀ ਹਿਤਾਂ ਨੂੰ ਸਮੂਹਿਕ ਹਿਤਾਂ ਦੇ ਸਾਂਚੇ ਵਿਚ ਨਹੀਂ ਢਾਲ ਪਾਉਂਦਾ ਜਿਸ ਕਾਰਨ ਸਮਾਜ ਵਿਚ ਬਹੁਤ ਕੁੱਝ ਸਮਾਜੀਕਰਨ ਦੇ ਉਲਟ ਚੱਲਦਾ ਰਹਿੰਦਾ ਹੈ ਜੋ ਕਈ ਵਾਰੀ ਅਨੇਕਾਂ ਕੁਰੀਤੀਆਂ ਅਤੇ ਵੱਡੀਆਂ ਸਮੱਸਿਆਵਾਂ ਦਾ ਕਾਰਨ ਬਣ ਜਾਂਦਾ ਹੈ। ਸਮਾਜ ਵਿਚ ਵਿਅਕਤੀਆਂ ਦੀਆਂ ਅਜਿਹੀਆਂ ਹਾਨੀਕਾਰਕ ਉਲਾਰ ਪ੍ਰਵਿਰਤੀਆਂ ਦੇ ਨਿਰੰਤਰਨ ਲਈ ਵਿਭਿੰਨ ਸਾਧਨ - ਧਰਮ, ਨੀਤੀ, ਲੋਕਰੀਤੀਆਂ, ਰੂੜ੍ਹੀਆਂ, ਕਾਨੂੰਨ ਆਦਿ ਦਾ ਪ੍ਰਯੋਗ ਕੀਤਾ ਜਾਂਦਾ ਹੈ। ਸਮਾਜ ਇਕ ਅਜਿਹਾ ਨਿਯਮ-ਪ੍ਰਬੰਧ ਹੈ ਜਿਸਦੇ ਸਾਰੇ ਕਾਰਜ ਸਮਾਜਕ ਇਕਾਈਆਂ ਅਤੇ ਸਮਾਜਕ ਸੰਸਥਾਵਾਂ-ਪਰਿਵਾਰ , ਵਿਆਹ, ਧਰਮ, ਵਿੱਦਿਆ, ਸੰਪਤੀ, ਰਾਜ, ਕਾਨੂੰਨ ਆਦਿ ਵਿਚ ਵੰਡ ਕੇ ਕੀਤੇ ਜਾਂਦੇ ਹਨ। ਇਸ ਤਰ੍ਹਾਂ ਵਿਅਕਤੀ-ਸਮੂਹ ਦੇ ਆਪਸੀ ਸਬੰਧਾਂ, ਵਿਵਹਾਰਾਂ ਤੋਂ ਕਿਸੇ ਸਮਾਜ ਦਾ ਨਿਰਮਾਣ ਹੁੰਦਾ ਹੈ ਅਤੇ ਉਸ ਵਿਅਕਤੀ-ਸਮੂਹ ਦੀ ਵਿਸ਼ੇਸ਼ ਜੀਵਨ-ਜਾਚ ਉਸ ਦਾ ਸਭਿਆਚਾਰ ਅਖਵਾਉਂਦੀ ਹੈ।

ਸਭਿਆਚਾਰ ਮਨੁੱਖ ਦੀਆਂ ਉਨ੍ਹਾਂ ਕੋਸ਼ਿਸ਼ਾਂ ਦਾ ਨਿਚੋੜ ਹੈ ਜਿਨ੍ਹਾਂ ਦੁਆਰਾ ਉਹ ਆਪਣੇ ਆਪ ਨੂੰ ਭੂਗੋਲਿਕ ਵਾਤਵਰਨ ਵਿਚ ਢਾਲਦਾ ਹੋਇਆ ਆਪਣੇ ਜੀਵਨ-ਢੰਗਾਂ ਵਿਚ ਸੁਧਾਰ ਕਰਦਾ ਹੈ। ਭਾਵੇਂ ਸਮਾਜ ਦੇ ਹਰ ਸਮੁਦਾਇ ਦਾ ਇਕ ਸਾਂਝਾ ਸਭਿਆਚਾਰ ਹੁੰਦਾ ਹੈ ਪਰ ਭੂਗੋਲਿਕ, ਇਤਿਹਾਸਕ ਅਤੇ ਭਾਸ਼ਾਈ ਆਦਿ ਕੁਝ ਖੇਤਰੀ ਭਿੰਨਤਾਵਾਂ ਵਿਸ਼ੇਸ਼ ਸਭਿਆਚਾਰ ਦੇ ਉਪ-ਸਭਿਆਚਾਰ ਦਾ ਨਿਰਮਾਣ ਕਰਦੀਆਂ ਹਨ। ਜਦੋਂ ਕਿ ਉਪ-ਸਭਿਆਚਾਰ ਆਪਣੀ ਵੱਖਰੀ ਪਹਿਚਾਣ ਰੱਖਦੇ ਹੋਏ ਵੀ ਮੂਲ ਸਭਿਆਚਾਰ ਨਾਲ ਹੀ ਜੁੜੇ ਰਹਿੰਦੇ ਹਨ। ਇਸ ਤਰ੍ਹਾਂ ਏਕਤਾ, ਸਮਾਨਤਾ, ਰੂਪਾਂਤਰਨ ਤੇ ਨਿਰੰਤਰਤਾ ਆਦਿ ਹਰ ਸਮਾਜ ਅਤੇ ਸਭਿਆਚਾਰ ਦੇ ਜ਼ਰੂਰੀ ਗੁਣ ਹਨ। ਸਭਿਆਚਾਰ ਅਤੇ ਉਪ-ਸਭਿਆਚਾਰਾਂ ਦੇ ਅਜਿਹੇ ਸਮਨਵੈ ਅਤੇ ਸੰਗਠਨਮੂਲਕ ਸੁਭਾਅ ਨੂੰ ਭਾਰਤੀ ਸਮਾਜ ਅਤੇ ਸਭਿਆਚਾਰ ਵਿਚ ਦੇਖਿਆ ਜਾ ਸਕਦਾ ਹੈ।

ਭਾਰਤੀ ਸਮਾਜ ਅਤੇ ਸਭਿਆਚਾਰ ਨੂੰ ਨਸਲੀ, ਜਾਤੀ, ਭੂਗੋਲਿਕ, ਧਾਰਮਿਕ ਤੇ ਭਾਸ਼ਾਈ ਪੱਖ ਤੋਂ ਵਿਭਿੰਨਤਾਵਾਂ ਦਾ ਸਮੁੱਚ ਕਿਹਾ ਜਾਂਦਾ ਹੈ। ਆਰੀਆ ਤੋਂ ਲੈ ਕੇ ਅਨੇਕਾਂ ਨਸਲਾਂ, ਜਾਤੀਆਂ ਦੇ ਲੋਕਾਂ ਨੇ ਭਾਰਤ-ਭੂਮੀ ਨੂੰ ਆਪਣਾ ਰਹਿਣ-ਸਥਾਨ ਬਣਾਇਆ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਪੰਜਾਬ ਦੀ ਜ਼ਰਖੇਜ਼ ਭੂਮੀ ਨੂੰ ਆਪਣੇ ਰਹਿਣ ਲਈ ਚੁਣਿਆ। ਦੁਨੀਆਂ ਦੇ ਪ੍ਰਾਚੀਨ ਮੰਨੇ ਜਾਂਦੇ ਗ੍ਰੰਥ 'ਰਿਗਵੇਦ' ਦੀ ਰਚਨਾ ਭਾਰਤ ਦੀ ਇਸੇ ਧਰਤੀ 'ਤੇ ਹੋਈ। ਆਰੀਆ ਤੋਂ ਲੈ ਕੇ ਕਈ ਨਸਲਾਂ ਦੇ ਲੋਕ ਹਮਲਾਵਰਾਂ ਵਜੋਂ ਝੁੰਡਾਂ ਦੇ ਰੂਪ ਵਿਚ ਏਥੇ ਆਉਂਦੇ ਰਹੇ ਅਤੇ ਹੌਲੀ-ਹੌਲੀ ਆਪਣੀ ਮੂਲ ਪਛਾਣ ਗੁਆ ਕੇ ਭਾਰਤੀ ਸਭਿਆਚਾਰ ਵਿਚ ਹੀ ਰਚਮਿਚ ਗਏ। ਇਸਦਾ ਇਕ ਕਾਰਨ ਇਸ ਧਰਤੀ 'ਤੇ ਰਹਿਣ ਵਾਲੇ ਲੋਕਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਪ੍ਰਵਾਹਿਤ ਹੋ ਰਹੀ ਸ਼ਕਤੀਸ਼ਾਲੀ ਅਧਿਆਤਮਕ ਧਾਰਾ ਦਾ ਨਿਰੰਤਰ ਪ੍ਰਵਾਹਮਾਨ ਹੋਣਾ ਹੈ। ਅਧਆਤਮਿਕ-ਬੋਧ ਅਨੁਸਾਰ ਜੀਵਨ ਨੂੰ ਢਾਲਣ ਤੇ ਨਿਰੰਤਰ ਵਿਕਾਸਮੁਖ ਕਦਰਾਂ-ਕੀਮਤਾਂ ਭਾਰਤੀ ਸਭਿਆਚਾਰ ਦੀ ਵਿਸ਼ੇਸ਼ ਪਛਾਣ ਬਣਦੀਆਂ ਹਨ। ਇਸ ਦਾ ਕਾਰਨ ਪ੍ਰਾਚੀਨ ਕਾਲ ਤੋਂ ਹੀ ਭਾਰਤੀ ਸਮਾਜ ਅਤੇ ਸਭਿਆਚਾਰ ਦਾ ਧਰਮਮੁਖ ਹੋਣਾ ਹੈ। ਧਰਮ ਅਧਾਰਿਤ ਸਭਿਆਚਾਰ, ਸਮਾਜ ਲਈ ਸ਼ਕਤੀ ਸੰਚਿਤ ਕਰਦਾ ਹੈ।

ਧਾਰਮਿਕ ਪੱਖ ਤੋਂ ਭਾਰਤ ਇਕ ਬਹੁ-ਧਰਮੀ ਦੇਸ ਹੈ ਜਿਸ ਦਾ ਪ੍ਰਾਚੀਨ ਧਰਮ 'ਹਿੰਦੂ ਧਰਮ' ਨੂੰ ਮੰਨਿਆ ਜਾਂਦਾ ਹੈ। ਹਿੰਦੂ ਧਰਮ ਵਿਚ ਵੇਦਾਂ ਤੋਂ ਲੈ ਕੇ ਉਪਨਿਸ਼ਦਾਂ, ਪੁਰਾਣਾਂ, ਮਹਾਂਭਾਰਤ, ਗੀਤਾ, ਰਾਮਾਇਣ ਆਦਿ ਗ੍ਰੰਥਾਂ ਦੀ ਰਚਨਾ ਹੋਈ। ਇਸ ਲਈ ਇਤਿਹਾਸਕ ਦ੍ਰਿਸ਼ਟੀ ਅਤੇ ਰਚਨਾਤਮਕ ਪੱਖ ਤੋਂ ਪੂਰਬ-ਮੱਧਕਾਲ ਦੇ ਯੁੱਗ ਨੂੰ ਵੈਦਿਕ, ਉਪਨਿਸ਼ਦ, ਪੁਰਾਣਿਕ ਅਤੇ ਪੁਰਾਣ-ਉੱਤਰ ਕਾਲ ਆਦਿ ਕਾਲ-ਖੰਡਾਂ ਵਿਚ ਵੰਡਕੇ ਦੇਖਿਆ ਜਾ ਸਕਦਾ ਹੈ। ਇਨ੍ਹਾਂ ਕਾਲ-ਖੰਡਾਂ ਦੌਰਾਨ ਰਚੀਆਂ ਗਈਆਂ ਰਚਨਾਵਾਂ ਤੋਂ ਜਿੱਥੇ ਪੂਰਬ-ਮੱਧਕਾਲੀ ਭਾਰਤੀ ਸਮਾਜ ਤੇ ਸਭਿਆਚਾਰ ਦੇ ਪ੍ਰਮੁੱਖ ਪਹਿਲੂਆਂ ਬਾਰੇ ਜਾਣਕਾਰੀ ਮਿਲਦੀ ਹੈ ਉਥੇ ਸਮੇਂ-ਸਮੇਂ ਹੋ ਰਿਹਾ ਇਨ੍ਹਾਂ ਵਿਚਲਾ ਪਰਿਵਰਤਨ ਅੱਗੋਂ ਵਿਭਿੰਨ ਸਮਾਜਿਕ, ਧਾਰਮਿਕ ਪਹਿਲੂਆਂ ਦੀ ਵਿਕਾਸ-ਪ੍ਰਕਿਰਿਆ ਨਾਲ ਵੀ ਜੁੜਿਆ ਹੋਇਆ ਹੈ। ਜਿਸ ਵਿਚ ਪ੍ਰਮੁੱਖ ਤੌਰ 'ਤੇ ਭਗਤੀ ਮਤ ਦੀ ਵਿਕਾਸ-ਪ੍ਰਕਿਰਿਆ ਨੂੰ ਦੇਖਿਆ ਜਾ ਸਕਦਾ ਹੈ।

'ਭਗਤੀ' ਸਾਧਕ ਦੇ ਹਿਰਦੇ ਵਿਚ ਉਤਪੰਨ ਹੋਈ ਕੋਮਲ ਤੇ ਰਾਗਾਤਮਕ ਭਾਵਨਾ ਹੈ ਜਿਸ ਕਰਕੇ ਇਸ ਦੀ ਕੋਈ ਨਿਸ਼ਚਿਤ ਪਰਿਭਾਸ਼ਾ ਦੇਣਾ ਅਸੰਭਵ ਕਾਰਜ ਹੈ ਪਰੰਤੂ ਅਚਾਰੀਆ ਤੇ ਵਿਦਵਾਨਾਂ ਵੱਲੋਂ ਭਗਤੀ-ਅਨੁਭਵ ਨੂੰ ਆਪਣੇ ਇਸ਼ਟ ਪ੍ਰਤੀ ਨਿਰੰਤਰ ਧਿਆਨ, ਉੱਚਤਮ ਗਿਆਨ ਅਤੇ ਨਿਰਸੁਆਰਥ ਪ੍ਰੇਮ, ਸ਼ਰਧਾ, ਸੇਵਾ ਦੇ ਅਰਥਾਂ ਵਿਚ ਲਿਆ ਜਾਂਦਾ ਹੈ ਜਿਨ੍ਹਾਂ ਵਿਚੋਂ 'ਪ੍ਰੇਮ'

ਭਗਤ-ਹਿਰਦੇ ਵਿਚ ਵਿਆਪਕ ਰਹਿਣ ਵਾਲਾ ਇਕ ਸਦੀਵੀ ਤੱਤ ਹੈ। ਭਗਤੀ ਮਤ ਦਾ ਆਧਾਰ-ਬਿੰਦੂ ਵੈਦਿਕ ਗ੍ਰੰਥਾਂ ਨੂੰ ਮੰਨਿਆ ਜਾਂਦਾ ਹੈ। ਵੈਦਿਕ ਯੁੱਗ ਵਿਚ ਪ੍ਰਕਿਰਤਕ ਸ਼ਕਤੀਆਂ ਨੂੰ 'ਡਰ' ਅਤੇ 'ਸ਼ਰਧਾ' ਹਿੱਤ ਦੇਵੀ-ਦੇਵਤਿਆਂ ਦੇ ਰੂਪ ਵਿਚ ਯੱਗ, ਹਵਨ, ਬਲੀ ਆਦਿ ਵਿਧੀ-ਵਿਧਾਨ ਰਾਹੀਂ ਖੁਸ਼ ਕੀਤਾ ਜਾਂਦਾ ਸੀ ਅਤੇ ਇਨ੍ਹਾਂ ਪ੍ਰਕਿਰਤਿਕ ਸ਼ਕਤੀਆਂ ਵਿਚ ਅਲੌਕਿਕ ਗੁਣਾਂ ਦੇ ਸਮਾਵੇਸ਼ ਨਾਲ ਬਹੁਦੇਵ-ਪੂਜਾ ਦਾ ਰੁਝਾਨ ਵਧੇਰੇ ਵਧ ਗਿਆ। ਵੈਦਿਕ ਯੁੱਗ ਤੋਂ ਚੱਲੀ ਬਹੁਦੇਵ-ਪੂਜਾ ਭਾਵਨਾ ਅਤੇ ਪ੍ਰੋਹਿਤ ਵਰਗ ਦੁਆਰਾ ਰਚਿਤ ਬ੍ਰਾਹਮਣ ਗ੍ਰੰਥਾਂ ਕਾਰਨ ਯੱਗਾਂ ਦੇ ਮਹਿੰਗੇ ਵਿਧੀ-ਵਿਧਾਨ ਨਾਲ ਕਰਮਕਾਡਾਂ ਦਾ ਏਨਾ ਬੋਲਬਾਲਾ ਵਧ ਚੁੱਕਾ ਸੀ ਜਿਸਨੂੰ ਠੱਲ੍ਹ ਪਾਉਣ ਲਈ ਉਪਨਿਸ਼ਦ ਕਾਲ ਵਿਚ ਬਾਹਰੀ ਆਡੰਬਰਾਂ ਦੀ ਥਾਂ ਅੰਤਰ-ਮਨਨ ਉਪਾਸਨਾ ਨੂੰ ਪਹਿਲ ਦਿੱਤੀ ਗਈ। ਉਪਨਿਸ਼ਦਾਂ ਦਾ ਵਿਸ਼ਾ ਬੌਧਿਕ ਚਿੰਤਨ ਨਾਲ ਸਬੰਧਿਤ ਹੈ। ਉਪਨਿਸ਼ਦਾਂ ਵਿਚ ਬ੍ਰਹਮ ਇਕ ਅੰਤਰ ਸ਼ਕਤੀ ਹੈ ਜਿਸ ਦੀ ਪ੍ਰਾਪਤੀ ਲਈ ਗ੍ਰਹਿਸਥ ਤਿਆਗ ਅਤਿ ਲਾਜ਼ਮੀ ਸੀ। ਉਪਨਿਸ਼ਦ ਕਾਲ ਵਿਚ ਪ੍ਰਚਲਿਤ ਬ੍ਰਹਮ ਦੀ ਅੰਤਰਮੁਖੀ ਤੇ ਵਿਅਕਤੀਗਤ ਉਪਾਸਨਾ ਜਨ-ਸਾਧਾਰਨ ਦੀ ਬੁੱਧੀ ਤੋਂ ਪਰੇ ਜਾਂਦੀ ਰਹੀ। ਇਸ ਕਾਲ ਵਿਚ ਵਰਨ-ਵੰਡ ਨੂੰ ਕਿੱਤੇ ਤੋਂ ਹਟਾ ਕੇ ਜਨਮਜਾਤ ਨਾਲ ਜੋੜ ਦਿੱਤਾ ਗਿਆ ਜਿਸ ਨਾਲ ਸਮਾਜ ਵਿਚ ਛੂਤ-ਛਾਤ, ਜਾਤੀ ਭੇਦਭਾਵ ਅਤੇ ਆਸ਼ਰਮ ਪ੍ਰਥਾ ਆਦਿ ਕੁਰੀਤੀਆਂ ਗੰਭੀਰ ਸਮੱਸਿਆਵਾਂ ਦਾ ਰੂਪ ਧਾਰ ਗਈਆਂ। ਉਪਨਿਸ਼ਦਾਂ ਦੀ ਚਿੰਤਨ ਅਤੇ ਮਾਨਸਿਕ ਭਗਤੀ ਨੇ ਸਮਾਜ ਵਿਚ ਆਮ ਬੁੱਧੀ ਵਰਗ ਦੇ ਲੋਕਾਂ ਵਿਚ ਸਾਕਾਰ ਬ੍ਰਹਮ ਦੀ ਭਗਤੀ-ਭਾਵਨਾ ਨੂੰ ਹੋਰ ਬਿਹਬਲ ਕਰ ਦਿੱਤਾ ਜਿਸਦੇ ਨਤੀਜੇ ਵਜੋਂ ਪੁਰਾਣਾਂ ਦੀ ਰਚਨਾ ਹੋਈ। ਪੁਰਾਣਿਕ ਯੁੱਗ ਵਿਚ ਇਕ ਪਾਸੇ ਜੈਨ-ਮਤ, ਬੁੱਧ-ਮਤ ਆਦਿ ਵੱਲ ਝੁਕਾਉ ਪੈਦਾ ਹੁੰਦਾ ਹੈ ਜਿਨ੍ਹਾਂ ਸਦਕਾ ਸਮਾਜ ਵਿਚ ਅਹਿੰਸਾ, ਸਦਾਚਾਰਕ ਗੁਣਾਂ ਤੇ ਮੱਧ-ਮਾਰਗ ਆਦਿ ਵਿਚਾਰਾਂ ਨਾਲ ਕੁਝ ਸਕਾਰਾਤਮਕ ਬਦਲਾਵ ਤਾਂ ਜ਼ਰੂਰ ਆਏ ਪਰੰਤੂ ਸਮੇਂ ਨਾਲ ਇਹ ਮਤ ਵੀ ਕਈ ਸ਼ਾਖਾਵਾਂ ਜਿਵੇਂ ਜੈਨ ਧਰਮ ਵਿਚ 'ਸ਼ਵੇਤਾਂਬਰ' ਤੇ 'ਦਿਗੰਬਰ' ਅਤੇ ਬੁੱਧ ਧਰਮ ਵਿਚ 'ਹੀਨਯਾਨ' ਤੇ 'ਮਹਾਂਯਾਨ' ਆਦਿ ਵਿਚ ਵੰਡੇ ਜਾਣ ਕਾਰਨ ਆਮ ਲੋਕਾਈ ਲਈ ਉਲਝਣਾਂ ਦਾ ਕਾਰਨ ਬਣ ਗਏ। ਦੂਸਰੇ ਪਾਸੇ ਪੁਰਾਣਿਕ ਗ੍ਰੰਥ, ਮਹਾਂਭਾਰਤ, ਗੀਤਾ ਤੇ ਰਮਾਇਣ ਆਦਿ ਦੇ ਨਾਇਕ ਰਾਮ, ਕ੍ਰਿਸ਼ਣ ਆਦਿ ਅਵਤਾਰਾਂ ਦੀ ਸਰਗੁਣ ਬ੍ਰਹਮ ਦੇ ਰੂਪ ਵਿਚ ਪੂਜਾ ਹੋਣ ਲੱਗੀ।

ਉੱਤਰ-ਪੁਰਾਣਿਕ ਯੁੱਗ ਤੱਕ ਪੁੱਜਦੇ ਹੋਏ ਭਾਰਤੀ-ਸਮਾਜ ਵਿਚ ਧਾਰਮਿਕ, ਆਰਥਿਕ, ਰਾਜਨੀਤਕ ਅਤੇ ਸਭਿਆਚਾਰਕ ਪੱਖ ਤੋਂ ਅਨੇਕਾਂ ਮਤ, ਵਿਚਾਰਧਾਰਾਵਾਂ ਹੋਂਦ ਵਿਚ ਆਈਆਂ। ਇਸ ਯੁੱਗ ਵਿਚ ਜਿੱਥੇ ਦੱਖਣ ਦੇ ਤਾਮਿਲ ਪ੍ਰਦੇਸ਼ ਵਿਚ ਵੈਸ਼ਨਵ ਤੇ ਸ਼ੈਵ ਆਲਵਾਰ ਸਿਧਾਂ ਨੇ ਬਿਨਾਂ

ਕਿਸੇ ਜਾਤੀ ਭੇਦਭਾਵ ਦੇ ਇਕ ਸਰਲ, ਸਹਿਜ ਤੇ ਪ੍ਰੇਮਮਈ ਭਗਤੀਧਾਰਾ ਚਲਾਈ ਉਥੇ 8ਵੀਂ 9ਵੀਂ ਸਦੀ ਦੇ ਆਚਾਰੀਆ ਸ਼ੰਕਰਾਚਾਰੀਆ ਦੇ 'ਅਦਵੈਤਵਾਦ' ਸਿਧਾਂਤ ਦੇ ਪ੍ਰਤਿਕਰਮ ਵਜੋਂ ਰਾਮਾਨੁਜ, ਨਿੰਬਾਰਕ, ਮਧਵਚਾਰੀਆ ਤੇ ਵੱਲਭਾਚਾਰੀਆ ਆਦਿ ਦੇ ਕ੍ਰਮਵਾਰ ਸਿਧਾਂਤਾਂ 'ਵਿਸ਼ਿਸ਼ਟ -ਅਦਵੈਤਵਾਦ', 'ਦਵੈਤ-ਅਦਵੈਤਵਾਦ', 'ਦਵੈਤਵਾਦ' ਅਤੇ 'ਸ਼ੁੱਧਦਵੈਤਵਾਦ' ਆਦਿ ਦਾਰਸ਼ਨਿਕ ਵਾਦ-ਵਿਵਾਦ ਦਾ ਬੋਲਬਾਲਾ ਰਿਹਾ।ਇਸ ਲਈ ਭਾਰਤੀ ਧਰਮ ਦੇ ਇਤਿਹਾਸ ਵਿਚ ਪੁਰਾਣ-ਉੱਤਰ ਕਾਲ ਨੂੰ ਸੰਕ੍ਰਾਂਤੀ ਕਾਲ ਜਾਂ ਕਿਰਿਆ-ਪ੍ਰਤਿਕਿਰਿਆ ਦਾ ਯੁੱਗ ਵੀ ਕਿਹਾ ਜਾਂਦਾ ਹੈ ਜੋ ਮੱਧਕਾਲੀ ਭਗਤੀ-ਭਾਵਨਾ ਸਬੰਧੀ ਨਵੀਨ ਦ੍ਰਿਸ਼ਟੀਆਂ ਨੂੰ ਪੈਦਾ ਕਰਨ ਵਿਚ ਸਹਾਇਕ ਹੁੰਦਾ ਹੈ।

ਮੱਧਕਾਲ ਤੱਕ ਪੁੱਜਦੇ ਹੋਏ ਭਾਰਤੀ ਸਮਾਜ ਜਿੱਥੇ ਪਹਿਲਾਂ ਹੀ ਜਾਤੀ ਭੇਦਭਾਵ, ਆਸ਼ਰਮ ਵਿਵਸਥਾ, ਕਰਮਕਾਂਡਾਂ, ਵਿਭਿੰਨ ਧਾਰਮਿਕ ਮਤਾਂ ਤੇ ਫਿਰਕਿਆਂ ਆਦਿ ਵਿਚ ਫਸਿਆ ਹੋਇਆ ਸੀ ਉਥੇ ਇਸ ਸਮੇਂ ਮੁਸਲਿਮ ਹਮਲਾਵਰਾਂ ਦੇ ਜ਼ੁਲਮਾਂ ਦਾ ਪ੍ਰਹਾਰ ਪਹਿਲਾਂ ਨਾਲੋਂ ਵੀ ਵਧੇਰੇ ਤੇਜ਼ ਹੋ ਚੁੱਕਿਆ ਸੀ। ਇਸ ਸਮੇਂ ਦੇ ਸਮਾਜ ਵਿਚ ਤਿੰਨ ਤਰ੍ਹਾਂ ਦੇ ਪੱਖ ਭਾਰੂ ਰਹਿੰਦੇ ਹਨ : ਪਹਿਲਾ ਕਿ ਆਮ ਜਨਤਾ ਵਿਚ ਮੂਰਤੀ-ਪੂਜਾ, ਯੱਗ, ਬਲੀ, ਆਦਿ ਕਰਮਕਾਂਡਾਂ ਦਾ ਜਾਲ ਇਸ ਤਰ੍ਹਾਂ ਫੈਲ ਚੁੱਕਿਆ ਸੀ ਕਿ ਲੋਕਾਂ ਦਾ ਅਜਿਹੇ ਵਾਤਾਵਰਨ ਵਿਚ ਰਹਿਣਾ ਅਤਿ ਮੁਸ਼ਕਿਲ ਹੁੰਦਾ ਗਿਆ। ਦੂਸਰਾ ਮੁਸਲਿਮ ਬਾਦਸ਼ਾਹਾਂ, ਅਧਿਆਕਾਰੀਆਂ ਦੇ ਅਸਹਿ ਤੇ ਅਕਹਿ ਜ਼ੁਲਮਾਂ ਦਾ ਵਧਣਾ ਅਤੇ ਤੀਸਰਾ ਇਸ ਸਭ ਦੇ ਨਾਲੋਂ ਨਾਲ ਇਕ ਅਜਿਹੀ ਵਿਚਾਰਧਾਰਾ ਵੀ ਆਪਣਾ ਕੱਦ ਉੱਚਾ ਕਰ ਰਹੀ ਸੀ ਜਿਸਦਾ ਉਦੇਸ਼ ਲੌਕਿਕ ਅਤੇ ਪਰਾਲੌਕਿਕ ਮਾਰਗ ਨੂੰ ਜੋੜਕੇ ਮਨੁੱਖਾ-ਜੀਵਨ ਜਿਉਂਦੇ ਹੋਏ ਨਿਰਲੇਪਤਾ ਉੱਪਰ ਜ਼ੋਰ ਦੇਣਾ ਸੀ। ਵਾਸਤਵ ਵਿਚ ਇਹ ਵਿਚਾਰਧਾਰਾ 11ਵੀਂ, 12ਵੀਂ ਸਦੀ ਵਿਚ ਦੱਖਣ ਤੋਂ ਸੁਆਮੀ ਰਾਮਾਨੁਜ ਦੁਆਰਾ ਅਤੇ ਉੱਤਰ ਵਿਚ ਸੁਆਮੀ ਰਾਮਾਨੰਦ ਦੁਆਰਾ ਵਿਕਾਸ ਕਰਦੀ ਹੋਈ ਪੂਰੇ ਭਾਰਤ ਵਿਚ 'ਭਗਤੀ ਲਹਿਰ' ਦੇ ਨਾਂ ਨਾਲ ਜਾਣੀ ਗਈ। ਉੱਤਰ ਵਿਚ ਇਹ ਲਹਿਰ 'ਨਿਰਗੁਣ ਭਗਤੀ' ਤੇ 'ਸਰਗੁਣ ਭਗਤੀ' ਦੋ ਰੂਪਾਂ ਵਿਚ ਵੰਡੀ ਗਈ। ਨਿਰਗੁਣ ਭਗਤੀ ਦੇ ਭਗਤਾਂ ਵਿਚ ਕਬੀਰ, ਰਵਿਦਾਸ, ਸੈਣ, ਪੀਪਾ ਆਦਿ ਹੋਏ ਜੋ ਸੁਆਮੀ ਰਾਮਾਨੰਦ ਦੇ 12 ਚੇਲਿਆਂ ਵਿਚੋਂ ਮੰਨੇ ਗਏ ਹਨ। ਇਨ੍ਹਾਂ ਭਗਤਾਂ ਦੀ ਰਚਨਾ ਮੱਧਕਾਲ ਵਿਚ ਸੰਪਾਦਿਤ (1604ਈ.) 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਕੀਤੀ ਗਈ ਹੈ।

ਗੁਰੂ ਗ੍ਰੰਥ ਸਾਹਿਬ ਵਿਚ 11ਵੀਂ, 12ਵੀਂ ਸਦੀ ਤੋਂ ਲੈ ਕੇ 16ਵੀਂ, 17ਵੀਂ ਸਦੀ ਤੱਕ ਦੇ ਵੱਖੋ-ਵੱਖ ਧਰਮਾਂ, ਜਾਤਾਂ, ਸਮੇਂ, ਸਥਾਨਾਂ ਨਾਲ ਸਬੰਧਿਤ ਸੂਫ਼ੀ, ਭਗਤਾਂ, ਗੁਰੂਆਂ ਦੀ ਬਾਣੀ ਦਰਜ ਹੈ ਜਿਸਦਾ ਪ੍ਰਮੁੱਖ ਉਦੇਸ਼ ਜਿੱਥੇ ਸਦਾਚਾਰਕ ਜੀਵਨ-ਜਾਚ ਅਤੇ ਬ੍ਰਹਮ ਦੀ 'ਨਿਰਗੁਣ ਭਗਤੀ' ਹੈ।

ਉੱਥੇ ਸਦੀਆਂ ਤੋਂ ਡਰੀ, ਨਪੀੜੀ ਜਾ ਰਹੀ ਕੌਮ ਨੂੰ ਆਪਣੇ ਹੱਕਾਂ ਦੀ ਰਾਖੀ, ਜ਼ੁਲਮ ਦਾ ਟਾਕਰਾ ਕਰਨ ਅਤੇ ਸੁਤੰਤਰਤਾ ਨਾਲ ਜਿਉਣ ਲਈ ਪ੍ਰੇਰਿਤ ਕਰਨਾ ਵੀ ਹੈ।

ਗੁਰਮਤਿ ਭਗਤੀ ਦੇ ਬਾਣੀਕਾਰਾਂ ਨੇ ਸਮਾਜ ਅਤੇ ਸਭਿਆਚਾਰ ਦੀਆਂ ਰੂੜ੍ਹ ਹੋ ਚੁੱਕੀਆਂ ਪਰੰਪਰਾਵਾਂ ਦਾ ਤਿਆਗ ਕਰਦੇ ਹੋਏ ਉਸਾਰੂ ਕੀਮਤਾਂ ਨੂੰ ਜੀਵਨ ਵਿਚ ਢਾਲਣ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਨੇ ਪੁਰਾਣਾਂ ਅਨੁਸਾਰ ਜ਼ਿਕਰਯੋਗ ਨੌਂ ਪ੍ਰਕਾਰ ਦੀ ਪੂਜਾ-ਭਗਤੀ ਨੂੰ ਕੋਈ ਤਰਜੀਹ ਨਹੀਂ ਦਿੱਤੀ। ਬਾਣੀਕਾਰਾਂ ਵਿਚ ਪ੍ਰਭੂ-ਗੁਣਾਂ ਦਾ ਜਸ, ਕੀਰਤਨ ਸੁਣਨਾ ਤੇ ਸੁਣਕੇ ਮੰਨਣਾ ਹੀ ਸ੍ਰਵਣ, ਕੀਰਤਨ ਤੇ ਸਿਮਰਨ ਭਗਤੀ ਹੈ। ਕਿਸੇ ਮੂਰਤੀ ਦੇ ਚਰਨਾਂ ਵਿਚ ਬੈਠਕੇ ਭਗਤੀ ਕਰਨ ਦੀ ਬਜਾਏ, ਨਿਰਾਕਾਰ ਬ੍ਰਹਮ ਵਿਚ ਧਿਆਨ ਧਰਨਾ ਹੀ ਪਾਦਸੇਵਨ ਭਗਤੀ ਹੈ। ਤਰ੍ਹਾਂ ਤਰ੍ਹਾਂ ਦੀਆਂ ਵਸਤਾਂ ਚੰਦਨ, ਫੁੱਲ, ਦੀਵੇ ਆਦਿ ਦੁਆਰਾ ਕੀਤੀ ਜਾਂਦੀ ਮੂਰਤੀ-ਪੂਜਾ ਦੀ ਥਾਂ ਕਾਇਨਾਤ ਵਿਚ ਪਸਰੇ ਪ੍ਰਭੂ ਦੀ ਅਖੰਡ ਹੋ ਰਹੀ ਆਰਤੀ ਵਿਚ ਸ਼ਾਮਿਲ ਹੋਣਾ ਤੇ ਅਨੁਭਵ ਕਰਨਾ ਹੀ ਅਰਚਨ ਭਗਤੀ ਹੈ। ਅਸੀਮ ਪਸਾਰੇ ਦੀ ਸਿਰਜਨਾ ਕਰਨ ਵਾਲੇ ਹਰੀ ਨੂੰ ਨਮਸਕਾਰ ਕਰਨਾ ਹੀ ਵੰਦਨ ਭਗਤੀ ਹੈ। ਗੁਰਮਤਿ ਭਗਤੀ ਵਿਚ ਪ੍ਰਭੂ ਨਾਲ ਕੇਵਲ ਸਖਾ ਜਾਂ ਮਿੱਤਰਤਾ ਵਾਲਾ ਸਬੰਧ ਹੀ ਨਹੀਂ, ਸਗੋਂ ਭਗਤ ਦੇ ਪ੍ਰਭੂ-ਪ੍ਰੇਮ ਨੂੰ ਸਮਾਜਕ ਰਿਸ਼ਤਿਆਂ ਵਿਚ ਮਾਤਾ-ਪਿਤਾ, ਪਤੀ, ਭਰਾ ਆਦਿ ਦੇ ਅਤਿ ਨੇੜਲੇ ਪ੍ਰੇਮ ਭਾਵਾਂ ਦੁਆਰਾ ਵੀ ਪ੍ਰਗਟ ਕੀਤਾ ਗਿਆ ਹੈ। ਪੰਜ ਵਿਕਾਰਾਂ ਦੇ ਤਿਆਗ, ਆਦਰਸ਼-ਮਨੁੱਖ ਤੇ ਚੰਗੇਰੇ ਸਮਾਜ ਦੀ ਸਿਰਜਨਾ ਕਰਨ ਅਤੇ ਸਹਿਜ ਜੀਵਨ-ਪੰਧ 'ਤੇ ਚਲਦਿਆਂ ਪ੍ਰਭੂ ਦੀ ਕਿਰਪਾ ਤੇ ਹੁਕਮ ਵਿਚ ਰਹਿਣ ਨੂੰ ਹੀ ਆਤਮ ਨਿਵੇਦਨ ਭਗਤੀ ਮੰਨਿਆ ਗਿਆ ਹੈ। ਸੋ ਗੁਰਮਤਿ ਭਗਤੀ ਦਾ ਉਦੇਸ਼ ਪੂਰਬਲੀਆਂ ਧਾਰਮਿਕ ਮਾਨਤਾਵਾਂ, ਸਿਧਾਂਤਾਂ, ਵਿਚਾਰਾਂ ਤੋਂ ਵੱਖਰਾ ਅਤੇ ਨਵੀਨ ਹੈ। ਇਸ ਤਰ੍ਹਾਂ ਅਧਿਆਤਮਕ ਅਤੇ ਸਮਾਜਕ ਸਰੋਕਾਰਾਂ ਨਾਲ ਸਬੰਧਿਤ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ 15 ਭਗਤਾਂ (ਭਗਤ ਕਬੀਰ, ਰਵਿਦਾਸ, ਨਾਮਦੇਵ, ਸ਼ੇਖ ਫ਼ਰੀਦ, ਤ੍ਰਿਲੋਚਨ, ਬੇਣੀ, ਧੰਨਾ, ਜੈਦੇਵ, ਭੀਖਣ, ਰਾਮਾਨੰਦ, ਪਰਮਾਨੰਦ, ਪੀਪਾ, ਸੈਣ, ਸਧਨਾ, ਸੂਰਦਾਸ) ਦੀ ਬਾਣੀ 'ਤੇ ਅਧਾਰਿਤ ਖੋਜ-ਪ੍ਰਬੰਧ ਦਾ ਵਿਸ਼ਾ 'ਭਗਤ ਬਾਣੀ ਦਾ ਸਮਾਜ-ਸਭਿਆਚਾਰਕ ਅਧਿਐਨ' ਦੀ ਖੋਜ ਉਪਰੰਤ ਹੇਠ ਲਿਖੇ ਸਿੱਟੇ ਤੇ ਸਥਾਪਨਾਵਾਂ ਸਾਹਮਣੇ ਆਉਂਦੀਆਂ ਹਨ।

ਸਮਾਜਕ ਪੱਖ ਤੋਂ ਭਗਤ ਬਾਣੀਕਾਰਾਂ ਨੇ ਸਭ ਤੋਂ ਪਹਿਲਾਂ ਮੱਧਕਾਲੀ ਸਮਾਜ ਵਿਚ ਜਾਤੀ ਭੇਦਭਾਵ ਦੀ ਕੁਰੀਤੀ ਨੂੰ ਲਿਆ ਹੈ। ਭਗਤ ਬਾਣੀ ਵਿਚ ਪੇਸ਼ ਸਮਕਾਲੀ ਜਾਤੀ ਵਿਵਸਥਾ ਅਤੇ ਬਾਣੀਕਾਰਾਂ ਦੇ ਉਸ ਪ੍ਰਤੀ ਵਿਚਾਰਧਾਰਾਈ ਹੁੰਗਾਰੇ ਨੂੰ ਚਾਰ ਢੰਗਾਂ ਦੁਆਰਾ ਦ੍ਰਿਸ਼ਟੀਗੋਚਰ ਕੀਤਾ ਜਾ ਸਕਦਾ ਹੈ। ਇਕ ਭਗਤ ਬਾਣੀਕਾਰਾਂ ਨੇ ਉੱਚੀ ਕੁਲ ਦੇ ਲੋਕਾਂ ਨੂੰ ਸਿੱਧਾ ਸੰਬੋਧਿਤ ਕਰਦੇ ਹੋਏ ਉਨ੍ਹਾਂ

ਦੀਆਂ ਰੂੜ੍ਹ ਹੋ ਚੁੱਕੀਆਂ ਰਵਾਇਤਾਂ ਨੂੰ ਨਕਾਰਿਆ ਹੈ। ਦੂਸਰਾ ਸਮਾਜ ਵਿਚ ਗ਼ਰੀਬ, ਦਬੇ-ਕੁਚਲੇ ਲੋਕਾਂ ਦੀ ਅਸਲ ਹਾਲਤ ਨੂੰ ਬਿਆਨ ਕਰਦੇ ਹੋਏ ਇਸ ਹਾਲਤ ਵਿਚੋਂ ਨਿਕਲਣ ਦੇ ਹੱਲ ਸੁਝਾਉਣਾ, ਤੀਸਰਾ ਪ੍ਰਭੂ ਪ੍ਰੇਮ ਤੇ ਪ੍ਰਭੂ ਨਾਮ ਦਾ ਆਸਰਾ ਲੈਣ ਦੀ ਪ੍ਰੇਰਨਾ ਦੇਣਾ ਹੈ। ਚੌਥਾ ਆਪਣੀ ਕੁਲ ਜਾਂ ਜਾਤ ਨੂੰ ਘ੍ਰਿਣਾਯੋਗ ਸਮਝਣ ਦੀ ਥਾਂ ਉਸ ਵਿਚ ਰਹਿੰਦੇ ਹੋਏ ਹੀ ਸ਼ੁਭ ਅਮਲਾਂ ਵੱਲ ਮੁੜਨ ਅਤੇ ਬਲਿਹਾਰੇ ਜਾਣ ਨੂੰ ਵੀ ਸਾਰਥਕ ਸਮਝਿਆ ਗਿਆ ਹੈ।

ਆਸ਼ਰਮ ਵਿਵਸਥਾ ਸਬੰਧੀ ਭਗਤ ਸਾਹਿਬਾਨਾਂ ਨੇ ਇਸ ਸੰਸਾਰ ਨੂੰ 'ਅੰਮ੍ਰਿਤ ਦੀ ਬਾੜੀ', 'ਸੋਹਣਾ ਬਾਗ਼' ਆਦਿ ਆਖਕੇ ਵਡਿਆਇਆ ਹੈ ਅਤੇ ਇਸ ਦੀ ਸਿਰਜਨਾ ਕਰਨ ਵਾਲੇ ਪ੍ਰਭੂ ਦੇ ਪ੍ਰੇਮ, ਸਿਮਰਨ, ਹੁਕਮ ਵਿਚ ਰਹਿਣਾ ਪ੍ਰਵਾਨ ਕੀਤਾ ਹੈ। ਉਨ੍ਹਾਂ ਨੇ ਆਸ਼ਰਮ ਵਿਵਸਥਾ ਸਬੰਧੀ ਚੱਲੀ ਆ ਰਹੀ ਰੂੜ੍ਹ ਪਰੰਪਰਾ ਦਾ ਵਿਰੋਧ ਕਰਦੇ ਹੋਏ ਗ੍ਰਹਿਸਥ ਜੀਵਨ ਵਿਚ ਨਿਰਲੇਪ ਰਹਿਣ ਦੀ ਜੁਗਤ ਸੁਝਾਈ। ਬਾਣੀਕਾਰਾਂ ਅਨੁਸਾਰ ਗ੍ਰਹਿਸਥ, ਕਿਰਤ ਕਰਨ, ਖਾਣ-ਪੀਣ ਆਦਿ ਦਾ ਤਿਆਗ ਕਰਨ ਨੂੰ ਮਨ ਮਾਰਨਾ ਨਹੀਂ ਕਿਹਾ ਜਾ ਸਕਦਾ ਸਗੋਂ ਵਿਕਾਰਾਂ ਵੱਲ ਦੌੜਦੇ ਮਨ ਨੂੰ ਰੋਕਣਾ ਹੀ ਅਸਲ ਮਨ ਮਾਰਨਾ ਹੈ। ਉਹ ਜੋਗੀਆਂ, ਸੰਨਿਆਸੀਆਂ ਨੂੰ ਤੀਰਥਾਂ, ਜੰਗਲਾਂ ਵਿਚ ਬ੍ਰਹਮ ਦੀ ਖੋਜ ਕਰਨ ਦੀ ਬਜਾਏ 'ਮਨ' ਦੀ ਖੋਜ ਕਰਨ ਦੀ ਪ੍ਰੇਰਨਾ ਦਿੰਦੇ ਹਨ। ਉਹ ਗ੍ਰਹਿਸਥ ਆਸ਼ਰਮ ਵਿਚ ਵਿਸ਼ਵਾਸ ਰੱਖਦੇ ਹੋਏ ਪਰਿਵਾਰ ਬਨਾਉਣ, ਪਾਲਣ ਦੀ ਹਾਮੀ ਤਾਂ ਭਰਦੇ ਹੀ ਹਨ ਪਰ ਨਾਲੋਂ-ਨਾਲ ਪਰਿਵਾਰ ਦੇ ਮੋਹ ਵਿਚ ਖਚਿਤ ਹੋਣ ਦੀ ਬਜਾਏ ਨਿਰਲੇਪਤਾ ਦੇ ਗੁਣ ਨੂੰ ਧਾਰਨ ਕਰਨ ਦੀ ਪ੍ਰੇਰਨਾ ਦਿੰਦੇ ਹਨ। ਉਨ੍ਹਾਂ ਨੇ ਖ਼ੁਦ ਗ੍ਰਹਿਸਥ ਦੀ ਲੋੜ ਨੂੰ ਮਹਿਸੂਸ ਕੀਤਾ ਜਿਸ ਦੀ ਪੂਰਤੀ ਹਿੱਤ ਉਹ ਪ੍ਰਭੂ ਨੂੰ ਘਰ ਦੀ ਚੰਗੀ ਗੀਹਨਿ (ਇਸਤਰੀ) ਦੀ ਮੰਗ ਲਈ ਬੇਨਤੀ ਕਰਦੇ ਹਨ।

ਭਗਤ ਬਾਣੀ ਵਿਚ ਮੱਧਕਾਲੀ ਸਮਾਜ ਦੇ ਪਰਿਵਾਰ, ਵਿਆਹ ਸੰਸਕਾਰ ਅਤੇ ਰਿਸ਼ਤਿਆਂ ਦੇ ਸਰੂਪ ਨੂੰ ਵੀ ਮੋਟੇ ਤੌਰ 'ਤੇ ਜਾਣਿਆ ਜਾ ਸਕਦਾ ਹੈ। ਭਗਤ ਬਾਣੀ ਵਿਚ ਵਿਆਹ ਸੰਸਕਾਰ ਬਾਰੇ ਜੋ ਵੀ ਸੰਕੇਤ ਮਿਲਦੇ ਹਨ ਉਹ ਆਤਮਾ ਤੇ ਪਰਮਾਤਮਾ ਦੇ ਮੇਲ ਨਾਲ ਸਬੰਧਿਤ ਹਨ ਪਰੰਤੂ ਇਨ੍ਹਾਂ ਅਲੌਕਿਕ ਅਰਥਾਂ ਦਾ ਧਰਾਤਲ ਲੌਕਿਕ ਜਗਤ ਹੋਣ ਕਾਰਨ ਤਤਕਾਲ ਵਿਚ ਵਿਆਹ ਨਾਲ ਸਬੰਧਿਤ ਸਾਹਾ ਕਢਾਉਣਾ, ਪੱਤਰੀ ਵਾਚਣਾ, ਲਗਨ, ਕੁੜਮਾਈ, ਫੇਰੇ ਆਦਿ ਰਸਮਾਂ ਬਾਰੇ ਵੀ ਜਾਣਕਾਰੀ ਮਿਲਦੀ ਹੈ। ਬਾਣੀਕਾਰਾਂ ਨੇ ਜੀਵਾਤਮਾ ਤੇ ਪਰਮਾਤਮਾ ਦੇ ਅਧਿਆਤਮਕ ਮਿਲਾਪ ਦੇ ਮਾਡਲ ਰਾਹੀਂ ਸਮਾਜ ਸਾਹਮਣੇ ਵਿਆਹ-ਸੰਸਕਾਰ ਅਤੇ ਇਸਤਰੀ-ਪੁਰਸ਼ ਦੇ ਵਿਆਹੁਤਾ ਜੀਵਨ ਦੇ ਆਦਰਸ਼-ਰੂਪ ਨੂੰ ਪੇਸ਼ ਕੀਤਾ ਹੈ ਜਿਸ ਦਾ ਸਾਰਾ ਸਬੰਧ ਮਨ ਦੀ ਖੁਸ਼ੀ ਤੇ ਆਨੰਦ ਨਾਲ ਹੈ। ਉਨਾਂ ਨੇ ਪਤੀ-ਪਤਨੀ, ਭਾਈ, ਬੰਧਪ, ਪੁੱਤਰ-ਪੁੱਤਰੀ, ਸੱਸ-ਸਹੁਰਾ, ਜੇਠ-ਜਿਠਾਨੀ, ਦੇਵਰ-ਦੇਵਰਾਨੀ,

ਨਣਦ, ਸਖੀ-ਸਹੇਲੀ ਆਦਿ ਰਿਸ਼ਤਿਆਂ ਦਾ ਜ਼ਿਕਰ ਅਧਿਆਤਮਕ ਅਰਥਾਂ ਵਿਚ ਮਨ ਦੇ ਅੰਤ੍ਰੀਵੀ ਗੁਣਾਂ, ਔਗੁਣਾਂ ਅਤੇ ਆਤਮਾ-ਪਰਮਾਤਮਾ ਦੇ ਗੂੜ੍ਹੇ ਰਿਸ਼ਤੇ ਦੇ ਵਰਨਣ ਲਈ ਕੀਤਾ ਹੈ ਜਿਨ੍ਹਾਂ ਰਿਸ਼ਤਿਆਂ ਦੇ ਸਮਾਜਕ ਪੱਧਰ ਬਾਰੇ ਵੀ ਉਹ ਪੂਰੀ ਤਰ੍ਹਾਂ ਚੇਤੰਨ ਸਨ। ਭਗਤ ਬਾਣੀ ਵਿਚ ਇਕ ਪੱਖ ਤੋਂ ਦੁਨਿਆਵੀ ਰਿਸ਼ਤਿਆਂ ਨੂੰ ਅੰਤਾਂ ਦਾ ਮੋਹ ਪਾਲਣ ਵਾਲੇ, ਸਥਿਰ ਨਾ ਰਹਿਣ ਵਾਲੇ ਤੇ ਸਾਥ ਛੱਡ ਦੇਣ ਵਾਲੇ ਰਿਸ਼ਤਿਆਂ ਦੇ ਰੂਪ ਵਿਚ ਦਰਸਾਇਆ ਗਿਆ ਹੈ ਅਤੇ ਦੂਸਰੇ ਪੱਖ ਤੋਂ ਨਿਰਾ ਦਿਖਾਵਾ, ਬੇਵਫ਼ਾਈ ਆਦਿ ਔਗੁਣਾਂ ਕਾਰਨ ਗੰਧਲਾਅ ਚੁੱਕੇ ਰਿਸ਼ਤਿਆਂ ਵੱਲ ਵੀ ਸੰਕੇਤ ਕੀਤੇ ਹਨ। ਇੰਝ ਭਗਤ ਸਾਹਿਬਾਨਾਂ ਨੇ ਸੰਸਾਰੀ ਰਿਸ਼ਤਿਆਂ ਵਿਚ ਬੱਝਣ ਨੂੰ ਭਾਵੇਂ ਨਕਾਰਿਆ ਨਹੀਂ ਪਰੰਤੂ ਇਨ੍ਹਾਂ ਰਿਸ਼ਤਿਆਂ ਤੋਂ ਸਭ ਤੋਂ ਉੱਤਮ ਤੇ ਸਦੀਵੀ ਰਿਸ਼ਤਾ ਭਗਤ ਤੇ ਭਗਵਾਨ, ਗੁਰੂ ਤੇ ਭਗਤ ਦਾ ਹੀ ਮੰਨਿਆ ਹੈ ਜੋ ਲੋਕ-ਪਰਲੋਕ ਵਿਚ ਸਹਾਈ ਹੁੰਦਾ ਹੈ।

ਭਗਤ ਬਾਣੀ ਵਿਚ ਇਸਤਰੀ ਦੀ ਸਮਕਾਲੀ ਹਾਲਤ ਅਤੇ ਉਸ ਪ੍ਰਤੀ ਬਾਣੀਕਾਰਾਂ ਦੇ ਵਿਚਾਰਧਾਰਾਈ ਹੁੰਗਾਰੇ ਨੂੰ ਵੀ ਜਾਣਿਆ ਗਿਆ ਹੈ। ਭਗਤ ਬਾਣੀਕਾਰਾਂ ਨੇ ਜੇਕਰ ਇਕ ਪਾਸੇ ਬਾਲ-ਵਿਆਹ, ਸਤੀ-ਪ੍ਰਥਾ ਤੇ ਪਰਦਾ ਆਦਿ ਪ੍ਰਥਾਵਾਂ ਦਾ ਵਿਰੋਧ ਕੀਤਾ ਤਾਂ ਦੂਸਰੇ ਪਾਸੇ ਅਧਿਆਤਮਕ ਅਰਥਾਂ ਵਿਚ ਭਗਤ-ਜਨ ਦੇ ਪ੍ਰਭੂ ਪ੍ਰਤੀ ਸੱਚੇ ਪ੍ਰੇਮ ਨੂੰ ਦਰਸਾਉਣ ਲਈ ਔਰਤ ਦੇ ਸੱਚੇ-ਸੁੱਚੇ ਪਤਨੀ-ਰੂਪ ਨੂੰ ਇਕ ਮਾਡਲ ਦੇ ਤੌਰ ’ਤੇ ਪੇਸ਼ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਨੇ ਔਰਤ ਦੇ ਵਿਅਕਤੀਗਤ ਅਤੇ ਸਮਾਜਕ ਤੌਰ ’ਤੇ ਕੁੱਝ ਸਕਾਰਾਤਮਕ ਤੇ ਨਕਾਰਾਤਮਕ ਰੂਪਾਂ ਨੂੰ ਵੀ ਦ੍ਰਿਸ਼ਟੀਗੋਚਰ ਕੀਤਾ ਹੈ। ਸਦਾਚਾਰਕ ਗੁਣਾਂ ਦੇ ਆਧਾਰ ’ਤੇ ਇਸਤਰੀ ਨੂੰ ਕੁਆਰੀ ਕੰਨਿਆ, ਸੁਹਾਗਣ (ਪਤੀ-ਪ੍ਰੇਮਣ), ਮਾਂ ਆਦਿ ਰੂਪਾਂ ਵਿਚ ਪੇਸ਼ ਕੀਤਾ ਹੈ। ਜਦੋਂ ਕਿ ਅਨੈਤਿਕ ਲੱਛਣਾਂ ਦੇ ਅਧਾਰ ਤੇ ਦੁਹਾਗਣ, ਪਰਾਏ ਘਰ ਜਾਂ ਮਰਦ ਦੀ ਤਾਕ ਰੱਖਣ ਵਾਲੀ, ਵੇਸ਼ਵਾ ਆਦਿ ਰੂਪਾਂ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸਮਾਜ ਵੱਲੋਂ ਥੋਪੀਆਂ ਰੂੜ੍ਹ ਪਰੰਪਰਾਵਾਂ ਰੰਡੇਪਾ ਹੰਢਾਉਣ ਅਤੇ ਸਤੀ ਪ੍ਰਥਾ ਆਦਿ ਰਾਹੀਂ ਇਸਤਰੀ ਦੀ ਤ੍ਰਾਸਦਿਕ ਹਾਲਤ ਨੂੰ ਵੀ ਬਿਆਨ ਕੀਤਾ ਹੈ। ਕੁਦਰਤੀ ਨਿਯਮਾਂ ਅਨੁਸਾਰ ਮਿਲੀ ਜਨਣ-ਪ੍ਰਕਿਰਿਆ ਨਾਲ ਸਬੰਧਿਤ ‘ਸੂਤਕ’ (ਪ੍ਰਸੂਤ) ਆਦਿ ਦੀ ਹਾਲਤ ਵਿਚ ਇਸਤਰੀ ਨੂੰ ਅਸ਼ੁੱਧ, ਅਪਵਿੱਤਰ ਆਦਿ ਆਖਕੇ, ਉਸ ਪ੍ਰਤੀ ਪੈਦਾ ਕੀਤੇ ਭਰਮਾਂ ਤੇ ਘ੍ਰਿਣਾ ਦਾ ਵਿਰੋਧ ਕਰਦੇ ਹੋਏ ਭਗਤ ਬਾਣੀਕਾਰਾਂ ਨੇ ਸਾਰੇ ਇਸਤਰੀ-ਪੁਰਸ਼ਾਂ ਨੂੰ ਬਰਾਬਰ ਤੇ ਇਕੋ ਬ੍ਰਹਮ ਦੀ ਪੈਦਾਇਸ਼ ਹੋਣ ਦਾ ਵਿਚਾਰ ਪੇਸ਼ ਕੀਤਾ।

ਮੱਧਕਾਲੀ ਲੋਕਾਂ ਦੀ ਰੋਜ਼ਮਰਾ ਜੀਵਨ-ਸ਼ੈਲੀ ਨੂੰ ਭਗਤ ਬਾਣੀ ਵਿਚ ਲੋਕਾਂ ਦੇ ਰਹਿਣ-ਸਹਿਣ, ਕੰਮ-ਧੰਦੇ, ਖੇਡਾਂ ਤੇ ਮਨਪ੍ਰਚਾਵੇ ਆਦਿ ਸਬੰਧੀ ਮਿਲਦੇ ਅਧਿਆਤਮਕ ਸੰਕੇਤਾਂ

ਦੁਆਰਾ ਜਾਣਿਆ ਗਿਆ ਹੈ। ਭਗਤ ਬਾਣੀਕਾਰਾਂ ਅਨੁਸਾਰ ਅਮੀਰੀ-ਗ਼ਰੀਬੀ ਦਾ ਪਾੜਾ ਇਸ ਕਦਰ ਵਧਿਆ ਹੋਇਆ ਸੀ ਕਿ ਕਿਸੇ ਦੇ ਘਰ ਪਹਿਨਣ ਤੇ ਸੌਣ ਲਈ ਰੇਸ਼ਮ ਦੇ ਕੱਪੜੇ, ਪਲੰਗ, ਨਿਵਾਰੀ, ਖਾਣ ਲਈ ਖੀਰ, ਖੰਡ, ਘਿਉ ਆਦਿ ਤੋਂ ਬਣੇ ਤਰ੍ਹਾਂ ਤਰ੍ਹਾਂ ਦੇ ਭੋਜਨ ਹੁੰਦੇ ਸਨ ਅਤੇ ਕਿਸੇ ਦੇ ਘਰ ਸੌਣ ਲਈ ਗਲੇ ਹੋਏ ਬਿਸਤਰੇ ਜਾਂ ਪਰਾਲੀ ਅਤੇ ਖਾਣ ਲਈ ਸੁੱਕੇ ਚਨੇ ਜਾਂ ਘਰ ਘਰ ਮੰਗਣ ਵਾਲੀ ਹਾਲਤ ਸੀ। ਭਗਤ ਸਾਹਿਬਾਨ ਜਿੱਥੇ ਅਜਿਹੀ ਹਾਲਤ ਵਿਚੋਂ ਨਿਕਲਣ ਲਈ ਨਿਰਾਸ਼ ਹੋਣ ਦੀ ਬਜਾਏ ਮਿਹਨਤ ਕਰਨ ਦੀ ਪ੍ਰੇਰਨਾ ਦਿੰਦੇ ਹਨ ਉੱਥੇ ਪ੍ਰਭੂ ਅੱਗੇ ਜੀਵਨ-ਬਸਰ ਲਈ ਲੋੜੀਂਦੀਆਂ ਮੁੱਢਲੀਆਂ ਲੋੜਾਂ ਨੂੰ ਪੂਰਾ ਕਰਨ ਲਈ ਵੀ ਬੇਨਤੀ ਕਰਦੇ ਹਨ। ਭਗਤ ਸਾਹਿਬਾਨ ਬਾਦਸ਼ਾਹਾਂ, ਸੁਲਤਾਨਾਂ ਅਤੇ ਹੋਰ ਉੱਚ, ਅਮੀਰ ਅਧਿਕਾਰੀਆਂ ਦੁਆਰਾ ਨਾਜਾਇਜ਼ ਢੰਗਾਂ ਨਾਲ ਕਮਾਏ ਧਨ ਅਤੇ ਐਸ਼ੋਆਰਾਮ ਵਾਲੇ ਜੀਵਨ-ਜਿਉਣ 'ਤੇ ਚੋਟ ਕਰਦੇ ਹੋਏ ਅਜਿਹੀ ਝੂਠੀ ਠਾਠ-ਬਾਠ ਵਾਲੇ ਜੀਵਨ ਦੀ ਥਾਂ ਸਹਿਜ, ਸਰਲ, ਨਿਮਰਤਾ, ਲੋਕ-ਭਲਾਈ ਤੇ ਪ੍ਰਭੂ-ਨਾਮ ਵਿਚ ਜੀਵਨ ਬਿਤਾਉਣ ਨੂੰ ਹੀ ਤਰਜੀਹ ਦਿੰਦੇ ਹਨ।

ਮੱਧਕਾਲੀ ਸਮਾਜ ਵਿਚ ਪ੍ਰਚਲਿਤ ਕੁੱਝ ਖੇਡਾਂ ਤੇ ਮਨੋਰੰਜਨ ਦੇ ਸਾਧਨਾਂ ਨੂੰ ਭਗਤ ਬਾਣੀ ਵਿਚ ਅਧਿਆਤਮਕ ਪ੍ਰਸੰਗ ਵਿਚ ਅਤੇ ਉਦਾਹਰਨਾਂ ਦੇ ਤੌਰ ਤੇ ਪੇਸ਼ ਕੀਤਾ ਗਿਆ ਹੈ ਜਿਨ੍ਹਾਂ ਤੋਂ ਇਹ ਪਤਾ ਚੱਲਦਾ ਹੈ ਕਿ ਉਸ ਸਮੇਂ ਜਿੱਥੇ ਕੁੱਝ ਖੇਡਾਂ ਤੇ ਮਨਪ੍ਰਚਾਵੇ ਮਨੁੱਖੀ-ਜੀਵਨ ਲਈ ਸਕਾਰਾਤਮਕ ਭੂਮਿਕਾ ਨਿਭਾਉਂਦੇ ਸਨ ਉੱਥੇ ਲੋਕਾਂ ਵਿਚ ਨਕਾਰਾਤਮਕ ਮਨਪ੍ਰਚਾਵਿਆਂ ਨੂੰ ਵੀ ਜੀਵਨ ਦਾ ਵਿਸ਼ੇਸ਼ ਅੰਗ ਬਣਾ ਲਿਆ ਗਿਆ ਸੀ। ਬਾਣੀਕਾਰਾਂ ਨੇ ਨਾਸ਼ਵਾਨ ਤੇ ਥੋੜ੍ਹ ਚਿਰੇ ਸਵਾਸਾਂ ਵਾਲੇ ਜੀਵਨ ਦੇ ਪਾਸੇ ਨੂੰ ਉਸਾਰੂ ਸੋਚ ਅਤੇ ਸਹੀ ਦਿਸ਼ਾ ਵੱਲ ਢਾਲਣ ਨੂੰ ਅਸਲ ਚਉਪੜ ਖੇਲਣਾ ਦੱਸਿਆ ਹੈ। ਜਗਤ ਦੇ ਪਸਾਰੇ ਨੂੰ ਨਿਰੰਕਾਰ ਰੂਪੀ ਬਾਜੀਗਰ ਵਲੋਂ ਪਾਈ ਬਾਜੀ ਦੇ ਖੇਲ ਤਮਾਸ਼ੇ ਦੀ ਸੰਗਿਆ ਦਿੱਤੀ ਹੈ। ਧਨ-ਪਦਾਰਥ ਦੀ ਹੋੜ ਤੋਂ ਵਰਜਣ ਦੀ ਪ੍ਰੇਰਨਾ ਹਿੱਤ ਜੂਏ ਦੀ ਖੇਡ ਵਿਚ ਬੇਸ਼ੁਮਾਰ ਧਨ ਇਕੱਠਾ ਕਰਨ ਵਾਲੇ ਜੁਆਰੀ ਦੇ ਖਾਲੀ ਹੱਥ ਤੁਰ ਜਾਣ ਦੀ ਉਦਾਹਰਨ ਦਿੰਦੇ ਹਨ। ਇਨ੍ਹਾਂ ਖੇਡਾਂ ਤੋਂ ਇਲਾਵਾ ਬਾਣੀ ਵਿਚ ਗੁੱਡੀ ਉਡਾਉਣਾ, ਨਾਟ, ਸਵਾਂਗ, ਗੀਤ-ਸੰਗੀਤ, ਨਾਚ ਤੇ ਘੋੜ ਸਵਾਰੀ ਆਦਿ ਦਾ ਜ਼ਿਕਰ ਵੀ ਅਧਿਆਤਮਕ ਪੱਖ ਤੋਂ ਕੀਤਾ ਮਿਲਦਾ ਹੈ।

ਧਾਰਮਿਕ ਸੰਸਥਾਵਾਂ ਅਧੀਨ ਹਿੰਦੂ ਧਰਮ, ਮੁਸਲਿਮ ਧਰਮ, ਨਾਥਾਂ, ਜੋਗੀਆਂ ਆਦਿ ਦੀ ਧਾਰਮਿਕ ਸਥਿਤੀ ਬਾਰੇ ਅਤੇ ਇਨ੍ਹਾਂ ਪ੍ਰਤੀ ਭਗਤ ਬਾਣੀਕਾਰਾਂ ਦੇ ਦ੍ਰਿਸ਼ਟੀਕੋਣ ਨੂੰ ਪੇਸ਼ ਕੀਤਾ ਗਿਆ ਹੈ। ਧਾਰਮਿਕ ਪੱਖ ਤੋਂ ਬ੍ਰਹਮਣ ਲੋਕ ਵਰਨ-ਆਸ਼ਰਮ, ਮੂਰਤੀ-ਪੂਜਾ ਅਤੇ ਹੋਰ ਬਾਹਰੀ ਭੇਖਾਂ, ਕਰਮਕਾਂਡਾਂ ਵਿਚ ਪਏ ਹੋਏ ਆਪਣੇ ਆਪ ਨੂੰ ਹੀ ਬ੍ਰਹਮਬੇਤਾ ਜਾਣਦੇ ਸਨ ਜਿਨ੍ਹਾਂ ਦੁਆਰਾ ਅਪਣਾਏ

ਦਿਖਾਵੇ ਭਰਪੂਰ ਪਹਿਰਾਵੇ ਧੋਤੀ, ਜਨੇਊ, ਤਿਲਕ, ਮਾਲਾ ਅਤੇ ਵੇਦ, ਸ਼ਾਸਤ੍ਰਾਂ, ਪੁਰਾਣਾਂ ਦੇ ਰਟਣ ਆਦਿ ਪਾਖੰਡਾਂ ਦਾ ਬਾਣੀਕਾਰਾਂ ਨੇ ਸਭ ਤੋਂ ਵੱਧ ਵਿਰੋਧ ਕੀਤਾ ਹੈ। ਉਨ੍ਹਾਂ ਅਨੁਸਾਰ ਪ੍ਰਭੂ ਦੀ ਪ੍ਰਾਪਤੀ ਇਨ੍ਹਾਂ ਪਾਖੰਡਾਂ ਨਾਲ ਨਹੀਂ, ਸਗੋਂ ਮਨ ਦੀ ਸਵੱਛਤਾ ਨਾਲ ਹੁੰਦੀ ਹੈ। ਭਗਤ ਬਾਣੀਕਾਰਾਂ ਨੇ ਕੇਵਲ ਹਿੰਦੂ ਧਰਮ ਵਿਚ ਪਾਏ ਜਾਂਦੇ ਕਰਮਕਾਂਡਾਂ ਦਾ ਹੀ ਵਿਰੋਧ ਨਹੀਂ ਕੀਤਾ, ਸਗੋਂ ਮੁਸਲਮਾਨੀ ਧਰਮ ਦੇ ਮੋਢੀਆਂ ਨਾਲ ਸੰਵਾਦ ਰਚਾਉਂਦੇ ਹੋਏ ਬਾਂਗ, ਵਜ਼ੂ, ਨਿਮਾਜ਼, ਰੋਜ਼ੇ, ਹੱਜ, ਹਲਾਲ ਆਦਿ ਬਾਹਰੀ ਕਰਮਾਂ ਨੂੰ ਉਲਟਾ ਕੇ ਮਨ ਦੀ ਨਿਰਮਲਤਾ ਤੇ ਨੈਤਿਕ ਗੁਣਾਂ ਨਾਲ ਜੋੜਨ ਦੀ ਪ੍ਰੇਰਨਾ ਵੀ ਦਿੱਤੀ ਹੈ। ਇਨ੍ਹਾਂ ਤੋਂ ਇਲਾਵਾ ਭਗਤ ਬਾਣੀਕਾਰਾਂ ਨੇ ਮੱਧਕਾਲੀ ਸਮਾਜ ਵਿਚ ਨਿਰਬਸਤਰ ਜਾਂ ਸ਼ੇਰ, ਮ੍ਰਿਗ ਦੀ ਖੱਲ, ਪੱਤੇ ਆਦਿ ਲੱਕ ਦੁਆਲੇ ਲਪੇਟ ਕੇ ਫਿਰਨ ਵਾਲੇ, ਸਿਰ ਦੇ ਵਾਲ ਪੁੱਟ ਕੇ ਰੁੰਡ-ਮੁੰਡ ਰਹਿਣ ਵਾਲੇ, ਸਰੀਰ ’ਤੇ ਸੁਆਹ ਮਲ ਕੇ ਲੰਮੀਆਂ ਜਟਾਂ ਰੱਖਣ ਵਾਲੇ, ਖਿੰਥਾ, ਮ੍ਰਿਗਛਾਲਾ, ਧੂਣੀ, ਫਾਹੁੜੀ, ਮੁੰਦ੍ਰਾਂ, ਸਿੰਗੀ, ਬਟੂਆ ਆਦਿ ਬਾਹਰੀ ਚਿੰਨ੍ਹਾਂ ਨੂੰ ਧਾਰਨ ਕਰਨ ਵਾਲੇ ਅਣਗਿਣਤ ਫਿਰਕਿਆਂ, ਸੰਪ੍ਰਦਾਵਾਂ ਵਿਚ ਵੰਡੇ ਨਾਥਾਂ, ਜੋਗੀਆਂ ਦੇ ਭਰਮ, ਪਾਖੰਡਾਂ ਨੂੰ ਤੋੜਨ ਲਈ ਬੜੇ ਤਰਕਮਈ ਅੰਦਾਜ਼ ਵਿਚ ਆਪਣਾ ਪੱਖ ਰੱਖਿਆ। ਬਾਣੀਕਾਰਾਂ ਨੇ ਅਜਿਹੇ ਫਿਰਕਿਆਂ ਦੇ ਸਿੱਧਾਂ, ਨਾਥਾਂ ਨੂੰ ਬਾਹਰੀ ਚਿੰਨ੍ਹ ਧਾਰਨ ਕਰਨ ਤੇ ਹੋਰ ਸਰੀਰਕ ਸਾਧਨਾਵਾਂ ਕਰਨ ਦੀ ਬਜਾਏ ਆਪਣੇ ਚੰਚਲ, ਵਿਕਾਰੀ ਮਨ ਨੂੰ ਨਿਰਮਲ ਕਰਨ, ਸ਼ੁੱਧ ਆਚਰਨ ਰੱਖਣ ਤੇ ਨੈਤਿਕ ਗੁਣਾਂ ਨੂੰ ਧਾਰਨ ਕਰਨ ਦੀ ਪ੍ਰੇਰਨਾ ਦਿੱਤੀ ਹੈ।

ਭਗਤ ਬਾਣੀ ਅਨੁਸਾਰ ਆਰਥਿਕ ਪੱਖ ਤੋਂ ਮੱਧਕਾਲੀ ਸਮਾਜ ਨੂੰ ‘ਅਮੀਰ ਵਰਗ’ ਅਤੇ ‘ਗ਼ਰੀਬ ਵਰਗ’ ਦੋ ਵਰਗਾਂ ਵਿਚ ਵੰਡ ਕੇ ਦੇਖਿਆ ਗਿਆ ਹੈ। ਅਮੀਰ ਵਰਗ ਵਿਚ ਰਾਜਾ ਸ਼੍ਰੇਣੀ ਤੇ ਉਸਦੇ ਸਭ ਅਧਿਕਾਰੀ ਆਦਿ ਆ ਜਾਂਦੇ ਸਨ। ਹਿੰਦੂ ਸ਼੍ਰੇਣੀਆਂ ਵਿਚ ਬ੍ਰਾਹਮਣ ਲੋਕ ਵੀ ਆਰਥਿਕ ਪੱਖ ਤੋਂ ਮਜ਼ਬੂਤ ਸਨ। ਜਦੋਂ ਕਿ ਸਮਾਜ ਦੇ ਦੂਸਰੇ ਵਰਗ ਵਿਚ ਗ਼ਰੀਬ ਸ਼੍ਰੇਣੀ ਦੇ ਲੋਕ ਆਉਂਦੇ ਸਨ ਜੋ ਆਪਣੀਆਂ ਰੋਜ਼ਮਰਾ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਵੀ ਅਸਮਰਥ ਸਨ। ਭਗਤ ਬਾਣੀਕਾਰ ਖ਼ੁਦ ਵੀ ਆਰਥਿਕ ਲੋੜਾਂ, ਥੁੜਾਂ ਭਰਿਆ ਜੀਵਨ ਜਿਉਂਦੇ ਰਹੇ। ਬਾਵਜੂਦ ਇਸਦੇ ਉਹ ਅਹਿਰਖ, ਵਾਦ ਨਾ ਕਰਦੇ ਹੋਏ ਕਿਰਤ ਕਰਨ ਦੀ ਪ੍ਰੇਰਨਾ ਦਿੰਦੇ ਹਨ ਪਰੰਤੂ ਜੀਵਨ-ਬਸਰ ਦੀਆਂ ਮੁੱਢਲੀਆਂ ਲੋੜਾਂ ਦੀ ਘਾਟ ਨੂੰ ਉਨ੍ਹਾਂ ਨੇ ਵੀ ਮਨੁੱਖ ਦੇ ਬਾਕੀ ਜੀਵਨ-ਉਦੇਸ਼ਾਂ ਵਿਚ ਰੁਕਾਵਟ ਮੰਨਿਆ। ਇਸ ਲਈ ਉਹ ਪ੍ਰਭੂ ਅੱਗੇ ਪੁਕਾਰ ਉੱਠਦੇ ਹਨ :

ਭੂਖੇ ਭਗਤਿ ਨ ਕੀਜੈ॥ ਯਹ ਮਾਲਾ ਅਪਨੀ ਲੀਜੈ॥

(ਸੋਰਠਿ, ਕਬੀਰ, ਪੰਨਾ-656)

ਦਾਲਿ ਸੀਧਾ ਮਾਗਉ ਘੀਉ॥ ਹਮਰਾ ਖੁਸੀ ਕਰੈ ਨਿਤ ਜੀਉ॥

(ਧਨਾਸਰੀ, ਧੰਨਾ, ਪੰਨਾ-695)

ਆਰਥਿਕ ਖੁਸ਼ਹਾਲੀ ਦੀ ਉਪਰੋਕਤ ਕਾਮਨਾ ਇਕ ਵੱਡੀ ਉਦਾਹਰਨ ਹੈ ਕਿ ਮਨੁੱਖ ਦੁਆਰਾ ਧਰਮ ਕਮਾਉਣ ਲਈ ਆਰਥਿਕ ਲੋੜਾਂ ਦੀ ਪੂਰਤੀ ਅਤੇ ਅਰਥ ਲਈ ਸੱਚੇ ਧਰਮ-ਕਰਮ ਦਾ ਗਿਆਨ ਹੋਣਾ ਅਤਿ ਜ਼ਰੂਰੀ ਹੈ। ਸੋ ਮੱਧਕਾਲੀ ਸਮਾਜ ਦਾ ਆਰਥਿਕ-ਢਾਂਚਾ ਰਾਜਾ ਸ਼੍ਰੇਣੀ ਨਾਲ ਜੁੜੇ ਛੋਟੇ, ਵੱਡੇ ਅਹੁਦੇਦਾਰਾਂ, ਨੌਕਰਾਂ-ਚਾਕਰਾਂ ਤੋਂ ਇਲਾਵਾ, ਸਮਾਜ ਦੀ ਜਨ-ਸਾਧਾਰਨ ਦੀ ਜੀਵਿਕਾ ਦੇ ਸਾਧਨਾਂ - ਖੇਤੀ, ਵਪਾਰ, ਨੌਕਰੀ ਆਦਿ ਪ੍ਰਮੁੱਖ ਕੰਮ-ਧੰਦਿਆਂ ਤੋਂ ਇਲਾਵਾ ਕੱਪੜਾ ਬੁਣਨਾ, ਸਿਲਾਈ ਕਰਨਾ, ਜੁੱਤੀਆਂ ਗੰਢਣਾ, ਮਰੇ ਪਸ਼ੂਆਂ ਦਾ ਚੰਮ ਢੋਣਾ, ਘਰ ਬਣਾਉਣਾ, ਗਹਿਣੇ ਬਣਾਉਣਾ, ਮਿੱਟੀ ਦੇ ਭਾਂਡੇ ਬਨਾਉਣਾ, ਬੇੜੇ ਤਿਆਰ ਕਰਨਾ, ਬੇੜਾ ਚਲਾਉਣਾ, ਤੇਲੀ ਦੇ ਕੰਮ (ਰੂੰਅ ਪਿੰਜਣਾ, ਤੇਲ ਆਦਿ ਦੀ ਘਾਣੀ ਕੱਢਣਾ) ਆਦਿ 'ਤੇ ਉਸਰਿਆ ਹੋਇਆ ਸੀ। ਇਨ੍ਹਾਂ ਕੰਮ-ਧੰਦਿਆਂ ਦੁਆਰਾ ਲੋਕਾਂ ਦਾ ਆਪਸੀ ਅਦਾਨ-ਪ੍ਰਦਾਨ ਜਾਂ ਲੈਣ-ਦੇਣ ਸਿੱਕਿਆਂ ਦੀ ਬਜਾਏ ਵਧੇਰੇ ਕਰਕੇ ਵਸਤਾਂ ਦੁਆਰਾ ਹੀ ਹੁੰਦਾ ਸੀ। ਮਿਹਨਤ ਨਾਲ ਕਮਾਈ ਜਾਣ ਵਾਲੀ ਜੀਵਿਕਾ ਦੇ ਇਨ੍ਹਾਂ ਸਾਧਨਾਂ ਤੋਂ ਇਲਾਵਾ ਵਧੇਰੇ ਧਨ ਦੇ ਲਾਲਚ ਵਿਚ ਕੁੱਝ ਅਸਮਾਜਕ ਪੇਸ਼ੇ ਜਿਵੇਂ ਵੇਸ਼ਵਾਪਣ, ਸ਼ਰਾਬ ਕੱਢਣਾ, ਵੇਚਣਾ, ਠੱਗੀ, ਚੋਰੀ ਆਦਿ ਦਾ ਵੀ ਜ਼ਿਕਰ ਮਿਲਦਾ ਹੈ। ਭਗਤ ਬਾਣੀਕਾਰਾਂ ਅਨੁਸਾਰ ਗ਼ਲਤ ਢੰਗ ਨਾਲ ਕਮਾਉਣ ਅਤੇ ਪ੍ਰਭੂ-ਨਾਮ ਤੋਂ ਸੱਖਣੇ ਸਾਕਤ ਮਨੁੱਖ ਦੀ ਰੋਟੀ ਨਾਲੋਂ ਤਾਂ ਲੂਣ ਵਾਲੀ ਸਾਦੀ ਖਿਚੜੀ ਜਾਂ ਜੌਆਂ ਦੀ ਰੋਟੀ ਖਾ ਲੈਣੀ ਹੀ ਵਧੇਰੇ ਚੰਗੀ ਹੈ। ਇਸ ਵਿਚਾਰ ਆਧਾਰਿਤ ਹੀ ਉਨ੍ਹਾਂ ਨੇ ਸਰਬ ਲੋਕਾਈ ਨੂੰ ਸ਼ੁਭ ਅਮਲ ਕਰਨ, ਕਿਰਤ ਕਰਨ, ਸਹਿਜ, ਸਰਲ ਤੇ ਸੰਤੋਖਮਈ ਜੀਵਨ ਗੁਜ਼ਾਰਨ ਦੀ ਪ੍ਰੇਰਨਾ ਦਿੱਤੀ ਹੈ।

ਭਗਤ-ਬਾਣੀ ਦੇ ਅਧਿਆਤਮਕ ਅਤੇ ਕੁੱਝ ਸਿੱਧੇ ਸੰਬੋਧਿਤ ਸੰਕੇਤਾਂ ਤੋਂ ਮੱਧਕਾਲੀ ਸਮਾਜ ਦੀ ਰਾਜਨੀਤਕ ਵਿਵਸਥਾ ਬਾਰੇ ਵੀ ਜਾਣਕਾਰੀ ਮਿਲਦੀ ਹੈ। ਮੱਧਕਾਲ ਵਿਚ ਰਾਜਾ ਪ੍ਰਸਾਸ਼ਨਿਕ-ਪ੍ਰਬੰਧ ਦਾ ਸਭ ਤੋਂ ਉੱਚਾ ਅਧਿਕਾਰੀ ਹੁੰਦਾ ਸੀ। ਰਾਜੇ ਦੇ ਅਧਿਕਾਰ ਵਿਚ ਉਸਰੀ ਰਾਜਸੀ-ਪ੍ਰਣਾਲੀ ਦਾ ਕੋਈ ਇਕ ਜਾਂ ਨਿਸ਼ਚਿਤ ਢੰਗ ਤਾਂ ਨਹੀਂ ਸੀ, ਸਗੋਂ ਸੂਬੇ ਜਾਂ ਹਰ ਰਿਆਸਤ ਦਾ ਰਾਜਾ ਆਪਣੇ ਸੁਭਾਅ, ਇੱਛਾ ਅਨੁਕੂਲ ਅਤੇ ਕੁੱਝ ਭੂਗੋਲਿਕ ਸਥਿਤੀਆਂ ਅਨੁਸਾਰ ਨੀਤੀਆਂ ਨੂੰ ਘੜ ਲੈਂਦਾ ਸੀ। ਰਾਜੇ ਅਨੁਸਾਰ ਹੀ ਉਸਦੇ ਹੁਕਮ ਵਿਚ ਚੱਲਣ ਵਾਲੇ ਬਾਕੀ ਛੋਟੇ, ਵੱਡੇ ਅਧਿਕਾਰੀ ਜਾਗੀਰਦਾਰ, ਸਿਕਦਾਰ, ਡਾਂਡੀ, ਮੁੰਸਫ, ਪਟਵਾਰੀ ਆਦਿ ਹੁੰਦੇ ਸਨ ਜੋ ਆਮ ਲੋਕਾਂ ਨਾਲ ਬਹੁਤ ਬੁਰਾ ਸਲੂਕ ਕਰਦੇ ਹੋਏ ਧੱਕੇ ਨਾਲ ਕਈ ਤਰ੍ਹਾਂ ਦੇ ਟੈਕਸਾਂ ਦੀ ਉਗਰਾਹੀ ਕਰਦੇ ਸਨ। ਚਾਰ ਦਿਨ

ਦੀ ਨਉਬਤ ਵਜਾ ਕੇ ਚਲੇ ਜਾਣ ਵਾਲੇ, ਝੂਠੀ ਸ਼ਾਨੋ-ਸ਼ੌਕਤ, ਭੋਗ ਵਿਲਾਸ ਵਿਚ ਗ੍ਰਸਤ ਅਤੇ ਲੋਕਾਂ ਨਾਲ ਦੁਰਵਿਹਾਰ ਕਰਨ ਵਾਲੇ ਰਾਜਿਆਂ ਦੇ ਦੁਰਵਿਵਹਾਰ ਦੀ ਨਿੰਦਾ ਕਰਦੇ ਹੋਏ ਭਗਤ ਸਾਹਿਬਾਨ ਉਸਾਰੂ ਸਮਾਜਕ ਕਾਰਜ ਕਰਨ ਤੇ ਸ਼ੁੱਧ ਆਚਰਨ ਆਦਿ ਗੁਣਾਂ ਵਾਲੇ ਆਦਰਸ਼ ਰਾਜੇ ਦੀ ਸ਼ਖ਼ਸੀਅਤ ਨੂੰ ਉਘਾੜਦੇ ਹਨ ਜੋ ਰਾਜਾ ਗਿਆਨ ਤੇ ਵੈਰਾਗ ਦੇ ਤੀਰ ਧਾਰਨ ਕਰਕੇ, ਬਾਹਰ ਵਿਕਾਰਾਂ ਵੱਲ ਦੌੜਦੇ ਮਨ ਨੂੰ ਆਪਣੇ ਅੰਦਰ ਟਿਕਾਕੇ ਅਤੇ ਨਸ਼ਿਆਂ ਵਿਚ ਵਿਅਸਤ ਫੌਜ ਰੱਖਣ ਦੀ ਬਜਾਏ ਆਪਣੇ ਮਨ ਵਿਚ ਸ਼ੁਭ ਗੁਣਾਂ ਦੀ ਫੌਜ ਨੂੰ ਤਿਆਰ ਕਰੇ। ਬਾਣੀਕਾਰਾਂ ਨੇ ਐਸੇ ਸੁਲਤਾਨ ਦੇ ਸਿਰ ’ਤੇ ਹੀ ਛਤ੍ਰ ਝੁਲਾਉਣ ਯੋਗ ਸਮਝਿਆ। ਉਹ ਮੱਧਕਾਲੀ ਰਾਜਿਆਂ, ਮਹਾਂਰਾਜਿਆਂ ਦੀ ਸ੍ਰੇਸ਼ਟ ਸ਼ਕਤੀ ਤੇ ਪਦਵੀ ਨੂੰ ਛੁਟਿਆਉਂਦੇ ਹੋਏ ਇਕੋ ਇਕ ਨਿਰਾਕਾਰ, ਸਰਬ ਵਿਆਪਕ ਬ੍ਰਹਮ ਨੂੰ ਤਿੰਨੇ ਭਵਨਾਂ ਦਾ ਰਾਜਾ ਦੱਸਦੇ ਹਨ। ਬਾਣੀਕਾਰਾਂ ਅਨੁਸਾਰ ਚਾਰ ਦਿਨ ਠਹਿਰਨ ਵਾਲੇ ਸੰਸਾਰੀ ਰਾਜੇ ਉਸ ਚਕ੍ਰਵਰਤੀ ਰਾਜੇ (ਹਰੀ) ਦੇ ਤੁਲ ਤਾਂ ਕੀ, ਉਸ ਹਰੀ ਦੇ ਸਭ ਤੋਂ ਨੇੜਲੇ ਅਧਿਕਾਰੀ ਭਗਤ, ਸੰਤ-ਜਨ ਦੇ ਬਰਾਬਰ ਵੀ ਨਹੀਂ ਹੋ ਸਕਦੇ।

ਸਭਿਆਚਾਰਕ ਪੱਖ ਤੋਂ ਭਗਤ ਬਾਣੀਕਾਰਾਂ ਨੇ ਮਨੁੱਖ ਦੀਆਂ ਵਿਅਕਤੀਗਤ ਨੈਤਿਕ ਕੀਮਤਾਂ ਤੋਂ ਲੈ ਕੇ ਸਮੂਹਿਕ ਭਾਈਚਾਰੇ ਤੇ ਵਿਸ਼ਵ ਦੇ ਹਿਤਾਂ ਅਨੁਕੂਲ ਸਿਰਜੀਆਂ ਕੀਮਤਾਂ ਨੂੰ ਸੰਚਾਰਿਤ ਕੀਤਾ ਹੈ। ਮੱਧਕਾਲੀ ਸਮਾਜ ਦੀ ਹਰ ਸ਼੍ਰੇਣੀ ਦੇ ਲੋਕਾਂ, ਸਮੁਦਾਇ ਤੇ ਸੰਸਥਾਵਾਂ ਵਿਚ ਨੈਤਿਕ ਕੀਮਤਾਂ ਪੱਖੋਂ ਦਿਨ-ਬ-ਦਿਨ ਨਿਘਾਰ ਆ ਰਿਹਾ ਸੀ। ਲੋਕਾਂ ਦੇ ਮਨਾਂ ਵਿਚ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਵਿਕਾਰ, ਆਚਰਨਹੀਨਤਾ, ਸੁਆਰਥਪਣ, ਅਮੀਰੀ-ਗ਼ਰੀਬੀ ਦਾ ਪਾੜਾ, ਆਪਸੀ ਈਰਖਾ, ਜਾਤੀ ਭੇਦਭਾਵ, ਨਿੰਦਾ, ਝੂਠ, ਠੱਗੀ ਆਦਿ ਅਨੈਤਿਕ ਲੱਛਣਾਂ ਨੇ ਘਰ ਕਰ ਲਿਆ ਸੀ ਜਿਸ ਦਾ ਸਿੱਧਾ ਪ੍ਰਭਾਵ ਪੂਰੇ ਸਮਾਜ ’ਤੇ ਪੈ ਰਿਹਾ ਸੀ। ਭਗਤ ਬਾਣੀਕਾਰਾਂ ਨੇ ਸਮਕਾਲੀ ਸਮਾਜ ਦੇ ਲੋਕਾਂ ਦੀ ਬਿਮਾਰ ਹੋ ਚੁੱਕੀ ਅਜਿਹੀ ਮਾਨਸਿਕਤਾ ਨੂੰ ਸਮਾਜਕ, ਅਧਿਆਤਮਕ ਪੱਖ ਤੋਂ ਉੱਚਾ ਚੁੱਕਣ ਦੇ ਯਤਨ ਕੀਤੇ। ਅਧਿਆਤਮਕ ਪੱਖ ਤੋਂ ਜਿੱਥੇ ਉਨ੍ਹਾਂ ਨੇ ਮਨੁੱਖਾਂ ਦੇ ਮਨ ਦੀ ਆਤਮਕ ਸ਼ੁੱਧੀ ’ਤੇ ਜ਼ੋਰ ਦਿੱਤਾ ਉੱਥੇ ਨਿਰਾਕਾਰ ਹਰੀ ਦੀ ਪ੍ਰੇਮਾ-ਭਗਤੀ, ਸੱਚੇ ਗੁਰੂ ਦੀ ਸੇਵਾ, ਸਤਸੰਗਤ ਕਰਨ, ਪ੍ਰਭੂ ਦੇ ਹੁਕਮ, ਕਿਰਪਾ ਵਿਚ ਰਹਿਣ, ਹਰੀ ਲਈ ਸਮਰਪਣ ਭਾਵਨਾ ਅਤੇ ਮੁਕਤੀ ਤੇ ਪ੍ਰਭੂ-ਪ੍ਰਾਪਤੀ ਲਈ ਲੋਕ-ਪਰਲੋਕ ਨੂੰ ਸੁਹੇਲਾ ਬਣਾਉਣ ਆਦਿ ਕੀਮਤਾਂ ਧਾਰਨ ਕਰਨ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਨੇ ਵਿਅਕਤੀਗਤ ਤੌਰ ’ਤੇ ਜਿੱਥੇ ਮਨੁੱਖ ਨੂੰ ਨੇਕੀ, ਨਿਮਰਤਾ, ਖਿਮਾ, ਦਇਆ, ਸਬਰ-ਸੰਤੋਖ, ਆਪੇ ਦੀ ਪੜਚੋਲ ਆਦਿ ਗੁਣ ਧਾਰਨ ਦੀ ਪ੍ਰੇਰਨਾ ਦਿੱਤੀ ਉੱਥੇ ਸਮਾਜਕ ਤੌਰ ਤੇ ਮਨੁੱਖਾ-ਜਨਮ ਦੇ ਮਿਲੇ ਸ਼ੁਭ ਅਵਸਰ ਨੂੰ ਸੰਭਾਲਦੇ ਹੋਏ ਸਾਦਾ

ਜੀਵਨ ਜੀਉਣ, ਸੁਕ੍ਰਿਤ ਕਰਨ, ਸੱਚੇ ਮਾਰਗ ਤੇ ਬੇਪ੍ਰਵਾਹ ਹੋ ਕੇ ਚੱਲਣ, ਕੁਸੰਗਤ ਦਾ ਤਿਆਗ, ਜੀਵਨ ਦੀਆਂ ਕਠਿਨਾਈਆਂ ਵਿਚ ਅਡੋਲ ਤੇ ਨਿਸਚਿੰਤ ਰਹਿਣ, ਸਮਾਨਤਾ ਜਾਂ ਭਾਈਚਾਰਕ ਸਾਂਝ ਰੱਖਣ, ਸਮਾਜਕ, ਅਧਿਆਤਮਕ ਸਬੰਧ ਜਾਂ ਰਿਸ਼ਤਿਆਂ ਨੂੰ ਸੱਚਾਈ ਦੇ ਧਰਾਤਲ ਤੇ ਪਾਲਣ, ਜਾਤੀ ਭੇਦਭਾਵ ਮਿਟਾਉਣ, ਜੀਵ-ਜੰਤੂਆਂ, ਪਸ਼ੂ-ਪੰਛੀਆ ਤੇ ਬਨਸਪਤੀ ਪ੍ਰਤੀ ਪ੍ਰੇਮ ਤੇ ਦਇਆ ਦਾ ਭਾਵ ਰੱਖਣ ਅਤੇ ਮੌਤ ਦੀ ਅਟੱਲਤਾ ਨੂੰ ਯਾਦ ਰੱਖਣ ਆਦਿ ਸਦਾਚਾਰਕ ਕੀਮਤਾਂ ਨੂੰ ਅਪਣਾਉਣ ਦਾ ਉਪਦੇਸ਼ ਦਿੱਤਾ।

ਭਗਤ ਬਾਣੀਕਾਰਾਂ ਨੇ ਮੱਧਕਾਲੀ ਸਮਾਜ ਦੇ ਲੋਕਾਂ ਵਿਚ ਪ੍ਰਵਾਹਮਾਨ ਤੇ ਲੋਕ-ਪ੍ਰਿਯ ਪੁਰਾਣਿਕ ਮਿਥਕ ਕਥਾਵਾਂ ਦੇ ਮਾਧਿਅਮ ਦੁਆਰਾ ਵੀ ਜਿੱਥੇ ਨਿਰਾਕਾਰ, ਸਰਬ ਵਿਆਪਕ ਬ੍ਰਹਮ ਦੀ ਅਸੀਮ ਪਰਮ-ਸ਼ਕਤੀ ਨੂੰ ਬਿਆਨ ਕਰਦੇ ਹੋਏ ਹਰੀ ਦੁਆਰਾ ਸਾਰੀ ਸ੍ਰਿਸ਼ਟੀ ਦੀ ਪਾਲਣਾ ਕਰਨ ਤੇ ਭਗਤਾਂ ਪ੍ਰਤੀ ਪ੍ਰਭੂ ਦੇ ਅਥਾਹ ਪ੍ਰੇਮ ਨੂੰ ਪ੍ਰਗਟਾਇਆ ਹੈ ਉੱਥੇ ਇਨ੍ਹਾਂ ਮਿਥਕ ਪਾਤਰਾਂ, ਦੇਵੀ-ਦੇਵਤਿਆਂ, ਦੈਤਾਂ ਦੀ ਸ਼ਕਤੀ ਨੂੰ ਤੁੱਛ ਦਰਸਾ ਕੇ ਇਨ੍ਹਾਂ ਨੂੰ ਆਮ ਮਨੁੱਖਾਂ ਵਾਂਗ ਮੋਹ-ਮਾਇਆ ਵਿਚ ਫਸੇ ਤੇ ਹਰੀ ਦੀ ਕਿਰਪਾ, ਹੁਕਮ ਅਧੀਨ ਹੋਣ ਦੇ ਵਿਚਾਰਾਂ ਨੂੰ ਪੇਸ਼ ਕੀਤਾ ਹੈ। ਭਾਰਤੀ ਮਿਥਕ ਕਥਾਵਾਂ ਵਿਚੋਂ ਵਧੇਰੇ ਕਰਕੇ ਰਮਾਇਣ, ਮਹਾਂਭਾਰਤ, ਪੁਰਾਣਾਂ ਆਦਿ ਦੀਆਂ ਕਥਾਵਾਂ ਨੂੰ ਲਿਆ ਗਿਆ ਹੈ। ਪੁਰਾਣਿਕ ਦਸ ਅਵਤਾਰਾਂ ਵਿਚੋਂ ਕੂਰਮਾ (ਕੱਛ ਅਵਤਾਰ), ਕ੍ਰਿਸ਼ਨ, ਰਾਮ ਤੇ ਨਰਸਿੰਘ ਆਦਿ ਅਵਤਾਰਾਂ ਦੀ ਪੂਜਾ ਵਿਚ ਬਾਣੀਕਾਰਾਂ ਨੇ ਕੋਈ ਵਿਸ਼ਵਾਸ ਨਹੀਂ ਕੀਤਾ, ਸਗੋਂ ਇਨ੍ਹਾਂ ਅਵਤਾਰੀ-ਕਾਰਜਾਂ ਦੇ ਮਾਧਿਅਮ ਦੁਆਰਾ ਜਿੱਥੇ ਸਮਾਜ ਵਿਚ ਫੈਲੀ ਬੁਰਾਈ ਉੱਤੇ ਨੇਕੀ ਦੀ ਜਿੱਤ ਦੇ ਸੰਕਲਪ ਨੂੰ ਦ੍ਰਿੜ ਕੀਤਾ ਉੱਥੇ ਲੋਕ-ਹਿਰਦੇ ਵਿਚ ਸ਼ਰਧਾ ਦੇ ਪਾਤਰ ਬਣੇ ਇਨ੍ਹਾਂ ਅਵਤਾਰੀ ਕਾਰਜਾਂ ਰਾਹੀਂ ਨਿਰਗੁਣ, ਅਲਖ ਪ੍ਰਭੂ ਦੀਆਂ ਅਸੀਮ, ਵਿਆਪਕ ਸ਼ਕਤੀਆਂ ਦੇ ਭਾਵ ਉਪਜਾਉਣ ਲਈ ਉਦਾਹਰਨਾਂ ਵਜੋਂ ਵਰਤਿਆ ਹੈ।

ਭਗਤ ਬਾਣੀ ਵਿਚ ਮਿਥਕ ਪ੍ਰਤੀਕਾਂ ਵਿਚੋਂ 'ਸਮੁੰਦਰ ਮੰਥਨ' ਨੂੰ ਪ੍ਰਭੂ-ਨਾਮ, ਸਿਮਰਨ ਤੇ ਵੀਚਾਰਨ ਦੇ ਪ੍ਰਤੀਕ ਵਜੋਂ, ਲੋਹਾ ਆਦਿ ਧਾਤਾਂ ਨੂੰ ਸੋਨਾ ਕਰ ਦੇਣ ਵਾਲੇ ਪਾਰਸ-ਪੱਥਰ ਨੂੰ ਸਤਿਗੁਰੂ ਤੇ ਹਰੀ ਨਾਮ ਦੇ ਪ੍ਰਤੀਕ ਵਜੋਂ, ਨਾਰਦ ਮੁਨੀ ਨੂੰ ਵਿਸ਼ੇ-ਵਿਕਾਰਾਂ ਵੱਲ ਦੌੜਦੇ ਚੰਚਲ ਮਨ ਦੇ ਪ੍ਰਤੀਕ ਵਿਚ ਅਤੇ ਹੰਸ ਨੂੰ ਜੀਵਾਤਮਾ ਤੇ ਚੰਗੇ ਮਾੜੇ ਦੀ ਪਰਖ ਕਰਨ ਵਾਲੇ ਗਿਆਨੀ ਪੁਰਸ਼ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਹੈ।

ਇਸ ਤੋਂ ਇਲਾਵਾ ਭਗਤ ਬਾਣੀਕਾਰਾਂ ਨੇ ਇਸਲਾਮੀ ਮਿਥ ਅਨੁਸਾਰ ਅੱਲਾਹ ਦੇ ਸੱਤਵੇਂ ਅਸਮਾਨ ਵਿਚ ਰਹਿਣ ਦੀ ਮਿਥ ਨੂੰ ਨਕਾਰਦੇ ਹੋਏ ਉਸਨੂੰ ਕਣ ਕਣ ਭਾਵ ਸਾਰੀ ਖ਼ਲਕਤ ਵਿਚ

ਵਸਦੇ ਦੱਸਿਆ ਹੈ। ਉਨ੍ਹਾਂ ਨੇ ਅੱਲਾਹ ਦੇ ਦਰਬਾਰ ਦੀ ਵਿਆਪਕਤਾ, ਵੱਡੀ ਵਡਿਆਈ ਤੇ ਜੀਵਾਂ ਦੀ ਛੁਟਿਆਈ ਨੂੰ ਦਰਸਾਉਣ ਲਈ ਅੱਲਾਹ ਦੇ ਸੱਤਰ ਸੌ ਫਰਿਸ਼ਤੇ, ਸਵਾ ਲੱਖ ਪੈਗ਼ੰਬਰ, ਕਰੋੜਾਂ ਸ਼ੇਖ, ਚੰਗੇ-ਮਾੜੇ ਕਰਮਾਂ ਦਾ ਲੇਖਾ-ਜੋਖਾ ਕਰਨ ਲਈ ਬਹਿਸ਼ਤ ਤੇ ਦੋਜ਼ਖ਼ ਦੇ ਸੰਕਲਪ ਅਤੇ ਬਾਬਾ ਆਦਮ ਨੂੰ ਬਹਿਸ਼ਤ 'ਚੋਂ ਕੱਢੇ ਜਾਣ ਆਦਿ ਇਸਲਾਮੀ ਮਿਥਾਂ ਨੂੰ ਮਾਧਿਅਮ ਵਜੋਂ ਵਰਤਿਆ ਹੈ। ਇਸ ਤਰ੍ਹਾਂ ਭਗਤ ਬਾਣੀ ਵਿਚ ਸਮਾਜਕ ਕਲਿਆਣ ਦੇ ਮਨੋਰਥ ਹਿੱਤ ਜਿੱਥੇ ਮਿਥਕ ਕਥਾਵਾਂ, ਪਾਤਰਾਂ, ਨਾਵਾਂ, ਥਾਵਾਂ ਨੂੰ ਲੋਕ ਹਿਰਦੇ ਤੇ ਲੋਕ-ਬੁੱਧੀ ਦੀ ਸਮਝ ਗੋਚਰੇ ਕਰਨ ਲਈ ਅਧਾਰ ਬਣਾਇਆ ਗਿਆ ਉੱਥੇ ਉਸਾਰੂ ਸਮਾਜਕ, ਸਭਿਆਚਾਰਕ ਕੀਮਤਾਂ ਦੇ ਸੰਚਾਰ ਲਈ ਬਾਣੀਕਾਰਾਂ ਨੇ ਸਾਹਿਤਕ ਕਲਾ-ਜੁਗਤਾਂ ਬਿੰਬਾਂ ਅਤੇ ਪ੍ਰਤੀਕਾਂ ਦੀ ਵੀ ਵਰਤੋਂ ਕੀਤੀ ਹੈ।

ਬਾਣੀਕਾਰਾਂ ਨੇ ਪ੍ਰਮਾਤਮਾ, ਆਤਮਾ, ਜਗਤ, ਮਾਇਆ, ਮੌਤ ਆਦਿ ਅਧਿਆਤਮਕ ਵਿਸ਼ਿਆਂ ਨੂੰ ਆਮ ਲੋਕਾਂ ਦੇ ਜੀਵਨ ਵਿਚੋਂ ਬਿੰਬਾਂ ਤੇ ਪ੍ਰਤੀਕਾਂ ਦੀ ਚੋਣ ਕਰਦੇ ਹੋਏ ਸੰਚਾਰਿਤ ਕਰਨ ਦੇ ਯਤਨ ਕੀਤੇ ਹਨ ਜਿਨ੍ਹਾਂ ਵਿਚ ਪ੍ਰਭੂ ਦੀ ਹਸਤੀ ਨੂੰ ਜਲ, ਮਦਾਰੀ, ਠੱਗ, ਸਮੁੰਦਰ, ਮਲਾਹ, ਚਿੱਤਰਕਾਰ, ਮਾਤਾ-ਪਿਤਾ, ਪਤੀ, ਬੰਧਪ, ਸੂਤਰ, ਪਰਬਤ, ਲਾਠੀ, ਰੇਤੇ 'ਚ ਬਿਖਰੀ ਖੰਡ, ਘੁਮਿਆਰ, ਕਸਤੂਰੀ, ਰਤਨ, ਤਰਵਰ, ਜਹਾਜ਼, ਮਜੀਠ ਰੰਗ ਆਦਿ ਬਿੰਬਾਂ ਤੇ ਪ੍ਰਤੀਕਾਂ ਰਾਹੀਂ ਸਾਕਾਰ ਕੀਤਾ ਹੈ।

ਆਤਮਾ ਲਈ ਹੰਸ, ਪੰਛੀ, ਧਾਗਾ ਆਦਿ ਪ੍ਰਤੀਕਾਂ ਨੂੰ ਵਰਤਿਆ ਹੈ। ਗੁਰੂ ਲਈ ਮੀਂਹ ਦੀ ਨਿਰਮਲ ਬੂੰਦ, ਰੁੱਖ ਦੀ ਛਾਂ, ਮਲਾਹ ਆਦਿ ਪ੍ਰਤੀਕਾਂ ਦੀ ਸਿਰਜਨਾ ਕੀਤੀ ਗਈ ਹੈ।

ਮਨੁੱਖੀ-ਸਰੀਰ ਦੀ ਅਸਥਿਰਤਾ ਨੂੰ ਦਰਸਾਉਣ ਲਈ ਤਾਣੀ, ਕੱਚਾ ਭਾਂਡਾ, ਖੂਹ, ਘਾਹ, ਰੇਤ ਦਾ ਘਰ, ਕੋਠੜੀ, ਮਿਰਤਕ ਪਿੰਡ, ਗੜ੍ਹ (ਕਿਲ੍ਹਾ), ਨਿਰਗੁਣ ਬੈਲ, ਮਟੁਕੀ, ਬਗਲਾ, ਪਿੰਜਰਾ, ਗਾਵ (ਪਿੰਡ), ਨਗਰੀ, ਕਜਲੀ ਬਨ, ਖਿੰਥੜਿ, ਕਮਲ ਆਦਿ ਬਿੰਬਾਂ ਤੇ ਪ੍ਰਤੀਕਾਂ ਦੀ ਸਿਰਜਨਾ ਕੀਤੀ ਹੈ।

ਮਨ ਦੀ ਚੰਚਲਤਾ ਤੇ ਵਿਕਾਰਾਂ ਪਿੱਛੇ ਦੌੜਨ ਦੇ ਭਾਵ ਨੂੰ ਪ੍ਰਗਟਾਉਣ ਲਈ ਮੈਗਲ, ਪੰਖੀ, ਬਾਗੀ ਰਾਜਾ ਆਦਿ ਬਿੰਬਾਂ ਨੂੰ ਵਰਤਿਆ ਹੈ। ਜਦੋਂਕਿ ਗੁਰੂ-ਗਿਆਨ ਸਦਕਾ ਪ੍ਰਗਾਸੇ ਮਨ ਦੀ ਅਵਸਥਾ ਨੂੰ ਮਾਣਕ, ਹੱਟ ਆਦਿ ਬਿੰਬਾਂ ਰਾਹੀਂ ਦਰਸਾਇਆ ਗਿਆ ਹੈ।

ਮਾਇਆ ਦੁਆਰਾ ਵੱਡਿਆਂ ਵੱਡਿਆਂ ਨੂੰ ਛਲਣ ਦੇ ਵਿਚਾਰ ਨੂੰ ਪ੍ਰਗਟਾਉਣ ਤੇ ਇਸਦੀ ਨਾਸ਼ਵਾਨਤਾ ਲਈ ਮਾਇਆ ਨੂੰ ਚੋਰਟੀ, ਡੋਲਨੀ, ਠਗਨੀਰ, ਕਸੁੰਭੜੈ, ਸੱਸ, ਵਿਸ਼ ਆਦਿ ਬਿੰਬਾਂ ਤੇ ਪ੍ਰਤੀਕਾਂ ਦੀ ਸਿਰਜਣਾ ਕੀਤੀ ਗਈ ਹੈ।

ਸ੍ਰਿਸ਼ਟੀ ਜਾਂ ਜਗਤ ਦੀ ਨਾਸ਼ਵਾਨਤਾ ਦੇ ਵਿਚਾਰ ਨੂੰ ਪ੍ਰਗਟਾਉਣ ਲਈ ਲੌਕਿਕ ਸੰਸਾਰ ਨੂੰ ਮ੍ਰਿਤ ਮੰਡਲ, ਪੇਕਾ ਘਰ, ਕਸੁੰਭਾ, ਬਾਜੀਗਰੀ, ਸੁਪਨਾ, ਅੰਧ ਗਹੇਰਾ, ਖੂਹ, ਆਲਾ, ਜਾਦੂਗਰੀ ਦਾ ਖੇਲ, ਫਨ ਖਾਨੇ, ਕਾਜਲ ਕੋਠੜੀ, ਕਾਠ ਦੀ ਕੋਠੀ, ਅੱਗ, ਇਕ ਵੱਡਾ ਚਿੱਤਰ ਆਦਿ ਬਿੰਬਾਂ ਦੀ ਸਿਰਜਨਾ ਕੀਤੀ ਹੈ ਪਰੰਤੂ ਇਕ ਜਗਿਆਸੂ, ਗੁਰਮੁਖ ਪੁਰਸ਼ ਲਈ ਇਸ ਸੰਸਾਰ ਨੂੰ 'ਅੰਮ੍ਰਿਤ ਦੀ ਬਾੜੀ' ਤੇ 'ਸੁਹਾਵੇ ਬਾਗ' ਦੀ ਸੰਗਿਆ ਵੀ ਦਿੱਤੀ ਹੈ।

ਮੌਤ ਦੀ ਅਟੱਲਤਾ ਦੇ ਵਿਚਾਰ ਨੂੰ ਪ੍ਰਗਟਾਉਣ ਲਈ ਲਾੜਾ, ਸ਼ਿਕਾਰੀ, ਬਿੱਲਾ ਆਦਿ ਦੇ ਬਿੰਬਾਂ ਨੂੰ ਵਰਤਿਆ ਗਿਆ ਹੈ।

ਭਗਤ ਬਾਣੀਕਾਰਾਂ ਨੇ ਪ੍ਰਾਕ੍ਰਿਤੀ ਦੇ ਸੁੰਦਰ ਪਸਾਰੇ ਵਿਚ ਪਸਰੇ ਬ੍ਰਹਮ ਦੀ ਹੋਂਦ ਨੂੰ ਮਾਣਦੇ ਹੋਏ ਕੁਦਰਤ ਵਿਚ ਵਸੇ ਕਾਦਰ ਦੀਆਂ ਵਿਭਿੰਨ ਝਲਕਾਂ ਨੂੰ ਸਾਰੀ ਮਨੁੱਖਤਾ ਦੇ ਇੰਦ੍ਰੀ-ਅਨੁਭਵ ਦਾ ਵਿਸ਼ਾ ਬਣਾਇਆ ਹੈ। ਉਨ੍ਹਾਂ ਨੇ ਸੰਪੂਰਨ ਪ੍ਰਾਕ੍ਰਿਤੀ ਦੇ ਆਕਾਸ਼ ਮੰਡਲਾਂ ਵਿਚ ਦ੍ਰਿਸ਼ਟਮਾਨ - ਸੂਰਜ, ਚੰਦ, ਤਾਰੇ, ਬੱਦਲ, ਬਿਜਲੀ, ਮੀਂਹ, ਝੱਖੜ, ਹਨ੍ਹੇਰੀ, ਦਿਨ-ਰਾਤ, ਧੁੱਪ-ਛਾਂ ਆਦਿ, ਰੁੱਤਾਂ ਵਿਚ - ਗਰਮੀ, ਸਰਦੀ, ਬਸੰਤ ਆਦਿ, ਜਲ-ਸ੍ਰੋਤਾਂ ਵਿਚ - ਸਮੁੰਦਰ, ਨਦੀਆਂ, ਲਹਿਰਾਂ, ਖੂਹ, ਤਲਾਬ, ਛੱਪਰ ਆਦਿ, ਥਲ-ਦ੍ਰਿਸ਼ਾਂ ਵਿਚ - ਪਹਾੜ, ਜੰਗਲ, ਮੈਦਾਨ, ਮਿੱਟੀ, ਟੋਏ, ਟਿੱਬੇ ਆਦਿ, ਬਨਸਪਤੀ ਵਿਚ - ਘਾਹ, ਰੁੱਖ, ਫਲ, ਫੁੱਲ, ਬੂਟੇ, ਸਬਜ਼ੀਆਂ ਅਤੇ ਪਸ਼ੂ, ਪੰਛੀਆ ਆਦਿ ਨੂੰ ਆਪਣੀ ਭਾਵਾਤਮਕ ਸਾਂਝ ਤੇ ਦੂਰਅੰਦੇਸ਼ੀ ਦੁਆਰਾ ਇਸ ਤਰ੍ਹਾਂ ਦੇਖਿਆ, ਸੁਣਿਆ, ਮਾਣਿਆ ਤੇ ਸਮਝਿਆ ਹੈ ਜਿਸਦਾ ਅਨੁਭਵ ਸਾਧਾਰਨ ਮਨੁੱਖਾਂ ਦੇ ਇੰਦ੍ਰੀ-ਬੋਧ ਦਾ ਹਿੱਸਾ ਨਹੀਂ ਬਣ ਸਕਦਾ ਸੀ। ਇਸ ਲਈ ਬਾਣੀਕਾਰਾਂ ਨੇ ਲੋਕ-ਪ੍ਰੇਮ ਨੂੰ ਪ੍ਰਾਕ੍ਰਿਤੀ ਵਿਚੋਂ ਅਤੇ ਪ੍ਰਾਕ੍ਰਿਤੀ-ਪਿਆਰ ਨੂੰ ਲੋਕ-ਪ੍ਰੇਮ ਵਿਚ ਓਤਪੋਤ ਕਰਦੇ ਹੋਏ ਲੋਕ-ਜੀਵਨ ਦੀਆਂ ਸਦੀਵੀਂ ਕੀਮਤਾਂ ਨੂੰ ਉਪਰੋਕਤ ਅਨੇਕਾਂ ਬਿੰਬਾਂ, ਪ੍ਰਤੀਕਾਂ ਅਤੇ ਮਾਨਵੀਕਰਨ ਆਦਿ ਜੁਗਤਾਂ ਰਾਹੀਂ ਸੰਚਾਰਿਤ ਕਰਨ ਦੇ ਯਤਨ ਕੀਤੇ ਹਨ।

ਇਸ ਤੋਂ ਇਲਾਵਾ ਭਗਤ ਬਾਣੀ ਵਿਚ ਮੱਧਕਾਲੀ ਸਮਾਜਕ, ਧਾਰਮਿਕ, ਆਰਥਿਕ, ਰਾਜਨੀਤਕ ਜੀਵਨ ਨਾਲ ਸਬੰਧਿਤ ਬਿੰਬਾਂ, ਪ੍ਰਤੀਕਾਂ ਦੀ ਸਿਰਜਨਾ ਦੁਆਰਾ ਉੱਚੀਆਂ, ਸਰਬ ਕਲਿਆਣਕਾਰੀ ਤੇ ਸਦੀਵੀ ਕੀਮਤਾਂ ਨੂੰ ਵੀ ਲੋਕ-ਬੁੱਧੀ ਦਾ ਹਿੱਸਾ ਬਣਾਇਆ ਗਿਆ। ਭਗਤ ਬਾਣੀਕਾਰਾਂ ਨੇ ਜਿੱਥੇ ਪ੍ਰਕਿਰਤਕ ਬਿੰਬ ਅਤੇ ਲੋਕ-ਜੀਵਨ ਆਧਾਰਿਤ ਬਿੰਬਾਂ ਦੀ ਸਿਰਜਨਾ ਕੀਤੀ ਹੈ ਉਥੇ ਇੰਦਰਿਆਵੀ ਬਿੰਬਾਂ-ਦ੍ਰਿਸ਼, ਨਾਦ, ਗੰਧ, ਸਵਾਦ, ਸਪਰਸ਼ ਦੁਆਰਾ ਵੀ ਪਰਮ ਸੱਚ ਦੇ ਰਹੱਸਾਂ ਤੇ ਲੋਕ-ਜੀਵਨ ਦੀਆਂ ਹਿੱਤਕਾਰੀ ਕੀਮਤਾਂ ਦੀ ਉਸਾਰੀ ਕੀਤੀ ਹੈ। ਇਸ ਤਰ੍ਹਾਂ ਬਿੰਬ ਤੇ ਪ੍ਰਤੀਕ

ਸਿਰਜਨਾ ਦੇ ਨਾਲ-ਨਾਲ ਸਮਾਜਕ, ਸਭਿਆਚਾਰਕ ਕੀਮਤਾਂ ਦੇ ਸਪਸ਼ਟ ਨਿਭਾਅ ਲਈ ਬਾਣੀ ਦੀ ਭਾਸ਼ਾ ਦਾ ਵੀ ਬੜੀ ਸੂਝ-ਬੂਝ ਨਾਲ ਪ੍ਰਯੋਗ ਕੀਤਾ ਗਿਆ ਹੈ।

ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਆਪਣੀਆਂ ਰਚਨਾਵਾਂ ਦੀ ਭਾਸ਼ਾ ਦਾ ਮੁਹਾਂਦਰਾ ਸਮਕਾਲ ਵਿਚ ਪ੍ਰਚਲਿਤ ਵਿਭਿੰਨ ਖੇਤਰਾਂ ਦੀਆਂ ਲੋਕ-ਭਾਸ਼ਾਵਾਂ ਤੇ ਆਧਾਰਿਤ ਰੱਖਦੇ ਹੋਏ ਪੂਰੇ ਭਾਰਤ ਵਿਚ ਸਮਝੀ ਜਾਣ ਵਾਲੀ ਭਾਸ਼ਾ 'ਸਾਧ ਭਾਸ਼ਾ' ਜਾਂ 'ਸੰਤ ਭਾਸ਼ਾ' ਦਾ ਪ੍ਰਯੋਗ ਕੀਤਾ ਹੈ। ਭਗਤ ਬਾਣੀਕਾਰ ਭਾਰਤ ਦੇ ਵੱਖ-ਵੱਖ ਇਲਾਕਿਆਂ ਦੇ ਰਹਿਣ ਵਾਲੇ ਸਨ ਜਿਸ ਕਰਕੇ ਉਨ੍ਹਾਂ ਦੁਆਰਾ ਰਚੀ ਬਾਣੀ ਦੀ ਭਾਸ਼ਾ ਵਿਚ ਉਨ੍ਹਾਂ ਦੇ ਇਲਾਕਿਆਂ ਦੀਆਂ ਖੇਤਰੀ ਭਾਸ਼ਾਵਾਂ ਦਾ ਚੋਖਾ ਪ੍ਰਭਾਵ ਦਿਖਾਈ ਦਿੰਦਾ ਹੈ। ਭਗਤ ਬਾਣੀਕਾਰਾਂ ਨੇ ਜਿੱਥੇ ਸਮਾਜ ਦੀ ਹਰ ਇਕਾਈ, ਸੰਸਥਾ ਜਿਵੇਂ ਪਰਿਵਾਰ, ਵਿਆਹ, ਧਾਰਮਿਕ, ਆਰਥਿਕ, ਰਾਜਨੀਤਕ ਆਦਿ ਖੇਤਰਾਂ ਦੇ ਭਾਸ਼ਾ-ਮੁਹਾਵਰੇ ਵਿਚ ਆਪਣੇ ਵਿਚਾਰਾਂ ਨੂੰ ਪ੍ਰਗਟਾਇਆ ਉੱਥੇ ਆਪਣੇ ਵਿਚਾਰਾਂ, ਉਪਦੇਸ਼ਾਂ ਦੇ ਸੰਚਾਰ ਲਈ ਵੱਖੋ-ਵੱਖ ਧਰਮਾਂ ਦੇ ਆਗੂਆਂ ਨਾਲ ਸੰਵਾਦ ਰਚਾਉਂਦੇ, ਦਲੀਲਾਂ ਕਰਦੇ ਹੋਏ ਸੰਸਕ੍ਰਿਤ, ਫ਼ਾਰਸੀ, ਉਰਦੂ, ਜੋਗ-ਸਾਧਨਾ ਆਦਿ ਨਾਲ ਸਬੰਧਿਤ ਸ਼ਬਦਾਵਲੀ ਦਾ ਵੀ ਪ੍ਰਯੋਗ ਕੀਤਾ ਹੈ ਪਰੰਤੂ ਪ੍ਰਮੁੱਖ ਤੌਰ ਤੇ ਉਨ੍ਹਾਂ ਦੀ ਭਾਸ਼ਾ ਦਾ ਵਧੇਰੇ ਝੁਕਾਅ ਲੋਕ-ਬੋਲੀ ਵੱਲ ਹੀ ਰਿਹਾ ਹੈ। ਲੋਕ-ਬੋਲੀ ਵਿਚ ਮਾਂਜੀਆਂ, ਸੰਵਾਰੀਆਂ ਲੋਕ-ਸੱਚਾਈਆਂ - ਅਖਾਣ ਅਤੇ ਮੁਹਾਵਰੇ ਭਗਤ ਬਾਣੀ ਦਾ ਸਹਿਜੇ ਹੀ ਅੰਗ ਬਣ ਗਏ ਹਨ। ਭਗਤ ਬਾਣੀ ਵਿਚ ਬਹੁਤ ਸਾਰੇ ਵਾਕੰਸ਼ ਅਤੇ ਤੁਕਾਂ ਅਜਿਹੀਆਂ ਹਨ ਜੋ ਜੀਵਨ ਦੀ ਕਿਸੇ ਘਟਨਾ, ਲੋਕ-ਵਿਹਾਰ, ਆਤਮਾ-ਪ੍ਰਮਾਤਮਾ ਬਾਰੇ ਵੀਚਾਰ ਅਤੇ ਕੁਦਰਤ ਦੀ ਅਨੁਪਮ ਖੇਡ ਆਦਿ ਵਿਚੋਂ ਪੇਸ਼ ਕੀਤੀਆਂ ਹੋਈਆ ਹਨ। ਇਸ ਤੋਂ ਇਲਾਵਾ ਉਨ੍ਹਾਂ ਦੀ ਬਾਣੀ ਦੇ ਅਨੇਕਾਂ ਵਾਕੰਸ਼ ਜਾਂ ਤੁਕਾਂ ਅਜਿਹੀਆਂ ਵੀ ਹਨ ਜੋ ਲੋਕ-ਮੁਹਾਵਰੇ ਦੀ ਰੰਗਤ ਲੈ ਕੇ ਸਹਿਜੇ ਹੀ ਜਨ-ਸਾਧਾਰਨ ਦੇ ਮੂੰਹ ਚੜ੍ਹ ਕੇ ਅਖਾਣਾਂ ਤੇ ਮੁਹਾਵਰਿਆਂ ਦਾ ਰੂਪ ਧਾਰਨ ਕਰ ਗਈਆਂ ਜਾਂ ਰੂਪ ਧਾਰਨ ਕਰਨ ਦੀ ਸੰਭਾਵਨਾ ਰੱਖਦੀਆਂ ਹਨ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਭਗਤ ਬਾਣੀਕਾਰਾਂ ਦਾ ਮਨੋਰਥ ਸਾਹਿਤਕ ਖੇਤਰ ਵਿਚ ਨਿਰੋਲ ਕਲਾਤਮਕ ਉਡਾਰੀਆਂ ਲਾਉਣਾ ਨਹੀਂ, ਸਗੋਂ ਉਨ੍ਹਾਂ ਦਾ ਪ੍ਰਮੁੱਖ ਟੀਚਾ ਅਧਿਆਤਮਕ ਅਨੁਭੂਤੀਆਂ ਨੂੰ ਵਿਅਕਤ ਕਰਨ ਦੇ ਨਾਲ ਨਾਲ ਸਮਾਜਕ ਵਿਸ਼ਲੇਸ਼ਣ ਵੀ ਹੈ। ਆਪਣੇ ਇਸ ਮਨੋਰਥ ਹਿੱਤ ਹੀ ਜਿੱਥੇ ਉਨ੍ਹਾਂ ਨੇ ਮੱਧਕਾਲੀ ਸਮਾਜ ਤੇ ਸਭਿਆਚਾਰ ਦੀ ਅਵਸਥਾ ਨੂੰ ਦ੍ਰਿਸ਼ਟੀਗੋਚਰ ਕਰਦੇ ਹੋਏ ਨਵੀਨ ਸਮਾਜਕ, ਅਧਿਆਤਮਕ ਦ੍ਰਿਸ਼ਟੀਕੋਣਾਂ ਤੇ ਕੀਮਤਾਂ ਵੱਲ ਅਗਸਰ ਹੋਣ ਦੀ ਪ੍ਰੇਰਨਾ ਦਿੱਤੀ ਉਥੇ ਇਨ੍ਹਾਂ ਕੀਮਤਾਂ ਨੂੰ ਲੋਕ-ਬੋਲੀ ਆਧਾਰਿਤ ਭਾਸ਼ਾ, ਮਿਥਾਂ, ਬਿੰਬਾਂ, ਪ੍ਰਤੀਕਾਂ ਤੇ

ਅਲੰਕਾਰਾਂ ਆਦਿ ਰਾਹੀਂ ਲੋਕ-ਬੁੱਧੀ ਦੇ ਹਰ ਪੱਧਰ ਤੱਕ ਸੰਚਾਰਿਤ ਕੀਤਾ। ਇਸ ਤਰ੍ਹਾਂ ਭਗਤ ਬਾਣੀ ਵਿਚ ਜਿੱਥੇ ਸਮਾਜ ਅਤੇ ਸਭਿਆਚਾਰ ਦੀਆਂ ਪ੍ਰਚਲਿਤ ਤੇ ਰੂੜ੍ਹ ਧਾਰਨਾਵਾਂ ਦਾ ਤਿਆਗ ਕਰਨ ਦੀ ਪ੍ਰੇਰਨਾ ਮਿਲਦੀ ਹੈ ਉੱਥੇ ਸਮੁੱਚੀ ਮਾਨਵਤਾ ਲਈ ਪੇਸ਼ ਕੀਤੇ ਗਏ ਨਵੀਨ ਸੰਕਲਪ, ਵਰਤਮਾਨ ਤੇ ਭਵਿੱਖਤ ਸਮਾਜ ਅਤੇ ਸਭਿਆਚਾਰ ਲਈ ਜੁਗਾਂ ਜੁਗਾਂ ਤੱਕ ਪ੍ਰੇਰਨਾ ਦਾ ਸੋਮਾ ਹਨ।

# ਪੁਸਤਕ ਸੂਚੀ

## ਪੰਜਾਬੀ ਪੁਸਤਕਾਂ


ਅਮਰ ਸਿੰਘ ਚਾਕਰ (ਸੰਪਾ.), **ਵਾਰਾਂ ਭਾਈ ਗੁਰਦਾਸ ਜੀ,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2008.

ਅਮਰ ਕੋਮਲ (ਸੰਪਾ.), **ਚਾਣਕਯ ਨੀਤੀ,** ਸੰਗਮ ਪਬਲੀਕੇਸ਼ਨਜ਼, ਸਮਾਣਾ, 2012.

ਆਰ. ਸੀ. ਮਜ਼ੂਮਦਾਰ, ਐਚ. ਸੀ. ਰੇਅਚੌਧਰੀ, ਕੇ. ਕੇ. ਦੱਤ, **ਭਾਰਤ ਦਾ ਬ੍ਰਿਹਤ ਇਤਿਹਾਸ (ਭਾਗ ਦੂਜਾ),** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.

ਆਰ. ਡੀ. ਨਿਰਾਕਾਰੀ, **ਵੈਦਿਕ ਸ਼ਾਸਤਰ,** ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005.

ਐਸ. ਐਸ. ਅਮੋਲ, **ਭਾਰਤੀ ਸਮਾਜਕ ਸੰਸਥਾਵਾਂ**, ਪੰਜਾਬੀ ਯੂਨੀਵਰਸਿਟੀ, ਪਟਿਆਲਾ ਮਿਤੀਹੀਣ.

ਐਫ. ਮੈਕਸਮੂਲਰ, **ਧਰਮ ਦੀ ਉਤਪਤੀ ਤੇ ਵਿਕਾਸ,** ਤਾਰਨ ਸਿੰਘ (ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

ਸਤਿਨਾਮ ਸਿੰਘ ਸੰਧੂ, **ਸਾਹਿਤ ਦੀ ਹੋਂਦ-ਵਿਧੀ,** ਪੰਜਾਬ ਹੈਰੀਟੇਜ਼ ਪਬਲੀਕੇਸ਼ਨ, ਪਟਿਆਲਾ, 2008.

**ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, (ਪੋਥੀ ਪਹਿਲੀ)**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2009.

ਉਹੀ, **ਪੋਥੀ ਦੂਜੀ**, 2010.

ਉਹੀ, **ਪੋਥੀ ਤੀਜੀ**, 2008.

ਉਹੀ, **ਪੋਥੀ ਚੌਥੀ,** 2008.

ਸੱਯਦ ਅਬੁਲ ਆਲਾ ਮੌਦੂਦੀ, **ਕੁਰਆਨ ਮਜੀਦ,** ਰਮਜ਼ਾਨ ਸਈਦ (ਅਨੁ.), ਪੰਜਾਬੀ ਇਸਲਾਮਿਕ ਪਬਲੀਕੇਸ਼ਨਜ਼, ਮਾਲੇਰਕੋਟਲਾ, 1998.

ਸਵਰਨ ਸਿੰਘ, **ਕਿੱਸਾ-ਕਾਵਿ ਵਿਚ ਸਮਾਜ ਤੇ ਸਭਿਆਚਾਰ,** ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1981.

ਸਾਹਿਬ ਸਿੰਘ (ਪ੍ਰੋ.) ਭਗਤ ਬਾਣੀ ਸਟੀਕ (ਹਿੱਸਾ ਪਹਿਲਾ), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2002.

ਉਹੀ, ਹਿੱਸਾ ਦੂਜਾ, 2006.

ਉਹੀ, ਹਿੱਸਾ ਤੀਜਾ, 2004.

ਉਹੀ, ਹਿੱਸਾ ਚੌਥਾ, 2006

ਉਹੀ, ਹਿੱਸਾ ਪੰਜਵਾਂ, 2006.

ਸਾਵਿੰਦਰਜੀਤ ਕੌਰ, **ਸਮਾਜ ਵਿਗਿਆਨ ਨਾਲ ਜਾਣ-ਪਛਾਣ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.

ਸਾਵਿੰਦਰਜੀਤ ਕੌਰ, **ਸਮਾਜ ਵਿਗਿਆਨ ਦੇ ਮੂਲ ਸੰਕਲਪ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987.

ਸੁਰਿੰਦਰ ਸਿੰਘ ਕੋਹਲੀ (ਸੰਪਾ.), **ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਪਹਿਲਾ)**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1992.

ਸ਼ੇਰ ਸਿੰਘ (ਪ੍ਰੋ.), **ਗੁਰਮਤਿ ਦਰਸ਼ਨ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2010.

ਸੋਹਣ ਸਿੰਘ ਸੀਤਲ, **ਗੁਰਬਾਣੀ ਵਿੱਚ ਪੁਰਾਣਿਕ ਪਾਤਰ ਤੇ ਭਗਤ**, ਸੀਤਲ ਪੁਸਤਕ ਭੰਡਾਰ, ਲੁਧਿਆਣਾ, 1986.

ਸੋਹਿੰਦਰ ਸਿੰਘ ਬੇਦੀ, **ਗੁਰੂ ਨਾਨਕ ਤੇ ਲੋਕ ਪ੍ਰਵਾਹ,** ਨੈਸ਼ਨਲ ਬੁੱਕ ਸ਼ਾਪ, ਦਿੱਲੀ, 1971.

**ਸ੍ਰੀਮਦ ਭਗਵਤ ਪੁਰਾਨ**, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2004.

ਹਜ਼ਾਰੀ ਪ੍ਰਸਾਦ ਦਿਵੇਦੀ, **ਕਬੀਰ,** ਡਾ. ਕਰਤਾਰ ਸਿੰਘ ਸੂਰੀ (ਅਨੁ.), ਭਾਸ਼ਾ ਵਿਭਾਗ, ਮਿਤੀਹੀਣ।

ਹਰਨਾਮ ਸਿੰਘ ਸ਼ਾਨ, **ਗੁਰੂ ਗ੍ਰੰਥ ਸਾਹਿਬ ਦੀ ਕੋਸ਼ਕਾਰੀ**, ਭਾਸ਼ਾ ਵਿਭਾਗ, ਪੰਜਾਬ, 1994.

ਹਰਬੰਸ ਸਿੰਘ ਚਾਵਲਾ, **ਗੁਰੂ ਗ੍ਰੰਥ ਬਾਣੀ ਵਿਚ ਸਮਕਾਲੀ ਸਮਾਜਕ ਚਿੱਤਰ**, ਪੰਜਾਬੀ ਰਾਈਟਰਜ ਕੋਆਪਰੇਟਿਵ ਸੋਸਾਇਟੀ, ਨਵੀਂ ਦਿੱਲੀ, 1990.

ਹਰਭਜਨ ਸਿੰਘ (ਡਾ.), **ਸਾਹਿਤ ਅਧਿਐਨ,** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2002.

ਹਰਮਿੰਦਰ ਸਿੰਘ ਬੇਦੀ, **ਗੁਰੂ ਨਾਨਕ ਬਾਣੀ ਤੇ ਭਾਰਤੀ ਸੰਸਕ੍ਰਿਤੀ**, ਜਸਮੀਤ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1993.

ਕਿਸ਼ੋਰੀ ਦਾਸ ਸਵਾਮੀ ਕਿਸ਼ਨ ਦਾਸ, **ਸ੍ਰੀਮਦ ਭਗਵਤ ਗੀਤਾ,** ਭਾਈ ਚੱਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2003.

ਕੁਲਵੰਤ ਸਿੰਘ (ਡਾ.), **ਮਿਥ ਅਧਿਐਨ ਤੇ ਵਾਰਾਂ ਭਾਈ ਗੁਰਦਾਸ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1982.

ਗੁਰਬਖ਼ਸ਼ ਸਿੰਘ ਫਰੈਂਕ, **ਸਭਿਆਚਾਰ: ਮੁੱਢਲੀ ਜਾਣ-ਪਛਾਣ**, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ, 1984.

ਗੁਰਬਖ਼ਸ਼ ਸਿੰਘ ਫਰੈਂਕ, **ਸਭਿਆਚਾਰ ਅਤੇ ਪੰਜਾਬੀ ਸਭਿਆਚਾਰ,** ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2004.

ਜਸਵਿੰਦਰ ਸਿੰਘ, **ਪੰਜਾਬੀ ਸਭਿਆਚਾਰ ਪਛਾਣ-ਚਿੰਨ੍ਹ,** ਪੁਨੀਤ ਪ੍ਰਕਾਸ਼ਨ, ਪਟਿਆਲਾ, 1989.

ਜੀ. ਐਸ. ਭਟਨਾਗਰ, ਡਾ. ਬਲਦੇਵ ਸਿੰਘ ਰਹਿਲ, **ਭਾਰਤੀ ਸਮਾਜ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

ਜੀਤ ਸਿੰਘ ਜੋਸ਼ੀ, **ਲੋਕ ਕਲਾ ਅਤੇ ਸਭਿਆਚਾਰ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.

ਤਾਰਨ ਸਿੰਘ (ਡਾ.), **ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

ਦਲੀਪ ਸਿੰਘ ਦੀਪ (ਡਾ.), **ਕਾਵਿ-ਬਿੰਬ,** ਪੰਜਾਬ ਸਟੇਟ ਯੂਨੀਵਰਸਿਟੀ, ਟੈਕਸਟ-ਬੁੱਕ ਬੋਰਡ, ਚੰਡੀਗੜ੍ਹ, 1976.

ਨਿਰਭੈ ਸਿੰਘ, **ਮੱਧਕਾਲੀ ਭਗਤਾਂ ਦਾ ਭਾਰਤੀ ਦਰਸ਼ਨ 'ਚ ਯੋਗਦਾਨ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.

ਪਾਰਸਨਾਥ ਤਿਵਾਰੀ, **ਕਬੀਰ,** ਈਸ਼ਰ ਸਿੰਘ ਅਟਾਰੀ (ਅਨੁ.), ਨੈਸ਼ਨਲ ਬੁੱਕ ਟਰਸਟ, ਇੰਡੀਆ, 1991.

ਪਿਆਰ ਸਿੰਘ, **ਖੋਜ: ਸਿਧਾਂਤ ਤੇ ਵਿਹਾਰ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006.

ਪੂਰਨ ਸਿੰਘ (ਪ੍ਰੋ.), **ਸਿੱਖੀ ਦੀ ਆਤਮਾ,** ਕਿਰਪਾਲ ਸਿਘ ਕਸੇਲ (ਅਨੁ.), ਲਾਹੌਰ ਬੁੱਕ ਸ਼ਾਪ, ਲੁਧਿਆਣਾ, 2007.

ਪੰਜਾਬੀ ਵਿਉਂਤ ਵਿਕਾਸ ਵਿਕਾਸ (ਸੰਪਾ.), **ਪੰਜਾਬ ਦੀ ਭਾਰਤ ਨੂੰ ਦੇਣ**, (ਪੰਜਵੀਂ ਪੰਜਾਬੀ ਵਿਕਾਸ ਕਾਨਫ਼ਰੰਸ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.

ਪ੍ਰਤਾਪ ਸਿੰਘ (ਗਿਆਨੀ), **ਭਗਤ ਦਰਸ਼ਨ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003.

ਪ੍ਰੇਮ ਪ੍ਰਕਾਸ਼, ਸਿੰਘ (ਡਾ.), **ਕਾਵਿ ਦੇ ਤੱਤ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1980.

ਬ੍ਰਹਮਜਗਦੀਸ਼ (ਪ੍ਰੋ.), **ਭਗਤ ਸ਼ਿਰੋਮਣੀ ਰਵਿਦਾਸ,** ਵਾਰਿਸਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1999.

ਭਗਤ ਸਿੰਘ ਬੇਦੀ, **ਮੱਧਕਾਲੀਨ ਭਾਰਤੀ ਕਾਵਿ ਦੀ ਭੂਮਿਕਾ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990.

ਮਦਨ ਗੋਪਾਲ ਅਚਾਰੀਆ (ਡਾ.), **ਆਦਿ-ਗ੍ਰੰਥ ਵਿਚ ਸੰਕਲਿਤ ਭਗਤ ਬਾਣੀ ਵਿਚ ਨੈਤਿਕਤਾ ਦਾ ਸੰਕਲਪ**, ਭਾਸ਼ਾ ਵਿਭਾਗ, ਪੰਜਾਬ, 2001.

ਮਨਮੋਹਨ ਸਹਿਗਲ (ਡਾ.), **ਗੁਰੂ ਗ੍ਰੰਥ ਸਾਹਿਬ: ਇਕ ਸਭਿਆਚਾਰਕ ਸਰਵੇਖਣ** ਭਾਸ਼ਾ ਵਿਭਾਗ, ਪੰਜਾਬ, 1987.

ਮਨਮੋਹਨ ਸਿੰਘ (ਡਾ.), **ਭਗਤੀ ਸਿਧਾਂਤ ਦੇ ਆਧਾਰ ਸ੍ਰੋਤ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991.

ਮਨਮੋਹਨ ਸਿੰਘ (ਡਾ.), **ਦਾਰਸ਼ਨਿਕ ਨਿਬੰਧ,** ਮਨਦੀਪ ਪ੍ਰਕਾਸ਼ਨ, ਦਿੱਲੀ, 1991.

ਮਨੀ ਸਿੰਘ (ਸਿੰਘ ਸਾਹਿਬ ਗਿ.), **ਸਿਧਾਂਤਕ ਸਟੀਕ: ਸ੍ਰੀ ਗੁਰੂ ਗ੍ਰੰਥ ਸਾਹਿਬ (ਪਹਿਲੀ ਸੈਂਚੀ),** ਸੰਸਥਾ ਪ੍ਰਮਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਮ੍ਰਿਤਸਰ, 1980.

ਉਹੀ, **ਦੂਜੀ ਸੈਂਚੀ,** ਗੁਰਬਾਣੀ ਸਟੱਡੀ ਸੁਸਾਇਟੀ, ਕੈਨੇਡਾ, 1990.

ਉਹੀ, **ਤੀਜੀ ਸੈਂਚੀ,** ਸੰਸਥਾ ਪ੍ਰਮਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਮ੍ਰਿਤਸਰ, 1992.

ਉਹੀ, **ਚੌਥੀ ਸੈਂਚੀ,** ਗੁਰਬਾਣੀ ਸੱਟਡੀ ਸਰਕਲ ਕੈਨੇਡਾ, 1991.

ਉਹੀ, **ਪੰਜਵੀਂ ਸੈਂਚੀ,** ਗੁਰਬਾਣੀ ਸੱਟਡੀ ਸਰਕਲ ਕੈਨੇਡਾ, 1991.

ਉਹੀ, **ਛੇਵੀਂ ਸੈਂਚੀ,** ਗੁਰਬਾਣੀ ਸੱਟਡੀ ਸਰਕਲ ਕੈਨੇਡਾ, 1992.

ਉਹੀ, **ਸੱਤਵੀਂ ਸੈਂਚੀ,** ਗੁਰਬਾਣੀ ਸੱਟਡੀ ਸਰਕਲ ਕੈਨੇਡਾ, 1993.

ਉਹੀ, **ਅੱਠਵੀਂ ਸੈਂਚੀ**, ਗੁਰਬਾਣੀ ਸੱਟਡੀ ਸਰਕਲ ਕੈਨੇਡਾ, 1994.

ਮੈਕਸ ਆਰਥਰ ਮੈਕਾਲਿਫ਼, **ਸਿੱਖ ਧਰਮ, ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਤੇ ਰਚਨਾਕਾਰ (ਛੇਵੀਂ ਜਿਲਦ),** ਡਾ. ਧਰਮ ਸਿੰਘ, (ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

ਰਾਮਧਾਰੀ ਸਿੰਘ ਦਿਨਕਰ, **ਸਭਿਆਚਾਰ ਦੇ ਚਾਰ ਅਧਿਆਇ**, ਡਾ. ਧਨਵੰਤ ਕੌਰ (ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992.

ਵਜ਼ੀਰ ਸਿੰਘ, **ਨੈਤਿਕ ਨਿਯਮ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990.

## ਪੰਜਾਬੀ ਪੱਤ੍ਰਿਕਾਵਾਂ


ਅਜਮੇਰ ਸਿੰਘ (ਡਾ.), (ਸੰਪਾ.), **ਖੋਜ ਪਤ੍ਰਿਕਾ** (ਪੰਜਾਬੀ ਸਭਿਆਚਾਰ ਵਿਸ਼ੇਸ਼ ਅੰਕ-34), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

ਅਮਰਜੀਤ ਸਿੰਘ ਗਰੇਵਾਲ (ਸੰਪਾ.), ਸਤਿੰਦਰ ਸਿੰਘ ਨੂਰ, (ਵਿਸ਼ੇਸ਼ ਸੰਪਾ.), **ਵਿਸਮਾਦ ਨਾਦ** (ਅੰਕ-1), ਇੰਟਰਨੈਸ਼ਨਲ ਇਨਸਟੀਚਿਊਟ ਆਫ ਗੁਰਮਤਿ ਸਟੱਡੀਜ਼, ਲੁਧਿਆਣਾ, 1994.

ਅੰਮ੍ਰਿਤਪਾਲ ਕੌਰ (ਡਾ.) (ਸੰਪਾ.), **ਖੋਜ ਪਤ੍ਰਿਕਾ** (ਬਾਣੀਕਾਰ ਵਿਸ਼ੇਸ਼ ਅੰਕ-57), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003.

ਰਤਨ ਸਿੰਘ ਜੱਗੀ (ਪ੍ਰੋ.), (ਸੰਪਾ.), **ਖੋਜ ਪਤ੍ਰਿਕਾ** (ਗੁਰਮਤਿ ਕਾਵਿ ਅੰਕ-26), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.


## ਪੰਜਾਬੀ ਕੋਸ਼


ਸ. ਸ. ਜੋਸ਼ੀ (ਡਾ.), ਮੁਖ਼ਤਿਆਰ ਸਿੰਘ ਗਿੱਲ (ਸੰਪਾ.), **ਪੰਜਾਬੀ-ਅੰਗਰੇਜ਼ੀ ਕੋਸ਼,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

ਸੋਹਿੰਦਰ ਸਿੰਘ ਵਣਜਾਰਾ ਬੇਦੀ (ਡਾ.), **ਪੰਜਾਬੀ ਲੋਕਧਾਰਾ ਵਿਸ਼ਵਕੋਸ਼ (ਜਿਲਦ 1 ਤੇ 2),** ਨੈਸ਼ਨਲ ਬੁੱਕ ਸ਼ਾਪ, ਦਿੱਲੀ, 2001.

ਕਾਨ੍ਹ ਸਿੰਘ ਨਾਭਾ (ਭਾਈ), **ਮਹਾਨਕੋਸ਼,** ਭਾਸ਼ਾ ਵਿਭਾਗ, ਪੰਜਾਬ, 1999.

ਰਤਨ ਸਿੰਘ ਜੱਗੀ (ਡਾ.), (ਸੰਪਾ.), **ਸਾਹਿਤ ਕੋਸ਼: ਪਰਿਭਾਸ਼ਿਕ ਸ਼ਬਦਾਵਲੀ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001.

ਰਤਨ ਸਿੰਘ ਜੱਗੀ (ਡਾ.), **ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ-ਦੂਸਰਾ),** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

ਰਤਨ ਸਿੰਘ ਜੱਗੀ, (ਡਾ.), **ਪੰਜਾਬੀ ਸਾਹਿਤ ਸੰਦਰਭ ਕੋਸ਼**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.

ਵੀਰ ਸਿੰਘ (ਭਾਈ), **ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003.

ਖੋਜ-ਪ੍ਰਬੰਧ

ਕੁਲਦੀਪ ਕੌਰ, **ਗੁਰੂ ਗ੍ਰੰਥ ਸਾਹਿਬ ਦੇ ਕੁਝ ਯੋਗਦਾਨੀਆਂ ਦੀ ਧਾਰਮਿਕ ਅਤੇ ਸਮਾਜਿਕ ਦ੍ਰਿਸ਼ਟੀ**, ਅਣਪ੍ਰਕਾਸ਼ਿਤ, ਪੀ-ਐਚ. ਡੀ. ਖੋਜ-ਪ੍ਰਬੰਧ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996.

## fgUnh iqLrdsa

dsnkjukFk flag (Mk¡-) **vk/qfud fgUnh dfork esa fcEcfo/ku**] Hkkjrh; KkuihB izdk'ku] fnYyh] 1971-

/hjssUnjd`ekj flag (Mk¡-) **czkã.k&xzUFkksa esa izfrfcfEcr lekt ,ao laLd`fr]** isueSu ifCy'klZ] fnYyh] 1990-

ij'kqjke prqosZnh (Jh) **lUr lkfgR; dh Hkwfedk**] fgUnh izpkj lHkk] gSnjkckn] 1960-

ihrEcjnÙk cMFoky (Mk¡-)] **fgUnh dkO; esa fuxqZ.k laiznk;**] Jh ij'kqjke prqosZnh (vuq-) Mk¡- HkkxhjFk feJ (laik-) vo/ ifCyflax gkml] y[kuÅ] frfFkghu-

egs'k dqekj (Mk¡-)] **lwj dkO; esa feFkdh; rRo**] 'kadj ifCyds'kUl] fnYyh] 2002-

gtkjh izlkn f}osnh] **ukFk laiznk;**] uSos|  fudsru] okjk.kklh] frfFkghu

## fgUnh dks'k

eqdqUnhyky JhokLro (laik-)] **Kku 'kCn dks'k**] Kkue.My fyfeVsM] cukjl] 1956

**English Books**

E.B. Tylor, **Primitive Culture,** Johan Murray, London, 1920.

G.S. Mansukhani, Kharak Singh, Jasbir Singh Mann (Ed.), **Fundamental Issues in Sikh Studies**, Institute of Sikh Studies, Chandigarh, 1992.

Kingsley Davis, **Human Society**, Surjeet Publication, Delhi, 1981.

Meredith B. McGuire, **Religion: The Social Context**, wordsworth Publishing Company Belmont, California, 1981.

Michael Haralambos with Robin Heald, **Sociology Themes and Perspective,** Oxford University Press, New Delhi, 2007.

Raymond Firth, **Elements of Social Organisation**, Beacon Press, Boston, London, 1961.

R.M. Maciver, C.H. Page, **Society An Introductory Analysis**, MacMillan India Limited, New Delhi, 1987.

Samuel Koenig, **Sociology an Introduction to the Science of Society**, Barnes and Noble, New York, 1972.

T.S. Eliot, **Notes Towards the Definition of Culture,** Faber and Faber Limited, London, 1954.

William .F. Ogburn, Mayer F. Nimkoff, **Sociology**, Houghton Mifflin, Company, Boston, 1958.

**ENGLISH DICTIONARIES**

James Hastings (ed.) **Encyclopaedia of Religion and Ethics (Vol. II),** T. and T. Clark, New York, 1958.

Ibid, Vol. IV, 1967.

Ibid, Vol. XII, 1967.

# ਅਬਸਟ੍ਰੈਕਟ

ਇਸ ਖੋਜ ਕਾਰਜ ਦਾ ਵਿਸ਼ਾ 'ਭਗਤ ਬਾਣੀ ਦਾ ਸਮਾਜ-ਸਭਿਆਚਾਰਕ ਅਧਿਐਨ' ਹੈ ਜਿਸ ਵਿਚ ਗੁਰੂ ਗ੍ਰੰਥ ਸਾਹਿਬ ਦੇ 15 ਭਗਤਾਂ ਭਗਤ ਕਬੀਰ, ਰਵਿਦਾਸ, ਨਾਮਦੇਵ, ਸ਼ੇਖ ਫ਼ਰੀਦ, ਤ੍ਰਿਲੋਚਨ, ਬੇਣੀ, ਧੰਨਾ, ਜੈਦੇਵ, ਭੀਖਣ, ਰਾਮਾਨੰਦ, ਪਰਮਾਨੰਦ, ਪੀਪਾ, ਸੈਣ, ਸਧਨਾ, ਸੂਰਦਾਸ ਦੀ ਬਾਣੀ ਨੂੰ ਲਿਆ ਗਿਆ ਹੈ।

ਖੋਜ-ਪ੍ਰਬੰਧ ਦਾ ਪਹਿਲਾ ਅਧਿਆਇ 'ਭਗਤ ਬਾਣੀ ਸਬੰਧੀ ਸਮਾਜ-ਸਭਿਆਚਾਰਕ ਪੱਖ ਤੋਂ ਹੋਏ ਉਪਾਧੀ ਸਾਪੇਖ ਖੋਜ ਕਾਰਜ ਦਾ ਸਰਵੇਖਣ ਤੇ ਮੁਲਾਂਕਣ' ਹੈ। ਇਸ ਅਧਿਆਇ ਵਿਚ ਗੁਰੂ ਗ੍ਰੰਥ ਸਾਹਿਬ ਦੇ ਪੰਦਰਾਂ ਭਗਤਾਂ ਦੀ ਬਾਣੀ ਸਬੰਧੀ ਵੱਖ-ਵੱਖ ਯੂਨੀਵਰਸਿਟੀਆਂ ਵਿਚ ਪੀ-ਐੱਚ. ਡੀ. ਅਤੇ ਐਮ. ਫਿਲ. ਨਾਲ ਸਬੰਧਿਤ ਹੋਏ ਉਪਾਧੀ-ਸਾਪੇਖ ਖੋਜ ਦਾ ਸਰਵੇਖਣ ਤੇ ਮੁਲਾਂਕਣ ਸ਼ਾਮਿਲ ਹੈ ਜਿਸ ਅਧੀਨ ਖੋਜ-ਕਰਤਾਵਾਂ ਵੱਲੋਂ ਚੁਣੇ ਗਏ ਵਿਸ਼ਿਆਂ ਦੀ ਅਧਿਆਇ-ਵੰਡ ਅਨੁਸਾਰ ਸ਼ਾਮਿਲ ਅਧਿਐਨ-ਮਾਡਲ, ਵਿਧੀਆਂ ਤੋਂ ਲੈ ਕੇ ਸਿੱਟੇ ਅਤੇ ਸਥਾਪਨਾਵਾਂ ਤੱਕ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ।

ਖੋਜ-ਪ੍ਰਬੰਧ ਦਾ ਦੂਸਰਾ ਅਧਿਆਇ 'ਭਗਤ ਬਾਣੀ ਦੇ ਸਮਾਜ-ਸਭਿਆਚਾਰਕ ਅਧਿਐਨ ਦਾ ਮਾਡਲ' ਹੈ। ਇਸ ਅਧਿਆਇ ਵਿਚ ਸਮਾਜ ਅਤੇ ਸਭਿਆਚਾਰ ਨੂੰ ਪਰਿਭਾਸ਼ਿਤ ਕਰਨ ਦੇ ਨਾਲ ਨਾਲ ਇਨ੍ਹਾਂ ਦੇ ਆਪਸੀ ਸਬੰਧਾਂ, ਲੱਛਣਾਂ ਦਾ ਅਧਿਐਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸਾਹਿਤ ਦੀ ਹੋਂਦ-ਵਿਧੀ ਦੇ ਸਮਾਜ-ਸਭਿਆਚਾਰਕ ਅਧਾਰਾਂ ਨੂੰ ਅਧਿਐਨ ਦਾ ਵਿਸ਼ਾ ਬਣਾਉਂਦੇ ਹੋਏ ਮੱਧਕਾਲ ਦੀ ਸਮਾਜਕ, ਸਭਿਆਚਾਰਕ ਅਵਸਥਾ ਬਾਰੇ ਵੀ ਅਧਿਐਨ ਕਰਨ ਦੇ ਯਤਨ ਕੀਤੇ ਗਏ ਹਨ।

ਅਧਿਆਇ ਤੀਸਰਾ 'ਭਗਤੀ ਮਤ ਦਾ ਉਦਭਵ ਤੇ ਵਿਕਾਸ' ਹੈ ਜਿਸ ਵਿਚ ਵਿਦਵਾਨਾਂ ਅਤੇ ਭਾਰਤੀ ਆਚਾਰੀਆਂ ਵੱਲੋਂ 'ਭਗਤੀ' ਸ਼ਬਦ ਤੇ 'ਭਗਤੀ-ਭਾਵ' ਦੇ ਅਰਥਾਂ ਤੋਂ ਲੈ ਕੇ ਭਗਤੀ ਮਤ ਦੇ ਸਰੂਪ, ਪਰੰਪਰਾ ਤੇ ਕ੍ਰਮਕ ਵਿਕਾਸ ਨੂੰ ਉਲੀਕਿਆ ਗਿਆ ਹੈ। ਇਸ ਅਧਿਆਇ ਵਿੱਚ ਗੁਰੂ ਗ੍ਰੰਥ ਸਾਹਿਬ ਵਿਚ ਭਗਤੀ ਦਾ ਸੰਕਲਪ, ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦਾ ਸੰਖੇਪ ਬਾਣੀ-ਵੇਰਵਾ ਅਤੇ ਭਗਤ-ਬਾਣੀਕਾਰਾਂ ਦਾ ਸੰਖੇਪ ਜੀਵਨ ਅਤੇ ਵਿਅਕਤਿਤਵ ਆਦਿ ਵੀ ਸ਼ਾਮਿਲ ਹੈ।

ਅਧਿਆਇ ਚੌਥਾ 'ਭਗਤ ਬਾਣੀ ਵਿਚ ਸਮਾਜ ਦਾ ਸਰੂਪ' ਨੂੰ ਚਾਰ ਉਪਅਧਿਆਇ ਸਮਾਜਕ ਸੰਸਥਾਵਾਂ, 'ਧਾਰਮਕ ਸੰਸਥਾਵਾਂ', 'ਆਰਥਿਕ ਸੰਸਥਾਵਾਂ' ਅਤੇ 'ਰਾਜਨੀਤਿਕ ਸੰਸਥਾਵਾਂ' ਵਿਚ ਵੰਡਕੇ ਅਧਿਐਨ ਕੀਤਾ ਗਿਆ ਹੈ। 'ਸਮਾਜਕ ਸੰਸਥਾਵਾਂ' ਅਧੀਨ ਮੱਧਕਾਲੀ ਵਰਨ ਵਿਵਸਥਾ, ਆਸ਼ਰਮ ਵਿਵਸਥਾ, ਪਰਿਵਾਰ, ਵਿਆਹ ਸੰਸਕਾਰ, ਰਿਸ਼ਤੇ-ਨਾਤੇ, ਸਮਾਜ ਵਿਚ ਇਸਤਰੀ ਦਾ ਸਥਾਨ, ਮੱਧਕਾਲੀ ਲੋਕਾਂ ਦਾ ਰਹਿਣ ਸਹਿਣ, ਖੇਡਾਂ ਤੇ ਮਨਪ੍ਰਚਾਵੇ ਆਦਿ ਦਾ ਅਧਿਐਨ ਅਤੇ ਇਨ੍ਹਾਂ ਪ੍ਰਤੀ ਭਗਤ ਬਾਣੀਕਾਰਾਂ ਦੇ ਵਿਚਾਰਧਾਰਾਈ ਹੁੰਗਾਰੇ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। 'ਧਾਰਮਿਕ ਸੰਸਥਾਵਾਂ' ਅਧੀਨ ਧਾਰਮਿਕ ਪੱਖ ਤੋਂ ਸਮਾਜ ਦੀ ਵਰਗ- ਵੰਡ ਬਾਰੇ, ਹਿੰਦੂ ਧਰਮ ਵਿਚ ਪਾਏ ਜਾਂਦੇ ਭੇਖਾਂ, ਕਰਮਕਾਂਡਾ ਬਾਰੇ, ਨਾਥਾਂ, ਜੋਗੀਆਂ ਦੇ ਵਿਭਿੰਨ ਫਿਰਕਿਆਂ ਅਤੇ ਮੁਸਲਮਾਨੀ ਧਰਮ-ਕਰਮ ਆਦਿ ਦੇ ਸਮਕਾਲੀ ਰੂਪ, ਵਿਚਾਰਾਂ

ਅਤੇ ਉਸ ਪ੍ਰਤੀ ਭਗਤ ਸਾਹਿਬਾਨਾਂ ਦੇ ਵਿਚਾਰਧਾਰਾਈ ਹੁੰਗਾਰੇ ਨੂੰ ਪ੍ਰਗਟਾਇਆ ਗਿਆ ਹੈ। 'ਆਰਥਿਕ ਸੰਸਥਾਵਾਂ' ਅਧੀਨ ਮੱਧਕਾਲੀ ਸਮਾਜ ਦੇ ਲੋਕਾਂ ਦੀ ਵਰਗ-ਵੰਡ, ਆਰਥਿਕ ਵਸੀਲਿਆਂ ਲਈ ਕੀਤੇ ਜਾਂਦੇ ਕੰਮ-ਧੰਦੇ, ਸਿੱਕੇ ਆਦਿ ਦੇ ਨਾਲ ਨਾਲ ਇਨ੍ਹਾਂ ਆਰਥਿਕ ਵਸੀਲਿਆਂ ਪ੍ਰਤੀ ਭਗਤ ਬਾਣੀਕਾਰਾਂ ਦੀ ਦ੍ਰਿਸ਼ਟੀ ਨੂੰ ਪੇਸ਼ ਕਰਨ ਦੇ ਯਤਨ ਕੀਤੇ ਗਏ ਹਨ। 'ਰਾਜਨੀਤਕ ਸੰਸਥਾਵਾਂ' ਅਧੀਨ ਰਾਜਾ ਜਾਂ ਸੁਲਤਾਨ ਬਾਰੇ, ਉਸਦੇ ਮੰਤਰੀ-ਮੰਡਲ ਤੇ ਹੋਰ ਅਧਿਕਾਰੀਆਂ ਬਾਰੇ, ਨਿਆਂ-ਪ੍ਰਬੰਧ, ਫੌਜ਼, ਕਿਲ੍ਹੇ, ਯੁੱਧਾਂ ਦਾ ਵਰਨਣ ਆਦਿ ਬਾਰੇ ਅਤੇ ਇਸ ਪ੍ਰਤੀ ਭਗਤ ਬਾਣੀਕਾਰਾਂ ਦੇ ਦ੍ਰਿਸ਼ਟੀਕੋਣ ਨੂੰ ਪੇਸ਼ ਕਰਦੇ ਹੋਏ ਉਨ੍ਹਾਂ ਦੁਆਰਾ ਸਮਾਜ ਅੱਗੇ ਪੇਸ਼ ਕੀਤੇ 'ਆਦਰਸ਼ ਰਾਜ ਦੇ ਸੰਕਲਪ' ਦਾ ਅਧਿਐਨ ਵੀ ਸ਼ਾਮਿਲ ਹੈ।

ਖੋਜ-ਪ੍ਰਬੰਧ ਦਾ ਪੰਜਵਾਂ ਅਧਿਆਇ 'ਭਗਤ ਬਾਣੀ ਵਿਚ ਸਭਿਆਚਾਰ ਦਾ ਸਰੂਪ' ਹੈ ਜਿਸ ਨੂੰ ਚਾਰ ਉਪਅਧਿਆਵਾਂ ਵਿਚ ਵੰਡਕੇ ਅਧਿਐਨ ਕਰਨ ਦੇ ਯਤਨ ਕੀਤੇ ਗਏ ਹਨ। ਸਭਿਆਚਾਰਕ ਕੀਮਤਾਂ, ਆਦਰਸ਼ਾਂ, ਨਿਯਮਾਂ ਦਾ ਅਧਿਐਨ ਉਪਅਧਿਆਇ 'ਸਭਿਆਚਾਰਕ ਪ੍ਰਤਿਮਾਨ ਤੇ ਕਦਰਾਂ-ਕੀਮਤਾਂ' ਵਿਚ ਕਰਨ ਦੇ ਯਤਨ ਕੀਤੇ ਗਏ ਹਨ। ਦੂਸਰੇ ਉਪਅਧਿਆਇ 'ਮਿੱਥ ਦੀ ਪੇਸ਼ਕਾਰੀ ਤੇ ਰੂਪਾਂਤਰਨ' ਵਿਚ ਭਗਤ ਬਾਣੀਕਾਰਾਂ ਦੁਆਰਾ ਲੋਕ-ਮਨਾਂ ਵਿਚ ਪ੍ਰਵਾਹਮਾਨ ਤੇ ਲੋਕ-ਪ੍ਰਿਯ ਪੁਰਾਣਿਕ ਮਿਥਕ ਕਥਾਵਾਂ ਦੇ ਮਾਧਿਅਮ ਰਾਹੀਂ ਨਿਰਾਕਾਰ, ਵਿਆਪਕ ਬ੍ਰਹਮ ਦੀ ਅਸੀਮ ਪਰਮ-ਸ਼ਕਤੀ ਨੂੰ ਬਿਆਨ ਕਰਨ, ਬ੍ਰਹਮ ਦੁਆਰਾ ਸ੍ਰਿਸ਼ਟੀ ਦੀ ਪਾਲਨਾ ਕਰਨ ਅਤੇ ਭਗਤਾਂ ਪ੍ਰਤੀ ਪ੍ਰਭੂ ਦੇ ਅਥਾਹ ਪ੍ਰੇਮ ਨੂੰ ਪ੍ਰਗਟਾਇਆ ਗਿਆ ਹੈ। ਇਸ ਤੋਂ ਇਲਾਵਾ ਭਗਤ ਬਾਣੀਕਾਰਾਂ ਦੁਆਰਾ ਆਪਣੀ ਮਨੋਰਥ ਦੀ ਸਿੱਧੀ ਹਿੱਤ ਚੁਣੀ ਇਸਲਾਮੀ ਮਿਥ ਨੂੰ ਵੀ ਅਧਿਐਨ ਦਾ ਵਿਸ਼ਾ ਬਣਾਇਆ ਹੈ। ਤੀਸਰੇ ਉਪਅਧਿਆਇ 'ਬਿੰਬਵਾਲੀ ਤੇ ਪ੍ਰਤੀਕ ਵਿਧਾਨ' ਅਧੀਨ ਭਗਤ ਬਾਣੀਕਾਰਾਂ ਦੁਆਰਾ ਸਭਿਆਚਾਰਕ ਕੀਮਤਾਂ ਦੇ ਸੰਚਾਰ ਲਈ ਵਰਤੀਆਂ ਸਾਹਿਤਕ ਕਲਾ-ਜੁਗਤਾਂ ਬਿੰਬਾਂ ਅਤੇ ਪ੍ਰਤੀਕਾਂ ਦਾ ਅਧਿਐਨ ਸ਼ਾਮਿਲ ਹੈ। ਜਿਸ ਅਧੀਨ ਭਗਤ ਬਾਣੀ ਵਿਚੋਂ ਅਤਿਆਤਮਕ ਬਿੰਬਾਂ, ਪ੍ਰਕਿਰਤਕ ਬਿੰਬਾਂ, ਲੋਕ-ਜੀਵਨ ਅਧਾਰਿਤ ਬਿੰਬਾਂ ਅਤੇ ਇੰਦ੍ਰਿਆਈ ਬਿੰਬਾਂ ਦਾ ਅਧਿਐਨ ਸ਼ਾਮਿਲ ਹੈ। ਚੌਥੇ ਉਪਅਧਿਆਇ 'ਭਾਸ਼ਾ ਦਾ ਸਭਿਆਚਾਰਕ ਅਧਿਐਨ' ਵਿਚ ਭਗਤ ਬਾਣੀ ਵਿਚ ਸਮਾਜਕ, ਸਭਿਆਚਾਰਕ ਕੀਮਤਾਂ ਦੇ ਸਪਸ਼ਟ ਨਿਭਾਅ ਲਈ ਭਗਤ ਬਾਣੀਕਾਰਾਂ ਦੁਆਰਾ ਵਰਤੀ 'ਸਾਧ ਭਾਸ਼ਾ' ਜਾਂ 'ਸੰਤ ਭਾਸ਼ਾ' ਦੇ ਜਿੱਥੇ ਸਮਾਜਕ, ਧਾਰਮਿਕ, ਆਰਥਿਕ, ਰਾਜਨੀਤਕ ਆਦਿ ਖੇਤਰਾਂ ਦੇ ਭਾਸ਼ਾ-ਮੁਹਾਵਰੇ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ ਉਥੇ ਭਗਤ ਬਾਣੀਕਾਰਾਂ ਦੁਆਰਾ ਵਿਚਾਰਾਂ ਦੇ ਅਦਾਨ-ਪ੍ਰਦਾਨ ਲਈ ਸੰਸਕ੍ਰਿਤ, ਹਿੰਦੀ, ਫਾਰਸੀ ਆਦਿ ਭਾਸ਼ਾਵਾਂ ਵਿਚ ਵੱਖੋ ਵੱਖ ਧਰਮ ਆਗੂਆਂ ਨਾਲ ਰਚਾਏ ਸੰਵਾਦਾਂ ਨੂੰ ਵੀ ਵਿਚਾਰਿਆ ਗਿਆ ਹੈ। ਇਸ ਤੋਂ ਇਲਾਵਾ ਭਗਤ ਬਾਣੀ ਦਾ ਸਹਿਜੇ ਹੀ ਅੰਗ ਬਣ ਗਈਆਂ ਲੋਕ ਸੱਚਾਈਆਂ ਅਖਾਣਾਂ ਅਤੇ ਮੁਹਾਵਰਿਆਂ ਨੂੰ ਵੀ ਦ੍ਰਿਸ਼ਟੀਗੋਚਰ ਕਰਨ ਦੇ ਯਤਨ ਕੀਤੇ ਗਏ ਹਨ।

ਅੰਤ ਵਿਚ ਸਮੁੱਚੇ ਅਧਿਐਨ ਉਪਰੰਤ ਸਾਹਮਣੇ ਆਏ ਸਿੱਟੇ ਅਤੇ ਸਥਾਪਨਾਵਾਂ ਨੂੰ 'ਨਿਸ਼ਕਰਸ਼' ਸਿਰਲੇਖ ਅਧੀਨ ਪੇਸ਼ ਕੀਤਾ ਗਿਆ ਹੈ ਪਰੰਤੂ ਫਿਰ ਵੀ ਇਸ ਖੋਜ ਕਾਰਜ ਵਿਚ ਅੰਤਿਮ ਸਿੱਟੇ ਪੇਸ਼

ਕਰਨ ਦਾ ਕੋਈ ਦਾਅਵਾ ਨਹੀਂ ਹੈ। ਇਸ ਤਰ੍ਹਾਂ ਹੱਥਲਾ ਖੋਜ-ਕਾਰਜ ਮੇਰੇ ਆਪੇ ਦੇ ਵਿਗਾਸ ਅਨੁਸਾਰ ਕਈ ਸਾਰਥਕ ਤੇ ਨਵੀਨ ਅਰਥਾਂ ਨੂੰ ਛੋਹਣ ਦਾ ਉਪਰਾਲਾ ਹੈ ਜਿਸਨੂੰ ਅਗੋਂ ਜਾਰੀ ਰੱਖਣਾ ਬੜਾ ਲਾਜ਼ਮੀ ਹੈ।

**(ਗੁਰਜੀਤ ਕੌਰ)**